ਅੱਠੇ ਪਹਿਰ



ਮਹਾਨ ਦੇਸ਼ਭਗਤਕ ਜੰਗ ਬਾਰੇ
ਸੋਵੀਅਤ ਲੇਖਕਾਂ ਦੀਆਂ ਕਹਾਣੀਆਂ

ਅੱਠੇ ਪਹਿਰ

ਮਹਾਨ ਦੇਸ਼ਭਗਤਕ ਜੰਗ ਬਾਰੇ
ਸੋਵੀਅਤ ਲੇਖਕਾਂ ਦੀਆਂ ਕਹਾਣੀਆਂ

ਦਸਤਕ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ, ਲਖਨਊ)

DAYS AND NIGHTS
Short stories about
World War II
by Soviet writers
in Punjabi

ਪਹਿਲੀ ਵਾਰ : ਅਕਤੂਬਰ 2012

ਪ੍ਰਕਾਸ਼ਕ : **ਦਸਤਕ ਪ੍ਰਕਾਸ਼ਨ,**
ਸ਼ਹੀਦ ਭਗਤ ਸਿੰਘ ਭਵਨ, ਸ਼ੀਲੋ ਆਣੀ ਰੋਡ, ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
ਫੋਨ ਨੰ. 098155-87807. ਈਮੇਲ : janchetnapb@gmail.com
(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ–ਲਖਨਊ)
69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ, ਨਿਸ਼ਾਤਗੰਜ, ਲਖਨਊ–226006

ਛਾਪਕ : ਬ੍ਰਾਈਟ ਪ੍ਰਿੰਟਰਜ਼, ਲਕਸ਼ਮੀਪੁਰਾ, ਨੇੜੇ ਪੂਰੀ ਮਾਰਕਿਟ, ਜਲੰਧਰ

ਕੀਮਤ : 125 ਰੁਪਏ

ਤਤਕਰਾ

ਕੋਨਸਤਾਨਤਿਨ ਸਿਮੋਨੋਵ

ਕੋਨਸਤਾਨਤਿਨ ਸਿਮੋਨੋਵ (1915–1979) ਦਾ ਜਨਮ ਲੈਨਿਨਗ੍ਰਾਦ ਵਿਚ ਹੋਇਆ, ਜਵਾਨੀ ਵੇਲੇ ਖਰਾਦੀਏ ਵਜੋਂ ਕੰਮ ਕੀਤਾ। ਮਗਰੋਂ ਮਾਸਕੋ ਵਿਚ ਗੋਰਕੀ ਸਾਹਿਤ ਇੰਸਟੀਚਿਊਟ ਤੋਂ ਵਿੱਦਿਆ ਪ੍ਰਾਪਤ ਕੀਤੀ। ਸਾਹਿਤ ਸਿਰਜਣਾ ਇਕ ਕਵੀ ਵਜੋਂ ਸ਼ੁਰੂ ਕੀਤੀ। 1941–1945 ਵਿਚ ਅਖਬਾਰ "ਕਰਾਸਨਾਯਾ ਜ਼ਵਿਜ਼ਦਾ" ਦਾ ਪੱਤਰਪ੍ਰੇਰਕ ਰਿਹਾ, ਮਾਸਕੋ ਤੋਂ ਬਰਲਿਨ ਤੱਕ ਦਾ ਬਿਖੜਾ ਰਸਤਾ ਤਹਿ ਕੀਤਾ, ਸੋਵੀਅਤ ਫੌਜ ਦੀਆਂ ਜੰਗੀ ਕਾਰਵਾਈਆਂ ਵਿਚ ਹਿੱਸਾ ਲਿਆ।

ਲੇਖਕ ਦੇ ਸਿਰਜਣਾਤਮਕ ਵਿਰਸੇ ਵਿਚ ਜਗਤ ਪ੍ਰਸਿੱਧ ਨਾਵਲ, ਡਰਾਮੇ, ਕਵਿਤਾਵਾਂ, ਕਹਾਣੀਆਂ ਤੇ ਲੇਖ ਸ਼ਾਮਿਲ ਹਨ। ਕ. ਸਿਮੋਨੋਵ ਦੀਆਂ ਸਭਨਾਂ ਰਚਨਾਵਾਂ ਦਾ ਮੁੱਖ ਵਿਸ਼ਾ ਹਿਟਲਰੀ ਕਾਬਜ਼ਾਂ ਵਿਰੁੱਧ ਸੋਵੀਅਤ ਲੋਕਾਂ ਦੀ ਜੰਗ ਹੈ।

ਤੀਜਾ ਐਡਜੂਟੈਂਟ

ਕਮੀਸਾਰ ਦਾ ਇਹ ਪੱਕਾ ਯਕੀਨ ਸੀ ਕਿ ਬਹਾਦਰ ਆਦਮੀ ਏਨੀ ਛੇਤੀ-ਛੇਤੀ ਨਹੀਂ ਮਰਦੇ ਜਿੰਨੀ ਛੇਤੀ ਬੁਜ਼ਦਿਲ। ਉਹ ਇਸ ਗੱਲ ਨੂੰ ਮੁੜ-ਮੁੜ ਦੁਹਰਾਉਣਾ ਪਸੰਦ ਕਰਦਾ ਸੀ ਤੇ ਜਦੋਂ ਕੋਈ ਉਹਦੇ ਨਾਲ ਸਹਿਮਤ ਨਹੀਂ ਸੀ ਹੁੰਦਾ ਤਾਂ ਉਸ ਨੂੰ ਗੁੱਸਾ ਚੜ੍ਹ ਜਾਂਦਾ ਸੀ।

ਡਿਵੀਜ਼ਨ ਵਿਚ ਸਭ ਉਸ ਨੂੰ ਪਿਆਰ ਵੀ ਕਰਦੇ ਸਨ ਤੇ ਉਸ ਕੋਲੋਂ ਡਰਦੇ ਵੀ ਸਨ। ਡਿਵੀਜ਼ਨ ਵਿਚ ਆਉਣ ਵਾਲ਼ੇ ਨਵੇਂ ਜਵਾਨਾਂ ਨੂੰ ਲੜਾਈ ਦੇ ਆਦੀ ਬਣ ਜਾਣ ਦੀ ਸਿਖਲਾਈ ਦੇਣ ਦਾ ਉਸ ਦਾ ਆਪਣਾ ਹੀ ਤਰੀਕਾ ਸੀ। ਉਹ ਬੰਦੇ ਨੂੰ ਉਸ ਦੀ ਤੋਰ ਤੋਂ ਹੀ ਪਛਾਣ ਲੈਂਦਾ ਸੀ। ਉਹ ਬੰਦੇ ਨੂੰ ਡਿਵੀਜ਼ਨ ਦੇ ਹੈਡ ਕੁਆਟਰ ਵਿਚੋਂ ਜਾਂ ਕਿਸੇ ਰੈਜਮੈਂਟ ਵਿਚੋਂ ਫੜ ਲੈਂਦਾ ਤੇ ਜਿੱਥੇ-ਜਿੱਥੇ ਉਸ ਨੇ ਆਪ ਚੱਕਰ ਮਾਰਨ ਜਾਣਾ ਹੁੰਦਾ ਉਸ ਨੂੰ ਨਾਲ਼ ਲਈ ਫਿਰਦਾ ਤੇ ਸਾਰਾ ਦਿਨ ਇਕ ਮਿੰਟ ਵੀ ਅੱਖੋਂ ਓਹਲੇ ਨਾ ਹੋਣ ਦੇਂਦਾ।

ਜੇ ਕੋਈ ਧਾਵਾ ਬੋਲਣਾ ਪੈਂਦਾ ਤਾਂ ਉਹ ਉਸ ਬੰਦੇ ਦੇ ਨਾਲ਼ ਖਲੋ ਕੇ ਇਸ ਧਾਵੇ ਵਿਚ ਹਿੱਸਾ ਲੈਂਦਾ।

ਜਿਹੜਾ ਬੰਦਾ ਕਮੀਸਾਰ ਦੀ ਅਜ਼ਮਾਇਸ਼ ਵਿਚ ਪੂਰਾ ਉੱਤਰ ਆਉਂਦਾ, ਉਹਦੇ ਨਾਲ਼ ਤਰਕਾਲਾਂ ਵੇਲੇ ਉਹ ਇਕ ਵਾਰੀ ਫੇਰ ਜਾਣ-ਪਛਾਣ ਕਰਦਾ।

"ਕੀ ਨਾਂ ਏ ?" ਉਹ ਅਚਾਨਕ ਹੀ ਆਪਣੀ ਰੁੱਖੀ ਜਿਹੀ ਆਵਾਜ਼ ਵਿਚ ਪੁੱਛਦਾ।

ਹੈਰਾਨ ਪ੍ਰੇਸ਼ਾਨ ਅਫਸਰ ਆਪਣਾ ਨਾਂ ਦੱਸਦਾ।

"ਤੇ ਮੇਰਾ ਨਾਂ ਕੋਰਨੇਵ ਏ। ਆਪਾਂ ਇਕੱਠਿਆਂ ਹੀ ਧਾਵਾ ਬੋਲਿਆ ਸੀ, ਇਕੱਠੇ ਹੀ ਢਿੱਡ ਪਰਨੇ ਰਿੜ੍ਹੇ ਸਾਂ, ਤੇ ਹੁਣ ਅਸੀਂ ਇਕ ਦੂਜੇ ਦੇ ਵਾਕਫ ਹੋ ਗਏ ਆਂ"।

ਡਿਵੀਜ਼ਨ ਵਿਚ ਉਸ ਦੇ ਆਉਣ ਮਗਰੋਂ ਇਕ ਹਫਤੇ ਦੇ ਅੰਦਰ-ਅੰਦਰ ਉਸ ਦੇ ਦੋ ਐਡਜੂਟੈਂਟ ਅੱਗੜ-ਪਿੱਛੜ ਹੀ ਮਾਰੇ ਗਏ ਸਨ।

ਪਹਿਲੇ ਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ ਤੇ ਖੰਦਕ ਵਿਚੋਂ ਬਾਹਰ ਆ ਗਿਆ ਸੀ ਤਾਂ ਜੋ ਰੀਂਗਦਾ-ਰੀਂਗਦਾ ਪਿਛਾਂਹ ਹੱਟ ਜਾਵੇ। ਇਕ ਮਸ਼ੀਨਗੰਨ ਨੇ ਉਸ ਦੀਆਂ ਬੋਟੀਆਂ ਉਡਾ ਦਿੱਤੀਆਂ ਸਨ।

ਤਰਕਾਲਾਂ ਵੇਲੇ ਹੈਡਕੁਆਟਰ ਨੂੰ ਵਾਪਸ ਮੁੜਦਿਆਂ ਕਮੀਸਾਰ ਐਡਜੂਟੈਂਟ ਦੀ ਲਾਸ਼ ਕੋਲੋਂ ਬੇਪ੍ਰਵਾਹੀ ਨਾਲ਼ ਲੰਘ ਆਇਆ ਸੀ। ਉਸ ਨੇ ਉਹਦੇ ਵੱਲ ਮੂੰਹ ਭੁਆ ਕੇ ਵੇਖਿਆ ਵੀ ਨਹੀਂ ਸੀ।

ਦੂਜੇ ਐਡਜੂਟੈਂਟ ਨੂੰ ਇਕ ਹਮਲੇ ਦੌਰਾਨ ਛਾਤੀ ਵਿਚ ਗੋਲ਼ੀ ਵੱਜ ਗਈ ਸੀ। ਉਹ ਕਬਜੇ ਵਿਚ ਆ ਗਏ ਖੰਦਕੀ ਮੋਰਚੇ ਵਿਚ ਪਿੱਠ ਪਰਨੇ ਪਿਆ ਉਖੜੇ-ਉਖੜੇ ਸਾਹ ਲੈ ਰਿਹਾ ਸੀ ਤੇ ਪਾਣੀ ਦੇ ਘੁੱਟ ਲਈ ਤਰਲੇ ਲੈ ਰਿਹਾ ਸੀ। ਪਾਣੀ ਹੈ ਨਹੀਂ ਸੀ। ਮੋਰਚੇ ਦੇ ਸਾਮ੍ਹਣੇ ਖੇਤ ਵਿਚ ਜਰਮਨਾਂ ਦੀਆਂ ਲਾਸ਼ਾਂ ਵਿੱਛੀਆਂ ਪਈਆਂ ਸਨ। ਇਹਨਾਂ ਵਿਚੋਂ ਇਕ ਲਾਸ਼ ਦੇ ਕੋਲ ਪਾਣੀ ਵਾਲੀ ਫਲਾਸਕ ਪਈ ਸੀ।

ਕਮੀਸਾਰ ਬੜੀ ਦੇਰ ਤੱਕ ਦੂਰਬੀਨ ਨਾਲ ਵੇਖਦਾ ਰਿਹਾ ਜਿਵੇਂ ਇਹ ਪਤਾ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੋਵੇ ਕਿ ਫਲਾਸਕ ਖਾਲੀ ਹੈ ਜਾਂ ਭਰੀ ਹੋਈ।

ਕਮੀਸਾਰ ਦਾ ਸਰੀਰ ਭਾਰਾ ਸੀ ਤੇ ਹੁਣ ਉਹ ਜਵਾਨ ਵੀ ਨਹੀਂ ਸੀ ਰਹਿ ਗਿਆ। ਉਹ ਹਿੰਮਤ ਕਰ ਕੇ ਕੱਚੇ ਮੋਰਚੇ ਤੋਂ ਪਾਰ ਹੋ ਗਿਆ ਤੇ ਆਪਣੇ ਅੰਦਾਜ਼ ਵਿਚ ਹੌਲ਼ੀ-ਹੌਲ਼ੀ ਕਦਮ ਪੁੱਟਦਾ ਖੇਤ ਵਿਚੋਂ ਤੁਰ ਪਿਆ।

ਪਤਾ ਨਹੀਂ ਕਿਉਂ, ਜਰਮਨਾਂ ਨੇ ਗੋਲ਼ੀ ਨਹੀਂ ਚਲਾਈ ਸੀ। ਉਹਨਾਂ ਨੇ ਗੋਲ਼ੀ ਸਿਰਫ ਓਦੋਂ ਚਲਾਈ ਜਦੋਂ ਉਹ ਫਲਾਸਕ ਕੋਲ ਪਹੁੰਚਾ, ਇਸ ਨੂੰ ਚੁੱਕਿਆ, ਹਿਲਾ ਕੇ ਵੇਖਿਆ ਤੇ ਇਸ ਨੂੰ ਕੱਛ ਵਿਚ ਦੱਬ ਕੇ ਵਾਪਸ ਮੁੜਨ ਲੱਗਾ।

ਉਹ ਉਸ ਉੱਤੇ ਪਿਛੋਂ ਗੋਲ਼ੀਆਂ ਦਾਗ ਰਹੇ ਸਨ। ਦੋ ਗੋਲ਼ੀਆਂ ਫਲਾਸਕ ਨੂੰ ਵੱਜੀਆਂ। ਉਸ ਨੇ ਮੋਰੀਆਂ ਅੱਗੇ ਉਂਗਲਾਂ ਰੱਖ ਕੇ ਇਹਨਾਂ ਨੂੰ ਬੰਦ ਕੀਤਾ ਤੇ ਫਲਾਸਕ ਨੂੰ ਆਪਣੇ ਅਗਲੇ ਪਾਸੇ ਕਰ ਕੇ ਤੁਰਦਾ ਗਿਆ।

ਜਦੋਂ ਛਾਲ ਮਾਰ ਕੇ ਫੇਰ ਖੰਦਕ ਵਿਚ ਆ ਗਿਆ ਤਾਂ ਉਹਨੇ ਬੜੀ ਸਾਵਧਾਨੀ ਨਾਲ ਇਕ ਜਵਾਨ ਨੂੰ ਫਲਾਸਕ ਫੜਾ ਦਿੱਤੀ।

"ਉਸ ਨੂੰ ਪਾਣੀ ਪਿਆਓ।"

"ਤੁਸੀਂ ਅਚੇਤ ਹੀ ਚਲੇ ਗਏ ਤੇ ਜੇ ਇਹ ਖਾਲੀ ਹੁੰਦੀ ?" ਕਿਸੇ ਨੇ ਉਤਸੁਕਤਾ ਨਾਲ਼ ਪੁੱਛਿਆ।

"ਮੈਂ ਵਾਪਸ ਆ ਜਾਂਦਾ ਤੇ ਤੁਹਾਨੂੰ ਦੂਸਰੀ, ਭਰੀ ਹੋਈ ਲੱਭਣ ਤੋਰ ਦੇਂਦਾ!" ਕਮੀਸਾਰ ਨੇ ਸਵਾਲ ਪੁੱਛਣ ਵਾਲੇ ਨੂੰ ਰੋਹ ਭਰੀਆਂ ਨਜ਼ਰਾਂ ਨਾਲ ਸਿਰ ਤੋਂ ਪੈਰਾਂ ਤੱਕ ਵੇਖਦਿਆਂ ਆਖਿਆ।

ਉਹ ਅਕਸਰ ਇਸ ਤਰ੍ਹਾਂ ਦੇ ਕੰਮ ਕਰਦਾ ਸੀ ਜਿਹੜੇ ਇਕ ਡਿਵੀਜ਼ਨ ਦੇ ਕਮੀਸਾਰ ਦੇ ਨਾਤੇ, ਉਸ ਨੂੰ ਨਹੀਂ ਕਰਨੇ ਚਾਹੀਦੇ ਸਨ। ਪਰ ਉਸ ਨੂੰ ਇਹ ਨਹੀਂ ਕਰਨਾ ਚਾਹੀਦਾ, ਇਸ ਬਾਰੇ ਉਹ ਸਿਰਫ ਓਦੋਂ ਸੋਚਦਾ ਜਦੋਂ ਉਹ ਕੋਈ ਕੰਮ ਕਰ ਚੁੱਕਾ ਹੁੰਦਾ। ਫੇਰ ਉਹ ਆਪਣੇ-ਆਪ ਨਾਲ਼ ਵੀ ਖਿਝਦਾ ਤੇ ਉਹਨਾਂ ਨਾਲ਼ ਵੀ ਜਿਹੜੇ ਉਸ ਨੂੰ ਕੀਤੇ ਕੰਮ ਦਾ ਚੇਤਾ ਕਰਾਉਂਦੇ।

ਹੁਣ ਵੀ ਏਹੋ ਹਾਲਤ ਸੀ। ਪਾਣੀ ਵਾਲੀ ਫਲਾਸਕ ਲੈ ਆਉਣ ਮਗਰੋਂ, ਉਸ ਨੇ ਐਡਜੂਟੈਂਟ ਵੱਲ ਬਹੁਤਾ ਧਿਆਨ ਨਹੀਂ ਸੀ ਦਿੱਤਾ ਤੇ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਲੜਾਈ ਦੇ ਮੈਦਾਨ ਦੇ ਨਿਰੀਖਣ ਵਿਚ ਰੁੱਝ ਕੇ, ਉਸਨੂੰ ਉੱਕਾ ਹੀ ਭੁੱਲ ਗਿਆ ਹੋਵੇ।

ਪੰਦਰਾਂ ਮਿੰਟ ਬਾਦ ਉਸ ਨੇ ਇਕ ਅਚਨਚੇਤੀ ਸਵਾਲ ਪੁੱਛ ਕੇ ਬਟਾਲੀਅਨ ਦੇ ਕਮਾਂਡਰ

ਨੂੰ ਚੌਂਕਾ ਦਿੱਤਾ।

"ਕਿਉਂ, ਹਸਪਤਾਲ ਭੇਜ ਦਿੱਤਾ ਉਹਨੂੰ ?"

"ਕਿਸ ਤਰ੍ਹਾਂ ਹੋ ਸਕਦਾ ਏ, ਕਾਮਰੇਡ ਕਮੀਸਾਰ। ਹਨੇਰਾ ਹੋ ਜਾਣ ਦੀ ਉਡੀਕ ਕਰਨੀ ਪਵੇਗੀ।"

"ਹਨੇਰਾ ਹੋਣ ਤੱਕ ਤਾਂ ਉਹ ਮਰ ਜਾਏਗਾ", ਤੇ ਕਮੀਸਾਰ ਨੇ ਮੂੰਹ ਦੂਜੇ ਪਾਸੇ ਕਰ ਲਿਆ ਜਿਵੇਂ ਗੱਲ ਖਤਮ ਹੋ ਗਈ ਹੋਵੇ।

ਪੰਜ ਮਿੰਟ ਮਗਰੋਂ ਲਾਲ ਸੈਨਾ ਦੇ ਦੋ ਜਵਾਨ, ਵਰਦੀਆਂ ਗੋਲ਼ੀਆਂ ਦੇ ਮੀਂਹ ਵਿਚ ਝੁਕ-ਝੁਕ ਤੁਰਦੇ ਐਡਜੂਟੈਂਟ ਦੀ ਅਹਿਲ ਦੇਹ ਨੂੰ ਉੱਚੇ ਨੀਵੇਂ ਮੈਦਾਨ ਵਿਚੋਂ ਲੰਘਦੇ ਪਿਛਵਾੜੇ ਲੈ ਗਏ।

ਕਮੀਸਾਰ ਠੰਡੇ ਦਿਲ ਨਾਲ਼ ਉਹਨਾਂ ਨੂੰ ਜਾਂਦਿਆਂ ਵੇਖਦਾ ਰਿਹਾ। ਜਿੰਨੀ ਉਹ ਆਪਣੀ ਜਾਨ ਜੋਖੋਂ ਵਿਚ ਪਾਉਂਦਾ ਸੀ ਦੂਜਿਆਂ ਦੀ ਵੀ ਓਨੀ ਹੀ ਪਾਉਂਦਾ ਸੀ। ਲੋਕ ਮਰ ਰਹੇ ਸਨ — ਆਖਰ ਇਹ ਲੜਾਈ ਸੀ। ਪਰ ਬਹਾਦਰ ਥੋੜ੍ਹੇ ਕੀਤਿਆਂ ਨਹੀਂ ਮਰਦੇ।

ਲਾਲ ਸੈਨਾ ਦੇ ਦੋ ਜਵਾਨ ਬਹਾਦਰਾਂ ਵਾਂਗ ਤੁਰੇ ਜਾ ਰਹੇ ਸਨ। ਨਾ ਉਹ ਲੰਮੇ ਪੈਂਦੇ ਸਨ ਤੇ ਨਾ ਹੀ ਕਿਸੇ ਆੜ-ਓਟ ਲਈ ਹੱਥ-ਪੈਰ ਮਾਰਦੇ ਸਨ। ਇਕ ਪਲ ਵੀ ਉਹ ਨਹੀਂ ਭੁੱਲੇ ਸਨ ਕਿ ਉਹ ਇਕ ਜ਼ਖ਼ਮੀ ਨੂੰ ਲਈ ਜਾਂਦੇ ਹਨ। ਇਸ ਲਈ ਕੋਰਨੇਵ ਨੂੰ ਯਕੀਨ ਹੋ ਗਿਆ ਕਿ ਉਹ ਇਹ ਕੰਮ ਕਰ ਲੈਣਗੇ।

ਰਾਤ ਵੇਲੇ, ਹੈਡਕੁਆਟਰ ਵਾਪਸ ਆਉਂਦਿਆਂ, ਕਮੀਸਾਰ ਹਸਪਤਾਲ ਜਾ ਵੜਿਆ।

"ਕਿਉਂ, ਕੀ ਹਾਲ ਹੈ ਉਹਦਾ, ਠੀਕ ਹੋ ਗਿਆ ?" ਉਸ ਨੇ ਸਰਜਨ ਨੂੰ ਪੁੱਛਿਆ।

ਕੋਰਨੇਵ ਦਾ ਖਿਆਲ ਸੀ ਕਿ ਲੜਾਈ ਵਿਚ ਸਾਰੇ ਕੰਮ ਇਕੋ ਜਿੰਨੀ ਤੇਜ਼ੀ ਨਾਲ਼ ਹੋ ਸਕਦੇ ਹਨ ਤੇ ਹੋਣੇ ਚਾਹੀਦੇ ਹਨ, ਭਾਵੇਂ ਇਹ ਸੁਨੇਹਾ ਲੈ ਕੇ ਜਾਣ ਦਾ ਸਵਾਲ ਹੋਵੇ, ਹਮਲਾ ਕਰਨ ਦਾ ਹੋਵੇ ਜਾਂ ਜ਼ਖਮੀਆਂ ਦਾ ਇਲਾਜ ਕਰਨ ਦਾ।

ਤੇ ਜਦੋਂ ਸਰਜਨ ਨੇ ਉਸ ਨੂੰ ਇਹ ਦੱਸਿਆ ਕਿ ਲਹੂ ਜ਼ਿਆਦਾ ਵਗ ਜਾਣ ਕਾਰਨ ਐਡਜੂਟੈਂਟ ਦੀ ਮੌਤ ਹੋ ਗਈ ਹੈ, ਤਾਂ ਉਸ ਨੇ ਹੈਰਾਨੀ ਨਾਲ ਨਜ਼ਰਾਂ ਚੁੱਕ ਕੇ ਵੇਖਿਆ।

"ਤੁਹਾਨੂੰ ਪਤਾ ਹੈ ਕਿ ਤੁਸੀਂ ਕੀ ਆਖ ਰਹੇ ਹੋ ?" ਉਸ ਨੇ ਹੌਲ਼ੀ ਜਿਹੀ ਪੁੱਛਿਆ ਤੇ ਉਸ ਦੇ ਮੋਢੇ ਦੀ ਪੱਟੀ ਹੇਠਾਂ ਆਪਣਾ ਹੱਥ ਫਸਾ ਕੇ ਉਸ ਨੂੰ ਝੰਜੋੜਿਆ। "ਸਾਡੇ ਜਵਾਨ ਵਰ੍ਹਦੀਆਂ ਗੋਲ਼ੀਆਂ ਵਿਚ ਦੋ ਵੇਰਸਤ ਪੈਂਡਾ ਇਸ ਵਾਸਤੇ ਚੁੱਕ ਕੇ ਲਿਆਏ ਸਨ ਕਿ ਉਹ ਜਿਊਂਦਾ ਰਹੇ। ਤੇ ਤੁਸੀਂ ਕਹਿ ਰਹੇ ਹੋ ਕਿ ਉਹ ਮਰ ਗਿਆ। ਫੇਰ ਉਹ ਉਸ ਨੂੰ ਕਿਸ ਵਾਸਤੇ ਚੁੱਕ ਕੇ ਲਿਆਏ ਸਨ ?"

ਤੇ ਉਹ ਆਪ ਵਰ੍ਹਦੀਆਂ ਗੋਲੀਆਂ ਵਿਚ ਪਾਣੀ ਵਾਲ਼ੀ ਫਲਾਸਕ ਕਿਵੇਂ ਲਿਆਇਆ ਸੀ, ਇਸ ਬਾਰੇ ਕੋਰਨੇਵ ਕੁਝ ਨਹੀਂ ਬੋਲਿਆ।

ਸਰਜਨ ਨੇ ਮੋਢੇ ਛੰਡ ਦਿੱਤੇ।

"ਤੇ ਨਾਲੇ," ਇਸ ਹਰਕਤ ਨੂੰ ਵੇਖ ਕੇ ਕਮੀਸਾਰ ਬੋਲਦਾ ਗਿਆ, "ਉਹ ਇਸ ਤਰ੍ਹਾਂ

ਦਾ ਬੰਦਾ ਸੀ ਜਿਸ ਨੂੰ ਬਹੁਤ ਦਿਨ ਜਿਊਣਾ ਚਾਹੀਦਾ ਸੀ। ਹਾਂ, ਹਾਂ, ਬਹੁਤ ਦਿਨ", ਉਸ ਨੇ ਖਿੱਝ ਕੇ ਲਫਜ਼ ਦੁਹਰਾਏ। "ਕੰਮ ਚੰਗਾ ਨਹੀਂ ਕਰਦੇ ਤੁਸੀਂ।"

ਤੇ ਉਹ ਹੋਰ ਕੁਝ ਵੀ ਬੋਲੇ ਬਗੈਰ ਆਪਣੀ ਜੀਪ ਵੱਲ ਤੁਰ ਪਿਆ।

ਸਰਜਨ ਉਸ ਨੂੰ ਜਾਂਦੇ ਨੂੰ ਵੇਖਦਾ ਰਿਹਾ। ਬੇਸ਼ਕ, ਕਮੀਸਾਰ ਦੀ ਗੱਲ ਗ਼ਲਤ ਸੀ। ਮੰਤਕੀ ਨਜ਼ਰ ਨਾਲ਼ ਵੇਖਿਆ ਜਾਏ ਤਾਂ ਉਸ ਨੇ ਮੂਰਖਾਂ ਵਾਲੀ ਗੱਲ ਹੀ ਕੀਤੀ ਸੀ। ਪਰ ਉਹਦੇ ਲਫਜ਼ਾਂ ਵਿਚ ਏਡਾ ਜ਼ੋਰ ਤੇ ਵਿਸ਼ਵਾਸ ਸੀ ਕਿ ਸਰਜਨ ਨੂੰ ਇਕ ਪਲ ਵਾਸਤੇ ਇਸ ਤਰ੍ਹਾਂ ਜਾਪਿਆ ਜਿਵੇਂ ਉਸ ਦੇ ਇਸ ਵਿਚਾਰ ਵਿਚ ਕੁਝ ਸੱਚਾਈ ਹੋਵੇ ਕਿ ਬਹਾਦਰਾਂ ਨੂੰ ਮਰਨਾ ਨਹੀਂ ਚਾਹੀਦਾ, ਤੇ ਜੇ ਉਹ ਮਰਦੇ ਹਨ ਤਾਂ ਇਸ ਦਾ ਕਾਰਨ ਇਹ ਹੈ ਕਿ ਉਹ ਕੰਮ ਚੰਗੀ ਤਰ੍ਹਾਂ ਨਹੀਂ ਕਰਦਾ।

"ਬਕਵਾਸ!" ਸਰਜਨ ਨੇ ਇਸ ਖਤਰਨਾਕ ਵਿਚਾਰ ਨੂੰ ਛੰਡ ਕੇ ਪਰੇ ਸੁੱਟਣ ਦੀ ਕੋਸ਼ਿਸ਼ ਕਰਦਿਆਂ ਉੱਚੀ ਅਵਾਜ਼ ਵਿਚ ਆਖਿਆ।

ਪਰ ਵਿਚਾਰ ਨੇ ਉਸ ਦਾ ਪਿੱਛਾ ਨਾ ਛੱਡਿਆ। ਉਸ ਨੂੰ ਜਾਪਿਆ ਜਿਵੇਂ ਉਹਦੀਆਂ ਅੱਖਾਂ ਵੇਖ ਰਹੀਆਂ ਹੋਣ ਕਿ ਕਿਵੇਂ ਦੋ ਲਾਲ ਸੈਨਿਕ ਜ਼ਖਮੀ ਐਡਜੂਟੈਂਟ ਨੂੰ ਅਸੀਮ ਉੱਚੇ ਨੀਵੇਂ ਮੈਦਾਨ ਵਿਚ ਚੁੱਕੀ ਲਈ ਆਉਂਦੇ ਹਨ।

"ਮਿਖਾਇਲ ਲਵੋਵਿਚ," ਉਸ ਨੇ ਆਪਣੇ ਸਹਾਇਕ ਨੂੰ ਸੰਬੋਧਨ ਕੀਤਾ ਜਿਹੜਾ ਸਿਗਰਟ ਪੀਣ ਵਾਸਤੇ ਹੁਣੇ ਹੀ ਬਾਹਰ ਆਇਆ ਸੀ, ਅਤੇ ਅਚਾਨਕ ਇਉਂ ਆਖਿਆ, ਜਿਵੇਂ ਇਹ ਗੱਲ ਉਹ ਬੜੇ ਚਿਰ ਤੋਂ ਆਖਣ-ਆਖਣ ਕਰ ਰਿਹਾ ਸੀ। "ਸਾਨੂੰ ਮਲ੍ਹਮ ਪੱਟੀ ਕਰਨ ਵਾਲੇ ਦੋ ਕੇਂਦਰ ਹੋਰ ਅਗਾਂਹ ਜਾ ਕੇ ਬਣਾਉਣੇ ਪੈਣਗੇ ਤੇ ਓਥੇ ਡਾਕਟਰ ਵੀ ਰੱਖਣੇ ਪੈਣਗੇ।"

ਕਮੀਸਾਰ ਲੋਅ ਲੱਗਣ ਵੇਲੇ ਨਾਲ ਹੀ ਹੈਡਕੁਆਟਰ ਪਹੁੰਚਾ ਸੀ। ਉਹਦਾ ਰੌਂ ਵਿਗੜਿਆ ਹੋਇਆ ਸੀ। ਉਸ ਨੇ ਆਪਣੇ ਬੰਦਿਆਂ ਨੂੰ ਬੁਲਾਇਆ ਤੇ ਛੇਤੀ-ਛੇਤੀ ਉਹਨਾਂ ਨਾਲ਼ ਗੱਲ ਕੀਤੀ ਤੇ ਸੜੀਆਂ ਬਲੀਆਂ ਸੁਣਾ ਕੇ ਤੌਰ ਦਿੱਤਾ। ਇਹ ਉਸ ਦਾ ਢੰਗ ਸੀ ਤੇ ਇਸ ਵਿਚ ਕੁਝ ਚਲਾਕੀ ਵੀ ਸੀ। ਕਮੀਸਾਰ ਨੂੰ ਇਹ ਚੰਗਾ ਲੱਗਦਾ ਸੀ ਕਿ ਲੋਕ ਥੋੜ੍ਹਾ ਬਹੁਤ ਨਾਰਾਜ਼ ਹੋ ਕੇ ਉਹਦੇ ਕੋਲੋਂ ਜਾਣ। ਉਸ ਦਾ ਵਿਸ਼ਵਾਸ ਸੀ ਕਿ ਆਦਮੀ ਵਿਚ ਸਭ ਕੁਝ ਕਰ ਲੈਣ ਦੀ ਤਾਕਤ ਹੈ। ਉਹ ਆਦਮੀ ਨੂੰ ਕਦੇ ਇਸ ਗੱਲੋਂ ਨਹੀਂ ਸੀ ਝਾੜਦਾ ਕਿ ਉਹ ਕੁਝ ਕਰਨ ਦੇ ਕਾਬਿਲ ਨਹੀਂ, ਸਗੋਂ ਇਸ ਗੱਲੋਂ ਝਾੜਦਾ ਸੀ ਕਿ ਉਹ ਕੁਝ ਕਰਨ ਦੇ ਕਾਬਿਲ ਤਾਂ ਸੀ ਪਰ ਉਸ ਨੇ ਕੀਤਾ ਨਹੀਂ। ਤੇ ਜੇ ਬੰਦੇ ਨੇ ਬਹੁਤ ਕੰਮ ਕੀਤਾ ਹੁੰਦਾ ਤਾਂ ਕਮੀਸਾਰ ਇਸ ਗੱਲੋਂ ਝਾੜਨ ਲੱਗਾ ਪੈਂਦਾ ਕਿ ਉਸ ਨੇ ਹੋਰ ਬਹੁਤਾ ਕਿਉਂ ਨਹੀਂ ਕੀਤਾ। ਜਦੋਂ ਲੋਕ ਥੋੜ੍ਹੇ ਜਿਹੇ ਗੁੱਸੇ ਵਿਚ ਹੋਣ ਤਾਂ ਉਹ ਵਧੇਰੇ ਚੰਗੀ ਤਰ੍ਹਾਂ ਸੋਚਦੇ ਹਨ। ਉਸ ਨੂੰ ਗੱਲਬਾਤ ਅੱਧ-ਵਿਚਾਲੇ ਛੱਡ ਕੇ ਬੰਦ ਕਰ ਦੇਣਾ ਚੰਗਾ ਲੱਗਦਾ ਸੀ ਤਾਂ ਜੋ ਬੰਦੇ ਨੂੰ ਮੁੱਖ ਗੱਲ ਹੀ ਯਾਦ ਰਹਿ ਸਕੇ। ਉਸ ਨੇ ਏਹੋ ਇਕ ਤਰੀਕਾ ਲੱਭ ਲਿਆ ਸੀ ਜਿਸ ਨਾਲ ਪੂਰੀ ਡੀਵੀਜ਼ਨ ਵਿਚ ਉਹ ਆਪਣੀ ਮੌਜਦੂਗੀ ਦਾ ਅਹਿਸਾਸ ਕਰਾਂਉਦਾ ਸੀ। ਉਹ ਇਕ ਮਿੰਟ ਵੀ ਜਿਸ ਬੰਦੇ ਨਾਲ਼ ਗੁਜ਼ਾਰਦਾ, ਹਮੇਸ਼ਾ ਕੋਈ ਨਾ ਕੋਈ ਐਸੀ ਗੱਲ ਕਰਨ ਦੀ ਕੋਸ਼ਿਸ਼ ਕਰਦਾ ਜਿਸ ਬਾਰੇ ਆਦਮੀ ਉਹਦੇ ਨਾਲ਼ ਅਗਲੀ

ਮੁਲਾਕਾਤ ਤੱਕ ਸੋਚਦਾ ਰਹੇ।

ਸਵੇਰ ਵੇਲੇ ਉਸ ਨੂੰ ਕੱਲ੍ਹ ਹੋਏ ਨੁਕਸਾਨ ਦੀ ਰਿਪੋਰਟ ਮਿਲੀ ਸੀ। ਰਿਪੋਰਟ ਪੜ੍ਹਦਿਆਂ, ਉਸ ਨੂੰ ਸਰਜਨ ਦਾ ਚੇਤਾ ਆ ਗਿਆ। ਬੇਸ਼ਕ, ਇਸ ਪੁਰਾਣੇ ਤੇ ਤਜ਼ਰਬਾਕਾਰ ਡਾਕਟਰ ਨੂੰ ਇਹ ਕਹਿਣਾ ਕਿ ਉਹ ਆਪਣਾ ਕੰਮ ਚੰਗੀ ਤਰ੍ਹਾਂ ਨਹੀਂ ਕਰਦਾ ਕੁਵੱਲੀ ਗੱਲ ਸੀ, ਪਰ ਕੋਈ ਨਹੀਂ, ਕੋਈ ਸੋਚਦਾ ਰਹੇ ਇਸ ਬਾਰੇ। ਹੋ ਸਕਦਾ ਹੈ ਕਿ ਉਹ ਗੁੱਸੇ ਹੋ ਜਾਵੇ ਤੇ ਉਹਨੂੰ ਕੋਈ ਚੰਗਾ ਵਿਚਾਰ ਫੁਰ ਪਵੇ। ਉਸ ਨੂੰ ਆਪਣੇ ਆਖੇ ਦਾ ਕੋਈ ਅਫਸੋਸ ਨਹੀਂ ਸੀ। ਸਭ ਤੋਂ ਬਹੁਤੇ ਅਫਸੋਸ ਦੀ ਗੱਲ ਇਹ ਸੀ ਕਿ ਐਡਜੂਟੈਂਟ ਮਰ ਗਿਆ ਸੀ। (ਪਰ ਉਸ ਨੇ ਆਪਣੇ ਦਿਮਾਗ਼ ਨੂੰ ਇਸ ਬਾਰੇ ਬਹੁਤਾ ਚਿਰ ਸੋਚੀ ਜਾਣ ਦੀ ਆਗਿਆ ਨਹੀਂ ਸੀ ਦਿੱਤੀ) ਤੇ ਉਸ ਨੇ ਛੇਤੀ ਹੀ ਇਸ ਖਿਆਲ ਨੂੰ ਆਪਣੇ ਮਨ ਵਿਚੋਂ ਕੱਢ ਦਿੱਤਾ ਸੀ। ਲੜਾਈ ਦੇ ਇਹਨਾਂ ਮਹੀਨਿਆਂ ਵਿਚ ਕਿਸ-ਕਿਸ ਦਾ ਕੋਈ ਅਫਸੋਸ ਮਨਾਵੇ। ਇਹ ਸਭ ਕੁਝ ਉਹ ਲੜਾਈ ਤੋਂ ਮਗਰੋਂ ਯਾਦ ਕਰੇਗਾ ਜਦੋਂ ਅਚਨਚੇਤੀ ਮੌਤ ਇਕ ਦੁਰਘਟਨਾ ਬਣ ਜਾਵੇਗੀ। ਅੱਜ ਕਲ੍ਹ ਤਾਂ ਮੌਤ ਹਮੇਸ਼ਾ ਹੀ ਅਚਨਚੇਤੀ ਹੁੰਦੀ ਹੈ। ਹੋਰ ਕਿਸੇ ਤਰ੍ਹਾਂ ਦੀ ਕੋਈ ਮੌਤ ਹੁੰਦੀ ਹੀ ਨਹੀਂ ਤੇ ਇਸ ਨਾਲ਼ ਆਦੀ ਹੋ ਰਹਿਣ ਦਾ ਵੇਲਾ ਹੈ। ਪਰ ਇਸ ਦੇ ਬਾਵਜੂਦ ਵੀ ਉਹ ਉਦਾਸ ਸੀ ਤੇ ਉਹਦੀ ਅਵਾਜ਼ ਵਿਚ ਖਾਸ ਤਰ੍ਹਾਂ ਦਾ ਖਰਵ੍ਹਾਪਨ ਸੀ ਜਦੋਂ ਉਸ ਨੇ ਆਪਣੇ ਵੱਡੇ ਅਫਸਰ ਨੂੰ ਦੱਸਿਆ ਕਿ ਉਸ ਦਾ ਐਡਜੂਟੈਂਟ ਮਾਰਿਆ ਗਿਆ ਹੈ ਤੇ ਉਸ ਨੂੰ ਨਵੇਂ ਬੰਦੇ ਦੀ ਲੋੜ ਹੈ।

ਤੀਜਾ ਐਡਜੂਟੈਂਟ ਕੱਕੇ ਵਾਲ਼ਾਂ, ਤੇ ਨੀਲ਼ੀਆਂ ਅੱਖਾਂ ਵਾਲ਼ਾ ਇਕ ਛੋਟਾ ਜਿਹਾ ਗਭਰੇਟ ਸੀ ਜਿਸ ਨੇ ਥੋੜ੍ਹਾ ਚਿਰ ਪਹਿਲਾਂ ਹੀ ਸਕੂਲ ਦੀ ਪੜ੍ਹਾਈ ਮੁਕਾਈ ਸੀ ਤੇ ਕੁਝ ਚਿਰ ਪਹਿਲਾਂ ਹੀ ਮਹਾਜ਼ 'ਤੇ ਪੁੱਜਾ ਸੀ।

ਆਪਣੀ ਮੁਲਾਕਾਤ ਦੇ ਪਹਿਲੇ ਹੀ ਦਿਨ, ਜਦੋਂ ਉਸ ਨੂੰ ਪਤਝੜ ਦਾ ਠੰਡਾ ਯਖ਼ ਮੈਦਾਨ ਲੰਘ ਕੇ, ਜਿੱਥੇ ਮਾਰਟਨ ਤੋਪਾਂ ਦੇ ਗੋਲ਼ੇ ਪਾਟ ਰਹੇ ਸਨ, ਕਮੀਸਾਰ ਦੇ ਨਾਲ਼ ਮੂਹਰਲੀ ਬਟਾਲੀਅਨ ਤੱਕ ਜਾਣਾ ਪਿਆ ਤਾਂ ਉਹ ਇਕ ਪਲ ਵੀ ਉਸ ਤੋਂ ਪਿੱਛੇ ਨਹੀਂ ਸੀ ਰਿਹਾ। ਉਹ ਕਮੀਸਾਰ ਦੇ ਨਾਲ਼ ਕਦਮ ਮੇਲ ਕੇ ਤੁਰਦਾ ਰਿਹਾ ਸੀ ਜਿਵੇਂ ਐਡਜੂਟੈਂਟ ਦੇ ਨਾਤੇ ਇਸ ਤਰ੍ਹਾਂ ਕਰਨਾ ਡਿਊਟੀ ਹੋਵੇ। ਇਸ ਤੋਂ ਇਲਾਵਾ, ਮੱਠੀ ਚਾਲੇ ਤੁਰਦਾ ਇਹ ਭਾਰੇ ਤੇ ਗਠਵੇਂ ਸਰੀਰ ਵਾਲ਼ਾ ਆਦਮੀ ਅਜਿੱਤ ਜਾਪਦਾ ਸੀ। ਜੇ ਬੰਦਾ ਉਹਦੇ ਨਾਲ਼-ਨਾਲ਼ ਤੁਰਿਆ ਜਾਵੇ ਤਾਂ ਉਸ ਦਾ ਵਾਲ ਵਿੰਗਾ ਨਹੀਂ ਹੋ ਸਕਦਾ।

ਜਦੋਂ ਗੋਲ਼ੇ ਬਹੁਤੇ ਤੇ ਛੇਤੀ ਛੇਤੀ ਡਿੱਗਣ ਲੱਗੇ ਤਾਂ ਇਹ ਗੱਲ ਸਪਸ਼ਟ ਹੋ ਗਈ ਕਿ ਜਰਮਨ ਨਿਸਚੇ ਹੀ ਉਹਨਾਂ ਨੂੰ ਨਿਸ਼ਾਨਾ ਬਣਾ ਰਹੇ ਸਨ। ਕਮੀਸਾਰ ਤੇ ਉਹਦਾ ਐਡਜੂਟੈਂਟ ਕਦੇ-ਕਦੇ ਸਪਾਟ ਲੰਮੇ ਪੈ ਜਾਂਦੇ ਸਨ।

ਪਰ ਅਜੇ ਮਸਾਂ ਲੰਮੇ ਪੈਂਦੇ ਹੀ ਸਨ ਤੇ ਲਾਗੇ ਹੀ ਹੋਏ ਧਮਾਕੇ ਦਾ ਧੂੰਆਂ ਅਜੇ ਖਿੰਡਿਆ ਨਹੀਂ ਸੀ ਹੁੰਦਾ ਕਿ ਕਮੀਸਾਰ ਫੇਰ ਉੱਠ ਖਲੋਂਦਾ ਤੇ ਅੱਗੇ ਤੁਰ ਪੈਂਦਾ।

"ਵੱਧਦਾ ਚੱਲ, ਵੱਧਦਾ ਚੱਲ," ਉਸ ਨੇ ਰੁੱਖੀ ਜਿਹੀ ਅਵਾਜ਼ ਵਿਚ ਫੁਸਰ ਫੁਸਰ ਕੀਤਾ। "ਏਥੇ ਲੰਮੇ ਕਿਉਂ ਪਏ ਰਹੀਏ ?"

ਖੰਦਕਾਂ ਕੋਲ਼ ਪਹੁੰਚਣ ਹੀ ਵਾਲ਼ੇ ਸਨ ਕਿ ਉਹ ਜਕੋ-ਤੱਕਿਆਂ ਵਿਚ ਪੈ ਗਏ। ਇਕ ਗੋਲ਼ਾ ਉਹਨਾਂ ਸਾਮ੍ਹਣੇ ਫਟਿਆ ਸੀ ਤੇ ਦੂਜਾ ਉਹਨਾਂ ਦੇ ਪਿੱਛੇ।

ਕਮੀਸਾਰ ਆਪਣੇ ਕੱਪੜੇ ਝਾੜਦਾ ਹੋਇਆ ਖੜ੍ਹਾ ਹੋ ਗਿਆ।

"ਔਹ ਵੇਖੋ," ਉਸ ਨੇ ਆਪਣੇ ਪਿੱਛੇ ਗੋਲ਼ੇ ਨਾਲ਼ ਬਣੇ ਛੋਟੇ ਜਿਹੇ ਟੋਏ ਵੱਲ ਇਸ਼ਾਰਾ ਕਰ ਕੇ ਆਖਿਆ। "ਜੇ ਅਸੀਂ ਇਸ ਤੋਂ ਡਰ ਕੇ ਖਲੋ ਜਾਂਦੇ ਤਾਂ ਸਾਡੇ ਵਾਲ਼ਾ ਕੰਮ ਹੋ ਗਿਆ ਸੀ। ਅੱਗੇ ਵੱਧਦੇ ਜਾਣਾ ਹਮੇਸ਼ਾ ਹੀ ਚੰਗਾ ਹੁੰਦਾ ਹੈ।"

"ਪਰ ਜੇ ਅਸੀਂ ਰਤਾ ਕੁ ਛੁਹਲੇ ਕਦਮ ਪੁੱਟਦੇ ਫੇਰ, ਔਹ ਵੇਖੋ ..," ਗੱਲ ਪੂਰੀ ਕੀਤੇ ਬਗੈਰ, ਐਡਜੂਟੈਂਟ ਨੇ ਸਿਰ ਹਿਲਾ ਕੇ ਸਾਮ੍ਹਣੇ ਵਾਲ਼ੇ ਟੋਏ ਵੱਲ ਇਸ਼ਾਰਾ ਕੀਤਾ।

"ਏਹੋ ਜਿਹੀ ਕੋਈ ਗੱਲ ਨਹੀਂ," ਕਮੀਸਾਰ ਨੇ ਮੋੜਵਾਂ ਜਵਾਬ ਦਿੱਤਾ। "ਉਹ ਸਾਨੂੰ ਏਸੇ ਥਾਂ ਨਿਸ਼ਾਨਾ ਬਣਾ ਰਹੇ ਸਨ ਤੇ ਗੋਲ਼ਾ ਅੱਗੇ ਡਿੱਗ ਪਿਆ। ਜੇ ਅਸੀਂ ਓਥੇ ਹੁੰਦੇ, ਤਾਂ ਉਹਨਾਂ ਬਸ ਥਾਂ ਨੂੰ ਨਿਸ਼ਾਨਾ ਬਣਾਉਣਾ ਸੀ ਤੇ ਗੋਲ਼ਾ ਫੇਰ ਥੋੜ੍ਹਾ ਅੱਗੇ ਡਿੱਗ ਪੈਣਾ ਸੀ।

ਐਡਜੂਟੈਂਟ ਇਹ ਸੋਚ ਕੇ ਆਪਮੁਹਾਰਾ ਹੀ ਮੁਸਕਰਾ ਪਿਆ ਕਿ ਕਮੀਸਾਰ ਮਖੌਲ ਕਰਦਾ ਹੈ। ਪਰ ਕਮੀਸਾਰ ਦੇ ਚਿਹਰੇ ਉੱਤੇ ਪੂਰੀ ਗੰਭੀਰਤਾ ਸੀ। ਉਹਨੇ ਇਹ ਗੱਲ ਪੂਰੇ ਯਕੀਨ ਨਾਲ਼ ਆਖੀ ਸੀ। ਅਤੇ ਐਡਜੂਟੈਂਟ ਇਸ ਆਦਮੀ ਉੱਤੇ ਵਿਸ਼ਵਾਸ ਦੇ ਰੰਗ ਵਿਚ ਰੰਗਿਆ ਗਿਆ, ਜੰਗ ਵਿਚ ਪੈਦਾ ਹੋਇਆ ਤਤਕਾਲੀ ਵਿਸ਼ਵਾਸ ਜਿਹੜਾ ਉਮਰ ਭਰ ਬਣਿਆ ਰਹਿੰਦਾ ਹੈ। ਅਗਲੇ ਸੌ ਕਦਮ ਉਹ ਕਮੀਸਾਰ ਦੇ ਬਿਲਕੁਲ ਨੇੜੇ ਹੋ ਕੇ, ਤਕਰੀਬਨ ਉਹਦੇ ਨਾਲ਼-ਨਾਲ਼ ਹੀ ਤੁਰਦਾ ਗਿਆ।

ਇਸ ਤਰ੍ਹਾਂ ਦੀ ਆਪਸ ਵਿਚ ਪਹਿਲੀ ਜਾਣ-ਪਛਾਣ ਹੋਈ।

ਇਕ ਮਹੀਨਾ ਲੰਘ ਗਿਆ। ਦੱਖਣ ਵਾਲ਼ੇ ਪਾਸੇ ਦੀਆਂ ਸੜਕਾਂ ਉੱਤੇ ਜਾਂ ਬਰਫ ਦੀ ਤਹਿ ਜੰਮੀ ਹੋਈ ਸੀ ਜਾਂ ਬੁਰੀ ਤਰ੍ਹਾਂ ਚਿੱਕੜ ਹੀ ਚਿੱਕੜ ਸੀ।

ਅਫਵਾਹ ਸੀ ਕਿ ਪਿਛਵਾੜੇ ਵਿਚ ਕਿੱਧਰੇ ਇਕ ਆਰਮੀ ਨੂੰ ਜਵਾਬੀ ਹਮਲੇ ਵਾਸਤੇ ਤਿਆਰ ਕੀਤਾ ਜਾ ਰਿਹਾ ਹੈ, ਪਰ ਹਾਲੇ ਤੱਕ ਅੱਧ-ਪਚੱਧ ਰਹਿ ਗਈ ਡਿਵੀਜ਼ਨ ਹੀ ਬਚਾਓ ਦੀਆਂ ਲਹੂ ਡੋਲ੍ਹਦੀਆਂ ਰੱਖਿਆਤਮਕ ਲੜਾਈਆਂ ਲੜ ਰਹੀ ਸੀ।

ਦੱਖਣੀ ਪਤਝੜ ਦੀ ਹਨੇਰੀ ਰਾਤ ਸੀ। ਕਮੀਸਾਰ ਆਪਣੇ ਜ਼ਮੀਨ ਪੁੱਟ ਕੇ ਬਣਾਏ ਮੋਰਚੇ ਵਿਚ ਬੈਠਾ ਹੋਇਆ ਸੀ। ਉਸ ਨੇ ਆਪਣੇ ਚਿੱਕੜ ਨਾਲ਼ ਭਰੇ ਬੂਟ ਲਾਹ ਲਏ ਸਨ ਤੇ ਉਹਨਾਂ ਨੂੰ ਲੋਹੇ ਦੇ ਸਟੋਵ ਉਤੇ ਸੁੱਕਣ ਵਾਸਤੇ ਟਿਕਾ ਰਿਹਾ ਸੀ।

ਉਸ ਦਿਨ ਤਕੜੇ ਡਿਵੀਜ਼ਨ ਦਾ ਕਮਾਂਡਰ ਬੁਰੀ ਤਰ੍ਹਾਂ ਫੱਟੜ ਹੋ ਗਿਆ ਸੀ। ਚੀਫ ਆਫ ਸਟਾਫ ਨੇ ਆਪਣੀ ਜ਼ਖਮੀ ਬਾਂਹ ਕਾਲੀ ਗਲ-ਪੱਟੀ ਵਿਚ ਟਿਕਾਈ ਤੇ ਆਪਣੀਆਂ ਉਂਗਲਾਂ ਨਾਲ ਮੇਜ ਠਕੋਰਿਆ। ਉਸ ਨੂੰ ਖੁਸ਼ੀ ਹੋਈ ਕਿ ਉਹ ਇਸ ਤਰ੍ਹਾਂ ਕਰ ਸਕਦਾ ਸੀ, ਕਿ ਉਸ ਦੀਆਂ ਉਂਗਲਾਂ ਉਹਦਾ ਹੁਕਮ ਮੰਨਣ ਲੱਗ ਪਈਆਂ ਸਨ।

"ਠੀਕ ਹੈ, ਸਿਰੜਾਂ ਵਾਲਿਓ," ਉਸ ਨੇ ਆਪਣੀ ਰੁਕ ਗਈ ਗੱਲਬਾਤ ਨੂੰ ਫੇਰ ਅੱਗੇ ਤੋਰਿਆ। "ਮੰਨ ਲਿਆ ਕਿ ਖਲੋਦੀਲਿਨ ਇਸ ਵਾਸਤੇ ਮਾਰਿਆ ਗਿਆ ਕਿ ਉਹ ਡਰਿਆ

ਹੋਇਆ ਸੀ, ਪਰ ਜਨਰਲ ਤਾਂ ਬਹਾਦਰ ਆਦਮੀ ਸੀ, ਕੀ ਖਿਆਲ ਹੈ ਤੁਹਾਡਾ ?"

"ਸੀ ਨਹੀਂ, ਹੈ। ਤੇ ਉਹ ਜਿਉਂਦਾ ਰਹੇਗਾ," ਕਮੀਸਾਰ ਨੇ ਆਖਿਆ ਤੇ ਮੂੰਹ ਦੂਜੇ ਪਾਸੇ ਕਰ ਲਿਆ ਜਿਵੇਂ ਗੱਲ ਮੁੱਕ ਗਈ ਹੋਵੇ।

ਪਰ ਚੀਫ ਆਫ ਸਟਾਫ ਨੇ ਉਸ ਦੀ ਕਮੀਜ਼ ਦੀ ਬਾਹ ਫੜ ਕੇ ਖਿੱਚੀ ਤੇ ਹੌਲ਼ੀ ਜਿਹੀ ਆਖਿਆ ਤਾਂ ਜੋ ਉਸ ਦੇ ਦੁੱਖਦਾਈ ਲਫਜ਼ ਕੋਈ ਹੋਰ ਨਾ ਸੁਣ ਲਵੇ:

"ਜਿਊਂਦਾ ਰਹਿ ਸਕਦਾ ਹੈ। ਜਿਊਂਦਾ ਰਹੇ ਤਾਂ ਚੰਗੀ ਗੱਲ ਹੈ, ਭਾਵੇਂ ਮੈਨੂੰ ਇਸ ਬਾਰੇ ਸ਼ੱਕ ਹੈ। ਪਰ ਮਿਰੋਨੋਵ ਨਹੀਂ ਜਿਊਂਦਾ ਰਹਿਣਾ, ਨਾ ਜ਼ਾਵੋਦਚੀਕੋਵ ਜਿਊਂਦਾ ਰਹੇਗਾ ਤੇ ਨਾ ਗਾਵਰੀਲੇਨਕੋ। ਉਹ ਮਰ ਚੁੱਕੇ ਨੇ, ਭਾਵੇਂ ਉਹ ਸਾਰੇ ਹੀ ਬਹਾਦਰ ਬੰਦੇ ਸਨ। ਕੀ ਬਣਿਆ ਤੁਹਾਡੇ ਸਿਧਾਂਤ ਦਾ ?"

"ਮੇਰਾ ਕੋਈ ਸਿਧਾਂਤ ਨਹੀਂ," ਕਮੀਸਾਰ ਨੇ ਝੱਟਪੱਟ ਮੋੜਵਾਂ ਜਵਾਬ ਦਿੱਤਾ। "ਮੈਂ ਸਿਰਫ ਏਨਾ ਜਾਣਦਾ ਹਾਂ ਕਿ ਇਕੋ ਜਿਹੇ ਹਾਲਾਤ ਵਿਚ ਬਹਾਦਰ ਬੰਦੇ ਬੁਜ਼ਦਿਲਾਂ ਨਾਲ਼ੋਂ ਘੱਟ ਮਰਦੇ ਨੇ। ਤੇ ਜੇ ਤੁਹਾਨੂੰ ਬਹੁਤ ਸਾਰੇ ਉਹਨਾਂ ਬੰਦਿਆਂ ਦੇ ਨਾਵਾਂ ਦਾ ਪਤਾ ਹੈ ਜਿਹੜੇ ਬਹਾਦਰ ਸਨ ਪਰ ਤਾਂ ਵੀ ਮਾਰੇ ਗਏ, ਤਾਂ ਇਸ ਦੀ ਵਜਾਹ ਇਹ ਹੈ ਕਿ ਬੁਜ਼ਦਿਲ ਨੂੰ ਤਾਂ ਕਬਰ ਵਿਚ ਪਾਉਣ ਤੋਂ ਪਹਿਲਾਂ ਹੀ ਭੁੱਲਾ ਦਿੱਤਾ ਜਾਂਦਾ ਹੈ। ਪਰ ਜਦੋਂ ਕੋਈ ਬਹਾਦਰ ਮਰਦਾ ਹੈ ਤਾਂ ਲੋਕ ਉਸ ਨੂੰ ਯਾਦ ਰੱਖਦੇ ਨੇ, ਉਹਦੀਆਂ ਗੱਲਾਂ ਕਰਦੇ ਨੇ ਤੇ ਉਹਦੇ ਬਾਰੇ ਲਿਖਦੇ ਨੇ। ਸਾਨੂੰ ਸਿਰਫ ਬਹਾਦਰਾਂ ਦੇ ਨਾਂ ਹੀ ਯਾਦ ਰਹਿੰਦੇ ਨੇ। ਬਸ, ਗੱਲ ਮੁੱਕੀ। ਜੇ ਤੁਸੀਂ ਇਸ ਗੱਲ ਨੂੰ ਮੇਰਾ ਸਿਧਾਂਤ ਕਹਿੰਦੇ ਹੋ, ਤੁਹਾਡੀ ਮਰਜ਼ੀ। ਜਿਹੜਾ ਸਿਧਾਂਤ ਲੋਕਾਂ ਦੀ ਇਹ ਮਦਦ ਕਰੇ ਕਿ ਉਹ ਡਰਨ ਨਾ, ਉਹ ਚੰਗਾ ਸਿਧਾਂਤ ਹੈ।"

ਐਡਜੂਟੈਂਟ ਮੋਰਚੇ ਵਿਚ ਆ ਗਿਆ। ਇਕ ਮਹੀਨੇ ਵਿਚ ਹੀ ਉਹਦਾ ਚਿਹਰਾ ਝੌਂ ਗਿਆ ਸੀ ਤੇ ਉਹਦੀਆਂ ਅੱਖਾਂ ਥੱਕੀਆਂ-ਥੱਕੀਆਂ ਜਾਪਦੀਆਂ ਸਨ। ਬਾਕੀ ਹਰ ਲਿਹਾਜ਼ ਨਾਲ਼ ਉਹ ਹਾਲੇ ਓਸੇ ਤਰ੍ਹਾਂ ਦਾ ਗਭਰੇਟ ਸੀ ਜਿਸ ਤਰ੍ਹਾਂ ਦਾ ਕਮੀਸਾਰ ਨੇ ਪਹਿਲੇ ਦਿਨ ਵੇਖਿਆ ਸੀ। ਸਾਵਧਾਨ ਖੜੇ ਹੋ ਕੇ, ਉਸ ਨੇ ਰਿਪੋਰਟ ਦਿੱਤੀ ਕਿ ਜਿਸ ਟਾਪੂਹਾਰ ਤੋਂ ਉਹ ਹੁਣੇ ਵਾਪਸ ਆਇਆ ਹੈ ਉਥੇ ਸਭ ਠੀਕ-ਠਾਕ ਹੈ। ਹਾਂ, ਬਟਾਲੀਅਨ ਦਾ ਕਮਾਂਡਰ, ਕਪਤਾਨ ਪੋਲੀਆਕੋਵ ਜ਼ਰੂਰ ਜ਼ਖਮੀ ਹੋ ਗਿਆ ਸੀ।

"ਉਸ ਦੀ ਥਾਂ ਕਿਸ ਨੇ ਸਾਂਭੀ ?" ਕਮੀਸਾਰ ਨੇ ਪੁੱਛਿਆ।

"ਲੈਫਟੀਨੈਂਟ ਵਾਸਿਲੀਯੇਵ, ਪੰਜਵੀਂ ਕੰਪਨੀ ਤੋਂ।"

"ਤੇ ਪੰਜਵੀਂ ਕੰਪਨੀ ਦੀ ਕਮਾਂਡ ਕਿਸ ਦੇ ਹੱਥ ਹੈ ?"

"ਇਕ ਸਾਰਜੈਂਟ ਦੇ।"

ਕਮੀਸਾਰ ਇਕ ਮਿੰਟ ਸੋਚੀਂ ਪੈ ਗਿਆ।

"ਬਹੁਤ ਠੰਡ ਲੱਗਦੀ ਹੈ ?" ਉਸ ਨੇ ਐਡਜੂਟੈਂਟ ਨੂੰ ਪੁੱਛਿਆ।

"ਸੱਚੀ ਗੱਲ ਹੈ, ਬਹੁਤ।"

"ਘੁੱਟ ਕੁ ਵੋਦਕਾ ਪੀ ਲਓ।"

ਕਮੀਸਾਰ ਨੇ ਇਕ ਕੇਤਲੀ ਵਿਚੋਂ ਅੱਧਾ ਗਲਾਸ ਵੋਦਕਾ ਦਾ ਭਰ ਦਿੱਤਾ ਤੇ ਲੈਫਟੀਨੈਂਟ ਨੇ ਆਪਣਾ ਵੱਡਾ ਕੋਟ ਲਾਹੇ ਬਗੈਰ ਇਕੋ ਵਾਰ ਅੰਦਰ ਸੁੱਟ ਲਈ।

''ਤੇ ਹੁਣ ਤੁਸੀਂ ਮੁੜ ਜਾਓ,'' ਕਮੀਸਾਰ ਨੇ ਆਖਿਆ।''ਕਿਉਂਕਿ ਮੈਨੂੰ ਫਿਕਰ ਖਾ ਰਿਹਾ ਹੈ। ਤੁਹਾਡਾ ਓਥੇ ਹੋਣਾ ਜਰੂਰੀ ਹੈ ਤਾਂ ਕਿ ਵੇਖ ਸਕੋ ਓਥੇ ਕੀ ਵਾਪਰਦਾ ਹੈ। ਟਾਪੂਹਾਰ ਤੇ ਤੁਸੀਂ ਮੇਰੀਆਂ ਅੱਖਾਂ ਹੋ, ਜਾਓ ਹੁਣ।''

ਐਡਜੂਟੈਂਟ ਉੱਠ ਖੜ੍ਹਾ ਹੋਇਆ। ਉਸ ਨੇ ਆਪਣੇ ਵੱਡੇ ਕੋਟ ਦੇ ਕਾਲਰ ਦੀ ਹੁੱਕ ਐਸੇ ਆਦਮੀ ਵਾਂਗ ਹੌਲ਼ੀ-ਹੌਲ਼ੀ ਬੰਦ ਕੀਤੀ ਜਿਹੜਾ ਇਕ ਦੋ ਮਿੰਟ ਹੋਰ ਨਿੱਘੀ ਥਾਂ ਅਟਕਣਾ ਚਾਹੁੰਦਾ ਹੋਵੇ। ਪਰ ਹੁੱਕ ਬੰਦ ਕਰਦਿਆਂ ਹੀ ਉਹ ਬਾਹਰ ਨਿਕਲ ਗਿਆ। ਦਰਵਾਜੇ ਦੀ ਚੁਗਾਠ ਨਾਲ ਸਿਰ ਭਨਾ ਲੈਣ ਤੋਂ ਬਚਣ ਲਈ ਰਤਾ ਕੁ ਨੀਵਾਂ ਹੋ ਕੇ ਉਹ ਹਨੇਰੇ ਵਿਚ ਗਾਇਬ ਹੋ ਗਿਆ। ਦਰਵਾਜ਼ਾ ਫਟਾਕ ਕਰਕੇ ਬੰਦ ਹੋ ਗਿਆ।

''ਵਧੀਆ ਗਭਰੇਟ ਹੈ,'' ਆਪਣੀਆਂ ਨਜ਼ਰਾਂ ਨਾਲ਼ ਉਸ ਦਾ ਪਿੱਛਾ ਕਰਦਿਆਂ, ਕਮੀਸਾਰ ਨੇ ਆਖਿਆ।''ਮੈਂ ਏਹੋ ਜਿਹੇ ਬੰਦਿਆਂ ਵਿਚ ਯਕੀਨ ਰੱਖਦਾ ਹਾਂ। ਮੇਰਾ ਵਿਸ਼ਵਾਸ ਹੈ ਕਿ ਉਹ ਸਹੀ ਸਲਾਮਤ ਬਚ ਜਾਣਗੇ, ਤੇ ਉਹਨਾਂ ਦਾ ਵਿਸ਼ਵਾਸ ਹੈ ਕਿ ਮੈਨੂੰ ਕੋਈ ਗੋਲ਼ੀ ਨਹੀਂ ਲੱਗ ਸਕਦੀ ਤੇ ਏਹੋ ਵੱਡੀ ਗੱਲ ਹੁੰਦੀ ਹੈ। ਠੀਕ ਹੈ ਨਾ, ਕਰਨਲ ?''

ਚੀਫ ਆਫ ਸਟਾਫ ਨੇ ਹੌਲ਼ੀ-ਹੌਲ਼ੀ ਮੇਜ਼ ਠਕੋਰਿਆ। ਆਪ ਸੁਭਾਵਿਕ ਦਲੇਰ ਆਦਮੀ ਹੋਣ ਕਾਰਨ, ਉਹ ਆਪਣੀ ਜਾਂ ਦੂਜਿਆਂ ਦੀ ਬਹਾਦਰੀ ਬਾਰੇ ਸਿਧਾਂਤਾਂ ਵਿਚ ਨਹੀਂ ਸੀ ਪੈਂਦਾ। ਪਰ ਹੁਣ ਉਸ ਨੇ ਮਹਿਸੂਸ ਕੀਤਾ ਕਿ ਕਮੀਸਾਰ ਦੀ ਗੱਲ ਠੀਕ ਸੀ।

''ਹਾਂ,'' ਉਸ ਨੇ ਆਖਿਆ।

ਅੰਗੀਠੀ ਵਿਚ ਲੱਕੜਾਂ ਦੀ ਤਿੜ-ਤਿੜ ਹੋਈ। ਕਮੀਸਾਰ ਸੁੱਤਾ ਹੋਇਆ ਸੀ। ਮੇਜ਼ ਉੱਤੇ ਪਏ ਰਣ-ਖੇਤਰ ਦੇ ਨਕਸ਼ੇ ਉੱਤੇ ਉੱਲਰ ਕੇ ਉਸ ਨੇ ਆਪਣੀਆਂ ਬਾਹਵਾਂ ਇਉਂ ਪਸਾਰੀਆਂ ਹੋਈਆਂ ਸਨ ਜਿਵੇਂ ਉਹ ਇਸ ਉੱਤੇ ਵਿਖਾਈ ਸਾਰੀ ਧਰਤੀ ਵਾਪਸ ਲੈਣਾ ਚਾਹੁੰਦਾ ਹੋਵੇ।

ਤੜਕਸਾਰ ਕਮੀਸਾਰ ਆਪ ਟਾਪੂਹਾਰ ਵੱਲ ਤੁਰ ਪਿਆ। ਬਾਅਦ ਵਿਚ ਉਸ ਨੇ ਇਸ ਦਿਨ ਦਾ ਚੇਤਾ ਕਰਨ ਦੀ ਕਦੇ ਹਿੰਮਤ ਨਹੀਂ ਸੀ ਕੀਤੀ। ਬੀਤੀ ਰਾਤ ਜਰਮਨ ਫੌਜਾਂ ਲੁਕ ਛਿਪ ਕੇ ਉੱਤਰ ਆਈਆਂ ਸਨ ਤੇ ਉਹਨਾਂ ਦੇ ਮਾਰੂ ਹਮਲੇ ਵਿਚ ਪੂਰੀ ਦੀ ਪੂਰੀ ਪੰਜਵੀਂ ਕੰਪਨੀ ਦਾ ਸਫਾਇਆ ਹੋ ਗਿਆ ਸੀ। ਇਕ ਵੀ ਜਵਾਨ ਨਹੀਂ ਸੀ ਬਚਿਆ।

ਡਿਵੀਜ਼ਨ ਦੇ ਕਮੀਸਾਰ ਦੇ ਨਾਤੇ, ਉਸ ਨੂੰ ਉਹ ਸਾਰੀ ਦਿਹਾੜੀ ਉਹ ਕੁਝ ਕਰਨਾ ਪਿਆ ਜੋ ਕਰਨ ਦਾ ਕਦੇ ਉਹਨੂੰ ਖਿਆਲ ਵੀ ਨਹੀਂ ਸੀ ਆਇਆ। ਸਵੇਰ ਵੇਲੇ ਜਿਹੜਾ ਵੀ ਬੰਦਾ ਉਹਦੇ ਹੱਥ ਆਇਆ ਉਸ ਨੇ ਫੜ ਲਿਆ ਤੇ ਉਹਨਾਂ ਦੀ ਅਗਵਾਈ ਕਰਦਿਆਂ ਤਿੰਨ ਵਾਰ ਧਾਵਾ ਬੋਲਿਆ।

ਛਣਕਦੀ ਰੇਤ ਵਿਚ, ਜਿਹੜੀ ਪਹਿਲੇ ਕੱਕਰ ਨਾਲ ਸਖਤ ਹੋ ਗਈ ਸੀ, ਥਾਂ-ਥਾਂ ਗੋਲ਼ਿਆਂ ਨਾਲ਼ ਟੋਏ ਬਣ ਗਏ ਸਨ ਤੇ ਲਹੂ ਦੇ ਛਿੱਟੇ ਪਏ ਹੋਏ ਸਨ। ਦੁਸ਼ਮਣ ਦੀ ਸਾਰੀ ਫੌਜ ਜਾਂ ਮਾਰੀ ਗਈ ਸੀ ਜਾਂ ਕੈਦੀ ਬਣਾ ਲਈ ਗਈ ਸੀ। ਜਿਨ੍ਹਾਂ ਨੇ ਤਰ ਕੇ ਆਪਣੇ ਕੰਢੇ ਵਾਪਸ

ਜਾਣ ਦੀ ਕੋਸ਼ਿਸ਼ ਕੀਤੀ, ਉਹ ਸਿਆਲ ਦੇ ਬਰਫ ਵਰਗੇ ਠੰਡੇ ਪਾਣੀ ਵਿਚ ਡੁੱਬ ਗਏ।

ਜੰਮ ਗਏ ਲਹੂ ਨਾਲ ਕਾਲੀ ਹੋ ਗਈ ਸੰਗੀਨ ਵਾਲ਼ੀ ਰਫ਼ਲ ਰੱਖ ਕੇ ਜਿਸ ਦੀ ਹੁਣ ਉਸ ਨੂੰ ਲੋੜ ਨਹੀਂ ਸੀ, ਕਮੀਸਾਰ ਟਾਪੂਹਾਰ ਵੱਲ ਤੁਰ ਪਿਆ। ਬੀਤੀ ਰਾਤ ਏਥੇ ਜੋ ਕੁਝ ਹੋਇਆ ਸੀ ਉਸ ਬਾਰੇ ਉਹਨੂੰ ਸਿਰਫ ਲਾਸ਼ਾਂ ਹੀ ਦੱਸ ਸਕਦੀਆਂ ਸਨ। ਪਰ ਲਾਸ਼ਾਂ ਵੀ ਬੋਲ ਸਕਦੀਆਂ ਸਨ। ਲਾਲ ਸੈਨਾ ਦੇ ਜਵਾਨਾਂ ਦੀਆਂ ਦੇਹਾਂ ਜਰਮਨ ਲਾਸ਼ਾਂ ਵਿਚ ਹੀ ਪਈਆਂ ਸਨ। ਕੁਝ ਖੰਦਕਾਂ ਵਿਚ ਹੀ ਮਰ ਗਏ ਸਨ। ਸੰਗੀਨਾਂ ਉਹਨਾਂ ਦੀਆਂ ਛਾਤੀਆਂ ਵਿਚ ਖੁੱਭੀਆਂ ਸਨ ਤੇ ਟੁੱਟੀਆਂ ਰਫਲਾਂ ਉਹਨਾਂ ਅਜੇ ਵੀ ਘੁੱਟ ਕੇ ਹੱਥ ਵਿਚ ਫੜੀਆਂ ਹੋਈਆਂ ਸਨ। ਦੂਜੇ, ਜਿਹੜੇ ਆਪਣੀ ਥਾਂ ਡਟੇ ਨਹੀਂ ਸੀ ਰਹੇ, ਖੁੱਲ੍ਹੇ ਮੈਦਾਨ ਵਿਚ, ਸਿਆਲ ਦੇ ਯਖ ਹੋਏ ਸਤੇਪੀ ਵਿਚ ਪਏ ਸਨ। ਉਹ ਭੱਜ ਉੱਠੇ ਸਨ ਤੇ ਗੋਲ਼ੀਆਂ ਨੇ ਉਹਨਾਂ ਨੂੰ ਭੁੰਨ ਸੁੱਟਿਆ ਸੀ। ਕਮੀਸਾਰ ਲੜਾਈ ਦੇ ਖਾਮੋਸ਼ ਮੈਦਾਨ ਵਿਚ ਹੌਲ਼ੀ-ਹੌਲ਼ੀ ਕਦਮ ਪੁੱਟ ਰਿਹਾ ਸੀ ਅਤੇ ਵੇਖ ਰਿਹਾ ਸੀ ਕਿ ਮਰਨ ਵਾਲੇ ਕਿਹੜੇ ਅੰਦਾਜ਼ ਵਿਚ ਡਿੱਗੇ ਪਏ ਸਨ। ਉਹ ਉਹਨਾਂ ਦੇ ਸਿੱਥਲ ਚਿਹਰੇ ਵੇਖ ਰਿਹਾ ਸੀ। ਉਹ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਹਰ ਇਕ ਜਵਾਨ ਨੇ ਆਪਣੀ ਜਿੰਦਗੀ ਦੀਆਂ ਆਖਰੀ ਘੜੀਆਂ ਵਿਚ ਕੀ ਕੀਤਾ ਸੀ ਤੇ ਕਿਸ ਤਰ੍ਹਾਂ ਕੀਤਾ ਸੀ। ਮੌਤ ਤੋਂ ਬਾਅਦ ਵੀ ਉਹ ਬੁਜ਼ਦਿਲ ਨੂੰ ਬਰਦਾਸ਼ਤ ਨਹੀਂ ਸੀ ਕਰ ਸਕਦਾ। ਜੇ ਮੁਮਕਿਨ ਹੁੰਦਾ ਤਾਂ ਉਹ ਬੁਜ਼ਦਿਲਾਂ ਤੇ ਬਹਾਦਰਾਂ ਨੂੰ ਵੱਖ-ਵੱਖ ਦੱਬਦਾ। ਮੌਤ ਤੋਂ ਮਗਰੋਂ ਵੀ ਉਹਨਾਂ ਵਿਚਾਲੇ ਨਿਖੇੜਾ ਰਹਿਣ ਦਿੱਤਾ ਜਾਣਾ ਚਾਹੀਦਾ ਹੈ, ਜਿਵੇਂ ਜਿਊਂਦਿਆਂ ਵਿਚ ਸੀ।

ਉਹ ਇਹਨਾਂ ਚਿਹਰਿਆਂ ਵਿਚੋਂ ਆਪਣੇ ਐਡਜੂਟੈਂਟ ਨੂੰ ਵੀ ਲੱਭ ਰਿਹਾ ਸੀ। ਉਸ ਦਾ ਐਡਜੂਟੈਂਟ ਦੌੜ ਨਹੀਂ ਸੀ ਸਕਦਾ, ਨਾ ਹੀ ਉਸ ਨੂੰ ਕੈਦੀ ਬਣਾਇਆ ਜਾ ਸਕਦਾ ਸੀ। ਇਸ ਲਈ ਉਹ ਵੀ ਏਥੇ ਹੀ, ਲਾਸ਼ਾਂ ਵਿਚ ਹੀ ਹੋਵੇਗਾ।

ਅਖੀਰ, ਖੰਦਕਾਂ ਤੋਂ ਬਹੁਤ ਪਿਛੇ ਜਿਹੜੀ ਥਾਂ ਜਵਾਨ ਲੜੇ ਮਰੇ ਸਨ, ਕਮੀਸਾਰ ਨੇ ਉਹਨੂੰ ਲੱਭ ਲਿਆ। ਐਡਜੂਟੈਂਟ ਚੁਫਾਲ ਪਿਆ ਸੀ। ਇਕ ਬਾਂਹ ਨੂੰ ਬੁਰੀ ਤਰ੍ਹਾਂ ਮਰੋੜਾ ਚੜ੍ਹਿਆ ਹੋਇਆ ਸੀ ਤੇ ਉਹਦੇ ਲੱਕ ਹੇਠਾਂ ਆਈ ਹੋਈ ਸੀ। ਦੂਜੇ ਹੱਥ ਦੇ ਮੌਤ ਸ਼ਿਕੰਜੇ ਵਿਚ ਪਸਤੌਲ ਫੜਿਆ ਹੋਇਆ ਸੀ। ਉਸ ਦੀ ਕਮੀਜ਼ ਦੇ ਅਗਲੇ ਪਾਸੇ ਲਹੂ ਸੁੱਕ ਕੇ ਜੰਮ ਗਿਆ ਸੀ।

ਕਮੀਸਾਰ ਥੋੜ੍ਹਾ ਚਿਰ ਉਹਦੇ ਕੋਲ ਖੜਾ ਰਿਹਾ। ਫੇਰ ਉਸ ਨੇ ਇਕ ਅਫਸਰ ਨੂੰ ਬੁਲਾਇਆ ਤੇ ਉਸ ਦੀ ਕਮੀਜ਼ ਦੇ ਬਟਨ ਖੋਹਲ ਕੇ ਜ਼ਖ਼ਮ ਵੇਖਣ ਦਾ ਹੁਕਮ ਦਿੱਤਾ।

ਉਹ ਆਪ ਹੀ ਵੇਖ ਲੈਂਦਾ ਪਰ ਉਸ ਦੀ ਸੱਜੀ ਬਾਂਹ ਇਕ ਹਮਲੇ ਵਿਚ ਗਰਨੇਡ ਦੀਆਂ ਪੱਚਰਾਂ ਨਾਲ ਛਾਣਨੀ ਹੋ ਗਈ ਸੀ ਤੇ ਨਤਾਕਤੀ ਜਿਹੀ ਉਹਦੇ ਨਾਲ਼ ਲਟਕ ਰਹੀ ਸੀ। ਉਸ ਨੇ ਖਿੱਝ ਕੇ ਆਪਣੀ ਕਮੀਜ਼ ਵੱਲ ਵੇਖਿਆ ਸੀ ਜਿਸ ਦੀ ਬਾਹ ਮੋਢਿਆਂ ਤੱਕ ਕੱਟੀ ਹੋਈ ਸੀ ਅਤੇ ਨਾਲ਼ ਹੀ ਉਸ ਨੇ ਲਹੂ ਨਾਲ ਭਰੀ, ਜਲਦੀ-ਜਲਦੀ ਬੰਨ੍ਹੀ ਪੱਟੀ ਉੱਤੇ ਨਜ਼ਰ ਮਾਰੀ। ਉਸ ਨੂੰ ਜ਼ਖਮ ਤੇ ਪੀੜ ਉੱਤੇ ਏਨਾ ਗੁੱਸਾ ਨਹੀਂ ਸੀ ਜਿੰਨਾ ਇਸ ਗੱਲ ਉੱਤੇ ਕਿ ਉਹ ਜ਼ਖ਼ਮੀ ਹੋ ਗਿਆ ਸੀ। ਉਹ ਜਿਸ ਨੂੰ ਡਿਵੀਜ਼ਨ ਵਿਚ ਐਸਾ ਆਦਮੀ ਸਮਝਿਆ ਜਾਂਦਾ ਸੀ ਜਿਸ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਜਾ ਸਕੇ ! ਇਹ ਜ਼ਖ਼ਮ ਬਹੁਤ ਕੁਵੇਲੇ ਲੱਗਾ ਸੀ। ਲੋੜ ਇਸ

ਗੱਲ ਦੀ ਸੀ ਕਿ ਇਹ ਛੇਤੀ ਤੋਂ ਛੇਤੀ ਭਰ ਜਾਵੇ ਤੇ ਇਸ ਨੂੰ ਭੁੱਲਿਆ ਜਾਵੇ।

ਕਮਾਂਡਰ ਨੇ ਐਡਜੂਟੈਂਟ ਉੱਤੇ ਝੁਕ ਕੇ ਉਸ ਦੀ ਵਾਸਕਟ ਤੇ ਕਮੀਜ਼ ਦੇ ਬਟਨ ਖੋਹਲ ਦਿੱਤੇ।

"ਸੰਗੀਨ," ਉਸ ਨੇ ਨਜ਼ਰਾਂ ਉੱਪਰ ਕਰਕੇ ਆਖਿਆ ਤੇ ਇਕ ਵਾਰ ਫੇਰ ਐਡਜੂਟੈਂਟ ਉੱਤੇ ਝੁਕ ਗਿਆ ਤੇ ਪੂਰਾ ਇਕ ਮਿੰਟ ਅਹਿਲ ਪਈ ਦੇਹ ਨਾਲ਼ ਆਪਣਾ ਕੰਨ ਲਾ ਛੱਡਿਆ।

ਜਦੋਂ ਖੜ੍ਹਾ ਹੋਇਆ ਤਾਂ ਉਸ ਦੇ ਚਿਹਰੇ ਉੱਤੇ ਹੈਰਾਨੀ ਦੇ ਚਿੰਨ੍ਹ ਸਨ।

"ਸਾਹ ਲੈਂਦਾ ਹੈ ਅਜੇ," ਉਸ ਨੇ ਆਖਿਆ।

"ਸਾਹ ਲੈਂਦਾ ਹੈ ?"

ਕਮੀਸਾਰ ਦੇ ਚਿਹਰੇ ਉੱਤੇ ਕੋਈ ਹੈਰਾਨੀ ਨਹੀਂ ਸੀ।

"ਦੋ ਜਣੇ ਆਓ ਏਧਰ!" ਉਸ ਨੇ ਜਲਦੀ ਨਾਲ਼ ਹੁਕਮ ਦਿੱਤਾ। "ਚੁੱਕ ਲਓ ਇਹਨੂੰ ਤੇ ਲੈ ਚੱਲੋ ਸਿੱਧੇ ਮਲ੍ਹਮ ਪੱਟੀ ਵਾਸਤੇ। ਸ਼ਾਇਦ, ਬਚ ਜਾਵੇ।"

ਉਸ ਨੇ ਮੂੰਹ ਦੂਜੇ ਪਾਸੇ ਮੋੜਿਆ ਤੇ ਮੈਦਾਨ ਵਿਚ ਅੱਗੇ ਕਦਮ ਪੁੱਟਣ ਲੱਗਾ।

"ਬਚ ਜਾਏਗਾ ਜਾਂ ਨਹੀਂ ?" ਇਹ ਸਵਾਲ ਦੂਜੇ ਸਵਾਲਾਂ ਵਿਚ ਖ਼ਲਤ-ਮਲਤ ਹੋ ਗਿਆ। "ਲੜਾਈ ਵਿਚ ਇਸ ਦਾ ਵਿਹਾਰ ਕਿਸ ਤਰ੍ਹਾਂ ਦਾ ਸੀ ? ਉਹ ਦੂਜਿਆਂ ਨਾਲੋਂ ਪਿੱਛੇ ਕਿਉਂ ਸੀ ? ਇਹ ਸਾਰੇ ਸਵਾਲ ਮਿਲ ਕੇ ਇਕ ਗੱਲ ਬਣ ਜਾਂਦੇ ਸਨ। ਜੇ ਸਭ ਕੁਝ ਠੀਕ-ਠਾਕ ਸੀ, ਜੇ ਉਹ ਬਹਾਦਰੀ ਨਾਲ ਲੜਿਆ ਸੀ, ਤਾਂ ਉਹ ਜਿਊਂਦਾ ਰਹੇਗਾ, ਜ਼ਰੂਰ ਜਿਊਂਦਾ ਰਹੇਗਾ।"

ਤੇ ਇਕ ਮਹੀਨੇ ਬਾਦ, ਜਦੋਂ ਐਡਜੂਟੈਂਟ ਹਸਪਤਾਲ ਤੋਂ ਡਿਵੀਜ਼ਨ ਦੀ ਕਮਾਨ ਚੌਂਕੀ ਆਇਆ ਤਾਂ ਉਹ ਕਮਜ਼ੋਰ ਤੇ ਲਿੱਸਾ ਸੀ ਪਰ ਉਹ ਪਹਿਲਾਂ ਵਾਂਗ ਹੀ ਕੱਕੇ ਵਾਲ਼ਾਂ ਤੇ ਨੀਲੀਆਂ ਅੱਖਾਂ ਵਾਲ਼ਾ ਗਭਰੇਟ ਸੀ। ਕਮੀਸਾਰ ਨੇ ਉਸ ਨੂੰ ਕੋਈ ਸਵਾਲ ਨਹੀਂ ਪੁੱਛਿਆ ਤੇ ਸਿਰਫ ਹੱਥ ਮਿਲਾਉਣ ਲਈ ਆਪਣਾ ਤੰਦਰੁਸਤ ਖੱਬਾ ਹੱਥ ਅੱਗੇ ਵਧਾਇਆ।

"ਮੈਂ ਤਾਂ ਓਦੋਂ ਪੰਜਵੀਂ ਕੰਪਨੀ ਤੱਕ ਪਹੁੰਚ ਹੀ ਨਹੀਂ ਸਕਿਆ ਸਾਂ," ਐਡਜੂਟੈਂਟ ਨੇ ਆਖਿਆ। "ਮੈਂ ਰਾਹ ਵਿਚ ਫਸ ਗਿਆ ਤੇ ਅਜੇ ਇਕ ਸੌ ਕਦਮ ਹੋਰ ਅੱਗੇ ਜਾਣਾ ਸੀ ਜਦੋਂ..."

"ਮੈਨੂੰ ਪਤਾ ਹੈ," ਕਮੀਸਾਰ ਨੇ ਉਹਨੂੰ ਟੋਕਿਆ। "ਮੈਨੂੰ ਸਭ ਪਤਾ ਹੈ, ਤੈਨੂੰ ਦੱਸਣ ਦੀ ਲੋੜ ਨਹੀਂ। ਮੈਨੂੰ ਪਤਾ ਹੈ ਕਿ ਤੂੰ ਬੜਾ ਚੰਗਾ ਗੱਭਰੂ ਏਂ ਤੇ ਮੈਨੂੰ ਖੁਸ਼ੀ ਹੈ ਕਿ ਤੂੰ ਬਚ ਗਿਆ ਏਂ।"

ਉਸ ਨੇ ਰਸ਼ਕ ਨਾਲ਼ ਇਸ ਗਭਰੇਟ ਵੱਲ ਵੇਖਿਆ ਜਿਹੜਾ ਮਾਰੂ ਫੱਟ ਤੋਂ ਇਕ ਮਹੀਨੇ ਬਾਅਦ ਇਕ ਵਾਰ ਫੇਰ ਨਵਾਂ-ਨਰੋਇਆ ਤੇ ਤੰਦਰੁਸਤ ਹੋ ਗਿਆ ਸੀ। ਫੇਰ ਉਸ ਨੇ ਆਪਣੀ ਪੱਟੀ-ਬੱਝੀ ਬਾਂਹ ਵੱਲ ਵੇਖਿਆ ਅਤੇ ਅਫਸੋਸ ਦੇ ਲਹਿਜੇ ਨਾਲ਼ ਆਖਿਆ:

"ਕਰਨਲ ਤੇ ਮੈਂ ਉਹ ਨਹੀਂ ਰਹੇ ਜੋ ਅਸੀਂ ਹੁੰਦੇ ਸਾਂ। ਮਹੀਨੇ ਤੋਂ ਉੱਤੇ ਹੋ ਗਿਆ ਹੈ ਤੇ ਜ਼ਖ਼ਮ ਅਜੇ ਨਹੀਂ ਭਰਿਆ। ਤੇ ਉਹਦੇ ਜ਼ਖ਼ਮ ਨੂੰ ਤੀਜਾ ਮਹੀਨਾ ਜਾ ਰਿਹਾ ਹੈ। ਇਸ ਤਰ੍ਹਾਂ ਅਸੀਂ ਡਿਵੀਜ਼ਨ ਦੀ ਕਮਾਨ ਸਾਂਭੀ ਹੋਈ ਹੈ-ਦੋ ਹੱਥਾਂ ਨਾਲ। ਉਹਨੇ ਸੱਜੇ ਤੇ ਮੈਂ ਖੱਬੇ ਨਾਲ..."

• • •

ਅਲੇਕਸਾਂਦਰ ਬੇਕ

ਅਲੇਕਸਾਂਦਰ ਬੇਕ (1902–1972) ਦਾ ਜਨਮ ਸਾਰਾਤੋਵ ਸ਼ਹਿਰ ਦੇ ਇਕ ਡਾਕਟਰ ਪਰਿਵਾਰ ਵਿਚ ਹੋਇਆ। ਜਵਾਨੀ ਵੇਲੇ ਖਾਨਾਜੰਗੀ ਵਿਚ ਹਿੱਸਾ ਲਿਆ। ਓਦੋਂ ਹੀ, ਜਦੋਂ ਉਹ 1919 ਵਿਚ ਮੁਹਾਜ਼ ਉੱਤੇ ਸੀ, ਆਪਣੀ ਪਲੇਠੀ ਰਚਨਾ ਪ੍ਰਕਾਸ਼ਿਤ ਕੀਤੀ। ਉਹ ਕਈ ਮਸ਼ਹੂਰ ਕਹਾਣੀਆਂ ਤੇ ਨਾਵਲਾਂ ਦਾ ਕਰਤਾ ਏ। 1941 ਵਿਚ ਮਾਸਕੋ ਦੀ ਬਹਾਦਰਾਨਾ ਰਾਖੀ ਬਾਰੇ ਉਹਦਾ ਨਾਵਲ "ਵੋਲੋਕੋਲਾਮਸਕੋਏ ਸ਼ਾਹਰਾਹ", ਜਿਹੜਾ 1943–1944 ਵਿਚ ਲਿਖਿਆ ਗਿਆ ਸੀ, ਉਸ ਦੀ ਸਭ ਤੋਂ ਮਕਬੂਲ ਰਚਨਾ ਹੈ। ਇਸ ਦਾ ਹੀਰੋ ਬਾਊਰਜਨ ਮੋਮੀਸ਼–ਉਲੀ ਕੋਈ ਕਲਪਿਤ ਪਾਤਰ ਨਹੀਂ ਬਲਕਿ ਹਕੀਕੀ ਵਿਅਕਤੀ ਹੈ। ਅ. ਬੇਕ ਦੀ ਕਹਾਣੀ "ਆਖਰੀ ਪੱਤਰਾ" ਵੀ ਇਸੇ ਹੀਰੋ ਬਾਰੇ ਹੈ।

ਆਖਰੀ ਪੱਤਰਾ

ਰੈਜਮੈਂਟ ਦੀ ਅਲਮਾਰੀ ਵਿਚੋਂ ਇਕ ਪੁਰਾਣਾ ਨਕਸ਼ਾ ਲਿਆਂਦਾ ਗਿਆ, ਜਿਹੜਾ ਛੋਟੇ-ਛੋਟੇ ਬਹੁਤ ਸਾਰੇ ਪਤਰਿਆਂ ਨੂੰ ਜੋੜਕੇ ਬਣਿਆ ਹੋਇਆ ਸੀ। ਮੇਜ਼ ਉਤੇ ਵਿਛਾਇਆ ਗਿਆ ਤਾਂ ਪਤਾ ਲੱਗਾ ਕਿ ਉਹ ਆਮ ਚੌਰਸ ਨਕਸ਼ਾ ਨਹੀਂ ਸੀ ਸਗੋਂ ਪੂਰੇ ਮੇਜ਼ ਦੀ ਲੰਬਾਈ ਜੇਡੀ ਲੰਮੀ ਇਕ ਪੱਟੀ ਸੀ। ਛੱਤ ਨਾਲ ਲਟਕਦੀ ਇਕ ਛੋਟੀ ਜਿਹੀ ਬਿਜਲੀ ਦੀ ਲੈਂਪ ਦਾ ਚਾਨਣ ਨਕਸ਼ਾਕਸ਼ੀ ਦੇ ਚਿੰਨ੍ਹਾਂ ਦੇ ਧੁੰਦਲੇ ਜਿਹੇ ਪੈਮਾਨੇ ਉੱਤੇ ਸਿੱਧਾ ਪੈ ਰਿਹਾ ਸੀ, ਜਿਥੇ ਨੀਲੀ ਤੇ ਲਾਲ ਪਿਨਸਲ ਨਾਲ ਲੱਗੀਆਂ ਲਾਈਨਾਂ ਸਨ। ਨਕਸ਼ੇ ਦਾ ਪੈਮਾਨਾ ਸੀ: ਇਕ ਸੈਂਟੀਮੀਟਰ ਬਰਾਬਰ ਇਕ ਕਿਲੋਮੀਟਰ ਦੇ।

ਮਾਸਕੋ ਦੀ ਲੜਾਈ ਦੇ ਦਿਨਾਂ ਵਿਚ ਨਕਸ਼ੇ ਉਤੇ ਦਿਖਾਏ ਗਏ ਇਲਾਕੇ ਨੂੰ ਵੋਲੋਕੋਲਾਮਸਕ ਪਾਸਾ ਆਖਿਆ ਜਾਂਦਾ ਸੀ। ਜਨਰਲ ਪਾਨਫੀਲੋਵ ਦੇ ਜਵਾਨ ਇਸ ਥਾਂ ਜੂਝੇ ਸਨ। ਇਸ ਦੀ ਆ ਰਹੀ ਵਰ੍ਹੇਗੰਢ ਵਾਸਤੇ ਡਿਵੀਜ਼ਨ ਦੇ ਗੌਰਵਸ਼ਾਲੀ ਇਤਿਹਾਸ ਦੀ ਪੁਨਰ-ਸਿਰਜਣਾ ਕੀਤੀ ਜਾ ਰਹੀ ਸੀ।

ਰੈਜਮੈਂਟ ਦੇ ਕਮਾਂਡਰ ਬਾਊਰਜਨ ਮੋਮੀਸ਼-ਉਲੀ ਦੇ ਦਫਤਰ ਵਿਚ ਉਸ ਸ਼ਾਮ ਜਿਹੜੇ ਅਫਸਰ ਬੈਠੇ ਹੋਏ ਸਨ, ਉਹਨਾਂ ਵਿਚੋਂ ਬਹੁਤਿਆਂ ਨੂੰ ਨਕਸ਼ਾ ਮੂੰਹ-ਜ਼ਬਾਨੀ ਯਾਦ ਸੀ। ਇਸ ਦੇ ਇਕ ਸਿਰੇ ਉਤੇ ਵੋਲੋਕੋਲਾਮਸਕ ਸੀ ਅਤੇ ਦੂਜੇ ਸਿਰੇ ਉੱਤੇ ਮਾਸਕੋ।

ਇਕ ਜਣੇ ਨੇ ਮੇਜ਼ ਦੇ ਇਕ ਪਾਸੇ ਲਟਕਦਾ ਸਿਰਾ ਫੜਿਆ ਤੇ ਇਸ ਨੂੰ ਵੇਖਦਿਆਂ ਪੁੱਛਿਆ:

"ਇਹ ਆਖਰੀ ਪੱਤਰਾ ਪਾਟਾ ਹੋਇਆ ਕਿਉਂ ਹੈ? ਏਥੇ ਮਾਸਕੋ ਕਿਉਂ ਨਹੀਂ?"

ਸਾਰਿਆਂ ਨੇ ਨਕਸ਼ੇ ਵੱਲ ਵੇਖਿਆ। ਆਖਰੀ ਪੱਤਰਾ ਅਜੀਬ ਜਿਹਾ ਲੱਗ ਰਿਹਾ ਸੀ। ਸਿਰਾ ਬਿਲਕੁਲ ਸਾਫ ਸੀ, ਪਰ ਵਿਚਕਾਰੋਂ ਕਾਗਜ਼ ਪਾਟਾ ਹੋਇਆ ਸੀ ਜਿਥੇ ਲਫਜ਼ "ਕਰੀਊਕੋਵੋ" — ਸਟੇਸ਼ਨ ਅਤੇ ਪਿੰਡ — ਵੱਖ ਵੱਖ ਲਿਖਾਈਆਂ ਵਿਚ ਦੋ ਵਾਰ ਲਿਖਿਆ ਹੋਇਆ ਸੀ।

"ਇਸ ਪੱਤਰੇ ਦਾ ਆਪਣਾ ਇਕ ਇਤਿਹਾਸ ਹੈ," ਮੋਮੀਸ਼-ਉਲੀ ਨੇ ਆਖਿਆ। "ਕੀ ਤੁਹਾਨੂੰ ਨਹੀਂ ਪਤਾ ਇਸ ਦਾ?"

ਉਸ ਨੇ ਆਪਣੀਆਂ ਟੱਡੀਆਂ ਹੋਈਆਂ ਕਾਲੀਆਂ ਅੱਖਾਂ ਨਾਲ਼ ਸਾਰਿਆਂ ਵੱਲ ਸਵਾਲੀਆ ਨਜ਼ਰਾਂ ਨਾਲ਼ ਵੇਖਿਆ। ਆਖਰੀ ਪੱਤਰੇ ਦੀ ਕਹਾਣੀ ਕੋਈ ਨਹੀਂ ਸੀ ਜਾਣਦਾ

ਅਤੇ ਸਾਰੇ ਸੁਣਨ ਵਾਸਤੇ ਉਤਾਵਲੇ ਸਨ:

"ਸੁਣਾਓ !.."

"ਸੂਲੀਮਾ ਦਾ ਚੇਤਾ ਜੇ," ਮੋਮੀਸ਼-ਉਲੀ ਨੇ ਪੁੱਛਿਆ, "ਜਿਹੜਾ ਮੇਰਾ ਐਡਜੂਟੈਂਟ ਸੀ ? ਉਹਨੇ ਇਹ ਬੜੀ ਚੰਗੀ ਤਰ੍ਹਾਂ ਸੁਣਾਉਣੀ ਸੀ.. ਸਾਨੂੰ ਕਰੀਊਕੋਵੋ ਵੱਲ ਪਿੱਛੇ ਹੱਟਣ ਦਾ ਹੁਕਮ ਕਦੋਂ ਮਿਲਿਆ ਸੀ ?"

"ਉਨੱਤੀ ਨੂੰ।"

"ਹਾਂ, ਉਨੱਤੀ ਨਵੰਬਰ ਉਨੀ ਸੌ ਇਕਤਾਲੀ ਨੂੰ। ਉਸ ਦਿਨ ਸੂਲੀਮਾ ਨੇ ਮੈਨੂੰ ਇਕ ਲਫਾਫਾ ਲਿਆ ਕੇ ਫੜਾਇਆ: "ਪਿੱਛੇ ਹੱਟ ਜਾਓ, ਕਰੀਊਕੋਵੋ ਵਿਚ ਸੁਰੱਖਿਆ ਮੋਰਚੇ ਮੱਲ ਲਓ।" ਮੈਂ ਨਕਸ਼ਾ ਕੱਢਿਆ ਪਰ ਇਸ ਉੱਤੇ ਮੈਨੂੰ ਕਰੀਊਕੋਵੋ ਨਾ ਲੱਭਿਆ। ਫੇਰ ਮੈਂ ਅਗਲਾ ਹਿੱਸਾ ਲੱਭਿਆ ਤੇ ਉਸ ਨੂੰ ਖੋਹਲਿਆ... ਔਹ ਜਿਹੜਾ... ਤੇ ਓਥੇ, ਇਸ ਪੱਤਰੇ ਦੇ ਨਾਲ਼ ਹੀ ਨਕਸ਼ਾਕਸ਼ੀ ਦੇ ਚਿੰਨ੍ਹਾਂ ਵਿਚ ਇਕ ਵੱਡਾ ਸਾਰਾ ਬਿੰਦੂ ਸੀ-ਮਾਸਕੋ। ਲੋੜ ਇਹ ਸੀ ਕਿ ਮੈਂ ਰਸਤਾ ਤੈਅ ਕਰਾਂ ਤੇ ਹੁਕਮ ਦੇਵਾਂ, ਪਰ ਇਸ ਦੀ ਥਾਂ ਮੈਂ ਬੈਠਾ ਉਹਨਾਂ ਚਕੌਰਾਂ, ਚਰੱਖੜੀਆਂ ਤੇ ਲਾਈਨਾਂ ਵੱਲ ਝਾਕੀ ਜਾ ਰਿਹਾ ਸਾਂ ਅਤੇ ਮਾਸਕੋ ਦੀਆਂ ਕੋਣਵੀਆਂ ਤੇ ਗੋਲ ਸੜਕਾਂ ਦੀਆਂ ਸਾਫ ਪਛਾਣੀਆਂ ਜਾਂਦੀਆਂ ਰੇਖਾਵਾਂ ਵੱਲ ਵੇਖ ਰਿਹਾ ਸੀ।

ਸੂਲੀਮਾ ਨੇ ਹੌਲ਼ੀ ਜਿਹੀ ਆਖਿਆ:

"ਬਟਾਲੀਅਨਾਂ ਹੁਕਮ ਉਡੀਕ ਰਹੀਆਂ ਨੇ, ਕਾਮਰੇਡ ਕਮਾਂਡਰ।"

ਉਹ ਨੀਲੀਆਂ ਅੱਖਾਂ ਵਾਲ਼ਾ ਗੱਭਰੂ ਕੋਮਲਭਾਵੀ ਆਤਮਾ ਸੀ। ਮੈਂ ਨਜ਼ਰਾਂ ਉਹਦੇ ਵੱਲ ਫੇਰੀਆਂ ਤੇ ਵੇਖਿਆ ਕਿ ਉਹ ਮੇਰੇ ਦਿਲ ਦੀਆਂ ਭਾਵਨਾਵਾਂ ਨੂੰ ਸਮਝਦਾ ਸੀ। ਜਿਵੇਂ ਤੁਹਾਨੂੰ ਸਾਰਿਆਂ ਨੂੰ ਪਤਾ ਹੈ ਕਿ ਮੈਂ ਕਜ਼ਾਖ ਹਾਂ, ਸੂਲੀਮਾ ਯੂਕਰੇਨੀ ਸੀ। ਸਾਡੇ ਵਿਚੋਂ ਕੋਈ ਵੀ ਕਦੇ ਮਾਸਕੋ ਵਿਚ ਨਹੀਂ ਸੀ ਰਿਹਾ, ਪਰ ਜਦੋਂ ਅਸੀਂ ਮੇਜ਼ ਉੱਤੇ ਵਿਛਿਆ ਮਾਸਕੋ ਦਾ ਨਕਸ਼ਾ ਵੇਖਿਆ ਜਿਸ ਇਲਾਕੇ ਵਿਚ ਕਾਰਵਾਈ ਕਰਨੀ ਸੀ ਤਾਂ ਸਾਡਾ ਦਿਲ ਇਊਂ ਨਪੀੜਿਆ ਗਿਆ ਜਿਵੇਂ ਕਿਸੇ ਸ਼ਿਕੰਜੇ ਵਿਚ ਆ ਗਿਆ ਹੋਵੇ। ਮੈਂ ਆਪਣੀ ਬਾਂਹ ਨਾਲ਼ ਮਾਸਕੋ ਨੂੰ ਕੱਜ ਲਿਆ, ਰਸਤਾ ਤੈਅ ਕੀਤਾ ਅਤੇ ਜਵਾਨਾਂ ਨੂੰ ਇਕੱਠੇ ਕਰਨ ਲਈ ਆਖਿਆ। ਸੂਲੀਮਾ ਬਾਹਰ ਗਿਆ ਤਾਂ ਮੈਂ ਬਾਂਹ ਹਟਾ ਕੇ ਇਕ ਵਾਰੀ ਫੇਰ ਨਕਸ਼ਾ ਵੇਖਿਆ। ਮੈਂ ਪੈਮਾਨਾ ਫੜਿਆ ਤੇ ਫਾਸਲਾ ਮਿਣਿਆ। ਕਰੀਊਕੋਵੋ ਤੋਂ ਮਾਸਕੋ ਦੀਆਂ ਸਰਹੱਦਾਂ ਤੱਕ ਦਾ ਫਾਸਲਾ ਵੀਹ ਕਿਲੋਮੀਟਰ ਤੋਂ ਥੋੜ੍ਹਾ ਜਿਹਾ ਵੱਧ ਸੀ। ਤੁਸੀਂ, ਸਾਥੀਓ ! ਮਾੜੀ ਤੋਂ ਮਾੜੀ ਅਚਿੰਤੀ ਹਾਲਤ ਵਿਚ ਵੀ ਕਾਰਵਾਈ ਦੀ ਵਿਉਂਤ ਤਿਆਰ ਕਰਨ ਲਈ ਕਮਾਂਡਰ ਦੇ ਨੇਮ ਤੋਂ ਜਾਣੂ ਹੋ। ਵੀਹ ਜਾਂ ਤੀਹ ਕਿਲੋਮੀਟਰ ਫਾਸਲਾ ਕੀ ਹੁੰਦਾ ਏ ? ਇਕ ਝਟਕਾ ਤੇ ਲੜਾਈ ਸੜਕਾਂ ਗਲੀਆਂ ਵਿਚ ਪਹੁੰਚ ਗਈ। ਮੈਂ ਇਸ ਤਰ੍ਹਾਂ ਬੈਠਾ ਹੋਇਆ ਸਾਂ..."

ਮੋਮੀਸ਼-ਉਲੀ ਨੇ ਸਿਰ ਫੜ ਲਿਆ ਤੇ ਨਕਸ਼ੇ ਦੇ ਇਕ ਨੁਕਤੇ ਉੱਤੇ ਇਉਂ ਝਾਕਣ ਲੱਗਾ ਜਿਵੇਂ ਡੂੰਘੀ ਸੋਚ ਵਿਚ ਹੋਵੇ ਜਾਂ ਦੁਖੀ ਹੋਵੇ। ਉਸ ਦੇ ਖਿੰਡੇ ਹੋਏ ਕਾਲ਼ੇ ਵਾਲ਼ਾਂ ਉੱਤੇ ਲੈਂਪ ਦਾ ਚਾਨਣ ਪੈ ਰਿਹਾ ਸੀ।

ਕੋਈ ਵੀ ਹਿੱਲਿਆ-ਜੁੱਲਿਆ ਨਹੀਂ, ਕੋਈ ਖੰਘਿਆ ਤੱਕ ਨਹੀਂ, ਕਿਸੇ ਨੇ ਚੁੱਪ ਨਹੀਂ ਤੋੜੀ।

"ਮੈਂ ਇਸ ਤਰ੍ਹਾਂ ਬੈਠਾ ਹੋਇਆ ਸਾਂ," ਮੋਮੀਸ਼-ਉਲੀ ਨੇ ਤਣ ਕੇ ਬਹਿੰਦਿਆਂ ਫੇਰ ਗੱਲ ਸ਼ੁਰੂ ਕੀਤੀ। "ਮੈਂ ਇਸ ਤਰ੍ਹਾਂ ਬੈਠਾ ਸਾਂ ਤੇ ਨਕਸ਼ੇ ਦੇ ਅਗਲੇ ਹਿੱਸੇ ਵਿਚੋਂ ਨਿਕਲਦੇ ਵੱਡੇ ਸਾਰੇ ਕਾਲੇ ਅੱਧ-ਘੇਰੇ ਵੱਲ ਝਾਕ ਰਿਹਾ ਸਾਂ। ਮੇਰਾ ਯਕੀਨ ਹੈ ਕਿ ਤੁਸੀਂ ਸਾਰੇ ਸਮਝ ਗਏ ਹੋਵੋਗੇ ਕਿ ਮਾਸਕੋ ਵਿਚ ਦੁਸਮਣ ਦੀ ਕਲਪਨਾ ਕਰਕੇ ਮੈਂ ਕਿਵੇਂ ਮਹਿਸੂਸ ਕੀਤਾ ਸੀ... ਮੈਂ ਨਕਸ਼ੇ ਉੱਤੇ ਝਾਤ ਮਾਰ ਰਿਹਾ ਸਾਂ ਤੇ ਵੇਖ ਰਿਹਾ ਸਾਂ ਕਿ ਸੜਕਾਂ ਉੱਤੇ ਟਰਾਮਾਂ ਤੇ ਟਰਾਲੀਬੱਸਾਂ ਮੂਧੀਆਂ ਹੋਈਆਂ ਪਈਆਂ ਨੇ, ਤਾਰਾਂ ਦੇ ਖੰਬੇ ਲੁੜ੍ਹਕੇ ਹੋਏ ਨੇ, ਸੈਨਿਕਾਂ ਤੇ ਸ਼ਹਿਰੀਆਂ ਦੀਆਂ ਲਾਸ਼ਾਂ ਵਿਛੀਆਂ ਹੋਈਆਂ ਨੇ ਅਤੇ ਵਰਦੀ ਪਾ ਕੇ, ਚਿੱਟੇ ਦਸਤਾਨੇ ਚਾੜ੍ਹ ਕੇ, ਬੈਂਤ ਫੜੀ ਜਰਮਨ ਲੈਫਟੀਨੈਂਟ ਮਟਰਗਸ਼ਤੀ ਕਰ ਰਹੇ ਨੇ ਤੇ ਉਹਨਾਂ ਦੇ ਚਿਹਰਿਆਂ ਉੱਤੇ ਜੇਤੂਆਂ ਵਾਲ਼ੀ ਗੁਸਤਾਖ ਮੁਸਕ੍ਰਾਹਟ ਹੈ। ਮੈਨੂੰ ਉਹਨਾਂ ਜਰਮਨ ਕੈਦੀਆਂ ਦਾ ਚੇਤਾ ਆਇਆ ਜਿਹੜੇ ਬੁਜ਼ਦਿਲਾਂ ਵਾਲ਼ੀ ਘਿਣਾਉਣੀ ਮੁਸਕਾਨ ਨਾਲ਼ ਤੋੜੇ ਮਰੋੜੇ ਰੂਸੀ ਲਫਜ਼ ਬੋਲ ਰਹੇ ਸਨ "ਵੋਲਯਾਕਾਲਯਾਮਸਕ-ਮਾਸਕਾਊ।"

"ਇਹ ਟੋਲੀ ਸਾਡੇ ਉੱਤੇ ਫਤਿਹ ਨਹੀਂ ਪਾ ਸਕਦੀ, ਮੈਂ ਸੋਚਦਾ ਸਾਂ। ਮੈਂ ਨਕਸ਼ੇ ਉੱਤੇ ਨਜ਼ਰ ਗੱਡ ਕੇ ਵੇਖਿਆ ਅਤੇ ਵੱਧ ਤੋਂ ਵੱਧ ਮਾੜਾ ਜੋ ਵਾਪਰ ਸਕਦਾ ਸੀ ਉਸ ਬਾਰੇ ਸੋਚਣ ਲੱਗਾ ਅਤੇ ਕਰੀਊਕੋਵੋ ਤੇ ਮਾਸਕੋ ਦੇ ਵਿਚਕਾਰ ਕੋਈ ਐਸੀ ਥਾਂ ਲੱਭਣ ਲੱਗਾ ਜਿੱਥੇ ਅਸੀਂ ਪੱਕੀ ਤਰ੍ਹਾਂ ਪੈਰ ਜਮਾ ਸਕੀਏ। ਪਰ ਮੈਨੂੰ ਕੋਈ ਐਸੀ ਥਾਂ ਨਾ ਲੱਭੀ। ਕਰੀਊਕੋਵ ਹੀ ਸਾਡੀ ਆਖਰੀ ਸਰਹੱਦ ਸੀ।

"ਯਾਦ ਨਹੀਂ ਕਿ ਮੈਂ ਕਿੰਨਾ ਕੁ ਚਿਰ ਇਸ ਤਰ੍ਹਾਂ ਬੈਠਾ ਰਿਹਾ ਸਾਂ। ਸੂਲੀਮਾ ਵਾਪਸ ਆਇਆ ਤੇ ਉਸ ਨੇ ਰਿਪੋਰਟ ਕੀਤੀ ਕਿ ਯੂਨਿਟ ਕਤਾਰਬੰਦ ਹੋ ਗਈ ਹੈ। ਮੈਂ ਆਮ ਕਰਕੇ ਨਕਸ਼ਾ ਇਸ ਤਰ੍ਹਾਂ ਵਲ੍ਹੇਟਦਾ ਹੁੰਦਾ ਸਾਂ-ਪੂਰਬ ਤੋਂ ਪੱਛਮ ਵੱਲ-ਤਾਂ ਜੋ ਮੈਂ ਜਦੋਂ ਇਸ ਨੂੰ ਖੋਹਲਾਂ ਤਾਂ ਵੋਲੋਕੋਲਾਮਸਕ ਤੇ ਲੈਨਿਨਗ੍ਰਾਦ ਵੱਡੀਆਂ ਸੜਕਾਂ ਮੇਰੇ ਸਾਮ੍ਹਣੇ ਹੋਣ। ਇਸ ਵਾਰੀ ਮੈਂ ਨਕਸ਼ਾ ਦੂਜੀ ਤਰ੍ਹਾਂ ਵਲ੍ਹੇਟਿਆ। ਜਿੱਥੇ ਕਰੀਊਕੋਵੋ ਦੀ ਰੇਖਾ ਖ਼ਤਮ ਹੁੰਦੀ ਸੀ, ਓਥੇ ਮੈਂ ਆਪਣੀ ਉਂਗਲ ਦਬਾ ਕੇ ਫੇਰੀ ਤਾਂ ਜੋ ਇਹ ਮੁੜਕੇ ਓਥੋਂ ਨਾ ਖੁੱਲ੍ਹੇ। ਨਹੁੰ ਅੜ ਗਿਆ ਤੇ ਮੈਂ ਵਿਚੋਂ ਕਾਗਜ਼ ਪਾੜ ਦਿੱਤਾ।

"ਮੇਰੇ ਮੇਜ਼ ਉੱਤੇ ਤਰ੍ਹਾਂ-ਤਰ੍ਹਾਂ ਦੇ ਕਾਗਜ਼ ਪਏ ਹੋਏ ਸਨ। ਮੈਂ ਉੱਠ ਕੇ ਉਹਨਾਂ ਉੱਤੇ ਨਜ਼ਰ ਮਾਰੀ, ਕੁਝ ਕਾਗਜ਼ ਆਪਣੇ ਬੈਗ ਵਿਚ ਪਾ ਲਏ ਤੇ ਬਾਕੀ ਸੂਲੀਮਾ ਨੂੰ ਫੜਾ ਦਿੱਤੇ। ਆਖਰੀ ਚੀਜ਼ ਜਿਹੜੀ ਮੈਂ ਚੁੱਕੀ ਉਹ ਨਕਸ਼ਾ ਸੀ। ਤੇ ਮੈਂ ਜ਼ਰੂਰ ਕੁਢੱਬੇ ਤਰੀਕੇ ਨਾਲ਼ ਚੁੱਕਿਆ ਹੋਵੇਗਾ ਕਿਉਂਕਿ ਇਹ ਅਚਾਨਕ ਖੁੱਲ੍ਹ ਗਿਆ ਤੇ ਉਹ ਵੱਡਾ ਸਾਰਾ ਕਾਲਾ ਅੱਧ-ਘੇਰਾ ਮੇਰੀਆਂ ਨਜ਼ਰਾਂ ਸਾਮ੍ਹਣੇ ਸੀ ਜਿਸ ਨੂੰ ਮੈਂ ਵੇਖਣਾ ਨਹੀਂ ਚਾਹੁੰਦਾ ਸਾਂ। ਮੈਂ ਸੂਲੀਮਾ ਨੂੰ ਆਖਿਆ:

"ਮੈਨੂੰ ਚਾਕੂ ਫੜਾਇਓ।"

"ਸੂਲੀਮਾ ਨੇ ਮੈਨੂੰ ਚਾਕੂ ਫੜਾ ਦਿੱਤਾ ਤੇ ਮੈਂ ਇਕ ਵਾਰੀ ਫੇਰ ਬਹਿ ਗਿਆ ਤੇ ਬੜੀ

ਸਫਾਈ ਨਾਲ਼ ਕੰਨੀ ਨੂੰ ਕੱਟ ਦਿੱਤਾ ਜਿਵੇਂ ਕਿਤਾਬ ਨੂੰ ਕੱਟਿਆ ਜਾਂਦਾ ਹੈ ਅਤੇ ਕਰੀਊਕੋਵੋ ਦੇ ਪੂਰਬ ਵੱਲ ਜੋ ਵੀ ਸੀ ਸਭ ਕੁਝ ਕੱਟ ਦਿੱਤਾ ?

"ਸਾੜ ਦਿਓ।" ਕਾਗਜ਼ ਦਾ ਟੁਕੜਾ ਸੂਲੀਮਾ ਨੂੰ ਫੜਾ ਕੇ ਮੈਂ ਆਖਿਆ।

"ਸਾੜ ਦੇਵਾਂ ?" ਉਸ ਨੇ ਸ਼ੱਕੀ ਅੰਦਾਜ਼ ਨਾਲ ਪੁੱਛਿਆ।

"ਹਾਂ, ਸਾੜ ਦਿਓ।" ਮੈਂ ਫੇਰ ਆਖਿਆ।

"ਉਸ ਨੇ ਡੌਰ-ਭੌਰ ਹੋ ਕੇ ਇਕ ਪਲ ਮੇਰੇ ਵੱਲ ਵੇਖਿਆ ਤੇ ਫੇਰ ਉਸ ਦੀਆਂ ਖ਼ੂਬਸੂਰਤ ਨੀਲੀਆਂ ਅੱਖਾਂ ਵਿਚੋਂ ਦ੍ਰਿੜ੍ਹਤਾ ਝਲਕੀ। ਉਸ ਨੇ ਮੇਰੀ ਗੱਲ ਸਮਝ ਲਈ ਸੀ। ਨਕਸ਼ਾ ਕਾਹਦੇ ਵਾਸਤੇ ਚਾਹੀਦਾ ਸੀ ? ਦਿਸ਼ਾ ਨਿਸ਼ਚਿਤ ਕਰਨ ਲਈ। ਅਤੇ ਸੂਲੀਮਾ ਨੇ ਸਮਝ ਲਿਆ ਸੀ ਕਿ ਕਰੀਊਕੋਵੋ ਦੇ ਪਿੱਛੇ ਜੋ ਵੀ ਸੜਕਾਂ, ਨਦੀਆਂ, ਨਾਲੇ, ਪਿੰਡ ਜਾਂ ਹੋਰ ਜੋ ਕੁਝ ਵੀ ਹੈ ਉਹਨਾਂ ਵਿਚ ਸਾਨੂੰ ਆਪਣਾ ਰਾਹ ਲੱਭਣ ਦੀ ਲੋੜ ਨਹੀਂ ਹੋਵੇਗੀ। ਉਹ ਸਮਝ ਗਿਆ ਕਿ ਅਸੀਂ ਜਾਂ ਤਾਂ ਜਰਮਨਾਂ ਦੇ ਛੱਕੇ ਛੁਡਾ ਕੇ ਭਜਾ ਦੇਵਾਂਗੇ ਜਾਂ ਕਰੀਊਕੋਵੋ ਵਿਚ ਹੀ ਜਾਨਾਂ ਵਾਰ ਦਿਆਂਗੇ।

"ਸੂਲੀਮਾ ਨੇ ਕਾਗਜ਼ ਦੇ ਟੁਕੜੇ ਨੂੰ ਤੀਲੀ ਲਾ ਦਿੱਤੀ ਅਤੇ ਸਾਡੇ ਵੇਖਦਿਆਂ-ਵੇਖਦਿਆਂ ਉਹ ਕਾਲੀ ਸਵਾਹ ਬਣ ਗਿਆ ਅਤੇ ਮਾਸਕੋ ਨੂੰ ਜਾਂਦੀ ਹਰ ਸੜਕ ਜਾਂ ਪਗਡੰਡੀ ਦਾ ਨਾਂ-ਨਿਸ਼ਾਨ ਮਿਟ ਗਿਆ... ਤੇ ਫੇਰ... ਤੁਸੀਂ ਸਾਰੇ ਹੀ, ਦੋਸਤੋ, ਜਾਣਦੇ ਹੋ ਕਿ ਫੇਰ ਕੀ ਹੋਇਆ।"

ਮੋਮੀਸ਼-ਉਲੀ ਚੁੱਪ ਹੋ ਗਿਆ।

ਛੋਟੀ ਜਿਹੀ ਲੈਂਪ ਵਿਛੇ ਹੋਏ ਨਕਸ਼ੇ ਉੱਤੇ ਚਾਨਣ ਸੁੱਟ ਰਹੀ ਸੀ। ਕਿਸੇ ਨੇ ਮੇਜ਼ ਦੇ ਸਿਰੇ ਵੱਲ ਲਟਕਦੀ ਕੰਨੀ ਫੜੀ ਹੋਈ ਸੀ। ਹਾਂ, ਉਹ ਸਾਰੇ ਜਾਣਦੇ ਸਨ ਕਿ ਜਰਮਨ ਕਰੀਊਕੋਵੋ ਤੋਂ ਇਕ ਕਦਮ ਵੀ ਅੱਗੇ ਨਹੀਂ ਸੀ ਜਾ ਸਕੇ। ਕਰੀਊਕੋਵੋ ਵਿਚ ਤੇ ਹੋਰ ਉਹਨਾਂ ਥਾਵਾਂ 'ਤੇ ਜਿਸ ਨੂੰ ਪੱਛਮੀ ਮਹਾਜ਼ ਆਖਿਆ ਜਾਂਦਾ ਸੀ ਜੋ ਕੁਝ ਹੋਇਆ ਉਸ ਬਾਰੇ ਬਦੇਸ਼ੀ ਅਖ਼ਬਾਰਾਂ ਨੇ ਲਿਖਿਆ: "ਮਾਸਕੋ ਦੇ ਨੇੜੇ ਚਮਤਕਾਰ।"

•••

ਪਿਓਤਰ ਲਿਦੋਵ

27 ਜਨਵਰੀ 1942 ਦੇ "ਪ੍ਰਾਵਦਾ" ਵਿਚ ਪੱਤਰਕਾਰ ਪ. ਲਿਦੋਵ (1906–1944) ਦਾ ਲੇਖ "ਤਾਨਿਯਾ" ਛਪਿਆ ਸੀ ਜਿਸ ਵਿਚ ਫਾਸਿਸਟਾਂ ਵਲੋਂ ਫਾਹੇ ਲਾਈ ਗਈ ਮਾਸਕੋ ਕੋਮਸੋਮੋਲ ਦੀ ਇਕ ਮੈਂਬਰ ਜ਼ੋਇਆ ਕੋਸਮੋਦੇਮੀਆਨਸਕਾਯਾ ਦੀ ਬਹਾਦਰੀ ਬਾਰੇ ਲਿਖਿਆ ਹੋਇਆ ਸੀ। ਇਸ ਲੇਖ ਦੇ ਪਾਠਕਾਂ ਦੀ ਆਤਮਾ ਝੰਜੋੜੀ ਗਈ। ਓਦੋਂ ਹੀ ਇਸ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਜਿਹੜਾ ਦੁਨੀਆਂ ਭਰ ਵਿਚ ਪ੍ਰਸਿੱਧ ਹੋ ਗਿਆ।

ਲੇਖ ਦੇ ਕਰਤਾ, ਅਖਬਾਰ "ਪ੍ਰਾਵਦਾ" ਦੇ ਫੌਜੀ ਪੱਤਰਪ੍ਰੇਰਕ ਨੇ ਆਪਣੀਆਂ ਖਾੜਕੂ ਸਰਗਰਮੀਆਂ ਜਾਰੀ ਰੱਖੀਆਂ। ਕੇਂਦਰੀ ਅਖਬਾਰਾਂ ਵਿਚ ਉਹਦੇ ਲੇਖ, ਮਰਾਸਲੇ ਤੇ ਕਹਾਣੀਆਂ ਲਗਾਤਾਰ ਛਾਪੀਆਂ ਜਾਂਦੀਆਂ ਸਨ।

ਪ. ਲਿਦੋਵ 1944 ਵਿਚ ਯੂਕਰੇਨ ਵਿਚ ਪੋਲਤਾਵਾ ਲਾਗੇ ਹੋਈ ਲੜਾਈ ਸਮੇਂ ਮਾਰਿਆ ਗਿਆ ਸੀ। ਓਦੋਂ ਉਹ ਫਾਸ਼ਿਸਟ ਹਵਾਈ ਜਹਾਜ਼ਾਂ ਉੱਤੇ ਹਵਾਮਾਰ ਤੋਪ ਵਿਚੋਂ ਗੋਲ਼ੇ ਵਰ੍ਹਾ ਰਿਹਾ ਸੀ ਤਾਂ ਜੋ ਪੋਲਤਾਵਾ ਹਵਾਈ ਅੱਡੇ ਉੱਤੇ ਉੱਤਰੇ ਹੋਏ ਅਮਰੀਕੀ ਤੇ ਬਰਤਾਨਵੀ ਹਵਾਈ ਜਹਾਜ਼ਾਂ ਨੂੰ ਓਟ ਦਿੱਤੀ ਜਾ ਸਕੇ।

ਤਾਨਿਯਾ

ਦਸੰਬਰ 1941 ਦੇ ਸ਼ੁਰੂ ਵਿਚ ਜਰਮਨਾਂ ਨੇ ਵੇਰੇਯਾ ਦੇ ਨੇੜੇ ਪੇਤਰਿਸ਼ਚੇਵੋ ਪਿੰਡ ਵਿਚ ਮਾਸਕੋ ਦੀ ਇਕ ਅਠਾਰਾਂ ਵਰ੍ਹਿਆਂ ਦੀ ਕੋਮਸੋਮੋਲ ਕੁੜੀ ਨੂੰ, ਜਿਸ ਨੇ ਆਪਣਾ ਨਾਂ ਤਾਨਿਯਾ ਦੱਸਿਆ ਸੀ, ਫਾਹੇ ਲਾਇਆ।

ਮਾਸਕੋ ਵਾਸਤੇ ਉਹ ਬੜੇ ਭਿਆਨਕ ਖਤਰੇ ਵਾਲੇ ਦਿਨ ਸਨ। ਗੋਲਿਤਸੀਨੋ ਤੇ ਸਖੋਦਨਿਆ ਦੇ ਪਿੰਡਾਂ ਦੇ ਨੇੜੇ, ਜਿੱਥੇ ਬਹੁਤ ਮਾਸਕੋਵਾਸੀਆਂ ਦੇ ਡਾਚੇ ਸਨ, ਸਖ਼ਤ ਲੜਾਈ ਹੋ ਰਹੀ ਸੀ। ਓਧਰ ਮਾਸਕੋ ਵਿਚੋਂ ਬਹਾਦਰ ਰਜ਼ਾਕਾਰ ਚੁਣੇ ਗਏ ਸਨ ਅਤੇ ਉਹਨਾਂ ਨੂੰ ਦੁਸ਼ਮਣ ਦੇ ਪਿਛਵਾੜੇ ਲੜਦੇ ਛਾਪੇਮਾਰ ਦਸਤਿਆਂ ਦੀ ਮਦਦ ਕਰਨ ਲਈ ਮਹਾਜ਼ ਦੇ ਪਾਰ ਭੇਜਿਆ ਗਿਆ ਸੀ।

ਛੇਤੀ ਹੀ ਮਗਰੋਂ ਪੇਤਰਿਸ਼ਚੇਵੋ ਵਿਚ ਕਿਸੇ ਨੇ ਜਰਮਨਾਂ ਦੇ ਰਣ-ਖੇਤਰੀ ਟੈਲੀਫੋਨ ਦੀਆਂ ਸਾਰੀਆਂ ਤਾਰਾਂ ਕੱਟ ਦਿੱਤੀਆਂ ਅਤੇ ਜਰਮਨ ਅਸਤਬਲ ਨੂੰ ਅੱਗ ਲਾ ਦਿੱਤੀ ਜਿਸ ਵਿਚ ਸਤਾਰਾਂ ਘੋੜੇ ਸਨ। ਅਗਲੇ ਦਿਨ ਛਾਪਾਮਾਰ ਨੂੰ ਫੜ ਲਿਆ ਗਿਆ।

ਪੇਤਰਿਸ਼ਚੇਵੋ ਦੇ ਫੌਜੀਆਂ ਨੇ ਸਾਂਝੇ ਖੇਤਾਂ ਦੇ ਕਿਸਾਨਾਂ ਨੂੰ ਦੱਸਿਆ ਸੀ ਕਿ ਛਾਪਾਮਾਰ ਨੂੰ ਕਿਨ੍ਹਾਂ ਹਾਲਤਾਂ ਵਿਚ ਫੜਿਆ ਗਿਆ ਸੀ। ਉਸ ਨੇ ਫਰ ਦੀ ਟੋਪੀ, ਫਰ ਦੀ ਮਗਜ਼ੀ ਵਾਲੀ ਜੈਕਟ, ਰੂੰਦਾਰ ਪਤਲੂਣ ਤੇ ਨਮਦੇ ਦੇ ਬੂਟ ਪਏ ਹੋਏ ਸਨ। ਮੋਢੇ ਉਤੇ ਥੈਲਾ ਲਟਕਾਇਆ ਹੋਇਆ ਸੀ, ਤੇ ਉਹ ਅਹਿਮ ਫੌਜੀ ਟਿਕਾਣੇ ਵੱਲ ਗਿਆ ਸੀ। ਉਹਨੇ ਆਪਣਾ ਪਿਸਤੌਲ ਆਪਣੇ ਕੋਟ ਦੇ ਅੰਦਰ ਤੁੰਨ ਲਿਆ, ਆਪਣੇ ਥੈਲੇ ਵਿਚੋਂ ਪੈਟਰੋਲ ਦੀ ਇਕ ਬੋਤਲ ਕੱਢੀ ਤੇ ਇਸ ਨੂੰ ਦੀਵਾਰ ਉੱਤੇ ਡੋਲ੍ਹਿਆ ਤੇ ਇਸ ਨੂੰ ਤੀਲੀ ਲਾਉਣ ਹੀ ਵਾਲ਼ਾ ਸੀ ਕਿ ਜਰਮਨ ਸੰਤਰੀ ਉਹਦੇ ਪਿਛਿਓਂ ਆ ਟੱਪਕਿਆ ਤੇ ਉਸ ਨੂੰ ਜੱਫਾ ਮਾਰ ਲਿਆ।

ਛਾਪਾਮਾਰ ਨੇ ਜਰਮਨ ਨੂੰ ਧੱਕਾ ਮਾਰ ਤੇ ਪਰੇ ਕੀਤਾ ਅਤੇ ਆਪਣਾ ਪਿਸਤੌਲ ਕੱਢਿਆ, ਪਰ ਉਸ ਨੂੰ ਗੋਲ਼ੀ ਚਲਾਉਣ ਦਾ ਮੌਕਾ ਨਾ ਮਿਲ ਸਕਿਆ। ਸੰਤਰੀ ਨੇ ਝਪਟ ਕੇ ਪਿਸਤੌਲ ਉਹਦੇ ਹੱਥੋਂ ਖੋਹ ਲਿਆ ਤੇ ਰੌਲਾ ਪਾ ਦਿੱਤਾ।

ਛਾਪਾਮਾਰ ਨੂੰ ਉਸ ਝੁੱਗੀ ਵਿਚ ਲਿਆਂਦਾ ਗਿਆ ਜਿਸ ਵਿਚ ਅਫਸਰਾਂ ਨੇ ਟਿਕਾਣਾ ਕੀਤਾ ਹੋਇਆ ਸੀ। ਏਥੇ ਆ ਕੇ ਜਰਮਨਾਂ ਨੇ ਵੇਖਿਆ ਕਿ ਉਹ ਤਾਂ ਕੁੜੀ ਸੀ, ਭਰ ਜੋਬਨ ਮੁਟਿਆਰ, ਲੰਮੀ, ਪਤਲੀ, ਮੋਟੀਆਂ-ਮੋਟੀਆਂ ਕਾਲ਼ੀਆਂ ਅੱਖਾਂ ਤੇ ਕੱਟ ਕੇ ਛੋਟੇ-ਛੋਟੇ ਕੀਤੇ ਹੋਏ ਕਾਲ਼ੇ ਵਾਲ਼।

ਝੁੱਗੀ ਦੇ ਮਾਲਕਾਂ ਨੂੰ ਰਸੋਈ ਵਿਚ ਚਲੇ ਜਾਣ ਦਾ ਹੁਕਮ ਦੇ ਦਿੱਤਾ ਗਿਆ, ਪਰ ਉਹਨਾਂ ਨੂੰ ਸਭ ਕੁਝ ਸੁਣ ਰਿਹਾ ਸੀ, ਕਿਵੇਂ ਅਫਸਰ ਉਸ ਨੂੰ ਸਵਾਲ ਪੁੱਛਦੇ ਸਨ ਤੇ ਕਿਵੇਂ ਉਹ ਫੁਰਤੀ ਨਾਲ਼, ਬੇਝਿਜਕ ਹੋ ਕੇ ਜਵਾਬ ਦੇ ਰਹੀ ਸੀ "ਨਹੀਂ," "ਮੈਨੂੰ ਨਹੀਂ ਪਤਾ," "ਮੈਂ ਨਹੀਂ ਦੱਸਦੀ," "ਨਹੀਂ।" ਤੇ ਫੇਰ ਕਿਵੇਂ ਚਮੜੇ ਦੇ ਪੇਟੀ ਸ਼ੂਕਦੀ ਸੁਣੀ ਸੀ, ਕਿਵੇਂ ਉਹਨਾਂ ਨੇ ਉਸ ਨੂੰ ਚਾਬਕਾਂ ਮਾਰੀਆਂ ਸਨ। ਕੁਝ ਇਕ ਮਿੰਟਾਂ ਬਾਦ ਇਕ ਨੌਜਵਾਨ ਅਫਸਰ ਕਮਰੇ ਵਿਚੋਂ ਬਾਹਰ ਆ ਗਿਆ ਸੀ ਤੇ ਆਪਣੀਆਂ ਅੱਖਾਂ ਬੰਦ ਕਰ ਕੇ ਤੇ ਆਪਣੇ ਕੰਨਾਂ ਉੱਤੇ ਹੱਥ ਰੱਖ ਕੇ ਓਨਾ ਚਿਰ ਰਸੋਈ ਵਿਚ ਬੈਠਾ ਰਿਹਾ ਸੀ ਜਿੰਨਾ ਚਿਰ ਇਹ ਪੁੱਛ-ਪੜਤਾਲ ਮੁੱਕ ਨਹੀਂ ਸੀ ਗਈ।

ਝੁੱਗੀ ਦੇ ਮਾਲਕਾਂ ਨੇ ਗਿਣਿਆ ਕਿ ਕੁੜੀ ਨੂੰ ਦੋ ਸੌ ਛਾਂਟੇ ਮਾਰੇ ਗਏ ਸਨ ਪਰ ਉਹਨੇ ਇਕ ਲਫਜ਼ ਵੀ ਮੂੰਹੋਂ ਨਹੀਂ ਸੀ ਕੱਢਿਆ। ਉਸ ਤੋਂ ਮਗਰੋਂ ਉਹਨੇ ਫੇਰ ਉਹੋ ਜਵਾਬ ਦਿੱਤਾ ਸੀ "ਨਹੀਂ," "ਮੈਂ ਨਹੀਂ ਦੱਸਦੀ," ਸਿਰਫ਼ ਉਸ ਦੀ ਆਵਾਜ਼ ਹੀ ਪਹਿਲਾਂ ਨਾਲ਼ੋਂ ਕੁਝ ਢਿੱਲੀ ਸੀ।

ਪੁੱਛ-ਪੜਤਾਲ ਤੋਂ ਮਗਰੋਂ, ਉਹ ਤਾਤਿਯਾਨਾ ਨੂੰ ਵਾਸਿਲੀ ਅਲੇਕਸਾਂਦਰੋਵਿਚ ਕੁਲੀਕ ਦੀ ਝੁੱਗੀ ਵਿਚ ਲੈ ਗਏ। ਹੁਣ ਨਾ ਉਸ ਦੇ ਪੈਰੀ ਨਮਦੇ ਦੇ ਬੂਟ ਸਨ, ਨਾ ਸਿਰ ਉੱਤੇ ਫਰ ਦੀ ਟੋਪੀ ਤੇ ਨਾ ਸਰੀਰ ਉੱਤੇ ਗਰਮ ਕੱਪੜੇ। ਉਸ ਨੇ ਸਿਰਫ ਸਮੀਜ਼ ਤੇ ਕੱਛਾ ਹੀ ਪਾਇਆ ਹੋਇਆ ਸੀ ਤੇ ਨੰਗੇ ਪੈਰੀਂ ਬਰਫ਼ ਉੱਤੇ ਤੁਰ ਰਹੀ ਸੀ।

ਜਦੋਂ ਉਹ ਮਕਾਨ ਵਿਚ ਦਾਖਲ ਹੋਈ ਤਾਂ ਕੁਲੀਕ ਤੇ ਉਹਦੀ ਬੀਵੀ ਨੇ ਲੈਂਪ ਦੇ ਚਾਨਣ ਵਿਚ ਵੇਖਿਆ ਕਿ ਉਹਦੇ ਮੱਥੇ ਉਤੇ ਇਕ ਵੱਡਾ ਸਾਰਾ ਨੀਲ਼ ਪਿਆ ਹੋਇਆ ਸੀ ਤੇ ਉਹਦੀਆਂ ਲੱਤਾਂ ਬਾਹਵਾਂ ਉੱਤੇ ਲਾਸਾਂ ਪਈਆਂ ਹੋਈਆਂ ਸਨ। ਕੁੜੀ ਦੇ ਹੱਥ ਉਹਦੇ ਪਿਛਲੇ ਪਾਸੇ ਬੰਨ੍ਹੇ ਹੋਏ ਸਨ। ਉਹਦੇ ਬੁੱਲ੍ਹ ਸੁੱਜੇ ਹੋਏ ਸਨ ਤੇ ਉਹਨਾਂ ਵਿਚੋਂ ਲਹੂ ਵਗ ਰਿਹਾ ਸੀ। ਲਾਜ਼ਮੀ ਹੀ, ਜਦੋਂ ਉਹਨੂੰ ਕੁੱਟਿਆ ਮਾਰਿਆ ਜਾ ਰਿਹਾ ਸੀ ਓਹਨੇ ਆਪਣੇ ਬੁੱਲ੍ਹ ਟੁੱਕ ਲਏ ਸਨ।

ਉਹ ਇਕ ਬੈਂਚ ਉੱਤੇ ਬਹਿ ਗਈ। ਜਰਮਨ ਸੰਤਰੀ ਦਰਵਾਜ਼ੇ ਅੱਗੇ ਖੜਾ ਹੋ ਗਿਆ। ਉਹਦੇ ਨਾਲ਼ ਇਕ ਹੋਰ ਫੌਜੀ ਵੀ ਸੀ। ਤੰਦੂਰ ਦੇ ਵਾਧੇ ਉੱਤੇ ਲੰਮਾ ਪਿਆ, ਵਾਸਿਲੀ ਤੇ ਪਰਾਸਕੋਵਯਾ ਕੁਲੀਕ ਨੇ ਕੈਦਣ ਵੱਲ ਵੇਖਿਆ। ਉਹ ਚੁੱਪ ਕਰ ਕੇ ਅਹਿਲ ਬੈਠੀ ਹੋਈ ਸੀ ਤੇ ਫੇਰ ਉਸ ਨੇ ਪੀਣ ਵਾਸਤੇ ਪਾਣੀ ਮੰਗਿਆ। ਵਾਸਿਲੀ ਕੁਲੀਕ ਤੰਦੂਰ ਦੇ ਵਾਧੇ ਤੋਂ ਹੇਠਾਂ ਆਇਆ ਤੇ ਪੀਣ ਵਾਲ਼ੇ ਪੀਪੇ ਵੱਲ ਵਧਿਆ ਪਰ ਸੰਤਰੀ ਨੇ ਉਹਨੂੰ ਧੱਕਾ ਦੇ ਕੇ ਪਰੇ ਕਰ ਦਿੱਤਾ।

"ਡੰਡੇ ਖਾਣੇ ਚਾਹੁੰਦਾ ਏ ?" ਉਸ ਨੇ ਕੁੱਦ ਕੇ ਆਖਿਆ।

ਝੁੱਗੀ ਵਿਚ ਰਹਿੰਦੇ ਫੌਜੀਆਂ ਨੇ ਕੁੜੀ ਦੁਆਲੇ ਘੇਰਾ ਪਾ ਲਿਆ ਤੇ ਉਹਦੇ ਨਾਲ਼ ਬੇਤਰਸ ਹਾਸਾ-ਮਜ਼ਾਕ ਕਰਨ ਲੱਗੇ। ਕੋਈ ਉਸ ਨੂੰ ਮੁੱਕੀਆਂ ਮਾਰਦਾ, ਕੋਈ ਡੱਬੀ ਦੀ ਤੀਲੀ ਬਾਲ ਕੇ ਉਹਦੀ ਠੋਡੀ ਹੇਠਾਂ ਕਰਦਾ ਤੇ ਇਕ ਨੇ ਤਾਂ ਉਹਦੇ ਲੱਕ ਉੱਤੇ ਆਰੀ ਫੇਰ ਦਿੱਤੀ।

ਜਦੋਂ ਉਹਨਾਂ ਦਾ ਮਨ ਭਰ ਗਿਆ ਤਾਂ ਉਹ ਸੌਂ ਗਏ। ਸੰਤਰੀ ਨੇ ਉਹਦੇ ਵੱਲ ਰਫਲ ਕੀਤੀ ਤੇ ਉਸ ਨੂੰ ਘਰੋਂ ਬਾਹਰ ਨਿਕਲਣ ਦਾ ਹੁਕਮ ਦਿੱਤਾ। ਗਲੀ ਵਿਚ ਉਹਦੇ ਮਗਰ-ਮਗਰ ਉਹ

ਆਪ ਤੁਰ ਪਿਆ। ਆਪਣੀ ਸੰਗੀਨ ਦੀ ਨੋਕ ਉਸ ਨੇ ਤਕਰੀਬਨ ਕੁੜੀ ਦੀ ਪਿੱਠ ਨਾਲ਼ ਲਾਈ ਹੋਈ ਸੀ। ਗਲੀ ਦੇ ਸਿਰੇ ਉੱਤੇ ਪੁੱਜ ਕੇ ਉਸ ਨੇ ਉਹਨੂੰ ਵਾਪਸ ਮੁੜਨ ਦਾ ਹੁਕਮ ਦਿੱਤਾ। ਉਹ ਕੁੜੀ ਨੂੰ ਅੰਦਰਲੇ ਕੱਪੜਿਆਂ ਵਿਚ ਅਤੇ ਨੰਗੇ ਪੈਰੀਂ ਗਲੀ ਦੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਓਦੋਂ ਤੱਕ ਤੁਰਾਉਂਦਾ ਰਿਹਾ ਜਦੋਂ ਤੱਕ ਉਹਦੇ ਆਪਣੇ ਹੱਥ ਪੈਰ ਸੁੰਨ ਨਹੀਂ ਹੋ ਗਏ। ਇਸ ਤੋਂ ਬਾਦ ਹੀ ਉਹ ਇਸ ਨਤੀਜੇ ਉੱਤੇ ਅੱਪੜਿਆ ਕਿ ਹੁਣ ਅੰਦਰ ਚੱਲਣਾ ਚਾਹੀਦਾ ਹੈ।

ਇਸ ਸੰਤਰੀ ਰਾਤ ਦੇ ਦਸ ਵਜੇ ਤੋਂ ਰਾਤ ਦੇ ਦੋ ਵਜੇ ਤੱਕ ਕੁੜੀ ਦਾ ਧਿਆਨ ਰੱਖਿਆ ਸੀ ਅਤੇ ਉਹ ਘੰਟੇ ਕੁ ਮਗਰੋਂ ਪੰਦਰਾਂ ਜਾਂ ਵੀਹ ਮਿੰਟ ਲਈ ਉਹਨੂੰ ਬਾਹਰ ਪਾਲ਼ੇ ਵਿਚ ਲੈ ਜਾਂਦਾ ਰਿਹਾ ਸੀ। ਅਖੀਰ ਉਹਦੀ ਥਾਂ ਦੂਜਾ ਸੰਤਰੀ ਆਇਆ ਤੇ ਉਸ ਨੇ ਕੁੜੀ ਨੂੰ ਬੈਂਚ ਉੱਤੇ ਲੰਮੀ ਪੈ ਜਾਣ ਦਿੱਤਾ।

ਪਰਾਸਕੋਵਯਾ ਕੁਲੀਕ ਚੋਰਾਂ ਵਾਂਗ ਮਲਕੜੇ ਜਿਹੇ ਕੁੜੀ ਦੇ ਕੋਲ਼ ਆਈ ਤੇ ਗੱਲ ਕਰਨ ਲੱਗੀ।

"ਤੇਰਾ ਨਾਂ ਕੀ ਏ ?" ਉਹਨੇ ਪੁੱਛਿਆ।

"ਤੁਹਾਡਾ ਕੀ ਮਤਲਬ ?"

"ਕਿਹੜੀ ਥਾਂ ਤੋਂ ਏ ?"

"ਮੈਂ ਮਾਸਕੋ ਤੋਂ ਆਂ।"

"ਮਾਂ ਪਿਓ ਹੈ ?"

ਕੁੜੀ ਨੇ ਕੋਈ ਜਵਾਬ ਨਹੀਂ ਦਿੱਤਾ। ਉਹ ਹਿੱਲੇ-ਜੁਲੇ ਜਾਂ ਬੋਲੇ ਬਗੈਰ ਸਵੇਰ ਤੱਕ ਬੈਂਚ ਉੱਤੇ ਪਈ ਰਹੀ। ਇਕ ਵਾਰੀ ਵੀ ਉਹਦੇ ਮੂੰਹੋਂ ਹਾਏ ਨਹੀਂ ਨਿਕਲੀ ਭਾਵੇਂ ਉਹਦੇ ਪੈਰ ਠੰਡੇ ਬਰਫ ਸਨ ਤੇ ਉਹਦੇ ਸਰੀਰ ਵਿਚੋਂ ਤਰਾਟਾਂ ਉੱਠਦੀਆਂ ਸਨ।

ਕੋਈ ਨਹੀਂ ਸੀ ਜਾਣਦਾ ਕਿ ਉਹ ਇਸ ਰਾਤ ਸੁੱਤੀ ਸੀ ਜਾਂ ਨਹੀਂ ਅਤੇ ਦੁਸ਼ਮਣਾਂ ਵਿਚ ਘਿਰੀ ਹੋਈ ਉਹ ਕੀ ਸੋਚਦੀ ਰਹੀ ਸੀ।

ਸਵੇਰ ਹੋਈ ਤਾਂ ਫੌਜੀਆਂ ਨੇ ਪਿੰਡ ਦੇ ਵਿਚਕਾਰ ਫਾਂਸੀ ਗੱਡਣੀ ਸ਼ੁਰੂ ਕਰ ਦਿੱਤੀ।

ਪਰਾਸਕੋਵਯਾ ਨੇ ਕੁੜੀ ਨਾਲ਼ ਫੇਰ ਗੱਲਬਾਤ ਛੇੜੀ।

"ਪਰਸੋਂ ਤੂੰ ਹੀ ਸੈਂ ?"

"ਹਾਂ... ਕੋਈ ਜਰਮਨ ਮਰਿਆ ?"

"ਨਹੀਂ।"

"ਅਫਸੋਸ ! ਫੇਰ ਕੀ ਸੜਿਆ ?"

"ਉਹਨਾਂ ਦੇ ਘੋੜੇ। ਕਹਿੰਦੇ ਨੇ, ਹਥਿਆਰ ਵੀ..."

ਸਵੇਰ ਦੇ ਦਸ ਵਜੇ ਅਫਸਰ ਆਏ। ਉਹਨਾਂ ਵਿਚੋਂ ਸਭ ਤੋਂ ਵੱਡੇ ਅਫਸਰ ਨੇ ਰੂਸੀ ਵਿਚ ਤਾਤਿਯਾਨਾ ਕੋਲੋਂ ਪੁੱਛਿਆ:

"ਦੱਸੋ, ਤੁਹਾਡਾ ਨਾਂ ਕੀ ਏ ?"

ਤਾਤਿਯਾਨਾ ਨੇ ਕੋਈ ਜਵਾਬ ਨਹੀਂ ਦਿੱਤਾ।

ਘਰ ਦੇ ਮਾਲਕਾਂ ਨੇ ਹੁਣ ਕੋਈ ਗੱਲ ਨਹੀਂ ਸੀ ਸੁਣੀ। ਉਹਨਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਗਿਆ ਸੀ ਤੇ ਓਦੋਂ ਹੀ ਵਾਪਸ ਅੰਦਰ ਆਉਣ ਦਿੱਤਾ ਗਿਆ ਸੀ ਜਦੋਂ ਪੁੱਛ-ਪੜਤਾਲ ਖਤਮ ਹੋ ਗਈ।

ਕੁਮੇਦਾਨ ਦੇ ਦਫਤਰ ਵਿਚੋਂ ਤਾਤਿਯਾਨਾ ਦੀਆਂ ਕੁਝ ਚੀਜ਼ਾਂ ਲਿਆਂਦੀਆਂ ਗਈਆਂ: ਉਸ ਦੀ ਜੈਕਟ, ਰੂੰਦਾਰ ਪਤਲੂਣ ਤੇ ਜੁਰਾਬਾਂ, ਤੇ ਉਹਦਾ ਥੈਲਾ ਜਿਸ ਵਿਚ ਪੈਟਰੋਲ ਦੀਆਂ ਕੁਝ ਬੋਤਲਾਂ, ਤੀਲਾਂ ਵਾਲ਼ੀਆਂ ਡੱਬੀਆਂ, ਕਾਰਤੂਸ, ਖੰਡ ਤੇ ਲੂਣ ਸੀ। ਉਸ ਦੀ ਫਰ ਦੀ ਟੋਪੀ, ਫਰ ਦੀ ਮਗਜ਼ੀ ਵਾਲ਼ਾ ਕੋਟ, ਤੇ ਨਮਦੇ ਦੇ ਬੂਟ ਸਾਰਜੈਟਾਂ ਨੇ ਪਹਿਲਾਂ ਹੀ ਕਾਬੂ ਕਰ ਲਏ ਸਨ।

ਕੁੜੀ ਨੇ ਕੱਪੜੇ ਪਾ ਲਏ, ਅਤੇ ਕੁਲੀਕ ਮੀਆਂ ਬੀਵੀ ਨੇ ਪਾਲੇ ਨਾਲ਼ ਯਖ਼ ਨੀਲੇ ਹੋਏ ਪੈਰਾਂ ਉੱਤੇ ਜੁਰਾਬਾਂ ਚੜ੍ਹਾਉਣ ਵਿਚ ਉਹਦੀ ਮਦਦ ਕੀਤੀ। ਜਰਮਨਾਂ ਨੇ ਉਹਦੇ ਥੈਲੇ ਵਿਚੋਂ ਮਿਲੀਆਂ ਪੈਟਰੋਲ ਦੀਆਂ ਬੋਤਲਾਂ ਤੇ ਇਕ ਤਖ਼ਤੀ ਜਿਸ ਉੱਤੇ "ਛਾਪੇਮਾਰ" ਲਿਖਿਆ ਹੋਇਆ ਸੀ, ਉਹਦੇ ਗਲ਼ ਵਿਚ ਪਾ ਦਿੱਤੀ। ਇਸ ਤਰ੍ਹਾਂ ਉਸ ਨੂੰ ਚੌਂਕ ਵੱਲ ਤੋਰ ਲਿਆ ਜਿਥੇ ਫਾਂਸੀ ਗੱਡੀ ਹੋਈ ਸੀ।

ਨੰਗੀਆਂ ਤਲਵਾਰਾਂ ਸੂਤ ਕੇ ਬੈਠੇ ਦਸ ਘੋੜਸਵਾਰ ਫੌਜੀਆਂ ਨੇ ਫਾਂਸੀ ਨੂੰ ਘੇਰਾ ਪਾਇਆ ਹੋਇਆ ਸੀ। ਉਹਨਾਂ ਦੇ ਪਿੱਛੇ ਇਕ ਸੌ ਜਰਮਨ ਸੈਨਿਕ ਤੇ ਕਈ ਅਫਸਰ ਕਤਾਰਬੰਦ ਖੜੇ ਸਨ। ਸਥਾਨਕ ਵਾਸੀਆਂ ਨੂੰ ਹਾਜ਼ਰ ਹੋਣ ਦਾ ਹੁਕਮ ਦਿੱਤਾ ਗਿਆ ਸੀ ਪਰ ਬਹੁਤ ਥੋੜ੍ਹੇ ਲੋਕ ਪੁੱਜੇ ਸਨ। ਕੁਝ ਲੋਕ ਮਲਕੜੇ ਜਿਹੇ ਖਿਸਕ ਗਏ ਸਨ ਤਾਂ ਜੋ ਉਹਨਾਂ ਨੂੰ ਇਹ ਭਿਆਨਕ ਝਾਕੀ ਨਾ ਵੇਖਣੀ ਪਵੇ।

ਫਾਂਸੀ ਦੇ ਰੱਸੇ ਦੇ ਹੇਠਾਂ ਦੋ ਲੱਕੜ ਦੀਆਂ ਪੇਟੀਆਂ ਹੇਠਾਂ ਉੱਤੇ ਰੱਖੀਆਂ ਗਈਆਂ ਸਨ। ਤਾਤਿਯਾਨਾ ਨੂੰ ਉਪਰਲੀ ਪੇਟੀ ਉੱਤੇ ਖੜੀ ਕਰ ਦਿੱਤਾ ਗਿਆ ਤੇ ਫਾਂਸੀ ਦਾ ਰੱਸਾ ਉਹਦੇ ਗਲ ਵਿਚ ਪਾ ਦਿੱਤਾ ਗਿਆ। ਇਕ ਅਫਸਰ ਆਪਣਾ "ਕੋਡਕ" ਕੈਮਰਾ ਫਾਂਸੀ ਵੱਲ ਫੋਕਸ ਕਰੀ ਖੜਾ ਸੀ। ਜਰਮਨਾਂ ਨੂੰ ਫਾਂਸੀ ਲੱਗਦੇ ਤੇ ਮਾਰ ਕੁੱਟ ਖਾਂਦੇ ਲੋਕਾਂ ਦੀਆਂ ਤਸਵੀਰਾਂ ਖਿੱਚਣ ਦਾ ਬੜਾ ਸ਼ੌਂਕ ਹੈ। ਕੁਮੇਦਾਨ ਨੇ ਜੱਲਾਦਾਂ ਵੱਲ ਇਸ਼ਾਰਾ ਕੀਤਾ ਤੇ ਥੋੜ੍ਹਾ ਚਿਰ ਰੁਕ ਜਾਣ ਦਾ ਹੁਕਮ ਦਿੱਤਾ।

ਤਾਤਿਯਾਨਾ ਨੇ ਮੌਕੇ ਦਾ ਫਾਇਦਾ ਉਠਾਇਆ ਅਤੇ ਇਸ ਥਾਂ ਹਿੱਕ ਲਿਆਂਦੇ ਗਏ ਸਾਂਝੇ ਫਾਰਮਾਂ ਦੇ ਕਿਸਾਨਾਂ ਨੂੰ ਉੱਚੀ ਤੇ ਸਪਸ਼ਟ ਆਵਾਜ਼ ਵਿਚ ਸੰਬੋਧਨ ਕਰ ਕੇ ਆਖਿਆ:

"ਐ ਸਾਥੀਓ! ਤੁਸੀਂ ਏਨੇ ਉਦਾਸ ਕਿਉਂ ਨਜ਼ਰ ਆਉਂਦੇ ਹੋ? ਹੌਂਸਲਾ ਕਰੋ, ਜੂਝੋ, ਜਰਮਨਾਂ ਦਾ ਫਸਤਾ ਵੱਢੋ, ਇਹਨਾਂ ਨੂੰ ਅੱਗ ਵਿਚ ਸੁੱਟ ਕੇ ਸਾੜੋ, ਤੇ ਚੂਹਿਆਂ ਵਾਂਗ ਭਜਾ ਦਿਓ!"

ਕੋਲ ਖੜ੍ਹੇ ਇਕ ਜਰਮਨ ਫੌਜੀ ਨੇ ਹੱਥ ਉਗਰ ਕੇ ਉਸ ਨੂੰ ਮਾਰਨਾ ਚਾਹਿਆ ਜਾਂ ਉਸ ਦਾ ਮੂੰਹ ਬੰਦ ਕਰਨਾ ਚਾਹਿਆ ਪਰ ਕੁੜੀ ਨੇ ਉਹਦਾ ਹੱਥ ਪਰੇ ਝਟਕ ਦਿੱਤਾ ਅਤੇ ਬੋਲਦੀ ਗਈ:

"ਮੈਂ ਮੌਤ ਤੋਂ ਨਹੀਂ ਡਰਦੀ, ਸਾਥੀਓ! ਆਪਣੇ ਲੋਕਾਂ ਦੀ ਖਾਤਰ ਮਰਨਾ... ਇਹ ਤਾਂ ਖੁਸ਼ੀ

ਦੀ ਗੱਲ ਏ...''

ਫੋਟੋਗ੍ਰਾਫਰ ਨੇ ਆਮ ਵਿਸ਼ਾਲ ਝਾਕੀ ਦੀ ਅਤੇ ਨੇੜਿਓਂ ਫਾਂਸੀ ਦੀ ਤਸਵੀਰ ਖਿੱਚ ਲਈ ਸੀ ਤੇ ਇਸ ਵੇਲੇ ਇਕ ਪਾਸੇ ਤੋਂ ਖਲੋ ਕੇ ਤਸਵੀਰ ਖਿੱਚ ਰਿਹਾ ਸੀ। ਜੱਲਾਦ ਘਾਬਰੇ ਹੋਏ ਕੁਮੇਦਾਨ ਦੀਆਂ ਅੱਖਾਂ ਵੱਲ ਵੇਖ ਰਹੇ ਸਨ ਤੇ ਉਹ ਟਾਹਰਾਂ ਮਾਰਦਾ ਫੋਟੋਗ੍ਰਾਫਰ ਨੂੰ ਆਖ ਰਿਹਾ ਸੀ:

''ਛੇਤੀ ਕਰ।''

ਠੀਕ ਇਸ ਵੇਲੇ ਤਾਤਿਯਾਨਾ ਨੇ ਉਹਦੇ ਵੱਲ ਮੂੰਹ ਕੀਤਾ ਤੇ ਉਸ ਨੂੰ ਅਤੇ ਜਰਮਨ ਫੌਜੀਆਂ ਨੂੰ ਸੰਬੋਧਨ ਕਰਦੀ ਹੋਈ ਕੜਕੀ:

''ਤੁਸੀਂ ਮੈਨੂੰ ਫਾਹੇ ਲਾਉਣ ਲੱਗੇ ਓ, ਪਰ ਮੈਂ ਇਕੱਲੀ ਨਹੀਂ। ਅਸੀਂ ਵੀਹ ਕਰੋੜ ਆਂ, ਤੁਸੀਂ ਸਾਰਿਆਂ ਨੂੰ ਫਾਹੇ ਨਹੀਂ ਲਾ ਸਕਦੇ। ਮੇਰੀ ਮੌਤ ਦਾ ਬਦਲਾ ਲਿਆ ਜਾਵੇਗਾ। ਫੌਜੀਓ! ਅਜੇ ਵੀ ਵਕਤ ਹੈ, ਹਥਿਆਰ ਸੁੱਟ ਦਿਓ, ਕੁਝ ਵੀ ਹੋਵੇ ਜਿੱਤ ਸਾਡੀ ਹੀ ਹੋਵੇਗੀ! ਮੇਰੀ ਮੌਤ ਦਾ ਬਦਲਾ ਲਿਆ ਜਾਵੇਗਾ...''

ਚੌਂਕ ਵਿਚ ਖੜ੍ਹੇ ਰੂਸੀ ਲੋਕਾਂ ਦੇ ਅਥਰੂ ਵਗ ਤੁਰੇ। ਕਈਆਂ ਨੇ ਮੂੰਹ ਦੂਜੇ ਪਾਸੇ ਕਰ ਲਏ ਤਾਂ ਜੋ ਵਰਤਣ ਵਾਲੇ ਭਾਣੇ ਨੂੰ ਉਹ ਨਾ ਵੇਖ ਸਕਣ।

ਜਲਾਦਾਂ ਨੇ ਰੱਸਾ ਖਿੱਚਿਆ ਤੇ ਤਾਨਿਯਾ ਦੀ ਧੌਣ ਦੁਆਲੇ ਫੰਧਾ ਕੱਸਿਆ ਗਿਆ। ਉਸ ਨੇ ਰੱਸੇ ਨੂੰ ਆਪਣੇ ਦੋਹਾਂ ਹੱਥਾਂ ਨਾਲ਼ ਫੜ ਕੇ ਖਿੱਚਿਆ ਅਤੇ ਪੱਬਾਂ ਭਾਰ ਹੋ ਕੇ ਆਪਣੀ ਪੂਰੀ ਤਾਕਤ ਨਾਲ਼ ਗਰਜੀ:

''ਅਲਵਿਦਾ, ਸਾਥੀਓ! ਜੂਝ ਮਰੋ, ਡਰੋ ਨਾ!...''

ਜੱਲਾਦ ਨੇ ਆਪਣੇ ਅਸਪਾਤੀ ਪੱਬ ਵਾਲ਼ੇ ਬੂਟ ਨਾਲ਼ ਹੇਠਲੀ ਪੇਟੀ ਨੂੰ ਠੁੱਡ ਮਾਰਿਆ ਅਤੇ ਉਹ ਜੰਮੀ ਹੋਈ ਤਿਲਕਵੀਂ ਬਰਫ਼ ਉੱਤੇ ਅਗਾਂਹ ਫਿਸਲ ਗਈ। ਉੱਪਰ ਵਾਲ਼ੀ ਪੇਟੀ ਲੁੜ੍ਹਕ ਕੇ ਠਾਹ ਕਰਦੀ ਹੇਠਾਂ ਆ ਪਈ। ਭੀੜ ਸਹਿਮ ਕੇ ਪਿੱਛੇ ਹਟ ਗਈ। ਕਿਸੇ ਦੀਆਂ ਚੀਕਾਂ ਨਿਕਲ ਗਈਆਂ ਤੇ ਇਹਨਾਂ ਚੀਕਾਂ ਦੀ ਅਵਾਜ਼ ਸਾਰੇ ਜੰਗਲ ਵਿਚ ਗੂੰਜ ਉਠੀ...

ਉਹਨੇ ਦੁਸ਼ਮਣ ਦੇ ਕਬਜ਼ੇ ਵਿਚ, ਨਾਜ਼ੀਆਂ ਦੀ ਫਾਂਸੀ ਉੱਤੇ ਲਟਕ ਕੇ ਜਾਨ ਦੇ ਦਿੱਤੀ, ਪਰ ਉਸ ਨੇ ਇਕ ਵਾਰੀ ਵੀ ਸੀਅ ਨਹੀਂ ਕੀਤੀ, ਆਪਣੇ ਸਾਥੀਆਂ ਦਾ ਭੇਤ ਨਹੀਂ ਦਿੱਤਾ। ਉਹ ਇਕ ਸ਼ਹੀਦ ਦੀ ਮੌਤ ਮਰ ਗਈ, ਜਿਵੇਂ ਕੋਈ ਵੀਰਾਂਗਣ ਮਰਦੀ ਹੈ, ਜਿਵੇਂ ਕੋਈ ਮਹਾਨ ਲੋਕਾਂ ਦੀ ਸਪੁੱਤਰੀ ਮਰਦੀ ਹੈ ਜਿਹੜੇ ਕਦੇ ਕਿਸੇ ਅੱਗੇ ਸਿਰ ਨਹੀਂ ਝੁਕਾਉਂਦੇ। ਉਸ ਦੀ ਯਾਦ ਸਦਾ ਅਮਰ ਰਹੇਗੀ!

...ਨਵੇਂ ਸਾਲ ਦੀ ਪਹਿਲੀ ਸ਼ਾਮ, ਸ਼ਰਾਬੀ ਹੋਏ ਜਰਮਨ ਫੌਜੀਆਂ ਦੀ ਇਕ ਭੀੜ ਨੇ ਫਾਂਸੀ ਨਾਲ ਲਟਕਦੀ ਇਸ ਕੁੜੀ ਦੀ ਦਿਹ ਤੋਂ ਕੱਪੜੇ ਖਿੱਚ ਕੇ ਲਾਹ ਸੁੱਟੇ ਤੇ ਵਹਿਸ਼ੀਆਂ ਵਾਂਗ ਉਸ ਦੇ ਅੰਗ ਕੱਟ ਦਿੱਤੇ। ਛੁਰੀਆਂ ਨਾਲ ਕੱਟੀ ਵਿੰਨ੍ਹੀ ਦਿਹ ਅਗਲਾ ਸਾਰਾ ਦਿਨ ਪਿੰਡ ਦੇ ਚੌਂਕ ਵਿਚ ਲਟਕਦੀ ਰਹੀ ਅਤੇ ਤਰਕਾਲਾਂ ਵੇਲੇ ਨਾਲ ਕੁਮੇਦਾਨ ਨੇ ਫਾਂਸੀ ਨੂੰ ਉਖੇੜਨ ਦਾ ਹੁਕਮ ਦਿੱਤਾ। ਸਥਾਨਕ ਲੋਕਾਂ ਨੇ ਪਿੰਡ ਤੋਂ ਕੁਝ ਹਟਵੀਂ ਥਾਂ ਯਖ਼ ਹੋਈ ਜ਼ਮੀਨ ਵਿਚ ਇਕ ਟੋਇਆ

ਪੁੱਟਿਆ ਤੇ ਲਾਸ਼ ਉਸ ਵਿੱਚ ਦੱਬ ਦਿੱਤੀ।

ਇਸ ਤੋਂ ਕੁਝ ਦਿਨ ਮਗਰੋਂ ਹੀ, ਲਾਲ ਸੈਨਾ ਨੇ ਜਿਹੜੀ ਹੁਣ ਚੜ੍ਹਤ ਵਿਚ ਸੀ, ਪੇਤਰਿਸ਼ਚੇਵੋ ਵਿੱਚੋਂ ਜਰਮਨਾਂ ਨੂੰ ਭਜਾ ਦਿੱਤਾ।

ਇਸ ਤੋਂ ਬਾਦ ਕੂਚ ਕਰਦੇ ਸੈਨਿਕ ਇਸ ਥਾਂ ਆ ਕੇ ਰੁਕਣ ਲੱਗ ਪਏ ਸਨ ਤਾਂ ਜੋ ਉਸ ਦੀ ਕਬਰ ਅੱਗੇ ਸਿਰ ਨਿਵਾ ਕੇ ਉਹਦੇ ਮਾਪਿਆਂ ਦਾ ਸ਼ੁਕਰੀਆ ਅਦਾ ਕਰ ਸਕਣ ਜਿਨ੍ਹਾਂ ਨੇ ਅਜਿਹੀ ਬਹਾਦਰ ਕੁੜੀ ਨੂੰ ਜਨਮ ਦਿੱਤਾ ਸੀ, ਉਸ ਦੇ ਅਧਿਆਪਕਾਂ ਦਾ ਸ਼ੁਕਰੀਆ ਅਦਾ ਕਰ ਸਕਣ ਜਿਨ੍ਹਾਂ ਨੇ ਉਸ ਦੀ ਰਾਹਨੁਮਾਈ ਕੀਤੀ ਸੀ, ਤੇ ਉਸ ਦੇ ਸਾਥੀਆਂ ਦਾ ਸ਼ੁਕਰੀਆ ਕਰ ਸਕਣ ਜਿਨ੍ਹਾਂ ਨੇ ਉਸ ਦੇ ਹੌਂਸਲੇ ਨੂੰ ਸਾਣ ਚਾੜ੍ਹਿਆ ਸੀ।

ਉਸ ਦੀ ਸੂਰਮਗਤੀ ਦੀ ਕਹਾਣੀ ਵਿਸ਼ਾਲ ਸੋਵੀਅਤ ਧਰਤੀ ਉੱਤੇ ਫੈਲ ਗਈ ਅਤੇ ਕਰੋੜਾਂ ਲੋਕ ਇਸ ਬੇਮਿਸਾਲ ਕੁੜੀ ਦੀ ਯਾਦ ਨੂੰ ਪਿਆਰਨ ਲੱਗ ਪਏ...

ਤਾਨਿਯਾ ਕੌਣ ਸੀ

ਸੋਵੀਅਤ ਯੂਨੀਅਨ ਦੀ ਸੁਪ੍ਰੀਮ ਸੋਵੀਅਤ ਦੇ ਪ੍ਰਧਾਨਗੀ ਮੰਡਲ ਨੇ, ਯੁਵਕ ਕਮਿਊਨਿਸਟ ਲੀਗ ਦੀ ਮੈਂਬਰ, ਛਾਪੇਮਾਰ ਜ਼ੋਇਆ ਕਾਸਮੋਦੇਮੀਆਨਸਕਾਯਾ ਨੂੰ ਮਰਨ ਉਪਰੰਤ ਸੋਵੀਅਤ ਯੂਨੀਅਨ ਦੀ ਹੀਰੋ ਦਾ ਖਿਤਾਬ ਦਿੱਤਾ।

27 ਜਨਵਰੀ 1942 ਦੇ "ਪ੍ਰਾਵਦਾ" ਵਿਚ "ਤਾਨਿਯਾ" ਸਿਰਲੇਖ ਹੇਠ ਉਹਦੇ ਕਾਰਨਾਮੇ ਬਾਰੇ ਇਕ ਲੇਖ ਛਪਿਆ ਸੀ। ਉਸ ਵੇਲੇ ਉਹਦੇ ਅਸਲ ਨਾਂ ਦਾ ਪਤਾ ਨਹੀਂ ਸੀ। ਉਸ ਨੇ ਆਪਣਾ ਅਸਲ ਨਾਂ ਪੁੱਛ-ਪੜਤਾਲ ਕਰਨ ਵਾਲਿਆਂ ਨੂੰ ਵੀ ਨਹੀਂ ਸੀ ਦੱਸਿਆ ਅਤੇ ਪਰਾਸਕੋਵਯਾ ਕੁਲੀਕ ਨੂੰ ਵੀ ਨਹੀਂ। ਪੇਤਰਿਸ਼ਚੇਵੋ ਨੂੰ ਜਾਂਦੀ ਹੋਈ ਉਹ ਰਾਹ ਵਿਚ ਵੇਰੇਯਾ ਦਸਤੇ ਦੇ ਇਕ ਛਾਪੇਮਾਰ ਨੂੰ ਮਿਲ ਪਈ ਸੀ ਅਤੇ ਉਸ ਨੂੰ ਉਹਨੇ ਆਪਣਾ ਨਾਂ ਤਾਨਿਯਾ ਦੱਸਿਆ ਸੀ ਤੇ ਇਸ ਤਰ੍ਹਾਂ ਉਹਦੇ ਕੋਲੋਂ ਵੀ ਆਪਣਾ ਅਸਲ ਨਾਂ ਲੁਕਾ ਲਿਆ ਸੀ।

ਯੁਵਕ ਕਮਿਊਨਿਸਟ ਲੀਗ ਦੀ ਮਾਸਕੋ ਕਮੇਟੀ ਨੇ ਇਹ ਪ੍ਰਮਾਣਿਤ ਕੀਤਾ ਕਿ ਇਹ ਕੁੜੀ ਕੌਣ ਸੀ।

ਇਹ ਸੀ ਜ਼ੋਇਆ ਅਨਾਤੋਲਿਯੇਵਨਾ ਕਾਸਮੋਦੇਮੀਆਨਸਕਾਯਾ, ਜਿਹੜੀ ਮਾਸਕੋ ਦੇ ਅਕਤਿਆਬਰਸਕੀ ਇਲਾਕੇ ਦੇ ਸਕੂਲ ਨੰਬਰ 201 ਵਿਚ ਦਸਵੀਂ ਜਮਾਤ ਵਿਚ ਪੜ੍ਹਦੀ ਸੀ।

ਉਸ ਦੀ ਉਮਰ ਅਠਾਰਾਂ ਸਾਲਾਂ ਦੀ ਸੀ। ਉਹ ਤੇ ਉਸ ਦਾ ਭਰਾ ਅਲੇਕਸਾਂਦਰ ਤਿਮਿਰੀਆਜ਼ੇਵ ਜ਼ਰਾਇਤ ਅਕਾਦਮੀ ਦੇ ਪਾਰਕ ਨੇੜੇ, ਅਲੇਕਸਾਂਦਰੋਵਸਕੀ ਗਲੀ ਦੇ ਮਕਾਨ ਨੰਬਰ 7 ਵਿਚ ਆਪਣੀ ਵਿਧਵਾ ਮਾਂ ਲਿਊਬੋਵ ਤਿਮੋਫੇਯੇਵਨਾ ਨਾਲ ਰਹਿੰਦੇ ਸਨ।

ਜ਼ੋਇਆ ਦੇ ਦੋਸਤਾਂ ਸਹੇਲੀਆਂ ਦੇ ਦੱਸੇ ਅਨੁਸਾਰ ਉਹ ਇਕ ਲੰਮੀ, ਪਤਲੀ, ਚੌੜੇ ਮੋਢਿਆਂ, ਚਮਕਦਾਰ ਕਾਲੀਆਂ ਅੱਖਾਂ ਅਤੇ ਛੋਟੇ-ਛੋਟੇ ਕਾਲ਼ੇ ਵਾਲ਼ਾਂ ਵਾਲ਼ੀ ਕੁੜੀ ਸੀ। ਉਹ ਬੜੀ ਗਹਿਰ ਗੰਭੀਰ, ਛੇਤੀ ਹੀ ਪ੍ਰਭਾਵ ਹੇਠ ਆ ਜਾਣ ਵਾਲੀ ਤੇ ਬਹੁਤ ਸੰਗਾਊ ਸੁਭਾ ਵਾਲ਼ੀ

ਸੀ।

ਉਸ ਦੇ ਸਕੂਲ ਦੇ ਸਾਥੀਆਂ ਤੇ ਅਧਿਆਪਕਾਂ ਕੋਲੋਂ ਉਹਦੀਆਂ ਗੱਲਾਂ ਸੁਣ ਕੇ, ਉਸ ਦੀਆਂ ਡਾਇਰੀਆਂ ਤੇ ਸਕੂਲ ਵਿਚ ਲਿਖੀਆਂ ਟਿੱਪਣੀਆਂ ਤੇ ਮਜ਼ਮੂਨ ਪੜ੍ਹ ਕੇ, ਬੰਦੇ ਦੇ ਮਨ ਉੱਤੇ ਸਭ ਤੋਂ ਪ੍ਰਬਲ ਪ੍ਰਭਾਵ ਇਹ ਪੈਂਦਾ ਹੈ ਕਿ ਉਹ ਆਮ ਨਾਲੋਂ ਜਿਆਦਾ ਮਿਹਨਤੀ ਤੇ ਦ੍ਰਿੜ੍ਹ ਸੀ। ਉਹ ਜਿਹੜਾ ਵੀ ਨਿਸ਼ਾਨਾ ਮਿੱਥ ਲੈਂਦੀ ਸੀ ਉਸ ਤੱਕ ਪੁੱਜਣ ਲਈ ਸਿਰਤੋੜ ਯਤਨ ਕਰਦੀ ਸੀ। ਉਹ ਬਹੁਤ ਪੜ੍ਹਦੀ ਸੀ, ਤੇ ਕਿਸੇ ਕਿਤਾਬ ਦੇ ਜਿਹੜੇ ਹਿੱਸੇ ਉਸ ਨੂੰ ਖਾਸ ਕਰਕੇ ਚੰਗੇ ਲੱਗਦੇ ਉਹ ਨਕਲ ਕਰ ਲੈਂਦੀ ਅਤੇ ਸਾਹਿਤ ਬਾਰੇ ਸਬਕ ਉਹ ਹਮੇਸ਼ਾ ਬਹੁਤ ਮਿਹਨਤ ਨਾਲ ਯਾਦ ਕਰਦੀ ਸੀ। ਹਿਸਾਬ ਵਿਚ ਉਸ ਨੂੰ ਮੁਸ਼ਕਲ ਪੇਸ਼ ਆਉਂਦੀ ਸੀ ਤੇ ਜਿੰਨਾਂ ਚਿਰ ਅਲਜਬਰੇ ਦੇ ਫਾਰਮੂਲੇ ਚੰਗੀ ਤਰ੍ਹਾਂ ਯਾਦ ਨਾ ਹੋ ਜਾਂਦੇ ਉਹ ਹਥਿਆਰ ਨਹੀਂ ਸੀ ਸੁੱਟਦੀ ਭਾਵੇਂ ਉਸ ਨੂੰ ਕਈ-ਕਈ ਘੰਟੇ ਮਨ ਮਾਰ ਕੇ ਪੜ੍ਹਨਾ ਪੈਂਦਾ।

ਜਦੋਂ ਜ਼ੋਇਆ ਆਪਣੀ ਜਮਾਤ ਦੇ ਕੋਮਸੋਮੋਲ ਗਰੁੱਪ ਦੀ ਮੋਢੀ ਚੁਣੀ ਗਈ ਤਾਂ ਉਸ ਨੇ ਇਹ ਤਜਵੀਜ਼ ਰੱਖੀ ਕਿ ਘਰਾਂ ਦੀਆਂ ਅੱਨਪੜ੍ਹ ਸੁਆਣੀਆਂ ਵਾਸਤੇ ਮੁਫਤ ਪੜ੍ਹਾਈ ਦਾ ਇੰਤਜ਼ਾਮ ਕੀਤਾ ਜਾਏ ਤੇ ਉਸ ਨੇ ਤਨ-ਮਨ ਲਾ ਕੇ ਇਹ ਕੰਮ ਕੀਤਾ। ਦੂਜੇ ਮੁੰਡਿਆਂ ਤੇ ਕੁੜੀਆਂ ਨੇ ਸ਼ੁਰੂ ਵਿਚ ਤਾਂ ਬਹੁਤ ਦਿਲਚਸਪੀ ਲਈ, ਪਰ ਉਹਨਾਂ ਵਿਚੋਂ ਬਹੁਤੇ ਛੇਤੀ ਹੀ ਦਿਲ ਛੱਡ ਗਏ ਕਿਉਂਕਿ ਇਸ ਕੰਮ ਲਈ ਸਫਰ ਬਹੁਤ ਕਰਨਾ ਪੈਂਦਾ ਸੀ। ਜ਼ੋਇਆ ਨੂੰ ਬੜੀ ਸਖ਼ਤ ਨਿਰਾਸ਼ਾ ਹੋਈ। ਉਸ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਆਉਂਦੀ ਕਿ ਔਕੜਾਂ ਸਾਮ੍ਹਣੇ ਕੋਈ ਏਨੀ ਹੀ ਢੇਰੀ ਕਿਵੇਂ ਢਾਹ ਸਕਦਾ ਹੈ ਕਿ ਉਹ ਆਪਣਾ ਬੋਲ ਨਾ ਪੁਗਾ ਸਕੇ ਅਤੇ ਆਪਣਾ ਫਰਜ਼ ਪੂਰਾ ਕਰਨ ਵਿਚ ਅਸਫਲ ਹੋ ਜਾਏ।

ਰੂਸੀ ਸਾਹਿਤ ਤੇ ਰੂਸ ਦਾ ਇਤਿਹਾਸ ਜ਼ੋਇਆ ਦੇ ਬੇਹੱਦ ਮਨਪਸੰਦ ਮਜ਼ਮੂਨ ਸਨ। ਸਕੂਲ ਦੀ ਉਸ ਦੁਨੀਆਂ ਤੋਂ ਇਲਾਵਾ, ਜਿੱਥੇ ਉਹ ਇਕ ਆਮ ਸੋਵੀਅਤ ਵਿਦਿਆਰਥਣ ਸੀ, ਇਕ ਚੰਗੀ ਦੋਸਤ ਤੇ ਯੁਵਕ ਕਮਿਊਨਿਸਟ ਲੀਗ ਦੀ ਕਾਰਕੁਨ ਸੀ, ਉਸ ਦੀ ਇਕ ਆਪਣੀ ਦੁਨੀਆਂ ਸੀ ਜਿਸ ਵਿਚ ਉਸ ਦੇ ਮਨਪਸੰਦ ਸਾਹਿਤਕ ਤੇ ਇਤਿਹਾਸਕ ਨਾਇਕ ਵੱਸਦੇ ਸਨ।

ਉਸ ਦੇ ਦੋਸਤ ਸਹੇਲੀਆਂ ਕਈ ਵਾਰੀ ਉਸ ਨੂੰ ਅਲੱਗ-ਥਲੱਗ ਰਹਿਣ ਦਾ ਦੋਸ਼ ਦੇਂਦੇ ਸਨ, ਪਰ ਇਸ ਤਰ੍ਹਾਂ ਓਦੋਂ ਆਮ ਹੀ ਹੁੰਦਾ ਜਦੋਂ ਜ਼ੋਇਆ ਹੁਣੇ-ਹੁਣੇ ਪੜ੍ਹ ਕੇ ਹਟੀ ਕਿਸੇ ਕਿਤਾਬ ਦੀ ਦੁਨੀਆਂ ਵਿਚ ਹੀ ਵਸ ਰਹੀ ਹੁੰਦੀ। ਉਹ ਬੇਧਿਆਨੀ ਤੇ ਅਣ-ਮਿਲਾਪੜੀ ਹੋ ਜਾਂਦੀ ਅਤੇ ਨਾਇਕ-ਨਾਇਕਾਵਾਂ ਦੀ ਆਪਣੀ ਨਿੱਜੀ ਦੁਨੀਆਂ ਵਿਚ ਗੁਆਚੀ ਰਹਿੰਦੀ।

ਪੁਸ਼ਕਿਨ, ਗੋਗੋਲ, ਤਾਲਸਤਾਏ, ਬੇਲਿੰਸਕੀ, ਤੁਰਗੇਨੇਵ, ਚੇਰਨੀਸ਼ੇਵਸਕੀ, ਹਰਜ਼ਨ ਤੇ ਨੇਕਰਾਸੋਵ ਦੀਆਂ ਕਿਤਾਬਾਂ ਵਿਚੋਂ ਪੜ੍ਹਿਆ ਹੋਇਆ ਮਹਾਨ ਤੇ ਬਹਾਦਰ ਰੂਸੀ ਲੋਕਾਂ ਦਾ ਸ਼ਾਨਦਾਰ ਇਤਿਹਾਸ ਹਮੇਸ਼ਾ ਜ਼ੋਇਆ ਦੇ ਮਨ ਵਿਚ ਸੱਜਰਾ ਰਹਿੰਦਾ ਸੀ। ਇਸ ਨੇ ਉਹਦਾ ਚਰਿੱਤਰ ਢਾਲਿਆ, ਉਸ ਦੇ ਮਨ ਵਿਚ ਸੁਪਨੇ ਜਗਾਏ, ਉਸ ਨੂੰ ਕੁਝ ਕਰਨ ਲਈ ਪ੍ਰੇਰਿਆ ਅਤੇ ਉਹਦੇ ਦਿਲ ਵਿਚ ਆਪਣੇ ਲੋਕਾਂ ਦੀ ਖੁਸ਼ੀ ਲਈ ਬਹਾਦਰਾਂ ਵਾਲ਼ੀ ਕੋਈ ਗੱਲ ਕਰਨ ਦੀ ਅਮੋੜ ਰੀਝ ਪੈਦਾ ਕਰ ਦਿੱਤੀ।

ਜ਼ੋਇਆ ਨੇ ਆਪਣੀ ਕਾਪੀ ਵਿਚ "ਜੰਗ ਤੇ ਅਮਨ" ਵਿਚੋਂ ਪੰਨਿਆਂ ਦੇ ਪੰਨੇ ਲਿਖ ਲਏ ਹੋਏ ਸਨ। ਇਲੀਆ ਮੂਰੋਮੇਤਸ* ਤੇ ਕੁਤੂਜ਼ੋਵ ਬਾਰੇ ਜਮਾਤ ਵਿਚ ਲਿਖੇ ਹੋਏ ਉਹਦੇ ਲੇਖ ਸੱਚੀਆਂ ਭਾਵਨਾਵਾਂ ਤੇ ਡੂੰਘੀ ਸਮਝ ਦਾ ਨਮੂਨਾ ਸਨ ਅਤੇ ਇਹਨਾਂ ਲਈ ਉਸ ਨੂੰ ਚੋਟੀ ਦੇ ਨੰਬਰ ਮਿਲੇ ਸਨ। ਚੇਰਨੀਸ਼ੇਵਸਕੀ ਤੇ ਤਾਰਾਸ ਸ਼ੇਵਚੇਨਕੋ ਦੇ ਤਾੱਸਦਿਕ ਤੇ ਕੁਰਬਾਨੀ ਭਰੇ ਜੀਵਨ ਨੇ ਉਸ ਦੀ ਕਲਪਨਾ ਨੂੰ ਹਲੂਣ ਦਿੱਤਾ ਸੀ ਅਤੇ ਉਹ ਵੀ ਉਹਨਾਂ ਵਾਂਗ ਹੀ ਆਪਣੇ ਲੋਕਾਂ ਦੇ ਪਵਿੱਤਰ ਉਦੇਸ਼ ਵਿਚ ਹਿੱਸਾ ਪਾਉਣ ਦੇ ਸੁਪਨੇ ਲੈਣ ਲੱਗੀ ਸੀ।

ਸਾਡੇ ਸਾਮ੍ਹਣੇ ਜ਼ੋਇਆ ਦੀ ਇਕ ਕਾਪੀ ਪਈ ਹੈ ਜਿਸ ਵਿਚ ਉਸ ਨੇ ਕੁਝ ਕਵੀਆਂ ਤੇ ਲੇਖਕਾਂ ਦੇ ਉਹ ਵਿਚਾਰ ਲਿਖੇ ਹੋਏ ਸਨ ਜਿਨ੍ਹਾਂ ਨੇ ਉਹਦੇ ਦਿਲ ਦੀਆਂ ਤਾਰਾਂ ਛੇੜੀਆਂ ਸਨ। ਇਹਨਾਂ ਵਿਚੋਂ ਕੁਝ ਵਿਚਾਰ ਇਹ ਹਨ:

"ਮਨੁੱਖ ਦੀ ਹਰ ਚੀਜ਼ ਖ਼ੂਬਸੂਰਤ ਹੋਣੀ ਚਾਹੀਦੀ ਹੈ: ਉਸ ਦਾ ਚਿਹਰਾ, ਉਸ ਦੇ ਕੱਪੜੇ, ਉਸ ਦੀ ਆਤਮਾ, ਉਸ ਦੇ ਵਿਚਾਰ" (ਚੈਖ਼ੋਵ)।

"ਕਮਿਊਨਿਸਟ ਹੋਣ ਦਾ ਮਤਲਬ ਹੈ: ਹਿੰਮਤ, ਵਿਚਾਰ, ਕਾਮਨਾ, ਦਲੇਰੀ" (ਮਾਯਾਕੋਵਸਕੀ).

"ਮਰ ਜਾਓ, ਪਰ ਪਿਆਰ ਤੋਂ ਬਗੈਰ ਚੁੰਮੀ ਨਾ ਦਿਓ" (ਚੇਰਨੀਸ਼ੇਵਸਕੀ).

"ਮੈਂ ਇਕ ਰੂਸੀ ਦੇ ਖਿਲਾਫ ਦਸ ਫਰਾਂਸੀਸੀ ਵੀ ਦਾਅ ਉੱਤੇ ਨਹੀਂ ਲਾਵਾਂਗਾ" (ਕੁਤੂਜ਼ੋਵ)।

ਲੋਹ-ਟੋਪ, ਸੰਜੋਅ ਮੇਰੇ ਕੋਲ਼ ਜੇ ਹੁੰਦੇ,
ਰੱਖਿਆ ਆਪਣੇ ਵਤਨ ਦੀ ਕਰ ਲੈਂਦੀ ਜਿੰਦੇ...
ਤਦ ਭੱਜਦੇ ਸਾਡੀ ਫੌਜ ਦੇ ਵੈਰੀ ਅੱਗੇ ਅੱਗੇ,
ਭਏ ਅਨੰਦ ਜਦ ਸੂਰਮਾ ਰਣ-ਤੱਤੇ ਗੱਜੇ!

(ਗੋਇਥੇ)

"ਕੇਡੀ ਸ਼ਕਤੀ ਹੈ ਪਿਆਰ ਕਰਨ ਦੀ, ਕੇਡੀ ਮਾਨਵਤਾ ਹੈ ਗੋਰਕੀ ਦੀ "ਸੂਰਜ ਦੀ ਸੰਤਾਨ ਵਿਚ"। ਜ਼ੋਇਆ ਨੇ ਆਪਣੀ ਕਾਪੀ ਵਿਚ ਪੈਨਸਿਲ ਨਾਲ਼ ਝਰੀਟਿਆ ਹੋਇਆ ਹੈ। ਅੱਗੇ ਲਿਖਿਆ ਹੈ: " 'ਓਥੈਲੋ' ਵਿਚ ਅਸੀਂ ਉੱਚੇ ਆਦਰਸ਼ਾਂ, ਸਚਾਈ ਤੇ ਸਦਾਚਾਰਕ ਪਵਿੱਤਰਤਾ ਲਈ ਇਕ ਵਿਅਕਤੀ ਦਾ ਸੰਗਰਾਮ ਵੇਖਦੇ ਹਾਂ: 'ਓਥੈਲੋ' ਦਾ ਵਿਸ਼ਾ ਹੈ ਸੱਚੇ ਤੇ ਮਹਾਨ ਪਿਆਰ ਦੀ ਜਿੱਤ।"

ਸਾਡੇ ਲੋਕਾਂ ਦੇ ਮਾਣਮੱਤੇ ਅਤੀਤ, ਜੋਸ਼ੀਲੇ ਵਰਤਮਾਨ ਅਤੇ ਉਜਲੇ ਭਵਿੱਖ ਦੇ ਸਾਕਾਰ ਰੂਪ — ਲੈਨਿਨ — ਬਾਰੇ ਉਸ ਦੇ ਵਿਚਾਰ ਖਾਸ ਤੌਰ 'ਤੇ ਮਨਮੋਹਣੇ ਤੇ ਬੱਚਿਆਂ ਵਾਲ਼ੀ ਨਿਰਛਲਤਾ ਨਾਲ਼ ਲਿਖੇ ਹੋਏ ਸਨ।

* ਰੂਸੀ ਲੋਕ ਕਥਾਵਾਂ ਦਾ ਨਾਇਕ। **—ਸੰਪਾ:**

ਇਹਨਾਂ ਟਿੱਪਣੀਆਂ ਵਿਚੋਂ ਉਸ ਦੀ ਪੂਰੀ ਹੋਂਦ ਝਲਕਦੀ ਸੀ — ਵਿਚਾਰਾਂ ਦੀ ਸਪਸ਼ਟਤਾ ਤੇ ਅੱਗੇ ਵਧਣ ਲਈ ਸਦੀਵੀ ਤਾਂਘ, ਅਤਿਅੰਤ ਉੱਤਮ ਆਦਰਸ਼ਾਂ ਦੀ ਪ੍ਰਾਪਤੀ ਦੀ ਇੱਛਾ।

ਜੂਨ 1941 ਦੀ ਗੱਲ ਹੈ। ਜ਼ੋਇਆ ਨੇ ਇਮਤਿਹਾਨ ਦਿੱਤੇ ਅਤੇ ਦਸਵੀਂ ਜਮਾਤ ਪਾਸ ਕਰ ਲਈ ਸੀ। ਕੁਝ ਦਿਨ ਬਾਦ ਹੀ ਲੜਾਈ ਛਿੜ ਪਈ। ਜ਼ੋਇਆ ਸੈਨਿਕ ਬਣ ਕੇ ਲੜਨਾ ਚਾਹੁੰਦੀ ਸੀ। ਉਸ ਨੇ ਇਕ ਤੋੜਫੋੜ-ਵਿਰੋਧੀ ਦਸਤੇ ਵਿਚ ਸ਼ਾਮਿਲ ਹੋ ਕੇ ਸਰਗਰਮ ਨੌਕਰੀ ਲਈ ਦਰਖਾਸਤ ਦਿੱਤੀ।

ਆਪਣੀ ਮਾਂ ਤੋਂ ਵਿਛੜਨ ਲੱਗਿਆਂ ਉਸ ਨੇ ਉਹਨੂੰ ਆਖਿਆ ਸੀ "ਰੋਈਂ ਨਾ ਪਿਆਰੀ ਮਾਂ। ਜਾਂ ਮੈਂ ਵੀਰਾਂਗਣ ਬਣ ਕੇ ਮੁੜਾਂਗੀ ਜਾਂ ਵੀਰਾਂਗਣ ਬਣ ਕੇ ਮਰਾਂਗੀ।

ਬੈਰਕਾਂ ਵਿਚ ਯੂਨਿਟ ਦੇ ਕਮਾਂਡਰ ਨੇ ਜ਼ੋਇਆ ਦਾ ਇੰਟਰਵੀਊ ਲਿਆ। ਉਹ ਇਕ ਲੰਮੇ ਚੌੜੇ, ਸਹਿਮ ਪਾਉਂਦੇ ਕਮਰੇ ਵਿਚ ਇਕ ਵੱਡੇ ਸਾਰੇ ਮੇਜ਼ ਦੇ ਪਿੱਛੇ ਬੈਠਾ ਹੋਇਆ ਸੀ। ਕਮਾਂਡਰ ਨੇ ਉਹਦੇ ਚਿਹਰੇ ਵੱਲ ਘੋਖਦੀਆਂ ਨਜ਼ਰਾਂ ਨਾਲ਼ ਵੇਖਦਿਆਂ ਪੁੱਛਿਆ:

"ਡਰ ਨਹੀਂ ਲੱਗਦਾ ?"

"ਨਹੀਂ, ਨਹੀਂ ਲੱਗਦਾ।"

"ਜੰਗਲ ਵਿਚ ਰਾਤ ਨੂੰ ਇਕੱਲਿਆਂ ਡਰ ਨਹੀਂ ਆਵੇਗਾ ?"

"ਨਹੀਂ, ਕੋਈ ਨਹੀਂ।"

"ਜੇ ਜਰਮਨਾਂ ਦੇ ਕਾਬੂ ਆ ਗਈ, ਜੇ ਉਹਨਾਂ ਤਸੀਹੇ ਦਿੱਤੇ ?"

"ਸਹਿ ਲਵਾਂਗੀ।"

ਉਸ ਦੇ ਭਰੋਸੇ ਤੋਂ ਕਮਾਂਡਰ ਪ੍ਰਭਾਵਿਤ ਹੋ ਗਿਆ ਤੇ ਉਸ ਨੇ ਜ਼ੋਇਆ ਨੂੰ ਆਪਣੇ ਯੂਨਿਟ ਵਿਚ ਭਰਤੀ ਕਰ ਲਿਆ। ਉਹਨਾਂ ਨੂੰ ਲੜਾਈ ਵਿਚ ਭੇਜਿਆ ਗਿਆ ਜੋ ਜ਼ੋਇਆ ਦਾ ਸੁਪਨਾ ਸੀ।

17 ਨਵੰਬਰ ਨੂੰ ਉਹਨੇ ਆਪਣੀ ਮਾਂ ਨੂੰ ਆਖਰੀ ਚਿੱਠੀ ਵਿਚ ਲਿਖਿਆ: "ਪਿਆਰੀ ਮੰਮੀ ! ਤੂੰ ਇਸ ਵੇਲੇ ਕਿਸ ਤਰ੍ਹਾਂ ਰਹਿ ਰਹੀ ਏਂ ? ਕਿਸ ਤਰ੍ਹਾਂ ਮਹਿਸੂਸ ਕਰਦੀ ਏਂ ? ਬੀਮਾਰ ਤਾਂ ਨਹੀਂ ਹੋ ਗਈ ? ਮੰਮੀ, ਜੇ ਹੋ ਸਕੇ ਤਾਂ ਮੈਨੂੰ ਚਾਰ ਸਤਰਾਂ ਲਿਖ। ਜਦੋਂ ਮੈਂ ਆਪਣਾ ਕੰਮ ਮੁਕਾ ਕੇ ਮੁੜਾਂਗੀ ਤਾਂ ਘਰ ਆਵਾਂਗੀ। ਤੇਰੀ ਜ਼ੋਇਆ।" ਅਤੇ ਆਪਣੀ ਕਾਪੀ ਵਿਚ ਉਸ ਨੇ ਹੈਮਲਿਟ ਵਿਚੋਂ ਇਹ ਸਤਰ ਲਿਖੀ:

"ਅਲਵਿਦਾ, ਅਲਵਿਦਾ ! ਮੈਨੂੰ ਯਾਦ ਰੱਖਣਾ !"

ਅਗਲੇ ਦਿਨ, ਕੋਮਸੋਮੋਲ ਛਾਪਾਮਾਰਾਂ ਦੀ ਇਕ ਟੋਲੀ ਨਾਲ਼, ਜ਼ੋਇਆ ਓਬੂਖ਼ੋਵੋ ਪਿੰਡ ਦੇ ਨੇੜੇ ਮੁਹਾਜ਼ ਤੋਂ ਪਾਰ ਚਲੀ ਗਈ ਤੇ ਦੁਸ਼ਮਣ ਦੇ ਕਬਜ਼ੇ ਹੇਠਲੇ ਇਲਾਕੇ ਵਿਚ ਪਹੁੰਚ ਗਈ।

ਦੋ ਹਫਤੇ ਉਹ ਜੰਗਲ ਵਿਚ ਰਹੇ। ਰਾਤ ਵੇਲੇ ਉਹ ਵੱਖ-ਵੱਖ ਤਰ੍ਹਾਂ ਦੀਆਂ ਕਾਰਵਾਈਆਂ ਕਰਦੇ ਅਤੇ ਦਿਨ ਵੇਲੇ ਅੱਗ ਦੁਆਲੇ ਬੈਠੇ ਜਾਂ ਸੁੱਤੇ ਰਹਿੰਦੇ। ਟੋਲੀ ਦੇ ਕੁਝ ਬੰਦਿਆਂ ਲਈ ਇਸ ਜ਼ਿੰਦਗੀ ਦੀਆਂ ਮੁਥਾਜੀਆਂ ਤੇ ਔਕੜਾਂ ਬੜੀਆਂ ਅਸਹਿ ਸਨ, ਪਰ ਜ਼ੋਇਆ ਨੇ ਕਦੇ ਕੋਈ ਸ਼ਿਕਵਾ ਨਹੀਂ ਸੀ ਕੀਤਾ ਤੇ ਉਸ ਨੇ ਸਭ ਕੁਝ ਸਬਰ ਨਾਲ਼ ਬਰਦਾਸ਼ਤ ਕੀਤਾ ਸੀ।

ਉਹ ਆਪਣੇ ਨਾਲ਼ ਪੰਜਾਂ ਦਿਨਾਂ ਜੋਗੀਆਂ ਖਾਣ-ਪੀਣ ਦੀਆਂ ਚੀਜ਼ਾਂ ਲੈ ਕੇ ਗਏ ਸਨ ਪਰ ਇਹਨਾਂ ਨਾਲ਼ ਪੰਦਰਾਂ ਦਿਨ ਕੱਟੇ ਤੇ ਇਸ ਵੇਲੇ ਭੂਰ-ਚੂਰ ਨਾਲ਼ ਹੀ ਡੰਗ ਟਪਾ ਰਹੇ ਸਨ। ਵਾਪਸ ਮੁੜ ਜਾਣ ਦਾ ਵੇਲਾ ਆ ਗਿਆ ਸੀ, ਪਰ ਜ਼ੋਇਆ ਨੂੰ ਇਸ ਤਰ੍ਹਾਂ ਲੱਗਦਾ ਸੀ ਕਿ ਉਸ ਨੇ ਤਾਂ ਕੁਝ ਵੀ ਨਹੀਂ ਕੀਤਾ। ਉਸ ਨੇ ਪਿੱਛੇ ਰਹਿ ਜਾਣ ਦਾ ਫੈਸਲਾ ਕੀਤਾ ਤਾਂ ਜੋ ਪੇਤਰਿਸ਼ਚੇਵੋ ਵਿਚ ਦਾਖਲ ਹੋਣ ਦਾ ਯਤਨ ਕਰੇ। ਉਸ ਨੇ ਆਪਣੇ ਸਾਥੀਆਂ ਨੂੰ ਆਖਿਆ:

"ਕੋਈ ਗੱਲ ਨਹੀਂ ਜੇ ਮੈਂ ਮਰ ਗਈ ਤਾਂ। ਬਾਰਾਂ ਜਰਮਨਾਂ ਨੂੰ ਨਾਲ਼ ਲੈ ਕੇ ਮਰਾਂਗੀ।"

ਉਹ ਦੋ ਹੋਰ ਛਾਪੇਮਾਰਾਂ ਨਾਲ਼ ਤੁਰ ਪਈ, ਪਰ ਛੇਤੀ ਹੀ ਮਗਰੋਂ ਉਹ ਇਕੱਲੀ ਰਹਿ ਗਈ। ਉਸ ਨੇ ਇਕੱਲਿਆਂ, ਨਿਡਰ ਹੋ ਕੇ ਜੰਗਲ ਵਿਚ ਦੋ ਰਾਤਾਂ ਗੁਜ਼ਾਰੀਆਂ ਤੇ ਫੇਰ ਪਿੰਡ ਵੱਲ ਤੁਰ ਪਈ ਅਤੇ ਸੱਚਮੁੱਚ ਹੀ ਇਕ ਅਹਿਮ ਟਿਕਾਣੇ 'ਤੇ ਪਹੁੰਚ ਗਈ ਪਰ ਜਰਮਨ ਸੰਤਰੀ ਨੇ ਉਸ ਨੂੰ ਕਾਬੂ ਕਰ ਲਿਆ। ਨਾਜ਼ੀਆਂ ਦੀ ਟੋਲੀ ਅੱਗੇ ਜਿਨ੍ਹਾਂ ਨੇ ਉਸ ਨੂੰ ਵਹਿਸ਼ੀਆਨਾ ਬੇਕਿਰਕੀ ਨਾਲ਼ ਤਸੀਹੇ ਦਿੱਤੇ ਉਹ ਮਰਦ ਬਣ ਕੇ ਡਟੀ ਰਹੀ ਸੀ। ਆਪਣੀ ਜ਼ਿੰਦਗੀ ਦੀਆਂ ਆਖਰੀ ਘੜੀਆਂ ਵਿਚ ਉਹ, ਸ਼ਾਇਦ, ਆਪਣੇ ਮਹਿਬੂਬ ਇਤਿਹਾਸਕ ਰੂਸੀ ਸੂਰਮਿਆਂ ਤੇ ਸ਼ਹੀਦਾਂ ਤੋਂ ਸ਼ਕਤੀ ਲੈਂਦੀ ਰਹੀ ਸੀ।

ਇਕ ਵਾਰੀ ਸਕੂਲ ਵਿਚ ਜ਼ੋਇਆ ਨੇ ਰੂਸੀ ਸੂਰਬੀਰ ਇਲੀਆ ਮੂਰੋਮੇਤਸ ਬਾਰੇ ਲਿਖਿਆ ਸੀ: "ਜਦੋਂ ਦੁਸ਼ਮਣ ਦਾ ਪੱਲਾ ਭਾਰੀ ਹੋਣ ਲੱਗਾ ਤਾਂ ਖੁਦ ਰੂਸੀ ਧਰਤੀ ਨੇ ਉਸ ਵਿਚ ਨਵਾਂ ਬਾਹੂਬੱਲ ਪੈਦਾ ਕਰ ਦਿੱਤਾ।" ਮੌਤ ਦੇ ਉਹਨਾਂ ਪਲਾਂ ਵਿਚ, ਜ਼ੋਇਆ ਦੀ ਸੋਵੀਅਤ ਮਾਤਭੂਮੀ ਨੇ ਉਸ ਵਿਚ ਉਹ ਸ਼ਕਤੀ ਪੈਦਾ ਕਰ ਦਿੱਤੀ ਹੋਵੇਗੀ ਜੋ ਇਕ ਮੁਟਿਆਰ ਵਿਚ ਵੇਖ ਕੇ ਹੈਰਤ ਹੁੰਦੀ ਸੀ। ਉਸ ਦੇ ਦੁਸ਼ਮਣ ਵੀ ਇਸ ਨੂੰ ਮੰਨਣ ਲਈ ਮਜ਼ਬੂਰ ਸਨ।

ਇਕ ਐਨ. ਸੀ. ਓ. ਕਾਰਲ ਬੇਯੇਰਲੈਨ, ਜਿਹੜਾ ਮਗਰੋਂ ਸਾਡੇ ਹੱਥ ਆ ਗਿਆ ਸੀ, ਨੇ ਉਹ ਤਸੀਹੇ ਅੱਖੀਂ ਵੇਖੇ ਸਨ ਜਿਹੜੇ 197ਵੀਂ ਡਿਵੀਜਨ ਦੀ 332 ਵੀਂ ਪਿਆਦਾ ਰੈਜਮੈਂਟ ਦੇ ਕਮਾਂਡਰ ਲੈਫਟੀਨੈਂਟ ਕਰਨਲ ਰਿਊਡੇਰਰ ਨੇ ਜ਼ੋਇਆ ਕਾਸਮੋਦੇਮੀਆਨਸਕਾਯਾ ਨੂੰ ਦਿੱਤੇ ਸਨ। ਉਸ ਨੇ ਆਪਣੇ ਬਿਆਨ ਵਿਚ ਲਿਖਿਆ ਸੀ:

"ਤੁਹਾਡੇ ਲੋਕਾਂ ਦੀ ਮੁਟਿਆਰ ਵੀਰਾਂਗਣ ਅਡੋਲ ਰਹੀ। ਉਹ ਨਹੀਂ ਸੀ ਜਾਣਦੀ ਕਿ ਵਸਾਹਘਾਤ ਕਿਸ ਚੀਜ਼ ਦਾ ਨਾਂ ਹੁੰਦਾ ਹੈ... ਸਰਦੀ ਨਾਲ਼ ਉਹਦੇ ਹੱਥ ਪੈਰ ਨੀਲ਼ੇ ਹੋ ਗਏ ਸਨ ਤੇ ਉਹਦੇ ਜ਼ਖ਼ਮਾਂ ਵਿਚੋਂ ਲਹੂ ਵਹਿ ਰਿਹਾ ਸੀ, ਪਰ ਉਸ ਕੁਝ ਵੀ ਨਹੀਂ ਸੀ ਦੱਸਿਆ।"

ਫਾਂਸੀ ਚੜ੍ਹਨ ਵੇਲੇ ਜ਼ੋਇਆ ਆਪਣੇ ਦੇਸ਼ ਬਾਰੇ ਸੋਚ ਰਹੀ ਸੀ। ਅਤੇ ਆਪਣੀ ਮੌਤ ਦੀ ਘੜੀ ਉਸ ਨੇ ਹੋਣ ਵਾਲ਼ੀ ਜਿੱਤ ਦਾ ਜੈਕਾਰਾ ਛੱਡਿਆ ਸੀ।

ਜ਼ੋਇਆ ਨੂੰ ਫਾਹੇ ਲਾਏ ਜਾਣ ਤੋਂ ਤੁਰੰਤ ਮਗਰੋਂ ਚੌਂਕ ਸੁਨਸਾਨ ਹੋ ਗਿਆ ਅਤੇ ਅਤਿ ਜ਼ਰੂਰੀ ਲੋੜ ਤੋਂ ਬਗੈਰ ਸਾਰਾ ਦਿਨ ਕੋਈ ਪਿੰਡ ਵਾਸੀ ਘਰੋਂ ਬਾਹਰ ਨਹੀਂ ਨਿਕਲਿਆ। ਜ਼ੋਇਆ ਦੀ ਲਾਸ਼ ਹਵਾ ਵਿਚ ਝੂਲਦੀ ਪੂਰਾ ਮਹੀਨਾ ਲਟਕਦੀ ਰਹੀ ਸੀ। ਮੌਤ ਦੇ ਪਿਛੋਂ ਵੀ ਉਸ ਦੇ ਖੂਬਸੂਰਤ ਚਿਹਰੇ ਦੀ ਤਾਜ਼ਗੀ ਤੇ ਮਾਸੂਮੀਅਤ ਕਾਇਮ ਸੀ ਤੇ ਇਸ ਤੋਂ ਪੂਰਨ ਸ਼ਾਂਤੀ ਝਲਕਦੀ ਸੀ। ਜਿਹੜੇ ਵੀ ਲੋਕ ਫਾਂਸੀ ਅੱਗੋਂ ਦੀ ਲੰਘਦੇ ਸਨ ਉਹ ਆਪਣਾ ਸਿਰ ਨਿਵਾ ਦੇਂਦੇ

ਸਨ ਤੇ ਚਾਲ ਤਿੱਖੀ ਕਰ ਲੈਂਦੇ ਸਨ। ਜਦੋਂ ਜਰਮਨ ਦਸਤੇ ਕੂਚ ਕਰਦੇ ਇਸ ਪਿੰਡ ਆ ਕੇ ਰੁਕਦੇ ਤਾਂ ਇਹ ਵਹਿਸ਼ੀ ਨਾਜ਼ੀ ਲਾਸ਼ ਦੁਆਲੇ ਘੇਰਾ ਪਾ ਲੈਂਦੇ ਤੇ ਠਹਾਕੇ ਮਾਰਦੇ ਹੋਏ ਇਸ ਨੂੰ ਸੋਟੀਆਂ ਚਭੋਦੇ। ਫੇਰ ਉਹ ਅੱਗੇ ਵਧਦੇ ਤੇ ਕੁਝ ਕਿਲੋਮੀਟਰ ਦੂਰ ਆ ਕੇ ਸ਼ੁਗਲ ਮੇਲੇ ਵਾਸਤੇ ਕੁਝ ਹੋਰ ਮਿਲ ਜਾਂਦਾ: ਜ਼ਿਲ੍ਹਾ ਹਸਪਤਾਲ ਦੇ ਸਾਮ੍ਹਣੇ ਦੋ ਮੁੰਡਿਆਂ ਦੀਆਂ ਲਾਸ਼ਾਂ ਲਟਕ ਰਹੀਆਂ ਸਨ।

ਫਾਸਿਸਟਾਂ ਦੇ ਕਬਜ਼ੇ ਹੇਠਲੀ ਧਰਤੀ, ਜਿੱਥੇ ਫਾਂਸੀਆਂ ਖੜੀਆਂ ਸਨ ਤੇ ਲਹੂ ਦੀਆਂ ਨਦੀਆਂ ਵਹਿੰਦੀਆਂ ਸਨ, ਬਦਲਾ ਲੈਣ ਲਈ ਕੁਰਲਾ ਰਹੀ ਸੀ।

ਜਰਮਨਾਂ ਨੂੰ ਕਾਹਲ਼ੀ-ਕਾਹਲ਼ੀ ਵਿਚ ਪੇਤਰਿਸ਼ਚੇਵੋ ਤੋਂ ਪਿੱਛੇ ਹਟਣਾ ਪਿਆ ਤੇ ਉਹ ਇਸ ਨੂੰ ਅੱਗ ਨਾ ਲਾ ਸਕੇ। ਆਸ-ਪਾਸ ਦੇ ਸਾਰੇ ਪਿੰਡਾਂ ਵਿਚੋਂ ਸਿਰਫ ਏਹੋ ਇਕ ਪਿੰਡ ਬਚਿਆ ਰਹਿ ਗਿਆ ਸੀ। ਇਸ ਪਿੰਡ ਵਿੱਚ ਉਹ ਲੋਕ ਸਨ ਜਿਨ੍ਹਾਂ ਨੇ ਹਿਟਲਰੀ ਫ਼ੌਜਾਂ ਦੇ ਜ਼ੁਲਮ ਵੇਖੇ ਸਨ ਅਤੇ ਇਸ ਪਿੰਡ ਵਿਚ ਹੀ ਜ਼ੋਇਆ ਦੀ ਕਬਰ ਸੀ।

ਜ਼ੋਇਆ ਦੀ ਕਹਾਣੀ ਮੂੰਹੋਂ-ਮੂੰਹ ਨਾਜ਼ੀਆਂ ਤੋਂ ਅਜ਼ਾਦ ਕਰਾਏ ਪਿੰਡਾਂ ਵਿਚ ਫੈਲ ਗਈ। ਮੋਰਚੇ 'ਤੇ ਲੜਦੇ ਸੈਨਿਕਾਂ ਨੇ ਉਹਦੇ ਨਾਂ ਕਵਿਤਾਵਾਂ ਸਮਰਪਿਤ ਕੀਤੀਆਂ ਤੇ ਉਹ ਦਾ ਨਾਂ ਲੈ ਕੇ ਦੁਸ਼ਮਣਾਂ ਉੱਤੇ ਗੋਲ਼ੇ ਵਰ੍ਹਾਏ। ਉਸ ਦੇ ਖਿਆਲ ਤੋਂ ਹੀ ਲੋਕਾਂ ਨੂੰ ਇਕ ਨਵੀਂ ਤਾਕਤ ਮਿਲਦੀ ਸੀ। ਉਸ ਵੇਲੇ ਇਤਿਹਾਸ ਦੇ ਇਕ ਵਿਦਿਆਰਥੀ ਨੇ "ਪ੍ਰਾਵਦਾ" ਨੂੰ ਲਿਖਿਆ ਸੀ: "ਅਸੀਂ, ਸੋਵੀਅਤ ਲੋਕਾਂ ਨੇ ਅਜੇ ਹੋਰ ਬੜੀਆਂ ਅਜ਼ਮਾਇਸ਼ਾਂ ਵਿਚੋਂ ਲੰਘਣਾ ਹੈ। ਤੇ ਜੇ ਔਕੜ ਪੇਸ਼ ਆਈ ਤਾਂ ਮੈਂ ਇਹ ਤ੍ਰਾਸਦਿਕ ਕਹਾਣੀ ਫੇਰ ਪੜ੍ਹਾਂਗਾ ਅਤੇ ਇਕ ਵਾਰੀ ਫੇਰ ਇਸ ਛਾਪਾਮਾਰ ਕੁੜੀ ਦੇ ਸੋਹਣੇ ਤੇ ਦਲੇਰ ਮੁੱਖੜੇ ਵੱਲ ਵੇਖਾਂਗਾ।"

ਜ਼ੋਇਆ ਕਾਸਮੋਦੇਮੀਆਨਸਕਾਯਾ ਦਾ ਉੱਜਲਾ ਬਿੰਬ ਇਕ ਤਾਰੇ ਵਾਂਗ ਆਲੇ-ਦੁਆਲੇ ਦੂਰ ਤੱਕ ਚਮਕਦਾ ਹੈ। ਉਸ ਨੇ ਇਸ ਕਾਰਨਾਮੇ ਨਾਲ਼ ਆਪਣੇ-ਆਪ ਨੂੰ ਉਹਨਾਂ ਅਣਖੀਲੇ ਯੋਧਿਆਂ ਵਰਗੀ ਸਿੱਧ ਕੀਤਾ, ਜਿਨ੍ਹਾਂ ਬਾਰੇ ਉਹਨੇ ਪੜ੍ਹਿਆ ਸੀ ਅਤੇ ਜਿਨ੍ਹਾਂ ਕੋਲੋਂ ਜਿਊਂਣਾ ਸਿੱਖਿਆ ਸੀ।

• • •

ਵਾਦੀਮ ਕੋਜ਼੍ਹੇਵਨੀਕੋਵ

ਵਾਦਿਮ ਕੋਜ਼੍ਹੇਵਨੀਕੋਵ (1909–1984) ਦਾ ਜਨਮ ਦੇਸਬਦਰ ਇਨਕਲਾਬੀਆਂ ਦੇ ਘਰ ਹੋਇਆ। 1939 ਵਿਚ ਸ਼ੁਰੂ ਕੀਤੀਆਂ ਸਾਹਿਤਕ ਸਰਗਰਮੀਆਂ ਜੰਗ ਨੇ ਭੰਗ ਕਰ ਦਿੱਤੀਆਂ। ਉਹ ਕੇਂਦਰੀ ਸੈਨਿਕ ਅਖ਼ਬਾਰ "ਕਰਾਸਨਾਯਾ ਜ਼ਵਿਜ਼ਦਾ" ਦਾ ਪੱਤਰਪ੍ਰੇਰਕ ਸੀ, ਹਰ ਵੇਲੇ ਮੈਦਾਨ–ਏ–ਜੰਗ ਵਿਚ ਰਿਹਾ। ਜੰਗ ਹੀ ਉਹਦੀਆਂ ਕਈ ਕਿਤਾਬਾਂ ਦਾ ਵਿਸ਼ਾ ਸੀ ਜਿਹੜੀਆਂ ਉਸ ਨੇ ਪੁਰਅਮਨ ਸਮਿਆਂ ਵਿਚ ਲਿਖੀਆ ਸਨ। ਕੋਜ਼੍ਹੇਵਨੀਕੋਵ ਤਿੰਨ ਵੱਡੇ ਨਾਵਲਾਂ, ਦਰਜ਼ਨਾਂ ਛੋਟੇ ਨਾਵਲਾਂ ਤੇ ਕੁਝ ਕਹਾਣੀ ਸੰਗ੍ਰਹਿਆਂ ਦਾ ਕਰਤਾ ਹੈ। ਉਹਨੂੰ ਸੋਵੀਅਤ ਯੂਨੀਅਨ ਦੇ ਰਾਜਕੀ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ ਹੋਇਆ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ ਕੀਤੀ ਗਈ ਕਹਾਣੀ "ਮਾਰਚ–ਅਪ੍ਰੈਲ" ਲੇਖਕ ਦੀ ਨੁਮਾਇੰਦਾ ਰਚਨਾ ਹੈ।

ਮਾਰਚ-ਅਪ੍ਰੈਲ

ਕਪਤਾਨ ਪਿਓਤਰ ਫਿਓਦਰੋਵਿਚ ਜ਼ਾਵੋਰੋਨਕੋਵ ਨੇ ਜਿਹੜਾ ਝਕਲਾ ਜਿਹਾ ਉਤਲਾ ਜੋੜਾ ਪਾਇਆ ਹੋਇਆ ਸੀ ਉਸ ਦੀਆਂ ਲੀਰਾਂ ਲਮਕ ਰਹੀਆਂ ਸਨ ਤੇ ਧੂਣੀ ਕੋਲ ਬਹਿ ਕੇ ਬਿਤਾਈਆਂ ਰਾਤਾਂ ਸਮੇਂ ਕਈ ਥਾਵਾਂ ਤੋਂ ਝੁਲਸ ਗਿਆ ਹੋਇਆ ਸੀ। ਉਸ ਦੀ ਲਾਖੀ ਦਾੜ੍ਹੀ ਤੇ ਜੰਮ ਗਈ ਮਿੱਟੀ ਨਾਲ਼ ਕਾਲੀਆਂ ਹੋਈਆਂ ਝੁਰੜੀਆਂ ਸਦਕਾ ਕਪਤਾਨ ਦਾ ਚਿਹਰਾ ਵੇਖਣ ਨੂੰ ਬੁੱਢਿਆਂ ਵਰਗਾ ਲੱਗਦਾ ਸੀ।

ਮਾਰਚ ਮਹੀਨੇ ਉਹ ਇਕ ਖਾਸ ਕਾਰਜ ਦੀ ਪੂਰਤੀ ਲਈ ਦੁਸ਼ਮਣ ਦੀਆਂ ਸਫਾਂ ਦੇ ਪਿਛਵਾੜੇ ਪੈਰਾਸ਼ੂਟ ਨਾਲ਼ ਉਤਰਿਆ ਸੀ ਅਤੇ ਹੁਣ, ਜਦੋਂ ਬਰਫ ਪਿਘਲ ਗਈ ਸੀ ਅਤੇ ਹਰ ਪਾਸੇ ਨਦੀਆਂ ਤੇ ਨਾਲੇ ਪੂਰੇ ਜ਼ੋਰ ਨਾਲ਼ ਵਹਿ ਰਹੇ ਸਨ, ਉਸ ਨੂੰ ਆਪਣੇ ਪਾਣੀ ਨਾਲ਼ ਗੜੁੱਚ ਨਮਦੇ ਦੇ ਬੂਟਾਂ ਨਾਲ਼ ਜੰਗਲ ਦੇ ਰਸਤੇ ਵਾਪਸ ਆਉਣ ਵਿਚ ਬੜੀ ਔਖ ਹੋ ਰਹੀ ਸੀ।

ਪਹਿਲਾਂ ਤਾਂ ਉਹ ਸਿਰਫ ਰਾਤ ਵੇਲੇ ਹੀ ਪੈਂਡਾ ਕਰਦਾ ਸੀ ਅਤੇ ਦਿਨ ਵੇਲੇ ਟੋਇਆਂ–ਖੱਡਾਂ ਵਿਚ ਲੰਮਾ ਪਿਆ ਆਰਾਮ ਕਰਦਾ ਸੀ। ਪਰ ਹੁਣ, ਇਸ ਗੱਲੋਂ ਡਰਦਿਆਂ ਕਿ ਭੁੱਖ ਨਾਲ਼ ਉਹਦੀ ਸੱਤਿਆ ਬਹੁਤੀ ਹੀ ਨਾ ਨੁੱਚੜ ਜਾਵੇ, ਉਹ ਦਿਨ ਵੇਲੇ ਵੀ ਤੁਰਦਾ ਰਹਿੰਦਾ ਸੀ।

ਕਪਤਾਨ ਨੇ ਜਿਹੜਾ ਕਾਰਜ ਨੇਪਰੇ ਚਾੜ੍ਹਨਾ ਸੀ ਉਹ ਚਾੜ੍ਹ ਲਿਆ ਹੋਇਆ ਸੀ। ਉਸ ਦਾ ਅਗਲਾ ਕੰਮ ਸੀ ਰੇਡਿਓ–ਮੌਸਮ–ਵਿਗਿਆਨੀ ਨੂੰ ਲੱਭਣਾ ਜਿਸ ਨੂੰ ਦੋ ਮਹੀਨੇ ਹੋਏ ਇੱਥੇ ਉਤਾਰਿਆ ਗਿਆ ਸੀ।

ਪਿਛਲੇ ਚਾਰ ਦਿਨਾਂ ਤੋਂ ਉਸ ਨੇ ਲਗਭਗ ਕੁਝ ਨਹੀਂ ਸੀ ਖਾਧਾ। ਪਿਘਲੀ ਹੋਈ ਬਰਫ਼ ਵਿਚ ਪੈਰ ਟਿਕਾਉਂਦਾ ਤੁਰਿਆ ਜਾਂਦਾ ਉਹ ਆਪਣੇ ਸੱਜੇ–ਖੱਬੇ ਬਰਚੇ ਦੇ ਰੁੱਖਾਂ ਦੇ ਚਿੱਟੇ ਤਣਿਆਂ ਵੱਲ ਭੁੱਖੀਆਂ ਨਜ਼ਰਾਂ ਨਾਲ਼ ਵੇਖਦਾ ਜਾ ਰਿਹਾ ਸੀ। ਉਸ ਨੂੰ ਪਤਾ ਸੀ ਕਿ ਇਹਨਾਂ ਰੁੱਖਾਂ ਦਾ ਛਿਲਕਾ ਲਾਹਿਆ ਜਾ ਸਕਦਾ ਹੈ, ਕੁੱਟ ਕੇ ਚੂਰਾ ਕੀਤਾ ਜਾ ਸਕਦਾ ਹੈ, ਉਬਾਲਿਆ ਜਾ ਸਕਦਾ ਹੈ ਅਤੇ ਫੇਰ, ਲੱਕੜ ਦੀ ਹਵਾੜ ਛੱਡਦਾ ਤੇ ਲੱਕੜ ਦਾ ਸਵਾਦ ਦੇਂਦਾ ਕੌੜਾ ਜਿਹਾ ਦਲੀਆ ਖਾਧਾ ਜਾ ਸਕਦਾ ਹੈ।

ਔਖ ਦੀਆਂ ਘੜੀਆਂ ਵਿਚ ਸੋਚੀਂ ਪਿਆ, ਕਪਤਾਨ ਆਪਣੇ–ਆਪ ਨਾਲ਼ ਇਉਂ ਗੱਲਾਂ ਕਰਨ ਗਿੱਝਾ ਹੋਇਆ ਸੀ ਜਿਵੇਂ ਕੋਈ ਸਿਆਣੇ ਤੇ ਦਲੇਰ ਹਮਰਾਹੀ ਨਾਲ਼ ਗੱਲਾਂ ਕਰਦਾ ਹੈ।

"ਖਾਸ ਹਾਲਤਾਂ ਨੂੰ ਧਿਆਨ ਵਿਚ ਰੱਖਦਿਆਂ," ਕਪਤਾਨ ਨੇ ਸੋਚਿਆ। "ਜਰਨੈਲੀ ਸੜਕ ਉੱਤੇ ਪਿਆ ਜਾ ਸਕਦਾ ਹੈ। ਤੇ ਨਾਲੇ ਹਾਂ, ਫੇਰ ਬੂਟ ਵੀ ਬਦਲੇ ਜਾ ਸਕਦੇ ਹਨ। ਪਰ,

ਆਮ ਤੌਰ 'ਤੇ ਗੱਲ ਕਰਦਿਆਂ, ਕਿਉਂਕਿ ਇੱਕਾ-ਦੁੱਕਾ ਜਰਮਨ ਗੱਡੀਆਂ ਉੱਤੇ ਧਾਵਾ ਬੋਲਣਾ ਹੈ, ਇਸ ਲਈ ਹਾਲਤ ਬਹੁਤੀ ਚੰਗੀ ਨਹੀਂ। ਤੇ, ਜਿਵੇਂ ਲੋਕ ਕਹਿੰਦੇ ਨੇ, ਦਿਮਾਗ਼ ਦੀ ਅਵਾਜ਼ ਢਿੱਡ ਦੀ ਗੁੜਗੁੜ ਵਿਚ ਦੱਬ ਜਾਂਦੀ ਹੈ।"

ਕਪਤਾਨ ਨੂੰ ਲੰਮੇ ਸਮੇਂ ਤੱਕ ਇਕੱਲਿਆਂ ਰਹਿਣ ਦੀ ਆਦਤ ਹੋ ਗਈ ਸੀ ਤੇ ਉਹ ਓਨਾ ਚਿਰ ਆਪਣੇ-ਆਪ ਨਾਲ਼ ਗੱਲਾਂ ਕਰ ਸਕਦਾ ਸੀ ਜਿੰਨਾ ਚਿਰ ਥੱਕ ਨਾ ਜਾਵੇ ਜਾਂ, ਜਿਵੇਂ ਉਹ ਆਪ ਹੀ ਮੰਨਦਾ ਸੀ, ਬੇਹੂਦਾ ਗੱਲਾਂ ਨਾ ਕਰਨ ਲੱਗ ਪਵੇ।

ਕਪਤਾਨ ਨੂੰ ਜਾਪਿਆ ਕਿ ਦੂਜੀ ਧਿਰ, ਜਿਸ ਨਾਲ਼ ਉਹ ਗੱਲਬਾਤ ਕਰ ਰਿਹਾ ਸੀ, ਬਹੁਤਾ ਮਾੜਾ ਗੱਭਰੂ ਨਹੀਂ ਸੀ। ਉਹ ਸਭ ਕੁਝ ਸਮਝਦਾ ਸੀ, ਸੁਹਿਰਦ ਸੀ ਤੇ ਖੁਲ੍ਹੇ ਦਿਲ ਵਾਲ਼ਾ ਸੀ। ਵਿਚ-ਵਿਚ ਕਪਤਾਨ ਉਸ ਨੂੰ ਰੁੱਖਾ ਹੋ ਕੇ ਟੋਕਦਾ। ਇਹ ਭੜਾਕਾ ਓਦੋਂ ਪੈਂਦਾ ਜਦੋਂ ਮਾਮੂਲੀ ਜਿਹੀ ਵੀ ਕਿਤੇ ਸਰਸਰ ਹੁੰਦੀ ਜਾਂ ਸਕੀਅ ਟਰੈਕ ਖੁਰਦੇ ਭੁਰਦੇ ਨਜ਼ਰ ਆਉਂਦੇ।

ਪਰ ਆਪਣੇ ਦੂਜੇ ਆਪੇ ਬਾਰੇ, ਖੁੱਲ੍ਹੇ ਦਿਲ ਤੇ ਸਭ ਕੁਝ ਸਮਝਣ ਵਾਲ਼ੇ ਗੱਭਰੂ ਬਾਰੇ, ਕਪਤਾਨ ਦੀ ਰਾਏ ਉਸ ਦੇ ਸਾਥੀਆਂ ਦੀ ਰਾਏ ਨਾਲ਼ੋਂ ਕੁਝ ਵੱਖਰੀ ਸੀ। ਆਪਣੇ ਯੂਨਿਟ ਵਿਚ ਕਪਤਾਨ ਬਹੁਤਾ ਦਿਲ ਖਿੱਚਵਾਂ ਬੰਦਾ ਨਹੀਂ ਸੀ ਸਮਝਿਆ ਜਾਂਦਾ। ਉਹ ਚੁੱਪ-ਰਹਿਣਾ ਤੇ ਸੰਕੋਚਵੇਂ ਸੁਭਾ ਵਾਲ਼ਾ ਬੰਦਾ ਸੀ ਅਤੇ ਦੂਜਿਆਂ ਦੀ ਦੋਸਤੀ ਤੇ ਖੁਲਾਸੇਪਨ ਨੂੰ ਉਤਸ਼ਾਹ ਨਹੀਂ ਸੀ ਦੇਂਦਾ। ਨਵਿਆਂ ਵਾਸਤੇ, ਜਦੋਂ ਉਹ ਪਹਿਲੀ ਵਾਰ ਧਾਵਾ ਬੋਲਣ ਤੁਰਨ ਲੱਗਦੇ, ਉਹਦੇ ਕੋਲ ਖੁਸ਼ ਕਰਨ ਜਾਂ ਹਲਾਸ਼ੇਰੀ ਦੇਣ ਵਾਲ਼ਾ ਕੋਈ ਲਫਜ਼ ਨਹੀਂ ਸੀ ਹੁੰਦਾ।

ਜਦੋਂ ਉਹ ਆਪਣਾ ਕਾਰਜ ਨੇਪਰੇ ਚਾੜ੍ਹ ਕੇ ਪਰਤਦਾ, ਤਾਂ ਕਪਤਾਨ ਜੇਤੂ ਮਿਲਣੀਆਂ ਤੋਂ ਕਤਰਾਉਣ ਦੀ ਕੋਸ਼ਿਸ਼ ਕਰਦਾ ਸੀ। ਗਲਵੱਕੜੀਆਂ ਤੋਂ ਬਚਦਾ ਹੋਇਆ, ਉਹ ਬੁੜਬੁੜ ਕਰਦਾ: "ਮੈਨੂੰ ਜਾ ਕੇ ਹਜਾਮਤ ਕਰਨੀ ਚਾਹੀਦੀ ਹੈ। ਗੱਲ੍ਹਾਂ ਕੰਡੇਰਨੇ ਵਰਗੀਆਂ ਹੋ ਗਈਆਂ ਨੇ," ਤੇ ਉਹ ਵਾਹੋਵਾਹੀ ਆਪਣੇ ਕੁਆਟਰ ਵੱਲ ਤੁਰ ਪੈਂਦਾ।

ਉਸ ਨੂੰ ਜਰਮਨ ਸਫਾਂ ਦੇ ਪਿਛਵਾੜੇ ਕੀਤੇ ਆਪਣੇ ਕੰਮ ਦੀ ਗੱਲ ਕਰਨਾ ਵੀ ਚੰਗਾ ਨਹੀਂ ਸੀ ਲੱਗਦਾ ਤੇ ਆਪਣੇ ਅਫਸਰ ਨੂੰ ਰਿਪੋਰਟ ਕਰਨ ਦੀ ਹੱਦ ਤੋਂ ਅਗਾਂਹ ਨਹੀਂ ਸੀ ਜਾਂਦਾ। ਆਪਣੇ ਕਾਰਜ ਨੂੰ ਨੇਪਰੇ ਚਾੜ੍ਹਨ ਮਗਰੋਂ ਉਹ ਬਿਸਤਰੇ ਵਿਚ ਲੰਮਾ ਪਿਆ ਅਰਾਮ ਕਰਦਾ, ਤੇ ਸੁੱਤ-ਉਨੀਂਦਾ ਤੇ ਅਲਸਾਇਆ ਜਿਹਾ ਖਾਣਾ-ਖਾਣ ਵਾਸਤੇ ਆਉਂਦਾ।

"ਬੇਸੁਆਦਾ ਆਦਮੀ," ਉਹਦੇ ਬਾਰੇ ਆਖਿਆ ਜਾਂਦਾ ਸੀ, "ਤੇ ਅਕਾ ਮਾਰਨਾ ਵਾਲ਼ਾ।"

ਇਕ ਵਾਰੀ ਉਹਦੇ ਵਿਹਾਰ-ਸਲੀਕੇ ਨੂੰ ਮੁਨਾਸਿਬ ਸਿਧ ਕਰਨ ਵਾਲ਼ੀ ਇਕ ਅਫਵਾਹ ਫੈਲ ਗਈ। ਲੜਾਈ ਦੇ ਪਹਿਲੇ ਦਿਨਾਂ ਵਿਚ ਹੀ ਨਾਜ਼ੀਆਂ ਨੇ ਉਹਦੇ ਟੱਬਰ ਦਾ ਇਕ-ਇਕ ਜੀਅ ਮਾਰ ਸੁਟਿਆ ਸੀ।

ਉਹਦੇ ਕੰਨਾਂ ਤੱਕ ਇਹ ਅਫਵਾਹ ਪਹੁੰਚੀ ਤਾਂ ਕਪਤਾਨ ਜਦੋਂ ਖਾਣਾ ਖਾਣ ਆਇਆ ਉਹਦੇ ਹੱਥ ਵਿਚ ਇਕ ਚਿੱਠੀ ਸੀ। ਸੂਪ ਖਾਂਦਿਆਂ ਤੇ ਸਾਮ੍ਹਣੇ ਰੱਖੀ ਚਿੱਠੀ ਪੜ੍ਹਦਿਆਂ, ਉਸ ਨੇ ਦੱਸਿਆ:

"ਬੀਵੀ ਦੀ ਹੈ।"

ਸਭ ਦੀਆਂ ਇਕ ਦੂਜੇ ਨਾਲ਼ ਨਜ਼ਰਾਂ ਮਿਲੀਆਂ। ਕਈਆਂ ਦਾ ਖਿਆਲ ਸੀ ਕਿ ਕਪਤਾਨ ਮਿਲਣਸਾਰ ਇਸ ਕਰਕੇ ਹੀ ਨਹੀਂ ਕਿ ਉਹਦੇ ਨਾਲ਼ ਅਜਿਹਾ ਦੁਖਾਂਤ ਵਾਪਰਿਆ ਹੈ। ਪਰ ਇਸ ਤਰ੍ਹਾਂ ਦਾ ਦੁਖਾਂਤ ਕਦੇ ਕੋਈ ਨਹੀਂ ਸੀ ਵਾਪਰਿਆ। ਤੇ ਕਪਤਾਨ ਨੂੰ ਵਾਇਲਨ ਵੀ ਬਿਲਕੁਲ ਚੰਗੀ ਨਹੀਂ ਸੀ ਲਗਦੀ, ਉਹਦੀ ਆਵਾਜ਼ ਤੋਂ ਹੀ ਉਸ ਨੂੰ ਚਿੜ੍ਹ ਸੀ।

...ਰੁੰਡ-ਮਰੁੰਡ ਤੇ ਗਿੱਲਾ ਜੰਗਲ। ਪੈਰਾਂ ਹੇਠਾਂ ਸਿੱਲ੍ਹੀ ਭੋਂ। ਗੰਦੇ ਪਾਣੀ ਨਾਲ ਭਰੇ ਚਲ੍ਹੇ, ਪੰਘਰਦੀ ਤੇ ਗਾਰੇ ਨਾਲ਼ ਭਰੀ ਬਰਫ। ਅਜਿਹੀਆਂ ਕਰਮਾਂ-ਮਾਰੀਆਂ ਥਾਵਾਂ ਤੋਂ ਪੈਰ ਘੜੀਸਦਾ ਜਾਂਦਾ, ਉਦਾਸ, ਥੱਕਿਆ-ਹਾਰਿਆ, ਇਕੱਲਾ ਆਦਮੀ।

ਪਰ ਕਪਤਾਨ ਨੇ ਇਹ ਜੰਗਲ ਦਾ ਰਸਤਾ ਜਾਣ-ਬੁੱਝ ਕੇ ਚੁਣਿਆ ਸੀ ਕਿਉਂਕਿ ਇੱਥੇ ਜਰਮਨਾਂ ਨਾਲ਼ ਟਾਕਰਾ ਹੋ ਜਾਣ ਦੀ ਸੰਭਾਵਨਾ ਘੱਟ ਸੀ। ਅਤੇ ਉਸ ਨੂੰ ਧਰਤੀ ਜਿੰਨੀ ਵਧੇਰੇ ਅਣਗੌਲੀ ਤੇ ਸੁੰਨ-ਮਸਾਣ ਜਾਪਦੀ, ਓਨਾ ਹੀ ਬਹੁਤਾ ਉਹ ਸੁਰੱਖਿਅਤ ਮਹਿਸੂਸ ਕਰਦਾ।

ਭੁੱਖ ਨਾਲ਼ ਢਿੱਡ ਵਿਚ ਕੜਵੱਲ ਪੈਣੇ ਅਜੇ ਸ਼ੁਰੂ ਹੋਏ ਹੀ ਸਨ। ਕਿਸੇ-ਕਿਸੇ ਵੇਲ਼ੇ ਕਪਤਾਨ ਚੰਗੀ ਤਰ੍ਹਾਂ ਵੇਖ ਵੀ ਨਹੀਂ ਸੀ ਸਕਦਾ। ਉਹ ਖਲੋ ਜਾਂਦਾ, ਆਪਣੀਆਂ ਅੱਖਾਂ ਮਲਦਾ, ਤੇ ਇਸ ਤਰ੍ਹਾਂ ਵੀ ਕੁਝ ਫਾਇਦਾ ਨਾ ਹੁੰਦਾ, ਤਾਂ ਬੇਉਂਗਲੇ ਗਰਮ ਦਸਤਾਨਿਆਂ ਸਮੇਤ ਮੁੱਕੀਆਂ ਵੱਟ ਕੇ ਆਪਣੇ ਜਬਾੜਿਆਂ ਉੱਤੇ ਮਾਰਦਾ ਤਾਂ ਜੋ ਖ਼ੂਨ ਦਾ ਦੌਰਾ ਮੁੜ ਸ਼ੁਰੂ ਹੋ ਜਾਵੇ।

ਇਕ ਖੱਡ ਵਿਚ ਉੱਤਰ ਕੇ, ਕਪਤਾਨ ਢਲਾਣ ਦੀ ਸਿਖ਼ਰ ਉੱਤੇ ਅਗਾਂਹ ਨੂੰ ਵਧੀ ਹੋਈ ਬਰਫ ਵਿਚੋਂ ਡਿਗਦੀ ਪਾਣੀ ਦੀ ਨਿੱਕੀ ਜਿਹੀ ਧਾਰ ਹੇਠ ਝੁਕਿਆ ਤੇ ਪਾਣੀ ਪੀਣ ਲੱਗ ਪਿਆ। ਢਲਦੀ ਬਰਫ ਦਾ ਸੱਜਰਾ ਪਾਣੀ ਮਾੜੀ ਜਿਹੀ ਕਚਿਆਣ ਮਾਰਦਾ ਸੀ। ਪਰ ਉਹ ਪੀਂਦਾ ਗਿਆ, ਭਾਵੇਂ ਉਹਦਾ ਜੀਅ ਨਹੀਂ ਸੀ ਕਰਦਾ। ਪੀਂਦਾ ਇਸ ਵਾਸਤੇ ਗਿਆ ਕਿ ਖਾਲੀ ਢਿੱਡ ਤਾਂ ਭਰ ਜਾਵੇ।

ਤਰਕਾਲਾਂ ਪੈਣ ਵਾਲ਼ੀਆਂ ਸਨ। ਢਿੱਲੀ-ਢਿੱਲੀ ਬਰਫ ਉੱਤੇ ਸੰਘਣੇ ਪਰਛਾਵੇਂ ਲੱਥ ਆਏ ਸਨ। ਪਾਲ਼ਾ ਹੋ ਗਿਆ ਸੀ। ਚਲ੍ਹੇ ਜੰਮਣ ਲੱਗ ਪਏ ਸਨ, ਤੇ ਪੱਕੀ ਬਰਫ ਪੈਰਾਂ ਹੇਠਾਂ ਕਰਚ-ਕਰਚ ਕਰਦੀ ਸੀ। ਗਿੱਲੀਆਂ ਟਾਹਣੀਆਂ ਉੱਤੇ ਬਰਫ ਲਿਸ਼ਕਣ ਲੱਗ ਪਈ ਸੀ। ਜਦੋਂ ਉਹ ਆਪਣੇ ਹੱਥ ਨਾਲ਼ ਟਾਹਣੀਆਂ ਨੂੰ ਇਕ ਪਾਸੇ ਕਰਦਾ ਤਾਂ ਉਹ ਖੜ-ਖੜ ਕਰਦੀਆਂ। ਤੇ ਕਪਤਾਨ ਭਾਵੇਂ ਚੁੱਪ-ਚਾਪ ਅੱਗੇ ਵਧਣ ਦੀ ਕਿੰਨੀ ਵੀ ਕੋਸ਼ਿਸ਼ ਕਰਦਾ, ਕਦਮ-ਕਦਮ ਉੱਤੇ ਤਿੜਤਿੜ ਛਣ-ਛਣ ਦੀ ਅਵਾਜ਼ ਪੈਦਾ ਹੁੰਦੀ ਸੀ।

ਚੰਦਰਮਾਂ ਚੜ੍ਹ ਪਿਆ ਸੀ। ਜੰਗਲ ਵਿਚ ਚਾਨਣ ਹੋ ਗਿਆ।

ਰੇਡੀਓ ਅਪਰੇਟਰ ਏਥੇ ਨੇੜੇ ਹੀ ਕਿਧਰੇ ਹੋਣਾ ਚਾਹੀਦਾ ਸੀ। ਪਰ ਜੇ ਵਰਗ-ਖੇਤਰ ਹੀ ਚਾਰ ਕਿਲੋਮੀਟਰ ਦਾ ਹੈ ਤਾਂ ਉਸ ਨੂੰ ਤੁਰੰਤ ਹੀ ਕਿਵੇਂ ਲੱਭਿਆ ਜਾਏ ? ਇਸ ਵਿਚ ਕੋਈ ਸ਼ੱਕ ਨਹੀਂ ਕਿ ਰੇਡੀਓ ਅਪਰੇਟਰ ਨੇ ਆਪਣੇ ਵਾਸਤੇ ਕੋਈ ਟੋਇਆ ਪੁੱਟ ਲਿਆ ਹੋਵੇਗਾ ਜਿਹੜਾ ਕਿਸੇ ਜਾਨਵਰ ਦੇ ਘੁਰਨੇ ਨਾਲ਼ੋਂ ਘੱਟ ਲੁਕਵਾਂ ਨਹੀਂ ਹੋਣਾ।

ਉਹ ਜੰਗਲ ਵਿਚ ਥਾਂ-ਥਾਂ ਟਾਹਰਾਂ ਤਾਂ ਮਾਰ ਨਹੀਂ ਸੀ ਸਕਦਾ "ਏ ਕਾਮਰੇਡ ! ਕਿੱਥੇ ਆਂ

ਤੂੰ ?!"

ਕਪਤਾਨ ਇਕ ਝਿੜੀ ਵਿਚੋਂ ਲੰਘ ਰਿਹਾ ਸੀ ਜਿਹੜੀ ਚੰਨ-ਚਾਨਣੀ ਨਾਲ਼ ਜਗਮਗਾਈ ਹੋਈ ਸੀ। ਰਾਤ ਦੇ ਪਾਲ਼ੇ ਨਾਲ਼ ਉਸ ਦੇ ਨਮਦੇ ਦੇ ਬੂਟ ਏਨੇ ਭਾਰੇ ਤੇ ਸਖ਼ਤ ਹੋ ਗਏ ਸਨ ਜਿਵੇਂ ਕਿਤੇ ਪੱਥਰ ਹੋਣ।

ਉਸ ਨੂੰ ਰੇਡੀਓ ਅਪਰੇਟਰ ਉੱਤੇ ਗੁੱਸਾ ਆ ਰਿਹਾ ਸੀ ਜਿਸ ਨੂੰ ਲੱਭਣਾ ਔਖਾ ਹੋ ਗਿਆ ਸੀ ਪਰ ਜੇ ਉਸ ਨੇ ਉਸ ਨੂੰ ਝਟਪਟ ਲੱਭ ਲਿਆ ਹੁੰਦਾ ਤਾਂ ਉਹਨੂੰ ਹੋਰ ਵੀ ਬਹੁਤਾ ਗੁੱਸਾ ਆਉਣਾ ਸੀ।

ਇਕ ਰੁੱਖ ਦਾ ਤਣਾ ਜੰਮੀ ਹੋਈ ਬਰਫ ਵਿਚ ਦੱਬਿਆ ਪਿਆ ਸੀ। ਕਪਤਾਨ ਦਾ ਉਹਦੇ ਨਾਲ਼ ਠੇਡਾ ਲੱਗਾ ਤੇ ਉਹ ਡਿੱਗ ਪਿਆ। ਤੇ ਜਿਸ ਵੇਲ਼ੇ ਉਹ ਬਰਫ ਉੱਤੇ ਆਪਣੇ ਹੱਥ ਟਿਕਾ ਕੇ ਮੁਸ਼ਕਿਲ ਨਾਲ਼ ਉੱਠ ਰਿਹਾ ਸੀ, ਉਸ ਵੇਲ਼ੇ ਉਹਨੇ ਆਪਣੇ ਮਗਰੋਂ ਪਿਸਤੌਲ ਦੀ ਟੁਣਕਵੀਂ ਕਲਿਕ ਦੀ ਅਵਾਜ਼ ਸੁਣੀ।

"ਹਾਲਟ!" ਕਿਸੇ ਨੇ ਹੌਲ਼ੀ ਜਿਹੀ ਆਖਿਆ। "ਹਾਲਟ!"

ਪਰ ਕਪਤਾਨ ਦਾ ਵਿਹਾਰ ਬੜਾ ਅਜੀਬ ਸੀ। ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ, ਸਗੋਂ ਆਪਣੇ ਸੱਟ ਲੱਗੇ ਗੋਡੇ ਨੂੰ ਮਲਦਾ ਰਿਹਾ। ਪਰ, ਜਦੋਂ ਓਸੇ ਤਰ੍ਹਾਂ ਹੀ ਫੁਸਰ-ਫੁਸਰ ਕਰ ਕੇ ਉਸ ਨੂੰ ਆਪਣੇ ਹੱਥ ਉੱਪਰ ਕਰਨ ਦਾ ਹੁਕਮ ਦਿੱਤਾ ਗਿਆ, ਤਾਂ ਕਪਤਾਨ ਨੇ ਭੌਂ ਕੇ ਵੇਖਿਆ ਤੇ ਮਜ਼ਾਕੀਆ ਅੰਦਾਜ਼ ਨਾਲ਼ ਆਖਿਆ:

"ਜੇ ਬੰਦਾ ਲੰਮਾ ਪਿਆ ਹੋਵੇ ਤਾਂ ਉਹਨੂੰ ਇਹ ਕਿਉਂ ਆਖਣਾ ਹੋਇਆ "ਹਾਲਟ।" ਤੂੰ ਮੇਰੇ ਉੱਤੇ ਝਪਟ ਪੈਣਾ ਸੀ ਤੇ ਪਿਸਤੌਲ ਨੂੰ ਟੋਪੀ ਵਿਚ ਲਪੇਟ ਕੇ ਗੋਲ਼ੀ ਮਾਰ ਦੇਣੀ ਸੀ। ਇਸ ਤਰ੍ਹਾਂ ਗੋਲ਼ੀ ਚੱਲਣ ਦੀ ਅਵਾਜ਼ ਦਬ ਜਾਂਦੀ ਹੈ। ਨਾਲ਼ੇ, ਜਰਮਨ ਤਾਂ ਆਪਣੀ ਪੂਰੀ ਅਵਾਜ਼ ਨਾਲ਼ ਉੱਚੀ ਬੋਲ ਕੇ "ਹਾਲਟ" ਕਹਿੰਦਾ ਹੈ, ਤਾਂ ਜੋ ਉਹਦੇ ਨਾਲ਼ ਵਾਲ਼ਾ ਵੀ ਸੁਣ ਸਕੇ ਤੇ ਜੇ ਲੋੜ ਹੋਵੇ ਤਾਂ ਮਦਦ ਕਰ ਸਕੇ। ਪਰ ਤੁਹਾਨੂੰ ਸਿਖਲਾਈ ਦੇਈ ਜਾਂਦੇ, ਦੇਈ ਜਾਂਦੇ ਨੇ, ਤੇ ਕੁਝ ਵੀ ਸੌਰਦਾ ਨਹੀ..." ਤੇ ਕਪਤਾਨ ਉੱਠ ਕੇ ਖੜਾ ਹੋ ਗਿਆ...

ਉਸ ਨੇ ਹੌਲ਼ੀ ਜਿਹੀ ਆਪਣਾ ਸ਼ਨਾਖਤੀ-ਲਫਜ਼ ਬੋਲਿਆ। ਜਦੋਂ ਜਵਾਬ ਮਿਲਿਆ ਤਾਂ ਉਹਨੇ ਆਪਣਾ ਸਿਰ ਹਿਲਾਇਆ ਅਤੇ ਸੇਫਟੀ ਕੈਚ ਚੜ੍ਹਾ ਕੇ, ਨੀਲ਼ਾ ਰਿਵਾਲਵਰ ਆਪਣੀ ਜੇਬ ਵਿਚ ਸਰਕਾ ਲਿਆ।

"ਤੁਸੀਂ ਪਿਸਤੌਲ ਹਰ ਵੇਲ਼ੇ ਹੱਥ ਵਿਚ ਫੜੀ ਰੱਖਦੇ ਓ!"

ਕਪਤਾਨ ਨੇ ਘੂਰੀ ਵੱਟ ਕੇ ਰੇਡੀਓ-ਅਪਰੇਟਰ ਵੱਲ ਵੇਖਿਆ।

"ਤੂੰ ਕੀ ਸੋਚਦਾ ਏਂ ? ਸਿਰਫ ਤੇਰੀ ਸਿਆਣਪ ਉੱਤੇ ਹੀ ਟੇਕ ਰੱਖਾਂ ?" ਤੇ ਫੇਰ ਉਸ ਨੇ ਬੇਸਬਰੀ ਨਾਲ਼ ਆਖਿਆ, "ਚੱਲ ਵੇਖੀਏ, ਤੇਰਾ ਅੱਡਾ ਕਿੱਥੇ ਹੈ!"

"ਮੇਰੇ ਮਗਰ-ਮਗਰ ਆਓ," ਗੈਰ-ਕੁਦਰਤੀ ਪੁਜ਼ੀਸ਼ਨ ਵਿਚ ਝੁਕ ਕੇ ਰੇਡੀਓ ਅਪਰੇਟਰ ਨੇ ਆਖਿਆ। "ਮੈਂ ਰੀਂਗ ਰੀਂਗ ਚਲਾਂਗਾ।"

"ਰੀਂਗ ਕੇ ਕਿਉਂ ? ਜੰਗਲ ਵਿਚ ਤਾਂ ਕੋਈ ਹੈ ਨਹੀਂ।"

"ਮੇਰੇ ਪੈਰ ਜੰਮੇ ਪਏ ਨੇ," ਰੇਡੀਓ-ਅਪਰੇਟਰ ਨੇ ਹੌਲ਼ੀ ਜਿਹੀ ਆਖਿਆ। "ਸਖ਼ਤ ਦਰਦ ਹੁੰਦੀ ਏ।"

ਕਪਤਾਨ ਨੇ ਖਿੱਝ ਕੇ ਮੂੰਹ ਜਿਹਾ ਬਣਾਇਆ ਤੇ ਅਗਾਂਹ ਤੁਰ ਪਿਆ। ਉਸ ਦੇ ਅੱਗੇ-ਅੱਗੇ ਰੇਡੀਓ ਅਪਰੇਟਰ ਗੀਂਗਦਾ ਜਾਂਦਾ ਸੀ। ਫੇਰ ਉਸ ਨੇ ਤਨਜ਼ ਨਾਲ਼ ਪੁੱਛਿਆ:

"ਕੀ ਕਰਦਾ ਰਿਹਾ ਤੂੰ ? ਨੰਗੇ ਪੈਰੀਂ ਭੱਜਾ ਫਿਰਦਾ ਰਿਹਾ ?"

"ਹੇਠਾਂ ਆਉਂਦਿਆਂ ਝਟਕੇ ਲਗਦੇ ਰਹੇ। ਇਕ ਬੂਟ ਅੱਧ-ਅਸਮਾਨੇ ਹੀ ਲੱਥ ਕੇ ਡਿੱਗ ਪਿਆ ਸੀ।

"ਸ਼ਾਬਾਸ਼ੇ ! ਚਲੋ, ਪਤਲੂਣ ਤਾਂ ਬਚੀ ਰਹੀ ਤੇਰੀ ?" ਤੇ ਫੇਰ ਉਸ ਨੇ ਆਖਿਆ, "ਤੇਰੀ ਇਸ ਹਾਲਤ ਵਿਚ ਮੈਂ ਏਥੋਂ ਨਿਕਲਾਂਗਾ ਕਿਵੇਂ ?"

ਰੇਡੀਓ ਅਪਰੇਟਰ ਬਰਫ 'ਤੇ ਹੱਥ ਟੇਕ ਕੇ ਬਹਿ ਗਿਆ ਤੇ ਦੁਖੀ ਅਵਾਜ਼ ਵਿਚ ਬੋਲਿਆ:

"ਕਾਮਰੇਡ ਕਪਤਾਨ, ਮੈਂ ਹੁਣ ਏਥੋਂ ਕਿਤੇ ਜਾਣਾ ਨਹੀਂ ਚਾਹੁੰਦਾ। ਥੋੜ੍ਹਾ ਬਹੁਤ ਰਾਸ਼ਨ ਮੈਨੂੰ ਦੇ ਜਾਓ ਤੇ ਅਗਾਂਹ ਨਿਕਲ ਜਾਓ। ਜਦੋਂ ਮੇਰਾ ਪੈਰ ਕੁਝ ਠੀਕ ਹੋਇਆ, ਮੈਂ ਆਪੇ ਵਾਪਸ ਆ ਜਾਵਾਂਗੀ।"

"ਕੀ ਮਤਲਬ, ਏਥੇ ਹੀ ਸੈਨੀਟੋਰੀਅਮ ਦਾ ਇੰਤਜ਼ਾਮ ਕੀਤਾ ਜਾਵੇ। ਫਾਸਿਸ਼ਟਾਂ ਨੂੰ ਰੇਡੀਓ ਦਾ ਪਤਾ ਲੱਗ ਜਾਣੈ, ਆਈ ਸਮਝ !" ਅਤੇ ਅਚਨਚੇਤ ਹੇਠਾਂ ਝੁਕ ਕੇ ਕਪਤਾਨ ਨੇ ਉਤਸੁਕਤਾ ਨਾਲ਼ ਪੁੱਛਿਆ, "ਠਹਿਰ ਜ਼ਰਾ, ਨਾਂ ਕੀ ਏ ਤੇਰਾ ? ਚਿਹਰਾ ਜਾਣਿਆ-ਪਛਾਣਿਆ ਜਾਪਦੈ।"

"ਮਿਖਾਇਲੋਵਾ !"

"ਹੱਛਾ !" ਕਪਤਾਨ ਇਸ ਤਰ੍ਹਾਂ ਬੋਲਿਆ ਜਿਵੇਂ ਹੈਰਾਨ ਰਹਿ ਗਿਆ ਹੋਵੇ ਜਾਂ ਉਹਦੇ ਦਿਲ ਨੂੰ ਕੋਈ ਠੇਸ ਲੱਗੀ ਹੋਵੇ। "ਠੀਕ ਏ, ਕੋਈ ਨਹੀਂ, ਕਰ ਲਵਾਂਗੇ ਕਿਸੇ ਨਾ ਕਿਸੇ ਤਰ੍ਹਾਂ ਇੰਤਜ਼ਾਮ।" ਫੇਰ ਉਸ ਨੇ ਤਪਾਕ ਜਿਹੇ ਨਾਲ਼ ਪੁੱਛਿਆ, "ਸ਼ਾਇਦ ਮੈਂ ਤੁਹਾਡੀ ਮਦਦ ਕਰ ਸਕਾਂ ?"

ਕੁੜੀ ਨੇ ਕੋਈ ਜਵਾਬ ਨਹੀਂ ਦਿੱਤਾ। ਉਹ ਮੋਢਿਆਂ ਤੱਕ ਬਰਫ ਵਿਚ ਧਸਦੀ ਹੋਈ, ਗੀਂਗਦੀ ਗਈ।

ਕਪਤਾਨ ਦੇ ਮਨ ਵਿਚ ਖਿੱਝ ਦੀ ਥਾਂ ਕੋਈ ਹੋਰ ਭਾਵਨਾ ਜਾਗ ਪਈ ਜਿਹੜੀ ਸਪਸ਼ਟ ਘੱਟ ਸੀ ਪਰ ਬੇਚੈਨ ਜ਼ਿਆਦਾ ਕਰਦੀ ਸੀ। ਉਸ ਨੂੰ ਛਾਉਣੀ ਵਿਚ ਸਿਖਲਾਈ ਲੈਂਦੀ ਇਸ ਮਿਖਾਇਲੋਵਾ ਦਾ ਚੇਤਾ ਆ ਗਿਆ ਸੀ। ਮੁੱਢ ਤੋਂ ਹੀ ਕਪਤਾਨ ਦੇ ਦਿਲ ਵਿਚ ਇਹਦੇ ਬਾਰੇ ਇਕ ਖੁਣਸ, ਸਗੋਂ ਇਕ ਨਫ਼ਰਤ ਜਿਹੀ ਪੈਦਾ ਹੋ ਗਈ ਸੀ। ਉਹ ਇਸ ਗੱਲ ਨੂੰ ਉੱਕਾ ਹੀ ਸਮਝ ਨਹੀਂ ਸੀ ਸਕਿਆ ਕਿ ਇਹ ਛਾਉਣੀ ਵਿਚ ਕਿਉਂ ਆਈ ਸੀ। ਉਹ ਉੱਚੀ ਲੰਮੀ, ਖ਼ੂਬਸੂਰਤ। ਬਹੁਤ ਹੀ ਖ਼ੂਬਸੂਰਤ ਸੀ, ਫਖ਼ਰ ਨਾਲ਼ ਉੱਚਾ ਸਿਰ ਤੇ ਚੌੜਾ, ਲਾਲ ਸੁਰਖ, ਸੁਡੌਲ ਨਕਸ਼ਾਂ ਵਾਲ਼ਾ ਮੂੰਹ ਮੱਥਾ ਜਿਸ ਤੋਂ ਬੰਦਾ ਨਜ਼ਰ ਨਾ ਹਟਾ ਸਕੇ।

ਉਸ ਨੂੰ ਸਿੱਧਾ ਦੂਜੇ ਦੀਆਂ ਅੱਖਾਂ ਵਿਚ ਵੇਖਣ ਦੀ ਭੈੜੀ ਆਦਤ ਸੀ। ਇਹ ਆਦਤ

ਇਸ ਕਰਕੇ ਭੈੜੀ ਨਹੀਂ ਸੀ ਕਿ ਏਹੋ ਜਿਹੀਆਂ ਅੱਖਾਂ ਵੱਲ ਵੇਖਣਾ ਬਦ-ਮਜ਼ਗੀ ਵਾਲ਼ੀ ਗੱਲ ਸੀ। ਇਸ ਦੇ ਉਲਟ ਉਹਦੀਆਂ ਅੱਖਾਂ ਮੋਟੀਆਂ, ਦਿਲਕਸ਼ ਸਨ, ਇਹਨਾਂ ਵਿਚ ਠਰ੍ਹੰਮਾ ਸੀ, ਪੁਤਲੀਆਂ ਦੇ ਦੁਆਲੇ ਇਕ ਸੁਨਹਿਰੀ ਝਲਕ ਸੀ। ਇਹ ਬਹੁਤ ਖ਼ੂਬਸੂਰਤ ਅੱਖਾਂ ਸਨ। ਪਰ ਮੁਸ਼ਕਿਲ ਇਹ ਸੀ ਕਿ ਕਪਤਾਨ ਤੋਂ ਉਹਨਾਂ ਦੀ ਇਕਟੱਕ ਨਜ਼ਰ ਝੱਲੀ ਨਹੀਂ ਸੀ ਜਾਂਦੀ। ਤੇ ਕੁੜੀ ਇਸ ਬਾਰੇ ਸੁਚੇਤ ਸੀ।

ਤੇ ਫੇਰ ਉਸ ਨੂੰ ਇਕ ਇਹ ਆਦਤ ਸੀ ਕਿ ਉਹ ਆਪਣੀਆਂ ਚਮਕੀਲੀਆਂ, ਲਿਸ਼ਕਦੀਆਂ ਸੁਨਹਿਰੀ ਜ਼ੁਲਫਾਂ ਆਪਣੇ ਵੱਡੇ ਕੋਟ ਦੇ ਕਾਲਰ ਉੱਤੇ ਖਿਲਾਰ ਰੱਖਦੀ ਸੀ।

ਕਪਤਾਨ ਨੇ ਕਿੰਨੀ ਵਾਰੀ ਆਖਿਆ ਸੀ:

"ਆਪਣੇ ਵਾਲ਼ ਸਮੇਟ ਕੇ ਰੱਖ। ਫੌਜ ਦੀ ਵਰਦੀ ਫੈਂਸੀ ਡ੍ਰੈਸ ਨਹੀਂ ਹੁੰਦੀ।"

ਇਹ ਠੀਕ ਹੈ ਕਿ ਮਿਖਾਇਲੋਵਾ ਬਹੁਤ ਹੀ ਮਿਹਨਤ ਕਰਨ ਵਾਲ਼ੀ ਕੁੜੀ ਸੀ। ਉਹ ਸਿਖਾਈ-ਪੜ੍ਹਾਈ ਤੋਂ ਬਾਅਦ ਰੁੱਕ ਜਾਂਦੀ ਤੇ ਅਕਸਰ ਕਪਤਾਨ ਨੂੰ ਬੜੇ ਡੂੰਘੇ ਸਵਾਲ ਪੁੱਛਦੀ ਰਹਿੰਦੀ। ਪਰ ਕਪਤਾਨ ਦਾ ਇਸ ਬਾਰੇ ਪੱਕਾ ਯਕੀਨ ਸੀ ਕਿ ਗਿਆਨ ਇਸ ਦੇ ਕਿਸੇ ਕੰਮ ਨਹੀਂ ਤੇ ਉਹ ਬਹੁਤ ਸੰਖੇਪ ਤੇ ਰੁੱਖਾ ਜਿਹਾ ਜਵਾਬ ਦੇਂਦਾ ਤੇ ਲਗਾਤਾਰ ਆਪਣੀ ਘੜੀ ਵੱਲ ਵੇਖੀ ਜਾਂਦਾ।

ਕੋਰਸ ਦੇ ਸੰਚਾਲਕ ਅਫਸਰ ਨੇ ਕਪਤਾਨ ਨੂੰ ਝਾੜਿਆ ਸੀ ਕਿ ਉਹ ਮਿਖਾਇਲੋਵਾ ਵੱਲ ਬਹੁਤ ਥੋੜਾ ਧਿਆਨ ਦੇਂਦਾ ਸੀ।

"ਪਰ ਉਹ ਚੰਗੀ ਕੁੜੀ ਹੈ।"

"ਘਰੋਗੀ ਜ਼ਿੰਦਗੀ ਵਾਸਤੇ ਚੰਗੀ ਹੈ।" ਅਤੇ ਅਚਨਚੇਤ ਤਾਅ ਤੇ ਜ਼ੋਸ ਵਿਚ ਆ ਕੇ ਕਪਤਾਨ ਨੇ ਆਖਿਆ: "ਇਹ ਗੱਲ ਸਮਝ ਲਓ, ਕਾਮਰੇਡ ਕਰਨਲ, ਕਿ ਸਾਡੇ ਲੋਕਾਂ ਨੂੰ ਸਖ਼ਤ ਹੋਣਾ ਹੀ ਪੈਂਦਾ ਹੈ। ਆਪਣੇ ਹੱਥੀਂ ਆਪਣੇ-ਆਪ ਨੂੰ ਤਬਾਹ ਕਰਨਾ ਹੰਗਾਮੀ ਹਾਲਤ ਵਿਚ ਲਾਜ਼ਮੀ ਹੋ ਸਕਦਾ ਹੈ। ਤੇ ਇਹ ਕੁੜੀ ? ਇਹ ਕਰ ਸਕਦੀ ਹੈ ? ਇਸ ਨੂੰ ਆਪਣੇ-ਆਪ ਉੱਤੇ ਤਰਸ ਆ ਜਾਏਗਾ ! ਖਿਆਲ ਕਰ ਸਕਦੇ ਹੋ ਕਿ ਇਸ ਤਰ੍ਹਾਂ ਦੀ ਕੁੜੀ..." ਕਪਤਾਨ ਨੇ ਗੱਲ ਵਿੱਚੇ ਛੱਡ ਦਿੱਤੀ।

ਇਸ ਖਿਆਲ ਨਾਲ ਕਿ ਮਿਖਾਇਲੋਵਾ ਨਾਲ਼ ਉਹਦਾ ਕੋਈ ਸਰੋਕਾਰ ਨਾ ਰਹੇ, ਉਸ ਨੇ ਉਹਦੀ ਰੇਡੀਓ ਅਪਰੇਟਰਾਂ ਦੇ ਗਰੁੱਪ ਵਿਚ ਬਦਲੀ ਕਰਵਾ ਦਿੱਤੀ ਸੀ।

ਛਾਤਾ-ਬਰਦਾਰਾਂ ਦੀ ਸਿਖਲਾਈ ਦਾ ਕੋਰਸ ਮਾਸਕੋ ਦੇ ਨੇੜੇ ਹੀ ਇਕ ਆਰਮਗਾਹ ਵਿਚ ਚੱਲ ਰਿਹਾ ਸੀ। ਲਿਸ਼-ਲਿਸ਼ ਕਰਦੇ ਬਰਾਂਡੇ, ਅੰਦਰ ਲਾਲ ਗਲੀਚੇ, ਤੇ ਝਮ-ਝਮ ਕਰਦਾ ਪਾਲਸ਼ ਕੀਤਾ ਫਰਨੀਚਰ-ਹਰ ਇਕ ਚੀਜ਼ ਵਿਚ ਅਮਨ ਵੇਲ਼ਿਆਂ ਦੀ ਖਿੱਚ ਅਜੇ ਵੀ ਕਾਇਮ ਸੀ ਜਿਸ ਕਰਕੇ ਤਰਕਾਲਾਂ ਵੇਲ਼ੇ ਲੋਕਾਂ ਦਾ ਖੇਡਣ ਮੱਲਣ ਨੂੰ ਜੀਅ ਕਰ ਆਉਂਦਾ। ਕੋਈ ਪਿਆਨੋ ਅੱਗੇ ਜਾ ਬਹਿੰਦਾ ਤਾਂ ਨਾਚ ਸ਼ੁਰੂ ਹੋ ਜਾਂਦਾ। ਜੇ ਫੌਜੀ ਵਰਦੀ ਨਾ ਪਾਈ ਹੋਵੇ, ਤਾਂ ਸਮਝਿਆ ਜਾ ਸਕਦਾ ਹੈ ਕਿ ਇਹ ਅਮਨ ਵੇਲ਼ਿਆਂ ਦੀ ਇਕ ਆਮ ਵਰਗੀ ਸ਼ਾਮ ਹੈ।

ਹਵਾ ਮਾਰ ਤੋਪਾਂ ਪਈਆਂ ਗੜ-ਗੜ ਕਰਦੀਆਂ ਰਹਿਣ, ਖੋਜਬੱਤੀਆਂ ਦੀਆਂ

ਚਿੱਟੀਆਂ ਰਿਸ਼ਮਾਂ ਆਪਣੀਆਂ ਸਖ਼ਤ ਟੋਹਣੀਆਂ ਨਾਲ਼ ਅਸਮਾਨ ਫਰੋਲਦੀਆਂ ਰਹਿਣ — ਇਹਨਾਂ ਬਾਰੇ ਸੋਚਣ ਦੀ ਕੋਈ ਲੋੜ ਨਹੀਂ।

ਸਿਖਾਈ-ਪੜ੍ਹਾਈ ਤੋਂ ਮਗਰੋਂ ਮਿਖਾਇਲੋਵਾ ਆਮ ਕਰਕੇ ਦੀਵਾਨਖਾਨੇ ਵਿਚ ਚਲੀ ਜਾਂਦੀ ਅਤੇ ਹੱਥ ਵਿਚ ਕਿਤਾਬ ਲਈ ਲੱਤਾਂ ਕੱਠੀਆਂ ਕਰਕੇ ਸੋਫੇ ਉੱਤੇ ਬਹਿ ਜਾਂਦੀ। ਉਹ ਲਾਲ ਲੱਕੜ ਦੇ ਬਣੇ ਇਕ ਉੱਚੇ-ਲੰਮੇ ਵੱਡੇ ਸਾਰੇ ਥੰਮ੍ਹ ਉੱਤੇ ਧਰੀ ਲੈਂਪ ਦੇ ਚਾਨਣ ਵਿਚ, ਜਿਸ ਉੱਤੇ ਇਕ ਬਹੁਤ ਵੱਡੀ ਸ਼ੇਡ ਲੱਗੀ ਹੋਈ ਸੀ, ਪੜ੍ਹਦੀ ਰਹਿੰਦੀ। ਇਸ ਕੁੜੀ ਦੀਆਂ ਖ਼ੂਬਸੂਰਤ ਅੱਖਾਂ, ਸ਼ਾਂਤ ਅਡੋਲ ਚਿਹਰਾ, ਉਸ ਦਾ ਬੇਤਕੱਲ਼ਫ ਅੰਦਾਜ਼, ਉਸ ਦੀ ਪਿੱਠ ਉੱਤੇ ਡਿੱਗਦੀਆਂ ਉਸ ਦੀਆਂ ਜ਼ੁਲਫਾਂ ਤੇ ਉਸ ਦੀਆਂ ਪਤਲੀਆਂ-ਪਤਲੀਆਂ ਗੋਰੀਆਂ-ਚਿੱਟੀਆਂ ਉਂਗਲਾਂ — ਇਹਨਾਂ ਵਿਚੋਂ ਕੁਝ ਵੀ ਢਾਹ-ਉਜਾੜ ਦੇ ਧਮਾਕਿਆਂ ਜਾਂ ਚੁੱਪ-ਚਾਪ ਉਸ ਚਾਕੂ ਨਾਲ਼ ਧੌਣ ਲਾਹੁਣ ਦੀਆਂ ਤਕਨੀਕਾਂ ਨਾਲ਼ ਢੁੱਕਦਾ ਨਹੀਂ ਸੀ ਜਾਪਦਾ ਜਿਸ ਦੇ ਦਸਤੇ ਉੱਤੇ ਰੱਬੜ ਚਾੜ੍ਹੀ ਹੋਵੇ।

ਜਦੋਂ ਮਿਖਾਇਲੋਵਾ ਕਪਤਾਨ ਨੂੰ ਆਉਂਦਿਆਂ ਵੇਖਦੀ ਤਾਂ ਉਹ ਉੱਛਲ ਕੇ ਸਾਵਧਾਨ ਖੜੀ ਹੋ ਜਾਂਦੀ ਜਿਵੇਂ ਕਮਾਂਡਰ ਅਫਸਰ ਦੇ ਨੇੜੇ ਆ ਜਾਣ ਸਮੇਂ ਕਿਸੇ ਨੂੰ ਕਰਨਾ ਚਾਹੀਦਾ ਹੈ।

ਜ਼੍ਹਾਵੋਰੋਨਕੋਵ ਸਰਸਰੀ ਜਿਹਾ ਸਿਰ ਹਿਲਾਉਂਦਾ ਤੇ ਅਗਾਂਹ ਨਿਕਲ ਜਾਂਦਾ। ਇਹ ਰੁੱਖੇ ਤੇ ਖਿਡਾਰੀਆਂ ਵਰਗੇ ਲਾਲ ਸੁਰਖ ਚਿਹਰੇ ਤੇ ਮਜ਼ਬੂਤ ਜੁੱਸੇ ਵਾਲ਼ਾ ਆਦਮੀ, ਸੱਚਮੁੱਚ ਹੀ ਕੁਝ-ਕੁਝ ਥੱਕਿਆ ਤੇ ਉਦਾਸ, ਦੂਜਿਆਂ ਨਾਲ਼ ਹੀ ਨਹੀਂ, ਸਗੋਂ ਆਪਣੇ-ਆਪ ਨਾਲ਼ ਵੀ ਬੜਾ ਕਠੋਰ ਤੇ ਤਕਾਜ਼ਾ ਕਰਨ ਵਾਲ਼ਾ ਸੀ।

ਕਪਤਾਨ ਆਪਣੇ-ਆਪ ਕੰਮ ਕਰਨ ਨੂੰ ਤਰਜੀਹ ਦੇਂਦਾ ਸੀ। ਉਸ ਨੂੰ ਅਜਿਹਾ ਕਰਨ ਦਾ ਹੱਕ ਸੀ। ਉਸ ਦੇ ਬੀਵੀ ਬੱਚੇ ਦੀ ਮੌਤ ਦੀ ਪੀੜ ਇਕ ਬਰਫ ਦਾ ਗੋਲ਼ਾ ਬਣ ਕੇ ਉਹਦੇ ਦਿਲ ਵਿਚ ਬਹਿ ਗਈ ਸੀ। ਬਾਈ ਜੂਨ ਵਾਲ਼ੇ ਦਿਨ ਇਕ ਸਰਹੱਦੀ ਪਿੰਡ ਵਿਚ ਜਰਮਨ ਟੈਂਕਾਂ ਨੇ ਉਹਨਾਂ ਨੂੰ ਲੋਹੇ ਪੈਰਾਂ ਹੇਠ ਦਰੜ ਕੇ ਰੱਖ ਦਿੱਤਾ ਸੀ।

ਕਪਤਾਨ ਨੇ ਆਪਣੇ ਦੁੱਖ ਦੀ ਕਦੇ ਕੋਈ ਗੱਲ ਨਹੀਂ ਸੀ ਕੀਤੀ। ਉਹ ਨਹੀਂ ਸੀ ਚਾਹੁੰਦਾ ਕਿ ਉਸ ਦੀ ਬਦਕਿਸਮਤੀ ਨੂੰ ਉਸ ਦੀ ਨਿੱਡਰਤਾ ਦਾ ਕਾਰਨ ਸਮਝਿਆ ਜਾਏ। ਇਸੇ ਕਰਕੇ ਹੀ ਉਸ ਨੇ ਆਪਣੇ ਸਾਥੀਆਂ ਨੂੰ ਹਨੇਰੇ ਵਿਚ ਰੱਖਿਆ ਸੀ। ਉਹਨੇ ਆਪਣੇ ਆਪ ਨੂੰ ਆਖਿਆ ਸੀ: "ਮੇਰੇ ਬੀਵੀ ਬੱਚੇ ਮਰੇ ਨਹੀਂ। ਉਹ ਜਿਊਂਦੇ ਨੇ। ਮੈਂ ਹੋਛਾ ਬੰਦਾ ਨਹੀਂ। ਮੈਂ ਵੀ ਓਸੇ ਤਰ੍ਹਾਂ ਦਾ ਆਂ, ਜਿਸ ਤਰ੍ਹਾਂ ਦੇ ਦੂਜੇ ਨੇ। ਮੈਨੂੰ ਠੰਡੇ ਦਿਲ ਨਾਲ਼ ਲੜਦੇ ਰਹਿਣਾ ਚਾਹੀਦਾ ਏ।" ਉਸ ਨੇ ਆਪਣੇ ਤਨ ਮਨ ਦੀ ਪੂਰੀ ਤਾਕਤ ਦੁਸ਼ਮਣ ਨਾਲ਼ ਲੜਨ ਵਿਚ ਲਾਈ ਹੋਈ ਸੀ। ਇਸ ਲੜਾਈ ਵਿਚ ਉਹਦੇ ਵਰਗੇ, ਲਹੂ ਵੀਟਦੇ ਦਿਲ ਵਾਲ਼ੇ, ਫ਼ਖ਼ਰ ਵਾਲ਼ੇ, ਦੁਖ ਦੇ ਮਾਰੇ ਤੇ ਤਕੜੇ ਬੰਦੇ ਹੋਰ ਵੀ ਬਹੁਤ ਹਨ।

ਮੇਰੇ ਸੁਹਿਰਦ, ਖੁਸ਼ਦਿਲ ਤੇ ਨੇਕ ਲੋਕੋ! ਕਿਵੇਂ ਦੁਸ਼ਮਣ ਦੀ ਨਿਰਦੈਤਾ ਨੇ ਤੁਹਾਡੇ ਦਿਲਾਂ ਨੂੰ ਪੱਥਰ ਕਰ ਦਿੱਤਾ ਹੈ।

ਅਤੇ ਹੁਣ, ਅੱਗੇ-ਅੱਗੇ ਰੀਂਗਦੀ ਜਾਂਦੀ ਰੇਡੀਓ ਅਪਰੇਟਰ ਦੇ ਪਿੱਛੇ ਹੌਲ਼ੀ-ਹੌਲ਼ੀ ਤੁਰੇ ਜਾਂਦੇ ਕਪਤਾਨ ਦੀ ਕੋਸ਼ਿਸ਼ ਸੀ ਕਿ ਉਹ ਕਿਸੇ ਐਸੀ ਗੱਲ ਬਾਰੇ ਨਾ ਸੋਚੇ ਜਿਹੜੀ ਉਸ ਨੂੰ ਆਪਣੀ ਅਗਲੀ ਚਾਲ ਉੱਤੇ ਵਿਚਾਰ ਕਰਨੋ ਰੋਕ ਸਕਦੀ ਹੋਵੇ। ਉਹ ਭੁੱਖਾ ਸੀ, ਕਮਜ਼ੋਰ ਸੀ, ਤੇ ਲੰਮੇ ਪੈਂਡੇ ਨੇ ਉਹਦੀ ਸੱਤਿਆ ਨਚੋੜ ਲਈ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਿਖਾਇਲੋਵਾ ਉਸ ਦੀ ਸਹਾਇਤਾ ਉੱਤੇ ਨਿਰਭਰ ਕਰਦੀ ਸੀ। ਪਰ ਉਹ ਸ਼ਾਇਦ ਇਹ ਨਹੀਂ ਸੀ ਜਾਣਦੀ ਕਿ ਕਪਤਾਨ ਉਹਦੀ ਮਦਦ ਕਰਨ ਦੀ ਹਾਲਤ ਵਿਚ ਨਹੀਂ।

ਸਭ ਕੁਝ ਦੱਸ ਦੇਵੇ ? ਨਹੀਂ, ਬਿਲਕੁਲ ਨਹੀਂ ! ਚੰਗਾ ਹੋਵੇਗਾ ਕਿ ਉਸ ਨੂੰ ਕਿਸੇ ਤਰ੍ਹਾਂ ਦਾ ਕੋਈ ਉੱਦਮ ਕਰਨ ਲਈ ਮਜ਼ਬੂਰ ਕੀਤਾ ਜਾਏ। ਫੇਰ ਉਹਦੇ ਵਿਚ ਵੀ ਹਿੰਮਤ ਆ ਜਾਏਗੀ, ਤੇ ਹੋ ਸਕਦਾ ਹੈ ਇਸ ਤਰ੍ਹਾਂ ਕੁਝ ਬਣ ਜਾਏ...

ਬਹਾਰ ਦੇ ਵਹਿਣਾਂ ਨਾਲ਼ ਖੱਡ ਦੀ ਸਿੱਧੀ ਢਲਾਣ ਵਿਚ ਇਕ ਕਿਸਮ ਦੀ ਗੁਫਾ ਬਣ ਗਈ ਸੀ। ਦਰੱਖਤਾਂ ਦੀਆਂ ਸਖ਼ਤ ਜੜ੍ਹਾਂ ਸਿਰ ਉੱਤੇ ਪਲਮੀਆਂ ਹੋਈਆਂ ਸਨ। ਕੁਝ ਤਾਂ ਸੇਬੇ ਵਾਂਗ ਪਤਲੀਆਂ ਸਨ ਤੇ ਕੁਝ ਵੱਟ ਚੜ੍ਹੀਆਂ ਤੇ ਪੀਡੀਆਂ ਜਿਵੇਂ ਜਹਾਜ਼ਾਂ ਦੇ ਜੰਗਾਲ਼ ਲੱਗੇ, ਉਲਝੇ ਹੋਏ ਲੋਹ-ਰੱਸੇ ਹੋਣ। ਔਡਾ ਅਗਾਂਹ ਨੂੰ ਵਧੀ ਹੋਈ ਬਰਫ ਹੇਠ ਲੁਕਿਆ ਹੋਇਆ ਸੀ। ਦਿਨ ਵੇਲ਼ੇ ਇਸ ਥਾਂ ਚਾਨਣ ਆ ਜਾਂਦਾ ਸੀ ਜਿਵੇਂ ਗਰਮਖਾਨੇ ਵਿਚ ਆਉਂਦਾ ਹੈ। ਥਾਂ ਸਾਫ-ਸੁਥਰੀ ਤੇ ਸੁੱਕੀ ਸੀ ਤੇ ਫਰ ਦੀਆਂ ਟਾਹਣੀਆਂ ਦਾ ਇਕ ਬਿਸਤਰਾ ਬਣਾਇਆ ਹੋਇਆ ਸੀ। ਅੰਦਰ ਇਕ ਚੋਰਸ ਰੇਡੀਓ-ਟਰਾਂਸਮੀਟਰ, ਇਕ ਸੌਣ ਵਾਲ਼ਾ ਬੈਗ ਤੇ ਕੰਧ ਦੇ ਨਾਲ਼ ਖੜੀਆਂ ਸਕੀਜ਼ ਸਨ।

"ਕੇਡੀ ਆਰਾਮਦਿਹ ਗੁਫਾ ਹੈ," ਕਪਤਾਨ ਬੋਲਿਆ। ਅਤੇ ਬਿਸਤਰੇ ਨੂੰ ਆਪਣੇ ਹੱਥ ਨਾਲ਼ ਟੋਹ ਕੇ, ਆਖਿਆ, "ਬਹਿ ਜਾ ਤੇ ਆਪਣੇ ਬੂਟ ਲਾਹ ਦੇ।"

"ਕੀ ?" ਕੁੜੀ ਨੇ ਗੁੱਸੇ ਤੇ ਹੈਰਾਨੀ ਨਾਲ਼ ਪੁੱਛਿਆ।

"ਆਪਣੇ ਬੂਟ ਲਾਹ ਦੇ। ਵੇਖਾਂ ਭਲਾ, ਇਸ ਪੈਰ ਦਾ ਕੀ ਹੋ ਸਕਦਾ ਹੈ।"

"ਤੁਸੀਂ ਡਾਕਟਰ ਨਹੀਂ। ਤੇ ਨਾਲ਼ੇ.."

"ਗੱਲ ਸੁਣੋ," ਕਪਤਾਨ ਨੇ ਆਖਿਆ, "ਬਿਹਤਰ ਹੋਵੇਗਾ ਕਿ ਕੰਮ ਕੀਤਾ ਜਾਏ। ਤੇ ਗੱਲਾਂ ਜਿੰਨੀਆਂ ਘੱਟ ਕਰੀਏ ਓਨਾ ਹੀ ਚੰਗਾ।"

"ਹਾਏ, ਪੀੜ ਹੁੰਦੀ ਏ !"

"ਚੀਕਾਂ ਨਾ ਮਾਰੋ," ਕਪਤਾਨ ਨੇ ਪੈਰ ਦੀ ਛੱਤ ਨੂੰ ਟੋਹਦਿਆਂ ਆਖਿਆ। ਸੋਜ ਪਈ ਹੋਈ ਸੀ ਤੇ ਚਮੜੀ ਆਕੜੀ ਹੋਈ ਅਤੇ ਚਮਕਦਾਰ ਨੀਲ਼ੀ ਹੋ ਗਈ।

"ਪਰ ਮੈਂ ਹੋਰ ਨਹੀਂ ਬਰਦਾਸ਼ਤ ਕਰ ਸਕਦੀ।"

"ਖੈਰ, ਬਰਦਾਸ਼ਤ ਤਾਂ ਕਰਨੀ ਪਏਗੀ," ਕਪਤਾਨ ਨੇ ਆਪਣਾ ਗਰਮ ਮਫਲਰ ਲਾਹੁੰਦਿਆਂ ਆਖਿਆ।

"ਮੈਨੂੰ ਤੁਹਾਡਾ ਮਫਲਰ ਨਹੀਂ ਚਾਹੀਦਾ।"

"ਮੈਲੀ ਜੁਰਾਬ ਚੰਗੀ ਹੈ ?"

"ਇਹ ਸਾਫ ਏ।"

"ਗੱਲ ਸੁਣੋ," ਕਪਤਾਨ ਨੇ ਆਖਿਆ। "ਐਵੇਂ ਤੰਗ ਨਾ ਕਰੋ। ਕੋਈ ਰੱਸੀ ਹੈ ਤੁਹਾਡੇ ਕੋਲ਼ ?"

"ਨਹੀਂ।"

ਕਪਤਾਨ ਨੇ ਉੱਪਰ ਹੱਥ ਵਧਾਇਆ, ਇਕ ਪਤਲੀ ਜੜ੍ਹ ਤੋੜੀ ਅਤੇ ਪੈਰ ਉੱਤੇ ਮਫਲਰ ਲਪੇਟ ਕੇ ਉਸ ਨੂੰ ਬੰਨ੍ਹ ਦਿੱਤਾ,ਤੇ ਆਖਿਆ:

"ਚੰਗੀ ਤਰ੍ਹਾਂ ਬੱਝਾ ਰਹੇਗਾ!"

ਫੇਰ ਉਸ ਨੇ ਸਕੀਜ਼ ਬਾਹਰ ਲਿਆਂਦੀਆਂ ਅਤੇ ਆਪਣੇ ਚਾਕੂ ਤੋਂ ਔਜ਼ਾਰ ਦਾ ਕੰਮ ਲੈਂਦਿਆਂ ਚੋਖਾ ਚਿਰ ਕੋਈ ਚੀਜ਼ ਉਹਨਾਂ ਨਾਲ ਜੋੜਦਾ ਰਿਹਾ। ਉਹ ਵਾਪਸ ਆਇਆ, ਟਰਾਂਸਮੀਟਰ ਚੁੱਕਿਆ ਤੇ ਕਹਿਣ ਲੱਗਾ:

"ਚਲੋ ਚਲੀਏ।"

"ਤੁਸੀਂ ਮੈਨੂੰ ਸਕੀਜ਼ ਤੇ ਚਾੜ੍ਹ ਕੇ ਧੂਹਣਾ ਚਾਹੁੰਦੇ ਓ ?"

"ਯਕੀਨ ਜਾਣੋ ਕਿ ਮੈਂ ਚਾਹੁੰਦਾ ਨਹੀਂ, ਪਰ ਕਰਨਾ ਪਵੇਗਾ।"

"ਕੀ ਕਰਾਂ, ਮੇਰੇ ਵਾਸਤੇ ਕੋਈ ਰਾਹ ਨਹੀਂ।"

"ਇਹ ਤਾਂ ਠੀਕ ਹੈ," ਕਪਤਾਨ ਸਹਿਮਤ ਸੀ। "ਗੱਲ ਸੁਣੋ, ਕੁਝ ਖਾਣ ਨੂੰ ਹੈ ਤੁਹਾਡੇ ਕੋਲ਼ ?"

"ਆਹ ਜੇ," ਉਸ ਨੇ ਆਖਿਆ ਤੇ ਆਪਣੀ ਜੇਬ ਵਿਚੋਂ ਰਸ ਦਾ ਇਕ ਟੁਕੜਾ ਕੱਢਿਆ।

"ਇਹ ਤਾਂ ਕੁਝ ਵੀ ਨਹੀਂ।"

"ਬਸ ਏਨਾ ਹੀ ਬਚਿਆ ਰਹਿ ਗਿਆ। ਕਈਆਂ ਦਿਨਾਂ ਤੋਂ.."

"ਸਮਝ ਗਿਆ," ਕਪਤਾਨ ਨੇ ਆਖਿਆ। "ਸਮਝਦਾਰ ਲੋਕ ਰਸ ਪਹਿਲਾਂ ਖਾਂਦੇ ਨੇ, ਤੇ ਚਾਕਲੇਟ ਔਖੇ ਦਿਨਾਂ ਵਾਸਤੇ ਬਚਾ ਰਖਦੇ ਨੇ।"

"ਤੁਸੀਂ ਆਪਣੇ ਚਾਕਲੇਟ ਸਾਂਭ ਰੱਖੋ।"

"ਤੇ ਮੈਂ ਦੇਣਾ ਤਾਂ ਨਹੀਂ ਸੀ ਚਾਹੁੰਦਾ।" ਅਤੇ ਕਪਤਾਨ ਟਰਾਂਸਮੀਟਰ ਦੇ ਭਾਰ ਹੇਠ ਝੁਕਿਆ ਬਾਹਰ ਨਿਕਲ ਗਿਆ।

ਇਕ ਘੰਟਾ ਤੁਰਨ ਮਗਰੋਂ, ਕਪਤਾਨ ਨੇ ਮਹਿਸੂਸ ਕੀਤਾ ਕਿ ਉਹਦੀ ਹਾਲਤ ਮਾੜੀ ਹੈ। ਕੁੜੀ ਸਕੀਜ਼ ਉੱਤੇ (ਸੱਚ ਤਾਂ ਇਹ ਹੈ ਕਿ ਸਕੀਜ਼ ਤੋਂ ਬਣਾਈ ਸਲੈਜ ਉੱਤੇ) ਲੇਟੀ ਹੋਈ ਸੀ ਅਤੇ ਆਪਣੇ ਹੱਥਾਂ ਨਾਲ਼ ਇਹਨਾਂ ਨੂੰ ਅਗਾਂਹ ਧੱਕਦੀ ਉਹਦੀ ਮਦਦ ਕਰ ਰਹੀ ਸੀ ਪਰ ਕਪਤਾਨ ਦੀ ਹਿੰਮਤ ਜਵਾਬ ਦੇ ਗਈ ਸੀ। ਉਸ ਦੀਆਂ ਲੱਤਾਂ ਡੋਲ ਰਹੀਆਂ ਸਨ ਤੇ ਦਿਲ ਇਉਂ ਧੌਂਕਣੀ ਵਾਂਗ ਚਲ ਰਿਹਾ ਸੀ ਕਿ ਚੰਗੀ ਤਰ੍ਹਾਂ ਸਾਹ ਵੀ ਨਹੀਂ ਸੀ ਆਉਂਦਾ।

"ਜੇ ਮੈਂ ਇਹਨੂੰ ਦੱਸ ਦਿੱਤਾ ਕਿ ਮੇਰੀ ਹਾਲਤ ਚੰਗੀ ਨਹੀਂ, ਤਾਂ ਇਹਦਾ ਤ੍ਰਾਹ ਨਿਕਲ ਜਾਏਗਾ। ਜੇ ਮੈਂ ਤੁਰਿਆ ਗਿਆ, ਤਾਂ ਖੇਡ ਹੋਰ ਵੀ ਮਾੜੇ ਢੰਗ ਨਾਲ਼ ਖ਼ਤਮ ਹੋਵੇਗੀ।"

ਕਪਤਾਨ ਨੇ ਆਪਣੀ ਘੜੀ ਉੱਤੇ ਨਜ਼ਰ ਮਾਰੀ ਤੇ ਆਖਿਆ:

"ਕੁਝ ਗਰਮ ਪੀਤਾ ਜਾਏ ਤਾਂ ਮਾੜੀ ਗੱਲ ਨਹੀਂ।"

ਉਸ ਨੇ ਬਰਫ ਵਿਚ ਇਕ ਟੋਇਆ ਪੁੱਟਿਆ, ਇਕ ਸੋਟੀ ਨਾਲ਼ ਧੂੰਕਸ਼ ਬਣਾਇਆ ਤੇ ਮੋਰੀ ਵਿਚ ਹਰੀਆਂ ਟਾਹਣੀਆਂ ਤੇ ਬਰਫ ਭਰ ਦਿੱਤੀ। ਟਾਹਣੀਆਂ ਤੇ ਬਰਫ ਨੇ ਧੂਏਂ ਵਾਸਤੇ ਫਿਲਟਰ ਦਾ ਕੰਮ ਕਰਨਾ ਸੀ ਤਾਂ ਜੋ ਕਿਸੇ ਨੂੰ ਪਤਾ ਨਾ ਲੱਗੇ। ਕੁਝ ਸੁੱਕੀਆਂ ਟਾਹਣੀਆਂ ਤੋੜ ਕੇ, ਕਪਤਾਨ ਨੇ ਟੋਏ ਵਿਚ ਰੱਖੀਆਂ। ਫੇਰ ਉਸ ਨੇ ਆਪਣੀ ਜੇਬ ਵਿਚੋਂ ਛੋਟੀ ਜਿਹੀ ਰੇਸ਼ਮੀ ਗੁੱਥਲੀ ਕੱਢੀ ਜਿਸ ਵਿਚ ਬਾਰੂਦ ਸੀ ਅਤੇ ਟਾਹਣੀਆਂ ਉੱਤੇ ਮੁੱਠ ਕੁ ਬਾਰੂਦ ਧੂੜ ਕੇ ਤੀਲੀ ਲਾ ਦਿੱਤੀ।

ਲਾਟਾਂ ਸੂੰ-ਸੂੰ ਕਰਦੀਆਂ ਸਾਰੀਆਂ ਟਾਹਣੀਆਂ ਵਿਚ ਫੈਲ ਗਈਆਂ। ਕਪਤਾਨ ਨੇ ਇਕ ਡੱਬਾ ਅੱਗ ਉੱਤੇ ਰੱਖਿਆ ਅਤੇ ਬਰਫ਼ ਦੇ ਟੇਪੇ ਤੇ ਬਰਫ ਇਸ ਵਿਚ ਪਾ ਦਿੱਤੀ। ਫੇਰ ਉਸ ਨੇ ਰਸ ਕੱਢਿਆ, ਇਕ ਰੁਮਾਲ ਵਿਚ ਲਪੇਟਿਆ ਤੇ ਇਕ ਰੁੱਖ ਦੇ ਮੁੱਢ ਉੱਤੇ ਰੱਖ ਕੇ ਚਾਕੂ ਦੀ ਮੁੱਠ ਨਾਲ਼ ਇਸ ਨੂੰ ਕੁੱਟਿਆ। ਇਹ ਚੂਰਾ ਉਸ ਨੇ ਉਬਲਦੇ ਪਾਣੀ ਵਿਚ ਪਾ ਦਿੱਤਾ ਤੇ ਇਸ ਨੂੰ ਹਿਲਾਉਣ ਲੱਗ ਪਿਆ। ਫੇਰ ਉਸ ਨੇ ਡੱਬੇ ਨੂੰ ਅੱਗ ਤੋਂ ਲਾਹ ਕੇ ਠੰਡਾ ਹੋਣ ਵਾਸਤੇ ਬਰਫ ਉੱਤੇ ਰੱਖ ਦਿੱਤਾ।

"ਸਵਾਦ ਏ ?" ਕੁੜੀ ਨੇ ਪੁੱਛਿਆ।

"ਜਿਵੇਂ 'ਨਰੋਈ ਸਿਹਤ' ਕਾਫੀ ਹੁੰਦੀ ਹੈ," ਕਪਤਾਨ ਨੇ ਆਖਿਆ। ਅਤੇ ਭੂਰੇ-ਭੂਰੇ ਦਾਗਾਂ ਵਾਲ਼ਾ ਡੱਬਾ ਉਸ ਨੂੰ ਫੜਾ ਦਿੱਤਾ।

"ਮੈਂ ਸਾਰ ਲਵਾਂਗੀ, ਨਹੀਂ ਲੋੜ ਮੈਨੂੰ," ਕੁੜੀ ਨੇ ਕਿਹਾ।

"ਤੁਹਾਨੂੰ ਬੜਾ ਕੁਝ ਸਾਰਨਾ ਪਵੇਗਾ," ਕਪਤਾਨ ਨੇ ਆਖਿਆ। "ਤੇ ਹੁਣ ਬੋਲੋ ਨਾ, ਪੀ ਲਓ ਇਹਨੂੰ।"

ਤਰਕਾਲਾਂ ਵੇਲ਼ੇ ਉਸ ਨੇ ਇਕ ਬੁੱਢਾ ਢੋਡਰ ਕਾਂ ਮਾਰ ਲਿਆ।

"ਤੁਸੀਂ ਹੁਣ ਕਾਂ ਖਾਓਗੇ ?" ਕੁੜੀ ਨੇ ਪੁੱਛਿਆ।

"ਇਹ ਕਾਂ ਨਹੀਂ, ਢੋਡਰ ਹੈ," ਕਪਤਾਨ ਨੇ ਆਖਿਆ।

ਉਸ ਨੇ ਪੰਛੀ ਨੂੰ ਅੱਗ ਉੱਤੇ ਭੁੰਨ ਲਿਆ।

"ਖਾਓਗੇ ?" ਤੇ ਉਸ ਨੇ ਅੱਧਾ ਕੁੜੀ ਨੂੰ ਪੇਸ਼ ਕੀਤਾ।

"ਬਿਲਕੁਲ ਨਹੀਂ !" ਉਸ ਨੇ ਘਿਣ ਨਾਲ਼ ਆਖਿਆ।

ਕਪਤਾਨ ਪਹਿਲਾਂ ਝਕਦਾ ਰਿਹਾ ਤੇ ਫੇਰ ਉਸ ਨੇ ਸੋਚੀਂ ਡੁੱਬ ਕੇ ਆਖਿਆ:

"ਸ਼ਾਇਦ, ਇਨਸਾਫ ਦੀ ਗੱਲ ਏਹੋ ਹੀ ਹੋਵੇ।" ਤੇ ਉਸ ਸਾਰਾ ਪੰਛੀ ਖਾ ਲਿਆ। ਉਸ ਨੇ ਸਿਗਰਟ ਸੁਲਘਾਈ ਤੇ ਖੁਸ਼ ਹੁੰਦਿਆਂ ਆਖਿਆ:

"ਕਿਉਂ, ਪੈਰ ਦਾ ਕੀ ਹਾਲ ਹੈ ?"

"ਮੈਨੂੰ ਲਗਦਾ ਏ ਕਿ ਰਤਾ ਮਾਸਾ ਤੁਰ ਸਕਦੀ ਆਂ," ਕੁੜੀ ਨੇ ਜਵਾਬ ਦਿੱਤਾ।

"ਝੱਲਿਆਂ ਵਾਲ਼ੀ ਗੱਲ।"

ਉਸ ਪੂਰੀ ਰਾਤ ਕਪਤਾਨ ਸਕੀਜ਼ ਨੂੰ ਖਿੱਚਦਾ ਗਿਆ। ਤੇ ਕੁੜੀ, ਜਾਪਦਾ ਸੀ, ਊਂਘ

ਰਹੀ ਹੈ।

ਲੋਅ ਲੱਗਦੇ ਨਾਲ਼ ਕਪਤਾਨ ਇਕ ਖੱਡ ਵਿਚ ਜਾ ਰੁਕਿਆ।

ਦਿਆਰ ਦਾ ਇਕ ਬਹੁਤ ਵੱਡਾ ਰੁੱਖ, ਜਿਸ ਨੂੰ ਝੱਖੜ ਨੇ ਜੜ੍ਹੋਂ ਉਖੇੜ ਦਿੱਤਾ ਸੀ, ਡਿੱਗਾ ਪਿਆ ਸੀ। ਓੜਕਾਂ ਦੀਆਂ ਜੜ੍ਹਾਂ ਦੇ ਹੇਠ ਇਕ ਟੋਇਆ ਸੀ। ਕਪਤਾਨ ਨੇ ਬਰਫ ਨੂੰ ਖੁਰਚ ਕੇ ਟੋਏ ਵਿਚੋਂ ਬਾਹਰ ਕੱਢਿਆ, ਕੁਝ ਟਾਹਣੀਆਂ ਤੋੜੀਆਂ ਤੇ ਉਹਨਾਂ ਦੇ ਉੱਪਰ ਆਪਣੀ ਬਰਸਾਤੀ ਵਿੱਛਾ ਦਿੱਤੀ।

"ਸੌਣਾ ਚਾਹੁੰਦੇ ਓ ?" ਨੀਂਦ ਤੋਂ ਜਾਗਦੀ ਕੁੜੀ ਨੇ ਪੁੱਛਿਆ।

"ਇਕ ਘੰਟਾ, ਬਹੁਤਾ ਨਹੀਂ," ਕਪਤਾਨ ਨੇ ਕਿਹਾ। "ਨਹੀਂ ਤਾਂ ਮੈਂ ਭੁੱਲ ਹੀ ਜਾਵਾਂਗਾ ਕਿ ਇਹ ਕੰਮ ਕਿਵੇਂ ਕਰਨਾ ਹੈ।"

ਕੁੜੀ ਆਪਣੇ ਸੌਣ ਵਾਲੇ ਬੈਗ ਵਿਚੋਂ ਬਾਹਰ ਆਉਣ ਲਈ ਹੱਥ ਪੈਰ ਮਾਰਨ ਲੱਗੀ।

"ਤੁਸੀਂ ਹੁਣ ਕੀ ਕਰਨ ਲੱਗੇ ਹੋ ?" ਕਪਤਾਨ ਨੇ ਉੱਠਦਿਆਂ ਪੁੱਛਿਆ।

ਕੁੜੀ ਉਹਦੇ ਕੋਲ਼ ਆਈ ਤੇ ਬੋਲੀ:

"ਮੈਂ ਤੁਹਾਡੇ ਨਾਲ਼ ਲੰਮੀ ਪੈ ਜਾਵਾਂਗੀ। ਇਸ ਤਰ੍ਹਾਂ ਨਿੱਘ ਆ ਜਾਵੇਗਾ। ਬੈਗ ਅਸੀਂ ਉੱਪਰ ਲੈ ਲਵਾਂਗੇ।"

"ਨਹੀਂ, ਗੱਲ ਸੁਣੋ.." ਕਪਤਾਨ ਨੇ ਆਖਿਆ।

"ਪਰੇ ਹੋ ਜਾਓ," ਕੁੜੀ ਨੇ ਆਖਿਆ। "ਤੁਸੀਂ ਇਹ ਤਾਂ ਨਹੀਂ ਚਾਹੁੰਦੇ ਕਿ ਮੈਂ ਬਰਫ ਉੱਤੇ ਲੰਮੀ ਪਵਾਂ.. ਤੁਹਾਨੂੰ ਬੇਅਰਾਮੀ ਤਾਂ ਨਹੀਂ ?"

"ਆਪਣੇ ਵਾਲ਼ ਬੰਨ੍ਹ ਲਓ, ਮੇਰੇ ਨੱਕ ਵਿਚ ਚੁੱਭਦੇ ਨੇ। ਨਿੱਛ ਮਾਰਨ ਨੂੰ ਜੀਅ ਕਰਦਾ ਹੈ, ਤੇ ਅਸਲੋਂ ਹੀ .."

"ਤੁਸੀਂ ਸੌਂਣਾ ਚਾਹੁੰਦੇ ਹੋ। ਠੀਕ ਹੈ, ਸੌਂ ਜਾਓ। ਮੇਰੇ ਵਾਲ ਨਹੀਂ ਤੁਹਾਡੇ ਰਾਹ ਵਿਚ ਆਉਂਦੇ!"

"ਆਉਂਦੇ ਨੇ," ਕਪਤਾਨ ਨੇ ਮੱਧਮ ਜਿਹੀ ਅਵਾਜ਼ ਵਿਚ ਆਖਿਆ ਤੇ ਸੌਂ ਗਿਆ।

ਢਲਦੀ ਬਰਫ ਤੇ ਤ੍ਰਿਪ-ਤ੍ਰਿਪ ਚੌਂਦੇ ਪਾਣੀ ਦੀ ਸਰਸਰ ਹੋ ਰਹੀ ਸੀ। ਬਰਫ ਉੱਤੇ ਬੱਦਲਾਂ ਦੇ ਪਰਛਾਵੇਂ ਧੂੰਏਂ ਵਾਂਗ ਤਿਲਕਦੇ ਫਿਰਦੇ ਸਨ।

ਕਪਤਾਨ ਸੁੱਤਾ ਪਿਆ ਸੀ, ਹੱਥ ਦੀ ਮੁੱਕੀ ਵੱਟ ਕੇ ਬੁਲ੍ਹਾਂ ਉੱਤੇ ਟਿਕਾਈ ਹੋਈ ਸੀ ਅਤੇ ਚਿਹਰੇ ਤੋਂ ਥੱਕਿਆ ਹੋਇਆ ਤੇ ਦੁਖੀ ਜਾਪਦਾ ਸੀ। ਕੁੜੀ ਉਹਦੇ ਉੱਤੇ ਝੁਕੀ ਹੋਈ ਸੀ ਤੇ ਆਪਣਾ ਹੱਥ ਮਲਕੜੇ ਜਿਹੇ ਉਹਦੇ ਸਿਰ ਹੇਠਾਂ ਸਰਕਾਇਆ ਹੋਇਆ ਸੀ।

ਟੋਏ ਉੱਤੇ ਉੱਲਰੀਆਂ ਹੋਈਆਂ ਰੁੱਖਾਂ ਦੀਆਂ ਟਾਹਣੀਆਂ ਵਿਚੋਂ ਪਾਣੀ ਦੀਆਂ ਮੋਟੀਆਂ-ਮੋਟੀਆਂ ਬੂੰਦਾ ਸੁੱਤੇ ਪਏ ਆਦਮੀ ਦੇ ਚਿਹਰੇ ਵੱਲ ਡਿੱਗ ਰਹੀਆਂ ਸਨ। ਕੁੜੀ ਨੇ ਉਹਦੇ ਸਿਰ ਹੇਠੋਂ ਆਪਣਾ ਹੱਥ ਕੱਢਿਆ ਤੇ ਚਿਹਰੇ ਉੱਤੇ ਲੱਪ ਕਰ ਦਿੱਤੀ ਤਾਂ ਜੋ ਪਾਣੀ ਦੀ ਬੂੰਦ ਮੂੰਹ ਉੱਤੇ ਨਾ ਡਿੱਗੇ। ਜਦੋਂ ਉਹਦੀ ਲੱਪ ਭਰ ਜਾਂਦੀ, ਉਹ ਸੰਭਲ ਕੇ ਪਾਣੀ ਪਰੇ ਡੋਲ੍ਹ ਦੇਂਦੀ।

ਕਪਤਾਨ ਦੀ ਅੱਖ ਖੁੱਲ੍ਹੀ। ਉਹ ਉੱਠ ਕੇ ਬਹਿ ਗਿਆ ਤੇ ਹੱਥਾਂ ਨਾਲ਼ ਆਪਣਾ ਮੂੰਹ

ਮਲਿਆ।

"ਤੁਹਾਡੇ ਐਥੇ ਕਰਕੇ ਧੌਲੇ ਆ ਗਏ ਨੇ," ਕੁੜੀ ਨੇ ਆਖਿਆ। "ਉਸ ਘਟਨਾ ਤੋਂ ਮਗਰੋਂ ?"

"ਕਿਹੜੀ ਘਟਨਾ ?" ਕਪਤਾਨ ਨੇ ਆਕੜ ਭੰਨਦਿਆਂ ਪੁੱਛਿਆ।

"ਜਦੋਂ ਤੁਹਾਨੂੰ ਗੋਲ਼ੀਮਾਰ ਦਸਤੇ ਅੱਗੇ ਖੜਾ ਕੀਤਾ ਗਿਆ ਸੀ।"

"ਯਾਦ ਨਹੀਂ," ਕਪਤਾਨ ਨੇ ਆਖਿਆ ਤੇ ਉਬਾਸੀ ਲਈ। ਉਹ ਉਸ ਘਟਨਾ ਨੂੰ ਯਾਦ ਨਹੀਂ ਸੀ ਕਰਨਾ ਚਾਹੁੰਦਾ।

ਗੱਲ ਇਸ ਤਰ੍ਹਾਂ ਹੋਈ ਸੀ। ਅਗਸਤ ਵਿਚ ਕਪਤਾਨ ਨੇ ਜਰਮਨਾਂ ਦੇ ਅਸਲੇ ਦਾ ਇਕ ਬਹੁਤ ਵੱਡਾ ਭੰਡਾਰ ਉਡਾ ਦਿੱਤਾ ਸੀ। ਧਮਾਕੇ ਦਾ ਉਸ ਨੂੰ ਬੜਾ ਝਟਕਾ ਲੱਗਾ ਸੀ ਤੇ ਉਹ ਏਨਾ ਸੜ ਗਿਆ ਸੀ ਕਿ ਪਛਾਣਿਆ ਹੀ ਨਹੀਂ ਸੀ ਜਾਂਦਾ। ਉਹ ਧੁਖਦੇ ਤੇ ਕਾਲ਼ੇ ਹੋ ਗਏ ਕੱਪੜਿਆਂ ਵਿਚ ਪਿਆ ਸੀ ਜਦੋਂ ਜਰਮਨ ਸਟ੍ਰੈਚਰ ਚੁੱਕਣ ਵਾਲ਼ਿਆਂ ਨੇ ਉਹਨੂੰ ਧਮਾਕੇ ਨਾਲ਼ ਜ਼ਖ਼ਮੀ ਹੋ ਗਏ ਜਰਮਨ ਸੈਨਿਕਾਂ ਦੇ ਨਾਲ਼ ਹੀ ਚੁੱਕ ਲਿਆ ਤੇ ਹਸਪਤਾਲ ਲੈ ਗਏ। ਉਹ ਗੁੰਗਾ ਬੋਲਾ ਹੋਣ ਦਾ ਪਖੰਡ ਰਚ ਕੇ ਤਿੰਨ ਹਫਤੇ ਓਥੇ ਪਿਆ ਰਿਹਾ। ਫੇਰ ਡਾਕਟਰ ਨੂੰ ਸਾਬਤ ਹੋ ਗਿਆ ਕਿ ਉਹ ਅਸਲ ਵਿਚ ਬੋਲਾ ਨਹੀਂ। ਗੈਸਟਾਪੋ ਨੇ ਬੀਮਾਰੀ ਦਾ ਪਖੰਡ ਕਰਨ ਵਾਲ਼ੇ ਤਿੰਨ ਜਰਮਨਾਂ ਦੇ ਨਾਲ਼ ਹੀ ਜ਼੍ਹਾਵੋਰੋਨਕੋਵ ਨੂੰ ਗੋਲ਼ੀ ਮਰਵਾਈ। ਰਾਤ ਵੇਲ਼ੇ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ ਕਪਤਾਨ ਰਿੜ੍ਹ ਖੁੜ ਕੇ ਖੰਦਕ ਵਿਚੋਂ ਬਾਹਰ ਆ ਗਿਆ ਅਤੇ ਰੀਂਗਦਾ ਹੋਇਆ ਵੀਹ ਕਿਲੋਮੀਟਰ ਦੂਰ ਇਕ ਗੁਪਤ ਅੱਡੇ ਪਹੁੰਚ ਗਿਆ।

ਗੱਲ ਬਦਲਣ ਦੇ ਮਨੋਰਥ ਨਾਲ਼, ਉਸ ਨੇ ਪੁੱਛਿਆ:

"ਪੈਰ ਹਾਲੇ ਵੀ ਪੀੜ ਕਰਦਾ ਹੈ ?"

"ਮੈਂ ਦੱਸਿਆ ਸੀ ਕਿ ਮੈਂ ਤੁਰ ਸਕਦੀ ਆਂ," ਕੁੜੀ ਨੇ ਖਿੱਝ ਕੇ ਜਵਾਬ ਦਿੱਤਾ।

"ਠੀਕ ਹੈ, ਬਹਿ ਜਾਓ। ਜਦੋਂ ਵਕਤ ਆਇਆ, ਤੁਸੀਂ ਦੌੜ ਵੀ ਲਓਗੇ।"

ਕਪਤਾਨ ਨੇ ਫੇਰ ਸਕੀਜ਼ ਨੂੰ ਆਪਣੇ ਨਾਲ਼ ਬੰਨ੍ਹਿਆ ਤੇ ਢਲਦੀ ਬਰਫ ਉੱਤੇ ਪੈਰ ਘਸੀਟਦਾ ਤੁਰਨ ਲੱਗਾ।

ਮੀਂਹ ਪੈ ਰਿਹਾ ਸੀ ਨਾਲ਼ ਹੀ ਬਰਫ ਵੀ ਪੈ ਰਹੀ ਸੀ। ਪੈਰ ਤਿਲਕ-ਤਿਲਕ ਜਾਂਦੇ ਸਨ। ਕਪਤਾਨ ਠੇਡਾ ਖਾ ਕੇ ਬਾਰ ਬਾਰ ਬਰਫੀਲੇ ਚਿੱਕੜ ਵਾਲ਼ੇ ਚਲ੍ਹਿਆਂ ਵਿਚ ਜਾ ਪੈਂਦਾ। ਹਨੇਰਾ ਸੀ ਤੇ ਘੁਸਮੁਸਾ ਸੀ। ਕਪਤਾਨ ਬੜਾ ਦਿਲਗੀਰ ਹੋਇਆ ਇਹ ਸੋਚ ਰਿਹਾ ਸੀ ਕਿ ਉਹ ਅੱਧੀ ਢਲ ਚੁੱਕੀ ਬਰਫ ਉੱਤੋਂ ਦੀ ਦਰਿਆ ਪਾਰ ਵੀ ਕਰ ਸਕਣਗੇ ਜਾਂ ਨਹੀਂ।

ਉਹਨਾਂ ਦੇ ਸਾਮ੍ਹਣੇ ਇਕ ਮਰਿਆ ਹੋਇਆ ਘੋੜਾ ਪਿਆ ਸੀ।

ਕਪਤਾਨ ਉਹਦੇ ਕੋਲ਼ ਨਿੱਠ ਕੇ ਬਹਿ ਗਿਆ ਤੇ ਆਪਣਾ ਚਾਕੂ ਕੱਢ ਲਿਆ।

"ਪਤਾ ਜੇ," ਕੁੜੀ ਨੇ ਬੈਠਦਿਆਂ ਆਖਿਆ। "ਤੁਸੀਂ ਸਾਰੇ ਕੰਮ ਏਡੇ ਸਲੀਕੇ ਨਾਲ਼ ਕਰਦੇ ਓ, ਕਿ ਮੈਨੂੰ ਵੇਖਣਾ ਬੁਰਾ ਨਹੀਂ ਲਗਦਾ।"

"ਸਿਰਫ ਇਸ ਲਈ ਕਿ ਤੁਸੀਂ ਭੁੱਖੇ ਹੋ," ਕਪਤਾਨ ਨੇ ਧੀਰਜ ਨਾਲ਼ ਜਵਾਬ ਦਿੱਤਾ।

ਰੇਡੀਓ ਦੇ ਏਰੀਅਲ ਨੂੰ ਕਬਾਬ ਬਨਾਉਣ ਵਾਲ਼ੀ ਆਰਜ਼ੀ ਸੀਖ ਬਣਾ ਕੇ, ਉਸ ਨੇ ਗੋਸ਼ਤ ਦੀਆਂ ਨਿੱਕੀਆਂ-ਨਿੱਕੀਆਂ ਬੋਟੀਆਂ ਉਸ ਵਿਚ ਟੰਗੀਆਂ।

"ਸਵਾਦ ਹੁੰਦਾ ਏ!" ਕੁੜੀ ਨੇ ਹੈਰਾਨੀ ਨਾਲ਼ ਆਖਿਆ।

"ਹੈਰਾਨੀ ਦੀ ਕੋਈ ਗੱਲ ਨਹੀਂ!" ਕਪਤਾਨ ਮੁਸਕ੍ਰਾਇਆ। "ਭੁੰਨਿਆ ਹੋਇਆ ਘੋੜੇ ਦਾ ਗੋਸ਼ਤ ਗਊ ਦੇ ਗੋਸ਼ਤ ਨਾਲ਼ੋਂ ਵਧੇਰੇ ਸਵਾਦ ਹੁੰਦਾ ਹੈ।"

ਫੇਰ ਉਸ ਨੇ ਉੱਠ ਕੇ ਖੜ੍ਹੇ ਹੁੰਦਿਆਂ ਆਖਿਆ:

"ਮੈਂ ਰਤਾ ਆਸੇ-ਪਾਸੇ ਨਜ਼ਰ ਮਾਰ ਆਵਾਂ। ਤੁਸੀਂ ਏਥੇ ਹੀ ਠਹਿਰੋ।"

"ਠੀਕ ਏ।" ਕੁੜੀ ਸਹਿਮਤ ਹੋ ਗਈ। "ਹੋ ਸਕਦਾ ਏ, ਤੁਹਾਨੂੰ ਇਹ ਗੱਲ ਹਸਾਉਣੀ ਲੱਗੇ, ਪਰ ਮੇਰੇ ਲਈ ਹੁਣ ਇਕੱਲਿਆਂ ਰਹਿਣਾ ਬੜਾ ਔਖਾ ਏ। ਮੈਂ ਤੁਹਾਡੇ ਨਾਲ਼ ਰਹਿਣਾ ਗਿੱਝ ਗਈ ਆਂ।"

"ਚੰਗਾ, ਚੰਗਾ! ਮੂਰਖਾਂ ਵਾਲ਼ੀ ਗੱਲ ਨਾ ਕਰੋ।" ਕਪਤਾਨ ਨੇ ਬੁੜਬੁੜ ਕੀਤਾ।

ਪਰ ਉਹ ਅਸਲ ਵਿਚ ਆਪਣੇ-ਆਪ ਨਾਲ਼ ਗੱਲਾਂ ਕਰ ਰਿਹਾ ਸੀ ਕਿਉਂਕਿ ਉਹ ਹੱਕਾ-ਬੱਕਾ ਰਹਿ ਗਿਆ ਸੀ।

ਉਹ ਰਾਤ ਨੂੰ ਵਾਪਸ ਆਇਆ।

ਕੁੜੀ ਪਿਸਤੌਲ ਹੱਥ ਵਿਚ ਲੈ ਕੇ, ਸਕੀਜ਼ ਉੱਤੇ ਬੈਠੀ ਹੋਈ ਸੀ। ਕਪਤਾਨ ਨੂੰ ਵੇਖ ਕੇ ਉਹ ਮੁਸਕ੍ਰਾਈ ਤੇ ਖੜੀ ਹੋ ਗਈ।

"ਬਹਿ ਜਾਓ, ਬਹਿ ਜਾਓ!" ਕਪਤਾਨ ਨੇ ਉਸ ਅੰਦਾਜ਼ ਵਿਚ ਆਖਿਆ ਜਿਸ ਵਿਚ ਉਹ ਆਪਣੇ ਵਿਦਿਆਰਥੀਆਂ ਨੂੰ ਆਖਿਆ ਕਰਦਾ ਸੀ ਜਦੋਂ ਉਹ ਉਹਦੇ ਆਦਰ ਵਿਚ ਖੜ੍ਹੇ ਹੋ ਜਾਂਦੇ ਸਨ।

ਉਸ ਨੇ ਸਿਗਰਟ ਸੁਲਘਾਈ ਤੇ ਸ਼ੱਕੀ ਨਜ਼ਰ ਨਾਲ਼ ਕੁੜੀ ਵੱਲ ਵੇਖਦਿਆਂ ਕਿਹਾ:

"ਗੱਲ ਸੁਣੋ! ਜਰਮਨਾਂ ਨੇ ਏਥੋਂ ਨੇੜੇ ਹੀ ਇਕ ਹਵਾਈ ਅੱਡਾ ਬਣਾ ਲਿਆ ਹੈ।"

"ਫੇਰ?" ਕੁੜੀ ਨੇ ਪੁੱਛਿਆ।

"ਕੁਝ ਨਹੀਂ," ਕਪਤਾਨ ਨੇ ਜਵਾਬ ਦਿੱਤਾ। "ਬਸ, ਬੜਾ ਵਧੀਆ ਬਣਾਇਆ ਹੈ।" ਤੇ ਫੇਰ ਉਸ ਨੇ ਗੰਭੀਰ ਹੋ ਕੇ ਪੁੱਛਿਆ, "ਤੁਹਾਡਾ ਟਰਾਂਸਮੀਟਰ ਕੰਮ ਕਰਦਾ ਹੈ?"

"ਤੁਸੀਂ ਸੁਨੇਹੇ ਭੇਜਣਾ ਚਾਹੁੰਦੇ ਓ?" ਕੁੜੀ ਨੇ ਖਿੜ ਕੇ ਪੁੱਛਿਆ।

"ਬਹੁਤ ਜ਼ਰੂਰੀ," ਕਪਤਾਨ ਨੇ ਆਖਿਆ।

ਮਿਖਾਇਲੋਵਾ ਨੇ ਆਪਣੀ ਟੋਪੀ ਲਾਹ ਲਈ ਤੇ ਕੰਨਾਂ ਨੂੰ ਫੋਨ ਲਾ ਲਏ। ਕੁਝ ਮਿੰਟਾਂ ਵਿਚ ਹੀ ਉਸ ਨੇ ਪੁੱਛਿਆ ਕਿ ਕੀ ਸੁਨੇਹਾ ਦੇਣਾ ਹੈ। ਕਪਤਾਨ ਉਹਦੇ ਕੋਲ਼ ਹੀ ਬਹਿ ਗਿਆ। ਉਸ ਨੇ ਆਪਣੇ ਹੱਥ ਦੀ ਤਲੀ ਉੱਤੇ ਮੁੱਕੀ ਮਾਰੀ ਤੇ ਆਖਿਆ:

"ਸੰਖੇਪ ਵਿਚ, ਇਹ: 'ਨਕਸ਼ਾ ਪਾਣੀ ਨਾਲ਼ ਗਿਜ-ਗਿਜਾ ਹੋ ਗਿਆ ਹੈ, ਇਸ ਵਾਸਤੇ ਹਵਾਈ ਅੱਡੇ ਦੀ ਸਥਿਤੀ ਬਾਰੇ ਨਕਸ਼ੇ ਤੋਂ ਆਦੇਸ਼ ਨਹੀਂ ਦੇ ਸਕਦਾ। ਪਰ ਕੰਪਾਸ ਤੋਂ ਦਿਸ਼ਾ ਕੋਣ ਦੇ ਸਕਦਾ ਹਾਂ। ਬੱਦਲ ਨੀਵੇਂ ਹੋਣ ਕਾਰਨ, ਰੇਖਾਵੀ ਨਿਸ਼ਾਨੀਆਂ ਵਿਖਾਈ ਨਹੀਂ

ਦੇਂਦੀਆਂ। ਇਸ ਲਈ ਅਸੀਂ ਟਰਾਂਸਮੀਟਰ ਨੂੰ ਹੀ ਸਿਗਨਲ ਸਟੇਸ਼ਨ ਦੇ ਤੌਰ 'ਤੇ ਵਰਤਾਂਗੇ.. ਉਹਨਾਂ ਨੂੰ ਆਪਣੀ ਵੇਵਲੈਂਥ ਦੱਸ ਦਿਓ।''

ਕੁੜੀ ਨੇ ਕੰਨਾਂ ਤੋਂ ਫੋਨ ਲਾਹ ਲਏ ਤੇ ਲਿਸ਼ਕਦੇ ਚਿਹਰੇ ਨਾਲ਼ ਕਪਤਾਨ ਵੱਲ ਵੇਖਿਆ। ਪਰ ਕਪਤਾਨ ਇਕ ਹੋਰ ਸਿਗਰਟ ਬਣਾ ਰਿਹਾ ਸੀ ਤੇ ਉਸ ਨੇ ਨਜ਼ਰ ਚੁੱਕ ਕੇ ਨਹੀਂ ਵੇਖਿਆ।

''ਅਗਲੀ ਗੱਲ ਇਹ ਹੈ,'' ਉਸ ਨੇ ਦੱਬੀ-ਘੁੱਟੀ ਅਵਾਜ਼ ਵਿਚ ਕਿਹਾ, ''ਕਿ ਮੈਂ ਟਰਾਂਸਮੀਟਰ ਲੈ ਕੇ ਓਧਰ ਚੱਲਿਆ ਹਾਂ।'' ਉਸ ਨੇ ਹੱਥ ਹਿਲਾ ਕੇ ਥਾਂ ਦਾ ਸੰਕੇਤ ਦਿੱਤਾ। ''ਤਾਂ ਜੋ ਮੈਂ ਨਿਸ਼ਾਨੇ ਦੇ ਹੋਰ ਨੇੜੇ ਹੋਵਾਂ। ਤੇ ਤੁਸੀਂ ਆਪਣਾ ਕੰਮ ਚਲਾਇਓ ਵੱਧ ਤੋਂ ਵੱਧ ਚੰਗੀ ਤਰ੍ਹਾਂ। ਜਦੋਂ ਹਨੇਰਾ ਹੋ ਜਾਏ, ਹੇਠਾਂ ਦਰਿਆ ਵੱਲ ਚਲੇ ਜਾਣਾ। ਬਰਫ ਪਤਲੀ ਹੈ, ਵੰਝ ਕੋਲ਼ ਰੱਖਣਾ ਠੀਕ ਰਹੇਗਾ। ਜੇ ਡਿੱਗ ਪਏ ਤਾਂ ਕੰਮ ਦੇਵੇਗਾ। ਫੇਰ ਰੀਂਗ ਕੇ ਮਾਲੀਨੋਵਕਾ ਚਲੇ ਜਾਣਾ, ਕੋਈ ਤਿੰਨ ਕਿਲੋਮੀਟਰ ਹੈ ਏਥੋ, ਤੇ ਓਥੇ ਤੁਸੀਂ ਮਿਲ ਪਓਗੇ।''

''ਬਹੁਤ ਹੱਛਾ।'' ਮਿਖਾਇਲੋਵਾ ਨੇ ਆਖਿਆ। ''ਪਰ ਟਰਾਂਸਮੀਟਰ ਤੁਹਾਨੂੰ ਨਹੀਂ ਮਿਲਣਾ।''

''ਚੰਗਾ, ਚੰਗਾ,'' ਕਪਤਾਨ ਨੇ ਕਿਹਾ, ''ਚੁੱਪ ਕਰੋ ਤੁਸੀਂ।''

''ਟਰਾਂਸਮੀਟਰ ਦੀ ਜ਼ਿੰਮੇਵਾਰ ਮੈਂ ਹਾਂ ਤੇ ਮੈਂ ਇਹਦੇ ਕੋਲ਼ ਹੀ ਰਹਾਂਗੀ।''

''ਬਿਨਾਂ ਤਨਖਾਹ ਦੇ ਵਾਧੂ ਵਾਂਗ,'' ਕਪਤਾਨ ਨੇ ਫੁਰਕੜਾ ਮਾਰਿਆ। ਫੇਰ ਉਸ ਨੂੰ ਗੁੱਸਾ ਚੜ੍ਹ ਗਿਆ ਤੇ ਉਹਨੇ ਉੱਚੀ ਅਵਾਜ਼ ਵਿਚ ਆਖਿਆ। ''ਮੈਂ ਤੁਹਾਨੂੰ ਹੁਕਮ ਦੇਂਦਾ ਹਾਂ।''

''ਪਤਾ ਜੇ, ਕਪਤਾਨ, ਮੈਂ ਤੁਹਾਡਾ ਕੋਈ ਵੀ ਹੁਕਮ ਮੰਨਾਂਗੀ। ਪਰ ਤੁਹਾਨੂੰ ਮੇਰੇ ਕੋਲੋਂ ਟਰਾਂਸਮੀਟਰ ਲੈਣ ਦਾ ਕੋਈ ਹੱਕ ਨਹੀਂ।''

''ਪਰ ਤੁਸੀਂ ਸਮਝਦੇ ਹੋ ਨਾ,'' ਕਪਤਾਨ ਜੋਸ਼ ਵਿਚ ਬੋਲਿਆ।

''ਮੈਂ ਸਮਝਦੀ ਆਂ,'' ਮਿਖਾਇਲੋਵਾ ਨੇ ਧੀਰਜ ਨਾਲ਼ ਆਖਿਆ। ''ਇਹ ਸਿਰਫ ਮੇਰਾ ਕੰਮ ਏ।'' ਅਤੇ ਗੁੱਸੇ ਨਾਲ਼ ਸਿੱਧਾ ਕਪਤਾਨ ਦੀਆਂ ਅੱਖਾਂ ਵਿਚ ਵੇਖਦਿਆਂ, ਉਸ ਨੇ ਨਾਲ਼ ਹੀ ਕਿਹਾ, ''ਤੁਸੀਂ ਗੁੱਸੇ ਵਿਚ ਆ ਰਹੇ ਹੋ ਤੇ ਉਸ ਕੰਮ ਵਿਚ ਦਖਲ ਦੇ ਰਹੇ ਹੋ ਜਿਸ ਨਾਲ਼ ਤੁਹਾਡਾ ਕੋਈ ਸਰੋਕਾਰ ਨਹੀਂ।''

ਕਪਤਾਨ ਨੇ ਬੜੀ ਛੋਹਲੀ ਨਾਲ਼ ਮਿਖਾਇਲੋਵਾ ਵੱਲ ਮੂੰਹ ਭੁਆਇਆ। ਉਹ ਕੋਈ ਬੜੀ ਗੰਦੀ ਗੱਲ ਕਰਨੀ ਚਾਹੁੰਦਾ ਸੀ, ਪਰ ਉਸ ਨੇ ਆਪਣੀ ਜ਼ਬਾਨ ਰੋਕ ਲਈ ਤੇ ਹਿੰਮਤ ਕਰਕੇ ਏਨਾ ਹੀ ਆਖਿਆ:

''ਠੀਕ ਹੈ, ਕਰੀ ਚੱਲੋ ਕੰਮ,'' ਅਤੇ ਪ੍ਰਤੱਖ ਤੌਰ 'ਤੇ ਆਪਣਾ ਗੁੱਸਾ ਕੱਢਣ ਲਈ, ਏਨਾ ਹੋਰ ਆਖ ਦਿੱਤਾ, ''ਤੁਹਾਨੂੰ ਆਪ ਨੂੰ ਤਾਂ ਇਹ ਖਿਆਲ ਨਾ ਆਇਆ, ਤੇ ਹੁਣ...''

ਮਿਖਾਇਲੋਵਾ ਨੇ ਹੱਸ ਕੇ ਆਖਿਆ:

''ਮੈਂ ਤੁਹਾਡੀ ਬਹੁਤ ਸ਼ੁਕਰਗੁਜ਼ਾਰ ਆਂ, ਕਪਤਾਨ, ਇਸ ਵਿਚਾਰ ਵਾਸਤੇ।''

ਕਪਤਾਨ ਨੇ ਕਮੀਜ਼ ਦੀ ਬਾਂਹ ਉੱਪਰ ਕੀਤੀ ਤੇ ਆਪਣੀ ਘੜੀ ਉੱਤੇ ਨਜ਼ਰ ਮਾਰੀ।

''ਬੈਠੇ ਕਿਉਂ ਜੇ, ਵਕਤ ਬਹੁਤ ਥੋੜ੍ਹਾ ਹੈ।''

ਮਿਖਾਇਲੋਵਾ ਨੇ ਤਣੀਆਂ ਫੜੀਆਂ, ਕੁਝ ਕਦਮ ਅੱਗੇ ਵਧੀ ਤੇ ਫੇਰ ਪਿੱਛੇ ਮੁੜ ਕੇ ਵੇਖਿਆ।

"ਅਲਵਿਦਾ, ਕਪਤਾਨ।"

"ਤੁਰੇ ਜਾਓ, ਤੁਰੇ ਜਾਓ," ਉਸ ਨੇ ਫੁਰਕੜਾ ਮਾਰਿਆ ਤੇ ਦਰਿਆ ਵੱਲ ਤੁਰ ਪਿਆ..

ਧੁੰਦਲਾ ਹਨੇਰਾ ਹੁੰਦਾ ਜਾ ਰਿਹਾ ਸੀ ਅਤੇ ਵਾਤਾਵਰਣ ਵਿਚ ਸਿੱਲ੍ਹ ਦੀ ਮਹਿਕ ਸੀ ਅਤੇ ਹਰ ਪਾਸੇ ਤੋਂ ਵਹਿੰਦੇ ਪਾਣੀ ਦਾ ਸ਼ੋਰ ਸੁਣਾਈ ਦੇ ਰਿਹਾ ਸੀ ਜਿਹੜਾ ਰਾਤ ਵੇਲ਼ੇ ਵੀ ਜੰਮਦਾ ਨਹੀਂ ਸੀ। ਅਜਿਹੇ ਮੌਸਮ ਵਿਚ ਮੌਤ ਖਾਸ ਕਰਕੇ ਨਾ-ਖੁਸ਼ਗਵਾਰ ਲੱਗਦੀ ਹੈ। ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਮਰਨਾ ਕਿਸੇ ਵੀ ਮੌਸਮ ਵਿਚ ਖੁਸ਼ਗਵਾਰ ਨਹੀਂ ਹੁੰਦਾ।

ਜੇ ਮਿਖਾਇਲੋਵਾ ਨੇ ਉਹ ਕਹਾਣੀ ਤਿੰਨ ਮਹੀਨੇ ਪਹਿਲਾਂ ਪੜ੍ਹੀ ਹੁੰਦੀ ਜਿਸ ਦੇ ਮੁੱਖ ਪਾਤਰ ਅਜਿਹੀਆਂ ਮਾਅਰਕੇਬਾਜ਼ੀਆਂ ਕਰਦੇ ਹਨ, ਤੇ ਸ਼ਾਇਦ ਉਹਦੀਆਂ ਖ਼ੂਬਸੂਰਤ ਅੱਖਾਂ ਵਿਚੋਂ ਇਕ ਸੁਪਨਾ ਝਲਕਦਾ ਹੁੰਦਾ। ਫਲਾਲੈਣ ਦੇ ਕੰਬਲ ਦੀ ਬੁੱਕਲ ਮਾਰ ਕੇ ਗੁੱਛਾ-ਮੁੱਛਾ ਹੋਈ, ਉਹ ਆਪਣੇ ਆਪਨੂੰ ਕਹਾਣੀ ਦੀ ਨਾਇਕਾ ਸਮਝਦੀ। ਪਰ ਸਿਰਫ ਅਖ਼ੀਰ ਉੱਤੇ, ਹਰ ਗੱਲ ਦੇ ਬਦਲੇ ਵਿਚ, ਉਹ ਲਾਜ਼ਮੀ ਹੀ ਇਸ ਹੈਕੜਬਾਜ਼ ਨਾਇਕ ਦੀ ਜਾਨ ਬਚਾ ਲੈਂਦੀ। ਤੇ ਫੇਰ ਉਸ ਨੂੰ ਉਹਦੇ ਨਾਲ਼ ਪਿਆਰ ਹੋ ਜਾਂਦਾ ਅਤੇ ਉਹ ਉਸ ਨੂੰ ਪੂਰੀ ਤਰ੍ਹਾਂ ਅਣਡਿੱਠ ਕਰ ਛੱਡਦੀ।

ਉਹਨਾਂ ਤਰਕਾਲਾਂ ਨੂੰ, ਜਦੋਂ ਉਹਨੇ ਆਪਣੇ ਫੈਸਲੇ ਬਾਰੇ ਆਪਣੇ ਪਿਤਾ ਨੂੰ ਦੱਸਿਆ ਸੀ, ਉਸ ਨੂੰ ਇਹ ਨਹੀਂ ਸੀ ਪਤਾ ਕਿ ਇਹ ਕੰਮ ਪਰਾ-ਮਨੁੱਖੀ ਮਨੋਬਲ ਦੀ ਮੰਗ ਕਰੇਗਾ, ਕਿ ਉਸ ਨੂੰ ਚਿੱਕੜ ਵਿਚ ਸੌਣਾ ਪਵੇਗਾ, ਭੁੱਖੀ ਰਹਿਣਾ ਪਵੇਗਾ, ਪਾਲੇ ਵਿਚ ਸੁੰਨ ਹੋਣਾ ਪਵੇਗਾ, ਤੇ ਇਕੱਲ ਦੀਆਂ ਮੁਸੀਬਤਾਂ ਝੱਲਣੀਆਂ ਪੈਣਗੀਆਂ। ਤੇ ਜੇ ਕਿਸੇ ਨੇ ਉਸ ਨੂੰ ਇਸ ਕੰਮ ਦੇ ਸਭ ਵੇਰਵੇ ਦੱਸ ਦਿੱਤੇ ਹੁੰਦੇ ਤੇ ਇਹ ਦੱਸਿਆ ਹੁੰਦਾ ਕਿ ਇਹ ਕੇਡਾ ਮੁਸ਼ਕਿਲ ਕੰਮ ਹੈ, ਤਾਂ ਉਸ ਨੇ ਸਿਰਫ ਏਨਾ ਹੀ ਜਵਾਬ ਦੇਣਾ ਸੀ:

"ਪਰ ਹੋਰ ਲੋਕ ਵੀ ਤਾਂ ਕਰ ਸਕਦੇ ਨੇ।"

"ਤੇ ਜੇ ਤੁਹਾਡੀ ਮੌਤ ਹੋ ਗਈ ?"

"ਸਾਰੇ ਹੀ ਨਹੀਂ ਮਾਰੇ ਜਾਂਦੇ।"

"ਤੇ ਜੇ ਤੁਹਾਨੂੰ ਤਸੀਹੇ ਦਿੱਤੇ ਗਏ ?"

ਉਹ ਥੋੜ੍ਹਾ ਚਿਰ ਸੋਚਦੀ ਤੇ ਬੜੇ ਆਰਾਮ ਨਾਲ਼ ਕਹਿੰਦੀ:

"ਮੈਨੂੰ ਨਹੀਂ ਪਤਾ ਕਿ ਮੈਂ ਕੀ ਕਰਾਂਗੀ। ਪਰ ਕੁਝ ਵੀ ਹੋ ਜਾਏ, ਮੈਂ ਦੱਸਾਂਗੀ ਕੁਝ ਨਹੀਂ। ਇਹ ਤਾਂ ਤੁਸੀਂ ਜਾਣਦੇ ਹੋ।"

ਤੇ ਜਦੋਂ ਉਹਦੇ ਪਿਓ ਨੂੰ ਇਹ ਪਤਾ ਲੱਗ ਗਿਆ, ਉਸ ਨੇ ਆਪਣਾ ਸਿਰ ਝੁਕਾਇਆ ਤੇ ਘੱਗੀ ਅਵਾਜ਼ ਵਿਚ ਜੋ ਕੁਝ ਆਖਿਆ ਉਹ ਉਸ ਨੇ ਪਹਿਲਾਂ ਕਦੇ ਨਹੀਂ ਸੀ ਸੁਣਿਆ:

"ਤੇਰੀ ਮਾਂ ਵਾਸਤੇ ਅਸਹਿ ਹੋਵੇਗਾ ਤੇ ਮੇਰੇ ਵਾਸਤੇ ਵੀ-ਬਹੁਤ ਹੀ ਅਸਹਿ।"

"ਪਾਪਾ," ਉਸ ਨੇ ਟੁਣਕਦੀ ਅਵਾਜ਼ ਵਿਚ ਆਖਿਆ। "ਸਮਝਣ ਦੀ ਕੋਸ਼ਿਸ਼ ਕਰੋ, ਪਾਪਾ, ਮੈਂ ਨਹੀਂ ਰੁਕ ਸਕਦੀ!"

ਉਹਦੇ ਪਿਓ ਨੇ ਨਜ਼ਰਾਂ ਚੁੱਕੀਆਂ ਤੇ ਮਿਖਾਇਲੋਵਾ ਦਾ ਤ੍ਰਾਹ ਨਿਕਲ ਗਿਆ। ਉਹ ਬੜਾ ਦੁਖੀ ਤੇ ਬੁੱਢਾ ਲੱਗ ਰਿਹਾ ਸੀ।

"ਮੈਂ ਸਮਝਦਾ ਹਾਂ," ਉਸ ਦੇ ਪਿਓ ਨੇ ਆਖਿਆ ਸੀ, "ਸੱਚਮੁਚ ਹੀ, ਇਹ ਬੜੀ ਮਾੜੀ ਗੱਲ ਹੁੰਦੀ, ਜੇ ਮੇਰੀ ਧੀ ਇਸ ਤਰ੍ਹਾਂ ਦੀ ਨਾ ਹੁੰਦੀ।"

"ਪਾਪਾ," ਉਸ ਵੇਲੇ ਉਹ ਕੁਰਲਾ ਉੱਠੀ ਸੀ, "ਪਾਪਾ, ਤੂੰ ਕੇਡਾ ਚੰਗਾ ਏਂ, ਮੇਰਾ ਤਾਂ ਰੋਣ ਨਿਕਲ ਚੱਲਿਆ ਸੀ।"

ਸਵੇਰੇ ਉਹਨੇ ਆਪਣੀ ਮਾਂ ਨੂੰ ਦੱਸਿਆ ਕਿ ਉਹ ਫੌਜ ਵਿਚ ਰੇਡੀਓ ਅਪਰੇਟਰ ਦੀ ਸਿਖਲਾਈ ਲੈਣ ਚੱਲੀ ਹੈ..

ਮਾਂ ਦਾ ਰੰਗ ਫੱਕ ਹੋ ਗਿਆ ਪਰ ਉਹ ਸੰਭਲ ਗਈ ਤੇ ਸਿਰਫ ਏਨਾ ਹੀ ਆਖ ਸਕੀ:

"ਧਿਆਨ ਨਾਲ ਰਹੀਂ, ਧੀਏ।"

ਮਿਖਾਇਲੋਵਾ ਨੇ ਸਿਖਲਾਈ ਲੈਂਦਿਆਂ ਸਖ਼ਤ ਮਿਹਨਤ ਕੀਤੀ ਅਤੇ ਇਮਤਿਹਾਨਾਂ ਤੋਂ ਪਹਿਲਾਂ ਉਹ ਹਰ ਵਕਤ ਡਰਦੀ ਰਹਿੰਦੀ ਸੀ ਜਿਵੇਂ ਉਹ ਸਕੂਲ ਵਿਚ ਆਪਣੇ ਇਮਤਿਹਾਨ ਵੇਲ਼ੇ ਕਰਦੀ ਹੁੰਦੀ ਸੀ। ਅਤੇ ਜਦੋਂ ਉਹਦੇ ਸਰਟੀਫਿਕੇਟ ਉੱਤੇ ਉਸ ਦੇ ਸੰਦੇਸ਼-ਸੰਚਾਰ ਦੀ ਸਮਝ ਰੱਖਣ ਦਾ ਹੀ ਨਹੀਂ ਸਗੋਂ ਆਮ ਗਿਆਨ ਦਾ ਖਾਸ ਜ਼ਿਕਰ ਕੀਤਾ ਗਿਆ ਤਾਂ ਉਸ ਨੂੰ ਅੰਤਾਂ ਦੀ ਖੁਸ਼ੀ ਹੋਈ ਸੀ।

ਜਦੋਂ ਜਨੂੰਨ ਤੇ ਪਾਲ਼ੇ ਦੀਆਂ ਇਹਨਾਂ ਹਨੇਰੀਆਂ ਰਾਤਾਂ ਵਿਚ ਉਹ ਇਕੱਲੀ ਸੀ ਤਾਂ ਪਹਿਲਾਂ ਪਹਿਲ ਉਹ ਹਰ ਵੇਲੇ ਰੋਂਦੀ ਰਹਿੰਦੀ ਸੀ ਤੇ ਉਸ ਨੇ ਆਪਣੇ ਸਾਰੇ ਚਾਕਲੇਟ ਖਾ ਲਏ ਸਨ। ਪਰ ਉਹ ਸੰਦੇਸ਼ ਬਾਕਾਇਦਾ ਭੇਜਦੀ ਰਹੀ, ਅਤੇ ਭਾਵੇਂ ਕਈ ਵਾਰੀ ਉਹਦਾ ਬੜਾ ਜੀਅ ਕਰਦਾ ਕਿ ਕੋਈ ਜ਼ਾਤੀ ਗੱਲ ਵੀ ਕਹਿ ਦੇਵੇ, ਸਿਰਫ ਆਪਣਾ ਹੌਂਸਲਾ ਬੁਲੰਦ ਕਰਨ ਲਈ ਹੀ, ਪਰ ਉਸ ਨੇ ਬੈਟਰੀ ਦੀ ਬੱਚਤ ਕਰਨ ਵਾਸਤੇ ਇਸ ਤਰ੍ਹਾਂ ਨਾ ਕੀਤਾ।

ਅਤੇ ਹੁਣ, ਜਦੋਂ ਉਹ ਹਵਾਈ ਅੱਡੇ ਵੱਲ ਜਾ ਰਹੀ ਸੀ ਉਸ ਨੂੰ ਇਸ ਗੱਲ ਦੀ ਹੈਰਾਨੀ ਸੀ ਕਿ ਇਹ ਸਭ ਕੁਝ ਕਿੰਨਾ ਸਿੱਧਾ-ਸਾਦਾ ਸੀ। ਉਹ ਗੜੁੱਚ ਹੋਈ, ਕੱਕਰ ਨਾਲ਼ ਸੁੰਨ ਹੋਏ ਪੈਰ ਲਈ, ਢਿੱਲੀ-ਢਿੱਲੀ ਬਰਫ ਵਿਚੋਂ ਦੀ ਰੀਂਗਦੀ ਜਾ ਰਹੀ ਸੀ। ਕਦੇ ਇਕ ਵੇਲ਼ਾ ਹੁੰਦਾ ਸੀ ਜਦੋਂ ਉਸ ਨੂੰ ਫਲੂ ਹੋ ਜਾਂਦਾ ਤਾਂ ਉਹਦਾ ਪਿਓ ਉਸ ਦੇ ਮੰਜੇ ਕੋਲ਼ ਬੈਠ ਕੇ ਉੱਚੀ ਕੁਝ ਪੜ੍ਹ ਕੇ ਸੁਣਾਉਂਦਾ ਰਹਿੰਦਾ ਸੀ ਤਾਂ ਜੋ ਉਹ ਆਪਣੀਆਂ ਅੱਖਾਂ ਨਾ ਥਕਾ ਲਵੇ। ਅਤੇ ਉਹਦੀ ਮਾਂ, ਜਿਸ ਦੇ ਚਿਹਰੇ ਉੱਤੇ ਫਿਕਰਾਂ ਦੇ ਪਰਛਾਵੇਂ ਛਾਏ ਹੁੰਦੇ, ਆਪਣੇ ਹੱਥਾਂ ਨਾਲ ਆਪਣੀ ਧੀ ਵਾਸਤੇ ਥਰਮਾਮੀਟਰ ਨਿੱਘਾ ਕਰਿਆ ਕਰਦੀ ਸੀ ਕਿਉਂਕਿ ਧੀ ਨੂੰ ਠੰਡਾ ਥਰਮਾਮੀਟਰ ਆਪਣੀ ਬਗਲ ਵਿਚ ਰੱਖਣਾ ਚੰਗਾ ਨਹੀਂ ਸੀ ਲੱਗਦਾ। ਅਤੇ ਕਈ ਵਾਰੀ ਜਦੋਂ ਟੈਲੀਫੋਨ ਦੀ ਘੰਟੀ ਵੱਜਦੀ ਤਾਂ ਉਹਦੀ ਮਾਂ ਤੌਖਲੇ ਭਰੀ ਅਵਾਜ਼ ਵਿਚ ਹੌਲ਼ੀ ਜਿਹੀ ਆਖ ਦੇਂਦੀ: "ਉਹ ਬੀਮਾਰ ਹੈ," ਅਤੇ ਉਹਦਾ ਪਿਓ ਟੈਲੀਫੋਨ ਵਿਚ ਕਾਗਜ਼ ਤੁੰਨ ਦੇਂਦਾ ਹੁੰਦਾ ਸੀ ਤਾਂ ਜੋ ਉਸ ਦੀ ਟਰਨ-ਟਰਨ ਦੀ ਅਵਾਜ਼ ਉਹਦੀ ਧੀ ਨੂੰ ਪ੍ਰੇਸ਼ਾਨ ਨਾ ਕਰੇ। ਤੇ ਹੁਣ ਜੇ ਜਰਮਨਾਂ ਨੇ ਟਰਾਂਸਮੀਟਰ ਦੀ ਨਿਸ਼ਾਨਦੇਹੀ ਕਰ ਲਈ, ਤਾਂ ਮਿਖਾਇਲੋਵਾ ਦੀ ਜਾਨ ਗਈ।

ਉਹ ਏਡੀ ਚੰਗੀ, ਖ਼ੂਬਸੂਰਤ ਅਤੇ ਸੁਹਿਰਦ, ਤੇ ਸ਼ਾਇਦ ਪ੍ਰਤਿਭਾਵਾਨ ਵੀ, ਕੁੜੀ ਨੂੰ ਮਾਰ ਦੇਣਗੇ। ਅਤੇ ਉਹ ਏਥੇ ਢਿੱਲੀ ਢਿੱਲੀ ਘਿਣਾਉਣੀ ਬਰਫ ਵਿਚ ਪਈ ਰਹੇਗੀ। ਉਸ ਨੇ ਫਰ ਦੀ ਜੈਕਟ ਪਾਈ ਹੋਈ ਸੀ। ਉਹ ਜ਼ਰੂਰ ਉਹਦੀ ਜੈਕਟ ਲਾਹ ਲੈਣਗੇ। ਅਤੇ ਕਲਪਨਾ ਵਿਚ ਹੀ ਆਪਣੇ ਆਪ ਨੂੰ ਨੰਗੀ ਪਈ ਵੇਖ ਕੇ ਉਹਦੇ ਲੂੰ ਕੰਡੇ ਖੜੇ ਹੋ ਗਏ। ਘਿਣਾਉਣੇ ਨਾਜ਼ੀ ਅੱਖਾਂ ਟੱਡ-ਟੱਡ ਕੇ ਉਸ ਦੇ ਨੰਗੇ ਬਦਨ ਵੱਲ ਝਾਕਣਗੇ।

ਅਤੇ ਇਹ ਜੰਗਲ ਕਰਾਸਕੋਵੋ ਦੇ ਉਸ ਬੇਲੇ ਨਾਲ਼ ਕਿੰਨਾ ਮਿਲਦਾ ਜੁਲਦਾ ਸੀ ਜਿੱਥੇ ਉਹ ਇਕ ਬੰਗਲੇ ਵਿਚ ਗਰਮੀਆਂ ਬਿਤਾਇਆ ਕਰਦੀ ਸੀ। ਓਥੇ ਵੀ ਏਹੋ ਰੁੱਖ ਸਨ। ਤੇ ਜਦੋਂ ਉਹ ਪਾਇਨੀਅਰ ਕੈਂਪ ਗਈ ਸੀ ਓਥੇ ਵੀ ਏਹੋ ਹੀ ਰੁੱਖ ਸਨ। ਓਥੇ ਵੀ ਦਿਆਰ ਦੇ ਦੋ ਜੌੜੇ ਰੁੱਖਾਂ ਵਿਚਕਾਰ ਇਕ ਝੂਲਾ ਲਟਕ ਰਿਹਾ ਸੀ ਜਿਵੇਂ ਇਸ ਥਾਂ ਨੇੜੇ ਹੀ ਸੀ।

ਤੇ ਜਦੋਂ ਦੀਮਕਾ ਨੇ ਬਿਲਕੁਲ ਇਸ ਤਰ੍ਹਾਂ ਦੇ ਬਰਚੇ ਦੇ ਰੁੱਖ ਦੇ ਤਣੇ ਉੱਤੇ ਉਹਦਾ ਨਾਂ ਖੁਣ ਦਿੱਤਾ ਸੀ ਤਾਂ ਉਹ ਉਹਦੇ ਨਾਲ਼ ਬੋਲਦੀ ਨਹੀਂ ਸੀ। ਅਤੇ ਉਹ ਉਸ ਦੇ ਮਗਰ-ਮਗਰ ਫਿਰਦਾ ਰਹਿੰਦਾ ਸੀ ਤੇ ਉਦਾਸ, ਤੇ ਇਸ ਕਰਕੇ ਖ਼ੂਬਸੂਰਤ ਅੱਖਾਂ ਨਾਲ਼ ਉਹਦੇ ਵੱਲ ਵੇਖਦਾ ਰਹਿੰਦਾ ਸੀ। ਅਤੇ ਮਗਰੋਂ ਜਦੋਂ ਉਹਨਾਂ ਦੀ ਸੁਲਾਹ ਹੋ ਗਈ ਤਾਂ ਦੀਮਕਾ ਨੇ ਆਖਿਆ ਸੀ ਕਿ ਉਹ ਉਸ ਨੂੰ ਚੁੰਮਣਾ ਚਾਹੁੰਦਾ ਹੈ। ਉਸ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ ਸਨ ਤੇ ਤਰਲਾ ਲੈ ਕੇ ਆਖਿਆ ਸੀ: "ਬੁੱਲ੍ਹਾਂ ਤੋਂ ਨਾ ਚੁੰਮੀ।" ਅਤੇ ਉਹ ਏਨਾ ਘਬਰਾ ਗਿਆ ਕਿ ਉਸ ਨੇ ਉਹਦੀ ਠੋਡੀ ਚੁੰਮ ਲਈ ਸੀ।

ਉਹਨੂੰ ਖ਼ੂਬਸੂਰਤ ਕੱਪੜਿਆਂ ਦਾ ਬੜਾ ਸ਼ੌਂਕ ਸੀ। ਤੇ ਜਦੋਂ ਇਕ ਵਾਰੀ ਉਹਨੂੰ ਲੈਕਚਰ ਦੇਣ ਵਾਸਤੇ ਭੇਜਿਆ ਗਿਆ ਤਾਂ ਉਸ ਨੇ ਆਪਣੀ ਸਭ ਤੋਂ ਵਧੀਆ ਫਰਾਕ ਪਾਈ ਸੀ। ਮੁੰਡਿਆਂ ਨੇ ਪੁੱਛਿਆ:

"ਤੂੰ ਏਡੀ ਬਣੀ-ਠਣੀ ਕਿਉਂ ਏ?"

"ਸੋਚੋ ਤਾਂ ਸਹੀ," ਉਸ ਨੇ ਆਖਿਆ, "ਮੈਂ ਇਕ ਖ਼ੂਬਸੂਰਤ ਲੈਕਚਰਾਰ ਕਿਉਂ ਨਾ ਬਣਾ?"

ਤੇ ਹੁਣ ਉਹ ਏਥੇ ਜ਼ਮੀਨ ਉੱਤੇ, ਚਿੱਕੜ ਲਿਬੜੀ, ਗੜੁੱਚ ਹੋਈ, ਚੁਫੇਰੇ ਝਾਕਦੀ, ਬਿੜਕਾਂ ਲੈਂਦੀ, ਤੇ ਕੱਕਰ ਨਾਲ਼ ਸੁੰਨ, ਸੁੱਜੇ ਹੋਏ ਪੈਰ ਘਸੀਟਦੀ ਰੀਂਗਦੀ ਜਾ ਰਹੀ ਸੀ।

"ਜੇ ਮਾਰ ਦੇਣਗੇ ਤਾਂ ਫੇਰ ਕੀ ਫਰਕ ਏ! ਉਹਨਾਂ ਨੇ ਦੀਮਕਾ ਨੂੰ ਮਾਰ ਦਿੱਤਾ, ਹੋਰ ਕਈ ਚੰਗੇ ਲੋਕ ਮਾਰ ਦਿੱਤੇ। ਮੈਨੂੰ ਵੀ ਮਾਰ ਦੇਣਗੇ। ਕਿਉਂ ਨਹੀਂ? ਮੈਂ ਉਹਨਾਂ ਨਾਲ਼ੋਂ ਚੰਗੀ ਤਾਂ ਨਹੀਂ!"

ਬਰਫ ਪੈ ਰਹੀ ਸੀ, ਚਲ੍ਹਿਆਂ ਵਿਚ ਟਿਪ ਟਿਪ ਹੋ ਰਹੀ ਸੀ। ਖੱਡਾਂ ਵਿਚ ਮਿੱਟੀ ਰੰਗੀ ਬਰਫ ਪਈ ਹੋਈ ਸੀ। ਅਤੇ ਉਹ ਰੀਂਗਦੀ ਜਾਂਦੀ ਸੀ, ਰੀਂਗਦੀ ਜਾਂਦੀ ਸੀ। ਜਦੋਂ ਉਹ ਅਰਾਮ ਕਰਦੀ, ਉਹ ਗਿੱਲੀ ਜ਼ਮੀਨ ਉਤੇ ਲੰਮੀ ਪੈ ਜਾਂਦੀ। ਆਪਣੀ ਬਾਂਹ ਕੱਠੀ ਕਰਕੇ ਸਿਰ ਹੇਠਾਂ ਦੇ ਲੈਂਦੀ।

ਸਿੱਲ੍ਹੀ ਧੁੰਦ ਕਾਲ਼ੀ ਹੋ ਗਈ ਕਿਉਂਕਿ ਰਾਤ ਵੀ ਕਾਲ਼ੀ ਸੀ। ਅਤੇ ਅਸਮਾਨ ਵਿਚ ਕਿਧਰੇ ਵੱਡੇ ਵੱਡੇ ਬੰਬਰ ਹਵਾਈ ਜਹਾਜ਼ ਉੱਡ ਰਹੇ ਸਨ। ਸੁਕਐਡਰਨ ਲੀਡਰ ਦੇ ਬੰਬਰ ਦਾ ਮਾਰਗ-

ਨਿਰਦੇਸ਼ਕ ਕੁਰਸੀ ਨਾਲ਼ ਢੋ ਲਾਈ ਬੈਠਾ ਸੀ। ਉਸ ਦੀਆਂ ਅੱਖਾਂ ਅੱਧ-ਖੁੱਲ੍ਹੀਆਂ ਸਨ ਅਤੇ ਉਹ ਲਾਊਡਸਪੀਕਰ ਦੀਆਂ ਸੀਟੀਆਂ ਤੇ ਸਰ ਸਰ ਕਿੜ ਕਿੜ ਦੀ ਅਵਾਜ਼ ਸੁਣ ਰਹੀ ਸੀ, ਪਰ ਟਰਾਂਸਮੀਟਰ ਕੋਈ ਸਿਗਨਲ ਨਹੀਂ ਸੀ ਦੇ ਰਿਹਾ।

ਆਪਣੀਆਂ ਥਾਵਾਂ 'ਤੇ ਬੈਠੇ ਪਾਇਲਟਾਂ ਤੇ ਨਿਸ਼ਾਨੇਬਾਜ਼ ਨੇ ਵੀ ਲਾਊਡਸਪੀਕਰ ਦੀ ਕਿੜ ਕਿੜ ਦੀ ਅਵਾਜ਼ ਸੁਣੀ ਸੀ ਪਰ ਹਾਲ਼ੇ ਤੱਕ ਸਿਗਨਲ ਕੋਈ ਨਹੀਂ ਸੀ ਮਿਲਿਆ। ਹਵਾਈ ਜਹਾਜ਼ਾਂ ਦੇ ਅਮਲੇ ਨੇ ਕਾਲ਼ਾ ਅਸਮਾਨ ਗਾਹ ਮਾਰਿਆ। ਰਾਤ ਦੇ ਹਨੇਰੇ ਵਿਚ ਬੰਬਰ ਹੋਰ ਅੱਗੇ ਵਧਦੇ ਜਾ ਰਹੇ ਸਨ, ਪਰ ਅਜੇ ਤੱਕ ਸਿਗਨਲ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ।

ਤੇ ਫੇਰ ਅਚਾਨਕ ਹੀ ਬਹੁਤ ਹੌਲ਼ੀ ਤੇ ਸਾਵਧਾਨੀ ਨਾਲ਼ ਪਹਿਲੇ ਸਿਗਨਲ ਦੀ ਅਵਾਜ਼ ਆਈ। ਵੱਡੇ-ਵੱਡੇ ਬੰਬਰਾਂ ਨੇ ਇਸ ਅਵਾਜ਼ ਦੀ ਮਹੀਨ ਤੰਦ ਫੜ ਲਈ ਅਤੇ ਆਪਣਾ ਰੁਖ ਬਦਲ ਲਿਆ। ਗੂੰਜਦੇ ਗੜ੍ਹਕਦੇ ਉਹ ਬੱਦਲਾਂ ਵਿਚ ਉੱਡਦੇ ਜਾ ਰਹੇ ਸਨ। ਵੱਡੇ-ਵੱਡੇ ਅਸਪਾਤੀ ਹਵਾਈ ਜਹਾਜ਼ ਇਸ ਅਵਾਜ਼ ਦਾ ਪਿੱਛਾ ਕਰ ਰਹੇ ਸਨ ਜਿਹੜੀ ਏਡੀ ਪਿਆਰੀ ਤੇ ਜਾਣੀ-ਪਛਾਣੀ ਹੋਈ ਸੀ ਜਿਵੇਂ ਬੀਂਡੇ ਦਾ ਗੀਤ ਹੋਵੇ, ਜਾਂ ਸਤੇਪੀ ਦੀ ਹਵਾ ਵਿਚ ਸੁੱਕੇ ਸਿੱਟੇ ਦੀ ਸਰ ਸਰ, ਜਾਂ ਪਤਝੜ ਦੇ ਪੱਤਿਆਂ ਦੀ ਖੜ-ਖੜ।

ਸਕੁਐਡਰਨ ਲੀਡਰ, ਪਾਇਲਟ ਤੇ ਸੈਕਿੰਡ ਪਾਇਲਟ, ਗੰਨਰ, ਫਲਾਈਟ ਇੰਜੀਨੀਅਰ — ਅਤੇ ਖ਼ੁੱਦ ਮਿਖਾਇਲੋਵਾ ਨੂੰ ਪਤਾ ਸੀ ਕਿ ਬੰਬ ਉਸ ਥਾਂ ਸੁੱਟੇ ਜਾਣਗੇ ਜਿੱਥੋਂ ਇਹ ਪਿਆਰੀ ਆਵਾਜ਼, ਰੇਡੀਓ ਦਾ ਇਹ ਕਾਲ ਸਿਗਨਲ ਆ ਰਿਹਾ ਸੀ। ਕਿਉਂਕਿ ਦੁਸ਼ਮਣ ਦੇ ਹਵਾਈ ਜਹਾਜ਼ ਏਥੇ ਹੀ ਪਏ ਸਨ।

ਲੇਸਲੇ ਕਾਲ਼ੇ ਪਾਣੀ ਨਾਲ਼ ਭਰੇ ਹੋਏ ਟੋਏ ਵਿਚ ਗੋਡਿਆਂ ਭਾਰ ਹੋ ਕੇ, ਮਿਖਾਇਲੋਵਾ ਟਰਾਂਸਮੀਟਰ ਉੱਤੇ ਝੁਕੀ ਹੋਈ ਸੀ ਤੇ ਆਪਣੀ ਕੁੰਜੀ ਨਾਲ਼ ਠਕ-ਠਕ ਕਰ ਰਹੀ ਸੀ। ਅਸਮਾਨ ਉੱਤੇ ਗੂੜ੍ਹੇ ਬੱਦਲ ਛਾਏ ਹੋਏ ਸਨ, ਪਰ ਉਹ ਸੱਖਣਾ ਤੇ ਖਾਮੋਸ਼ ਸੀ। ਕੱਕਰ-ਮਾਰਿਆ ਪੈਰ ਪਤਲੇ ਚਿੱਕੜ ਵਿਚ ਸੁੰਨ ਹੋ ਗਿਆ ਸੀ ਤੇ ਉਸ ਦੀਆਂ ਪੁੜਪੁੜੀਆਂ ਵਿਚ ਏਡੀ ਸਖ਼ਤ ਪੀੜ ਹੋ ਰਹੀ ਸੀ ਮਾਣੋ ਉਹਦਾ ਸਿਰ ਅੱਗ ਵਾਂਗ ਭੱਖਦੇ ਸ਼ਿਕੰਜੇ ਵਿਚ ਫਸਿਆ ਹੋਵੇ। ਮਿਖਾਇਲੋਵਾ ਨੂੰ ਬੁਖਾਰ ਜਿਹਾ ਲੱਗਦਾ ਸੀ। ਉਸ ਨੇ ਆਪਣੇ ਬੁੱਲ੍ਹਾਂ ਉੱਤੇ ਹੱਥ ਰੱਖ ਕੇ ਵੇਖਿਆ — ਬੁੱਲ੍ਹ ਤਪਦੇ ਸਨ ਤੇ ਸੁੱਕੇ ਹੋਏ ਸਨ। "ਮੈਨੂੰ ਠੰਡ ਲੱਗ ਗਈ ਏ," ਉਦਾਸ ਹੋ ਕੇ ਉਹਨੇ ਸੋਚਿਆ। "ਪਰ ਹੁਣ ਕੀ ਫਰਕ ਪੈਂਦਾ ਏ।"

ਕਿਸੇ ਕਿਸੇ ਵੇਲੇ ਉਹਨੂੰ ਜਾਪਦਾ ਕਿ ਉਹ ਬੇਸੁਰਤ ਹੁੰਦੀ ਜਾਂਦੀ ਹੈ। ਉਹ ਅੱਖਾਂ ਖੋਲ੍ਹਦੀ ਤੇ ਡਰੀ ਸਹਿਮੀ ਬਿੜਕਾਂ ਲੈਂਦੀ। ਉਸ ਦੇ ਹੈੱਡਫੋਨ ਵਿਚ ਸਿਗਨਲਾਂ ਦੀ ਅਵਾਜ਼ ਉੱਚੀ ਤੇ ਸਾਫ ਸੀ। ਇਸ ਦਾ ਮਤਲਬ ਸੀ ਕਿ ਉਸ ਦਾ ਹੱਥ ਆਪਮੁਹਾਰਾ ਹੀ ਬਟਨ ਦੱਬੀ ਗਿਆ ਸੀ। "ਕਮਾਲ ਦਾ ਜ਼ਾਬਤਾ ਹੈ! ਚੰਗਾ ਹੋਇਆ ਕਿ ਮੈਂ ਆ ਗਈ ਤੇ ਕਪਤਾਨ ਨਹੀਂ ਆਇਆ। ਉਸ ਦਾ ਹੱਥ ਆਪਣੇ ਆਪ ਨਹੀਂ ਸੀ ਕੰਮ ਕਰ ਸਕਦਾ! ਤੇ ਜੇ ਮੈਂ ਨਾ ਆਉਂਦੀ, ਮੈਂ ਹੁਣ ਤੱਕ ਮਾਲੀਨੋਵਕਾ ਵਿਚ ਹੋਣਾ ਸੀ, ਤੇ ਹੋ ਸਕਦਾ ਹੈ, ਉਹ ਮੈਨੂੰ ਭੇਡ ਦੀ ਖੱਲ ਦਾ ਕੋਟ ਦੇ ਦੇਂਦੇ... ਓਥੇ ਉਹ ਅੰਗੀਠੀ ਭਖਾਈ ਰੱਖਦੇ ਨੇ.. ਤੇ ਸਭ ਕੁਝ ਹੋਰ ਹੀ ਹੋਣਾ ਸੀ। ਤੇ ਹੁਣ ਕੋਈ ਵੀ ਤੇ

ਕੁਝ ਵੀ ਨਹੀਂ ਰਹੇਗਾ। ਅਜੀਬ ਗੱਲ ਏ... ਮੈਂ ਏਥੇ ਲੰਮੀ ਪਈ ਆਂ ਤੇ ਸੋਚੀ ਜਾਂਦੀ ਆਂ। ਤੇ ਓਧਰ ਕਿਧਰੇ ਮਾਸਕੋ ਹੈ। ਓਥੇ ਲੋਕ ਨੇ, ਬਹੁਤ ਸਾਰੇ ਲੋਕ। ਤੇ ਕਿਸੇ ਨੂੰ ਪਤਾ ਨਹੀਂ ਕਿ ਮੈਂ ਏਥੇ ਆਂ। ਫੇਰ ਵੀ, ਮੈਂ ਬਹੁਤ ਚੰਗਾ ਕੀਤਾ ਏ। ਹੋ ਸਕਦਾ ਏ, ਮੈਂ ਬਹਾਦਰ ਹੋਵਾਂ ? ਮੈਂ ਡਰਦੀ ਨਹੀਂ... ਨਹੀਂ, ਕਾਰਨ ਇਹ ਹੈ ਕਿ ਮੈਨੂੰ ਪੀੜ ਹੁੰਦੀ ਏ, ਇਸ ਲਈ ਮੈਂ ਡਰਦੀ ਨਹੀਂ... ਕਾਸ਼ ਉਹ ਜਲਦੀ ਆ ਜਾਣ ! ਉਹ ਕੀ ਕਰਦੇ ਪਏ ਨੇ ? ਉਹਨਾਂ ਨੂੰ ਸਮਝ ਨਹੀਂ ਆਉਂਦੀ ਕਿ ਮੈਂ ਹੋਰ ਬਹੁਤਾ ਚਿਰ ਬੈਠੀ ਨਹੀਂ ਰਹਿ ਸਕਦੀ ?"

ਹਟਕੋਰੇ ਭਰਦੀ, ਉਹ ਟੋਏ ਦੀ ਢਲਾਣ ਉੱਤੇ ਵੱਖੀ ਪਰਨੇ ਲੰਮੀ ਪੈ ਗਈ ਤੇ ਠੱਕ ਠੱਕ ਕਰਦੀ ਗਈ। ਹੁਣ ਉਸ ਨੂੰ ਧੁੰਦਲੇ ਅਸਮਾਨ ਦਾ ਇਕ ਵੱਡਾ ਹਿੱਸਾ ਨਜ਼ਰ ਆ ਰਿਹਾ ਸੀ। ਫੇਰ ਸਰਚਲਾਈਟਾਂ ਨੇ ਅਸਮਾਨ ਰੁਸ਼ਨਾ ਦਿੱਤਾ ਤੇ ਉਸ ਨੂੰ ਦੂਰੋਂ ਆਉਂਦੇ ਹਵਾਈ ਜਹਾਜ਼ਾਂ ਦੀ ਗੜਗੜਾਹਟ ਸੁਣਾਈ ਦਿੱਤੀ। ਆਪਣੇ ਅੱਥਰੂਆਂ ਨੂੰ ਡੀਕ ਕੇ ਮਿਖਾਇਲੋਵਾ ਨੇ ਫੁਸਰ ਫੁਸਰ ਕੀਤਾ:

"ਭਲਾ ਹੋਵੇ ਤੁਹਾਡਾ, ਸੁਹਣਿਓ ! ਆਖਰ, ਤੁਸੀਂ ਆ ਬਹੁੜੇ ! ਮੇਰੀ ਬੁਰੀ ਹਾਲਤ ਏ ਏਥੇ।" ਅਚਾਨਕ ਉਹਦਾ ਤ੍ਰਾਹ ਨਿਕਲ ਗਿਆ। "ਜੇ ਭਲਾ ਸਿਗਨਲ ਦੀ ਥਾਂ ਮੈਂ ਇਹਨਾਂ ਲਫਜ਼ਾਂ ਦਾ ਸੰਚਾਰ ਕਰ ਬਹਿੰਦੀ ? ਕੀ ਸੋਚਦੇ ਉਹ ਮੇਰੇ ਬਾਰੇ ?"

ਉਹ ਉੱਠ ਕੇ ਬਹਿ ਗਈ ਤੇ ਇਕ ਇਕ ਚਿੰਨ੍ਹ ਨਿਖੇੜ ਕੇ ਠਕੋਰਨ ਤੇ ਉੱਚੀ ਦੁਹਰਾਉਣ ਲੱਗੀ ਤਾਂ ਜੋ ਫੇਰ ਗਲਤੀ ਨਾ ਜਾਵੇ।

ਹਵਾਈ ਜਹਾਜ਼ਾਂ ਦੀ ਗੂੰਜ ਨੇੜੇ ਆਉਂਦੀ ਜਾ ਰਹੀ ਸੀ। ਹਵਾਮਾਰ ਤੋਪਾਂ ਨੇ ਗੋਲ਼ੇ ਦਾਗੇ।

"ਹਾਏ, ਮਾੜਾ ਨਹੀਂ ਹੋਇਆ ?"

ਉਹ ਖੜੀ ਹੋ ਗਈ। ਕੋਈ ਦਰਦ ਨਹੀਂ ਸੀ, ਕੁਝ ਨਹੀਂ ਸੀ। ਪੂਰਾ ਜ਼ੋਰ ਲਾ ਕੇ ਉਹ ਠੱਕ ਠੱਕ ਕਰਨ ਲੱਗੀ। ਇਹ ਸਿਗਨਲ ਨਹੀਂ ਸਗੋਂ ਚੀਖ ਸੀ "ਕੁਚਲ ਦਿਓ, ਕੁਚਲ ਦਿਓ !" ਜਿਹੜੀ ਬਟਨ ਦਬਾਇਆਂ ਨਿਕਲੀ ਸੀ।

ਪਹਿਲੇ ਬੰਬ ਦੀ ਗੂੰਜਦੀ ਘੂਕਦੀ ਆਵਾਜ਼ ਕਾਲ਼ੇ ਵਾਤਾਵਰਣ ਨੂੰ ਲੀਰ-ਲੀਰ ਕਰ ਕੇ ਰੱਖ ਗਈ। ਧਮਾਕੇ ਨਾਲ਼ ਮਿਖਾਇਲੋਵਾ ਪਿੱਠ ਦੇ ਭਾਰ ਡਿੱਗ ਪਈ। ਲਾਟਾਂ ਦੇ ਨੱਚਦੇ ਪਰਛਾਵਿਆਂ ਨਾਲ਼ ਚਲ੍ਹੇ ਸੰਤਰੇ ਰੰਗੇ ਹੋ ਗਏ। ਠਾਹ ਦੀ ਅਵਾਜ਼ ਨਾਲ਼ ਧਰਤੀ ਕੰਬ ਉੱਠੀ। ਰੇਡੀਓ ਟਰਾਂਸਮੀਟਰ ਪਾਣੀ ਵਿਚ ਡਿੱਗ ਪਿਆ। ਮਿਖਾਇਲੋਵਾ ਨੇ ਇਸ ਨੂੰ ਚੁੱਕਣ ਦੀ ਕੋਸ਼ਿਸ਼ ਕੀਤੀ। ਟੀਂਟੀ ਕਰਦੇ ਬੰਬ, ਜਾਪਦਾ ਸੀ, ਸਿੱਧੇ ਟੋਏ ਵਿਚ ਉਹਦੇ ਵੱਲ ਹੀ ਉੱਡਦੇ ਆ ਰਹੇ ਸਨ।

ਉਸ ਨੇ ਆਪਣਾ ਸਿਰ ਮੋਢਿਆਂ ਵਿਚ ਦੇ ਲਿਆ ਤੇ ਅੱਖਾਂ ਭੀਚ ਕੇ ਬਹਿ ਗਈ। ਅੱਗ ਦੀਆਂ ਲਾਟਾਂ ਦਾ ਚਾਨਣ ਉਹਦੀਆਂ ਝਿੰਮਣੀਆਂ ਵਿਚ ਆ ਧੱਸਿਆ। ਧਮਾਕੇ ਦੇ ਭੰਬੂਕੇ ਨਾਲ਼ ਟੋਏ ਵਿਚ ਕੁਝ ਕਿੱਲ ਮੇਖਾਂ ਆ ਡਿੱਗੀਆਂ ਜਿਨ੍ਹਾਂ ਉੱਤੇ ਕੰਡੇਦਾਰ ਤਾਰਾਂ ਵਲ਼ੀਆਂ ਹੋਈਆਂ ਸਨ। ਬੰਬਾਂ ਦੇ ਧਮਾਕਿਆਂ ਵਿਚਲੇ ਵਕਫਿਆਂ ਅੰਦਰ ਕੋਈ ਚੀਜ਼ ਪਾਟਦੀ ਤੇ ਤਿੜ-ਤਿੜ ਕਰਦੀ ਖਿੰਡ ਜਾਂਦੀ। ਕਾਲ਼ੇ ਧੂੰਏਂ ਵਿਚੋਂ ਪੈਟਰੋਲ ਦੀ ਮੁਸ਼ਕ ਆਉਂਦੀ ਸੀ।

ਫੇਰ ਚੁੱਪ-ਚਾਂ ਹੋ ਗਈ ਤੇ ਹਵਾਮਾਰ ਤੋਪਾਂ ਨੇ ਗੋਲ਼ੇ ਦਾਗਣੇ ਬੰਦ ਕਰ ਦਿੱਤੇ।

"ਖ਼ਤਮ," ਉਦਾਸ ਹੋ ਕੇ ਉਸ ਨੇ ਸੋਚਿਆ। "ਮੈਂ ਫੇਰ ਇਕੱਲੀ ਦੀ ਇਕੱਲੀ।"

ਉਸ ਨੇ ਉੱਠਣ ਦੀ ਕੋਸ਼ਿਸ਼ ਕੀਤੀ, ਪਰ ਉਸ ਦੇ ਪੈਰ...

ਪੈਰ ਤਾਂ ਜਿਵੇਂ ਨਾਲ਼ ਹੀ ਨਹੀਂ ਸਨ। ਕੀ ਹੋ ਗਿਆ ਸੀ ? ਫੇਰ ਉਸ ਨੂੰ ਯਾਦ ਆ ਗਿਆ। ਇਸ ਤਰ੍ਹਾਂ ਹੁੰਦਾ ਹੈ। ਪੈਰਾਂ ਵਿਚ ਜਾਨ ਨਹੀਂ ਰਹਿੰਦੀ। ਉਸ ਨੂੰ ਝਟਕਾ ਲੱਗਾ ਸੀ। ਬਸ ਏਨੀ ਗੱਲ ਸੀ। ਉਹ ਗਿੱਲੇ ਚਿੱਕੜ ਉੱਤੇ ਆਪਣੀ ਗੱਲ੍ਹ ਰੱਖ ਕੇ ਲੰਮੀ ਪਈ ਹੋਈ ਸੀ। ਕਾਸ਼ ਇਕ ਬੰਬ ਐਨ ਓਥੇ ਆ ਡਿੱਗਦਾ! ਇਹ ਕੇਡੀ ਸਿੱਧੀ ਸਾਦੀ ਗੱਲ ਹੁੰਦੀ... ਅਤੇ ਸਭ ਤੋਂ ਭੈੜੀ ਗੱਲ ਉਹ ਨਹੀਂ ਸੀ ਜਾਣਦੀ।

"ਨਹੀਂ" ਅਚਾਨਕ ਉਸ ਨੇ ਆਪਣੇ ਆਪ ਨੂੰ ਆਖਿਆ, "ਦੂਜਿਆਂ ਨਾਲ਼ ਇਸ ਤੋਂ ਮਾੜਾ ਹੋਇਆ ਸੀ, ਤੇ ਤਾਂ ਵੀ ਉਹ ਬਚ ਗਏ ਸਨ। ਮੇਰੇ ਨਾਲ਼ ਕੁਝ ਵੀ ਖੌਫਨਾਕ ਨਹੀਂ ਹੋਣਾ ਚਾਹੀਦਾ। ਮੈਂ ਇਹ ਨਹੀਂ ਚਾਹੁੰਦੀ।"

ਉਸ ਨੂੰ ਕਿਸੇ ਪਾਸੇ ਤੋਂ ਮੋਟਰ ਦੇ ਇੰਜਨ ਦੀ ਗੁਰਰ ਗੁਰਰ ਦੀ ਅਵਾਜ਼ ਆਈ ਅਤੇ ਕਾਲ਼ੀਆਂ ਝਾੜੀਆਂ ਉੱਤੋਂ ਕਈ ਗੁਣਾਂ ਠੰਡੀਆਂ ਚਿੱਟੀਆਂ ਰਿਸ਼ਮਾਂ ਲੰਘ ਗਈਆਂ। ਫੇਰ ਇਕ ਧਮਾਕਾ ਹੋਇਆ ਜਿਹੜਾ ਬੰਬ ਦੇ ਧਮਾਕੇ ਵਾਂਗ ਜ਼ੋਰਦਾਰ ਨਹੀਂ ਸੀ ਤੇ ਫੇਰ ਕਿਤੇ ਨੇੜੇ ਹੀ ਗੋਲ਼ੀਆਂ ਚੱਲੀਆਂ।

"ਮੈਨੂੰ ਲੱਭਦੇ ਨੇ। ਏਥੇ ਪਏ ਰਹਿਣਾ ਚੰਗੀ ਗੱਲ ਏ। ਇਹ ਸਭ ਕੁਝ ਬਹੁਤਾ ਚਿਰ ਨਹੀਂ ਚੱਲਣਾ।"

ਉਹ ਪਿੱਠ ਪਰਨੇ ਹੋਣਾ ਚਾਹੁੰਦੀ ਸੀ ਪਰ ਉਹਦੇ ਪੈਰ ਵਲੋਂ ਪੀੜ ਦੀ ਇਕ ਭਖਵੀਂ ਲਹਿਰ ਉੱਠੀ ਤੇ ਉਹਦੇ ਦਿਲ ਨਾਲ਼ ਜਾ ਟਕਰਾਈ। ਉਸ ਦੀ ਚੀਕ ਨਿਕਲ ਗਈ। ਉਸ ਨੇ ਉੱਠਣ ਦੀ ਕੋਸ਼ਿਸ਼ ਕੀਤੀ ਪਰ ਡਿੱਗ ਪਈ।

ਠੰਡੀਆਂ ਤੇ ਸਖ਼ਤ ਉਂਗਲਾਂ ਉਸ ਦੇ ਗਲਮੇ ਦੀਆਂ ਹੁੱਕਾਂ ਨੂੰ ਖਿੱਚ ਰਹੀਆਂ ਸਨ।

ਉਸ ਨੇ ਅੱਖਾਂ ਖੋਹਲੀਆਂ।

"ਤੁਸੀਂ ਓ ? ਤੁਸੀਂ ਮੇਰੀ ਖਾਤਰ ਆਏ ਓ ?" ਮਿਖਾਇਲੋਵਾ ਨੇ ਆਖਿਆ ਤੇ ਫੁਟ ਫੁਟ ਕੇ ਰੋਣ ਲੱਗ ਪਈ।

ਕਪਤਾਨ ਨੇ ਆਪਣੇ ਹੱਥ ਨਾਲ਼ ਉਹਦਾ ਮੂੰਹ ਪੂੰਝਿਆ ਤੇ ਉਸ ਨੇ ਆਪਣੀਆਂ ਅੱਖਾਂ ਫੇਰ ਬੰਦ ਕਰ ਲਈਆਂ। ਉਹ ਤੁਰ ਨਹੀਂ ਸੀ ਸਕਦੀ। ਕਪਤਾਨ ਨੇ ਉਸ ਦੀ ਵਰਦੀ ਦੀ ਪੇਟੀ ਨੂੰ ਹੱਥ ਪਾਇਆ ਤੇ ਖਿੱਚ ਕੇ ਟੋਏ ਵਿਚੋਂ ਬਾਹਰ ਕੱਢਿਆ। ਕਪਤਾਨ ਦਾ ਦੂਜਾ ਹੱਥ ਇਉਂ ਝੂਲ ਰਿਹਾ ਸੀ ਜਿਵੇਂ ਕੋਈ ਚੀਥੜਾ ਹੋਵੇ।

ਉਸ ਨੇ ਚਿੱਕੜ ਵਿਚ ਸਲੈਜ ਦੀਆਂ ਪੱਟੀਆਂ ਦੇ ਸੂ ਸੂ ਕਰਨ ਦੀ ਅਵਾਜ਼ ਸੁਣੀ।

ਫੇਰ ਉਸ ਨੇ ਕਪਤਾਨ ਵੱਲ ਵੇਖਿਆ। ਉਹ ਇਕ ਰੁੱਖ ਦੇ ਮੁੱਢ ਉਤੇ ਬੈਠਾ ਹੋਇਆ ਸੀ ਅਤੇ ਰੱਸੀ ਦੇ ਇਕ ਸਿਰੇ ਨੂੰ ਦੰਦਾਂ ਵਿਚ ਫੜ ਕੇ, ਆਪਣੀ ਨੰਗੀ ਬਾਂਹ ਬੰਨ੍ਹ ਰਿਹਾ ਸੀ। ਪੱਟੀ ਦੇ ਹੇਠੋਂ ਲਹੂ ਸਿੰਮ ਰਿਹਾ ਸੀ। ਮਿਖਾਇਲੋਵਾ ਦੀਆਂ ਅੱਖਾਂ ਵੱਲ ਵੇਖਦਿਆਂ, ਕਪਤਾਨ ਨੇ

ਪੁੱਛਿਆ:

"ਕਿਉਂ, ਕੀ ਹਾਲ ਹੈ ?"

"ਐਸਾ ਹੀ ਏ।" ਉਸ ਨੇ ਫੁਸਰ ਫੁਸਰ ਕੀਤਾ।

"ਕੋਈ ਫਰਕ ਨਹੀਂ ਪੈਂਦਾ," ਕਪਤਾਨ ਨੇ ਦੰਦਾਂ ਵਿਚੋਂ ਦੀ ਆਖਿਆ। "ਮੈਂ ਨਹੀਂ ਕਿਤੇ ਜਾ ਸਕਦਾ। ਹਿੰਮਤ ਨਹੀਂ ਰਹੀ। ਕੋਸ਼ਿਸ਼ ਕਰੋ ਤੇ ਤੁਰੇ ਜਾਓ। ਏਥੋਂ ਬਹੁਤੀ ਦੂਰ ਨਹੀਂ।"

"ਤੇ ਤੁਸੀਂ ?"

"ਮੈਂ ਥੋੜਾ ਅਰਾਮ ਕਰਾਂਗਾ ਏਥੇ ਹੀ।"

ਕਪਤਾਨ ਉੱਠਣਾ ਚਾਹੁੰਦਾ ਸੀ ਪਰ ਉਹ ਬੌਂਦਲਿਆਂ ਜਿਹਾ ਮੁਸਕ੍ਰਾਇਆ ਤੇ ਰੁੱਖ ਦੇ ਮੁੱਢ ਤੋਂ ਭੁੰਜੇ ਗੋਡਿਆਂ ਭਾਰ ਹੋ ਗਿਆ।

ਉਹ ਬਹੁਤ ਭਾਰਾ ਸੀ ਤੇ ਉਸ ਦੇ ਬੇਹੋਸ਼ ਜਿਸਮ ਨੂੰ ਸਲੈਜ ਉੱਪਰ ਕਰਨ ਲਈ ਉਸ ਨੂੰ ਢੇਰ ਚਿਰ ਤੱਕ ਹੱਥ ਪੈਰ ਮਾਰਨੇ ਪਏ। ਉਹ ਬੇਢੰਗਾ ਜਿਹਾ ਪਿਆ ਸੀ, ਮੂੰਹ ਹੇਠਾਂ ਕਰਕੇ। ਉਹਦੇ ਵਿਚ ਏਨੀ ਹਿੰਮਤ ਨਹੀਂ ਸੀ ਕਿ ਉਹਨੂੰ ਪਿੱਠ ਪਰਨੇ ਹੀ ਕਰ ਦੇਂਦੀ।

ਉਹ ਢੇਰ ਚਿਰ ਤੱਕ ਰੱਸੀਆਂ ਖਿੱਚਦੀ ਰਹੀ ਤਾਂ ਜੋ ਸਲੈਜ ਆਪਣੀ ਥਾਂ ਤੋਂ ਸਰਕੇ ਹਿੱਲੇ। ਉਹ ਪੈਰ ਪੁੱਟਦੀ ਤੇ ਪੀੜ ਨਾਲ਼ ਉਹਦੀ ਜਾਨ ਨਿਕਲ ਜਾਂਦੀ। ਪਰ ਉਹ ਸਿਰੜ ਨਾਲ਼ ਰੱਸੀਆਂ ਨੂੰ ਖਿੱਚਦੀ ਗਈ ਅਤੇ ਮੂੰਹ ਪਿੱਛੇ ਵੱਲ ਕਰ ਕੇ, ਉਹ ਸਲੈਜ ਨੂੰ ਗਿਜਗਿਜੀ ਬਰਫ ਤੇ ਗਿੱਲੀ ਜ਼ਮੀਨ ਉੱਤੇ ਘਸੀਟੀ ਗਈ।

ਉਸ ਨੂੰ ਕੁਝ ਵੀ ਸਮਝ ਨਹੀਂ ਸੀ ਆਉਂਦਾ। ਇਸ ਤਰ੍ਹਾਂ ਕਿੰਨਾ ਕੁ ਚਿਰ ਕੰਮ ਚੱਲ ਸਕਦਾ ਸੀ ? ਉਹ ਖੜੀ ਕਿਉਂ ਸੀ ਤੇ ਭੁੰਜੇ ਲੰਮੀ ਕਿਉਂ ਨਹੀਂ ਸੀ ਪੈਂਦੀ, ਜਦੋਂ ਉਹਦੇ ਜਿਸਮ ਵਿਚ ਕੋਈ ਤਾਕਤ ਨਹੀਂ ਸੀ ਰਹੀ ? ਇਕ ਰੁੱਖ ਨਾਲ਼ ਪਿੱਠ ਦਾ ਢਾਸਣਾ ਲਾ ਕੇ ਉਹ ਅੱਧ-ਮੀਟੀਆਂ ਅੱਖਾਂ ਨਾਲ਼ ਖੜ੍ਹੀ ਸੀ ਤੇ ਡਰਦੀ ਸੀ ਕਿ ਡਿੱਗ ਨਾ ਪਵੇ। ਕਿਉਂਕਿ ਉਸ ਨੂੰ ਪਤਾ ਸੀ ਕਿ ਫੇਰ ਉਹਦੇ ਕੋਲੋਂ ਉੱਠਿਆ ਨਹੀਂ ਜਾਣਾ।

ਉਸ ਨੇ ਵੇਖਿਆ ਕਿ ਕਪਤਾਨ ਸਲੈਜ ਤੋਂ ਤਿਲਕ ਕੇ ਥੱਲੇ ਹੋ ਗਿਆ ਸੀ। ਸਿਰਫ ਉਹਦੀ ਛਾਤੀ ਤੇ ਸਿਰ ਹੀ ਸਲੈਜ ਉੱਤੇ ਰਹਿ ਗਿਆ ਸੀ। ਆਪਣੇ ਤੰਦਰੁਸਤ ਹੱਥ ਨਾਲ਼ ਕਾਟਵੀਂ ਫੱਟੀ ਨੂੰ ਫੜ ਕੇ, ਉਸ ਨੇ ਫੁਸ ਫੁਸ ਕਰ ਕੇ ਆਖਿਆ:

"ਇਉਂ ਤੁਹਾਡੇ ਵਾਸਤੇ ਸੌਖਾ ਰਹੇਗਾ।"

ਅੱਧਾ ਸਲੈਜ ਉੱਤੇ ਟਿਕਿਆ ਹੋਇਆ, ਉਹ ਆਪਣੇ ਗੋਡਿਆਂ ਨਾਲ ਰੀਂਗਦਾ ਜਾ ਰਿਹਾ ਸੀ। ਕਿਸੇ ਵੇਲੇ ਉਹਦਾ ਹੱਥ ਛੁੱਟ ਜਾਂਦਾ ਤੇ ਉਹ ਡਿੱਗ ਪੈਂਦਾ, ਉਸ ਦਾ ਮੂੰਹ ਜ਼ਮੀਨ ਨਾਲ਼ ਜਾ ਟਕਰਾਉਂਦਾ ਅਤੇ ਉਹ ਸਲੈਜ ਨੂੰ ਧੱਕ ਕੇ ਉਹਦੀ ਛਾਤੀ ਹੇਠਾਂ ਕਰ ਦੇਂਦੀ। ਉਹਦੇ ਅੰਦਰ ਮੂੰਹ ਦੂਜੇ ਪਾਸੇ ਕਰਨ ਦੀ ਵੀ ਹਿੰਮਤ ਨਹੀਂ ਸੀ ਤਾਂ ਜੋ ਉਸ ਦਾ ਕਾਲ਼ਾ ਪੈ ਗਿਆ ਨੇ ਥੱਕਿਆ ਟੁੱਟਿਆ ਚਿਹਰਾ ਨਜ਼ਰ ਨਾ ਆਵੇ।

ਇਸ ਤੋਂ ਬਾਅਦ ਉਹ ਡਿੱਗ ਪਈ ਤੇ ਇਕ ਵਾਰੀ ਫੇਰ ਉਸ ਨੂੰ ਸਲੈਜ ਦੇ ਹੇਠਲੇ ਫੱਟਿਆਂ ਹੇਠਾਂ ਚਿੱਕੜ ਦੀ ਸ਼ੂੰ ਸ਼ੂੰ ਸੁਣਾਈ ਦਿੱਤੀ। ਫੇਰ ਉਸ ਨੇ ਬਰਫ ਦੇ ਤਿੜਕਣ ਦੀ ਅਵਾਜ਼ ਸੁਣੀ।

ਉਸ ਦਾ ਦਮ ਘੁੱਟ ਰਿਹਾ ਸੀ, ਉਸ ਨੂੰ ਉਥੂ ਛਿੜਿਆ ਹੋਇਆ ਸੀ, ਉਹ ਪਾਣੀ ਵਿਚ ਡੁੱਬਦੀ ਜਾ ਰਹੀ ਸੀ। ਅਤੇ ਉਸ ਨੂੰ ਜਾਪਿਆ ਜਿਵੇਂ ਇਹ ਸਭ ਇਕ ਡਰਾਉਣਾ ਸੁਪਨਾ ਸੀ।

ਉਸ ਨੇ ਆਪਣੀਆਂ ਅੱਖਾਂ ਖੋਹਲੀਆਂ ਕਿਉਂਕਿ ਉਸ ਨੂੰ ਮਹਿਸੂਸ ਹੋਇਆ ਕੋਈ ਉਹਦੇ ਵੱਲ ਘੂਰ ਕੇ ਵੇਖ ਰਿਹਾ ਹੈ। ਕਪਤਾਨ ਇਕ ਫੱਟੇ ਉੱਤੇ ਬੈਠਾ ਹੋਇਆ ਸੀ। ਉਹਦਾ ਹਾਲ ਮਾੜਾ ਸੀ ਤੇ ਰੰਗ ਬੱਗਾ ਪੂਣੀ ਹੋ ਗਿਆ ਸੀ। ਦਾੜ੍ਹੀ ਮੈਲੀ ਹੋ ਗਈ ਸੀ ਅਤੇ ਬਾਂਹ ਦੋ ਫੱਟੀਆਂ ਵਿਚ ਬੱਝੀ ਗਲਪੱਟੀ ਵਿਚ ਪਈ ਸੀ। ਅਤੇ ਉਹ ਮਿਖਾਇਲੋਵਾ ਵੱਲ ਵੇਖ ਰਿਹਾ ਸੀ।

"ਜਾਗਦੇ ਹੋ ?" ਉਸ ਨੇ ਓਪਰੀ ਜਿਹੀ ਸੁਹਿਰਦ ਅਵਾਜ਼ ਵਿਚ ਪੁੱਛਿਆ।

"ਮੈਂ ਸੁੱਤੀ ਨਹੀਂ ਸੀ ਹੋਈ।"

"ਕੋਈ ਫਰਕ ਨਹੀਂ ਪੈਂਦਾ।" ਉਹਨੇ ਆਖਿਆ, "ਉਹ ਵੀ ਇਕ ਤਰ੍ਹਾਂ ਦੀ ਨੀਂਦ ਹੀ ਹੈ।"

ਉਸ ਨੇ ਆਪਣੀ ਬਾਂਹ ਉੱਪਰ ਕੀਤੀ ਤੇ ਵੇਖਿਆ ਕਿ ਬਾਂਹ ਨੰਗੀ ਸੀ।

"ਮੈਂ ਆਪਣੇ ਕੱਪੜੇ ਲਾਹ ਸੁੱਟੇ ਸਨ ?" ਉਸ ਨੇ ਸੋਗਵਾਨ ਅੰਦਾਜ਼ ਵਿਚ ਪੁੱਛਿਆ।

"ਮੈਂ ਤੁਹਾਡੇ ਕੱਪੜੇ ਲਾਹ ਸੁੱਟੇ ਸਨ।" ਕਪਤਾਨ ਖਿੱਝ ਕੇ ਬੋਲਿਆ ਅਤੇ ਆਪਣੇ ਜ਼ਖਮੀ ਹੱਥ ਦੀਆਂ ਉਂਗਲਾਂ ਨੂੰ ਮਰੋੜੇ ਦੇਂਦਾ ਹੋਇਆ, ਦੱਸਣ ਲੱਗਾ "ਅਸੀਂ ਦੋਵੇਂ ਪਾਣੀ ਵਿਚ ਜਾ ਵੜੇ ਜਿਵੇਂ ਦਰਿਆ ਵਿਚ ਨਹਾਤੇ ਹੋਈਏ, ਤੇ ਫੇਰ ਮੈਂ ਸੋਚਿਆ ਕਿ ਤੁਸੀਂ ਜ਼ਖਮੀ ਹੋ ਗਏ ਹੋ।"

"ਕੋਈ ਫਰਕ ਨਹੀਂ ਪੈਂਦਾ," ਉਸ ਨੇ ਠੰਡੇ ਦਿਲ ਨਾਲ਼ ਆਖਿਆ। ਤੇ ਸਿੱਧਾ ਕਪਤਾਨ ਦੀਆਂ ਅੱਖਾਂ ਵਿਚ ਵੇਖਿਆ।

"ਬਿਲਕੁਲ," ਉਹ ਸਹਿਮਤ ਹੋ ਗਿਆ।

ਉਹ ਮੁਸਕ੍ਰਾਈ ਤੇ ਬੋਲੀਃ

"ਮੈਨੂੰ ਪਤਾ ਸੀ ਤੁਸੀਂ ਮੇਰੀ ਖਾਤਰ ਵਾਪਸ ਆਓਗੇ ?"

"ਕਿਉਂ ?" ਕਪਤਾਨ ਨੇ ਹੀ ਹੀ ਕਰਦਿਆਂ ਪੁੱਛਿਆ।

"ਬਸ ਮੈਨੂੰ ਪਤਾ ਸੀ।"

"ਤੁਹਾਨੂੰ ਕੁਝ ਵੀ ਪਤਾ ਨਹੀਂ ਹੋ ਸਕਦਾ ਸੀ," ਕਪਤਾਨ ਨੇ ਕਿਹਾ। "ਬੰਬਾਂ ਦੇ ਹਮਲੇ ਵੇਲੇ ਤੁਸੀਂ ਦਿਸ਼ਾ ਦੇ ਸੂਚਕ ਸੀ ਤੇ ਤੁਸੀਂ ਨਿਸ਼ਾਨਾ ਵੀ ਬਣ ਸਕਦੇ ਸੀ। ਇਸ ਕਰਕੇ ਮੈਂ ਇਕ ਮੂਸਲ ਲੱਭ ਲਿਆ ਸੀ ਤਾਂ ਜੋ ਸਿਗਨਲ ਦੀ ਬੱਤੀ ਬਾਲ ਸਕਾਂ। ਦੂਜੀ ਗੱਲ, ਇਕ ਬਕਤਰਬੰਦ ਗੱਡੀ ਨੇ, ਜਿਸ ਵਿਚ ਸੇਧ ਦਾ ਪਤਾ ਲਾਉਣ ਵਾਲੇ ਯੰਤਰ ਲੱਗੇ ਹੋਏ ਸਨ, ਤੁਹਾਡਾ ਪਤਾ ਲਾ ਲਿਆ ਸੀ। ਤੁਹਾਨੂੰ ਲੱਭਦਿਆਂ ਉਹਨੇ ਸਾਰਾ ਇਲਾਕਾ ਛਾਂਟ ਮਾਰਿਆ ਸੀ, ਆਖੀਰ ਮੈਂ ਇਕ ਗਰਨੇਡ ਸੁੱਟ ਦਿੱਤਾ ਉਹਦੇ ਉੱਤੇ। ਤੀਜੀ ਗੱਲ.."

"ਤੀਜੀ ਗੱਲ ਕੀ ?" ਮਿਖਾਇਲੋਵਾ ਨੇ ਤਿੱਖੀ ਅਵਾਜ਼ ਵਿਚ ਪੁੱਛਿਆ।

"ਤੀਜੀ ਗੱਲ," ਕਪਤਾਨ ਨੇ ਗੰਭੀਰ ਹੋ ਕੇ ਆਖਿਆ, "ਤੁਸੀਂ ਬਹੁਤ ਚੰਗੀ ਕੁੜੀ ਹੋ।" ਅਤੇ ਉਸ ਨੇ ਫੌਰਨ ਕਾਟਵੀਂ ਅਵਾਜ਼ ਵਿਚ ਇਹ ਵੀ ਕਹਿ ਦਿੱਤਾ, "ਪਰ ਤੁਸੀਂ ਇਹ ਕਦੇ ਸੁਣਿਆ ਹੈ ਕਿ ਕੋਈ ਇਸ ਤੋਂ ਵੱਖਰਾ ਸਲੂਕ ਕਰੇ ?"

ਮਿਖਾਇਲੋਵਾ ਉੱਠ ਕੇ ਬਹਿ ਗਈ, ਆਪਣੇ ਕੱਪੜੇ ਉਸ ਨੇ ਆਪਣੇ ਹਿੱਕ ਨਾਲ਼ ਚੰਬੇੜ ਲਏ, ਲਿਸ਼ਕਦੀਆਂ ਅੱਖਾਂ ਨਾਲ਼ ਕਪਤਾਨ ਵੱਲ ਵੇਖਿਆ ਤੇ ਉੱਚੀ ਅਵਾਜ਼ ਵਿਚ ਸਪੱਸ਼ਟ ਕਰ ਕੇ ਆਖਿਆ:

"ਪਤਾ ਜੇ, ਮੇਰਾ ਖਿਆਲ ਏ ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਆਂ।"

ਕਪਤਾਨ ਨੇ ਮੂੰਹ ਦੂਜੇ ਪਾਸੇ ਕਰ ਲਿਆ। ਉਸ ਦੇ ਕੰਨ ਚਿੱਟੇ ਹੋ ਗਏ ਸਨ।

"ਤੁਸੀਂ ਛੱਡੋ ਇਸ ਗੱਲ ਨੂੰ।"

"ਮੈਂ ਤੁਹਾਨੂੰ ਐਵੇਂ ਨਹੀਂ ਕਹਿੰਦੀ। ਮੈਂ ਸੱਚੀ ਤੁਹਾਨੂੰ ਪਿਆਰ ਕਰਦੀ ਆਂ," ਮਿਖਾਇਲੋਵਾ ਨੇ ਫ਼ਖ਼ਰ ਨਾਲ਼ ਆਖਿਆ।

ਕਪਤਾਨ ਨੇ ਅੱਖਾਂ ਉੱਪਰ ਕੀਤੀਆਂ, ਅਤੇ ਭਰਵੱਟਿਆਂ ਹੇਠੋਂ ਦੀ ਉਹਦੇ ਵੱਲ ਵੇਖ ਕੇ, ਸੰਗਦਿਆਂ ਸੰਗਦਿਆਂ ਆਖਿਆ:

"ਜੋ ਕੁਝ ਮੈਂ ਸੋਚਦਾ ਹਾਂ ਉਹ ਬਹੁਤੀ ਵਾਰੀ ਕਹਿਣ ਦਾ ਹੌਂਸਲਾ ਨਹੀਂ ਪੈਂਦਾ, ਤੇ ਇਹ ਬਹੁਤ ਬੁਰੀ ਗੱਲ ਹੈ।"

ਖੜੇ ਹੋ ਕੇ ਉਸ ਨੇ ਇਕ ਵਾਰੀ ਫੇਰ ਸਖ਼ਤ ਅਵਾਜ਼ ਵਿਚ ਆਖਿਆ:

"ਘੋੜੇ ਦੀ ਸਵਾਰੀ ਕਰ ਸਕਦੇ ਹੋ?"

"ਨਹੀਂ," ਮਿਖਾਇਲੋਵਾ ਨੇ ਆਖਿਆ।

"ਕਰਨੀ ਪੈਣੀ ਜੇ," ਕਪਤਾਨ ਨੇ ਆਖਿਆ।

"ਗਾਵਰੀਊਸ਼ਾ, ਛਾਪੇਮਾਰ," ਇਕ ਮਧਰੇ, ਜੱਤਲ ਆਦਮੀ ਨੇ ਜਿਸ ਦੀਆਂ ਹੱਸਦਿਆਂ ਅੱਖਾਂ ਭੀਚੀਆਂ ਹੋਈਆਂ ਸਨ ਆਪਣੀ ਜਾਣ-ਪਛਾਣ ਕਰਾਉਂਦਿਆਂ ਆਖਿਆ। ਉਸ ਨੇ ਪਤਲੇ-ਪਤਲੇ, ਲੰਡੀ ਪੂਛ ਵਾਲ਼ੇ ਜਰਮਨ ਸ਼ਿਕਾਰੀ ਘੋੜਿਆਂ ਦੀਆਂ ਵਾਗਾਂ ਫੜੀਆਂ ਹੋਈਆਂ ਸਨ। ਮਿਖਾਇਲੋਵਾ ਦੀ ਤੱਕਣੀ ਦੇ ਅੰਦਾਜ਼ ਨੂੰ ਭਾਂਪ ਕੇ, ਉਹਨੇ ਆਖਿਆ, "ਮਾਫ਼ ਕਰਨਾ, ਮੈਂ ਬੂਹਸ਼ ਜਿਹਾ ਬਣਿਆ ਹੋਇਆਂ। ਜਰਮਨਾਂ ਨੂੰ ਏਥੋਂ ਬਾਹਰ ਧੱਕ ਲਈਏ, ਫੇਰ ਮੈਂ ਹਜਾਮਤ ਕਰਾਵਾਂਗਾ। ਬਹੁਤ ਵਧੀਆ ਨਾਈ ਦੀ ਦੁਕਾਨ ਏ ਸਾਡੇ। ਤੇ ਕੇਡਾ ਕਮਾਲ ਦਾ ਸ਼ੀਸ਼ਾ ਰੱਖਿਆ ਹੋਇਐ ਉਹਨੇ! ਪੂਰਾ ਆਦਮ ਕੱਦ!"

ਉਸ ਨੇ ਜਲਦੀ ਜਲਦੀ ਹੱਥ ਪੈਰ ਮਾਰ ਕੇ ਮਿਖਾਇਲੋਵਾ ਨੂੰ ਕਾਠੀ 'ਤੇ ਬਿਠਾਇਆ, ਤੇ ਡੌਰ-ਭੌਰ ਜਿਹਾ ਹੋ ਕੇ ਹੌਲ਼ੀ ਜਿਹੀ ਬੋਲਿਆ:

"ਪੂਛ ਬਾਰੇ ਨਾ ਸੋਚੋ ਤੁਸੀਂ। ਅਸਲੀ ਘੋੜਾ ਏ ਬਿਲਕੁਲ। ਬਸ ਏਹਨਾਂ ਦੀ ਪੂਛ ਕੱਟ ਛੱਡਦੇ ਨੇ। ਮੈਂ ਪੈਦਲ ਚੱਲਾਂਗਾ। ਮੈਂ ਆਕੜ ਖਾਂ ਬੰਦਾ ਆਂ, ਲੰਡੇ ਘੋੜੇ ਦੀ ਸਵਾਰੀ ਪ੍ਰੇਸ਼ਾਨ ਕਰੇਗੀ। ਏਥੇ ਲੋਕ ਬੜੇ ਮਖੌਲੀਏ ਨੇ। ਉਹਨਾਂ ਨੇ ਤਾਂ ਲੜਾਈ ਤੋਂ ਮਗਰੋਂ ਵੀ ਮੈਨੂੰ ਟਿਚਰਾਂ ਕਰਨੋ ਨਹੀਂ ਬਾਜ਼ ਆਉਣਾ।"

ਖਾਮੋਸ਼ ਤੇ ਉੱਜਲੀ ਪ੍ਰਭਾਤ ਸੀ, ਹਵਾ ਵਿਚ ਨਿੱਘੀ ਮਿੱਟੀ ਤੇ ਰੁੱਖਾਂ ਵਿਚੋਂ ਨਿਕਲਦੀ ਲਕੜ ਦੀ ਮਹਿਕ ਘੁਲੀ ਹੋਈ ਸੀ। ਮਿਖਾਇਲੋਵਾ ਕਾਠੀ ਵਿਚੋਂ ਕਪਤਾਨ ਵੱਲ ਉੱਲਰੀ ਤੇ ਭਾਵਕ ਹੋ ਕੇ ਆਖਿਆ:

"ਮੈਂ ਹੁਣ ਠੀਕ ਆਂ।" ਅਤੇ ਕਪਤਾਨ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ, ਸੰਗਾਊ ਮੁਸਕਾਨ ਨਾਲ਼ ਹੌਲ਼ੀ ਜਿਹੀ ਬੋਲੀ, "ਮੈਂ ਹੁਣ ਬਹੁਤ ਖ਼ੁਸ਼ ਆਂ।"

"ਹਾਂ, ਕਿਉਂ ਨਹੀਂ," ਕਪਤਾਨ ਨੇ ਆਖਿਆ, "ਤੁਹਾਨੂੰ ਅਜੇ ਹੋਰ ਖ਼ੁਸ਼ੀਆਂ ਹਾਸਿਲ ਹੋਣਗੀਆਂ।"

ਛਾਪੇਮਾਰ ਨੇ ਵਾਗਾਂ ਫੜ ਲਈਆਂ ਸਨ, ਤੇ ਕਪਤਾਨ ਦੇ ਘੋੜੇ ਦੇ ਨਾਲ਼-ਨਾਲ਼ ਤੁਰਿਆ ਜਾ ਰਿਹਾ ਸੀ। ਅਚਨਾਕ ਧਿਆਨ ਉਪਰ ਵੱਲ ਕਰ ਕੇ ਉਸ ਨੇ ਦੱਸਿਆ:

"ਪਹਿਲਾਂ ਮੈਥੋਂ ਕੁੱਕੜ ਦੀ ਧੌਣ ਨਹੀਂ ਸੀ ਮਰੋੜੀ ਜਾਂਦੀ। ਇਕ ਸੰਗੀਤ ਮੰਡਲੀ ਵਿਚ ਮੈਂ ਉੱਚੀ ਭਾਰੀ ਅਵਾਜ਼ ਵਿਚ ਗਾਉਂਦਾ ਹੁੰਦਾ ਸਾਂ। ਸ਼ਹਿਦ ਦੀਆਂ ਮੱਖੀਆਂ ਪਾਲ਼ਿਆ ਕਰਦਾ ਸਾਂ। ਇਹ ਬੜਾ ਸੋਚਾਂ ਜਗਾਉਣ ਵਾਲ਼ਾ ਧੰਦਾ ਏ। ਤੇ ਹੁਣ ਮੈਂ ਅਨੇਕਾਂ ਨਾਜ਼ੀਆਂ ਦੀਆਂ ਧੌਣਾਂ ਲਾਹ ਛੱਡੀਆਂ ਜੇ!" ਉਸ ਨੇ ਆਪਣੇ ਹੱਥਾਂ ਨੂੰ ਝਟਕਿਆ। "ਹੁਣ ਮੈਂ ਰੋਹ ਵਿਚ ਆਇਆ, ਦੁਖੀ ਆਦਮੀ ਆਂ।"

ਸੂਰਜ ਹੋਰ ਉੱਚਾ ਹੋ ਗਿਆ ਸੀ। ਭੂਰੇ ਰੰਗ ਦੇ ਝਾੜ ਝਖਾੜ ਵਿਚ ਹਰੀਆਂ ਕਰੂੰਬਲਾਂ ਫੁੱਟਣ ਲੱਗ ਪਈਆਂ ਸਨ ਜਿਨ੍ਹਾਂ ਨੂੰ ਵੇਖ ਕੇ ਰੂਹ ਖਿੜ ਜਾਂਦੀ ਸੀ। ਜਰਮਨ ਘੋੜਿਆਂ ਨੇ ਕੰਨ ਪਿਛਾਂਹ ਨੂੰ ਦਬਾਏ ਤੇ ਡਰ ਕੇ ਕੰਬ ਉੱਠੇ। ਉਹ ਵੱਡੇ ਵੱਡੇ ਰੁੱਖਾਂ ਤੋਂ ਤ੍ਰਹਿੰਦੇ ਸਨ ਜਿਨ੍ਹਾਂ ਦੇ ਸੰਘਣੇ ਪਰਛਾਵੇਂ ਜ਼ਮੀਨ ਉੱਤੇ ਪੈ ਰਹੇ ਸਨ।

ਜਦੋਂ ਕਪਤਾਨ ਹਸਪਤਾਲ ਤੋਂ ਆਪਣੇ ਯੂਨਿਟ ਵਿਚ ਵਾਪਸ ਆਇਆ ਤਾਂ ਉਹ ਆਪਣੇ ਸਾਥੀਆਂ ਦੀ ਪਛਾਣ ਵਿਚ ਨਹੀਂ ਸੀ ਆਇਆ। ਉਹ ਬੜਾ ਖ਼ੁਸ਼, ਬੜਾ ਭਾਵਕ ਹੋਇਆ ਤੇ ਬੜੀਆਂ ਗੱਲਾਂ ਕਰ ਰਿਹਾ ਸੀ। ਉਹ ਉੱਚੀ-ਉੱਚੀ ਹੱਸਦਾ ਸੀ, ਮਖੌਲ ਕਰਦਾ ਸੀ, ਤੇ ਹਰ ਇਕ ਨਾਲ਼ ਦਿਲ ਖ਼ੁਸ਼ ਕਰਨ ਵਾਲ਼ੇ ਬੋਲ ਸਾਂਝੇ ਕਰਦਾ ਸੀ। ਅਤੇ ਉਸ ਦੀਆਂ ਅੱਖਾਂ ਹਰ ਪਲ ਕਿਸੇ ਨੂੰ ਲੱਭਦੀਆਂ ਰਹੀਆਂ ਸਨ। ਇਹ ਵੇਖ ਕੇ ਉਹਦੇ ਸਾਥੀਆਂ ਨੇ ਬੁੱਝ ਲਿਆ ਕਿ ਮਾਮਲਾ ਕੀ ਹੈ ਅਤੇ ਬਿਲਕੁਲ ਸਰਸਰੀ ਢੰਗ ਨਾਲ਼ ਇਹ ਗੱਲ ਛੱਡ ਦਿੱਤੀ:

"ਮਿਖਾਇਲੋਵਾ, ਇਕ ਹੋਰ ਮਿਸ਼ਨ ਉੱਤੇ ਗਈ ਹੋਈ ਹੈ।"

ਇਕ ਪਲ ਵਾਸਤੇ ਕਪਤਾਨ ਦੇ ਚਿਹਰੇ ਉੱਤੇ ਇਕ ਤਲਖ ਝਰਨਾਹਟ ਥਿਰਕ ਗਈ ਤੇ ਓਸੇ ਵੇਲ਼ੇ ਗਾਇਬ ਹੋ ਗਈ। ਉਸ ਨੇ ਉਚੇਚਾ ਕਿਸੇ ਵੱਲ ਵੇਖੇ ਬਗੈਰ ਹੀ ਉੱਚੀ ਸਾਰੀ ਆਖਿਆ:

"ਬੜੀ ਦਲੇਰ ਕੁੜੀ ਹੈ। ਹੋਰ ਕੀ ਆਖੀਏ।" ਅਤੇ ਆਪਣੀ ਕਮੀਜ਼ ਨੂੰ ਠੀਕ ਕਰਦਾ ਹੋਇਆ ਆਪਣੀ ਵਾਪਸੀ ਦੀ ਰਿਪੋਰਟ ਕਰਨ ਲਈ ਕਮਾਂਡਿੰਗ ਅਫ਼ਸਰ ਦੇ ਦਫ਼ਤਰ ਵੱਲ ਚਲਾ ਗਿਆ।

•••

ਅਲੇਕਸਾਂਦਰ ਫ਼ਾਦੇਯੇਵ

ਸੋਵੀਅਤ ਲਿਖਾਰੀ ਅਲੇਕਸਾਂਦਰ ਫਾਦੇਯੇਵ (1901–1956) ਦਾ ਨਾਂ ਦੁਨੀਆਂ ਦੇ ਕਈ ਦੇਸ਼ਾਂ ਵਿਚ ਜਾਣਿਆ ਜਾਂਦਾ ਹੈ। ਉਸ ਦਾ ਜਨਮ ਵੋਲਗਾ ਦਰਿਆ ਕੰਢੇ ਵੱਸੀ ਨਗਰੀ ਕੀਮਰੀ ਦੇ ਇਕ ਕਿਸਾਨ ਪਰਿਵਾਰ ਦੇ ਘਰ ਹੋਇਆ ਸੀ। ਬਚਪਨ ਧੁਰ–ਪੂਰਬ ਵਿਚ ਬੀਤਿਆ ਸੀ। ਅਲੇਕਸਾਂਦਰ ਫਾਦੇਯੇਵ ਦੇ ਸਕੇ–ਸੰਬੰਧੀਆਂ ਨੇ ਇਨਕਲਾਬੀ ਤਹਿਰੀਕ ਵਿਚ ਸਰਗਰਮ ਹਿੱਸਾ ਲਿਆ ਸੀ। ਉਹ ਸਤਾਂਰਾ ਸਾਲ ਦੀ ਉਮਰ ਵਿਚ ਕਮਿਊਨਿਸਟ ਪਾਰਟੀ ਵਿਚ ਸ਼ਾਮਿਲ ਹੋ ਗਿਆ, ਰੂਪੋਸ਼ੀ ਦੇ ਹਾਲਾਤ ਵਿਚ ਇਕ ਸਰਗਰਮ ਛਾਪਾਮਾਰ ਵਜੋਂ ਜੂਝਦਾ ਰਿਹਾ। ਮਗਰੋਂ ਕਾਨਕਾਰੀ ਇੰਸਟੀਚਿਊਟ ਤੋਂ ਵਿੱਦਿਆ ਪ੍ਰਾਪਤ ਕੀਤੀ ਅਤੇ ਅਖ਼ਬਾਰ ਵਿਚ ਕੰਮ ਕੀਤਾ। ਫਾਦੇਯੇਵ ਦੇ ਪਹਿਲੇ ਹੀ ਨਾਵਲ "ਭਾਜੜ" (1927) ਨੇ, ਜਿਸ ਵਿਚ ਧੁਰ–ਪੂਰਬ ਵਿਚ ਖਾਨਾਜੰਗੀ ਬਾਰੇ ਘਟਨਾਵਾਂ ਦਾ ਬਿਰਤਾਂਤ ਹੈ, ਲੇਖਕ ਨੂੰ ਵਾਜਬ ਤੌਰ 'ਤੇ ਪ੍ਰਸਿੱਧੀ ਦਿਵਾਈ। ਮਹਾਨ ਦੇਸ਼ਭਗਤਕ ਜੰਗ ਦੇ ਸਾਲਾਂ ਵਿਚ ਅਲੇਕਸਾਂਦਰ ਫਾਦੇਯੇਵ ਅਖਬਾਰ "ਪ੍ਰਾਵਦਾ" ਦਾ ਮੁਹਾਜ਼ੀ ਪੱਤਰਪ੍ਰੇਰਕ ਸੀ। 1945–1946 ਵਿਚ ਉਹਦਾ ਨਾਵਲ "ਯੁਵਕ ਗਾਰਦ" ਛਪਿਆ ਸੀ, ਜਿਸ ਵਿਚੋਂ ਇਕ ਕਾਂਡ ਇਸ ਸੰਗ੍ਰਹਿ ਵਿਚ ਸ਼ਾਮਿਲ ਕੀਤਾ ਗਿਆ ਹੈ। ਇਸ ਨਾਵਲ ਦੀਆਂ ਸੋਵੀਅਤ ਯੂਨੀਅਨ ਤੇ ਵਿਦੇਸ਼ਾਂ ਵਿਚ ਕਈ ਐਡੀਸ਼ਨਾਂ ਛਪ ਚੁੱਕੀਆਂ ਹਨ।

ਯੁਵਕ ਗਾਰਦ

ਸਭ ਤੋਂ ਬਹੁਤੀ ਹੈਰਾਨੀ ਵਾਲ਼ੀ ਗੱਲ ਇਹ ਸੀ ਕਿ ਕਿਵੇਂ ਇਕਦਮ ਹੀ ਉਹ ਸਹਿਮਤ ਹੋ ਗਏ ਸਨ।

"ਕੀ ਪੜ੍ਹਨ ਲੱਗੀ ਹੋਈ ਏਂ ਤੂੰ ਕੁੜੀਏ ? ਜਰਮਨ ਕਰਾਸਨੋਦੋਨ ਵਿਚ ਆ ਵੜੇ ਨੇ ! ਸੁਣਦੀ ਨਹੀਂ ਪਈ, ਕਿਵੇਂ ਵੇਰਖਨੇਦੂਵਾਨਾਯਾ ਤੋਂ ਗੜ-ਗੜ ਘੂੰ-ਘੂੰ ਕਰਦੇ ਟਰੱਕ ਤੁਰੇ ਆਉਂਦੇ ਨੇ ?" ਉਹਦੇ ਪੈਰਾਂ ਵੱਲ ਖਲੋਤੇ ਸਾਹੋ ਸਾਹ ਹੋਏ ਸੇਰਗੇਈ ਨੇ ਆਖਿਆ।

ਵਾਲਿਯਾ ਚੁੱਪ ਕੀਤੀ ਉਹਦੇ ਵੱਲ ਝਾਕਦੀ ਰਹੀ। ਉਹਦੇ ਚਿਹਰੇ ਉੱਤੇ ਖ਼ੁਸ਼ੀ-ਭਰੀ ਹੈਰਾਨੀ ਤੇ ਠਰ੍ਹੰਮਾ ਸੀ।

"ਕਿੱਧਰ ਭੱਜਾ ਜਾਂਦਾ ਏਂ ?" ਉਸ ਨੇ ਪੁੱਛਿਆ।

ਪਲ ਦੀ ਪਲ ਉਹ ਹੱਕਾ ਬੱਕਾ ਰਹਿ ਗਿਆ। ਪਰ ਨਹੀਂ, ਉਹ ਗ਼ਲਤ ਨਹੀਂ ਸੀ ਹੋ ਸਕਦਾ ਕਿ ਇਹ ਕੁੜੀ ਭੈੜੀ ਕੁੜੀ ਸੀ।

"ਮੈਂ ਤੁਹਾਡੇ ਸਕੂਲ ਚੱਲਿਆ ਸਾਂ। ਇਹ ਵੇਖਣ ਕਿ ਜੇ ਉਹ..."

"ਤੇ ਅੰਦਰ ਕਿਵੇਂ ਵੜੇਂਗਾ ? ਪਹਿਲਾਂ ਵੀ ਕਦੇ ਗਿਆ ਏਂ ਸਾਡੇ ਸਕੂਲੇ ?"

ਸੇਰਗੇਈ ਨੇ ਦੱਸਿਆ ਕਿ ਉਹ ਇਕ ਦੋ ਸਾਲ ਹੋਏ ਉਹਨਾਂ ਦੇ ਸਕੂਲ ਗਿਆ ਸੀ ਇਕ ਸਾਹਿਤਕ ਸ਼ਾਮ 'ਤੇ।

"ਮੈਂ ਕਿਸੇ ਨਾ ਕਿਸੇ ਤਰ੍ਹਾਂ ਵੜ ਜਾਵਾਂਗਾ ਅੰਦਰ," ਉਸ ਨੇ ਹੱਸ ਕੇ ਆਖਿਆ।

"ਪਰ ਜੇ ਜਰਮਨਾਂ ਨੇ ਸਭ ਤੋਂ ਪਹਿਲਾਂ ਸਕੂਲ ਉੱਤੇ ਕਬਜ਼ਾ ਕਰ ਲਿਆ ਫੇਰ ?" ਵਾਲਿਯਾ ਨੇ ਪੁੱਛਿਆ।

"ਜੇ ਮੈਂ ਉਹਨਾਂ ਨੂੰ ਓਧਰ ਆਉਂਦਿਆਂ ਵੇਖਿਆ, ਤਾਂ ਸਿੱਧਾ ਪਾਰਕ ਨੂੰ ਨਿਕਲ ਜਾਊਂ।" ਸੇਰਗੇਈ ਨੇ ਜਵਾਬ ਦਿੱਤਾ।

"ਪਤਾ ਈ, ਮੰਮਟੀ ਵਿਚੋਂ ਸਭ ਤੋਂ ਚੰਗਾ ਨਜ਼ਰ ਆਉਂਦਾ ਏ। ਓਥੋਂ ਅਸੀਂ ਸਭ ਕੁਝ ਵੇਖ ਸਕਦੇ ਆਂ, ਪਰ ਸਾਨੂੰ ਕੋਈ ਨਹੀਂ ਵੇਖ ਸਕਦਾ," ਵਾਲਿਯਾ ਨੇ ਉੱਠ ਕੇ ਬਹਿੰਦਿਆਂ ਆਖਿਆ। ਉਸ ਨੇ ਫਟਾਫਟ ਆਪਣੇ ਵਾਲ਼ਾਂ 'ਤੇ ਹੱਥ ਫੇਰਿਆ ਤੇ ਬਲਾਊਜ਼ ਠੀਕ-ਠਾਕ ਕੀਤਾ। "ਮੈਨੂੰ ਪਤਾ ਏਂ, ਓਥੇ ਕਿਵੇਂ ਪਹੁੰਚੀਦਾ ਏਂ। ਮੈਂ ਤੈਨੂੰ ਰਾਹ ਦੱਸਦੀ ਜਾਊ।"

ਸੇਰਗੇਈ ਅਚਾਨਕ ਦੁਚਿੱਤੀ ਵਿਚ ਪੈ ਗਿਆ।

"ਵੇਖ, ਗੱਲ ਏਹ ਐ," ਉਹਨੇ ਆਖਿਆ, "ਜੇ ਜਰਮਨ ਸਿੱਧੇ ਸਕੂਲ ਵੱਲ ਆ ਗਏ

ਤਾਂ ਪਹਿਲੀ ਮੰਜ਼ਿਲ ਦੀ ਬਾਰੀ ਵਿਚੋਂ ਛਾਲ ਮਾਰਨੀ ਪੈਣੀ ਏ।"

"ਫੇਰ ਕੀ ਹੋਇਆ," ਵਾਲਿਯਾ ਨੇ ਜਵਾਬ ਦਿੱਤਾ।

"ਮਾਰ ਲਵੇਂਗੀ ਛਾਲ ?"

"ਕੀ ਗੱਲਾਂ ਕਰਦਾ ਏਂ !"

ਸੇਰਗੇਈ ਨੇ ਉਹਦੀਆਂ ਮਜ਼ਬੂਤ ਤੇ ਸਾਓਲੀਆਂ ਲੱਤਾਂ ਵੱਲ ਵੇਖਿਆ ਜਿਨ੍ਹਾਂ ਉੱਤੇ ਸੁਨਹਿਰੀ ਲੂੰਈ ਉੱਗੀ ਹੋਈ ਸੀ। ਉਹਦੇ ਦਿਲ ਵਿਚ ਇਕ ਨਿੱਘੀ ਲਹਿਰ ਦੌੜ ਗਈ। ਬੇਸ਼ਕ, ਇਹ ਕੁੜੀ ਪਹਿਲੀ ਮੰਜ਼ਿਲ ਦੀ ਬਾਰੀ ਵਿਚੋਂ ਛਾਲ ਮਾਰ ਸਕਦੀ ਸੀ।

ਤੇ ਝੱਟ ਕੁ ਮਗਰੋਂ ਉਹ ਦੋਵੇਂ ਹੀ ਪਾਰਕ ਦੇ ਪਾਰ ਸਕੂਲ ਵੱਲ ਭੱਜੇ ਜਾ ਰਹੇ ਸਨ।

ਕਰਾਸਨੋਦੋਨ ਕੋਲਾ ਟਰੱਸਟ ਦੇ ਸਾਮ੍ਹਣੇ ਪਾਰਕ ਦੇ ਵੱਡੇ ਫਾਟਕ ਦੇ ਐਨ ਅੰਦਰ ਲਾਲ ਇੱਟਾਂ ਦੀ ਬਣੀ ਵੱਡੀ ਸਾਰੀ ਦੋ ਮੰਜ਼ਲੀ ਇਮਾਰਤ ਸੀ। ਕਲਾਸਾਂ ਵਾਸਤੇ ਚਾਨਣੇ ਕਮਰੇ, ਜਿਮਨੇਜ਼ੀਅਮ ਵਾਸਤੇ ਵੱਡਾ ਸਾਰਾ ਹਾਲ ਕਮਰਾ ਇਸ ਵੇਲੇ ਖਾਲੀ ਸਨ ਤੇ ਉਹਨਾਂ ਨੂੰ ਜੰਦਰੇ ਲੱਗੇ ਹੋਏ ਸਨ। ਆਪਣੇ ਉੱਚੇ ਉਦੇਸ਼ ਨੂੰ ਧਿਆਨ ਵਿਚ ਰੱਖਦਿਆਂ, ਸੇਰਗੇਈ ਨੂੰ ਇਸ ਵਿਚ ਕੋਈ ਸ਼ਰਮਿੰਦਗੀ ਵਾਲ਼ੀ ਗੱਲ ਨਹੀਂ ਸੀ ਲੱਗੀ ਕਿ ਉਸ ਨੇ ਇਕ ਰੁੱਖ ਨਾਲੋਂ ਇਕ ਟਾਹਣੀ ਤੋੜੀ ਤੇ ਪਾਰਕ ਵਾਲ਼ੇ ਪਾਸੇ ਖੁੱਲ੍ਹਦੀ ਹੇਠਲੀ ਮੰਜ਼ਿਲ ਦੀ ਇਕ ਬਾਰੀ ਦਾ ਸ਼ੀਸ਼ਾ ਭੰਨ ਸੁੱਟਿਆ।

ਜਿਸ ਵੇਲੇ ਉਹ ਪੱਬਾਂ ਦੇ ਭਾਰ ਇਕ ਕਮਰੇ ਵਿਚੋਂ ਲੰਘ ਕੇ ਲਾਂਘੇ ਵੱਲ ਜਾ ਰਹੇ ਸਨ ਉਹਨਾਂ ਦੇ ਦਿਲਾਂ ਵਿਚ ਇਕ ਆਦਰ-ਭਰਿਆ ਭੈਅ ਸੀ। ਇਸ ਲੰਮੀ ਚੌੜੀ ਇਮਾਰਤ ਵਿਚ ਮੁਕੰਮਲ ਚੁੱਪ ਦਾ ਪਹਿਰਾ ਸੀ ਤੇ ਮਾਮੂਲੀ ਜਿਹੀ ਸਰਸਰ ਜਾਂ ਠੱਕ ਠੱਕ ਦੀ ਵੀ ਚਾਰ ਚੁਫੇਰਿਓਂ ਭਰਵੀਂ ਗੂੰਜ ਉੱਠਦੀ ਸੀ। ਪਿਛਲੇ ਕੁਝ ਦਿਨਾਂ ਵਿਚ ਦੁਨੀਆਂ ਅੰਦਰ ਬੜਾ ਕੁਝ ਉੱਖੜ-ਪੁੱਖੜ ਗਿਆ ਸੀ। ਲੋਕਾਂ ਵਾਂਗ ਹੀ, ਬਹੁਤ ਸਾਰੀਆਂ ਇਮਾਰਤਾਂ ਦਾ ਵੀ ਕੋਈ ਮਨੋਰਥ ਮਕਸਦ ਨਹੀਂ ਸੀ ਰਹਿ ਗਿਆ ਤੇ ਨਵਾਂ ਕੋਈ ਮਨੋਰਥ ਅਜੇ ਨਿਸਚਿਤ ਨਹੀਂ ਸੀ ਹੋਇਆ। ਪਰ ਇਸ ਦੇ ਬਾਵਜੂਦ ਇਹ ਇਕ ਸਕੂਲ ਸੀ ਜਿੱਥੇ ਬੱਚੇ ਪੜ੍ਹਦੇ ਹੁੰਦੇ ਸਨ। ਉਹ ਸਕੂਲ ਸੀ ਜਿਸ ਵਿਚ ਵਾਲਿਯਾ ਨੇ ਆਪਣੀ ਜ਼ਿੰਦਗੀ ਦੇ ਕਈ ਉੱਜਲੇ ਦਿਨ ਗੁਜ਼ਾਰੇ ਸਨ।

ਉਹ ਇਕ ਦਰਵਾਜ਼ੇ ਅੱਗੋਂ ਦੀ ਲੰਘੇ ਜਿਸ ਉੱਤੇ ਇਕ ਛੋਟੀ ਜਿਹੀ ਤਖ਼ਤੀ ਲੱਗੀ ਹੋਈ ਸੀ "ਸਟਾਫ ਰੂਮ"। ਇਕ ਹੋਰ ਦਰਵਾਜ਼ੇ ਉੱਤੇ ਲੱਗੀ ਤਖ਼ਤੀ ਉੱਤੇ "ਹੈਡਮਾਸਟਰ" ਲਿਖਿਆ ਹੋਇਆ ਸੀ। ਕੁਝ ਹੋਰ ਕਮਰਿਆਂ ਦੇ ਬਾਹਰ ਤਖ਼ਤੀਆਂ ਲੱਗੀਆਂ ਹੋਈਆਂ ਸਨ: "ਡਾਕਟਰੀ ਸਹਾਇਤਾ", "ਭੌਤਿਕ-ਵਿਗਿਆਨ ਦੀ ਪ੍ਰਯੋਗਸ਼ਾਲਾ", "ਰਸਾਇਣ-ਵਿਗਿਆਨ ਦੀ ਪ੍ਰਯੋਗਸ਼ਾਲਾ", "ਪੁਸਤਕਾਲਾ"। ਹਾਂ, ਇਹ ਸਕੂਲ ਸੀ। ਇਸ ਥਾਂ ਬਾਲਗ਼ ਉਸਤਾਦ ਬੱਚਿਆਂ ਨੂੰ ਇਹ ਪੜ੍ਹਾਉਂਦੇ ਸਿਖਾਉਂਦੇ ਸਨ ਕਿ ਇਸ ਦੁਨੀਆਂ ਵਿਚ ਕਿਵੇਂ ਜਿਊਣਾ ਚਾਹੀਦਾ ਹੈ।

ਖਾਲੀ ਪਏ ਡੈਸਕਾਂ ਵਾਲ਼ੇ ਇਹਨਾਂ ਸੱਖਣੇ ਜਮਾਤ-ਕਮਰਿਆਂ ਵਿਚੋਂ, ਜਿਨ੍ਹਾਂ ਵਿਚੋਂ ਅਜੇ ਤੱਕ ਸਕੂਲ ਦੀ ਵਚਿੱਤਰ ਮਹਿਕ ਆਉਂਦੀ ਸੀ, ਸੇਰਗੇਈ ਤੇ ਵਾਲਿਯਾ ਨੂੰ ਅਚਾਨਕ ਹੀ ਉਸ ਦੁਨੀਆਂ ਦੀ ਹਵਾੜ ਆਈ ਜਿਸ ਵਿਚ ਉਹ ਵੱਡੇ ਹੋਏ ਸਨ, ਜਿਹੜੀ ਉਹਨਾਂ ਤੋਂ ਅਨਿੱਖੜ ਸੀ ਤੇ ਜਿਹੜੀ ਹੁਣ ਸਦਾ ਲਈ ਉਹਨਾਂ ਦੀ ਪਹੁੰਚ ਤੋਂ ਬਾਹਰ ਹੋ ਗਈ ਜਾਪਦੀ ਸੀ। ਕੋਈ

ਵੇਲ਼ਾ ਹੁੰਦਾ ਸੀ ਜਦੋਂ ਇਹ ਦੁਨੀਆਂ ਇਕ ਆਮ ਤੇ ਸਾਧਾਰਨ ਚੀਜ਼ ਜਾਪਦੀ ਸੀ ਤੇ ਸਗੋਂ ਕਈ ਵਾਰੀ ਅਕਾਊ ਵੀ। ਅਤੇ ਇਸ ਵੇਲ਼ੇ ਇਹ ਉਹਨਾਂ ਦੇ ਸਾਮ੍ਹਣੇ ਅਚਾਨਕ ਹੀ ਬੇਹੱਦ ਅਦੁੱਤੀ ਤੇ ਬੇਜੋੜ ਹੋਕੇ ਸਾਕਾਰ ਸੀ। ਇਹ ਅਜ਼ਾਦ ਦੁਨੀਆਂ ਸੀ ਜਿਹੜੀ ਪੜ੍ਹਾਉਣ ਵਾਲ਼ਿਆਂ ਤੇ ਪੜ੍ਹਨ ਵਾਲ਼ਿਆਂ ਵਿਚਕਾਰ ਖੁੱਲ੍ਹੇ-ਡੁੱਲ੍ਹੇ, ਸਿੱਧੇ ਤੇ ਪਵਿੱਤਰ ਸੰਬੰਧਾਂ ਨਾਲ਼ ਭਰਪੂਰ ਸੀ। ਇਸ ਵੇਲ਼ੇ ਉਹ ਕਿੱਥੇ ਸਨ, ਇਸ ਵੇਲ਼ੇ ਹੋਣੀ ਦਾ ਬੁੱਲਾ ਉਹਨਾਂ ਨੂੰ ਉੱਡਾ ਕੇ ਕਿਹੜੀ ਥਾਂ ਲੈ ਆਇਆ ਸੀ ? ਅਤੇ ਇਕ ਪਲ ਵਾਸਤੇ ਸੇਰਗੇਈ ਤੇ ਵਾਲਿਯਾ ਦੇ ਦਿਲਾਂ ਵਿਚ ਪਿਆਰ ਦਾ ਇਕ ਫੁਹਾਰਾ ਫੁੱਟ ਨਿਕਲਿਆ, ਦੂਰ ਹੁੰਦੀ ਜਾਂਦੀ ਦੁਨੀਆਂ ਲਈ ਪਿਆਰ, ਉਸ ਦੁਨੀਆਂ ਦੀ ਸ਼ਾਨ ਤੇ ਸ਼ੋਭਾ ਦੇ ਸਨਮੁਖ ਇਕ ਅਸਪੱਸ਼ਟ ਜਿਹਾ ਆਦਰਮਈ ਭੈਅ ਜਿਸ ਨੂੰ ਬੀਤੇ ਵਿਚ ਉਹ ਪੂਰੀ ਤਰ੍ਹਾਂ ਸਮਝਣ ਦੇ ਸਮਰੱਥ ਨਹੀਂ ਸਨ।

ਦੋਵਾਂ ਦੇ ਦਿਲਾਂ ਵਿਚ ਇਕੋ ਜਿਹੇ ਜਜ਼ਬੇ ਜਾਗੇ ਸਨ ਅਤੇ ਬਿਨ੍ਹਾਂ ਇਕ ਦੂਜੇ ਨੂੰ ਦੱਸਿਆਂ ਉਹਨਾਂ ਨੂੰ ਇਸ ਗੱਲ ਦਾ ਪਤਾ ਸੀ। ਅਤੇ ਇਹਨਾਂ ਕੁਝ ਪਲਾਂ ਵਿਚ ਉਹ ਖਾਸ ਤੌਰ 'ਤੇ ਇਕ ਦੂਜੇ ਦੇ ਨੇੜੇ ਆ ਗਏ ਸਨ।

ਅੱਗੇ-ਅੱਗੇ ਜਾਂਦੀ ਵਾਲਿਯਾ ਪਿਛਵਾੜੇ ਦੀਆਂ ਤੰਗ ਪੌੜੀਆਂ ਚੜ੍ਹਦੀ ਪਹਿਲੀ ਮੰਜ਼ਲ 'ਤੇ ਪੁੱਜ ਗਈ ਤੇ ਫੇਰ ਥੋੜ੍ਹਾ ਜਿਹਾ ਹੋਰ ਉੱਪਰ ਉਸ ਛੋਟੇ ਜਿਹੇ ਦਰਵਾਜ਼ੇ ਤੱਕ ਆਈ ਜਿਹੜਾ ਮੰਮਟੀ ਵੱਲ ਖੁੱਲ੍ਹਦਾ ਸੀ। ਦਰਵਾਜ਼ੇ ਨੂੰ ਤਾਲ਼ਾ ਲੱਗਾ ਹੋਇਆ ਸੀ ਪਰ ਸੇਰਗੇਈ ਨੇ ਦਿਲ ਨਹੀਂ ਸੀ ਛੱਡਿਆ। ਉਸ ਨੇ ਆਪਣੀ ਪਤਲੂਣ ਦੀ ਜੇਬ ਵਿਚ ਹੱਥ ਮਾਰਿਆ ਤੇ ਇਕ ਚਾਕੂ ਕੱਢਿਆ ਜਿਸ ਨਾਲ਼ ਕਈ ਹੋਰ ਲਾਭਦਾਇਕ ਸੰਦ ਲੱਗੇ ਹੋਏ ਸਨ। ਇਹਨਾਂ ਵਿਚ ਹੀ ਇਕ ਪੇਚਕਸ ਵੀ ਸੀ। ਪੇਚਕਸ ਨਾਲ਼ ਉਹਨੇ ਦਰਵਾਜ਼ੇ ਦੇ ਹੈਂਡਲ ਦੇ ਪੇਚ ਢਿੱਲੇ ਕੀਤੇ, ਹੈਂਡਲ ਨੂੰ ਲਾਹ ਕੇ ਪਰੇ ਰੱਖ ਦਿੱਤਾ ਤੇ ਜੰਦਰੇ ਨੂੰ ਹੱਥ ਪਾ ਲਿਆ।

"ਕਮਾਲ ਕਰ ਦਿੱਤਾ, ਦਿੱਸਦਾ ਏ ਪਿਆ ਕਿ ਤੂੰ ਪੇਸ਼ਾਵਰ ਤਾਲੇਤੋੜ ਏਂ," ਵਾਲਿਯਾ ਨੇ ਹੱਸ ਕੇ ਆਖਿਆ।

"ਦੁਨੀਆਂ ਵਿਚ ਤਾਲੇਤੋੜਾਂ ਤੋਂ ਇਲਾਵਾ ਐਸੇ ਲੋਕ ਵੀ ਹੁੰਦੇ ਨੇ ਜਿਨ੍ਹਾਂ ਨੂੰ ਫਿਟਰ ਆਖਦੇ ਨੇ," ਸੇਰਗੇਈ ਨੇ ਜਵਾਬ ਦਿੱਤਾ ਅਤੇ ਉਹਦੇ ਵੱਲ ਮੂੰਹ ਕਰ ਕੇ ਮੁਸਕ੍ਰਾ ਪਿਆ।

ਆਪਣੇ ਚਾਕੂ ਨਾਲ਼ ਲੱਗੀ ਛੈਣੀ ਨਾਲ਼ ਉਸ ਨੇ ਜੰਦਰੇ ਨੂੰ ਅੜੇਸ ਦਿੱਤੀ ਤੇ ਬੂਹਾ ਖੁੱਲ੍ਹ ਗਿਆ ਅਤੇ ਧੁੱਪ ਨਾਲ਼ ਝੁਲਸੀ ਹੋਈ ਲੋਹੇ ਦੀ ਛੱਤ ਹੇਠੋਂ, ਤਪੀ ਹੋਈ ਮੰਮਟੀ ਵਿਚੋਂ ਰੇਤ ਤੇ ਧੂੜ ਤੇ ਜਾਲਿਆਂ ਦੀ ਮੁਸ਼ਕ ਦਾ ਫਰਾਟਾ ਉਹਨਾਂ ਦੇ ਚਿਹਰਿਆਂ ਨੂੰ ਵੱਜਾ।

ਕੜੀਆਂ ਨਾਲ਼ ਸਿਰ ਟਕਰਾ ਜਾਣ ਤੋਂ ਬਚਾਉਂਦੇ, ਨੀਵੇਂ ਹੋ ਕੇ ਉਹ ਇਕ ਖਿੜਕੀ ਕੋਲ਼ ਆ ਗਏ। ਖਿੜਕੀ ਉੱਤੇ ਧੂੜ ਦੀ ਮੋਟੀ ਤਹਿ ਜੰਮੀ ਹੋਈ ਸੀ ਪਰ ਉਹਨਾਂ ਨੇ ਇਸ ਨੂੰ ਪੂੰਝਿਆ ਨਹੀਂ। ਉਹ ਇਹ ਖਤਰਾ ਨਹੀਂ ਸੀ ਸਹੇੜ ਸਕਦੇ ਕਿ ਹੇਠੋਂ ਸੜਕ ਤੋਂ ਉਹਨਾਂ ਨੂੰ ਕੋਈ ਵੇਖ ਲਵੇ। ਉਹਨਾਂ ਨੇ ਬਾਰੀ ਦੇ ਸ਼ੀਸ਼ਿਆਂ ਨਾਲ਼ ਮੂੰਹ ਲਾ ਲਏ ਤਾਂ ਉਹਨਾਂ ਦੀਆਂ ਗੱਲ੍ਹਾਂ ਤਕਰੀਬਨ ਆਪਸ ਵਿਚ ਜੁੜੀਆਂ ਹੋਈਆਂ ਸਨ।

ਬਾਰੀ ਵਿਚੋਂ ਉਹਨਾਂ ਨੂੰ ਪਾਰਕ ਦੇ ਫਾਟਕ ਵੱਲੋਂ ਆਉਂਦਾ ਸਦੋਵਾਯਾ ਮਾਰਗ ਨਜ਼ਰ ਪੈਂਦਾ

ਸੀ ਅਤੇ ਇਕ ਪਾਸੇ ਇਲਾਕਾ ਪਾਰਟੀ ਕਮੇਟੀ ਦੇ ਦਫਤਰਾਂ ਵਾਲ਼ੀ ਇਮਾਰਤ ਦਿਖਾਈ ਦੇਂਦੀ ਸੀ। ਉਹਨਾਂ ਦੇ ਬਿਲਕੁਲ ਸਾਮ੍ਹਣੇ ਇਕ ਨੁੱਕਰ ਵਿਚ ਕਰਾਸਨੋਦੋਨ ਕੋਲ਼ਾ ਟਰੱਸਟ ਦੀ ਦੋ ਮੰਜ਼ਲੀ ਇਮਾਰਤ ਸੀ।

ਸੇਰਗੇਈ ਦੇ ਵੇਰਖਨੇਦੂਵਾਨਾਯਾ ਬੇਲੇ ਤੋਂ ਤੁਰਨ ਤੋਂ ਲੈ ਕੇ ਹੁਣ ਤੱਕ ਬੀਤੇ ਸਮੇਂ ਅੰਦਰ, ਜਦੋਂ ਉਹ ਤੇ ਵਾਲਿਯਾ ਮੰਮਟੀ ਦੀ ਬਾਰੀ ਨਾਲ਼ ਮੂੰਹ ਜੋੜੀ ਖੜੇ ਸਨ, ਜਰਮਨ ਦਸਤੇ ਸ਼ਹਿਰ ਵਿਚ ਦਾਖਲ ਹੋ ਗਏ ਸਨ। ਸਾਰੇ ਸਦੋਵਾਯਾ ਮਾਰਗ ਉੱਤੇ ਉਹਨਾਂ ਦੇ ਟਰੱਕ ’ਤੇ ਟਰੱਕ ਚੜ੍ਹੇ ਆਉਂਦੇ ਸਨ ਤੇ ਥਾਂ ਪਰ ਥਾਂ ਜਰਮਨ ਫੌਜੀ ਨਜ਼ਰ ਆ ਰਹੇ ਸਨ।

“ਜਰਮਨ !... ਜਰਮਨਾਂ ਵਰਗੇ ਹੀ ਲੱਗਦੇ ਨੇ ! ਸਾਡੇ ਕਰਾਸਨੋਦੋਨ ਵਿਚ ਜਰਮਨ !” ਵਾਲਿਯਾ ਸੋਚ ਰਹੀ ਸੀ। ਉਹਦੀ ਹਿੱਕ ਵਿਚ ਉਹਦਾ ਦਿਲ ਧਕ-ਧਕ ਕਰ ਰਿਹਾ ਸੀ।

ਸੇਰਗੇਈ ਇਸ ਮਾਮਲੇ ਦੇ ਬਾਹਰੀ, ਵਿਹਾਰਕ ਪੱਖ ਬਾਰੇ ਬਹੁਤੀ ਚਿੰਤਾ ਕਰ ਰਿਹਾ ਸੀ। ਮੰਮਟੀ ਦੀ ਬਾਰੀ ਵਿਚੋਂ ਜੋ ਕੁਝ ਵੀ ਉਸ ਦੀ ਨਜ਼ਰ ਦੇ ਦਾਇਰੇ ਵਿਚ ਆਇਆ ਸੀ, ਉਸ ਦੀਆਂ ਤਿੱਖੀਆਂ ਨਜ਼ਰਾਂ ਇਕ-ਇਕ ਵੇਰਵੇ ਨੂੰ ਫੜ ਰਹੀਆਂ ਸਨ ਅਤੇ ਹਰ ਇਕ ਵੇਰਵਾ ਆਪਣੇ ਆਪ ਉਹਦੇ ਚੇਤੇ ਵਿਚ ਬਹਿੰਦਾ ਜਾਂਦਾ ਸੀ।

ਸਕੂਲ ਦੀ ਇਮਾਰਤ ਟਰੱਸਟ ਦੀ ਇਮਾਰਤ ਤੋਂ ਦਸ ਗਜ਼ ਤੋਂ ਬਹੁਤੀ ਦੂਰ ਨਹੀਂ ਸੀ ਤੇ ਉਹਦੇ ਨਾਲੋਂ ਉੱਚੀ ਸੀ। ਸੇਰਗੇਈ ਟਰੱਸਟ ਦੀ ਇਮਾਰਤ ਦੀ ਲੋਹੇ ਦੀ ਛੱਤ ਵੱਲ ਵੇਖ ਰਿਹਾ ਸੀ ਅਤੇ ਪਹਿਲੀ ਮੰਜ਼ਿਲ ਦੇ ਕਮਰੇ ਤੇ ਹੇਠਲੀ ਮੰਜ਼ਿਲ ਦੇ ਕਮਰਿਆਂ ਦੀਆਂ ਬਾਰੀਆਂ ਕੋਲ਼ੋਂ ਫਰਸ਼ ਉਹਨੂੰ ਨਜ਼ਰ ਆਉਂਦਾ ਸੀ। ਸਦੋਵਾਯਾ ਮਾਰਗ ਤੋਂ ਬਿਨਾਂ ਸੇਰਗੇਈ ਕੁਝ ਹੋਰ ਰਸਤੇ ਸੜਕਾਂ ਵੀ ਵੇਖ ਸਕਦਾ ਸੀ ਭਾਵੇਂ ਇਮਾਰਤਾਂ ਸਦਕਾ ਉਹਨਾਂ ਦੀ ਪੂਰੀ ਝਾਕੀ ਅੱਖਾਂ ਅੱਗੇ ਨਹੀਂ ਸੀ ਆਉਂਦੀ। ਉਹ ਉਹਨਾਂ ਬਾਗ ਬਗੀਚਿਆਂ ਤੇ ਹਾਤਿਆਂ ਨੂੰ ਵੇਖ ਰਿਹਾ ਸੀ ਜਿਹੜੇ ਜਰਮਨ ਫੌਜੀਆਂ ਨੇ ਆਪਣੀ ਮਲਕੀਅਤ ਬਣਾ ਲਏ ਸਨ। ਅਤੇ ਜੋ ਕੁਝ ਉਹ ਵੇਖ ਰਿਹਾ ਸੀ ਉਸ ਬਾਰੇ ਵਾਲਿਯਾ ਨੂੰ ਦੱਸਣ ਲੱਗ ਪਿਆ।

“ਝਾੜੀਆਂ, ਝਾੜੀਆਂ ਵੱਢੀ ਜਾਂਦੇ ਨੇ... ਵੇਖ, ਸੂਰਜ-ਮੁਖੀ ਦੇ ਬੂਟੇ ਵੀ ਵੱਢ ਦਿੱਤੇ ਨੇ,” ਉਸ ਨੇ ਆਖਿਆ। “ਜਾਪਦਾ ਏ, ਟਰੱਸਟ ਦੀ ਇਮਾਰਤ ਨੂੰ ਆਪਣਾ ਟਿਕਾਣਾ ਬਣਾ ਰਹੇ ਨੇ। ਵੇਖ ਤਾਂ ਸਹੀ, ਕਿਵੇਂ ਕਬਜ਼ਾ ਕਰੀ ਜਾਂਦੇ ਨੇ।”

ਜਰਮਨ ਅਫਸਰ ਤੇ ਸੈਨਿਕ... ਪ੍ਰਤੱਖ ਤੌਰ ’ਤੇ ਦਫ਼ਤਰੀ ਅਮਲਾ-ਫੈਲਾ-ਟਰੱਸਟ ਦੀ ਇਮਾਰਤ ਦੀਆਂ ਦੋਹਾਂ ਮੰਜ਼ਿਲਾਂ ਵਿਚ ਡੇਰਾ ਜਮਾਈ ਜਾਂਦੇ ਸਨ। ਜਰਮਨ ਬੜੇ ਖੁਸ਼ ਸਨ। ਉਹਨਾਂ ਨੇ ਸਾਰੀਆਂ ਬਾਰੀਆਂ ਚੌੜ-ਚੁਪੱਟ ਖੋਹਲ ਦਿੱਤੀਆਂ ਸਨ ਅਤੇ ਆਪੋ-ਆਪਣੇ ਕਮਰਿਆਂ ਦਾ, ਜਿਹੜੇ ਉਹਨਾਂ ਨੂੰ ਮਿਲੇ ਸਨ, ਮੁਆਇਨਾ ਕਰ ਰਹੇ ਸਨ। ਉਹ ਮੇਜ਼ਾਂ ਦੀਆਂ ਦਰਾਜ਼ਾਂ ਫੋਲ ਰਹੇ ਸਨ ਅਤੇ ਸਿਗਰਟਾਂ ਪੀਂਦੇ ਹੋਏ ਟਰੱਸਟ ਤੇ ਸਕੂਲ ਦੀ ਇਮਾਰਤ ਵਿਚਲੀ ਉਜਾੜ ਪਈ ਗਲੀ ਵਿਚ ਸਿਗਰਟਾਂ ਦੇ ਗੁਲ ਝਾੜ ਰਹੇ ਸਨ। ਥੋੜ੍ਹੇ ਚਿਰ ਬਾਅਦ ਕਮਰਿਆਂ ਵਿਚ ਰੂਸੀ ਔਰਤਾਂ ਨਜ਼ਰ ਆਉਣ ਲੱਗੀਆਂ, ਜਵਾਨ ਵੀ ਤੇ ਬੁੱਢੀਆਂ ਵੀ, ਜਿਨ੍ਹਾਂ ਨੇ ਘੱਗਰੀਆਂ ਨੇਫਿਆਂ ਵਿਚ ਟੰਗੀਆਂ ਹੋਈਆਂ ਸਨ। ਉਹ ਫਰਸ਼ ਧੋਣ ਲੱਗ ਪਈਆਂ। ਸਾਫ

ਸੁਥਰੇ ਜਰਮਨ ਬਾਬੂ ਉਹਨਾਂ ਨਾਲ਼ ਮਖੌਲ ਮਸ਼ਕਰੀਆਂ ਕਰ ਰਹੇ ਸਨ।

ਇਹ ਸਭ ਕੁਝ ਵਾਲਿਯਾ ਤੇ ਸੇਰਗੇਈ ਦੇ ਏਨਾ ਨੇੜੇ ਹੋ ਰਿਹਾ ਸੀ ਕਿ ਇਕਦਮ ਸੇਰਗੇਈ ਦੇ ਮਨ ਵਿਚ ਇਕ ਖਿਆਲ ਉੱਭਰਿਆ। ਖਿਆਲ ਤਾਂ ਅਜੇ ਅਸਪੱਸ਼ਟ ਤੇ ਅਧੂਰਾ, ਨਿਰਦਈ ਤੇ ਦੁੱਖਦਾਈ ਸੀ, ਪਰ ਇਸ ਤੋਂ ਉਸ ਦਾ ਦਿਲ ਖਿੜ ਗਿਆ। ਉਸ ਨੇ ਇਸ ਗੱਲ ਵਾਲ਼ੇ ਪਾਸੇ ਵੀ ਧਿਆਨ ਦਿੱਤਾ ਕਿ ਮੰਮਟੀ ਦੀਆਂ ਬਾਰੀਆਂ ਆਸਾਨੀ ਨਾਲ਼ ਹੀ ਉਖਾੜੀਆਂ ਜਾ ਸਕਦੀਆਂ ਹਨ। ਬਾਰੀਆਂ ਦੇ ਹਲਕੇ-ਹਲਕੇ ਫੱਟੇ ਚੁਗਾਠਾਂ ਵਿਚ ਪਤਲੇ-ਪਤਲੇ ਕਿੱਲ ਠੋਕ ਕੇ ਲਾਏ ਹੋਏ ਸਨ।

ਸੇਰਗੇਈ ਤੇ ਵਾਲਿਯਾ ਨੂੰ ਮੰਮਟੀ ਵਿਚ ਬੈਠਿਆਂ ਚੋਖਾ ਚਿਰ ਹੋ ਗਿਆ ਸੀ ਤੇ ਹੁਣ ਉਹ ਏਧਰ-ਓਧਰ ਦੀਆਂ ਗੱਲਾਂ ਕਰਨ ਲੱਗ ਪਏ ਸਨ।

"ਸਤਿਓਪਾ ਸਾਫੋਨੋਵ ਨੂੰ ਉਸ ਤੋਂ ਮਗਰੋਂ ਨਹੀਂ ਮਿਲੀ ਤੂੰ ?" ਸੇਰਗੇਈ ਨੇ ਪੁੱਛਿਆ।

"ਨਹੀਂ।"

"ਮਤਲਬ ਇਹ ਹੋਇਆ ਕਿ ਹਾਲੇ ਉਹਦੇ ਨਾਲ਼ ਗੱਲ ਕਰਨ ਦਾ ਇਹਨੂੰ ਕੋਈ ਮੌਕਾ ਨਹੀਂ ਮਿਲਿਆ," ਸੇਰਗੇਈ ਨੂੰ ਇਹ ਸੋਚ ਕੇ ਤਸੱਲੀ ਹੋਈ।

"ਉਹ ਫੇਰ ਆਵੇਗਾ, ਉਹ ਬੜਾ ਚੰਗਾ ਗੱਭਰੂ ਏ," ਸੇਰਗੇਈ ਨੇ ਆਖਿਆ। "ਅੱਗੋਂ ਜ਼ਿੰਦਗੀ ਬਾਰੇ ਕਿਵੇਂ ਸੋਚਦੀ ਏ," ਉਹਨੇ ਪੁੱਛਿਆ।

ਵਾਲਿਯਾ ਨੇ ਮਾਣਮੱਤੇ ਢੰਗ ਨਾਲ਼ ਆਪਣੇ ਮੋਢੇ ਛੰਡੇ।

"ਹਾਲੇ ਕੀ ਆਖ ਸਕਦੀ ਆਂ ? ਕੌਣ ਜਾਣੇ, ਕੀ ਹੋਵੇਗਾ।"

"ਇਹ ਤਾਂ ਠੀਕ ਏ," ਸੇਰਗੇਈ ਨੇ ਆਖਿਆ। "ਕਿਸੇ ਵੇਲ਼ੇ ਆ ਜਾਵਾਂ ਤੈਨੂੰ ਮਿਲਣ ? ਮਾਪੇ ਬੁਰਾ ਤਾਂ ਨਹੀਂ ਮੰਨਣਗੇ ?"

"ਮਾਪੇ !.. ਭਲ਼ਕੇ ਹੀ ਆ ਜਾ, ਜੇ ਜੀਅ ਕਰੇ। ਮੈਂ ਸਤਿਓਪਾ ਨੂੰ ਵੀ ਸੱਦਾ ਘੱਲਾਂਗੀ।"

"ਤੇਰਾ ਨਾਂ ਕੀ ਏ ?"

"ਵਾਲਿਯਾ ਬੋਰਤਸ।"

ਏਸੇ ਘੜੀ ਓਹਨਾਂ ਨੂੰ ਟਾਮੀ-ਗੰਨ ਦੀਆਂ ਅਚਨਚੇਤੀ ਕਈ ਲੰਮੀਆਂ ਬੁਛਾੜਾਂ ਦੀ ਅਵਾਜ਼ ਸੁਣੀ, ਤੇ ਫੇਰ ਛੋਟੀਆਂ ਬੁਛਾੜਾਂ ਦੀ। ਇਹ ਅਵਾਜ਼ ਵੇਰਖਨੇਦੂਵਾਨਾਯਾ ਬੇਲੇ ਵੱਲੋਂ ਆਈ ਸੀ।

"ਗੋਲ਼ੀ ਚੱਲੀ ਏ। ਸੁਣਿਆ ਤੂੰ ?" ਵਾਲਿਯਾ ਨੇ ਪੁੱਛਿਆ।

"ਅਸੀਂ ਏਥੇ ਬੈਠੇ ਹੋਏ ਆਂ, ਤੇ ਰੱਬ ਜਾਣੇ ਸ਼ਹਿਰ ਵਿਚ ਕੀ ਹੋ ਰਿਹਾ ਹੋਵੇ," ਸੇਰਗੇਈ ਨੇ ਗੰਭੀਰਤਾ ਨਾਲ਼ ਆਖਿਆ। "ਖਬਰੇ, ਜਰਮਨ ਸਾਡੇ ਘਰਾਂ ਵਿਚ ਹੀ ਇਉਂ ਬੈਠੇ ਹੋਣ ਜਿਵੇਂ ਉਹਨਾਂ ਦੇ ਆਪਣੇ ਘਰ ਹੋਣ।"

ਕੇਵਲ ਹੁਣ ਵਾਲਿਯਾ ਨੂੰ ਅਹਿਸਾਸ ਹੋਇਆ ਕਿ ਉਹ ਆਪਣੇ ਘਰੋਂ ਕਿਵੇਂ ਨਿਕਲੀ ਸੀ। ਉਸ ਨੇ ਸੋਚਿਆ ਕਿ ਸ਼ਾਇਦ ਸੇਰਗੇਈ ਦੀ ਗੱਲ਼ ਠੀਕ ਹੀ ਹੋਵੇ ਤੇ ਉਹਦੇ ਮਾਪੇ ਉਹਦੇ ਵਾਸਤੇ ਪ੍ਰੇਸ਼ਾਨ ਹੋ ਰਹੇ ਹੋਣਗੇ। ਪਰ ਉਸ ਦੀ ਹਉਮੈ ਉਸ ਨੂੰ ਇਹ ਆਖਣ ਦੀ ਪਹਿਲ ਕਰਨ

ਦੀ ਆਗਿਆ ਨਹੀਂ ਸੀ ਦੇਂਦੀ ਕਿ ਉਹਦੇ ਘਰ ਜਾਣ ਦਾ ਵਕਤ ਹੋ ਗਿਆ ਹੈ। ਪਰ ਸੇਰਗੇਈ ਨੂੰ ਇਸ ਗੱਲ ਦਾ ਕਦੇ ਕੋਈ ਫਿਕਰ ਨਹੀਂ ਸੀ ਹੋਇਆ ਕਿ ਦੂਜੇ ਉਹਦੇ ਬਾਰੇ ਕੀ ਸੋਚਦੇ ਹਨ।

"ਘਰ ਚੱਲਣਾ ਚਾਹੀਦਾ ਏ," ਉਸ ਨੇ ਆਖਿਆ।

ਉਹ ਜਿਸ ਰਸਤੇ ਸਕੂਲ ਅੰਦਰ ਵੜੇ ਸਨ ਓਸੇ ਰਸਤੇ ਬਾਹਰ ਆ ਗਏ।

ਥੋੜ੍ਹਾ ਚਿਰ ਉਹ ਬਾਗ ਦੇ ਸਾਮ੍ਹਣੇ ਜੰਗਲੇ ਕੋਲ਼ ਖੜ੍ਹੇ ਰਹੇ। ਉਪਰ ਮੰਮਟੀ ਵਿਚ ਇਕੱਠੇ ਬੈਠੇ ਰਹਿਣ ਮਗਰੋਂ ਉਹ ਕੁਝ ਕੁ ਪ੍ਰੇਸ਼ਾਨੀ ਮਹਿਸੂਸ ਕਰ ਰਹੇ ਸਨ।

"ਭਲ਼ਕੇ ਆਵਾਂਗਾ ਤੇਰੇ ਵੱਲ," ਸੇਰਗੇਈ ਨੇ ਆਖਿਆ।

ਘਰ ਪਹੁੰਚ ਕੇ ਸੇਰਗੇਈ ਨੇ ਖ਼ਬਰ ਸੁਣੀ ਜਿਹੜੀ ਮਗਰੋਂ ਰਾਤ ਨੂੰ ਉਹਨੇ ਵਲੋਦੀਆ ਓਸਮੂਖਿਨ ਨੂੰ ਦੱਸ ਦਿੱਤੀ। ਇਹ ਖ਼ਬਰ ਕਿ ਹਸਪਤਾਲ ਵਿਚ ਰਹਿ ਗਏ ਫੱਟੜਾਂ ਨੂੰ ਬਾਹਰ ਕੱਢ ਦਿੱਤਾ ਗਿਆ ਹੈ ਅਤੇ ਡਾਕਟਰ ਫਿਓਦਰ ਫਿਓਦਰੋਵਿਚ ਮਾਰਿਆ ਗਿਆ ਹੈ। ਇਹ ਗੱਲ ਉਹਦੀ ਭੈਣ ਨਾਦਿਯਾ ਨੇ ਆਪਣੀ ਅੱਖੀਂ ਵੇਖੀ ਸੀ ਤੇ ਓਸੇ ਨੇ ਹੀ ਹੋਈ ਬੀਤੀ ਸੇਰਗੇਈ ਨੂੰ ਦੱਸੀ ਸੀ।

ਨਾਜ਼ੀ ਫੌਜਾਂ ਦੇ ਭਰੇ ਹੋਏ ਕਈ ਟਰੱਕ ਤੇ ਦੋ ਕਾਰਾਂ ਹਸਪਤਾਲ ਅੱਗੇ ਆ ਖੜੀਆਂ ਹੋਈਆਂ ਸਨ। ਨਤਾਲਿਯਾ ਅਲੇਕਸੇਯੇਵਨਾ ਬਾਹਰ ਗਈ ਤੇ ਉਸ ਨੂੰ ਹੁਕਮ ਦਿੱਤਾ ਗਿਆ ਸੀ ਕਿ ਅੱਧੇ ਘੰਟੇ ਦੇ ਅੰਦਰ-ਅੰਦਰ ਸਾਰੀ ਥਾਂ ਖਾਲੀ ਕਰ ਦਿੱਤੀ ਜਾਵੇ। ਨਤਾਲਿਯਾ ਅਲੇਕਸੇਯੇਵਨਾ ਨੇ ਓਸੇ ਵੇਲ਼ੇ ਤੁਰ ਫਿਰ ਸਕਣ ਵਾਲ਼ਿਆਂ ਨੂੰ ਹਦਾਇਤ ਕੀਤੀ ਕਿ ਉਹ ਬੱਚਿਆਂ ਵਾਲ਼ੇ ਹਸਪਤਾਲ ਚਲੇ ਜਾਣ। ਇਸ ਦੇ ਨਾਲ਼ ਹੀ ਉਸ ਨੇ ਸਮਾਂ ਵਧਾਉਣ ਦੀ ਬੇਨਤੀ ਇਹ ਕਾਰਨ ਦੱਸ ਕੇ ਕੀਤੀ ਕਿ ਮੰਜੇ ਤੋਂ ਨਾ ਉੱਠ ਸਕਣ ਵਾਲ਼ੇ ਬੀਮਾਰਾਂ ਦੀ ਗਿਣਤੀ ਬਹੁਤ ਹੈ ਤੇ ਉਹਨਾਂ ਕੋਲ਼ ਮੋਟਰ ਗੱਡੀ ਕੋਈ ਨਹੀਂ।

ਅਫਸਰ ਪਹਿਲਾਂ ਹੀ ਆਪਣੀਆਂ ਕਾਰਾਂ ਵਿਚ ਜਾ ਬੈਠੇ ਸਨ।

"ਫੇਨਬੋਂਗ! ਇਹ ਔਰਤ ਕੀ ਚਾਹੁੰਦੀ ਏ?" ਵੱਡੇ ਫੌਜੀ ਅਫਸਰ ਨੇ ਇਕ ਉੱਚੇ-ਲੰਮੇ, ਭਾਰੀ-ਭਰਕਮ ਨਾਨ-ਕਮਿਸ਼ੰਡ ਅਫਸਰ ਨੂੰ ਕੜਕ ਕੇ ਪੁੱਛਿਆ ਜਿਸ ਨੇ ਸੋਨੇ ਦੇ ਦੰਦ ਲਵਾਏ ਹੋਏ ਸਨ, ਤੇ ਹਲ਼ਕੇ ਰੰਗ ਦੀ ਸਿੰਗ ਦੀ ਕਮਾਨੀ ਵਾਲ਼ੀਆਂ ਐਨਕਾਂ ਚਾੜ੍ਹੀਆਂ ਹੋਈਆਂ ਸਨ। ਤੇ ਫੇਰ ਕਾਰਾਂ ਚੱਲ ਪਈਆਂ।

ਭਾਵੇਂ ਸਿੰਗ ਦੀ ਕਮਾਨੀ ਵਾਲ਼ਾ ਨਾਨ-ਕਮਿਸ਼ੰਡ ਅਫਸਰ ਕੋਈ ਵਿਗਿਆਨੀ ਤਾਂ ਨਹੀਂ ਸੀ ਨਜ਼ਰ ਆਉਂਦਾ, ਪਰ ਘੱਟੋ-ਘੱਟ ਉਹ ਬੁੱਧੀਜੀਵੀ ਜ਼ਰੂਰ ਜਾਪਦਾ ਸੀ। ਪਰ ਜਦੋਂ ਨਤਾਲਿਯਾ ਅਲੇਕਸੇਯੇਵਨਾ ਨੇ ਉਹਦੇ ਕੋਲ਼ ਜਾ ਕੇ ਆਪਣੀ ਬੇਨਤੀ ਦੁਹਰਾਈ ਅਤੇ ਸਗੋਂ ਉਹਦੇ ਨਾਲ਼ ਜਰਮਨ ਵਿਚ ਗੱਲ ਕਰਨ ਦੀ ਵੀ ਕੋਸ਼ਿਸ਼ ਕੀਤੀ ਤਾਂ ਉਹਨੇ ਐਨਕ ਦੇ ਸ਼ੀਸ਼ਿਆਂ ਵਿਚੋਂ ਇਉਂ ਝਾਕ ਕੇ ਵੇਖਿਆ ਜਿਵੇਂ ਉਹ ਉਹਦੀ ਥਾਂ ਕਿਸੇ ਹੋਰ ਪਾਸੇ ਵੇਖ ਰਿਹਾ ਹੋਵੇ। ਤਕਰੀਬਨ ਔਰਤਾਂ ਵਰਗੀ ਅਵਾਜ਼ ਵਿਚ ਉਸ ਨੇ ਆਪਣੇ ਸੈਨਿਕਾਂ ਨੂੰ ਬੁਲਾਇਆ ਜਿਹੜੇ ਮਿਥਿਆ ਗਿਆ ਅੱਧਾ ਘੰਟਾ ਬੀਤਣ ਤੋਂ ਵੀ ਪਹਿਲਾਂ ਬੀਮਾਰਾਂ ਨੂੰ ਇੱਜੜ ਵਾਂਗੂ ਧੱਕ ਕੇ ਹਾਤੇ

ਵਿਚੋਂ ਬਾਹਰ ਕੱਢਣ ਲੱਗ ਪਏ।

ਉਹਨਾਂ ਨੇ ਬੀਮਾਰਾਂ ਨੂੰ ਧੂਹ ਕੇ ਬਿਸਤਰਿਆਂ ਵਿਚੋਂ ਬਾਹਰ ਕੱਢਿਆ ਜਾਂ ਬਾਹਵਾਂ ਤੋਂ ਫੜ ਕੇ ਖਿੱਚ ਲਿਆ ਤੇ ਦਰਵਾਜ਼ੇ ਤੋਂ ਬਾਹਰ ਲਾਨ ਉੱਤੇ ਪਟਕਾ ਮਾਰਿਆ। ਤੇ ਫੇਰ ਉਹਨਾਂ ਨੂੰ ਪਤਾ ਲੱਗਾ ਕਿ ਹਸਪਤਾਲ ਵਿਚ ਫੱਟੜ ਫੌਜੀ ਸਨ।

ਫਿਓਦਰ ਫਿਓਦਰੋਵਿਚ, ਜਿਹੜਾ ਮਿਊਂਸਪਲ ਹਸਪਤਾਲ ਦਾ ਸਰਜਨ ਸੀ, ਅੱਗੇ ਹੋ ਕੇ ਇਹ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗਾ ਕਿ ਇਹਨਾਂ ਦੀ ਹਾਲਤ ਬੇਹੱਦ ਖਰਾਬ ਹੈ ਤੇ ਇਹਨਾਂ ਵਿਚੋਂ ਕੋਈ ਵੀ ਫੇਰ ਲੜਾਈ ਵਿਚ ਹਿੱਸਾ ਲੈਣ ਦੇ ਕਾਬਿਲ ਨਹੀਂ ਅਤੇ ਇਹਨਾਂ ਨੂੰ ਗੈਰ-ਫੌਜੀ ਦੇਖ-ਰੇਖ ਵਿਚ ਰੱਖਿਆ ਗਿਆ ਹੈ। ਨਾਨ-ਕਮਿਸ਼ੰਡ ਫੌਜੀ ਦਾ ਕਹਿਣਾ ਸੀ ਕਿਉਂਕਿ ਇਹ ਸੈਨਿਕ ਹਨ ਇਸ ਵਾਸਤੇ ਇਹ ਜੰਗੀ ਕੈਦੀ ਬਣਾ ਲਏ ਗਏ ਹਨ ਤੇ ਇਹਨਾਂ ਨੂੰ ਇਹਨਾਂ ਦੀ ਅਸਲ ਥਾਂ 'ਤੇ ਪਹੁੰਚਾਇਆ ਜਾਣਾ ਜ਼ਰੂਰੀ ਹੈ। ਤੇ ਇਸ ਤੋਂ ਬਾਦ ਜ਼ਖ਼ਮੀਆਂ ਨੂੰ ਕੱਛਿਆਂ ਬੁਨੈਣਾਂ ਵਿਚ ਹੀ ਉਹਨਾਂ ਦੇ ਬਿਸਤਰਿਆਂ ਵਿਚੋਂ ਧੂਹ ਲਿਆ ਗਿਆ ਤੇ ਟਰੱਕਾਂ ਵਿਚ ਇਕ ਦੂਜੇ ਦੇ ਉੱਤੇ, ਸੁੱਟ ਕੇ, ਜਿਵੇਂ ਆਇਆ, ਭਰ ਲਿਆ ਗਿਆ।

ਫਿਓਦਰ ਫਿਓਦਰੋਵਿਚ ਦੇ ਛੇਤੀ ਤੈਸ਼ ਵਿਚ ਆ ਜਾਣ ਵਾਲੇ ਸੁਭਾ ਨੂੰ ਜਾਣਦਿਆਂ, ਨਤਾਲਿਯਾ ਅਲੇਕਸੇਯੇਵਨਾ ਨੇ ਉਸ ਨੂੰ ਓਥੋਂ ਚਲੇ ਜਾਣ ਵਾਸਤੇ ਆਖਿਆ, ਪਰ ਉਹ ਦੋ ਖਿੜਕੀਆਂ ਦੇ ਵਿਚਕਾਰ ਲਾਂਘੇ ਵਿਚ ਖੜਾ ਰਿਹਾ। ਧੁੱਪ ਨਾਲ਼ ਝੁਲਸਿਆ ਉਸ ਦਾ ਚਿਹਰਾ ਸੁਆਹ-ਰੰਗਾ ਹੋ ਗਿਆ ਸੀ। ਹੱਥ ਨਾਲ਼ ਬਣਾਈ ਸਿਗਰਟ ਦੇ ਬਚਦੇ ਹਿੱਸੇ ਨੂੰ ਉਹ ਆਪਣੇ ਬੁੱਲ੍ਹਾਂ ਵਿਚ ਪਪੋਲ ਰਿਹਾ ਸੀ ਤੇ ਉਸ ਦੇ ਗੋਡੇ ਇਉਂ ਕੰਬ ਰਹੇ ਸਨ ਕਿ ਉਸ ਨੂੰ ਬਾਰ-ਬਾਰ ਝੁੱਕ ਕੇ ਹੱਥ ਨਾਲ਼ ਮਲਣੇ ਪੈ ਰਹੇ ਸਨ। ਨਤਾਲਿਯਾ ਅਲੇਕਸੇਯੇਵਨਾ ਉਸ ਨੂੰ ਇਕੱਲਿਆਂ ਛੱਡ ਕੇ ਜਾਣੋਂ ਡਰਦੀ ਸੀ ਤੇ ਉਸ ਨੇ ਨਾਦਿਯਾ ਨੂੰ ਵੀ ਆਖਿਆ ਕਿ ਜਿੰਨਾ ਚਿਰ ਇਹ ਸਭ ਖ਼ਤਮ ਨਹੀਂ ਹੁੰਦਾ ਨਾ ਜਾਵੇ। ਇਹ ਵੇਖ ਕੇ ਤਰਸ ਤੇ ਡਰ ਆਉਂਦਾ ਸੀ ਕਿ ਕਿਵੇਂ ਅੱਧ-ਕੱਜੇ ਫੱਟੜਾਂ ਨੂੰ ਧੂਹ-ਧੂਹ ਕੇ ਲਾਂਘੇ ਵਿਚੋਂ ਲਿਜਾਇਆ ਜਾ ਰਿਹਾ ਸੀ। ਕਿਸੇ-ਕਿਸੇ ਵੇਲੇ ਤਾਂ ਫਰਸ਼ ਉੱਤੇ ਘਸੀਟ ਕੇ ਲਿਜਾਇਆ ਜਾ ਰਿਹਾ ਸੀ। ਨਾਦਿਯਾ ਦੀ ਰੋਣ ਦੀ ਹਿੰਮਤ ਨਹੀਂ ਸੀ ਪੈਂਦੀ ਭਾਵੇਂ ਉਹਦੀਆਂ ਅੱਖਾਂ ਵਿਚੋਂ ਆਪਮੁਹਾਰੇ ਹੀ ਅੱਥਰੂ ਵਗੀ ਜਾ ਰਹੇ ਸਨ। ਪਰ ਉਹ ਉਸ ਥਾਂ ਤੋਂ ਹਿੱਲ ਕੇ ਗਈ ਨਹੀਂ ਸੀ ਕਿਉਂਕਿ ਫਿਓਦਰ ਫਿਓਦਰੋਵਿਚ ਬਾਰੇ ਉਹ ਹੋਰ ਵੀ ਬਹੁਤਾ ਡਰ ਰਹੀ ਸੀ।

ਦੋ ਜਰਮਨ ਇਕ ਜ਼ਖ਼ਮੀ ਨੂੰ ਖਿੱਚੀ ਲਈ ਜਾਂਦੇ ਸਨ ਜਿਸ ਦਾ ਦੋ ਕੁ ਹਫਤੇ ਪਹਿਲਾਂ ਫਿਓਦਰ ਫਿਓਦਰੋਵਿਚ ਨੇ ਮੋਰਟਾਰ ਤੋਪ ਦੇ ਗੋਲ਼ਿਆਂ ਦੀਆਂ ਪੱਚਰਾਂ ਨਾਲ਼ ਤਬਾਹ ਹੋ ਗਿਆ ਇਕ ਗੁਰਦਾ ਕੱਢ ਦਿੱਤਾ ਹੋਇਆ ਸੀ। ਪਿਛਲੇ ਕੁਝ ਦਿਨਾਂ ਵਿਚ ਉਹਦੀ ਹਾਲਤ ਬਹੁਤ ਸੁਧਰ ਗਈ ਸੀ ਅਤੇ ਡਾਕਟਰ ਨੂੰ ਆਪਣੇ ਕੀਤੇ ਇਸ ਅਪਰੇਸ਼ਨ ਉੱਤੇ ਬੜਾ ਮਾਣ ਸੀ। ਜਿਸ ਵੇਲ਼ੇ ਜਰਮਨ ਇਸ ਆਦਮੀ ਨੂੰ ਚੁੱਕ ਕੇ ਲਾਂਘੇ ਵਿਚੋਂ ਜਾ ਰਹੇ ਸਨ ਤਾਂ ਨਾਨ-ਕਮਿਸ਼ੰਡ ਅਫਸਰ ਫੇਨਬੋਂਗ ਨੇ ਉਹਨਾਂ ਵਿਚੋਂ ਇਕ ਜਣੇ ਨੂੰ ਬੁਲਾ ਲਿਆ। ਸੈਨਿਕ ਨੇ ਜ਼ਖ਼ਮੀ ਆਦਮੀ ਦੀਆਂ ਲੱਤਾਂ ਛੱਡ ਦਿੱਤੀਆਂ ਤੇ ਦੌੜ ਕੇ ਵਾਰਡ ਵਿਚ ਚਲਾ ਗਿਆ। ਦੂਜੇ ਸੈਨਿਕ ਨੇ ਇਕੱਲਿਆਂ

ਹੀ ਜ਼ਖ਼ਮੀ ਆਦਮੀ ਨੂੰ ਫਰਸ਼ ਉੱਤੇ ਘਸੀਟਣਾ ਸ਼ੁਰੂ ਕਰ ਦਿੱਤਾ।

ਫਿਓਦਰ ਫਿਓਦਰੋਵਿਚ ਅਚਾਨਕ ਦੀਵਾਰ ਨਾਲ਼ੋਂ ਹਟਿਆ ਅਤੇ ਇਸ ਤੋਂ ਪਹਿਲਾਂ ਕਿ ਕਿਸੇ ਨੂੰ ਇਹ ਪਤਾ ਲੱਗਦਾ ਕਿ ਹੋ ਕੀ ਰਿਹਾ ਹੈ ਦੌੜ ਕੇ ਜ਼ਖ਼ਮੀ ਕੋਲ਼ ਆ ਗਿਆ। ਬਾਕੀ ਬਹੁਤ ਸਾਰਿਆਂ ਵਾਂਗ, ਇਸ ਆਦਮੀ ਨੇ ਵੀ ਅੰਤਾਂ ਦੀ ਪੀੜ ਦੇ ਬਾਵਜੂਦ ਮੂੰਹੋਂ ਇਕ ਲਫਜ਼ ਤੱਕ ਨਹੀਂ ਸੀ ਕੱਢਿਆ, ਪਰ ਜਦੋਂ ਉਸ ਨੇ ਡਾਕਟਰ ਨੂੰ ਵੇਖਿਆ ਤਾਂ ਉਹ ਬੋਲ ਉੱਠਿਆ:

"ਵੇਖਿਆ ਜੇ, ਫਿਓਦਰੋਵਿਚ, ਕੀ ਕਰ ਰਹੇ ਨੇ ? ਇਹ ਇਨਸਾਨ ਨੇ ਜਾਂ ?"

ਤੇ ਉਹਦੇ ਅੱਥਰੂ ਛੁੱਟ ਪਏ।

ਫਿਓਦਰ ਫਿਓਦਰੋਵਿਚ ਨੇ ਜਰਮਨ ਵਿਚ ਕੁਝ ਆਖਿਆ। ਸ਼ਾਇਦ ਉਸ ਨੇ ਇਹ ਆਖਿਆ ਸੀ ਕਿ ਇਹ ਕੰਮ ਕਰਨ ਦਾ ਠੀਕ ਤਰੀਕਾ ਨਹੀਂ। ਤੇ ਸ਼ਾਇਦ ਉਸ ਨੇ ਇਹ ਵੀ ਆਖਿਆ ਸੀ, "ਲਿਆ, ਮੈਂ ਹੱਥ ਪੁਆ ਦਿਆਂ।" ਪਰ ਜਰਮਨ ਸੈਨਿਕ ਹੱਸ ਪਿਆ ਸੀ ਤੇ ਜ਼ਖ਼ਮੀ ਆਦਮੀ ਨੂੰ ਫਰਸ਼ ਉੱਤੇ ਘਸੀਟੀ ਗਿਆ ਸੀ। ਓਸੇ ਪਲ ਫੇਨਬੋਂਗ ਵਾਰਡ ਵਿਚੋਂ ਬਾਹਰ ਨਿਕਲ ਆਇਆ ਤੇ ਫਿਓਦਰ ਫਿਓਦਰੋਵਿਚ ਸਿੱਧਾ ਉਹਦੇ ਕੋਲ਼ ਗਿਆ। ਡਾਕਟਰ ਦਾ ਚਿਹਰਾ ਸੁਆਹ-ਰੰਗਾ ਸੀ ਤੇ ਉਹਦਾ ਸਰੀਰ ਕੰਬੀ ਜਾ ਰਿਹਾ ਸੀ। ਉਹ ਨਾਨ-ਕਮਿਸ਼ੰਡ ਅਫ਼ਸਰ ਨਾਲ਼ ਤਕਰੀਬਨ ਖਹਿ ਹੀ ਗਿਆ ਸੀ ਤੇ ਉਹਨੇ ਤਿੱਖੀ ਅਵਾਜ਼ ਵਿਚ ਉਸ ਨੂੰ ਕੁਝ ਆਖਿਆ ਸੀ। ਕਾਲ਼ੀ ਵਰਦੀ ਵਾਲ਼ੇ ਇਸ ਅਫਸਰ ਨੇ, ਜਿਹੜੀ ਉਹਦੇ ਭਾਰੀ-ਭਰਕਮ ਜਿਸਮ ਉੱਤੇ ਤਹਿ ਵਾਂਗ ਬੈਠੀ ਹੋਈ ਸੀ ਤੇ ਜਿਸ ਦੀ ਛਾਤੀ ਉੱਤੇ ਖੋਪੜੀ ਤੇ ਕਾਟਵੀਆਂ ਹੱਡੀਆਂ ਵਾਲ਼ਾ ਚਮਕੀਲਾ ਧਾਂਤ ਦਾ ਬੈਜ ਲੱਗਾ ਹੋਇਆ ਸੀ, ਜਵਾਬ ਵਿਚ ਕੁਝ ਬੁੜ-ਬੁੜ ਕੀਤਾ ਤੇ ਡਾਕਟਰ ਦੇ ਚਿਹਰੇ ਉੱਤੇ ਪਿਸਤੌਲ ਰੱਖ ਕੇ, ਉਸ ਨੂੰ ਪਿਛਾਂਹ ਧੱਕ ਦਿੱਤਾ। ਫਿਓਦਰ ਫਿਓਦਰੋਵਿਚ ਪਿਛਾਂਹ ਡਿੱਗ ਪਿਆ ਤੇ ਉਸ ਨੇ ਫੇਰ ਕੁਝ ਆਖਿਆ, ਸ਼ਾਇਦ ਕੋਈ ਚੋਭਵੀਂ ਗੱਲ। ਤੱਦ ਫੇਨਬੋਂਗ ਦੀਆਂ ਐਨਕਾਂ ਪਿੱਛੇ ਉਹਦੀਆਂ ਅੱਖਾਂ ਇਉਂ ਟੱਡੀਆਂ ਗਈਆਂ ਕਿ ਵੇਖ ਕੇ ਖੌਫ ਆਉਣ ਲੱਗਾ ਸੀ ਤੇ ਉਸ ਨੇ ਫਿਓਦਰ ਫਿਓਦਰੋਵਿਚ ਦੀਆਂ ਅੱਖਾਂ ਵਿਚਾਲੇ ਗੋਲ਼ੀ ਦਾਗ ਦਿੱਤੀ। ਨਾਦਿਯਾ ਨੇ ਵੇਖਿਆ ਕਿ ਉਹਦਾ ਮੱਥਾ ਦੁਫਾੜ ਹੋ ਗਿਆ ਸੀ ਅਤੇ ਇਸ ਵਿਚੋਂ ਲਹੂ ਦੀ ਧਾਰ ਛੁੱਟ ਪਈ ਸੀ ਤੇ ਫਿਓਦਰ ਫਿਓਦਰੋਵਿਚ ਭੁੰਜੇ ਡਿੱਗ ਪਿਆ ਸੀ। ਨਤਾਲਿਯਾ ਅਲੇਕਸੇਯੇਵਨਾ ਤੇ ਨਾਦਿਯਾ ਹਸਪਤਾਲ ਵਿਚੋਂ ਭੱਜ ਉੱਠੀਆਂ ਤੇ ਨਾਦਿਯਾ ਨੂੰ ਤਾਂ ਇਹ ਵੀ ਯਾਦ ਨਹੀਂ ਸੀ ਕਿ ਉਹ ਘਰ ਕਿਵੇਂ ਅਪੜੀ ਸੀ।

ਨਾਦਿਯਾ ਟੋਪੀ ਤੇ ਚਿੱਟਾ ਚੋਗਾ ਪਾਈ, ਜਿਵੇਂ ਉਹ ਹਸਪਤਾਲ ਵਿਚੋਂ ਦੌੜ ਕੇ ਆਈ ਸੀ, ਬੈਠੀ ਸੀ ਤੇ ਮੁੜ-ਮੁੜ ਇਹ ਕਹਾਣੀ ਸੁਣਾ ਰਹੀ ਸੀ। ਉਹ ਰੋਈ ਨਹੀਂ ਸੀ, ਉਹਦਾ ਚਿਹਰਾ ਬੱਗਾ ਪੂਣੀ ਸੀ, ਗੱਲ੍ਹਾਂ ਦੀਆਂ ਹੱਡੀਆਂ ਅੰਗਿਆਰਾਂ ਵਾਂਗ ਸਨ ਤੇ ਉਹਦੀਆਂ ਚਮਕਦੀਆਂ ਅੱਖਾਂ ਉਹਨਾਂ ਲੋਕਾਂ ਨੂੰ ਨਹੀਂ ਸੀ ਵੇਖ ਰਹੀਆਂ ਜਿਨ੍ਹਾਂ ਨੂੰ ਉਹ ਇਹ ਸਭ ਕੁਝ ਸੁਣਾ ਰਹੀ ਸੀ।

"ਸੁਣਿਆ ਤੂੰ, ਲੋਫਰਾ!" ਪਿਓ ਨੇ ਗੁੱਸੇ ਵਿਚ ਆ ਕੇ ਖੰਘਦਿਆਂ ਸੇਰਗੇਈ ਨੂੰ ਝਾੜਿਆ। "ਕਸਮ ਖੁਦਾ ਦੀ, ਜੀਅ ਕਰਦਾ ਹੈ ਤੇਰੀ ਚਮੜੀ ਉਧੇੜ ਦੇਵਾਂ! ਸ਼ਹਿਰ ਵਿਚ ਜਰਮਨ ਆ

ਵੜੇ ਨੇ ਤੇ ਇਹ ਪਤਾ ਨਹੀਂ ਕਿੱਥੇ ਆਵਾਰਾ ਪਿਆ ਫਿਰਦਾ ਹੈ! ਮਾਂ ਦੀ ਜਾਨ ਦਾ ਖੌ।"

ਮਾਂ ਰੋਣ ਲੱਗ ਪਈ।

"ਮੇਰਾ ਤਾਂ ਸਾਹ ਸੁੱਕਾ ਪਿਆ ਸੀ। ਸੋਚਦੀ ਸਾਂ, ਤੈਨੂੰ ਮਾਰ ਦਿੱਤਾ।"

"ਮੈਨੂੰ ਮਾਰ ਦਿੱਤਾ!" ਅਚਾਨਕ ਖਿੱਝ ਕੇ ਸੇਰਗੇਈ ਬੋਲਿਆ। "ਮੈਨੂੰ ਨਹੀਂ ਮਾਰਿਆ। ਪਰ ਜ਼ਖ਼ਮੀ ਮਾਰ ਦਿੱਤੈ, ਵੇਰਖਨੇਦੂਵਾਨਾਯਾ ਬੇਲੇ ਵਿਚ। ਮੈਂ ਅਵਾਜ਼ ਸੁਣੀ ਸੀ।

ਉਹ ਬੈਠਕ ਵਿਚੋਂ ਲੰਘਿਆ ਤੇ ਸਿਰਾਣੇ ਵਿਚ ਮੂੰਹ ਦੇ ਕੇ ਆਪਣੇ ਮੰਜੇ ਉੱਤੇ ਜਾ ਪਿਆ। ਉਹਦੇ ਰੋਮ-ਰੋਮ ਵਿਚ ਬਦਲੇ ਦੀ ਅੱਗ ਭੜਕ ਉੱਠੀ ਸੀ। ਸੇਰਗੇਈ ਵਾਸਤੇ ਸਾਹ ਲੈਣਾ ਔਖਾ ਹੋ ਗਿਆ ਸੀ। ਜਿਹੜੀ ਸੋਚ ਸਕੂਲ ਦੀ ਮੰਮਟੀ ਵਿਚ ਉਸ ਨੂੰ ਵੱਢ-ਵੱਢ ਖਾਂਦੀ ਰਹੀ ਸੀ ਹੁਣ ਉਸ ਨੂੰ ਇਕ ਰਾਹ ਲੱਭ ਗਿਆ ਸੀ। "ਹਨੇਰਾ ਹੋ ਲੈਣ ਦੇ!" ਉਸ ਨੇ ਬਿਸਤਰੇ ਵਿਚ ਪਾਸੇ ਮਾਰਦਿਆਂ ਸੋਚਿਆ। ਦੁਨੀਆਂ ਦੀ ਕੋਈ ਤਾਕਤ ਹੁਣ ਉਸ ਨੂੰ ਰੋਕ ਨਹੀਂ ਸੀ ਸਕਦੀ। ਜੋ ਕੁਝ ਉਸ ਨੇ ਸੋਚਿਆ ਸੀ ਉਸ ਨੂੰ ਉਹ ਕਰ ਕੇ ਰਹੇਗਾ।

ਉਹਨਾਂ ਨੇ ਲੈਂਪ ਨਹੀਂ ਸੀ ਬਾਲੀ ਤੇ ਸਵੱਖਤੇ ਹੀ ਮੰਜਿਆਂ ਉੱਤੇ ਪੈ ਗਏ ਸਨ। ਪਰ ਸਾਰਿਆਂ ਦੇ ਅੰਦਰੋਂ ਏਨੀਆਂ ਕਾਹਲ਼ੀਆਂ ਉੱਠਦੀਆਂ ਸਨ ਕਿ ਕਿਸੇ ਦੀ ਵੀ ਅੱਖ ਨਾ ਲੱਗ ਸਕੀ। ਰੱਤੀ ਭਰ ਵੀ ਸੰਭਾਵਨਾ ਨਹੀਂ ਸੀ ਕਿ ਉਹ ਘਰੋਂ ਬਾਹਰ ਨਿਕਲੇ ਤੇ ਕਿਸੇ ਨੂੰ ਪਤਾ ਨਾ ਲੱਗੇ। ਇਸ ਲਈ ਉਹ ਖੁੱਲ੍ਹੇ ਤੌਰ 'ਤੇ ਇਸ ਅੰਦਾਜ਼ ਨਾਲ਼ ਬਾਹਰ ਆ ਗਿਆ ਜਿਵੇਂ ਉਸ ਨੇ ਵਿਹੜੇ ਤੋਂ ਅੱਗੇ ਨਾ ਜਾਣਾ ਹੋਵੇ। ਫੇਰ ਉਹ ਛੜੱਪੇ ਮਾਰਦਾ ਸਬਜ਼ੀਆਂ ਵਾਲ਼ੀ ਬਗ਼ੀਚੀ ਵਿਚ ਆ ਗਿਆ। ਆਪਣੇ ਨੰਗੇ ਹੱਥਾਂ ਨਾਲ਼ ਉਸ ਨੇ ਇਕ ਟੋਆ ਪੁੱਟਿਆ ਜਿਸ ਵਿਚ ਉਸ ਨੇ ਧਮਾਕਾ ਕਰਨ ਵਾਲ਼ੀਆਂ ਬੋਤਲਾਂ ਲੁਕਾਈਆਂ ਹੋਈਆਂ ਸਨ। ਰਾਤ ਵੇਲ਼ੇ ਬੇਲਚੇ ਦੀ ਵਰਤੋਂ ਕਰਨਾ ਖ਼ਤਰੇ ਤੋਂ ਖ਼ਾਲੀ ਨਹੀਂ ਸੀ। ਉਸ ਨੂੰ ਬੂਹਾ ਖੁੱਲ੍ਹਦੇ ਦੀ ਅਵਾਜ਼ ਆਈ, ਉਸ ਨੇ ਨਾਦਿਯਾ ਦੇ ਅੱਗੇ ਵੱਧਦੇ ਪੈਰਾਂ ਦਾ ਖੜਾਕ ਸੁਣਿਆ ਤੇ ਉਸ ਨੇ ਹੌਲ਼ੀ ਜਿਹੀ ਵਾਜ ਮਾਰੀ:

"ਸੇਰਗੇਈ... ਵੇ ਸੇਰਗੇਈ..."

ਇਕ ਪਲ ਉਹਨੇ ਉਡੀਕਿਆ, ਫੇਰ ਵਾਜ ਮਾਰੀ ਤੇ ਫੇਰ ਉਹ ਵਾਪਿਸ ਅੰਦਰ ਚਲੀ ਗਈ ਤੇ ਉਸ ਨੇ ਬੂਹਾ ਬੰਦ ਹੋਣ ਦੀ ਅਵਾਜ਼ ਸੁਣੀ।

ਉਸ ਨੇ ਆਪਣੀ ਪਤਲੂਣ ਦੀਆਂ ਦੋਹਾਂ ਜੇਬਾਂ ਵਿਚ ਇਕ-ਇਕ ਬੋਤਲ ਤੁੰਨ ਲਈ ਤੇ ਤੀਜੀ ਆਪਣੀ ਕਮੀਜ਼ ਦੇ ਅੰਦਰ ਕਰ ਲਈ। ਇਸ ਤੋਂ ਬਾਅਦ ਉਹ ਜੁਲਾਈ ਮਹੀਨੇ ਦੀ ਹੁੰਸੜ ਵਾਲ਼ੀ ਰਾਤ ਦੇ ਹਨੇਰੇ ਵਿਚ ਇਕ ਵਾਰੀ ਫੇਰ ਪਾਰਕ ਵੱਲ ਤੁਰ ਪਿਆ। ਸ਼ਹਿਰ ਦੇ ਕੇਂਦਰ ਵਿਚ ਜਾਣ ਤੋਂ ਬਚਣ ਲਈ ਉਹ "ਸ਼ੰਘਾਈ" ਇਲਾਕੇ ਦਾ ਵਲ਼ਾ ਪਾ ਕੇ ਗਿਆ।

ਪਾਰਕ ਵਿਚ ਚੁੱਪ-ਚਾਂ ਤੇ ਸੁੰਨ-ਮਸਾਣ ਸੀ। ਪਰ ਸਕੂਲ ਦੀ ਇਮਾਰਤ ਦੇ ਅੰਦਰ ਖਾਸ ਕਰਕੇ ਖਾਮੋਸ਼ੀ ਸੀ ਜਿੱਥੇ ਉਹ ਦਿਨ ਵੇਲੇ ਤੋੜ ਕੇ ਖੋਹਲੀ ਖਿੜਕੀ ਟੱਪ ਕੇ ਜਾ ਵੜਿਆ ਸੀ। ਸਕੂਲ ਵਿਚ ਏਡੀ ਚੁੱਪ ਸੀ ਕਿ ਜਾਪਦਾ ਸੀ ਜਿਵੇਂ ਰੱਖੇ ਗਏ ਹਰ ਕਦਮ ਦਾ ਖੜਾਕ ਉਸ ਨੂੰ ਹੀ ਨਹੀਂ ਸਗੋਂ ਸਾਰੇ ਸ਼ਹਿਰ ਨੂੰ ਸੁਣਦਾ ਹੋਵੇ। ਪੌੜੀਆਂ ਦੀਆਂ ਲੰਮੀਆਂ ਖਿੜਕੀਆਂ ਵਿਚੋਂ ਬਾਹਰੋਂ ਮੱਧਮ ਜਿਹਾ ਚਾਨਣ ਪੈਂਦਾ ਸੀ ਤੇ ਜਦੋਂ ਸੇਰਗੇਈ ਇਹਨਾਂ ਦੇ ਅੱਗੇ ਦੀ ਲੰਘਿਆ ਤਾਂ

ਉਸ ਨੇ ਮਹਿਸੂਸ ਕੀਤਾ ਕਿ ਜੇ ਕੋਈ ਹਨੇਰੀ ਨੁੱਕਰ ਵਿਚ ਲੁੱਕਿਆ ਬੈਠਾ ਹੋਵੇ ਤਾਂ ਉਹ ਖਿੜਕੀਆਂ ਦੇ ਪਿਛੋਕੜ ਵਿਚ ਉਸ ਨੂੰ ਵੇਖ ਸਕਦਾ ਸੀ ਤੇ ਝਪਟ ਕੇ ਕਾਬੂ ਕਰ ਸਕਦਾ ਸੀ। ਪਰ ਛੇਤੀ ਹੀ ਉਸ ਨੇ ਇਸ ਆਰਜ਼ੀ ਜਿਹੀ ਘਬਰਾਹਟ ਉੱਤੇ ਕਾਬੂ ਪਾ ਲਿਆ ਤੇ ਮੰਮਟੀ ਵਿਚ ਆਪਣੀ 'ਨਿਗਰਾਨ ਚੌਂਕੀ' 'ਤੇ ਪੁੱਜ ਗਿਆ।

ਕੁਝ ਚਿਰ ਉਹ ਬਾਰੀ ਅੱਗੇ ਬੈਠਾ ਰਿਹਾ ਭਾਵੇਂ ਹੁਣ ਉਸ ਨੂੰ ਨਜ਼ਰ ਉੱਕਾ ਹੀ ਕੁਝ ਨਹੀਂ ਸੀ ਆਉਂਦਾ। ਉਹ ਸਿਰਫ ਇਹ ਚਾਹੁੰਦਾ ਸੀ ਕਿ ਸਾਹ ਵਿਚ ਸਾਹ ਰੱਲ ਲਵੇ। ਇਸ ਤੋਂ ਬਾਅਦ ਉਸ ਨੇ ਉਹਨਾਂ ਨਿੱਕੇ-ਨਿੱਕੇ ਕਿੱਲਾਂ ਨੂੰ ਟੋਹ ਕੇ ਵੇਖਿਆ ਜਿਨ੍ਹਾਂ ਦੇ ਸਹਾਰੇ ਤਖਤੇ ਚੁਗਾਠ ਵਿਚ ਅੜੇ ਹੋਏ ਸਨ। ਹੌਲ਼ੀ ਜਿਹੀ ਕਿੱਲ ਮੋੜੇ ਤੇ ਚੁੱਪ-ਚਾਪ ਖਿੜਕੀ ਲਾਹ ਪਰੇ ਕੀਤੀ। ਸੱਜਰੀ ਸੀਤ ਹਵਾ ਦਾ ਬੁੱਲਾ ਉਹਦੇ ਚਿਹਰੇ ਨੂੰ ਪਲੋਸ ਗਿਆ ਕਿਉਂਕਿ ਮੰਮਟੀ ਵਿਚ ਅਜੇ ਵੀ ਬੜੀ ਗਰਮੀ ਤੇ ਹੁੱਸੜ ਸੀ। ਸਕੂਲ ਅੰਦਰਲੇ ਤੇ ਖਾਸ ਤੌਰ 'ਤੇ ਇਸ ਮੰਮਟੀ ਅੰਦਰਲੇ ਹਨੇਰੇ ਤੋਂ ਬਾਅਦ, ਹੁਣ ਉਹ ਇਹ ਵੇਖ ਸਕਦਾ ਸੀ ਕਿ ਹੇਠਾਂ ਸੜਕ ਉੱਤੇ ਕੀ ਹੋ ਰਿਹਾ ਸੀ। ਉਸ ਨੂੰ ਸ਼ਹਿਰ ਵਿਚ ਤੁਰੇ ਫਿਰਦੇ ਟਰੱਕਾਂ ਦੀ ਅਵਾਜ਼ ਸੁਣਦੀ ਸੀ ਤੇ ਉਹਨਾਂ ਦੀਆਂ ਅਗਲੀਆਂ ਬੱਤੀਆਂ ਦਾ ਹਿੱਲਦਾ ਡੋਲਦਾ ਮੱਧਮ ਚਾਨਣ ਵਿਖਾਈ ਦੇਂਦਾ ਸੀ। ਰਾਤ ਭਰ ਵੇਰਖਨੇਦੂਵਾਨਾਯਾ ਤੋਂ ਫੌਜੀ ਦਸਤਿਆਂ ਦੀ ਨਿਰੰਤਰ ਆਵਾਜਾਈ ਲੱਗੀ ਰਹੀ ਸੀ। ਸਾਰੀ ਸੜਕ ਉੱਤੇ ਹਨੇਰੇ ਨੂੰ ਚੀਰਦੀਆਂ ਬੱਤੀਆਂ ਦਾ ਚਾਨਣ ਉਸ ਨੂੰ ਨਜ਼ਰ ਆ ਰਿਹਾ ਸੀ। ਕੁਝ ਟਰੱਕਾਂ ਦੀਆਂ ਅਗਲੀਆਂ ਬੱਤੀਆਂ ਪੂਰਾ ਚਾਨਣ ਸੁੱਟਦੀਆਂ ਸਨ ਤੇ ਅਚਾਨਕ ਪਹਾੜੀ ਉੱਤੇ ਅਸਮਾਨ ਵਿਚ ਉਹਨਾਂ ਦਾ ਚਾਨਣ ਇਉਂ ਪੈਂਦਾ ਜਿਵੇ ਸਰਚ-ਲਾਈਟ ਪੈਂਦੀ ਹੋਵੇ ਜਾਂ ਸਤੇਪੀ ਦਾ ਕੋਈ ਹਿੱਸਾ ਚਮਕ ਉੱਠਦਾ ਤੇ ਬੇਲੇ ਵਿਚ ਪੱਤੀਆਂ ਦੇ ਚਿੱਟੇ ਹੇਠਲੇ ਹਿੱਸੇ ਨਜ਼ਰ ਆ ਜਾਂਦੇ।

ਟਰੱਸਟ ਦੀ ਇਮਾਰਤ ਦੇ ਵੱਡੇ ਫਾਟਕਾਂ ਦੇ ਬਾਹਰ ਸੈਨਾ ਦੀਆਂ ਰਾਤ ਵੇਲ਼ੇ ਦੀਆਂ ਸਰਗਰਮੀਆਂ ਜਾਰੀ ਸਨ। ਟਰੱਕ ਤੇ ਮੋਟਰ-ਸਾਈਕਲ ਆਉਂਦੇ ਜਾਂਦੇ ਸਨ। ਸੈਨਿਕ ਤੇ ਅਫਸਰ ਲਗਾਤਾਰ ਆ ਜਾ ਰਹੇ ਸਨ ਤੇ ਬੂਟਾਂ ਦੀਆਂ ਅੱਡੀਆਂ ਦੀ ਠਕ-ਠਕ ਤੇ ਹਥਿਆਰਾਂ ਦੀ ਖੜ-ਖੜ ਬਰਾਬਰ ਸੁਣਾਈ ਦੇ ਰਹੀ ਸੀ। ਖਰਵੀਂ, ਓਪਰੀ ਜਬਾਨ ਦੇ ਬੋਲ ਸੁਣਾਈ ਦੇ ਰਹੇ ਸਨ। ਪਰ ਟਰੱਸਟ ਦੀ ਇਮਾਰਤ ਦੀਆਂ ਖਿੜਕੀਆਂ ਵਿਚ ਹਨੇਰਾ ਸੀ।

ਸੇਰਗੇਈ ਦੀਆਂ ਸਭੇ ਗਿਆਨ-ਇੰਦਰੀਆਂ ਏਡੀਆਂ ਚੌਕਸ ਸਨ, ਤੇ ਉਹਦਾ ਧਿਆਨ ਇਕੋ ਉਦੇਸ਼ ਉੱਤੇ ਏਡਾ ਇਕਾਗਰ ਸੀ ਕਿ ਹਨੇਰੀਆਂ ਖਿੜਕੀਆਂ ਦੀ ਅਣਚਿਤਵੀਂ ਸਥਿਤੀ ਤੋਂ ਉਸ ਨੇ ਆਪਣੇ ਫੈਸਲੇ ਵਿਚ ਕੋਈ ਤਬਦੀਲੀ ਨਹੀਂ ਕੀਤੀ ਸੀ। ਉਹ ਘੱਟੋ-ਘੱਟ ਦੋ ਘੰਟੇ ਖਿੜਕੀ ਕੋਲ਼ ਬੈਠਾ ਰਿਹਾ ਸੀ। ਸ਼ਹਿਰ ਵਿਚ ਮੁਕੰਮਲ ਖਾਮੋਸ਼ੀ ਛਾਈ ਹੋਈ ਸੀ। ਟਰੱਸਟ ਦੇ ਬਾਹਰ ਵੀ ਸਾਰੀ ਹਿਲ-ਜੁਲ ਬੰਦ ਹੋ ਗਈ ਸੀ ਪਰ ਅੰਦਰ ਵਾਲ਼ੇ ਅਜੇ ਸੁੱਤੇ ਨਹੀਂ ਸਨ। ਸੇਰਗੇਈ ਨੂੰ ਇਸ ਦਾ ਪਤਾ ਇਸ ਕਰਕੇ ਲੱਗਾ ਕਿ ਹਨੇਰਾ ਕਰਨ ਵਾਲ਼ੇ ਕਾਗ਼ਜ਼ ਦੇ ਸਿਰਿਆਂ ਕੋਲੋਂ ਮਾੜਾ-ਮਾੜਾ ਚਾਨਣ ਵਿਖਾਈ ਦੇ ਰਿਹਾ ਸੀ। ਇਸ ਤੋਂ ਬਾਅਦ ਉੱਤਲੀ ਮੰਜ਼ਿਲ ਦੀਆਂ ਦੋ ਖਿੜਕੀਆਂ ਵਿਚ ਚਾਨਣ ਬੁੱਝ ਗਿਆ ਤੇ ਫੇਰ ਅੰਦਰ ਖਿੱਚ ਕੇ, ਪਹਿਲਾ ਇਕ, ਤੇ ਫੇਰ ਦੂਜੀ ਖਿੜਕੀ ਖੋਹਲ ਦਿੱਤੀ ਗਈ। ਸੇਰਗੇਈ ਨੇ ਭਾਂਪ ਲਿਆ ਕਿ ਕੋਈ ਜਣਾ ਖਿੜਕੀ ਦੇ

ਕੋਲ ਖੜ੍ਹਾ ਹੈ ਪਰ ਕਮਰੇ ਅੰਦਰਲੇ ਹਨੇਰੇ ਕਾਰਨ ਉਸ ਨੂੰ ਨਜ਼ਰ ਨਹੀਂ ਆਉਂਦਾ। ਹੇਠਲੀ ਮੰਜ਼ਿਲ ਦੀਆਂ ਹੋਰ ਬੱਤੀਆਂ ਬੁਝਾ ਦਿੱਤੀਆਂ ਗਈਆਂ ਤੇ ਉਹ ਖਿੜਕੀਆਂ ਵੀ ਖੋਹਲ ਦਿੱਤੀਆਂ ਗਈਆਂ।

"Wer ist da?" ਅਚਾਨਕ ਉੱਤਲੀ ਮੰਜ਼ਿਲ ਦੀ ਖਿੜਕੀ ਵਿਚ ਇਕ ਹਾਕਮਾਨਾ ਅਵਾਜ਼ ਆਈ ਅਤੇ ਸੇਰਗੇਈ ਨੂੰ ਖਿੜਕੀ ਦੇ ਵਾਧੇ ਉੱਤੇ ਉਲਰਿਆ ਹੋਇਆ ਕੋਈ ਧੁੰਦਲਾ ਜਿਹਾ ਅਕਾਰ ਨਜ਼ਰ ਆਇਆ। "ਕੌਣ ਹੈ ?" ਓਸੇ ਅਵਾਜ਼ ਨੇ ਫੇਰ ਪੁੱਛਿਆ।

"ਲੈਫਟੀਨੈਂਟ ਮੇਯੇਰ, Her Oberst," ਹੇਠੋਂ ਕਿਸੇ ਨੌਜਵਾਨ ਨੇ ਜਵਾਬ ਦਿੱਤਾ।

"ਮੈਂ ਸਲਾਹ ਦੇਵਾਂਗਾ ਕਿ ਹੇਠਲੀ ਮੰਜ਼ਿਲ ਦੀਆਂ ਖਿੜਕੀਆਂ ਨਾ ਖੋਹਲੋ,'" ਉੱਪਰੋਂ ਅਵਾਜ਼ ਆਈ।

"ਅੰਦਰ ਬੜਾ ਹੁੱਸੜ ਹੈ, Herr Oberst। ਪਰ ਬੇਸ਼ਕ, ਜੇ ਤੁਸੀਂ ਨਾਂਹ ਕਰਦੇ ਹੋ..."

"ਨਹੀਂ, ਮੈਂ ਆਪ ਨਹੀਂ ਚਾਹੁੰਦਾ ਕਿ ਤੁਸੀਂ ਜਿਉਂਦੇ ਹੀ ਗਰਮੀ ਵਿਚ ਭੁੱਜ ਜਾਓ। Sie brauchen nicht zum Schmorbraten werden," ਉਤਲੀ ਮੰਜ਼ਿਲ ਤੋਂ ਹਾਕਮਾਨਾ ਅਵਾਜ਼ ਨੇ ਹੱਸ ਕੇ ਆਖਿਆ।

ਸੇਰਗੇਈ ਇਕ ਅੱਖਰ ਵੀ ਨਾ ਸਮਝਦਾ ਹੋਇਆ ਧੱਕ-ਧੱਕ ਕਰਦੇ ਦਿਲ ਨਾਲ਼ ਜਰਮਨ ਗੱਲਬਾਤ ਸੁਣ ਰਿਹਾ ਸੀ।

ਹੁਣ ਹਰ ਥਾਂ ਬੱਤੀਆਂ ਬੁਝਾਈਆਂ ਜਾ ਰਹੀਆਂ ਸਨ, ਪਰਦੇ ਚੁੱਕੇ ਜਾ ਰਹੇ ਸਨ ਤੇ ਖਿੜਕੀਆਂ ਖੋਹਲੀਆਂ ਜਾ ਰਹੀਆਂ ਸਨ। ਕਿਸੇ ਕਿਸੇ ਵੇਲ਼ੇ ਗੱਲਬਾਤ ਕਰਨ ਦੀ ਅਵਾਜ਼ ਆ ਜਾਂਦੀ ਸੀ। ਕਿਸੇ ਵੇਲ਼ੇ ਕੋਈ ਸੀਟੀਆਂ ਵਜਾਉਣ ਲੱਗ ਜਾਂਦਾ। ਕਿਸੇ ਵੇਲ਼ੇ ਕੋਈ ਡੱਬੀ ਦੀ ਤੀਲੀ ਬਲਦੀ ਤੇ ਅੱਖ ਝਮਕਣ ਜਿੰਨੀ ਦੇਰ ਲਈ ਚਿਹਰਾ, ਸਿਗਰਟ ਤੇ ਉਂਗਲਾਂ ਚਮਕ ਪੈਂਦੀਆਂ ਤੇ ਫੇਰ ਕਮਰੇ ਦੇ ਧੁਰ ਅੰਦਰੋਂ ਬਲਦੀ ਸਿਗਰਟ ਦਾ ਦਗਦਾ ਸਿਰਾ ਢੇਰ ਚਿਰ ਤੱਕ ਚਮਕਦਾ ਰਿਹਾ।

"ਕੇਡਾ ਵੱਡਾ ਮੁਲਕ ਹੈ, ਕੋਈ ਸਿਰਾ ਹੀ ਨਹੀਂ ਹੱਥ ਆਉਂਦਾ। Da ist ja kein Ende abzusehen," ਖਿੜਕੀ ਕੋਲ਼ ਕੋਈ ਬੋਲਿਆ ਜਿਹੜਾ ਨਿਰਸੰਦੇਹ ਕਮਰੇ ਅੰਦਰਲੇ ਸਾਥੀ ਨਾਲ਼ ਗੱਲ ਕਰ ਰਿਹਾ ਸੀ।

ਜਰਮਨ ਸੌਣ ਦੀਆਂ ਤਿਆਰੀਆਂ ਵਿਚ ਸਨ। ਟਰੱਸਟ ਦੀ ਇਮਾਰਤ ਤੇ ਪੂਰੇ ਸ਼ਹਿਰ ਉੱਤੇ ਚੁੱਪ ਤਣੀ ਹੋਈ ਸੀ। ਸਿਰਫ ਵੇਰਖਨੇਦੂਵਾਨਾਯਾ ਸੜਕ ਉੱਤੇ ਅਜੇ ਵੀ ਟਰੱਕਾਂ ਦੀ ਆਵਾਜਾਈ ਸੀ ਜਿਨ੍ਹਾਂ ਦੀਆਂ ਅਗਲੀਆਂ ਬੱਤੀਆਂ ਦੇ ਚਾਨਣ ਨਾਲ਼ ਅਸਮਾਨ ਲਿਸ਼ਕ-ਲਿਸ਼ਕ ਜਾਂਦਾ ਸੀ।

ਸੇਰਗੇਈ ਨੇ ਆਪਣੇ ਦਿਲ ਦੀ ਧੜਕਣ ਸੁਣੀ ਤੇ ਉਸ ਨੂੰ ਜਾਪਿਆ ਜਿਵੇਂ ਸਾਰੀ ਮੰਮਟੀ ਵਿਚ ਇਸ ਦੀ ਗੂੰਜ ਪੈਂਦੀ ਹੋਵੇ। ਮੰਮਟੀ ਵਿਚ ਅਜੇ ਵੀ ਬੜਾ ਹੁੱਸੜ ਸੀ ਤੇ ਸੇਰਗੇਈ ਦਾ ਮੁੜ੍ਹਕਾ ਚੋ ਰਿਹਾ ਸੀ।

ਉਸ ਦੇ ਸਾਮ੍ਹਣੇ ਟਰੱਸਟ ਦੀ ਇਮਾਰਤ ਦੀ ਧੁੰਦਲੀ ਜਿਹੀ ਰੂਪਰੇਖਾ ਸੀ ਜਿਸ ਦੀਆਂ

ਖਿੜਕੀਆਂ ਖੁੱਲ੍ਹੀਆਂ ਸਨ। ਇਮਾਰਤ ਹਨੇਰੇ ਵਿਚ ਡੁੱਬੀ ਹੋਈ ਸੀ ਤੇ ਸਭ ਸੁੱਤੇ ਪਏ ਸਨ। ਉਸ ਨੇ ਦੋਵਾਂ ਮੰਜ਼ਿਲਾਂ ਦੀਆਂ ਹਨੇਰੀਆਂ ਖੁੱਲ੍ਹੀਆਂ ਬਾਰੀਆਂ ਵੱਲ ਵੇਖਿਆ। ਹਾਂ, ਕੰਮ ਕਰਨ ਦਾ ਵੇਲਾ ਆ ਗਿਆ ਸੀ... ਉਸ ਨੇ ਇਕ ਦੋ ਵਾਰੀ ਆਪਣੀ ਬਾਂਹ ਉਲਾਰ ਕੇ ਵੇਖਿਆ ਤਾਂ ਜੋ ਫਾਸਲੇ ਦਾ ਅੰਦਾਜ਼ਾ ਹੋ ਜਾਵੇ ਅਤੇ ਨਿਸ਼ਾਨਾ ਬੰਨ੍ਹਿਆ।

ਮੰਮਟੀ ਵਿਚ ਪੁੱਜਦਿਆਂ ਸਾਰ ਹੀ, ਉਸ ਨੇ ਆਪਣੀਆਂ ਜੇਬਾਂ ਵਿਚੋਂ ਤੇ ਕਮੀਜ਼ ਹੇਠੋਂ ਬੋਤਲਾਂ ਕੱਢ ਕੇ ਬਾਹਰ ਰੱਖ ਲਈਆਂ ਸਨ ਤੇ ਇਹ ਬੋਤਲਾਂ ਇਸ ਵੇਲ਼ੇ ਉਹਦੇ ਕੋਲ਼ ਪਈਆਂ ਸਨ। ਉਸ ਨੇ ਇਕ ਬੋਤਲ ਟਟੋਲੀ, ਗਲਮੇ ਤੋਂ ਘੁੱਟ ਕੇ ਫੜੀ, ਨਿਸ਼ਾਨਾ ਬੰਨ੍ਹਿਆ ਤੇ ਪੂਰੇ ਜ਼ੋਰ ਨਾਲ਼ ਵਗਾਹ ਕੇ ਹੇਠਲੀ ਮੰਜ਼ਿਲ ਦੀ ਇਕ ਖੁੱਲ੍ਹੀ ਖਿੜਕੀ ਵਿਚ ਮਾਰੀ। ਅੱਖਾਂ ਚੁੰਧਿਆ ਦੇਣ ਵਾਲ਼ੇ ਲਿਸ਼ਕਾਰੇ ਨਾਲ਼ ਸਾਰੀ ਖਿੜਕੀ, ਟਰੱਸਟ ਤੇ ਸਕੂਲ ਵਿਚਲੀ ਗਲੀ ਦਾ ਇਕ ਹਿੱਸਾ ਚਮਕ ਉੱਠਿਆ। ਨਾਲ਼ ਹੀ ਚੂਰ-ਚੂਰ ਹੁੰਦੇ ਸ਼ੀਸ਼ੇ ਤੇ ਠਾਹ ਦੀ ਅਵਾਜ਼ ਆਈ ਜਿਵੇਂ ਕੋਈ ਬਿਜਲੀ ਦਾ ਲਾਟੂ ਟੁੱਟ ਗਿਆ ਹੋਵੇ। ਲਾਟਾਂ ਲਪਕ ਕੇ ਖਿੜਕੀ ਵਿਚੋਂ ਬਾਹਰ ਆਈਆਂ। ਉਸੇ ਪਲ ਸੇਰਗੇਈ ਨੇ ਖਿੜਕੀ ਵਿਚ ਦੂਜੀ ਬੋਤਲ ਵਗਾਹ ਮਾਰੀ। ਉੱਚੀ ਸਾਰੀ ਕੜਾਕ ਦੀ ਅਵਾਜ਼ ਆਈ ਤੇ ਭਾਂਬੜ ਮੱਚ ਪਿਆ। ਅੱਗ ਦੀਆਂ ਲਾਟਾਂ ਕਮਰੇ ਦੇ ਅੰਦਰੋਂ ਵੀ ਉੱਠਣ ਲੱਗ ਪਈਆਂ ਸਨ, ਖਿੜਕੀਆਂ ਦੀਆਂ ਚੁਗਾਠਾਂ ਮੱਚ ਰਹੀਆਂ ਸਨ ਤੇ ਅੱਗ ਦੀਆਂ ਜੀਭਾਂ ਤਕਰੀਬਨ ਉੱਤਲੀ ਮੰਜ਼ਿਲ ਤੱਕ ਕੰਧ ਨੂੰ ਚੱਟ ਰਹੀਆਂ ਸਨ। ਕੋਈ ਕਮਰੇ ਦੇ ਅੰਦਰ ਬੇਤਹਾਸ਼ਾ ਚੀਕਾਂ ਮਾਰੀ ਜਾਂਦਾ ਸੀ ਤੇ ਸਾਰੀ ਇਮਾਰਤ ਵਿਚ ਹੀ ਸ਼ੋਰ-ਸ਼ਰਾਬਾ ਮੱਚ ਗਿਆ ਸੀ। ਸੇਰਗੇਈ ਨੇ ਤੀਜੀ ਬੋਤਲ ਚੁੱਕੀ ਤੇ ਬਿਲਕੁਲ ਆਪਣੇ ਸਾਮ੍ਹਣੇ ਉਤਲੀ ਮੰਜ਼ਿਲ ਦੀ ਖਿੜਕੀ ਵਿਚ ਚਲਾ ਕੇ ਮਾਰੀ।

ਉਸ ਨੇ ਬੋਤਲ ਦੇ ਪਾਟਣ ਦੀ ਅਵਾਜ਼ ਸੁਣੀ ਤੇ ਅੱਗ ਦਾ ਭਬੂਕਾ ਵੇਖਿਆ ਜਿਹੜਾ ਏਡਾ ਜ਼ਬਰਦਸਤ ਸੀ ਕਿ ਸਾਰੀ ਮੰਮਟੀ ਦੇ ਅੰਦਰ ਚਾਨਣ ਹੋ ਗਿਆ ਸੀ। ਪਰ ਉਸ ਵੇਲ਼ੇ ਤੱਕ ਸੇਰਗੇਈ ਦਰਵਾਜ਼ੇ ਵਿਚੋਂ ਹਨੇਰੀਆਂ ਪੌੜੀਆਂ ਵੱਲ ਦੌੜਦਾ ਖਿੜਕੀ ਤੋਂ ਪਰੇ ਚਲਾ ਗਿਆ ਹੋਇਆ ਸੀ। ਉਹ ਦਗੜ-ਦਗੜ ਕਰਦਾ ਹੇਠਾਂ ਆਇਆ ਅਤੇ ਖੁੱਲ੍ਹੀ ਬਾਰੀ ਵਾਲ਼ੇ ਕਮਰੇ ਨੂੰ ਜਾਣ ਦੀ ਥਾਂ ਜਿਹੜਾ ਕਮਰਾ ਸਾਮ੍ਹਣੇ ਆਇਆ ਓਸੇ ਵਿਚ ਹੀ ਧੁਸ ਦੇ ਕੇ ਵੜ ਗਿਆ। ਇਹ ਸਟਾਫ-ਰੂਮ ਸੀ। ਉਸ ਨੇ ਜਲਦੀ ਨਾਲ਼ ਧੱਕਾ ਮਾਰ ਕੇ ਖਿੜਕੀ ਖੋਹਲੀ, ਬਾਹਰ ਛਾਲ ਮਾਰੀ ਤੇ ਜਿੰਨਾ ਤੇਜ਼ ਭੱਜ ਸਕਦਾ ਸੀ ਭੱਜ ਕੇ ਪਾਰਕ ਦੀ ਝਿੜੀ ਵਿਚ ਜਾ ਲੁਕਿਆ।

ਤੀਜੀ ਬੋਤਲ ਵਗਾਹ ਮਾਰਨ ਦੇ ਪਲ ਤੋਂ ਲੈ ਕੇ ਅਚਾਨਕ ਇਹ ਮਹਿਸੂਸ ਕਰਨ ਤੱਕ ਕਿ ਉਹ ਪਾਰਕ ਵਿਚ ਭੱਜਾ ਜਾ ਰਿਹਾ ਹੈ, ਸੇਰਗੇਈ ਨੇ ਜੋ ਕੁਝ ਕੀਤਾ ਸੀ ਸਹਿਜ-ਸੁਭਾਵਿਕ ਕੀਤਾ ਸੀ ਤੇ ਉਸ ਨੂੰ ਯਾਦ ਤੱਕ ਨਹੀਂ ਸੀ ਕਿ ਇਹ ਸਭ ਕੁਝ ਹੋ ਕਿਸ ਤਰ੍ਹਾਂ ਗਿਆ ਸੀ। ਪਰ ਹੁਣ ਉਹ ਸਮਝਦਾ ਸੀ ਕਿ ਉਸ ਨੂੰ ਜ਼ਮੀਨ ਉੱਤੇ ਲੇਟ ਜਾਣਾ ਚਾਹੀਦਾ ਹੈ ਤੇ ਚੁੱਪ ਕਰ ਕੇ ਇਕ ਪਲ ਵਾਸਤੇ ਸਭ ਪਾਸੇ ਦੀ ਬਿੜਕ ਲੈਣੀ ਚਾਹੀਦੀ ਹੈ।

ਉਸ ਨੂੰ ਆਪਣੇ ਨੇੜੇ ਹੀ ਘਾਹ ਵਿਚ ਕੁਤਰ-ਕੁਤਰ ਕਰਦੇ ਚੂਹੇ ਦੀ ਅਵਾਜ਼ ਸੁਣ ਰਹੀ ਸੀ। ਜਿੱਥੇ ਉਹ ਲੰਮਾ ਪਿਆ ਹੋਇਆ ਸੀ ਓਥੋਂ ਉਹ ਅੱਗ ਨਹੀਂ ਸੀ ਵੇਖ ਸਕਦਾ ਪਰ ਸੜਕ

ਉੱਤੇ ਭੱਜੇ ਫਿਰਦੇ ਲੋਕਾਂ ਦਾ ਸ਼ੋਰ-ਸ਼ਰਾਬਾ ਸੁਣਾਈ ਦੇ ਰਿਹਾ ਸੀ। ਉਹ ਭੁੜਕ ਕੇ ਉੱਠਿਆ ਤੇ ਦੌੜ ਕੇ ਪਾਰਕ ਦੇ ਕੰਢੇ ਉਸ ਕਾਨ ਦੇ ਸਿਰੇ ਉਤੇ ਆ ਗਿਆ ਜਿਸ ਦੀ ਵਰਤੋਂ ਨਹੀਂ ਸੀ ਕੀਤੀ ਜਾਂਦੀ। ਪਾਰਕ ਨੂੰ ਘੇਰਾ ਪਾ ਲੈਣ ਦੀ ਹਾਲਤ ਵਿਚ, ਭਾਵੇਂ ਕੁਝ ਵੀ ਹੋ ਜਾਂਦਾ ਉਹ ਇਸ ਥਾਂ ਤੋਂ ਨਿਕਲ ਸਕਦਾ ਸੀ।

ਹੁਣ ਉਹ ਵੇਖ ਰਿਹਾ ਸੀ ਕਿ ਇਕ ਪਾਸੇ ਅਸਮਾਨ ਉੱਤੇ ਲਾਲੀ ਫੈਲਦੀ ਜਾਂਦੀ ਸੀ ਜਿਸ ਦਾ ਊਦਾ ਅਕਸ ਕਾਨ ਦੇ ਸਿਰੇ ਉੱਤੇ ਬਹੁਤ ਵੱਡੇ ਪੁਰਾਣੇ ਚੀੜ ਦੇ ਰੁੱਖ ਉੱਤੇ, ਜਿਹੜਾ ਅੱਗ ਤੋਂ ਕਾਫੀ ਦੂਰ ਸੀ, ਅਤੇ ਪਾਰਕ ਦੇ ਸਾਰੇ ਰੁੱਖਾਂ ਦੀਆਂ ਟੀਸੀਆਂ ਉੱਤੇ ਪੈ ਰਿਹਾ ਸੀ। ਸੇਰਗੇਈ ਨੇ ਮਹਿਸੂਸ ਕੀਤਾ ਕਿ ਉਸ ਦਾ ਦਿਲ ਚੌੜਾ ਹੁੰਦਾ ਜਾ ਰਿਹਾ ਹੈ ਤੇ ਉੱਡਣ ਉੱਡਣ ਕਰਦਾ ਹੈ। ਉਸ ਦਾ ਰੋਮ-ਰੋਮ ਕੰਬ ਉੱਠਿਆ ਸੀ ਤੇ ਉਸ ਨੇ ਬੜੀ ਮਜ਼ਬੂਤੀ ਨਾਲ਼ ਆਪਣੇ ਆਪ ਨੂੰ ਕਾਬੂ ਵਿਚ ਰੱਖਿਆ ਹੋਇਆ ਸੀ, ਮਤਾਂ ਕਿਤੇ ਉਹ ਠਹਾਕੇ ਮਾਰ ਕੇ ਹੱਸ ਪਵੇ।

"ਠੀਕ ਏ, ਕਰੋ ਮਾਸੀ ਨੂੰ ਯਾਦ ਘੜੀ ਪਲ... Setzen sie Sich! Sprechen sie Deutsch! Haben sie etwas!" ਬਿਆਨ ਤੋਂ ਬਾਹਰੀ ਚੜ੍ਹਦੀ ਕਲਾ ਵਿਚ ਆ ਕੇ, ਉਸ ਨੇ ਆਪਣੀ ਜਰਮਨ ਵਿਆਕਣ ਵਿਚੋਂ ਯਾਦ ਕੀਤੇ ਵਾਕ ਦੁਹਰਾਏ।

ਅੱਗ ਦੀ ਲਾਲੀ ਹੋਰ ਵੀ ਫੈਲ ਗਈ। ਪਾਰਕ ਉੱਪਰ ਅਸਮਾਨ ਲਾਲ ਹੋ ਗਿਆ ਅਤੇ ਸ਼ਹਿਰ ਦੇ ਵਿਚਕਾਰਲੇ ਹਿੱਸੇ ਦਾ ਸ਼ੋਰ-ਸ਼ਰਾਬਾ ਤੇ ਦੌੜ-ਭੱਜ ਦੀ ਅਵਾਜ਼ ਉਹਦੇ ਕੰਨੀ ਪੈਣ ਲੱਗੀ। ਉਸ ਨੂੰ ਏਥੋਂ ਨਿਕਲ ਜਾਣਾ ਚਾਹੀਦਾ ਹੈ। ਉਹਦੀ ਬੜੀ ਪ੍ਰਬਲ ਇੱਛਾ ਸੀ ਕਿ ਇਕ ਵਾਰੀ ਬਾਗ਼ ਵਿਚ ਫੇਰ ਜਾਵੇ ਜਿੱਥੇ ਅੱਜ ਸਵੇਰੇ ਉਸ ਨੂੰ ਉਹ ਕੁੜੀ ਮਿਲੀ ਸੀ, ਵਾਲਿਯਾ ਬੋਰਤਸ। ਹਾਂ, ਹੁਣ ਉਸ ਨੂੰ ਪਤਾ ਸੀ ਕਿ ਉਸ ਦਾ ਨਾਂ ਕੀ ਹੈ।

ਬਿਨਾਂ ਕਿਸੇ ਅਵਾਜ਼ ਖੜਾਕ ਦੇ ਉਹ ਹਨੇਰੇ ਵਿਚ ਰੀਂਗਦਾ ਗਿਆ ਤੇ ਦੇਰੇਵਿਯਾਨਾਯਾ ਮਾਰਗ ਦੇ ਮਕਾਨਾਂ ਦੇ ਪਿਛਲੇ ਪਾਸੇ ਆ ਨਿਕਲਿਆ। ਉਹ ਬਾਗ਼ ਦਾ ਨੀਵਾਂ ਜਿਹਾ ਜੰਗਲਾ ਟੱਪ ਕੇ ਸੜਕ ਉੱਤੇ ਜਾਣ ਲਈ ਫਾਟਕ ਵਿਚੋਂ ਲੰਘਣ ਹੀ ਵਾਲ਼ਾ ਸੀ ਜਦੋਂ ਉਸ ਨੂੰ ਫਾਟਕ ਦੇ ਨੇੜੇ ਹੌਲ਼ੀ-ਹੌਲ਼ੀ ਘੁਸਰ-ਮੁਸਰ ਹੁੰਦੀ ਸੁਣਾਈ ਦਿੱਤੀ। ਅਜੇ ਦੇਰੇਵਿਯਾਨਾਯਾ ਸੜਕ ਉੱਤੇ ਜਰਮਨਾਂ ਨੇ ਕਬਜ਼ਾ ਨਹੀਂ ਸੀ ਕੀਤਾ। ਇਸ ਕਰਕੇ ਇਥੇ ਰਹਿਣ ਵਾਲ਼ੇ ਲੋਕ ਅੱਗ ਵੇਖਣ ਵਾਸਤੇ ਆਪਣੇ ਘਰਾਂ ਵਿਚੋਂ ਬਾਹਰ ਨਿਕਲ ਆਏ ਸਨ। ਸੇਰਗੇਈ ਚੁੱਪ-ਚਾਪ ਦੌੜਦਾ ਹੋਇਆ ਮਕਾਨ ਦੇ ਦੂਜੇ ਪਾਸੇ ਆ ਗਿਆ, ਮਲਕੜੇ ਜਿਹੇ ਬਾਗ਼ ਦੇ ਜੰਗਲੇ ਤੋਂ ਟੱਪਿਆਂ ਤੇ ਫੇਰ ਸੜਕ ਉੱਤੋਂ ਹੁੰਦਾ ਹੋਇਆ ਫਾਟਕ ਅੱਗੇ ਆ ਗਿਆ। ਓਥੇ ਔਰਤਾਂ ਦੀ ਇਕ ਟੋਲੀ ਖੜੀ ਸੀ ਤੇ ਅੱਗ ਦੀ ਲਿਸ਼ਕ ਨਾਲ਼ ਉਹਨਾਂ ਦੇ ਚਿਹਰੇ ਚਮਕ ਰਹੇ ਸਨ। ਇਹਨਾਂ ਵਿਚ ਹੀ, ਉਹਨੇ ਵਾਲਿਯਾ ਨੂੰ ਪਛਾਣ ਲਿਆ।

"ਕਿੱਥੇ ਲੱਗੀ ਏ ਅੱਗ ?" ਉਸ ਨੇ ਪੁੱਛਿਆ ਤਾਂ ਜੋ ਵਾਲਿਯਾ ਨੂੰ ਉਹਦੀ ਮੌਜੂਦਗੀ ਦਾ ਪਤਾ ਲੱਗ ਜਾਵੇ।

"ਸਦੋਵਾਯਾ ਤੇ ਕਿੱਧਰੇ... ਖਬਰੇ, ਸਕੂਲ ਨੂੰ," ਭਾਵੁਕ ਹੋਈ ਇਕ ਜ਼ਨਾਨਾ ਅਵਾਜ਼ ਦਾ ਜਵਾਬ ਸੀ।

"ਟਰੱਸਟ ਨੂੰ ਅੱਗ ਲੱਗੀ ਏ," ਤਕਰੀਬਨ ਭੜਕਾਹਟ ਵਿਚ ਆਈ ਵਾਲਿਯਾ ਬੋਲੀ। "ਮਾਂ, ਮੈਂ ਸੌਣ ਲੱਗੀ ਆਂ," ਉਸ ਨੇ ਉਬਾਸੀ ਲੈਣ ਦਾ ਸਵਾਂਗ ਰਚਦਿਆਂ ਆਖਿਆ ਤੇ ਫਾਟਕ ਦੇ ਅੰਦਰ ਹੋ ਗਈ।

ਸੇਰਗੇਈ ਉਹਦੇ ਮਗਰ ਜਾਣ ਹੀ ਵਾਲ਼ਾ ਸੀ ਪਰ ਉਸ ਨੇ ਸੁਣਿਆ ਕਿ ਠੱਪ-ਠੱਪ ਅੱਡਿਆਂ ਮਾਰਦੀ ਉਹ ਡਿਊੜੀ ਦੀਆਂ ਪੌੜੀਆਂ ਚੜ੍ਹ ਗਈ ਤੇ ਉਹਦੇ ਮਗਰ ਦਰਵਾਜ਼ਾ ਫਟਾਕ ਕਰ ਕੇ ਬੰਦ ਹੋ ਗਿਆ।

• • •

ਨਿਕੋਲਾਈ ਚੂਕੋਵਸਕੀ

ਬਚਪਨ ਤੋਂ ਹੀ ਨਿਕੋਲਾਈ ਚੂਕੋਵਸਕੀ (1904–1965) ਨੂੰ ਸਾਹਿਤ ਵਿਚ ਦਿਲਚਸਪੀ ਪੈਦਾ ਹੋ ਗਈ ਸੀ।(ਉਹਦਾ ਪਿਤਾ ਕੋਰਨੇਈ ਚੂਕੋਵਸਕੀ ਬਾਲ-ਸਹਿਤ ਦਾ ਮੰਨਿਆ-ਪ੍ਰਮੰਨਿਆ ਲੇਖਕ ਸੀ)। ਉਹਦੀ ਇਕ ਪਹਿਲੀ ਕਿਤਾਬ "ਜਹਾਜ਼ ਚਾਲਕ" ਉੱਘੇ ਸਮੁੰਦਰੀ ਯਾਤਰੀਆਂ ਜੇਮਜ਼ ਕੁਕ, ਲਾਪੇਰੂਜ਼, ਬੇਰਿੰਗ ਤੇ ਕਰੂਜ਼ਿਨਸਟੇਰਨ ਬਾਰੇ ਸੀ। ਨ. ਚੂਕੋਵਸਕੀ ਦੇ ਨਾਵਲ "ਬਾਲਟਿਕ ਅੰਬਰ" (1954) ਨੂੰ ਉਸ ਦੀ ਸਾਹਿਤ ਰਚਨਾ ਵਿਚ ਕੇਂਦਰੀ ਸਥਾਨ ਪ੍ਰਾਪਤ ਹੈ। ਇਹ ਨਾਵਲ ਚਾਰ ਸਾਲ ਤੱਕ ਬਾਲਟਿਕ ਹਵਾਬਾਜ਼ਾਂ ਦੀ ਸਖ਼ਤ ਮਿਹਨਤ ਤੇ ਕਾਰਨਾਮਿਆਂ ਦੀ ਗਾਥਾ ਹੈ, ਜਿਹੜੇ ਲੈਨਿਨਗ੍ਰਾਦ ਲਾਗੇ ਫਾਸ਼ਿਸਟ ਕਾਬਜ਼ਾਂ ਵਿਰੁੱਧ ਜੂਝ ਰਹੇ ਸਨ। ਇਹ ਨਾਵਲ ਲੇਖਕ ਦੇ ਜਾਤੀ ਤਜਰਬੇ ਉੱਤੇ ਅਧਾਰਿਤ ਹੈ ਜਿਹੜਾ ਲੈਨਿਨਗ੍ਰਾਦ ਦੇ ਮੁਹਾਸਰੇ 'ਤੇ ਵੀਰਤਾਪੂਰਨ ਰੱਖਿਆ ਸਮੇਂ ਆਪਣੇ ਪਾਤਰਾਂ ਨਾਲ਼ ਹੀ ਉਸ ਸ਼ਹਿਰ ਵਿਚ ਰਿਹਾ। ਕਹਾਣੀ "ਜੀਵਨਦਾਤੀ" ਵੀ ਉਸ ਸਮੇਂ ਦੇ ਲੈਨਿਨਗ੍ਰਾਦ ਬਾਰੇ ਹੈ।

ਜੀਵਨਦਾਤੀ

ਮੈਂ ਅਜੇ ਵੀ ਆਪਣੇ ਆਪ ਨੂੰ ਠੀਕ-ਠਾਕ ਮਹਿਸੂਸ ਕਰਦਾ ਸਾਂ, ਬਸ ਚੰਗੀ ਤਰ੍ਹਾਂ ਵਿਖਾਈ ਨਹੀਂ ਸੀ ਦੇਂਦਾ। ਕਿਸੇ-ਕਿਸੇ ਵੇਲੇ ਲਾਂਬੂ ਛੱਡਦੇ ਦੰਦੇਦਾਰ ਚੱਕਿਆਂ ਦੀਆਂ ਤੇ ਲਾਲ-ਸੁਨਹਿਰੀ ਜੁਮੈਟਰੀ ਦੀਆਂ ਸ਼ਕਲਾਂ ਮੇਰੀ ਨਜ਼ਰ ਨੂੰ ਧੁੰਦਲਾ ਦੇਂਦੀਆਂ। ਫੇਰ ਇਹ ਚੱਕੇ ਬੱਗੇ ਚਿੱਟੇ ਹੋ ਜਾਂਦੇ, ਸ਼ਕਲਾਂ ਲੋਪ ਹੋ ਜਾਂਦੀਆਂ ਤੇ ਮੈਨੂੰ ਸਭ ਕੁਝ ਪਹਿਲਾਂ ਵਾਂਗ ਹੀ ਨਜ਼ਰ ਆਉਣ ਲੱਗ ਪੈਂਦਾ। ਇਕ ਅਲਾਮਤ ਹੋਰ ਵੀ ਸੀ: ਗਸ਼ ਪੈ ਜਾਣੀ। ਅਚਨਚੇਤ ਹੀ ਮੈਂ ਪੌੜੀਆਂ ਵਿਚ ਆ ਜਾਂਦਾ ਤੇ ਮੈਨੂੰ ਇਹ ਬਿਲਕੁਲ ਯਾਦ ਨਹੀਂ ਸੀ ਰਹਿੰਦਾ ਕਿ ਮੈਂ ਓਥੇ ਕਿਵੇਂ ਗਿਆ ਸਾਂ ਜਾਂ ਮੈਂ ਕਿੱਧਰ ਜਾ ਰਿਹਾ ਸਾਂ। ਕਈ ਲੋਕਾਂ ਦਾ ਖਿਆਲ ਹੈ ਕਿ ਭੁੱਖੇ ਰਹਿਣ ਨਾਲ਼ ਹਾਬੜ ਵੱਧਦੀ ਹੈ। ਹਾਬੜ ਅਸਲ ਵਿਚ ਸ਼ੁਰੂ-ਸ਼ੁਰੂ ਵਿਚ ਹੀ ਹੁੰਦੀ ਹੈ। ਮਗਰੋਂ ਤਾਂ ਢਿੱਡ ਖਾਲੀ ਹੋਣ ਦਾ ਅਕਾਊਂ ਤੇ ਫਿੱਕਾ ਜਿਹਾ ਅਹਿਸਾਸ ਹੀ ਰਹਿ ਜਾਂਦਾ ਹੈ। ਮੈਨੂੰ ਭੁੱਖਿਆਂ ਰਹਿਣ ਦੀ ਆਦਤ ਹੋ ਗਈ ਸੀ ਤੇ ਮੇਰੇ ਮਾਤਹਿਤ ਕੰਮ ਕਰਨ ਵਾਲ਼ਿਆਂ ਨੂੰ ਇਹ ਪਤਾ ਨਹੀਂ ਸੀ ਲੱਗਣਾ ਚਾਹੀਦਾ ਕਿ ਮੇਰੀਆਂ ਅੱਖਾਂ ਅੱਗੇ ਚੱਕੇ ਨੱਚਦੇ ਰਹਿੰਦੇ ਹਨ ਤੇ ਮੈਨੂੰ ਗਸ਼ ਪੈ ਜਾਂਦੀ ਹੈ।

ਇਹ ਉਹਨਾਂ ਦੀ ਖਾਤਰ ਹੀ ਸੀ ਕਿ ਮੈਂ ਹਵਾਈ ਹਮਲੇ ਤੋਂ ਬਚਣ ਵਾਲ਼ੀ ਥਾਂ ਹੇਠਾਂ ਤਹਿਖਾਨੇ ਵਿਚ ਗਿਆ। ਜੇ ਮੈਂ ਆਪ ਨਾ ਜਾਂਦਾ ਤਾਂ ਉਹਨਾਂ ਨੇ ਵੀ ਹੇਠਾਂ ਨਹੀਂ ਸੀ ਜਾਣਾ। ਉਹਨਾਂ ਦਾ ਖਿਆਲ ਸੀ ਕਿ ਜੇ ਬੰਬ ਸਿਰ ਉੱਤੇ ਆ ਡਿੱਗੇ ਤਾਂ ਇਸ ਨਾਲ਼ ਕੋਈ ਫਰਕ ਨਹੀਂ ਪੈਂਦਾ ਕਿ ਅਸੀਂ ਮਕਾਨ ਦੇ ਉੱਪਰ ਹਾਂ, ਮਕਾਨ ਦੇ ਅੰਦਰ ਹਾਂ ਜਾਂ ਮਕਾਨ ਦੇ ਹੇਠਾਂ। ਮੈਂ ਵੀ ਇਸ ਤਰ੍ਹਾਂ ਹੀ ਸੋਚਦਾ ਸਾਂ। ਪਰ ਹਵਾਈ ਹਮਲੇ ਦੀ ਮਾਰ ਤੋਂ ਬਚਣ ਲਈ ਹੇਠਾਂ ਪਨਾਹਗਾਹ ਵਿਚ ਨਾ ਜਾਣਾ ਨੇਮ ਤੋੜਨ ਵਾਲ਼ੀ ਗੱਲ ਸੀ। ਮੈਂ ਨੇਮ ਨਹੀਂ ਤੋੜ ਸਕਦਾ ਸਾਂ।

ਹੇਠਾਂ ਤਹਿਖਾਨੇ ਵਿਚ ਨਿੱਘ ਤੇ ਸਿੱਲ੍ਹ ਸੀ। ਦੋ ਦਿਨ ਤੋਂ ਬਿਜਲੀ ਨਹੀਂ ਸੀ ਤੇ ਭੋਰੇ ਵਿਚ ਮਿੱਟੀ ਦੇ ਤੇਲ ਦੀ ਲੈਂਪ ਦੀ ਪੀਲ਼ੀ ਜਿਹੀ ਲਾਟ ਦਾ ਹੀ ਚਾਨਣ ਸੀ। ਲੈਂਪ ਦੀ ਚਿਮਨੀ ਗ਼ਾਇਬ ਸੀ। ਕਾਲਖ਼ ਨਾਲ਼ ਸਾਡਾ ਮੂੰਹ ਮੱਥਾ ਮੈਲਾ ਹੋ ਗਿਆ ਸੀ ਤੇ ਹਰ ਇਕ ਦੀਆਂ ਅੱਖਾਂ ਵਿਚ ਨਿੱਕੀ ਜਿਹੀ ਪੀਲ਼ੀ ਲਾਟ ਦਾ ਪਰਛਾਵਾਂ ਸੀ। ਜਦੋਂ ਕਿਤੇ ਬੰਬ ਡਿੱਗਦਾ ਤਾਂ ਲੈਂਪ ਵਿਚ ਵੀ ਤੇ ਸਾਡੀਆਂ ਅੱਖਾਂ ਵਿਚ ਵੀ ਇਹ ਲਾਟ ਕੰਬ ਉੱਠਦੀ। ਇਕ ਲਾਊਡ ਸਪੀਕਰ ਲੱਗਾ ਹੋਇਆ ਸੀ ਜਿਹੜਾ ਓਨਾ ਚਿਰ ਟਿਕ-ਟਿਕ ਕਰਦਾ ਰਹਿੰਦਾ ਜਿੰਨਾ ਚਿਰ ਖਤਰੇ ਦਾ ਘੁੱਗੂ ਵਜਦਾ ਰਹਿੰਦਾ ਸੀ। ਇਸ ਟਿਕ-ਟਿਕ ਨਾਲ਼ ਮੈਨੂੰ ਸਿਲ੍ਹੇ ਤੇ ਤਿਲਕਵੇਂ ਫੱਟੇ ਉੱਤੇ ਵੀ ਨੀਂਦ ਆ ਜਾਂਦੀ ਜੇਕਰ ਆਂਗੇਲੀਨਾ ਇਵਾਨੋਵਨਾ ਨਾ ਹੁੰਦੀ ਜਿਹੜੀ ਮੁੜ-ਮੁੜ ਇਕੋ ਗੱਲ ਕਹਿੰਦੀ ਰਹਿੰਦੀ

ਸੀ — ਉਹ ਕੇਡੀ ਲਿੱਸੀ ਹੋ ਗਈ ਸੀ। ਇਹ ਠੀਕ ਹੈ ਕਿ ਦੋ ਮਹੀਨੇ ਪਹਿਲਾਂ, ਜਦੋਂ ਮੈਂ ਇਹ ਤਹਿਖਾਨਾ ਪਹਿਲੀ ਵਾਰੀ ਵੇਖਿਆ ਸੀ, ਉਹ ਕੱਕੇ ਵਾਲ਼ਾਂ ਤੇ ਗਦਰਾਏ ਹੋਏ ਬਦਨ ਵਾਲ਼ੀ ਔਰਤ ਸੀ। ਤੇ ਹੁਣ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਉਹਦਾ ਸਰੀਰ ਕੋਈ ਖਾਲੀ ਬੋਰੀ ਹੋਵੇ। ਉਹ ਬਾਰ-ਬਾਰ ਕਹਿੰਦੀ ਕਿ ਹੁਣ ਉਹਦੇ ਕੱਪੜੇ ਉਹਦੇ ਵਾਸਤੇ ਬਹੁਤ ਵੱਡੇ ਹਨ ਤੇ ਉਹ ਦੂਜੀਆਂ ਔਰਤਾਂ ਨੂੰ ਆਪਣਾ ਬਦਨ ਟੋਹ ਕੇ ਵੇਖਣ ਲਈ ਮਜ਼ਬੂਰ ਕਰਦੀ। ਉਹਦਾ ਪੱਕਾ ਯਕੀਨ ਸੀ ਕਿ ਉਹ ਛੇਤੀ ਹੀ ਮਰ ਜਾਏਗੀ ਤੇ ਉਹ ਗਿਲੇ ਸ਼ਿਕਵੇ ਕਰਦੀ ਤੇ ਉਹਦੇ ਸਿਰ ਦੇ ਕੁੰਡਲ ਮੱਥੇ ਉੱਤੇ ਆ ਡਿੱਗਦੇ।

ਫੇਰ ਉਹ ਦੱਸਣ ਲਗਦੀ ਕਿ ਸਾਡਾ ਚੌਂਕੀਦਾਰ ਕਿਵੇਂ ਮਰਿਆ ਸੀ। ਇਸ ਬਾਬਤ ਸਾਰਿਆਂ ਨੂੰ ਪਹਿਲਾਂ ਹੀ ਪਤਾ ਸੀ। ਮੈਂ ਉਸ ਨੂੰ ਵੇਖਿਆ ਸੀ ਕਿ ਮੈਨੇਜਰ ਦੇ ਦਫ਼ਤਰ ਵਿਚ ਲੱਕੜ ਦੇ ਬੈਂਚ ਉੱਤੇ ਬੈਠਾ ਹੀ ਮਰ ਗਿਆ ਸੀ। ਵੱਡੇ ਸਾਰੇ ਨਵੇਂ ਨਕੋਰ ਨਮਦੇ ਦੇ ਬੂਟ ਪਾ ਕੇ ਉਸ ਨੇ ਆਪਣੇ ਪੈਰ ਲੋਹੇ ਦੀ ਅੰਗੀਠੀ ਵੱਲ ਪਸਾਰੇ ਹੋਏ ਸਨ। ਬੀਤੀ ਰਾਤ ਉਹ ਆਪਣੇ ਆਪ ਨੂੰ ਨਿੱਘਾ ਕਰਨ ਲਈ ਅੰਦਰ ਆਇਆ ਸੀ ਤੇ ਉਹ ਐਸਾ ਸੁੱਤਾ ਕਿ ਮੁੜ ਨਹੀਂ ਜਾਗਿਆ।

ਇਸ ਪਨਾਹਗਾਹ ਵਿਚ ਕੋਈ ਪੰਜਾਹ ਬੰਦੇ ਸਨ ਅਤੇ ਆਂਗੇਲੀਨਾ ਇਵਾਨੋਵਨਾ ਤੋਂ ਬਗੈਰ ਸਭ ਖਾਮੋਸ਼ ਸਨ। ਉਸ ਦੀ ਸੋਗ ਭਰੀ ਲੁਤਰ-ਲੁਤਰ ਬਰਦਾਸ਼ਤ ਨਹੀਂ ਸੀ ਹੁੰਦੀ ਪਰ ਇਸ ਤੋਂ ਛੁਟਕਾਰਾ ਨਹੀਂ ਸੀ ਪਾਇਆ ਜਾ ਸਕਦਾ। ਮੈਨੂੰ ਉਮੀਦ ਸੀ ਕਿ ਉਹ ਥੱਕ ਜਾਵੇਗੀ ਤੇ ਪਲ ਕੁ ਵਾਸਤੇ ਮੂੰਹ ਬੰਦ ਕਰ ਲਵੇਗੀ। ਅਖੀਰ ਜਦੋਂ ਉਹ ਪਲ ਆਇਆ ਤਾਂ ਇਕ ਕੁੜੀ ਨੇ ਗੂੰਜਦੀ ਅਵਾਜ਼ ਵਿਚ ਆਖਿਆ:

"ਬੰਬ ਏਥੇ ਨਹੀਂ ਵਰ੍ਹ ਰਹੇ, ਨੇਵਾ ਦੇ ਪਾਰ ਵਰ੍ਹਦੇ ਨੇ। ਏਥੇ ਕਿਉਂ ਬੈਠੇ ਰਹੀਏ, ਆਓ ਕੋਠੇ 'ਤੇ ਚਲੀਏ।

ਮੈਂ ਨਜ਼ਰਾਂ ਉੱਪਰ ਕੀਤੀਆਂ ਅਤੇ ਮੈਨੂੰ ਲੋਹੇ ਦੇ ਬੰਦ ਦਰਵਾਜ਼ੇ ਦੇ ਕੋਲ਼ ਚਿੱਟੀ ਗਰਮ ਸ਼ਾਲ ਲਈ ਖਲੋਤੀ ਇਕ ਕੁੜੀ ਵਿਖਾਈ ਦਿੱਤੀ। ਅਸਲ ਵਿਚ ਮੈਂ ਹਨੇਰੇ ਵਿਚ ਸਿਰਫ ਚਿੱਟੀ ਸ਼ਾਲ ਹੀ ਵੇਖੀ ਸੀ ਤੇ ਬੱਸ। ਮੈਂ ਤੁਰੰਤ ਭੁੜਕ ਕੇ ਖੜਾ ਹੋ ਗਿਆ।

ਕਿਉਂਕਿ ਮੈਨੂੰ ਬੇਹੋਸ਼ੀ ਦੇ ਦੌਰੇ ਪੈ ਜਾਂਦੇ ਸਨ, ਇਸ ਲਈ ਮੈਂ ਪੂਰੇ ਗੁੰਦਵੇਂ ਸੰਸਾਰ ਵਿਚ ਨਹੀਂ, ਸਗੋਂ ਟੋਟੇ-ਟੋਟੇ ਹੋਏ ਜਗਤ ਵਿਚ ਰਹਿੰਦਾ ਸਾਂ। ਅੱਜ ਕਲ੍ਹ ਕਈ ਦਿਨਾਂ ਤੋਂ ਇਹ ਕੂਲੇ ਚਿੱਟੇ ਸ਼ਾਲ ਵਾਲ਼ੀ ਕੁੜੀ ਇਸ ਦੁਨੀਆਂ ਵਿਚ ਮੌਜੂਦ ਸੀ। ਹਮੇਸ਼ਾ ਹਨੇਰੇ ਵਿਚ ਤੇ ਹਮੇਸ਼ਾ ਅਚਨਚੇਤ ਹੀ ਮੇਰਾ ਉਹਦੇ ਨਾਲ਼ ਟਾਕਰਾ ਹੋ ਜਾਂਦਾ। ਉਹ ਵਿਹੜੇ ਵਿਚ ਜਾਂ ਪੌੜੀਆਂ ਵਿਚ ਅਚਾਨਕ ਮੇਰੇ ਅੱਗੋਂ ਦੀ ਲੰਘਦੀ। ਮੈਨੂੰ ਉਹਦੇ ਸਿਰ ਅਤੇ ਮੋਢਿਆਂ ਉੱਤੇ ਲਈ ਹੋਈ ਸਿਰਫ ਸ਼ਾਲ ਹੀ ਨਜ਼ਰ ਆਉਂਦੀ ਸੀ ਅਤੇ ਇਹ ਧੁੰਦਲਕੇ ਵਿਚ ਉੱਡਦੀ ਜਾਂਦੀ ਜਾਪਦੀ ਸੀ। ਮੇਰਾ ਜੀਅ ਕਰਦਾ ਕਿ ਉਹਦੇ ਮਗਰ ਦੌੜਾਂ ਤੇ ਉਹਦਾ ਚਿਹਰਾ ਵੇਖਾਂ, ਪਰ ਖਿਆਲ ਅਜੇ ਮੇਰੇ ਮਨ ਵਿਚ ਆਉਂਦਾ ਹੀ ਕਿ ਸ਼ਾਲ ਕਿਸੇ ਨੁੱਕਰ ਵਿਚ ਗਾਇਬ ਹੋ ਜਾਂਦੀ ਜਾਂ ਸਿਰਫ ਹਨੇਰੇ ਵਿਚ ਘੁਲਮਿਲ ਜਾਂਦੀ। ਜਿਉਂ ਹੀ ਮੈਂ ਉਸ ਨੂੰ ਤਹਿਖਾਨੇ ਵਿਚ ਵੇਖਿਆ, ਮੈਂ ਭੁੜਕ ਕੇ ਖੜ੍ਹਾ ਹੋਇਆ ਤੇ ਉਹਦੇ ਵੱਲ ਵਧਿਆ। ਪਰ ਉਹ ਤਾਂ ਕਿਧਰੇ ਖਿਸਕ ਗਈ ਹੋਈ ਸੀ।

ਮੈਂ ਜਲਦੀ ਨਾਲ਼ ਪਿੱਛੇ ਮੁੜ ਕੇ ਵੇਖਿਆ। ਕੰਪੋਜ਼ੀਟਰ ਸੁਮਾਰੋਕੋਵ ਫੱਟੇ ਉੱਤੇ ਸੁੱਤਾ ਪਿਆ ਸੀ। ਉਹਨੇ ਜਹਾਜ਼ੀਆਂ ਵਾਲ਼ੀ ਪਤਲੂਣ ਪਾਈ ਹੋਈ ਸੀ ਤੇ ਲੱਤਾਂ ਚੌੜੀਆਂ ਕੀਤੀਆਂ ਹੋਈਆਂ ਸਨ। ਉਹਦੀ ਇਕ ਲੱਤ ਵਿੰਗੀ ਸੀ ਤੇ ਗੋਡੇ ਤੋਂ ਮੁੜਦੀ ਨਹੀਂ ਸੀ। ਛਾਪਕ ਤਸਵੇਤਕੋਵ ਵੀ ਸੁੱਤਾ ਹੋਇਆ ਸੀ। ਮੈਂ ਵਾਹੋਦਾਹੀ ਤਹਿਖਾਨੇ ਵਿਚੋਂ ਬਾਹਰ ਆ ਗਿਆ।

ਮੈਂ ਲੋਹੇ ਦਾ ਦਰਵਾਜ਼ਾ ਮਸਾਂ ਬੰਦ ਕੀਤਾ ਹੀ ਸੀ ਕਿ ਅਸਮਾਨ ਵਿਚ ਹਵਾ ਮਾਰ ਗੋਲ਼ੇ ਦੀ ਤੜ-ਤੜ ਹੋਈ। ਵਿਹੜੇ ਦੇ ਚੁਫੇਰੇ ਚਾਰ ਛੇ-ਮੰਜ਼ਲੀਆਂ ਕੰਧਾਂ ਸਨ ਜਿਨ੍ਹਾਂ ਦੀਆਂ ਖਿੜਕੀਆਂ ਵਿਚ ਹਨੇਰਾ ਸੀ। ਸਭ ਪਾਸੇ ਘੁੱਪ ਹਨੇਰਾ ਸੀ ਤੇ ਸਿਰਫ ਅਸਮਾਨ ਦੀ ਇਕ ਚੌਕੋਰ ਚਿੱਪਰ ਹੀ ਲਿਸ਼ਕਾਰਿਆਂ ਨਾਲ਼ ਚਮਕ ਰਹੀ ਸੀ। ਮੈਂ ਹਨੇਰੇ ਨੂੰ ਘੂਰਦਿਆਂ ਤੇ ਇਹ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰਦਿਆਂ ਚੁਫੇਰੇ ਨਜ਼ਰ ਦੌੜਾਈ ਕਿ ਕੁੜੀ ਕਿੱਧਰ ਗਈ ਹੈ। ਸਾਡੇ ਬਲਾਕ ਦੇ ਅੰਦਰ ਆਉਣ ਲਈ ਕਈ ਦਰਵਾਜ਼ੇ ਸਨ। ਮੈਂ ਇਕ ਝਲਕ ਵੇਖਿਆ ਕਿਵੇਂ ਚਿੱਟੀ ਸ਼ਾਲ ਚੋਰਾਂ ਵਾਂਗ ਦਰਵਾਜ਼ੇ ਅੰਦਰ ਗਾਇਬ ਹੋ ਗਈ ਸੀ।

ਅਸੀਂ ਦੋਵੇਂ ਦੌੜ ਕੇ ਪੌੜੀਆਂ ਚੜ੍ਹਨ ਲੱਗੇ। ਉਹ ਇਕ ਮੰਜ਼ਲ ਦੀਆਂ ਪੌੜੀਆਂ ਮੇਰੇ ਨਾਲ਼ੋਂ ਅੱਗੇ ਸੀ। ਹਵਾ-ਮਾਰ ਗੋਲ਼ਿਆਂ ਦੀ ਤੜ-ਤੜ ਵਿਚ ਵੀ ਪੌੜੀਆਂ ਵਿਚ ਉਹਦੀ ਉੱਚੀ ਅੱਡੀ ਦੀ ਠੱਕ-ਠੱਕ ਸੁਣਾਈ ਦੇ ਰਹੀ ਸੀ। ਸ਼ਾਲ ਪਲ ਦੀ ਪਲ ਮੈਨੂੰ ਓਦੋਂ ਦਿੱਸਦੀ ਜਦੋਂ ਉਹ ਪੌੜੀਆਂ ਮੁੜਦੀ। ਇਕ ਰਾਕਟ ਨਾਲ਼ ਪੌੜੀਆਂ ਦੀ ਇਕ ਖਿੜਕੀ ਵਿਚ ਚਾਨਣ ਹੋਇਆ, ਅਤੇ ਉਸ ਦੀ ਹਨੇਰੀ ਪਤਲੀ ਸੂਰਤ ਦਾ ਇਕ ਪਾਸਾ ਚਮਕ ਪਿਆ। ਦਿਨ ਵੇਲ਼ੇ ਜਦੋਂ ਮੈਂ ਕੁਝ ਕਦਮ ਹੀ ਤੁਰਦਾ ਤਾਂ ਮੈਨੂੰ ਚੱਕਰ ਆਉਣ ਲੱਗ ਪੈਂਦੇ ਸਨ। ਪਰ ਹੁਣ ਮੈਂ, ਇਕੋ ਵੇਲ਼ੇ ਕਈ ਪੌੜੀਆਂ ਚੜ੍ਹ ਆਇਆ ਸਾਂ, ਪਰ ਮੈਨੂੰ ਇਸ ਨਾਲ਼ ਕੋਈ ਥਕਾਵਟ ਨਹੀਂ ਸੀ ਹੋਈ। ਮੈਨੂੰ ਆਪਣਾ ਆਪ ਹਲਕਾ-ਹਲਕਾ ਮਹਿਸੂਸ ਹੋ ਰਿਹਾ ਸੀ, ਜਿਵੇਂ ਕੋਈ ਫੁੱਲ ਹੋਵੇ। ਮੈਂ ਏਨਾ ਤੇਜ਼-ਤੇਜ਼ ਦੌੜਿਆ ਕਿ ਮੈਂ ਉਸ ਨੂੰ ਤੀਜੀ ਜਾਂ ਚੌਥੀ ਮੰਜ਼ਲ ਉੱਤੇ ਜਾ ਮਿਲਿਆ।

"ਮੈਨੂੰ ਪਤਾ ਏ ਤੁਸੀਂ ਕੌਣ ਓ," ਉਸ ਦੌੜੀ ਜਾਂਦੀ ਨੇ ਕਿਹਾ। "ਤੁਸੀਂ ਸੰਪਾਦਕ ਓ।"

"ਠੀਕ ਹੈ," ਮੈਂ ਜਵਾਬ ਦਿੱਤਾ। "ਮੈਂ ਸੰਪਾਦਕ ਹਾਂ। ਤੇ ਤੁਸੀਂ ਕੌਣ ਹੋ ?"

"ਬਸ ਇਕ ਕੁੜੀ।"

ਮੈਂ ਉਸ ਦੀ ਅਵਾਜ਼ ਤੇ ਬੱਚਿਆਂ ਵਰਗੀ ਫੁਰਤੀ ਤੋਂ ਅੰਦਾਜ਼ਾ ਲਾਇਆ ਕਿ ਉਹ ਪੰਦਰਾਂ ਵਰ੍ਹਿਆਂ ਤੋਂ ਵੱਧ ਉਮਰ ਦੀ ਨਹੀਂ।

"ਤੁਹਾਡਾ ਨਾਂ ਕੀ ਹੈ ?"

"ਅਲੇਕਸਾਂਦਰਾ।"

"ਸਾਸ਼ਾ ?"

"ਨਹੀਂ, ਆਸਿਯਾ।"

"ਸੋਹਣਾ ਹੈ।"

"ਕੀ ਸੋਹਣਾ ?"

"ਤੁਹਾਡਾ ਨਾਂ, ਆਸਿਯਾ।"

ਉਹ ਕੁਝ ਨਹੀਂ ਬੋਲੀ, ਬਸ ਭੱਜਦੀ ਗਈ। ਇਕ ਮੰਜ਼ਿਲ ਦੀਆਂ ਪੌੜੀਆਂ ਹੋਰ ਚੜ੍ਹ ਗਈ। ਬਿਨਾਂ ਪਿੱਛੇ ਵੇਖਿਆਂ ਉਸ ਨੇ ਪੁੱਛਿਆ:

"ਪਤਲੂਣ ਵਾਲ਼ਾ ਲੰਗੜਾ ਮੁੰਡਾ ਤੁਹਾਡੇ ਕੋਲ਼ ਕੰਮ ਕਰਦਾ ਏ ?"

"ਹਾਂ," ਮੈਂ ਆਖਿਆ। "ਉਹਦਾ ਨਾਂ ਸੁਮਾਰੋਕੋਵ ਹੈ। ਉਹਦੀ ਹਾਲਤ ਖ਼ਰਾਬ ਹੈ।"

"ਖ਼ਰਾਬ ਏਂ ?"

"ਹਾਂ।" ਉਹ ਛੇਤੀ ਹੀ ਮਰ ਜਾਏਗਾ।"

"ਉਹ ਨਹੀਂ ਮਰਦਾ," ਉਹਨੇ ਆਖਿਆ। "ਮੈਂ ਉਹਦੇ ਨਾਲ ਗੱਲ ਕਰਾਂਗੀ।"

ਮੈਂ ਹੱਸ ਪਿਆ।

"ਗੱਲ ਕਰ ਕੇ ਮਰਨੋਂ ਬਚਾ ਲਓਗੇ ?"

"ਬਚਾ ਲਵਾਂਗੀ," ਉਸ ਨੇ ਹੱਸਿਆਂ ਬਗ਼ੈਰ ਜਵਾਬ ਦਿੱਤਾ। "ਮੈਂ ਤੁਹਾਡੇ ਛਾਪੇਖਾਨੇ ਆ ਸਕਦੀ ਆਂ ?"

"ਕਿਉਂ ਨਹੀਂ।"

"ਆਂਗੇਲੀਨਾ ਇਵਾਨੋਵਨਾ ਵੀ ਤੁਹਾਡੇ ਕੋਲ਼ ਆਉਂਦੀ ਏ ?"

"ਆਉਂਦੀ ਹੈ।"

"ਉਸ ਨੂੰ ਨਹੀਂ ਆਉਣ ਦੇਣਾ ਚਾਹੀਦਾ। ਉਹਨੇ ਮੇਰੇ ਸਾਰੇ ਲੋਕ ਮਾਰ ਦਿੱਤੇ।"

ਤੇ ਲਾਟਾਂ ਛੱਡਦੇ ਚੱਕੇ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗੇ ਤੇ ਮੇਰੇ ਕੰਨਾਂ ਵਿਚ ਲਹੂ ਸਾਂ-ਸਾਂ ਕਰਨ ਲੱਗਾ ਜਿਵੇਂ ਕੋਈ ਆਬਸ਼ਾਰ ਗੂੰਜਦੀ ਹੋਵੇ।

ਜਦੋਂ ਮੈਨੂੰ ਸੁਰਤ ਆਈ, ਤਾਂ ਮੈਂ ਗਲਿਆਰੇ ਵਿਚ ਕੰਧ ਨਾਲ਼ ਢਾਸਣਾ ਲਾਈ ਹਨੇਰੇ ਵਿਚ ਖੜ੍ਹਾ ਸਾਂ।

"ਹੁਣੇ ਹਟ ਜਾਏਗਾ," ਆਪਣੇ ਕੋਲ਼ੋਂ ਹੀ ਮੈਂ ਉਸ ਦੀ ਅਵਾਜ਼ ਸੁਣੀ।

ਸੁਨਹਿਰੀ ਦੰਦਿਆਂ ਵਾਲ਼ੇ ਲਾਟਾਂ ਛੱਡਦੇ ਚੱਕੇ ਤਕਰੀਬਨ ਦਿਸਣੋ ਹਟ ਗਏ ਸਨ। ਮੇਰੇ ਕੰਨਾਂ ਵਿਚਲਾ ਸ਼ੋਰ ਮੱਠਾ ਹੋ ਗਿਆ ਤੇ ਬੰਦ ਹੋ ਗਿਆ।

"ਮਾਮੂਲੀ ਗੱਲ ਹੈ," ਮੈਂ ਆਖਿਆ।

ਉਹ ਮੇਰੇ ਹੋਰ ਨੇੜੇ ਆ ਗਈ ਤੇ ਮੇਰਾ ਹੱਥ ਫੜ ਲਿਆ। ਮੈਨੂੰ ਉਸ ਦੀ ਚਿੱਟੀ ਸ਼ਾਲ ਧੁੰਦਲੀ-ਧੁੰਦਲੀ ਨਜ਼ਰ ਆਉਂਦੀ ਸੀ ਤੇ ਉਹਦੇ ਸਾਹਾਂ ਦੀ ਅਵਾਜ਼ ਸੁਣਦੀ ਸੀ। ਉਹਦਾ ਹੱਥ ਨਿੱਕਾ ਜਿਹਾ ਸੀ, ਤੇ ਨਿੱਘਾ ਸੀ।

"ਤੁਹਾਡੇ ਕੋਲ਼ ਟਾਰਚ ਤਾਂ ਨਹੀਂ ?" ਉਹਨੇ ਪੁੱਛਿਆ।

ਮੇਰੇ ਕੋਲ਼ ਟਾਰਚ ਸੀ ਪਰ ਮੈਂ ਘੱਟ ਵੱਧ ਹੀ ਵਰਤਦਾ ਸਾਂ, ਤਾਂ ਜੋ ਸੈੱਲ ਖ਼ਤਮ ਨਾ ਹੋ ਜਾਣ।

"ਮੈਨੂੰ ਦੇ ਦਿਓ।"

ਮੈਂ ਟਾਰਚ ਉਹਦੇ ਹੱਥ ਵਿਚ ਥਮਾ ਦਿੱਤਾ। ਬਜਾਏ ਇਸ ਦੇ ਕਿ ਕੰਧ ਵੱਲ ਚਾਨਣ ਕਰਦੀ, ਉਹਨੇ ਮੇਰੇ ਮੂੰਹ ਉੱਤੇ ਚਾਨਣ ਸੁੱਟਿਆ। ਤੇਜ਼ ਚਾਨਣ ਵਿਚ ਮੈਂ ਆਪਣੀਆਂ ਅੱਖਾਂ ਸੁੰਗੇੜ ਲਈਆਂ ਤੇ ਉਹਨੇ ਸਿਰ ਤੋਂ ਪੈਰਾਂ ਤੱਕ ਮੈਨੂੰ ਘੋਖਿਆ।

"ਤੁਹਾਡੀ ਰੂੰਦਾਰ ਜੈਕਟ ਦੇ ਬਟਨ ਖੁੱਲ੍ਹੇ ਨੇ।" ਉਸ ਨੇ ਅਖੀਰ ਆਖਿਆ।

ਇਹ ਠੀਕ ਗੱਲ ਸੀ। ਮੇਰੀ ਜੈਕਟ ਦੇ ਬਟਨ ਕਦੇ ਬੰਦ ਨਹੀਂ ਸੀ ਹੋਏ ਕਿਉਂਕਿ ਉਸ ਨੂੰ ਇਕ ਵੀ ਬਟਨ ਨਹੀਂ ਸੀ ਲੱਗਾ ਹੋਇਆ। ਤਿੰਨ ਮਹੀਨੇ ਪਹਿਲਾਂ, ਅਗਸਤ ਦੇ ਅਖੀਰ ਜਦੋਂ ਮੈਂ ਜਰਮਨਾਂ ਦੇ ਕਬਜ਼ੇ ਵਿਚ ਆ ਗਏ ਉਸ ਸ਼ਹਿਰ ਤੋਂ ਲੈਨਿਨਗ੍ਰਾਦ ਆਇਆ ਸਾਂ ਜਿੱਥੇ ਮੈਂ ਪਹਿਲਾਂ ਇਸ ਜ਼ਿਲ੍ਹੇ ਦੇ ਰੋਜ਼ਾਨਾ ਅਖਬਾਰ ਦਾ ਸੰਪਾਦਕ ਹੁੰਦਾ ਸਾਂ, ਓਦੋਂ ਮੌਸਮ ਹਾਲੇ ਨਿੱਘਾ ਸੀ ਤੇ ਮੈਂ ਸਾਧਾਰਨ ਕੱਪੜਿਆਂ ਵਿਚ, ਬਿਨਾਂ ਵੱਡੇ ਕੋਟ ਦੇ ਹੀ ਆ ਗਿਆ ਸਾਂ। ਲੈਨਿਨਗ੍ਰਾਦ ਵਿਚ ਮੈਨੂੰ ਇਕ ਰੂੰਦਾਰ ਜੈਕਟ ਦਿੱਤੀ ਗਈ ਸੀ, ਪਰ ਇਸ ਨੂੰ ਬਟਨ ਨਹੀਂ ਸੀ ਲੱਗੇ ਹੋਏ।

ਉਸ ਨੇ ਟਾਰਚ ਬੰਦ ਕੀਤੀ ਤੇ ਮੇਰੀ ਜੇਬ ਵਿਚ ਪਾ ਦਿੱਤੀ।

"ਮੇਰੇ ਕੋਲ ਅੰਗ੍ਰੇਜ਼ੀ ਬਕਸੂਏ ਹੈਨ," ਉਸ ਨੇ ਆਖਿਆ।

"ਕੋਈ ਲੋੜ ਨਹੀਂ।"

"ਨਹੀਂ, ਲੋੜ ਏ। ਬਸ ਸਿੱਧੇ ਖੜੇ ਰਹੋ," ਉਸ ਨੇ ਆਪਣਾ ਮੂੰਹ ਖੋਹਲੇ ਬਗੈਰ ਹੀ ਆਖਿਆ ਤੇ ਮੈਂ ਸਮਝ ਗਿਆ ਕਿ ਇਕ ਬਕਸੂਆ ਪਹਿਲਾਂ ਹੀ ਉਹਦੇ ਬੁੱਲ੍ਹਾਂ ਵਿਚ ਸੀ।

ਉਹਦੇ ਹੱਥ ਮੇਰੇ ਗਲਮੇ ਤੱਕ, ਮੇਰੇ ਕਾਲਰ ਤੱਕ ਪੁੱਜੇ।

ਓਸੇ ਪਲ ਅਸੀਂ ਬੰਬਾਂ ਦਾ ਜ਼ੋਰਦਾਰ ਧਮਾਕਾ ਸੁਣਿਆ ਤੇ ਮਕਾਨ ਕੰਬ ਗਿਆ।

ਮੈਂ ਡਰ ਗਿਆ, ਕਿਤੇ ਬਕਸੂਆ ਮੇਰੀ ਧੌਣ ਵਿਚ ਹੀ ਨਾ ਚੁੱਭ ਜਾਵੇ, ਪਰ ਉਹਦੀਆਂ ਉਂਗਲਾਂ ਨਹੀਂ ਹਿੱਲੀਆਂ ਤੇ ਨਾ ਹੀ ਕੰਬੀਆਂ।

"ਨੇਵਾ ਦੇ ਪਰਲੇ ਪਾਸੇ," ਉਸ ਨੇ ਉੱਚੀ ਸਾਰੀ ਆਖਿਆ ਤਾਂ ਜੋ ਹਵਾਮਾਰ ਤੋਪਾਂ ਦੇ ਸ਼ੋਰ ਵਿਚ ਵੀ ਅਵਾਜ਼ ਸੁਣ ਜਾਏ, ਅਤੇ ਬਕਸੂਆ ਲਾ ਦਿੱਤਾ।

ਜੈਕਟ ਦੇ ਵਿਚਕਾਰ ਵੀ ਉਹਨੇ ਇਕ ਬਕਸੂਆ ਲਾ ਦਿੱਤਾ।

"ਬਸ, ਅਸੀਂ ਆ ਗਏ," ਉਸ ਨੇ ਆਖਿਆ ਤੇ ਨੀਵਾਂ ਜਿਹਾ ਦਰਵਾਜ਼ਾ ਖੋਹਲ ਦਿੱਤਾ।

ਮੈਂ ਵੀ ਉਹਦੇ ਮਗਰ-ਮਗਰ ਨਿਕਲ ਆਇਆ ਤੇ ਅਸਮਾਨ ਵੱਲ ਵੇਖਿਆ।

ਕੁਝ ਵੀ ਇਸ ਤੋਂ ਵੱਧ ਗਹਿਰ-ਗੰਭੀਰ ਨਹੀਂ ਹੁੰਦਾ ਜਿੰਨਾ ਤਾਰਿਆਂ ਜੜਿਆ ਪਤਝੜ ਦਾ ਅੰਬਰ, ਸ਼ਾਂਤ ਤੇ ਅਡੋਲ। ਪਰ ਜਿਹੜਾ ਅੰਬਰ ਮੈਂ ਵੇਖਿਆ ਉਹ ਇਸ ਤਰ੍ਹਾਂ ਦਾ ਨਹੀਂ ਸੀ। ਉਸ ਦੀ ਗੰਭੀਰਤਾ ਟੁੱਟ ਗਈ। ਇਹ ਕੰਬ ਰਿਹਾ ਸੀ, ਫੜਫੜਾ ਰਿਹਾ ਸੀ, ਕਲਵਲ਼ ਹੋ ਰਿਹਾ ਸੀ ਤੇ ਧੂੰਆਂ ਛੱਡਦੇ ਲਾਬੂਆਂ ਨਾਲ਼ ਦਾਗ਼-ਦਾਗ਼ ਸੀ।

ਨੱਚ ਰਹੀਆਂ ਲਾਟਾਂ ਵਿਚ ਮਕਾਨ ਦੀ ਛੱਤ ਇਉਂ ਸੀ ਜਿਵੇਂ ਕੋਈ ਜਹਾਜ਼ ਹੋਵੇ। ਮੈਂ ਉੱਪਰ ਚੜ੍ਹ ਗਿਆ ਤਾਂ ਜੋ ਅੱਗ ਦੇ ਲਿਸ਼ਕਾਰਿਆਂ ਵਿਚ ਵੱਧ ਤੋਂ ਵੱਧ ਜੋ ਵੇਖ ਸਕਾਂ। ਧਮਾਕੇ ਇਕ ਦੂਜੇ ਨਾਲ਼ ਗੱਲਾਂ ਕਰਦੇ ਜਾਪਦੇ ਸਨ, ਜਿਵੇਂ ਵਿਸ਼ਾਲ ਅੰਬਰ ਵਿਚ ਇਕ ਦੂਜੇ ਨੂੰ ਵਾਜਾਂ ਮਾਰਦੇ ਹੋਣ। ਇਕ ਭੰਬੂਕਾ ਜਿਹਾ ਉੱਠਦਾ: ਭਾਂਬੜ ਦੀ ਲੋਅ ਬੁੱਝ ਜਾਂਦੀ, ਤਾਰੇ ਬੁੱਝ ਜਾਂਦੇ ਅਤੇ ਘਿਰੇ ਹੋਏ ਸ਼ਹਿਰ ਦੀਆਂ ਛੱਤਾਂ, ਟੀਸੀਆਂ, ਪੁਲ ਤੇ ਚੁਰੱਸਤੇ ਇਕ ਛਿਣ ਵਾਸਤੇ ਹਨੇਰੇ ਦੇ ਸਮੁੰਦਰ ਵਿਚੋਂ ਬਾਹਰ ਉੱਭਰ ਆਉਂਦੇ। ਉਸ ਤੋਂ ਬਾਅਦ ਸਭ ਕੁਝ ਫੇਰ ਹਨੇਰੇ ਵਿਚ ਲੋਪ ਹੋ ਜਾਂਦਾ ਅਤੇ

ਫਿੱਕੀਆਂ-ਫਿੱਕੀਆਂ ਚਾਨਣੀਆਂ ਚਿੱਪਰਾਂ ਵਾਲ਼ਾ ਕਾਲ਼ਾ ਅਸਮਾਨ ਹੀ ਬਾਕੀ ਰਹਿ ਜਾਂਦਾ।

ਸ਼ਹਿਰ ਚਾਰ ਚੁਫੇਰੇ ਤੋਂ ਅੱਗ ਵਿਚ ਘਿਰਿਆ ਹੋਇਆ ਸੀ, ਪਰ ਦੱਖਣ ਤੇ ਦੱਖਣ-ਪੱਛਮ ਵੱਲੋਂ ਸਭ ਤੋਂ ਵੱਧ ਲਿਸ਼ਕਦੀਆਂ ਲਾਟਾਂ ਉੱਠਦੀਆਂ ਸਨ। ਓਧਰ ਇਉਂ ਲੱਗਦਾ ਜਿਵੇਂ ਕੋਈ ਸੋਨੇ ਦਾ ਦਰਿਆ ਵੱਗਦਾ ਹੋਵੇ। ਇਹ ਤਾਂ ਲੀਗੋਵੋ ਮੱਚ ਰਿਹਾ ਸੀ, ਸਤਰੇਲਨਾ ਮੱਚ ਰਿਹਾ ਸੀ। ਇਹ ਤਾਂ ਫੰਦਾ ਸੀ ਜਿਹੜਾ ਸਾਡੀ ਸੰਘੀ ਘੁੱਟ ਰਿਹਾ ਸੀ। ਦਿਨ ਵੇਲ਼ੇ ਅਸੀਂ ਇਸ ਨੂੰ ਵੇਖ ਨਹੀਂ ਸਕਦੇ ਸਾਂ, ਭਾਵੇਂ ਮਹਿਸੂਸ ਸਾਨੂੰ ਹਰ ਪਲ ਹੁੰਦਾ ਸੀ। ਪਰ ਰਾਤ ਵੇਲ਼ੇ ਇਹ ਨਜ਼ਰ ਆ ਜਾਂਦਾ ਸੀ। ਇਹ ਪਹਿਲੀ ਵਾਰੀ ਸੀ ਕਿ ਮੈਂ ਇਸ ਮਾਰੂ, ਹੌਲ਼ੀ-ਹੌਲ਼ੀ ਕੱਸੇ ਜਾ ਰਹੇ ਫੰਦੇ ਨੂੰ ਇਉਂ ਸਾਫ ਸਪੱਸ਼ਟ ਵੇਖਿਆ ਸੀ ਤੇ ਇਸ ਨੂੰ ਵੇਖ ਕੇ ਗੁੱਸੇ ਨਾਲ਼ ਮੇਰਾ ਗੱਚ ਭਰ ਆਇਆ।

ਆਸਿਯਾ ਮੇਰੇ ਪਿੱਛੇ ਖੜੀ ਸੀ, ਛੱਤ ਉੱਤੇ ਹੋਰ ਵੀ ਉੱਚੀ। ਮੈਨੂੰ ਯਾਦ ਸੀ ਕਿ ਉਹ ਓਥੇ ਸੀ ਤੇ ਮੈਂ ਮੂੰਹ ਭੁਆਇਆ। ਤਣ ਕੇ ਖੜੀ, ਸ਼ਾਲ ਨੂੰ ਕੱਸ ਕੇ ਵਲ੍ਹੇਟੀ ਹੋਈ, ਉਹ ਮੇਰੇ ਸਿਰ ਉੱਤੋਂ ਦੀ ਸਾਮ੍ਹਣੇ ਵੇਖ ਰਹੀ ਸੀ। ਇਸ ਧੁੰਦੂਕਾਰ ਅਸਮਾਨ ਵਿਚ ਨੱਚ ਰਹੀਆਂ ਸਾਰੀਆਂ ਰੌਸ਼ਨੀਆਂ ਉਹਦੀਆਂ ਅੱਖਾਂ ਵਿਚ ਝਲਕਦੀਆਂ ਸਨ।

"ਉਹ ਸਾਡੀ ਮੌਤ ਚਾਹੁੰਦੇ ਨੇ," ਉਸ ਨੇ ਆਖਿਆ। "ਪਰ ਅਸੀਂ ਉਹਨਾਂ ਨੂੰ ਚਿੜਾਉਣ ਵਾਸਤੇ ਜਿਊਂਦੇ ਰਹਾਂਗੇ! ਜ਼ਰੂਰ ਜੀਵਾਂਗੇ!.."

ਅਗਲੇ ਦਿਨ ਸਵੇਰੇ ਜਦੋਂ ਮੈਂ ਛਾਪੇਖਾਨੇ ਗਿਆ, ਤਾਂ ਸੁਮਾਰੋਕੋਵ ਆਪਣੇ ਸਟੂਲ ਤੋਂ ਨਹੀਂ ਸੀ ਉੱਠਿਆ।

ਮੈਂ ਕਦੇ ਇਹ ਤਕਾਜ਼ਾ ਨਹੀਂ ਸੀ ਕੀਤਾ ਕਿ ਮੈਂ ਜਦੋਂ ਅੰਦਰ ਪੈਰ ਰੱਖਾਂ ਤਾਂ ਮੇਰੇ ਛਾਪਕ ਉੱਠ ਕੇ ਖੜੇ ਹੋਇਆ ਕਰਨ, ਪਰ ਹਾਲੇ ਤੱਕ ਉਹ ਇਸ ਤਰ੍ਹਾਂ ਕਰਦੇ ਰਹੇ ਸਨ।

ਸੁਮਾਰੋਕੋਵ ਪਤਲੂਣ ਪਾਈ ਬੈਠਾ ਸੀ ਤੇ ਲੱਤਾਂ ਉਸ ਨੇ ਲੋਹੇ ਦੀ ਅੰਗੀਠੀ ਵੱਲ ਕੀਤੀਆਂ ਹੋਈਆਂ ਸਨ ਜਿਸ ਵਿਚ ਕਾਗਜ਼ ਦੇ ਪੁਰਜ਼ੇ ਜਿਹੇ ਬਲ ਰਹੇ ਸਨ। ਉਸ ਦੀ ਇਕ ਲੱਤ ਵਿੰਗੀ ਸੀ। ਇਸ ਕਰਕੇ ਹੀ ਉਸ ਨੂੰ ਫੌਜ ਵਿਚ ਭਰਤੀ ਨਹੀਂ ਸੀ ਕੀਤਾ ਗਿਆ। ਹਾਲੇ ਥੋੜ੍ਹਾ ਚਿਰ ਪਹਿਲਾਂ ਤੱਕ ਉਹ ਇਸ ਬਾਰੇ ਬਹੁਤ ਸ਼ਿਕਵੇ ਗਿਲੇ ਕਰਦਾ ਰਹਿੰਦਾ ਸੀ। ਉਹ ਉੱਨੀਆਂ ਵਰ੍ਹਿਆਂ ਦਾ ਸੀ। ਜਹਾਜ਼ੀਆਂ ਦੇ ਸ਼ਹਿਰ ਵਿਚ ਜੰਮਿਆ ਪਲਿਆ ਸੀ ਤੇ ਉਸ ਨੇ ਜਲਸੈਨਾ ਵਿਚ ਭਰਤੀ ਹੋਣ ਦੇ ਸੁਪਨੇ ਬੁਣੇ ਸਨ। ਪਰ ਹੁਣ ਉਹ ਇਹਨਾਂ ਸਭ ਗੱਲਾਂ ਨੂੰ ਭੁੱਲ ਗਿਆ ਸੀ। ਉਹ ਚੁੱਪ ਤੇ ਬੇਦਿਲ ਜਿਹਾ ਰਹਿੰਦਾ ਅਤੇ ਉਸ ਦੇ ਕਮਜ਼ੋਰ ਤੇ ਮੈਲੇ ਕੁਚੈਲੇ ਚਿਹਰੇ ਤੋਂ — ਬਹੁਤ ਚਿਰ ਤੋਂ ਉਸ ਨੇ ਮੂੰਹ ਨਹੀਂ ਸੀ ਧੋਤਾ — ਨਿਰੰਤਰ ਪੀੜ ਤੋਂ ਸਿਵਾਏ ਕੁਝ ਨਹੀਂ ਸੀ ਝਲਕਦਾ।

"ਅਦਾਬ!" ਤਸਵੇਤਕੋਵ ਨੇ ਆਖਿਆ ਜਿਹੜਾ ਪ੍ਰੈਸ ਨਾਲ਼ ਢੋ ਲਾ ਕੇ ਖੜਾ ਸੀ।

ਤਸਵੇਤਕੋਵ ਅੱਧ-ਖੜ ਉਮਰ ਦਾ ਛਾਪਕ ਸੀ ਜਿਸ ਨੂੰ ਦਮਾ ਹੋਣ ਕਾਰਨ ਭਰਤੀ ਨਹੀਂ ਕੀਤਾ ਗਿਆ। ਪਿਛਲੇ ਹਫਤੇ ਉਹਦੀ ਬੀਵੀ ਮਰ ਗਈ ਸੀ।

"ਕਿਉਂ, ਕੀ ਹਾਲ ਹੈ?" ਮੈਂ ਪੁੱਛਿਆ।

"ਬਿਜਲੀ ਨਹੀਂ," ਉਸ ਨੇ ਜਵਾਬ ਦਿੱਤਾ।

ਸਾਡੇ ਛਾਪੇਖਾਨੇ ਵਿਚ ਚਾਰ ਅੱਖਰਦਾਨ ਸਨ ਤੇ ਇਕ ਸਿਲੰਡਰ ਪ੍ਰੈਸ ਮਸ਼ੀਨ ਜਿਹੜੀ ਬਿਜਲੀ ਨਾਲ਼ ਚਲਦੀ ਸੀ। ਪਰਸੋਂ ਬਿਜਲੀ ਕੋਈ ਨਹੀਂ ਸੀ, ਤੇ ਕੱਲ੍ਹ ਵੀ ਅਸੀਂ ਸਾਰਾ ਦਿਨ ਐਵੇਂ ਬਿਜਲੀ ਦੀ ਇੰਤਜ਼ਾਰ ਕਰਦੇ ਰਹੇ। ਮੈਂ ਮਹਿਸੂਸ ਕੀਤਾ ਕਿ ਬਿਜਲੀ ਕਦੇ ਨਹੀਂ ਆਉਣੀ।

"ਕੀ ਕਰੀਏ ?" ਮੈਂ ਪੁੱਛਿਆ।

ਸੁਮਾਰੋਕੋਵ ਨੇ ਕੋਈ ਜਵਾਬ ਨਹੀਂ ਦਿੱਤਾ।

ਤੇ ਤਸਵੇਤਕੋਵ ਨੇ ਆਖਿਆ:

"ਮੈਂ ਕੀ ਦੱਸਾਂ ?"

"ਜੋੜੇ ਹੋਏ ਟਾਈਪ ਵਿਚ ਤਾਰੀਖ਼ ਬਦਲ ਦੇ," ਮੈਂ ਸੁਮਾਰੋਕੋਵ ਨੂੰ ਹੁਕਮ ਦਿੱਤਾ।

ਤਿੰਨ ਦਿਨ ਪਹਿਲਾਂ ਦੀਆਂ ਤਰਕਾਲਾਂ ਵੇਲ਼ੇ ਟਾਈਪ ਬੀੜਿਆ ਗਿਆ ਸੀ ਤੇ ਮਸ਼ੀਨ ਉੱਤੇ ਚੜ੍ਹਾਇਆ ਹੋਇਆ ਸੀ। ਮੈਂ ਵੇਖਣਾ ਚਾਹੁੰਦਾ ਸਾਂ ਕਿ ਸੁਮਾਰੋਕੋਵ ਉੱਠ ਵੀ ਸਕਦਾ ਹੈ ਜਾਂ ਨਹੀਂ। ਮੈਨੂੰ ਡਰ ਸੀ ਕਿ ਉਹ ਨਹੀਂ ਉੱਠ ਸਕੇਗਾ। ਪਰ ਉਹ ਉੱਠਿਆ ਅਤੇ ਪੈਰ ਘਸੀਟਦਾ ਪ੍ਰੈਸ ਮਸ਼ੀਨ ਕੋਲ਼ ਆਇਆ। ਤੁਰਨ ਲੱਗਾ ਉਹ ਝੂਲ ਰਿਹਾ ਸੀ ਅਤੇ ਮੈਂ ਮਹਿਸੂਸ ਕੀਤਾ ਕਿ ਉਸ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਮੈਂ ਉਸ ਨੂੰ ਝੂਲਦਿਆਂ ਵੇਖ ਲਿਆ ਸੀ।

ਉਹ ਕੰਪੋਜ਼ ਕੀਤੇ ਹੋਏ ਪੰਨੇ ਉੱਤੇ ਝੁਕਿਆ।

"ਕੋਈ ਆਇਆ ਸੀ ?" ਮੈਂ ਤਸਵੇਤਕੋਵ ਨੂੰ ਪੁੱਛਿਆ।

"ਗੁਆਂਢਣ !" ਉਸ ਨੇ ਆਖਿਆ।

"ਕਿਹੜੀ ?"

"ਆਂਗੇਲੀਨਾ ਇਵਾਨੋਵਨਾ।"

"ਵਾਹ ! ਕੌਣ ਪਹਿਲਾਂ ਮਰੇਗਾ, ਉਹ ਕਿ ਮੈਂ ?" ਸੁਮਾਰੋਕੋਵ ਨੇ ਕਿਹਾ।

ਤੇ ਮੈਂ ਸਮਝ ਗਿਆ ਕਿ ਉਹ ਆਂਗੇਲੀਨਾ ਇਵਾਨੋਵਨਾ ਨਾਲ਼ ਕੀ ਗੱਲਾਂ ਕਰਦੇ ਰਹੇ ਸਨ।

ਸੁਮਾਰੋਕੋਵ ਢੇਰ ਚਿਰ ਤੱਕ ਟਾਈਪ ਨੂੰ ਚੁੱਕਦਾ ਰੱਖਦਾ ਰਿਹਾ, ਭਾਵੇਂ ਉਸ ਨੇ ਸਿਰਫ ਇਕ ਅੱਖਰ ਹੀ ਬਦਲਣਾ ਸੀ। ਕੱਲ੍ਹ ਦੀ ਥਾਂ ਅੱਜ ਦੀ ਤਾਰੀਖ਼ ਪਾਉਣੀ ਸੀ।

"ਛੇਤੀ ਕਰ ਤੂੰ।"

"ਬਸ, ਇਕ ਮਿੰਟ।"

ਮੇਰੇ ਸਬਰ ਦਾ ਪਿਆਲਾ ਛਲਕ ਗਿਆ।

"ਹਟ ਜਾ ਪਰੇ, ਮੈਂ ਆਪੇ ਬਦਲ ਲਵਾਂਗਾ," ਮੈਂ ਉਸ ਨੂੰ ਆਖਿਆ।

ਉਹ ਖ਼ੁਸ਼ੀ ਨਾਲ਼ ਪਰੇ ਹਟ ਗਿਆ ਤੇ ਫੇਰ ਸਟੂਲ ਉੱਤੇ ਜਾ ਬੈਠਾ। ਮੈਂ ਅੱਖਰ ਬਦਲਿਆ ਤੇ ਸਿੱਧਾ ਖੜਾ ਹੋ ਗਿਆ। ਦੋਵੇਂ ਮੇਰੇ ਵੱਲ ਝਾਕਣ ਲੱਗੇ ਕਿ ਹੁਣ ਅੱਗੋਂ ਮੈਂ ਕੀ ਕਰਦਾ ਹਾਂ। ਬਿਜਲੀ ਤਾਂ ਆਈ ਨਹੀਂ ਸੀ।

ਉਹਨਾਂ ਦੀ ਪ੍ਰਤੱਖ ਬੇਪ੍ਰਵਾਹੀ ਤੋਂ ਮੈਨੂੰ ਗੁੱਸਾ ਆ ਗਿਆ। ਇਹਨਾਂ ਨੂੰ ਕੋਈ ਫ਼ਰਕ ਹੀ ਨਹੀਂ, ਅਖਬਾਰ ਨਿਕਲੇ, ਨਾ ਨਿਕਲੇ ? ਪਰ ਮੈਨੂੰ ਉਹ ਥੋੜ੍ਹੀ ਦੇਰ ਪਹਿਲਾਂ ਚੰਗੇ ਲੱਗਦੇ ਸਨ ਕਿਉਂਕਿ ਉਹ ਚੁਸਤੀ ਨਾਲ਼ ਕੰਮ ਕਰਦੇ ਸਨ ਅਤੇ ਦੋਸਤਾਂ ਵਾਂਗ ਰਲਮਿਲ ਕੇ ਕੰਮ ਕਰਦੇ ਸਾਂ। ਪਰ ਹੁਣ ? ਮੈਂ ਚੱਕੇ ਕੋਲ਼ ਆਇਆ ਤੇ ਪਟਾ ਲਾਹੁਣ ਲੱਗ ਪਿਆ। ਸੁਮਾਰੋਕੋਵ ਦਾ ਚਿਹਰਾ ਕੁਝ ਨਹੀਂ ਸੀ ਦੱਸਦਾ, ਪਰ ਤਸਵੇਤਕੋਵ ਦੇ ਚਿਹਰੇ ਤੋਂ ਪਤਾ ਲੱਗਦਾ ਸੀ ਕਿ ਉਹ ਸਮਝਦਾ ਸੀ, ਮੈਂ ਕੀ ਕਰਨ ਲੱਗਾ ਸਾਂ। ਮੈਂ ਚੱਕੇ ਨੂੰ ਹੱਥ ਨਾਲ਼ ਚਲਾਉਣ ਦਾ ਫੈਸਲਾ ਕਰ ਲਿਆ ਸੀ।

"ਆ ਸ਼ੁਰੂ ਕਰੀਏ।" ਮੈਂ ਤਸਵੇਤਕੋਵ ਨੂੰ ਆਖਿਆ।

ਉਹ ਮਸ਼ੀਨ ਦੇ ਕੋਲ਼ ਆਇਆ, ਕਾਗਜ਼ ਚੁੱਕਿਆ ਤੇ ਰੋਲਰ ਉੱਤੇ ਟਿਕਾ ਦਿੱਤਾ।

"ਸੁਮਾਰੋਕੋਵ", ਮੈਂ ਆਖਿਆ।

ਸੁਮਾਰੋਕੋਵ ਹੌਲ਼ੀ-ਹੌਲ਼ੀ ਆਪਣੇ ਸਟੂਲ ਤੋਂ ਉੱਠਿਆ।

"ਚੱਕੇ ਨੂੰ ਥੋੜ੍ਹਾ ਜਿਹਾ ਘੁਮਾ।"

ਉਸ ਨੇ ਹੈਰਾਨ ਹੋ ਕੇ ਮੇਰੇ ਵੱਲ ਵੇਖਿਆ ਪਰ ਇਨਕਾਰ ਨਹੀਂ ਕੀਤਾ। ਉਹ ਇਕ ਪਲ ਅਹਿਲ ਖਲੋਤਾ ਰਿਹਾ, ਫੇਰ ਓਸੇ ਤਰ੍ਹਾਂ ਹੈਰਾਨ ਹੋਇਆ ਅੱਗੇ ਵਧਿਆ, ਹੈਂਡਲ ਦੋਹਾਂ ਹੱਥਾਂ ਵਿਚ ਫੜਿਆ ਤੇ ਉਸ ਉੱਤੇ ਝੁਕਿਆ।

ਉਸ ਨੇ ਚੱਕੇ ਉੱਤੇ ਆਪਣਾ ਪੂਰਾ ਭਾਰ ਪਾ ਦਿੱਤਾ ਸੀ ਪਰ ਚੱਕਾ ਨਹੀਂ ਸੀ ਹਿਲਿਆ। ਮੈਂ ਸੋਚਿਆ, ਇਹ ਪਖੰਡ ਕਰਦਾ ਹੈ।

"ਚੱਲ, ਚੱਲ !" ਮੈਂ ਉਸ ਨੂੰ ਕੜਕ ਕੇ ਆਖਿਆ।

ਅਚਾਨਕ ਹੀ ਮੈਂ ਉਸ ਦੀ ਲਾਲ ਹੋ ਗਈ ਧੌਣ ਨੂੰ ਵੇਖ ਕੇ ਸਮਝ ਲਿਆ ਕਿ ਉਹ ਤਾਂ ਸਾਰਾ ਜ਼ੋਰ ਲਾ ਰਿਹਾ ਸੀ। ਮੈਨੂੰ ਉਹਦੇ ਉੱਤੇ ਤਰਸ ਆ ਗਿਆ। ਅਸਲ ਵਿਚ, ਬੜੇ ਚਿਰ ਤੋਂ ਮੈਨੂੰ ਉਹਦੇ 'ਤੇ ਤਰਸ ਆ ਰਿਹਾ ਸੀ, ਅਤੇ ਗੁੱਸਾ ਤਾਂ ਮੈਨੂੰ ਸਿਰਫ ਲਾਚਾਰੀ ਦੇ ਅਹਿਸਾਸ ਨਾਲ਼ ਆ ਗਿਆ ਸੀ।

"ਬਹਿ ਜਾ," ਮੈਂ ਉਸ ਨੂੰ ਆਖਿਆ ਤੇ ਆਪ ਚੱਕੇ ਦੇ ਕੋਲ਼ ਆ ਗਿਆ।

ਮੈਂ ਇਸ ਕਿਸਮ ਦੀ ਮਸ਼ੀਨ ਦੇ ਚੱਕੇ ਪਹਿਲਾਂ ਗੇੜ ਚੁੱਕਾ ਸਾਂ, ਤੇ ਮੈਨੂੰ ਯਾਦ ਸੀ ਕਿ ਇਹ ਸੌਖਾ ਹੀ ਕੰਮ ਹੈ। ਪਰ ਜਦੋਂ ਮੈਂ ਹੈਂਡਲ ਨੂੰ ਹੱਥ ਪਾ ਕੇ ਗੇੜਨ ਦੀ ਕੋਸ਼ਿਸ਼ ਕੀਤੀ ਤਾਂ ਮੈਂ ਹੈਰਾਨ ਰਹਿ ਗਿਆ ਕਿ ਇਹ ਤਾਂ ਹਿਲਦਾ ਹੀ ਨਹੀਂ ਸੀ। ਮੈਂ ਉਹਦੇ ਉੱਤੇ ਆਪਣੇ ਸਰੀਰ ਦਾ ਸਾਰਾ ਭਾਰ ਪਾਇਆ। ਹੈਂਡਲ ਮਾਮੂਲੀ ਜਿਹਾ ਹਿੱਲਿਆ ਤੇ ਅਰਾਂ ਅੱਗੜ ਪਿੱਛੜ ਮੇਰੀ ਨਜ਼ਰ ਅੱਗੋਂ ਦੀ ਲੰਘਣ ਲੱਗੀਆਂ।

ਚੱਕੇ ਨੇ ਪੂਰਾ ਇਕ ਗੇੜਾ ਖਾਧਾ ਤੇ ਰੁਕ ਗਿਆ। ਛਪਿਆ ਹੋਇਆ ਸਫਾ ਹੌਲ਼ੀ ਜਿਹੀ ਪ੍ਰੈਸ ਵਿਚੋਂ ਬਾਹਰ ਨਿਕਲ ਆਇਆ। ਮੇਰੇ ਮੱਥੇ ਉੱਤੇ ਪਸੀਨਾ ਆ ਗਿਆ ਸੀ। ਮੈਂ ਜ਼ੋਰ ਨਾਲ਼ ਹਵਾ ਅੰਦਰ ਨੂੰ ਖਿੱਚ ਕੇ ਸਾਹ ਲਿਆ। ਆਪਣੀ ਪੂਰੀ ਹਿੰਮਤ ਜੁਟਾ ਕੇ, ਮੈਂ ਇਕ ਵਾਰੀ ਫੇਰ ਧੱਕਾ ਲਾਇਆ ਤੇ ਚੱਕਾ ਇਕ ਵਾਰੀ ਫੇਰ ਘੁੰਮ ਗਿਆ। ਇਸ ਦੂਜੇ ਗੇੜੇ ਮਗਰੋਂ, ਮੇਰੀਆਂ ਅੱਖਾਂ ਅੱਗੇ ਅਗਨ ਤੀਰ ਉੱਡਣ ਲੱਗੇ। ਮੈਂ ਸਾਹ ਲੈਣ ਲਈ ਤਣ ਕੇ ਖੜਾ ਹੋ ਗਿਆ, ਤੀਰ ਗ਼ਾਇਬ

ਹੋ ਗਏ। ਤਸਵੇਤਕੋਵ ਨਾਲ਼ ਮੇਰੀਆਂ ਅੱਖਾਂ ਮਿਲੀਆਂ।

ਉਹਦੀ ਤੱਕਣੀ ਵਿਚ ਇਕ ਦਰਦ ਸੀ। ਇਕ ਤਰਸ ਦੀ ਭਾਵਨਾ ਸੀ। ਜਦੋਂ ਕੋਈ ਮੇਰੇ ਉੱਤੇ ਤਰਸ ਕਰੇ ਤਾਂ ਮੈਨੂੰ ਚੰਗਾ ਨਹੀਂ ਲੱਗਦਾ ਤੇ ਮੈਂ ਇਕ ਵਾਰੀ ਫੇਰ ਹੈਂਡਲ ਉੱਤੇ ਉਲਰਿਆ।

ਚੱਕੇ ਨੇ ਇਕ ਹੋਰ ਗੇੜਾ ਖਾਧਾ।

ਮੈਂ ਹੋਰ ਜ਼ੋਰ ਲਾਉਂਦਾ ਗਿਆ। ਮੈਨੂੰ ਸਿਵਾਏ ਅਗਨ ਤੀਰਾਂ ਤੋਂ ਹੋਰ ਕੁਝ ਵਿਖਾਈ ਨਹੀਂ ਸੀ ਦੇਂਦਾ। ਚੱਕੇ ਨੂੰ ਇਕ ਹੋਰ ਗੇੜਾ ਆ ਗਿਆ, ਤੇ ਫੇਰ ਇਕ ਹੋਰ। ਮੈਂ ਪੂਰਾ ਤਾਣ ਲਾ ਕੇ ਕੰਮ ਕਰ ਰਿਹਾ ਸਾਂ। ਮੇਰੇ ਕੰਮ ਵਿਚ ਜਾਂ ਹਵਾ ਦੀ ਘਾਟ ਅੜਿੱਕਾ ਸੀ ਜਾਂ ਮੇਰੇ ਕੰਨਾਂ ਦਾ ਸ਼ੋਰ ਜਿਹੜਾ ਪਲ-ਪਲ ਉੱਚਾ ਹੁੰਦਾ ਜਾਂਦਾ ਸੀ। ਮੈਨੂੰ ਤੀਰਾਂ ਤੋਂ ਬਗ਼ੈਰ ਕੁਝ ਨਜ਼ਰ ਨਹੀਂ ਸੀ ਆਉਂਦਾ, ਤੇ ਸ਼ੋਰ ਤੋਂ ਬਗੈਰ ਕੁਝ ਸੁਣਦਾ ਨਹੀਂ ਸੀ। ਮੈਂ ਮਹਿਸੂਸ ਕੀਤਾ ਕਿ ਤਸਵੇਤਕੋਵ ਮੇਰੇ ਕੋਲ਼ ਖਲੋਤਾ ਸੀ ਤੇ ਚੀਕ ਕੇ ਕੁਝ ਆਖ ਰਿਹਾ ਸੀ, ਪਰ ਮੈਂ ਇਕ ਲਫਜ਼ ਵੀ ਨਹੀਂ ਸਮਝ ਸਕਿਆ ਸਾਂ। ਜਦੋਂ ਉਸ ਨੇ ਮੈਨੂੰ ਖਿੱਚ ਕੇ ਪਰੇ ਕੀਤਾ ਤੇ ਹੈਂਡਲ ਆਪ ਫੜ ਲਿਆ ਓਦੋਂ ਮੈਨੂੰ ਇਹ ਸਮਝ ਆਈ ਕਿ ਉਹਨੇ ਮੇਰੀ ਥਾਂ ਚੱਕਾ ਗੇੜਨ ਦਾ ਫੈਸਲਾ ਕੀਤਾ ਸੀ।

ਮੈਂ ਹੱਫਿਆ ਹੋਇਆ ਕੰਧ ਨਾਲ਼ ਢੋ ਲਾ ਕੇ ਖੜਾ ਸਾਂ। ਕਮਰਾ ਘੁੰਮ ਰਿਹਾ ਸੀ ਤੇ ਮੈਨੂੰ ਡਰ ਸੀ ਕਿ ਮੈਨੂੰ ਗਸ਼ ਨਾ ਪੈ ਜਾਏ। ਜੇ ਇਹ ਹੋ ਗਿਆ ਤਾਂ ਸਭ ਤੋਂ ਮਾੜੀ ਗੱਲ ਹੋਵੇਗੀ। ਫੇਰ ਹਰ ਕਿਸੇ ਨੇ ਸਮਝ ਲੈਣਾ ਸੀ ਕਿ ਚੱਕੇ ਨੂੰ ਗੇੜਨਾ ਨਹੀਂ ਸੀ ਚਾਹੀਦਾ। ਮੈਂ ਆਪਣੇ ਆਪ ਨੂੰ ਸੰਭਾਲ ਲਿਆ, ਤਸਵੇਤਕੋਵ ਦੀ ਥਾਂ ਲੈ ਲਈ ਤੇ ਇਕ ਹੋਰ ਕਾਗਜ਼ ਰੋਲਰ ਉੱਤੇ ਤਿਲਕਾ ਦਿੱਤਾ।

ਤਸਵੇਤਕੋਵ ਦੇ ਹੱਥਾਂ ਵਿਚ ਚੱਕਾ ਛੇਤੀ-ਛੇਤੀ ਗੇੜੇ ਖਾਣ ਲੱਗ ਪਿਆ ਸੀ। ਕਾਗਜ਼ ਰੋਲਰ ਉੱਤੇ ਡਿੱਗਦਾ ਤੇ ਛਪ ਕੇ ਬਾਹਰ ਆ ਜਾਂਦਾ ਸੀ। ਇਸ ਤੋਂ ਮਗਰੋਂ ਇਕ ਹੋਰ ਕਾਗਜ਼, ਫੇਰ ਇਕ ਹੋਰ...

ਤਸਵੇਤਕੋਵ ਦਾ ਅਣਮੁੰਨੀ ਦਾੜ੍ਹੀ ਨਾਲ਼ ਚਿਹਰਾ ਬੱਗਾ ਪੂਣੀ ਹੋ ਗਿਆ ਜਾਪਦਾ ਸੀ। ਉਸ ਦੀਆਂ ਟੱਡੀਆਂ ਹੋਈਆਂ ਅੱਖਾਂ ਮੈਨੂੰ ਵੇਖੀ ਜਾਂਦੀਆਂ ਸਨ। ਉਸ ਨੇ ਹੌਲ਼ੀ-ਹੌਲ਼ੀ ਚੱਕੇ ਨੂੰ ਗੇੜਾ ਦਿੱਤਾ, ਤੇ ਹਰ ਗੇੜੇ ਨਾਲ਼ ਉਹਦਾ ਚਿਹਰਾ ਹੋਰ ਬੱਗਾ, ਹੋਰ ਬੱਗਾ ਹੁੰਦਾ ਗਿਆ। ਇਕ ਹੋਰ ਗੇੜਾ, ਇਕ ਹੋਰ, ਫੇਰ ਇਕ...

ਉਹਨੇ ਹੈਂਡਲ ਛੱਡ ਦਿੱਤਾ ਤੇ ਵੱਖੀ ਪਰਨੇ ਉਲਰ ਗਿਆ। ਮੈਂ ਹੱਥਾਂ 'ਚ ਕੋਰਾ ਕਾਗਜ਼ ਫੜੀ ਵੇਖ ਰਿਹਾ ਸਾਂ ਕਿ ਤਸਵੇਤਕੋਵ ਡਿੱਗਦਾ ਜਾ ਰਿਹਾ ਸੀ।

ਉਹ ਹੈਂਡਲ ਤੋਂ ਲੁੜਕ ਗਿਆ ਤੇ ਫਰਸ਼ ਉੱਤੇ ਮੂਧੇ ਮੂੰਹ ਲੇਟ ਗਿਆ। ਉਹ ਇਸ ਤਰ੍ਹਾਂ ਲੇਟਿਆ ਹੋਇਆ ਸੀ ਕਿ ਉਹਦਾ ਪਿੰਡਾ ਸਾਹ ਨਾਲ਼ ਕਦੇ ਹੇਠਾਂ ਹੁੰਦਾ, ਕਦੇ ਉੱਪਰ।

ਮੈਂ ਛਪੇ ਹੋਏ ਕਾਗਜ਼ ਗਿਣੇ। ਇਹ ਬਾਈ ਕਾਗਜ਼ ਸਨ। ਮੈਂ ਤੇ ਤਸਵੇਤਕੋਵ ਨੇ ਬਾਈ ਵਾਰੀ ਚੱਕਾ ਘੁੰਮਾਇਆ ਸੀ। ਅਸੀਂ ਪੰਜ ਸੌ ਤੋਂ ਘੱਟ ਕਾਪੀਆਂ ਨਹੀਂ ਸੀ ਛਾਪਣੀਆਂ। ਹਰ ਕਾਗਜ਼ ਨੂੰ ਦੋਹਾਂ ਪਾਸਿਆਂ ਤੋਂ ਛਾਪਣਾ ਸੀ। ਹਰ ਕਾਪੀ ਵਾਸਤੇ ਚੱਕੇ ਦੇ ਦੋ ਗੇੜੇ। ਇਕ ਹਜ਼ਾਰ ਗੇੜੇ!

ਇਕ ਹਜ਼ਾਰ!

ਤਸਵੇਤਕੋਵ ਦਾ ਮੰਜਾ ਇਕ ਨੁੱਕਰੇ ਪਿਆ ਸੀ। ਮੈਂ ਜਾ ਕੇ ਉਹਦੇ ਉੱਤੇ ਲੰਮਾ ਪੈ ਗਿਆ।

ਮੁਹਾਸਰੇ ਦੇ ਸ਼ੁਰੂ ਵਿਚ ਤਸਵੇਤਕੋਵ ਤੇ ਸੁਮਾਰੋਕੋਵ ਨੂੰ "ਸੈਨਿਕ ਦਰਜਾ" ਦੇ ਦਿੱਤਾ ਗਿਆ ਸੀ। ਇਸ ਦਾ ਮਤਲਬ ਇਹ ਸੀ ਕਿ ਉਹ ਛਾਪੇਖਾਨੇ ਵਿਚ ਕੰਮ ਹੀ ਨਹੀਂ ਸੀ ਕਰਦੇ, ਰਹਿੰਦੇ ਵੀ ਓਥੇ ਹੀ ਸੀ। ਤਸਵੇਤਕੋਵ ਪ੍ਰੈਸ ਦੇ ਕੋਲ਼ ਸੌਂਦਾ ਸੀ ਅਤੇ ਸੁਮਾਰੋਕੋਵ ਨੇ ਆਪਣਾ ਮੰਜਾ ਨਾਲ਼ ਲੱਗਦੇ ਕਮਰੇ ਵਿਚ ਡਾਹਿਆ ਹੋਇਆ ਸੀ। ਨਿੱਕਾ ਜਿਹਾ ਕਮਰਾ, ਮਸਾਂ ਅਲਮਾਰੀ ਜੇਡਾ। ਹਾਲੇ ਥੋੜ੍ਹਾ ਚਿਰ ਪਹਿਲਾਂ ਤੱਕ ਇਹ ਸਾਫ ਸੁੱਥਰਾ ਹੁੰਦਾ ਸੀ। ਪਰ ਅਕਤੂਬਰ ਤੋਂ, ਜਦੋਂ ਖਾਣ-ਪੀਣ ਦੀਆਂ ਚੀਜ਼ਾਂ ਦੀ ਥੁੜ ਭਿਆਨਕ ਸ਼ਕਲ ਧਾਰ ਗਈ, ਕਮਰੇ ਵਿਚ ਮਿੱਟੀ ਘੱਟਾ, ਧੁਆਂਖ ਤੇ ਕੂੜਾ ਕਰਕਟ ਜਮ੍ਹਾ ਹੋਣਾ ਸ਼ੁਰੂ ਹੋ ਗਿਆ।

"ਇਹ ਤੁਹਾਡੀ ਤਸਵੀਰ ਏ?" ਮੈਂ ਕੁੜੀਆਂ ਵਰਗੀ ਉੱਚੀ ਅਵਾਜ਼ ਵਿਚ ਕਿਸੇ ਨੂੰ ਪੁੱਛਦਿਆਂ ਸੁਣਿਆ।

"ਮੇਰੀ," ਸੁਮਾਰੋਕੋਵ ਦੀ ਅਵਾਜ਼ ਵਿਚ ਜਵਾਬ ਸੀ।

"ਕਦੋਂ ਖਿਚਾਈ ਸੀ?"

"ਜੁਲਾਈ ਵਿਚ।"

"ਤੁਸੀਂ ਇਸ ਤਰ੍ਹਾਂ ਦੇ ਹੁੰਦੇ ਸੀ?"

"ਇਸ ਤਰ੍ਹਾਂ ਦਾ," ਸੁਮਾਰੋਕੋਵ ਨੇ ਬਗ਼ੈਰ ਕਿਸੇ ਖੁਦਪਸੰਦੀ ਦੇ ਕਿਹਾ। "ਥੋੜ੍ਹਾ ਜਿਹਾ ਲਿੱਸਾ ਹੋ ਗਿਆਂ? ਕੁਦਰਤੀ ਗੱਲ ਏ.."

"ਤੁਸੀਂ ਬਹੁਤੇ ਲਿੱਸੇ ਤਾਂ ਨਹੀਂ। ਸਿਰਫ਼ ਚਿਹਰਾ ਕਾਲਾ ਹੋ ਗਿਆ ਏ।"

"ਅੰਗੀਠੀ ਕਰਕੇ," ਸੁਮਾਰੋਕੋਵ ਨੇ ਉਦਾਸ ਜਿਹੇ ਹੋ ਕੇ ਆਖਿਆ।

ਤਸਵੇਤਕੋਵ ਦੇ ਮੰਜੇ ਉੱਤੇ ਪਿਆਂ ਮੈਂ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਸੁਮਾਰੋਕੋਵ ਨਾਲ਼ ਕੌਣ ਗੱਲਾਂ ਕਰ ਰਿਹਾ ਸੀ। ਇਹ ਜ਼ਰੂਰ ਆਸਿਯਾ ਹੋਵੇਗੀ, ਜਿਸ ਨਾਲ਼ ਮੈਂ ਛੱਤ ਉੱਤੇ ਖੜ੍ਹਾ ਸਾਂ!

ਫੇਰ ਉਹ ਛਾਪੇਖਾਨੇ ਦੇ ਅੰਦਰ ਚਲੀ ਗਈ। ਅਤੇ ਮੈਂ ਉਸ ਨੂੰ ਪਹਿਲੀ ਵਾਰ ਵੇਖਿਆ ਜਦੋਂ ਉਹ ਹਨੇਰੇ ਵਿਚ ਨਹੀਂ ਸੀ, ਜਦੋਂ ਗੋਲਿਆਂ ਤੇ ਧਮਾਕਿਆਂ ਦਾ ਚਾਨਣ ਨਹੀਂ ਸੀ ਥਰਥਰਾਉਂਦਾ। ਕੀ ਇਹ ਓਹੋ ਕੁੜੀ ਸੀ ਜਿਸ ਦੀ ਭੇਤਭਰੀ ਸ਼ਾਲ ਦੇ ਮਗਰ, ਮੈਂ ਚੁੰਧਿਆ ਦੇਣ ਵਾਲ਼ੇ ਲਿਸ਼ਕਾਰਿਆਂ ਵਿਚ ਹਨੇਰੇ ਤੋਂ ਚਾਨਣ ਅਤੇ ਚਾਨਣ ਤੋਂ ਹਨੇਰੇ ਵਿਚ ਭੱਜਾ ਜਾਂਦਾ ਪੌੜੀਆਂ ਚੜ੍ਹ ਗਿਆ ਸਾਂ? ਹੁਣ ਉਹਦੇ ਬਾਰੇ ਭੇਤ ਵਾਲ਼ੀ ਉੱਕਾ ਹੀ ਕੋਈ ਗੱਲ ਨਹੀਂ ਸੀ ਰਹਿ ਗਈ, ਅਤੇ ਸ਼ਾਲ ਵੀ ਸਾਰੀ ਚਿੱਟੀ ਨਹੀਂ ਸੀ। ਆਪਣੀ ਉਮਰ ਦੇ ਲਿਹਾਜ਼ ਨਾਲ਼ ਉਹ ਮੋਟੀ ਤਕੜੀ ਕੁੜੀ ਸੀ ਤੇ ਸਿੱਧੀ ਤਣੀ ਹੋਈ ਸੀ। ਪਰ ਉਸ ਦੇ ਚਿਹਰੇ ਉੱਤੇ, ਜਿਹੜਾ ਬੱਚੇ ਵਰਗਾ ਸੀ, ਭੁੱਖ ਦੀ ਮੋਹਰ ਲੱਗੀ ਸੀ ਜਿਸ ਨਾਲ਼ ਸਭਨਾਂ ਔਰਤਾਂ ਦੇ ਚਿਹਰੇ ਵਡੇਰੀ ਉਮਰ ਦੇ ਜਾਪਣ ਲੱਗ ਜਾਂਦੇ ਹਨ।

ਮੈਨੂੰ ਇਹ ਗੱਲ ਬੜੀ ਕੁਚੱਜੀ ਲੱਗੀ ਕਿ ਮੈਂ ਕੰਮ-ਦਿਹਾੜੀ ਦੇ ਅੱਧ-ਵਿਚਾਲੇ ਮੰਜੇ ਉੱਤੇ ਪਿਆ ਹੋਇਆ ਸਾਂ। ਪਰ ਮੈਂ ਫੈਸਲਾ ਕੀਤਾ ਕਿ ਨਹੀਂ ਉਠਾਂਗਾ। ਵਿਖਾਵਾ ਕਰਨ ਦਾ ਕੀ ਫਾਇਦਾ ਜੇ ਕਿਸੇ ਵੀ ਤਰ੍ਹਾਂ ਅਖਬਾਰ ਨਹੀਂ ਨਿਕਲ ਸਕਣਾ!

ਉਸ ਨੇ ਸਿਰ ਹਿਲਾ ਕੇ ਮੈਨੂੰ ਸੈਣਤ ਕੀਤੀ, ਬੰਦ ਪਈ ਪ੍ਰੈਸ ਮਸ਼ੀਨ ਕੋਲ਼ ਆਈ ਤੇ ਉਤਸੁਕਤਾ ਨਾਲ਼ ਇਸ ਦਾ ਮੁਆਇਨਾ ਕੀਤਾ। ਉਸ ਨੇ ਨਵਾਂ ਅਖਬਾਰੀ ਕਾਗਜ਼ ਪਿਆ ਵੇਖਿਆ ਤੇ ਇਕ ਪੱਤਰਾ ਚੁੱਕ ਲਿਆ।

"ਜੰਗੀ ਅਗਨਬੋਟ," ਉਸ ਨੇ ਉੱਚੀ ਅਵਾਜ਼ ਵਿਚ ਪੜ੍ਹਿਆ।

ਇਹ ਸਾਡੇ ਅਖਬਾਰ ਦਾ ਨਾਂ ਸੀ।

"ਇਹ ਕੀ, ਮਲਾਹਾਂ ਦਾ ਅਖਬਾਰ ਏ?" ਉਸ ਨੇ ਪੁੱਛਿਆ?

"ਹਾਂ," ਮੈਂ ਆਖਿਆ।

"ਜਹਾਜ਼ਾਂ ਦੀ ਫੌਰੀ ਮੁਰੰਮਤ—ਜਿੱਤ ਦੀ ਗਰੰਟੀ," ਉਸ ਨੇ ਸੰਪਾਦਕੀ ਦੀ ਸੁਰਖ਼ੀ ਪੜ੍ਹੀ ਜਿਹੜਾ ਮੈਂ ਲਿਖਿਆ ਸੀ। "ਉਹ ਇਸ ਵੇਲ਼ੇ ਆਪਣੇ ਜਹਾਜ਼ ਮੁਰੰਮਤ ਕਰਦੇ ਨੇ?"

"ਹਾਂ," ਮੈਂ ਆਖਿਆ। "ਮੁਰੰਮਤ ਜ਼ਰੂਰੀ ਹੈ।"

"ਤੇ ਉਹ ਮੁਰੰਮਤ ਕਰਦੇ ਨੇ?"

"ਹੈਰਾਨੀ ਦੀ ਗੱਲ ਹੈ, ਪਰ ਕਰਦੇ ਨੇ।"

"ਹੈਰਾਨੀ ਦੀ ਗੱਲ ਕਿਉਂ?!"

"ਕਿਉਂਕਿ ਅਖਬਾਰ ਛਾਪਣ ਨਾਲ਼ੋਂ ਜਹਾਜ਼ ਦੀ ਮੁਰੰਮਤ ਕਰਨਾ ਵਧੇਰੇ ਔਖਾ ਹੈ।"

"ਬਿਜਲੀ ਹੈ ਨਹੀਂ," ਤਸਵੇਤਕੋਵ ਵਿਚੋਂ ਬੋਲਿਆ। "ਤੇ ਹੱਥ ਨਾਲ਼ ਪ੍ਰੈਸ ਚਲਾਉਣ ਦੀ ਸਾਡੇ ਵਿਚ ਸੱਤਿਆ ਨਹੀਂ।"

ਸੁਮਾਰੋਕੋਵ ਛਾਪੇਖਾਨੇ ਅੰਦਰ ਆਇਆ। ਇਕ ਮਹੀਨੇ ਤੋਂ ਬਹੁਤੇ ਦਿਨ ਹੋ ਗਏ ਸਨ, ਮੈਂ ਉਸ ਨੂੰ ਏਨਾ ਸਾਫ ਸੁਥਰਾ ਨਹੀਂ ਸੀ ਵੇਖਿਆ। ਹੁਣੇ ਹੁਣੇ ਮੂੰਹ ਧੋਤਾ ਲੱਗਦਾ ਸੀ, ਵਾਲ਼ ਵਾਹੇ ਹੋਏ ਸਨ ਤੇ ਲਿਸ਼-ਲਿਸ਼ ਕਰਦੇ ਸਨ, ਬੂਟ ਪਾਲਿਸ਼ ਕੀਤੇ ਹੋਏ ਸਨ, ਰੂੰਦਾਰ ਜੈਕਟ ਦੇ ਬਟਨ ਖੁੱਲ੍ਹੇ ਸਨ ਤੇ ਹੇਠੋਂ ਜਹਾਜ਼ੀਆਂ ਵਾਲ਼ੀ ਧਾਰੀਦਾਰੀ ਬੰਡੀ ਨਜ਼ਰ ਆ ਰਹੀ ਸੀ ਜਿਹੜੀ ਉਸ ਨੇ ਪਾਈ ਹੋਈ ਸੀ। ਲੱਗਦਾ ਸੀ ਉਹ ਲੰਗੜਾ ਨਹੀਂ ਰਿਹਾ, ਸਿਰਫ ਕਿਸੇ ਕਿਸੇ ਵੇਲੇ ਲੜਖੜਾ ਜਾਂਦਾ ਹੈ।

"ਮੈਂ ਕਦੇ ਨਹੀਂ ਵੇਖਿਆ ਕਿ ਅਖ਼ਬਾਰ ਕਿਵੇਂ ਛਪਦਾ ਏ," ਆਸਿਯਾ ਨੇ ਆਖਿਆ। "ਮਜ਼ਾ ਆਏਗਾ ਵੇਖ ਕੇ।"

ਉਸ ਨੇ ਚੱਕੇ ਦੇ ਹੈਂਡਲ ਨੂੰ ਹੱਥ ਪਾ ਲਿਆ।

ਚੱਕਾ ਥੋੜ੍ਹਾ ਜਿਹਾ ਘੁੰਮਿਆ ਤੇ ਏਨਾ ਕੁ ਜ਼ੋਰ ਲਾਉਣ ਨਾਲ਼ ਉਹਦੇ ਚਿਹਰੇ ਦੀ ਗੋਰੀ ਚਮੜੀ ਲਾਲ ਸੁਰਖ ਹੋ ਗਈ। ਚੱਕਾ ਬਹੁਤ ਹੌਲ਼ੀ-ਹੌਲ਼ੀ ਗਿੜ ਰਿਹਾ ਸੀ।

"ਔਖਾ ਕੰਮ ਏ," ਸੁਮਾਰੋਕੋਵ ਨੇ ਆਖਿਆ। "ਲਿਆਓ ਮੈਂ ਹੱਥ ਵਟਾਵਾਂ।"

ਉਹ ਉਹਦੇ ਕੋਲ ਖੜਾ ਹੋ ਗਿਆ ਤੇ ਉਹਨੇ ਵੀ ਚੱਕੇ ਦੇ ਹੈਂਡਲ ਨੂੰ ਹੱਥ ਪਾ ਲਿਆ।

ਖੁਸ਼ੀ ਤੇ ਮਿਹਨਤ ਦੀ ਮੁਸਕਾਨ ਨਾਲ਼, ਦੋਹਾਂ ਨੇ ਰਲ ਕੇ ਚੱਕੇ ਨੂੰ ਗੇੜਾ ਦਿੱਤਾ।

"ਕਾਗਜ਼ ਕਿੱਥੇ ਆ ?" ਉਸ ਨੇ ਪੁੱਛਿਆ। "ਕਿਵੇਂ ਛਾਪਦੇ ਓ ?"

ਤਸਵੇਤਕੋਵ ਆਪਣੀ ਥਾਂ ਆ ਗਿਆ। ਕਾਗਜ਼ ਰੋਲਰ ਉੱਤੇ ਗਿਆ ਤੇ ਛਪ ਕੇ ਬਾਹਰ ਆ ਗਿਆ।

ਉਹ ਹੱਸ ਪਈ।

ਇਕ ਹੋਰ ਕਾਗਜ਼, ਤੇ ਫੇਰ ਇਕ ਹੋਰ..

"ਤੁਸੀਂ ਥੱਕ ਗਏ ਓ, " ਸੁਮਾਰੋਕੋਵ ਨੇ ਉਹਦੇ ਵੱਲ ਵੇਖ ਕੇ ਕਿਹਾ, ਜਿਵੇਂ ਉਹ ਆਪ ਕਦੇ ਵੀ ਨਾ ਥੱਕ ਸਕਦਾ ਹੋਵੇ। "ਛੱਡੋ ਮੈਂ 'ਕੱਲਾ ਹੀ ਗੇੜਦਾ ਹਾਂ।"

ਉਸ ਨੇ ਸਿਰ ਮਾਰ ਦਿੱਤਾ।

"ਦੋ ਜਣਿਆਂ ਵਾਸਤੇ ਕੋਈ ਮੁਸ਼ਕਿਲ ਨਹੀਂ," ਆਸਿਯਾ ਨੇ ਆਖਿਆ। "ਇਕ ਵਾਰੀ ਚਾਲੂ ਹੋ ਜਾਏ ਤਾਂ ਫੇਰ ਸੌਖਾ ਹੀ ਏ। ਚਲੋ ਹੋਰ ਤੇਜ਼ ਗੇੜਾ ਦੇਈਏ।"

ਚੱਕੇ ਦੀਆਂ ਅਰਾਂ ਭੁਆਟਣੀਆਂ ਖਾਣ ਲੱਗੀਆਂ ਤੇ ਤਸਵੇਤਕੋਵ ਨੂੰ ਕੋਰੇ ਕਾਗਜ਼ ਤਿਲਕਾਉਂਦੇ ਰਹਿਣ ਲਈ ਪੱਬਾਂ ਭਾਰ ਹੋਣਾ ਪਿਆ। ਚੱਕੇ ਦੇ ਰਫਤਾਰ ਫੜ ਜਾਣ ਨਾਲ਼ ਹੁਣ ਇਸ ਨੂੰ ਗੇੜਾ ਦੇਣ ਲਈ ਘੱਟ ਜ਼ੋਰ ਲਾਉਣਾ ਪੈਂਦਾ ਸੀ।

ਇਹ ਤਾਂ ਕੋਈ ਰਾਜ਼ ਖੁੱਲ੍ਹ ਜਾਣ ਵਾਲ਼ੀ ਗੱਲ ਸੀ।

"ਮੈਂ ਇਕੱਲਾ ਹੀ ਚਲਾ ਲਊ," ਸੁਮਾਰੋਕੋਵ ਨੇ ਦ੍ਰਿੜ੍ਹਤਾ ਨਾਲ਼ ਆਖਿਆ ਅਤੇ ਧੱਕ ਕੇ ਉਹਨੂੰ ਹੈਂਡਲ ਤੋਂ ਪਰੇ ਕਰ ਦਿੱਤਾ।

ਉਹ ਇਕ ਦੋ ਕਦਮ ਪਿੱਛੇ ਹਟ ਗਈ ਅਤੇ ਸੁਮਾਰੋਕੋਵ, ਇਹ ਮਹਿਸੂਸ ਕਰਦਿਆਂ ਕਿ ਉਹਦੀਆਂ ਨਜ਼ਰਾਂ ਉਹਦੇ ਉੱਤੇ ਟਿਕੀਆਂ ਹੋਈਆਂ ਹਨ, ਬੜਾ ਮਨ ਜੋੜ ਕੇ ਤੇ ਫੂਕ ਲੈ ਕੇ ਚੱਕਾ ਗੇੜਨ ਲੱਗਾ। ਉਹ ਹੁਣ ਝੁੱਕਿਆ ਹੋਇਆ ਨਹੀਂ ਸੀ ਤੇ ਹੈਂਡਲ ਤਾਂ ਜਿਵੇਂ ਆਪਣੇ-ਆਪ ਹੀ ਉੱਡਦਾ ਜਾਂਦਾ ਜਾਪਦਾ ਸੀ।

ਇਹ ਵੇਖ ਕੇ ਮੈਂ ਮੰਜੇ ਤੋਂ ਉੱਠਿਆ।

"ਕਿੰਨੇ ਕਾਗਜ਼ ?" ਮੈਂ ਤਸਵੇਤਕੋਵ ਨੂੰ ਪੁੱਛਿਆ।

"ਇਕ ਸੌ ਉੱਨੀ, ਇਕ ਸੌ ਵੀਹ, ਇਕ ਸੌ ਇੱਕੀ," ਤਸਵੇਤਕੋਵ ਨੇ ਗਿਣਤੀ ਕੀਤੀ।

"ਇਕ ਪਾਸੇ ਹੋ ਜਾ!" ਮੈਂ ਚਿੱਲਾ ਕੇ ਸੁਮਾਰੋਕੋਵ ਨੂੰ ਆਖਿਆ ਤੇ ਇਸ ਤੋਂ ਪਹਿਲਾਂ ਕਿ ਚੱਕੇ ਦੀ ਰਫਤਾਰ ਮੱਠੀ ਹੋਵੇ ਹੈਂਡਲ ਨੂੰ ਹੱਥ ਪਾ ਲਿਆ।

ਮੈਂ ਕਲਾਈ ਦੇ ਢਿੱਲੇ ਜਿਹੇ ਝਟਕੇ ਨਾਲ਼, ਬੇਪ੍ਰਵਾਹ ਹੋ ਕੇ ਇਸ ਨੂੰ ਘੁੰਮਾਈ ਜਾ ਰਿਹਾ ਸਾਂ। ਕਾਗਜ਼ ਛਪ ਕੇ ਬਾਹਰ ਉੱਡਦੇ ਆਉਂਦੇ ਸਨ।

"ਜੇ ਸਾਨੂੰ ਢਿੱਡ ਭਰਨ ਨੂੰ ਮਿਲੇ, ਅਸੀਂ ਇਸ ਚੱਕੇ ਨੂੰ ਲਾਟੂ ਵਾਂਗ ਘੁੰਮਾਈ ਚੱਲੀਏ," ਸੁਮਾਰੋਕੋਵ ਨੇ ਮੇਰੇ ਮੋਢਿਆਂ ਉੱਤੋਂ ਦੀ ਆਖਿਆ। "ਹਾਲਤ ਇਹ ਆ ਕਿ ਅਸੀਂ ਅੱਜ ਮੋਏ ਕਿ ਕੱਲ੍ਹ।"

"ਜਿੰਨਾ ਚਿਰ ਅਖਬਾਰ ਨਿਕਲਦਾ ਰਹੇਗਾ, ਤੁਸੀ ਨਹੀਂ ਮਰਦੇ," ਆਸਿਯਾ ਨੇ

ਆਖਿਆ।

ਪਰ ਬਹੁਤੇ ਦਿਨ ਨਹੀਂ ਹੋਏ ਕਿ ਅਖਬਾਰ ਨਿਕਲਣਾ ਬੰਦ ਹੋ ਗਿਆ। ਸੁਮਾਰੋਕੋਵ ਦੀ ਮੌਤ ਹੋ ਗਈ। ਕਈ ਹੋਰ ਬੰਦੇ ਵੀ ਮਰੇ। ਸਾਡੇ ਯਖ਼ ਹੋਏ ਫਲੈਟਾਂ ਦੇ ਛੇ ਮੰਜ਼ਲੇ ਘਰ ਵਿਚ ਥਾਂ-ਥਾਂ 'ਤੇ ਲਾਸ਼ਾਂ ਪਈਆਂ ਸਨ ਜਿਨ੍ਹਾਂ ਨੂੰ ਕਿਸੇ ਨੇ ਦੱਬਿਆ ਨਹੀਂ ਸੀ।

ਤਸਵੇਤਕੋਵ ਨੂੰ ਇਕ ਫੌਜੀ ਛਾਪੇਖਾਨੇ ਵਿਚ ਜਾਣ ਦਾ ਹੁਕਮ ਮਿਲ ਗਿਆ। ਉਹ ਬਰਫੀਲੇ ਝੱਖੜ ਵਾਲੇ ਇਕ ਦਿਨ ਚਲਾ ਗਿਆ। ਆਪਣਾ ਛੋਟਾ ਜਿਹਾ ਸੂਟਕੇਸ ਉਹ ਆਪਣੇ ਨਾਲ਼ ਲੈ ਗਿਆ ਤੇ ਉਸ ਤੋਂ ਬਾਦ ਮੈਂ ਉਹਨੂੰ ਕਦੇ ਨਹੀਂ ਵੇਖਿਆ। ਮੈਂ ਛਾਪੇਖਾਨੇ ਵਿਚ ਇਕੱਲਾ ਰਹਿ ਗਿਆ। ਛਾਪੇਖਾਨੇ, ਟਾਈਪ ਤੇ ਕਾਗਜ਼ ਦੀ ਨਿਗਰਾਨੀ ਕਰਨੀ ਜ਼ਰੂਰੀ ਸੀ। ਬੇਸ਼ਕ ਮੇਰਾ ਵੱਡਾ ਅਫਸਰ ਵੀ ਸੀ ਤੇ ਮੈਨੂੰ ਉਹਦੇ ਹੁਕਮ ਦੀ ਉਡੀਕ ਸੀ ਕਿ ਅੱਗੋਂ ਕੀ ਕੀਤਾ ਜਾਏ। ਪਰ ਮੇਰਾ ਕਿਸੇ ਉਤਲੇ ਅਫਸਰ ਨਾਲ ਸੰਪਰਕ ਨਹੀਂ ਸੀ ਹੋ ਸਕਿਆ। ਸ਼ਹਿਰ ਦੇ ਟੈਲੀਫੋਨ ਕੰਮ ਨਹੀਂ ਸੀ ਕਰਦੇ। ਖੈਰ, ਫਾਇਦਾ ਵੀ ਕੀ ਸੀ ? ਉਹਨਾਂ ਨੂੰ ਛਾਪੇਖਾਨੇ ਦੀ ਅਤੇ ਮੇਰੀ ਹਾਲਤ ਦਾ ਪਤਾ ਹੀ ਸੀ। ਮੈਨੂੰ ਥੋੜ੍ਹਾ ਚਿਰ ਉਡੀਕ ਕਰਨ ਦੀ ਹੀ ਲੋੜ ਸੀ...

ਹੁਣ ਮੈਂ ਸੁਮਾਰੋਕੋਵ ਦੇ ਛੋਟੇ ਜਿਹੇ ਕਮਰੇ ਵਿਚ ਰਹਿੰਦਾ ਸਾਂ ਤੇ ਉਸ ਦੇ ਮੰਜੇ ਉੱਤੇ ਲੇਟਦਾ ਸਾਂ। ਖਿੜਕੀਆਂ ਦੇ ਸ਼ੀਸ਼ੇ ਸਾਬਤ ਸਨ ਤੇ ਕਮਰੇ ਵਿਚ ਇਕ ਲੋਹੇ ਦੀ ਅੰਗੀਠੀ ਸੀ ਜਿਸ ਵਿਚ ਮੈਂ ਪੁਰਾਣੇ ਅਖਬਾਰ ਤੇ ਇਕ ਅਲਮਾਰੀ, ਜਿਸ ਨੂੰ ਤੋੜ ਖੋਹਲ ਲਿਆ ਸੀ, ਦੇ ਫੱਟੇ ਬਾਲਦਾ ਸਾਂ। ਪਰ ਸਖ਼ਤ ਸਰਦੀ ਦਾ ਮੌਸਮ ਆ ਗਿਆ ਸੀ ਤੇ ਇਸ ਅੰਗੀਠੀ ਦਾ ਕੋਈ ਫਾਇਦਾ ਨਹੀਂ ਸੀ ਹੁੰਦਾ। ਮੈਂ ਆਪਣੀ ਰੂੰਦਾਰ ਜੈਕਟ ਤੇ ਨਮਦੇ ਦੇ ਬੂਟ ਪਾ ਕੇ, ਆਪਣਾ ਤੇ ਸੁਮਾਰੋਕੋਵ ਦਾ, ਦੋਵੇਂ ਕੰਬਲ ਉੱਪਰ ਲੈ ਕੇ ਰਾਤ ਦਿਨ ਮੰਜੇ ਉੱਤੇ ਪਿਆ ਰਹਿੰਦਾ ਸਾਂ। ਗੱਤੇ ਦੀ ਇਕ ਵੱਡੀ ਸਾਰੀ ਸ਼ੀਟ ਖਿੜਕੀ ਵਿਚ ਹਨੇਰਾ ਕਰਨ ਦਾ ਕੰਮ ਦੇਂਦੀ ਸੀ। ਸਵੇਰ ਵੇਲ਼ੇ ਇਸ ਨੂੰ ਹਟਾਉਣਾ ਪੈਂਦਾ ਤੇ ਰਾਤ ਵੇਲ਼ੇ ਫੇਰ ਟਿਕਾਉਣਾ ਪੈਂਦਾ ਸੀ। ਪਹਿਲਾਂ ਤਾਂ ਮੈਂ ਇਸ ਨੂੰ ਰੋਜ਼ ਲਾਉਂਦਾ ਲਾਹੁੰਦਾ ਰਿਹਾ, ਪਰ ਛੇਤੀ ਹੀ ਇਹ ਮੈਨੂੰ ਬਹੁਤ ਔਖਾ ਕੰਮ ਲੱਗਣ ਲੱਗ ਪਿਆ ਤੇ ਮੈਂ ਹਰ ਵਕਤ ਹਨੇਰੇ ਵਿਚ ਹੀ ਰਹਿਣ ਲੱਗਾ ਜਿਵੇਂ ਰਾਤ ਪਈ ਰਹਿੰਦੀ ਹੋਵੇ।

ਚਾਨਣ, ਲੋਕਾਂ ਤੇ ਨਿੱਘ ਵਾਲ਼ੀ ਦੁਨੀਆਂ, ਉੱਪਰ ਬਹੁਤ ਦੂਰ ਸੀ ਤੇ ਮੈਂ ਇਕ ਟੋਏ ਵਿਚ ਜਿਸ ਦਾ ਕੋਈ ਥੱਲਾ ਨਹੀਂ ਸੀ ਹੇਠਾਂ ਹੋਰ ਹੇਠਾਂ ਧੱਸਦਾ ਜਾ ਰਿਹਾ ਸਾਂ।

ਕਿਸੇ-ਕਿਸੇ ਵੇਲ਼ੇ ਮੇਰਾ ਦਿਮਾਗ ਬੜਾ ਸਾਫ ਹੁੰਦਾ ਤੇ ਮੈਂ ਸਮਝਦਾ ਕਿ ਮੈਂ ਮਰ ਰਿਹਾ ਹਾਂ। ਪਰ ਫੇਰ ਮੈਂ ਸੋਚਦਾ ਕਿ ਉੱਠਣਾ ਚਾਹੀਦਾ ਹੈ, ਕੋਈ ਸ਼ੱਕ-ਛੌਡਾ ਲੱਭਣਾ ਚਾਹੀਦਾ ਹੈ, ਅੰਗੀਠੀ ਵਿਚ ਅੱਗ ਬਾਲਣੀ ਤੇ ਪਾਣੀ ਗਰਮ ਕਰਨਾ ਚਾਹੀਦਾ ਹੈ। ਪਰ ਉੱਠਣ ਦਾ ਖਿਆਲ ਹੀ ਏਨਾ ਖੌਫਨਾਕ ਜਾਪਦਾ ਕਿ ਮੈਂ ਬਿਨਾਂ ਕਿਸੇ ਡਰ ਭੈ ਦੇ ਮੌਤ ਬਾਰੇ ਸੋਚਦਾ, ਤੇ ਹੇਠਾਂ, ਹੋਰ ਹੇਠਾਂ ਧੱਸਦਾ ਜਾਂਦਾ ਮੌਤ ਦੀ ਉਡੀਕ ਕਰਨ ਲੱਗ ਪੈਂਦਾ।

ਇਕ ਦਿਨ ਇਸ ਅਥਾਹ ਤੇ ਨਿਰਾਸ਼ਾਮਈ ਖੱਡ ਵਿਚ, ਜਿਸ ਅੰਦਰ ਮੈਂ ਡੂੰਘਾ ਧੱਸ ਗਿਆ

ਹੋਇਆ ਸਾਂ, ਮੈਨੂੰ ਉਪਰੋਂ ਇਕ ਥਿਰਕਦੀ ਕੰਬਦੀ ਉੱਚੀ ਸਾਰੀ ਅਵਾਜ਼ ਸੁਣੀ:

"ਤੁਸੀਂ ਜਿਊਂਦੇ ਓ, ਜਿਊਂਦੇ ਓ! ਉਠੋ!"

ਮੇਰਾ ਹੇਠਾਂ ਨੂੰ ਧੱਸਣਾ ਬੰਦ ਹੋ ਗਿਆ। ਕੋਈ ਚੀਜ਼ ਮੈਨੂੰ ਉੱਪਰ ਧੱਕਣ ਲੱਗੀ, ਉੱਪਰ, ਹੋਰ ਉੱਪਰ, ਅਤੇ ਮੈਂ ਮਹਿਸੂਸ ਕੀਤਾ ਕਿ ਕਿਸੇ ਨੇ ਮੇਰੇ ਮੂੰਹ ਤੋਂ ਕੰਬਲ ਲਾਹ ਦਿੱਤਾ ਹੈ, ਕਿ ਚਾਰ-ਚੁਫੇਰੇ ਚਾਨਣ ਹੈ। ਗੱਤਾ ਖਿੜਕੀ ਤੋਂ ਲਾਹ ਦਿੱਤਾ ਗਿਆ ਸੀ ਤੇ ਕੱਕਰ-ਜੰਮੇ ਸ਼ੀਸ਼ਿਆਂ ਵਿਚੋਂ ਦਿਨ ਦਾ ਚਾਨਣ ਅੰਦਰ ਆ ਰਿਹਾ ਸੀ। ਮੇਰੇ ਸਿਰ ਉਪਰ ਆਸਿਯਾ ਖਲੋਤੀ ਸੀ ਤੇ ਖੁਸ਼ੀ ਵਿਚ ਆਈ ਚੀਖ਼ ਰਹੀ ਸੀ:

"ਤੁਸੀਂ ਜਿਊਂਦੇ ਓ! ਆਂਗੇਲੀਨਾ ਇਵਾਨੋਵਨਾ ਕਹਿੰਦੀ ਸੀ ਕਿ ਛਾਪੇਖਾਨੇ ਵਿਚ ਕੋਈ ਵੀ ਨਹੀਂ, ਕਿ ਤੁਸੀਂ ਮਰੇ ਪਏ ਓ, ਤੇ ਮੈਂ ਆ ਕੇ ਤੁਹਾਨੂੰ ਹੱਥ ਲਾ ਕੇ ਵੇਖਿਆ-ਤੁਸੀਂ ਜਿਊਂਦੇ ਓ! ਠਹਿਰੋ, ਠਹਿਰੋ... ਮੈਂ ਹੁਣੇ ਸਭ ਕੁਝ ਕਰ ਦੇਂਦੀ ਆਂ..."

ਮੈਂ ਉਹਦੇ ਵੱਲ ਵੇਖਿਆ ਤੇ ਮਹਿਸੂਸ ਕੀਤਾ ਕਿ ਮੈਂ ਮੁਸਕ੍ਰਾ ਰਿਹਾ ਸਾਂ। ਬੇਸ਼ਕ, ਮੈਂ ਜਿਊਂਦਾ ਸਾਂ! ਉਹ ਕੇਡੀ ਖਿੜੀ ਹੋਈ ਸੀ, ਕੇਡੀ ਖੁਸ਼ ਸੀ, ਮੈਨੂੰ ਜਿਊਂਦਾ ਵੇਖ ਕੇ। ਇਸ ਹਾਲਤ ਵਿਚ ਮਰਨਾ ਤਾਂ ਨਾਸ਼ੁਕਰਾਪਨ ਹੁੰਦਾ। ਮੈਂ ਉਹਦੇ ਵੱਲ ਵੇਖਿਆ, ਮੁਸਕ੍ਰਾਇਆ ਤੇ ਮੈਨੂੰ ਵੀ ਖੁਸ਼ੀ ਹੋਈ ਕਿ ਉਹ ਜਿਊਂਦੀ ਸੀ। ਉਹ ਬਦਲ ਗਈ ਸੀ। ਬੁਢਾਪੇ ਦੇ ਖੌਫਨਾਕ ਚਿੰਨ੍ਹ ਉਹਦੇ ਬੱਚਿਆਂ ਵਰਗੇ ਚਿਹਰੇ ਉੱਤੇ ਹੋਰ ਵੀ ਡੂੰਘੇ ਹੋ ਗਏ ਸਨ। ਪਰ ਉਹ ਤੁਰੀ ਫਿਰਦੀ ਸੀ, ਗੱਲਾਂ ਕਰਦੀ ਸੀ, ਖੁਸ਼ ਸੀ। ਅਸੀਂ ਦੋਵੇਂ ਜਿਊਂਦੇ ਸਾਂ।

'ਬਸ, ਇਕ ਮਿੰਟ ਠਹਿਰ ਜਾਓ!" ਉਹ ਅੰਗੀਠੀ ਵਿਚ ਅੱਗ ਬਾਲਦੀ ਬੋਲੀ ਜਾਂਦੀ ਸੀ।

ਮੈਂ ਸੋਚਦਾ ਸਾਂ ਕਿ ਛਾਪੇਖਾਨੇ ਵਿਚ ਬਾਲਣ ਵਾਸਤੇ ਕੁਝ ਵੀ ਨਹੀਂ ਰਹਿ ਗਿਆ, ਸਿਵਾਏ ਟਾਈਪ ਵਾਲ਼ੇ ਬਕਸਿਆ ਦੇ, ਪਰ ਉਸ ਨੂੰ ਕੋਠੜੀ ਲੱਭ ਪਈ ਜਿਥੇ ਸੁਮਾਰੋਕੋਵ ਤੇ ਤਸਵੇਤਕੋਵ ਨੇ ਕੁਝ ਫੱਟੀਆਂ, ਕੁਝ ਛੌਡੇ ਤੇ ਥੋੜ੍ਹੇ ਜਿਹੇ ਕੋਲੇ ਸਾਂਭ ਕੇ ਰੱਖੇ ਹੋਏ ਸਨ। ਅੰਗੀਠੀ ਵਿਚੋਂ ਉੱਚੀ-ਉੱਚੀ ਤਿੜ-ਤਿੜ ਦੀ ਆਵਾਜ਼ ਆਉਣ ਲੱਗੀ ਤੇ ਕਾਲੇ ਲੋਹੇ ਦਾ ਧੁੰਕਸ਼ ਦਗਣ ਲੱਗ ਪਿਆ।

"ਥੋੜਾ ਜਿਹਾ ਪਾਣੀ ਲਿਆਂਵਾ," ਉਸ ਨੇ ਤਾਂਬੇ ਦੀ ਇਕ ਵੱਡੀ ਸਾਰੀ ਕੇਤਲੀ ਚੁੱਕ ਕੇ ਕਮਰੇ ਵਿਚੋਂ ਬਾਹਰ ਜਾਂਦਿਆਂ ਆਖਿਆ।

ਅਜੇ ਮਸਾਂ ਉਹ ਗਈ ਹੀ ਸੀ ਕਿ ਮੇਰਾ ਲੂੰ-ਲੂੰ ਕੰਬ ਉੱਠਿਆ ਕਿ ਉਹ ਕਦੇ ਵਾਪਸ ਨਹੀਂ ਆਵੇਗੀ। ਉਸ ਨੇ ਨਮਦੇ ਦੇ ਬੂਟ ਪਾਏ ਹੋਏ ਸਨ ਤੇ ਤੁਰਦੀ ਦੀ ਤਕਰੀਬਨ ਕੋਈ ਅਵਾਜ਼ ਨਹੀਂ ਸੀ ਆਉਂਦੀ। ਉਹਦੇ ਬਾਹਰ ਨਿਕਲਦਿਆਂ ਹੀ ਕਮਰਾ ਬੰਦ ਹੋ ਗਿਆ ਸੀ ਤੇ ਉਹਦੇ ਪੈਰਾਂ ਦਾ ਖੜਾਕ ਆਉਣੋਂ ਹਟ ਗਿਆ ਸੀ। "ਵਾਪਸ ਮੁੜ ਆ, ਜੀਵਨਦਾਤੀ ਕੁੜੀਏ," ਉਸ ਨੂੰ ਉਡੀਕਦਾ ਮੈਂ ਸੋਚ ਰਿਹ ਸਾਂ। "ਵਾਪਸ ਮੁੜ ਆ।"

ਮੇਰੀ ਆਸ ਦਮ ਤੋੜਨ ਹੀ ਵਾਲ਼ੀ ਸੀ ਕਿ ਜੀਵਨਦਾਤੀ ਕੁੜੀ ਵਾਪਸ ਮੁੜ ਆਈ।

ਇਹ ਵੇਖ ਕੇ, ਕਿ ਕਿਵੇਂ ਉਸ ਨੇ ਕੇਤਲੀ ਪਾਣੀ ਨਾਲ਼ ਭਰੀ ਹੋਈ ਹੈ, ਕਿਵੇਂ ਉਸ ਨੂੰ ਚੁੱਕੀ ਆਉਂਦੀ ਹੈ, ਮੈਂ ਹੱਕਾ ਬੱਕਾ ਰਹਿ ਗਿਆ। ਮੈਨੂੰ ਲੰਮੇ ਪਏ ਨੂੰ ਸ਼ਰਮ ਆਉਣ ਲੱਗੀ। ਆਖਰ

ਉਸ ਨੂੰ ਵੀ ਓਨੀ ਹੀ ਰੋਟੀ ਮਿਲਦੀ ਸੀ, ਜਿੰਨੀ ਮੈਨੂੰ, ਉਹਦੇ ਵਾਸਤੇ ਵੀ ਓਨੀ ਹੀ ਮੁਸ਼ਕਲ ਸੀ ਜਿੰਨੀ ਮੇਰੇ ਵਾਸਤੇ। ਮੈਂ ਦੋਵੇਂ ਕੰਬਲ ਲਾਹ ਕੇ ਪਰੇ ਮਾਰੇ, ਫਰਸ਼ ਉੱਤੇ ਪੈਰ ਰੱਖੇ ਤੇ ਖੜਾ ਹੋ ਗਿਆ।

"ਵੇਖਿਆ, ਮੈਂ ਆਖਿਆ ਸੀ ਨਾ! ਤੁਸੀਂ ਖੜੇ ਹੋ ਸਕਦੇ ਓ।"

"ਸੱਚਮੁੱਚ, ਮੈਂ ਖਲੋ ਸਕਦਾ ਹਾਂ," ਮੈਂ ਫੁਰਤੀ ਨਾਲ਼ ਆਖਿਆ, ਅਤੇ ਇਹ ਦੱਸਣ ਲਈ ਕਿ ਮੈਂ ਅਜੇ ਵੀ ਕੇਡਾ ਤਕੜਾ ਹਾਂ, ਮੈਂ ਛੁਰੀ ਨਾਲ਼ ਇਕ ਫੱਟੀ ਪਾੜੀ ਤੇ ਛੌਡੇ ਅੰਗੀਠੀ ਵਿਚ ਸੁੱਟ ਦਿੱਤੇ।

ਉਸ ਨੇ ਆਪਣੇ ਬੇਉਂਗਲੇ ਦਸਤਾਨੇ ਲਾਹੇ ਤੇ ਅੰਗੀਠੀ ਉੱਤੇ, ਕੇਤਲੀ ਉੱਤੇ ਆਪਣੇ ਹੱਥ ਸੇਕੇ। ਉਸ ਦੇ ਹੱਥ ਨਿੱਕੇ-ਨਿੱਕੇ ਸਨ। ਪਰ ਉਹਦੀਆਂ ਉਂਗਲਾਂ ਸੁੱਜੀਆਂ ਹੋਈਆਂ, ਆਕੜੀਆਂ ਹੋਈਆਂ ਸਨ, ਪਾਟੀਆਂ ਹੋਈਆਂ ਸਨ ਤੇ ਨਹੁੰਆਂ ਕੋਲੋਂ ਉਹਨਾਂ ਵਿਚ ਪੀਕ ਪੈ ਗਈ ਹੋਈ ਸੀ।

ਕਮਰੇ ਵਿਚ ਨਿੱਘ ਨਿੱਘ ਹੋ ਗਿਆ। ਮੈਂ ਬਕਸੂਏ ਲਾਹੇ ਤੇ ਆਪਣੀ ਜੈਕਟ ਖੋਹਲ ਲਈ। ਕੇਤਲੀ ਗੁੜਗੁੜ ਕਰਨ ਲੱਗ ਪਈ, ਉਸ ਦੀ ਟੂਟੀ ਵਿਚੋਂ ਭਾਫ ਨਿਕਲਣ ਲੱਗੀ ਤੇ ਉਹਦਾ ਢੱਕਣ ਖੜਖੜ ਕਰਨ ਤੇ ਹਿਲਣ ਉੱਛਲਣ ਲੱਗਾ। ਆਸਿਯਾ ਨੇ ਦੋ ਮੱਗ ਭਰੇ, ਅਤੇ ਅਸੀਂ ਚੌਕੜੀ ਜਿਹੀ ਮਾਰ ਕੇ ਮੰਜੇ ਉੱਤੇ ਬਹਿ ਗਏ ਤੇ ਤੱਤੇ ਪਾਣੀ ਦੇ ਘੁੱਟ ਭਰਨ ਲੱਗੇ। ਕਮਰੇ ਵਿਚ ਸੁਭਾਗਾ ਨਿੱਘ ਹੋ ਗਿਆ। ਸਾਡੇ ਚਿਹਰਿਆਂ ਉੱਤੇ ਪਸੀਨੇ ਦੀਆਂ ਬੂੰਦਾਂ ਚਮਕਣ ਲੱਗੀਆਂ। ਆਪਣੇ ਬੁੱਲ੍ਹ ਸਾੜ ਲੈਣ ਤੋਂ ਡਰਦੇ, ਅਸੀਂ ਬਹੁਤ ਸੰਭਲ-ਸੰਭਲ ਕੇ ਘੁੱਟ ਭਰਦੇ ਸਾਂ ਅਤੇ ਅਨੰਤ ਖੁਸ਼ੀ ਤੇ ਦੋਸਤਾਨਾ ਮੁਹੱਬਤ ਨਾਲ਼ ਇਕ ਦੂਜੇ ਨੂੰ ਵੇਖ ਰਹੇ ਸਾਂ। ਸਾਡੇ ਵਿਚਕਾਰ ਇਕ ਅਣੋਖੀ ਕਿਸਮ ਦੀ ਨੇੜਤਾ ਸੀ—ਜਿਊਂਦਿਆਂ ਦੀ ਨੇੜਤਾ। ਉਹ ਬੱਚਿਆਂ ਵਰਗੀ ਸ਼ਰਾਰਤ ਨਾਲ਼ ਆਪਣੇ ਭਾਫ ਛੱਡਦੇ ਮੱਗ ਦੇ ਉਪਰੋਂ ਮੇਰੇ ਵੱਲ ਵੇਖ ਰਹੀ ਸੀ: ਅਸੀਂ ਖੁਸ਼ਕਿਸਮਤ ਸਾਂ, ਅਸੀਂ ਚਲਾਕ ਸਾਂ, ਅਸੀਂ ਦੋਵੇਂ ਜਿਊਂਦੇ ਸਾਂ।

ਉਸ ਨੇ ਮੈਨੂੰ ਦੱਸਿਆ ਕਿ ਉਹ ਫੌਜ ਵਿਚ ਭਰਤੀ ਹੋਣਾ ਤੇ ਨਿਸ਼ਾਨੇਬਾਜ਼ ਬਣਨਾ ਚਾਹੁੰਦੀ ਸੀ ਕਿਉਂਕਿ ਉਹਦੀ ਨਜ਼ਰ ਬਹੁਤ ਤਿੱਖੀ ਹੈ। ਉਹ ਦਿਆਰ ਦੇ ਉੱਚੇ ਲੰਮੇ ਰੁੱਖ ਉੱਤੇ ਚੜ੍ਹ ਜਾਂਦੀ, ਤੇ ਜਰਮਨ ਝਾੜੀ ਵਿਚ ਰਤਾ ਕੁ ਹਿਲਜੁਲ ਕਰਦਾ ਤੇ... ਠਾਹਾ ਉੱਤੇ ਭੁੰਜੇ ਵਿਛਿਆ ਹੁੰਦਾ। ਪੱਤਝੜ ਵਿਚ ਉਹਦੇ ਇਕ ਸਾਰਜੈਂਟ ਦੋਸਤ ਨੇ ਆਖਿਆ ਸੀ ਕਿ ਉਸ ਨੂੰ ਨਿਸ਼ਾਨੇਬਾਜ਼ ਦੀ ਹੈਸੀਅਤ ਵਿਚ ਜ਼ਰੂਰ ਭਰਤੀ ਕਰ ਲਿਆ ਜਾਵੇਗਾ।

"ਫੇਰ ਹੋਏ ਕਿਉਂ ਨਾ?"

"ਮਾਂ ਕਰਕੇ।"

ਉਹ ਆਪਣੀ ਮਾਂ ਦੇ ਨਾਲ਼ ਰਹਿੰਦੀ ਸੀ ਜਿਸ ਨੂੰ ਇਕੱਲਿਆਂ ਨਹੀਂ ਸੀ ਛੱਡਿਆ ਜਾ ਸਕਦਾ।

"ਮਾਂ ਬੀਮਾਰ ਹੈ?"

"ਹਾਂ। ਤੀਜਾ ਮਹੀਨਾ ਹੋ ਗਿਆ, ਉਹਦੇ ਸਾਰੇ ਸਰੀਰ 'ਤੇ ਸੋਜ ਏ। ਐਡੀ ਮੋਟੀ ਹੋ ਗਈ

ਫੁੱਲ ਕੇ।”

ਮੈਨੂੰ ਪਤਾ ਸੀ ਕਿ ਲੋਕ ਭੁੱਖ ਨਾਲ਼ ਸਿਰਫ ਲਿੱਸੇ ਹੀ ਨਹੀਂ ਹੋ ਜਾਂਦੇ, ਫੁੱਲ ਵੀ ਜਾਂਦੇ ਨੇ। ਇਸ ਕਰਕੇ ਗੱਲ ਅੱਗੇ ਨਾ ਤੋਰੀ।

“ਤੇ ਤੁਸੀਂ ਸੈਨਾ ਵਿਚ ਕਿਉਂ ਨਾ ਭਰਤੀ ਹੋਏ ?

“ਮੈਨੂੰ ਲਿਆ ਨਹੀਂ ਸੀ ਗਿਆ।” ਮੈਂ ਆਖਿਆ। “ਮੇਰਾ ਅਪਰੇਸ਼ਨ ਹੋਣਾ ਸੀ, ਪਰ ਲੜਾਈ ਛਿੜਨ ਕਾਰਨ ਨਾ ਹੋ ਸਕਿਆ।”

“ਕੀ ਤਕਲੀਫ਼ ਸੀ ਤੁਹਾਨੂੰ ?”

“ਅਲਸਰ, ਪੇਟ ਵਿਚ।”

ਮੈਂ ਉਸ ਨੂੰ ਦੱਸਿਆ ਕਿ ਮੈਨੂੰ ਕਿੰਨੀ ਮਾਯੂਸੀ ਹੋਈ ਸੀ ਜਦੋਂ ਮੈਨੂੰ ਸੈਨਾ ਵਿਚ ਭਰਤੀ ਕਰਨ ਦੀ ਥਾਂ ਅਖਬਾਰ ਦੀ ਸੰਪਾਦਨਾ ਦੇ ਕੰਮ ਲਾ ਦਿੱਤਾ। ਤੇ ਹੁਣ ਅਖਬਾਰ ਨਿਕਲਣਾ ਬੰਦ ਹੋ ਗਿਆ ਹੈ।

“ਤੁਹਾਨੂੰ ਕਿਸ ਗੱਲ ਦੀ ਉਡੀਕ ਏ ?”

“ਹਦਾਇਤਾਂ ਦੀ ਉਡੀਕ,” ਮੈਂ ਜਵਾਬ ਦਿੱਤਾ।

“ਬੜਾ ਚਿਰ ਹੋ ਗਿਆ ਉਡੀਕਦਿਆਂ ?”

ਮੈਂ ਚੇਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਤਸਵੇਤਕੋਵ ਕਦੋਂ ਗਿਆ ਸੀ। ਕਿੰਨੇ ਦਿਨਾਂ ਤੋਂ ਮੈਂ ਇਸ ਮੰਜੇ ’ਤੇ ਪਿਆ ਸਾਂ ? ਪਹਿਲਾਂ ਮੈਨੂੰ ਖਿਆਲ ਆਇਆ ਕਿ ਤਕਰੀਬਨ ਛੇ ਦਿਨ ਤੋਂ, ਪਰ ਫੇਰ ਜਦੋਂ ਮੈਂ ਗਿਣਨ ਲੱਗਾ, ਤਾਂ ਬਹੁਤੇ ਦਿਨ ਹੋ ਗਏ ਨਿਕਲੇ।

“ਹਦਾਇਤਾਂ ਕੋਈ ਨਹੀਂ ਆਉਣੀਆਂ,” ਉਹਨੇ ਆਖਿਆ।

ਮੈਂ ਆਪ ਵੀ ਕੁਝ ਦਿਨਾਂ ਤੋਂ ਏਹੋ ਸੋਚ ਰਿਹਾ ਸਾਂ, ਪਰ ਉਹਦੇ ਯਕੀਨ ਤੋਂ ਮੈਂ ਹੈਰਾਨ ਰਹਿ ਗਿਆ।

“ਕਿਉਂ ?”

“ਤੁਹਾਡੇ ਸਾਹਿਬ ਵੀ ਲੰਮੇ ਪਏ ਹੋਏ ਨੇ। ਉਹਨਾਂ ਨੂੰ ਵੀ ਸਾਡੇ ਜਿੰਨੀ ਹੀ ਰੋਟੀ ਮਿਲਦੀ ਏ।”

ਉਹਦੀ ਗੱਲ ਠੀਕ ਹੈ। ਹਰ ਪਾਸੇ ਇਕੋ ਜਿੰਨੀ ਹੀ ਭੁੱਖ ਸੀ।

“ਕਾਸ਼ ਮੈਂ ਫੋਨ ਕਰ ਸਕਦਾ...,” ਮੈਂ ਆਖਿਆ। “ਪਰ ਇਹ ਸੰਭਵ ਨਹੀਂ...”

“ਤੇ ਤੁਸੀਂ ਆਪ ਚਲੇ ਜਾਓ।”

ਇਹ ਸੁਣ ਕੇ ਮੈਂ ਹੱਸ ਪਿਆ।

“ਪਤਾ ਹੈ ਤੁਹਾਨੂੰ, ਮੈਨੂੰ ਕਿੱਥੇ ਜਾਣਾ ਚਾਹੀਦਾ ਹੈ ? ਬੰਦਰਗਾਹ ’ਤੇ।”

“ਦੂਰ ਏ।”

“ਮੈਂ ਡਿੱਗ ਪਵਾਂਗਾ ਤੇ ਠੰਡ ਨਾਲ਼ ਮਰ ਜਾਵਾਂਗਾ।”

“ਹੋ ਸਕਦਾ ਏ,” ਉਸ ਨੇ ਠਰ੍ਹੰਮੇ ਤੇ ਗੰਭੀਰਤਾ ਨਾਲ਼ ਆਖਿਆ। “ਇਹ ਤੁਹਾਡੇ ਉੱਤੇ ਨਿਰਭਰ ਏ।”

"ਮੇਰੇ ਉੱਤੇ ਨਿਰਭਰ ਨਹੀਂ," ਮੈਂ ਕਿਹਾ। "ਮੈਂ ਤਾਂ ਸਿਰਫ ਇਹ ਜਾਣਦਾ ਹਾਂ ਕਿ ਮੇਰੇ ਸਰੀਰ ਵਿਚ ਸੱਤਿਆ ਨਹੀਂ।"

ਉਸ ਨੇ ਆਪਣੇ ਮੱਗ ਦੇ ਕੰਢੇ ਉੱਪਰੋਂ ਗਹੁ ਨਾਲ਼ ਮੇਰੇ ਵੱਲ ਵੇਖਿਆ ਤੇ ਚੁੱਪ ਕੀਤੀ ਰਹੀ। ਮੈਂ ਵੀ ਚੁੱਪ ਹੋ ਗਿਆ। ਮੇਰੇ ਬੁੱਲ੍ਹਾਂ ਉੱਤੇ ਗਰਮ ਪਾਣੀ, ਕਮਰੇ ਵਿਚ ਨਿੱਘ, ਉਸ ਦੀ ਨੇੜਤਾ, ਇਹ ਚੀਜ਼ਾਂ ਬਹਿਸ ਤੇ ਚਿੰਤਾ ਵਿਚ ਗੁਆਉਣ ਵਾਲੀਆਂ ਨਹੀਂ ਸਨ। ਉਸ ਨੇ ਮੈਨੂੰ ਇਕ ਮੱਗ ਹੋਰ ਭਰ ਦਿੱਤਾ ਤੇ ਅਚਾਨਕ ਪੁੱਛਿਆ:

"ਬਹੁਤ ਦਿਨ ਹੋ ਗਏ ਸਿਰ ਮੂੰਹ ਧੋਤਿਆਂ ?"

ਮੈਂ ਚੇਤਾ ਕਰਨ ਦੀ ਕੋਸ਼ਿਸ਼ ਕੀਤੀ ਕਿ ਪਿਛਲੀ ਵਾਰੀ ਕਦੋਂ ਮੂੰਹ ਸਿਰ ਧੋਤਾ ਸੀ। ਬਹੁਤ ਦਿਨ ਹੋ ਗਏ ਸਨ। ਸ਼ਹਿਰ ਵਿਚ ਪਤਝੜ ਦੇ ਦਿਨਾਂ ਤੋਂ ਇਕ ਵੀ ਹਮਾਮ ਕੰਮ ਨਹੀਂ ਸੀ ਕਰਦਾ ਤੇ ਠੰਡੇ ਛਾਪੇਖਾਨੇ ਵਿਚ ਇਹ ਕੰਮ ਔਖਾ ਵੀ ਸੀ ਤੇ ਨਾਖੁਸ਼ਗਵਾਰ ਵੀ। ਕਈ ਹਫਤੇ ਹੋ ਗਏ ਸਨ ਮੈਂ ਤਾਂ ਆਪਣੀ ਜੈਕਟ ਵੀ ਗਲੋਂ ਨਹੀਂ ਸੀ ਲਾਹੀ।

"ਕੇਤਲੀ ਭਰ ਗਰਮ ਪਾਣੀ ਬਚਦਾ ਏ," ਉਹਨੇ ਆਖਿਆ। "ਮੈਂ ਹੁਣ ਚਲੀ ਜਾਵਾਂਗੀ, ਤੇ ਤੁਸੀਂ ਸਿਰ ਮੂੰਹ ਧੋ ਲਓ ਜਿੰਨਾ ਚਿਰ ਕਮਰਾ ਨਿੱਘਾ ਏ.."

ਉਹ ਉੱਠ ਖੜੀ ਹੋਈ।

"ਹੁਣੇ ਜਾਣਾ ਜ਼ਰੂਰੀ ਹੈ ?"

"ਮਾਂ 'ਕੱਲੀ ਏ," ਉਸ ਨੇ ਪੋਲੇ ਜਿਹੇ ਜਵਾਬ ਦਿੱਤਾ। ਉਹ ਸਮਝਦੀ ਸੀ ਕਿ ਉਹਦੇ ਬਗ਼ੈਰ ਮੈਂ ਖ਼ੌਫ਼ਨਾਕ ਇਕੱਲ ਵਿਚ ਰਹਿ ਜਾਵਾਂਗਾ। ਉਸ ਨੂੰ ਆਪਣੀ ਮਾਨਸਿਕ ਵਡਿੱਤਣ ਦਾ ਅਹਿਸਾਸ ਸੀ ਤੇ ਮੇਰੇ ਨਾਲ਼ ਬੱਚਿਆਂ ਵਾਲ਼ਾ ਸਲੂਕ ਕਰਦੀ ਸੀ, ਭਾਵੇਂ ਮੇਰੀ ਉਮਰ ਉਹਦੇ ਨਾਲੋਂ ਦੁੱਗਣੀ ਸੀ। "ਸਿਰ ਮੂੰਹ ਧੋ ਲਓ ਤੇ ਸੌਂ ਜਾਓ, ਤੇ ਭਲਕੇ ਬੰਦਰਗਾਹ ਜਾਣ ਦੀ ਕੋਸ਼ਿਸ਼ ਕਰਿਓ।"

ਮੇਰੀਆਂ ਅੱਖਾਂ ਵਿਚ ਬੇਯਕੀਨੀ ਵੇਖ ਕੇ, ਉਸ ਨੇ ਨਾਲ਼ ਹੀ ਆਖਿਆ:

"ਤੁਸੀਂ ਪਹੁੰਚ ਜਾਉਗੇ। ਸਾਡੇ ਵਿਚ ਉਸ ਤੋਂ ਬਹੁਤੀ ਤਾਕਤ ਏ, ਜਿੰਨੀ ਅਸੀਂ ਸਮਝਦੇ ਆਂ।"

"ਤੁਹਾਨੂੰ ਕਿਵੇਂ ਪਤਾ ਹੈ ? ਆਪਣੇ ਤੋਂ ਅੰਦਾਜ਼ਾ ਕਰਦੇ ਹੋ ?"

"ਆਪਣੇ ਤੋਂ ਵੀ ਤੇ ਦੂਜਿਆਂ ਤੋਂ ਵੀ। ਪਹੁੰਚਣਾ ਜ਼ਰੂਰੀ ਏ, ਤੇ ਤੁਸੀਂ ਪਹੁੰਚ ਜਾਓਗੇ।"

ਮੈਂ ਪਹੁੰਚ ਗਿਆ।

ਮੈਂ ਅਜੇ ਫਾਟਕਾਂ ਤੋਂ ਬਾਹਰ ਆਇਆ ਹੀ ਸਾਂ ਕਿ ਸੂਈਆਂ ਚੁਭੋਂਦੀ ਬਰਫ ਨਾਲ ਭਰੀ ਹਵਾ ਦਾ ਫਰਾਟਾ ਮੇਰੇ ਮੂੰਹ 'ਤੇ ਵੱਜਾ, ਅਤੇ ਮੈਨੂੰ ਮਹਿਸੂਸ ਹੋਣ ਲੱਗ ਪਿਆ ਕਿ ਬੰਦਰਗਾਹ ਪਹੁੰਚ ਜਾਣ ਦੀ ਕੋਈ ਆਸ ਨਹੀਂ। ਮੇਰੀਆਂ ਲੱਤਾਂ ਬਹਿੰਦੀਆਂ ਜਾਂਦੀਆਂ ਸਨ। ਮੈਂ ਇਉਂ ਹਚਕੋਲੇ ਖਾ ਰਿਹਾ ਸਾਂ ਜਿਵੇਂ ਹਵਾ ਵਿਚ ਘਾਹ ਦਾ ਪੱਤਾ ਖਾਂਦਾ ਹੈ। ਬਰਫ ਵਿਚ ਲੰਮਾ ਪੈ ਜਾਵਾਂ ਤੇ ਅੱਖਾਂ ਬੰਦ ਕਰ ਲਵਾਂ–ਬਸ ਏਹੋ ਜੀਅ ਕਰਦਾ ਸੀ। ਨੁੱਕਰ ਤੱਕ ਪਹੁੰਚ ਕੇ ਮੈਂ ਇਰਾਦਾ ਛੱਡ

ਦੇਣ ਦਾ ਫੈਸਲਾ ਕੀਤਾ। ਪਰ, ਇਸ ਦੀ ਬਜਾਏ ਮੈਂ ਡਿੱਗਦਾ ਢਹਿੰਦਾ ਅਗਲੀ ਨੁੱਕਰ ਤੱਕ ਪਹੁੰਚ ਗਿਆ। ਇਸ ਨਾਲ਼ ਕੀ ਫਰਕ ਪੈਂਦਾ ਹੈ ਕਿ ਮੈਂ ਕਿੱਥੇ ਪਿਆ ਹਾਂ ? ਹੌਲ਼ੀ-ਹੌਲ਼ੀ ਅਖੀਰ ਮੈਂ ਪੁਲ ਤੱਕ ਪਹੁੰਚ ਗਿਆ, ਨੇਵਾ ਦਰਿਆ ਪਾਰ ਕੀਤਾ, ਮੋੜ ਮੁੜ ਕੇ ਇਕ ਲੰਮੀ ਸਾਰੀ ਸੜਕ ਉੱਤੇ ਪੈ ਗਿਆ ਤੇ ਸਿੱਧਾ ਤੁਰਿਆ ਗਿਆ, ਸੜੀਆਂ ਫੂਕੀਆਂ, ਠੰਡੀਆਂ ਯਖ ਇਮਾਰਤਾਂ ਅੱਗੋਂ ਦੀ ਲੰਘਦਾ ਗਿਆ। ਘੁਸ-ਮੁਸਾ ਹੋਣ ਤੱਕ ਮੈਂ ਸਾਰੀ ਸੜਕ ਲੰਘ ਕੇ ਬੰਦਰਗਾਹ ’ਤੇ ਪਹੁੰਚ ਗਿਆ। ਮੈਂ ਉਸ ਤੋਂ ਵੱਧ ਤਕੜਾ ਨਿਕਲਿਆ, ਜਿੰਨਾ ਮੈਂ ਸੋਚਦਾ ਸਾਂ।

ਜਦੋਂ ਪਹੁੰਚਿਆ ਤਾਂ ਪਹਿਲਾਂ ਕਿਸੇ ਮੈਨੂੰ ਪਛਾਣਿਆ ਹੀ ਨਾ, ਤੇ ਜਦੋਂ ਪਛਾਣ ਲਿਆ ਤਾਂ ਸਾਰੇ ਮੂੰਹ ਵਿਚ ਉਂਗਲਾਂ ਪਾਉਣ। ਸਾਰੇ ਇਹ ਸਮਝੀ ਬੈਠੇ ਸਨ ਕਿ ਮੈਂ ਮਰ ਗਿਆ ਸਾਂ। ਮੈਨੂੰ ਕੁਝ ਹੋਰ ਮਜ਼ਦੂਰਾਂ ਨਾਲ਼ ਜਿਹੜੇ ਬੰਦਰਗਾਹ ਵਿਚ ਜਹਾਜਾਂ ਦੀ ਮੁਰੰਮਤ ਕਰ ਰਹੇ ਸਨ ਇਕ ਬਜਰੇ ਵਿਚ ਟਿਕਾ ਦਿੱਤਾ ਗਿਆ ਜਿਸ ਦੇ ਬਾਹਰ ਬਰਫ ਜੰਮੀ ਹੋਈ ਸੀ। ਬਜਰੇ ਵਿਚ ਨਿੱਘ ਸੀ। ਇਸ ਦੀ ਆਪਣੀ ਇਕ ਛੋਟੀ ਜਿਹੀ ਮੋਟਰ ਨਾਲ਼ ਪੈਦਾ ਕੀਤੀ ਬਿਜਲੀ ਦਾ ਮੱਧਮ ਜਿਹਾ ਚਾਨਣ ਵੀ ਸੀ। ਹਾਲੇ ਮਸਾਂ ਇਕ ਮਹੀਨਾ ਪਹਿਲਾਂ ਬਜਰੇ ਤੇ ਤਹਿਖਾਨੇ ਵਿਚ ਇਕ ਸੌ ਤੋਂ ਵੱਧ ਬੰਦੇ ਰਹਿੰਦੇ ਸਨ। ਪਰ ਇਸ ਵੇਲ਼ੇ ਉਹਨਾਂ ਵਿਚੋਂ ਬਹੁਤ ਸਾਰੇ ਮਰ ਗਏ ਸਨ ਤੇ ਬਹੁਤ ਸਾਰੇ ਖਾਲੀ ਮੰਜੇ ਸਨ।

ਇਕ ਦਿਨ ਬਾਅਦ ਮੈਂ ਵੀ ਕੰਮ ’ਤੇ ਚਲਾ ਗਿਆ। ਮੇਰੀਆਂ ਲੱਤਾਂ ਵਿਚ ਕਮਜ਼ੋਰੀ ਸੀ ਪਰ ਹੁਣ ਮੈਨੂੰ ਪਤਾ ਲੱਗ ਚੁੱਕਾ ਸੀ ਕਿ ਮੇਰੇ ਸਰੀਰ ਵਿਚ ਉਸ ਤੋਂ ਬਹੁਤੀ ਸੱਤਿਆ ਹੈ ਜਿੰਨੀ ਮੈਂ ਸਮਝਦਾ ਸਾਂ। ਜੇ ਮੈਂ ਪੈਦਲ ਤੁਰ ਕੇ ਬੰਦਰਗਾਹ ਤੱਕ ਆ ਗਿਆ ਸਾਂ, ਤਾਂ ਮੈਂ ਨਿਸਚੇ ਹੀ ਕੰਮ ਵੀ ਕਰ ਸਕਦਾ ਸਾਂ। ਆਪਣੀ ਜਵਾਨੀ ਦੇ ਦਿਨਾਂ ਵਿਚ ਮੈਂ ਰੇਲਵੇ ਦੇ ਇਕ ਮੁਰੰਮਤਖਾਨੇ ਵਿਚ ਇਕ ਫਿਟਰ ਕੋਲੋਂ ਕੰਮ ਸਿੱਖਦਾ ਰਿਹਾ ਸਾਂ। ਓਹਨੀ ਦਿਨੀਂ ਮੈਂ ਪੱਤਰਕਾਰ ਬਣਨ ਦਾ ਸਿਰਫ ਸੁਪਨਾ ਹੀ ਲਿਆ ਸੀ। ਮੈਂ ਕੋਈ ਬਹੁਤਾ ਕਾਰੀਗਰ ਤਾਂ ਨਹੀਂ ਸਾਂ, ਪਰ ਇਸ ਕੰਮ ਲਈ ਬਹੁਤੀ ਕਾਰੀਗਰੀ ਦੀ ਲੋੜ ਵੀ ਨਹੀਂ ਸੀ। ਅਸੀਂ ਇਕ ਪੁਰਾਣੇ ਮਾਲ ਢੋਣ ਵਾਲ਼ੇ ਜਹਾਜ਼ ਦੀ ਮੁਰੰਮਤ ਕਰ ਰਹੇ ਸਾਂ ਜਿਹੜਾ ਪਿਛਲੀ ਪਤਝੜ ਵਿਚ ਬੰਬਾਂ ਦੀ ਮਾਰ ਹੇਠ ਆ ਗਿਆ ਸੀ। ਬਰਫ ਵਿਚ ਜੰਮਿਆ, ਇਹ ਸਾਡੇ ਬਜਰੇ ਦੇ ਕੋਲ਼ ਉੱਚੀ ਕੰਧ ਵਾਂਗ ਖੜਾ ਸੀ ਅਤੇ ਸ਼ਾਇਦ ਸਭ ਤੋਂ ਔਖਾ ਕੰਮ ਕੰਧ ਦੇ ਸਿਖਰ ਤੱਕ ਪੌੜੀਆਂ ਚੜ੍ਹਨਾ ਸੀ। ਮੇਰੀ ਟੋਲੀ ਲੋਹੇ ਦੀਆਂ ਪਲੇਟਾਂ ਵਿਚ ਰਿਬਟਾਂ ਕਸਣ ਵਾਸਤੇ ਮੋਰੀਆਂ ਕਰ ਰਹੀ ਸੀ ਤੇ ਟੁੱਟੀਆਂ ਪਾਈਪਾਂ ਦੀ ਵੈਲਡਿੰਗ ਕਰ ਰਹੀ ਸੀ। ਜਹਾਜ਼ ਦੇ ਅੰਦਰ ਅਸੀਂ ਪਰਛਾਵਿਆਂ ਵਾਂਗ ਤੁਰੇ ਫਿਰਦੇ ਸਾਂ ਤੇ ਸਾਡਾ ਸਾਰਾ ਕੰਮ ਬੜੀ ਹੌਲ਼ੀ ਰਫਤਾਰ ਨਾਲ਼ ਹੋ ਰਿਹਾ ਸੀ। ਜੇ ਅਸੀਂ ਕਿਸੇ ਚੀਜ਼ ਨੂੰ ਚੁੱਕਣਾ ਜਾਂ ਇਕ ਤੋਂ ਦੂਜੀ ਥਾਂ ਲਿਜਾਣਾ ਹੁੰਦਾ ਤਾਂ ਦਸ ਜਣੇ ਰਲ ਕੇ ਇਹ ਕੰਮ ਕਰਦੇ ਤੇ ਫੇਰ ਘੰਟਿਆਂ ਬੱਧੀ ਨੀਮ-ਬੇਹੋਸ਼ੀ ਦੀ ਹਾਲਤ ਵਿਚ ਬੈਠੇ ਰਹਿੰਦੇ।

ਹਰ ਵਾਰੀ ਜਦੋਂ ਅਸੀਂ ਬੈਠਦੇ, ਤਾਂ ਸਾਨੂੰ ਮਹਿਸੂਸ ਹੁੰਦਾ ਕਿ ਅਸੀਂ ਕਦੇ ਫੇਰ ਉੱਠ ਨਹੀਂ ਸਕਾਂਗੇ। ਪਰ ਹੁਣ ਮੈਂ ਇਸ ਅਹਿਸਾਸ ਉੱਤੇ ਯਕੀਨ ਨਹੀਂ ਸੀ ਕਰਦਾ। ਮੈਂ ਆਪਣੇ-ਆਪ ਨੂੰ ਆਖਦਾ ਸਾਂ ਕਿ ਜਿੰਨਾ ਚਿਰ ਅਸੀ ਜਹਾਜ਼ ਦੀ ਮੁਰੰਮਤ ਕਰਦੇ ਰਹਾਂਗੇ ਅਸੀਂ ਜਿਊਂਦੇ

ਰਹਾਂਗੇ। ਮੈਂ ਕਹਿੰਦਾ ਸਾਂ ਕਿ ਫਾਸ਼ਿਸਟ ਚਾਹੁੰਦੇ ਹਨ ਅਸੀਂ ਮਰ ਜਾਈਏ, ਤੇ ਇਸ ਕਰਕੇ ਸਾਨੂੰ ਨਹੀਂ ਮਰਨਾ ਚਾਹੀਦਾ। ਮੈਂ ਜਾਣਦਾ ਸਾਂ ਕਿ ਇਹ ਲਫਜ਼ ਕਿਸੇ ਹੋਰ ਦੇ ਸਨ, ਤੇ ਮੈਨੂੰ ਇਹ ਵੀ ਯਾਦ ਸੀ ਕਿ ਕਿਸ ਦੇ ਸਨ। ਇਸ ਲਈ, ਬੈਠਣ ਤੋਂ ਮਗਰੋਂ ਵੀ ਅਸੀਂ ਉੱਠ ਖਲੋਂਦੇ ਸਾਂ।

ਬਜਰੇ ਉੱਤੇ ਕੁਝ ਦਿਨ ਬੀਤਣ ਮਗਰੋਂ, ਇਸ ਤਰ੍ਹਾਂ ਲੱਗਦਾ ਸੀ ਜਿਵੇਂ ਮੈਂ ਪਹਿਲਾਂ ਨਾਲ਼ੋਂ ਥੋੜ੍ਹਾ ਤੱਕੜਾ ਹੋ ਗਿਆ ਸਾਂ। ਮੈਨੂੰ ਨਹੀਂ ਪਤਾ ਕਿ ਇਸ ਗੱਲ ਨੂੰ ਕਿਵੇਂ ਸਮਝਾਇਆ ਜਾਏ, ਸਿਆਲ ਦੇ ਦੂਜੇ ਅੱਧ ਵਿਚ ਰੋਟੀ ਦਾ ਰਾਸ਼ਨ ਵਧ ਗਿਆ ਸੀ, ਪਰ ਏਨਾ ਮਾਮੂਲੀ ਕਿ ਲੋਕ ਉਸ ਤਰ੍ਹਾਂ ਹੀ ਮਰਦੇ ਜਾ ਰਹੇ ਸਨ ਜਿਸ ਤਰ੍ਹਾਂ ਪਹਿਲਾਂ ਮਰਦੇ ਸਨ। ਹੋ ਸਕਦਾ ਕੇ ਇਸ ਦਾ ਰਾਜ਼ ਉਹ ਸ਼ੋਰਬਾ ਹੋਵੇ ਜਿਹੜਾ ਸਾਨੂੰ ਭੋਜਣਸ਼ਾਲਾ ਵਿਚ ਦਿਨ ਵਿਚ ਦੋ ਵਾਰੀ ਮਿਲਦਾ ਸੀ – ਗਰਮ ਦੂਧੀਆ ਜਿਹਾ ਪਾਣੀ ਜਿਸ ਵਿਚ ਨਾ ਗਿਣਾਉਣ ਜੋਗਾ ਹੀ ਕੁਝ ਹੁੰਦਾ ਸੀ। ਜਾਂ ਸ਼ਾਇਦ ਇਸ ਦੀ ਵਜਾਹ ਇਹ ਸੀ ਕਿ ਜਹਾਜ਼ ਦਾ ਡਾਕਟਰ, ਜਿਹੜਾ ਵਿਟਮਿਨਾਂ ਵਿਚ ਬੜਾ ਯਕੀਨ ਰੱਖਦਾ ਸੀ, ਸਾਡੇ ਵਾਸਤੇ ਫਰ ਦੇ ਬੀਜਾਂ ਦਾ ਇਕ ਘੋਲ ਤਿਆਰ ਕਰਦਾ ਹੁੰਦਾ ਸੀ। ਮੈਂ ਠੀਕ–ਠੀਕ ਕੁਝ ਨਹੀਂ ਕਹਿ ਸਕਦਾ ਪਰ ਬਹੁਤੀ ਸੰਭਾਵਨਾ ਇਹ ਹੈ ਕਿ ਇਸ ਦਾ ਕਾਰਨ ਇਹ ਸੀ ਕਿ ਮੈਂ ਦੂਜੇ ਲੋਕਾਂ ਵਿਚ ਰਹਿੰਦਾ ਸਾਂ ਤੇ ਉਹਨਾਂ ਦੇ ਨਾਲ਼ ਕੰਮ ਵਿਚ ਮਗਨ ਸਾਂ। ਮਿਲ ਕੇ ਰਹਿਣਾ ਹਮੇਸ਼ਾ ਹੀ ਆਸਾਨ ਹੁੰਦਾ ਹੈ। ਮੈਂ ਪਹਿਲਾਂ ਨਾਲ਼ੋਂ ਚੰਗਾ ਤੁਰਨ ਲੱਗ ਪਿਆ ਸਾਂ, ਮੰਜੇ ’ਤੇ ਘੱਟ ਪੈਂਦਾ ਸਾਂ ਤੇ ਜਦੋਂ ਪੌੜੀਆਂ ਚੜ੍ਹਦਾ ਸਾਂ ਤਾਂ ਬਹੁਤਾ ਨਹੀਂ ਸਾਂ ਥੱਕਦਾ। ਸਭ ਤੋਂ ਬਹੁਤੀ ਹੈਰਾਨੀ ਵਾਲ਼ੀ ਗੱਲ ਇਹ ਸੀ ਕਿ ਲਾਟਾਂ ਛੱਡਦੇ ਚੱਕੇ ਮੈਨੂੰ ਫੇਰ ਵਿਖਾਈ ਦੇਣ ਲੱਗ ਪਏ ਸਨ, ਜਿਵੇਂ ਉਹ ਪਹਿਲਾਂ ਨਜ਼ਰ ਆਉਣ ਲੱਗਦੇ ਸਨ ਜਦੋਂ ਮੇਰੀ ਹਾਲਤ ਵਿਗੜਦੀ ਸੀ। ਅਤੇ ਇਕ ਹੋਰ ਤਕਰੀਬਨ ਭੁੱਲੀ ਹੋਈ ਲਾਲਸਾ ਫੇਰ ਜਾਗ ਪਈ ਸੀ: ਮੈਨੂੰ ਭੁੱਖ ਲੱਗਣ ਲੱਗ ਪਈ ਸੀ, ਬਹੁਤ ਜ਼ਿਆਦਾ ਭੁੱਖ।

ਮੈਂ ਬਜਰੇ ਉੱਤੇ ਰਹਿੰਦਾ ਤੇ ਕੰਮ ਕਰਦਾ ਸਾਂ, ਪਰ ਆਸਿਯਾ ਮੈਨੂੰ ਨਹੀਂ ਸੀ ਭੁੱਲੀ। ਏਧਰ ਮੈਂ ਅੱਖਾਂ ਬੰਦ ਕਰਦਾ ਤੇ ਓਧਰ ਉਹ ਮੇਰੇ ਕੋਲ਼ ਹੁੰਦੀ। ਉਹ ਮੇਰੀ ਜੈਕਟ ਨੂੰ ਬਕਸੂਏ ਲਾ ਰਹੀ ਹੁੰਦੀ; ਮੇਰੇ ਵਾਸਤੇ ਪਾਣੀ ਲਿਆ ਰਹੀ ਹੁੰਦੀ; ਮੈਨੂੰ ਉੱਠਣ ਵਾਸਤੇ ਮਜ਼ਬੂਰ ਕਰਦੀ ਜਦੋਂ ਮੈਂ ਇਹ ਸੋਚ ਰਿਹਾ ਹੁੰਦਾ ਕਿ ਹੁਣ ਮੈਂ ਕਦੇ ਉੱਠ ਹੀ ਨਹੀਂ ਸਕਣਾ; ਉਹ ਮੈਨੂੰ ਜਿਊਣ ਲਈ ਮਜ਼ਬੂਰ ਕਰਦੀ ਜਦੋਂ ਮੈਂ ਮਰਨ ਵਾਸਤੇ ਤਿਆਰ ਹੁੰਦਾ… ਪਹਿਲੇ ਹਫਤਿਆਂ ਵਿਚ ਮੈਨੂੰ ਜਾਪਦਾ ਸੀ ਕਿ ਵਾਪਸ ਜਾ ਕੇ ਉਹਨੂੰ ਮਿਲ ਸਕਣਾ ਮੇਰੇ ਵਾਸਤੇ ਸੰਭਵ ਨਹੀਂ। ਪਰ ਸਮਾਂ ਬੀਤਦਾ ਗਿਆ, ਤੇ ਮੈਂ ਆਪਣੇ–ਆਪ ਨੂੰ ਗੁਨਾਹਗਾਰ ਸਮਝਣ ਲੱਗ ਪਿਆ। ਮੈਂ ਬਿਜਲੀ ਦੇ ਚਾਨਣ ਵਾਲ਼ੀ ਇਕ ਨਿੱਘੀ ਥਾਂ ਜਿਊਂ ਰਿਹਾ ਸਾਂ ਅਤੇ ਉਹ ਹਾਲੇ ਵੀ ਹਨੇਰੇ ਠੰਡੇ ਯਖ਼ ਮਕਾਨ ਵਿਚ ਫਸੀ ਹੋਈ ਸੀ… ਕੀ ਉਹ ਹਾਲ਼ੇ ਵੀ ਜਿਊਂਦੀ ਸੀ ? ਜੇ ਜਿਊਂਦੀ ਸੀ ਤਾਂ ਤੁਰ ਸਕਦੀ ਸੀ ? ਉਸ ਨੂੰ ਬੇਕਰੀ ਤੋਂ ਰੋਟੀ ਕੌਣ ਲਿਆ ਕੇ ਦੇਂਦਾ ਸੀ: ਭੋਰੇ ਵਿਚੋਂ ਪਾਣੀ ਕੌਣ ਲਿਆ ਕੇ ਦੇਂਦਾ ਸੀ ? ਅਤੇ ਅੰਗੀਠੀ ਵਿਚ ਅੱਗ ਕੌਣ ਬਾਲਦਾ ਸੀ ? ਉਹਦੇ ਵੱਲ ਜਾਣਾ ਮੇਰਾ ਫਰਜ਼ ਸੀ। ਸਿਰਫ ਇਕੋ ਗੱਲ ਨੇ ਮੈਨੂੰ ਰੋਕਿਆ ਹੋਇਆ ਸੀ: ਮੈਂ ਖਾਲੀ ਹੱਥ ਨਹੀਂ ਜਾਣਾ ਚਾਹੁੰਦਾ ਸਾਂ।

ਮੇਰੇ ਜਾਣ ਦਾ ਕੀ ਫਾਇਦਾ ਜੇ ਮੈਂ ਉਸਨੂੰ ਕੁਝ ਖਾਣ ਨੂੰ ਵੀ ਨਾ ਦੇ ਸਕਾਂ?

ਪਹਿਲਾਂ ਮੈਂ ਸੋਚਿਆਂ ਕਿ ਆਪਣੇ ਰੋਜ਼ ਦੇ ਰਾਸ਼ਨ ਵਿਚੋਂ ਰੋਟੀ ਬਚਾਇਆ ਕਰਾਂ ਤੇ ਇਕ ਸੁੱਕੇ ਹੋਏ ਭੋਰੇ ਉਹਦੇ ਵਾਸਤੇ ਲੈ ਜਾਵਾਂ। ਪਰ ਜਲਦੀ ਹੀ ਮੈਂ ਇਹ ਖਿਆਲ ਦਿਮਾਗ਼ ਵਿਚੋਂ ਕੱਢ ਦਿੱਤਾ। ਤਿੰਨ ਸੌ ਗ੍ਰਾਮ ਰੋਟੀ ਜਮ੍ਹਾਂ ਕਰਨ ਵਾਸਤੇ ਪੂਰਾ ਹਫਤਾ ਲੱਗ ਜਾਏਗਾ। ਤੇ ਹਫਤੇ ਵਿਚ ਭਾਵੇਂ ਮਰ ਵੀ ਜਾਏ, ਜੇ ਹਾਲੇ ਤੱਕ ਨਾ ਵੀ ਮਰੀ ਹੋਵੇ। ਤੇ ਜੇ ਮੈਨੂੰ ਵੀ ਪੂਰਾ ਹਫਤਾ ਘੱਟ ਰੋਟੀ ਖਾਣੀ ਪਈ ਤਾਂ ਮੈਂ ਏਨਾ ਕਮਜ਼ੋਰ ਹੋ ਜਾਵਾਂਗਾ ਕਿ ਮੇਰੇ ਕੋਲੋਂ ਜਾਇਆ ਹੀ ਨਹੀਂ ਜਾਣਾ।

ਪਰ ਏਨੇ ਨੂੰ ਮੇਰੀ ਕਿਸਮਤ ਜਾਗ ਪਈ। ਜਹਾਜ਼ ਉੱਤੇ ਕੰਮ ਕਰਨ ਵਾਲ਼ੇ ਸਭ ਲੋਕਾਂ ਨੂੰ ਇਕ-ਇਕ ਪੁੜਾ ਮਿਲਿਆ ਜਿਸ ਨੂੰ "ਫਾਫਰੇ ਦਾ ਦਲੀਆ" ਕਹਿੰਦੇ ਸਨ। ਬਹੁਤਾ ਤਾਂ ਨਹੀਂ ਪਰ ਇਸ ਪੈਕਟ ਨਾਲ਼ ਦਲੀਏ ਦੀ ਇਕ ਪੂਰੀ ਪਲੇਟ ਬਣ ਸਕਦੀ ਸੀ। ਮੈਂ ਜਾਣ ਦਾ ਫੈਸਲਾ ਕਰ ਲਿਆ, ਬਿਨਾਂ ਕਿਸੇ ਢਿੱਲ-ਮੱਠ ਦੇ। ਛੁੱਟੀ ਲਈ ਦਰਖਾਸਤ ਕਰਨਾ ਕੋਈ ਮੁਸ਼ਕਿਲ ਨਹੀਂ ਸੀ। ਮੈਂ ਅਜੇ ਵੀ ਛਾਪੇ ਦੇ ਸਾਜ਼-ਸਾਮਾਨ ਲਈ ਜ਼ਿੰਮੇਦਾਰ ਸਾਂ ਤੇ ਇਸ ਉੱਤੇ ਨਿਗਾਹ ਰੱਖਣਾ ਮੇਰਾ ਕੰਮ ਸੀ। ਮੈਂ ਸ਼ੋਰਬੇ ਦੀ ਇਕ ਪਲੇਟ ਖਾਧੀ, ਦਲੀਏ ਵਾਲ਼ਾ ਪੁੜਾ ਆਪਣੀ ਜੈਕਟ ਦੀ ਜੇਬ੍ਹ ਵਿਚ ਪਾਇਆ ਤੇ ਤੁਰ ਪਿਆ।

ਸਿਆਲ ਮੁੱਕਣ ਵਿਚ ਹੀ ਨਹੀਂ ਆਉਂਦਾ ਜਾਪਦਾ ਸੀ, ਪਰ ਦਿਨ ਵੱਡੇ ਹੋ ਗਏ ਸਨ। ਤੱਦ ਵੀ, ਕੁਝ-ਕੁਝ ਹਨੇਰਾ ਹੋ ਗਿਆ ਸੀ ਜਦੋਂ ਮੈਂ ਅਖੀਰ ਪੁਲ ਪਾਰ ਕੀਤਾ, ਇਕ ਮੋੜ ਮੁੜਿਆ, ਫੇਰ ਇਕ ਹੋਰ ਮੋੜ ਤੇ ਆਸਿਯਾ ਦਾ ਮਕਾਨ ਨਜ਼ਰ ਆ ਗਿਆ ਤੇ ਇਸ ਬਾਅਦ ਫਾਟਕ।

ਫਾਟਕ ਵੱਲ ਜਾਂਦੇ ਰਾਹ ਉੱਤੇ, ਜਿੱਥੇ ਰਾਤ ਹਲਕੀ-ਹਲਕੀ ਬਰਫ ਪੈ ਗਈ ਹੋਈ ਸੀ, ਪੈਰ ਦਾ ਇਕ ਵੀ ਸੱਜਰਾ ਨਿਸ਼ਾਨ ਨਹੀਂ ਸੀ। ਬਹੁਤ ਸਾਰੀਆਂ ਖਿੜਕੀਆਂ ਵਿਚੋਂ ਅੰਗੀਠੀਆਂ ਦੇ ਕਾਲੇ ਧੂੰਕਸ਼ ਬਾਹਰ ਨਿਕਲੇ ਹੋਏ ਸਨ, ਪਰ ਕਿਸੇ ਵਿਚੋਂ ਵੀ ਧੂੰਆਂ ਨਹੀਂ ਸੀ ਨਿਕਲਦਾ। ਫਾਟਕ ਵਿਚ ਜਾਣੀ-ਪਛਾਣੀ ਹੱਡਾਂ ਨੂੰ ਚੀਰ ਕੇ ਲੰਘਦੀ ਹਵਾ ਦਾ ਬੁੱਲਾ ਲੱਗਾ। ਮੈਂ ਵਿਹੜੇ ਵਿਚ ਆ ਗਿਆ। ਓਥੇ ਕੋਈ ਵੀ ਨਹੀਂ ਸੀ। ਹੇਠਲੀ ਮੰਜ਼ਲ ਦੀਆਂ ਖਿੜਕੀਆਂ ਤੱਕ ਉੱਚੇ-ਉੱਚੇ ਬਰਫ ਦੇ ਧੋੜਿਆਂ ਵਿਚਾਲੇ ਨਿੱਕੀਆਂ-ਨਿੱਕੀਆਂ ਡੰਡੀਆਂ ਉੱਤੇ ਪੈਰਾਂ ਦਾ ਕੋਈ ਨਿਸ਼ਾਨ ਨਹੀਂ ਸੀ। ਅੱਜ ਭੋਰੇ ਵਿਚੋਂ ਪਾਣੀ ਲੈਣ ਕੋਈ ਨਹੀਂ ਸੀ ਗਿਆ। ਮੈਂ ਆਪਣੀ ਕੁੰਜੀ ਨਾਲ਼ ਛਾਪੇਖਾਣੇ ਦਾ ਬੂਹਾ ਖੋਲ੍ਹਿਆ ਤੇ ਅੰਦਰ ਲੰਘ ਗਿਆ। ਹਰ ਚੀਜ਼ ਆਪਣੀ ਥਾਂ ਪਈ ਸੀ, ਕੁਝ ਵੀ ਨਹੀਂ ਸੀ ਬਦਲਿਆ। ਖਿੜਕੀਆਂ ਤੇ ਸ਼ੀਸ਼ੇ ਦੀ ਇਕ ਮੋਰੀ ਵਿਚੋਂ ਢੇਰ ਸਾਰੀ ਬਰਫ ਅੰਦਰ ਆ ਗਈ ਤੇ ਨੁੱਕਰਾਂ ਵਿਚ ਟਿਕ ਗਈ ਸੀ। ਛਾਪੇ ਦੀ ਮਸ਼ੀਨ ਦੀ ਧਾਤ ਉੱਪਰ ਬਰਫ ਦੇ ਗੋੜ੍ਹੇ ਲਿਸ਼ਕ ਰਹੇ ਸਨ। ਮੈਂ ਸੁਮਾਰੋਕੋਵ ਦੇ ਕਮਰੇ ਅੰਦਰ ਝਾਤੀ ਮਾਰੀ। ਓਥੇ ਵੀ ਸਭ ਕੁਝ ਜਿਵੇਂ-ਤਿਵੇਂ ਪਿਆ ਸੀ, ਬਿਸਤਰਾ ਓਸੇ ਤਰ੍ਹਾਂ ਤਹਿ ਲੱਗਾ ਪਿਆ ਸੀ ਜਿਵੇਂ ਮੈਂ ਛੱਡ ਗਿਆ ਸਾਂ।

ਏਥੇ ਮੇਰੇ ਕਰਨ ਵਾਲ਼ਾ ਹੋਰ ਕੋਈ ਕੰਮ ਨਹੀਂ ਸੀ। ਮੈਂ ਬਾਹਰ ਆ ਗਿਆ ਤੇ ਬੂਹੇ ਨੂੰ ਤਾਲਾ ਲਾ ਦਿੱਤਾ। ਹੁਣ ਮੈਂ ਆਸਿਯਾ ਕੋਲ਼ ਜਾ ਸਕਦਾ ਸਾਂ, ਜੇ ਮੈਨੂੰ ਇਹ ਪਤਾ ਹੁੰਦਾ ਕਿ ਉਹ ਕਿੱਥੇ ਰਹਿੰਦੀ ਹੈ। ਮੈਂ ਉਹਦੇ ਫਲੈਟ ਵਿਚ ਕਦੇ ਨਹੀਂ ਸੀ ਗਿਆ। ਮੇਰੇ ਮਨ ਵਿਚ ਇਹ ਧੁੰਦਲਾ ਜਿਹਾ

ਖਿਆਲ ਸੀ ਕਿ ਉਹ ਕਿਤੇ ਉੱਪਰਲੀ ਮੰਜ਼ਲ ’ਤੇ ਰਹਿੰਦੀ ਸੀ ਕਿਉਂਕਿ ਉਹ ਅਕਸਰ ਛਾਪੇਖਾਨੇ ਦੇ ਅੱਗੋਂ ਦੀ ਦੌੜ ਕੇ ਪੌੜੀਆਂ ਵੱਲ ਜਾਂਦੀ ਹੁੰਦੀ ਸੀ। ਪਰ ਉੱਪਰ ਤਾਂ ਕਈ ਮੰਜ਼ਲਾਂ ਤੇ ਕਈ ਫਲੈਟ ਸਨ!

ਮੈਂ ਜੱਕੋ-ਤੱਕੀ ਵਿਚ ਹਾਤੇ ਵਿਚ ਆ ਗਿਆ। ਇਸ ਆਸ ਨਾਲ਼ ਕਿ ਇਸ ਮਕਾਨ ਵਿਚ ਘੱਟੋ-ਘੱਟ ਇਕ ਬੰਦਾ ਤਾਂ ਜਿਊਂਦਾ ਬਚਿਆ ਹੋਵੇਗਾ ਜਿਸ ਨੂੰ ਮੈਂ ਆਸਿਯਾ ਬਾਰੇ ਪੁੱਛ ਸਕਾਂ। ਇਸ ਵਾਰੀ ਮੈਂ ਖ਼ੁਸ਼ਕਿਸਮਤ ਨਿਕਲਿਆ। ਇਕ ਮਧਰੀ ਜਿਹੀ ਕੁੱਬੀ ਬੁੱਢੜੀ, ਜਿਸ ਨੇ ਸ਼ਾਲ ਦੀ ਬੁੱਕਲ ਮਾਰੀ ਹੋਈ ਸੀ, ਬਰਫ ਦੇ ਇਕ ਵੱਡੇ ਸਾਰੇ ਧੋੜੇ ਪਿਛਿਓਂ ਨਿਕਲੀ ਤੇ ਕੁਝ-ਕੁਝ ਫੁਰਤੀ ਨਾਲ਼ ਸਿੱਧੀ ਮੇਰੇ ਵੱਲ ਆਈ।

“ਸੁਣਾਓ, ਤੁਸੀਂ ਜਿਊਂਦੇ ਓ!” ਉਹਨੇ ਆਖਿਆ। “ਤੇ ਮੈਂ ਸੋਚਦੀ ਸਾਂ ਕਿ ਦਸੰਬਰ ਵਿਚ ਤੁਹਾਡੀ ਮੌਤ ਹੋ ਗਈ ਸੀ।”

“ਨਹੀਂ, ਮੈਂ ਜਿਊਂਦਾ ਹਾਂ। ਤੁਸੀਂ ਆਪਣੀ ਸੁਣਾਓ।”

“ਪਛਾਣ ਲਿਆ ਮੈਨੂੰ ? ਕਿਉਂ, ਲਿੱਸੀ ਹੋ ਗਈ ਆਂ ਮੈਂ ?”

ਇਹ ਲਫਜ਼ ਸੁਣ ਕੇ ਮੈਂ ਉਸ ਨੂੰ ਪਛਾਣ ਲਿਆ। ਆਂਗੇਲੀਨਾ ਇਵਾਨੋਵਨਾ। ਜੇ ਉਹ ਗੱਲ ਨਾ ਕਰਦੀ ਮੈਂ ਉਸ ਨੂੰ ਨਹੀਂ ਸੀ ਪਛਾਣ ਸਕਣਾ।

“ਸਾਰੇ ਮਰ ਗਏ, ਸਾਰੇ ਹੀ!” ਉਸ ਨੇ ਆਖਿਆ। ਜਦੋਂ ਮੈਂ ਇਹ ਪੁੱਛਿਆ ਕਿ ਆਸਿਯਾ ਕੁੜੀ, ਜਿਹੜੀ ਚਿੱਟੀ ਗਰਮ ਸ਼ਾਲ ਲਈ ਫਿਰਦੀ ਰਹਿੰਦੀ ਸੀ, ਜਿਊਂਦੀ ਹੈ। “ਸਭ ਮਰ ਗਏ, ਸਭਨਾਂ ਫਲੈਟਾਂ ਵਿਚ!” ਲੱਗਦਾ ਸੀ ਜਿਵੇਂ ਉਹ ਇਸ ਗੱਲ ਦੀ ਆਪਣੇ ਆਪ ਨੂੰ ਵਧਾਈ ਦੇ ਰਹੀ ਹੋਵੇ, ਕਿਉਂਕਿ ਇਸ ਤੋਂ ਇਹ ਸਾਬਤ ਹੁੰਦਾ ਸੀ ਕਿ ਉਹਦੀ ਗੱਲ ਠੀਕ ਨਿਕਲੀ ਸੀ। “ਮੈਂ ਹਾਲੇ ਜਿਊਂਦੀ ਆਂ, ਪਰ ਹੁਣ ਬਹੁਤੇ ਦਿਨ ਨਹੀਂ ਰਹਿ ਗਏ... ਆਸਿਯਾ ? ਉਹ ਮੰਨਦੀ ਹੀ ਨਹੀਂ ਸੀ, ਦਗੜ-ਦਗੜ ਕਰਦੀ ਫਿਰਦੀ, ਲੋਕਾਂ ਨੂੰ ਪਾਣੀ ਲਿਆ ਲਿਆ ਕੇ ਦੇਂਦੀ, ਬਦੋ-ਬਦੀ ਉਹਨਾਂ ਨੂੰ ਉਠਾਉਂਦੀ ਤੇ ਤੁਰਾਉਂਦੀ, ਪਰ ਇਹ ਚੰਗੀ ਗੱਲ ਨਹੀਂ ਸੀ। ਪਹਿਲਾਂ ਉਹਦੀ ਮਾਂ ਮਰ ਗਈ, ਫੇਰ ਉਹ ਆਪ...”

ਹੁਣ ਮੇਰੇ ਸਾਮ੍ਹਣੇ ਇਸ ਤੋਂ ਸਿਵਾਏ ਹੋਰ ਕੁਝ ਨਹੀਂ ਸੀ ਰਹਿ ਗਿਆ ਕਿ ਵਾਪਸ ਬੰਦਰਗਾਹ ਬੱਜਰੇ ਵਿਚ ਚਲਾ ਜਾਵਾਂ। ਪਰ ਮੈਂ ਅਟਕਿਆ ਰਿਹਾ। ਮੈਨੂੰ ਆਂਗੇਲੀਨਾ ਇਵਾਨੋਵਨਾ ਦੀ ਗੱਲ ਦਾ ਯਕੀਨ ਨਹੀਂ ਸੀ ਆਉਂਦਾ। ਓਹਨੇ ਆਸਿਯਾ ਨੂੰ ਵੀ ਤਾਂ ਆਖਿਆ ਸੀ ਕਿ ਮੈਂ ਮਰ ਗਿਆ ਸਾਂ — ਹਾਲਾਂਕਿ ਮੈਂ ਜਿਊਂਦਾ ਸਾਂ। ਪੂਰੀ ਤਸੱਲੀ ਕੀਤੇ ਬਗ਼ੈਰ ਮੈਂ ਨਹੀਂ ਸੀ ਮੁੜ ਸਕਦਾ।

“ਉਨਤਾਲੀ ਨੰਬਰ ਦਾ ਫਲੈਟ ਏ ਉਹਦਾ,” ਆਂਗੇਲੀਨਾ ਇਵਾਨੋਵਨਾ ਨੇ ਮੇਰੀ ਬੇਵਿਸ਼ਵਾਸੀ ਤੋਂ ਖਫਾ ਹੁੰਦਿਆਂ ਆਖਿਆ। “ਚੌਥੀ ਮੰਜ਼ਲ ਉੱਤੇ। ਜਾਓ ਵੇਖ ਆਓ, ਜੇ ਚਾਰ ਮੰਜ਼ਲਾਂ ਚੜ੍ਹ ਸਕਦੇ ਓ ਤਾਂ...”

ਮੈਂ ਚੌਥੀ ਮੰਜ਼ਲ ’ਤੇ ਗਿਆ।

“ਤੁਸੀਂ ਹੋ ?”

“ਮੈਂ! ਮੈਂ!”

"ਸੱਚਮੁਚ, ਤੁਸੀਂ ?"

"ਮੈਂ !"

"ਅਜੀਬ ਗੱਲ ਏ !"

"ਕੀ ?"

ਉਹ ਲਗਪਗ ਮੂੰਹ ਵਿਚੋਂ ਅਵਾਜ਼ ਕੱਢੇ ਬਗ਼ੈਰ ਹੀ ਬੋਲੀ, ਤੇ ਮੈਨੂੰ ਲੱਗਾ ਕਿ ਮੈਂ ਉਹਦੀ ਗੱਲ ਸੁਣੀ ਨਹੀਂ।

"ਅਜੀਬ ਗੱਲ ਏ !"

ਮੈਂ ਇਕ ਵੱਡੇ ਸਾਰੇ ਫਲੈਟ ਦੀ ਇਕ ਨੁੱਕਰ ਵਿਚ ਉਹਨੂੰ ਲੱਭ ਲਿਆ ਸੀ। ਅੰਦਰ ਵੜਨ ਤੋਂ ਪਹਿਲਾਂ ਮੈਂ ਬੂਹਾ ਖੜਾਉਣ ਲੱਗਾ ਸਾਂ ਪਰ ਵੇਖਿਆ ਕਿ ਬੂਹਾ ਬੰਦ ਨਹੀਂ ਸੀ ਤੇ ਮੈਂ ਬੂਹਾ ਖੋਹਲ ਲਿਆ। ਉਸ ਸਿਆਲ ਫਲੈਟਾਂ ਦੇ ਬੂਹੇ ਅਕਸਰ ਖੁੱਲ੍ਹੇ ਹੀ ਰਹਿਣ ਦਿੱਤੇ ਜਾਂਦੇ ਸਨ ਕਿਉਂਕਿ ਉੱਠਣਾ ਤੇ ਬੂਹਾ ਖੋਹਲਣਾ ਬਹੁਤ ਔਖਾ ਸੀ।

ਅਗਲੇ ਕਮਰੇ ਵਿਚ ਪੌੜੀਆਂ ਨਾਲੋਂ ਬਹੁਤਾ ਨਿੱਘ ਨਹੀਂ ਸੀ। ਕਮਰਿਆਂ ਦੀਆਂ ਖਿੜਕੀਆਂ ਅੱਗੇ ਪਰਦੇ ਤਣੇ ਹੋਏ ਸਨ। ਹਨੇਰੇ ਨੇ ਮੈਨੂੰ ਘੇਰ ਲਿਆ ਸੀ। ਮੈਂ ਇਕ ਦੋ ਅਵਾਜ਼ਾਂ ਮਾਰੀਆਂ, ਪਰ ਅੱਗੋਂ ਬੋਲਿਆ ਕੋਈ ਨਹੀਂ। ਮੈਂ ਆਪਣੀ ਟਾਰਚ ਕੱਢੀ, ਸੈਲ ਤਕਰੀਬਨ ਮੁੱਕਣ ਹੀ ਵਾਲ਼ੇ ਸਨ ਤੇ ਇਹ ਬਹੁਤ ਫਿੱਕਾ ਜਿਹਾ ਚਾਨਣ ਸੁੱਟਦੀ ਸੀ। ਮੈਂ ਇਕ ਬੂਹਾ ਖੋਹਲਿਆ, ਫੇਰ ਦੂਜਾ ਬੂਹਾ ਖੋਹਲਿਆ, ਤੇ ਮੱਧਮ ਜਿਹੇ ਚਾਨਣ ਦਾ ਟਿਮਕਣਾ ਕੰਧਾਂ ਉੱਤੇ ਤਿਲਕਦਾ ਗਿਆ।

ਮੈਂ ਵੇਖਿਆ ਕਿ ਫਰਸ਼ ਉੱਤੇ ਚਾਨਣ ਦੀ ਇਕ ਕਤਾਰ ਜਿਹੀ ਪੈਂਦੀ ਸੀ। ਇਹ ਚਾਨਣ ਦਰਵਾਜੇ ਦੇ ਹੇਠੋਂ ਆਉਂਦਾ ਸੀ ਤੇ ਮੈਂ ਦਰਵਾਜੇ ਨੂੰ ਧੱਕਿਆ।

ਪਰਦੇ ਤੋਂ ਬਗੈਰ ਇਕ ਖਿੜਕੀ ਵਿਚੋਂ ਸਿਆਲ ਦਾ ਘੁਸਮੁਸਾ ਜਿਹਾ ਕਮਰੇ ਅੰਦਰ ਆ ਵੜਿਆ। ਕੰਧ ਉੱਤੇ ਇਕ ਘੜੀ ਲੱਗੀ ਹੋਈ ਸੀ ਜਿਸ ਦਾ ਪੈਂਡੂਲਮ ਹਿਲ ਰਿਹਾ ਸੀ ਤੇ ਖਾਮੋਸ਼ੀ ਵਿਚ ਘੜੀ ਦੀ ਟਿਕ-ਟਿਕ ਦੀ ਅਵਾਜ਼ ਬੇਹੱਦ ਉੱਚੀ ਸੁਣਾਈ ਦੇ ਰਹੀ ਸੀ। ਜੇ ਘੜੀ ਚਲਦੀ ਸੀ ਤਾਂ ਕੋਈ ਕਿਸੇ ਵੇਲ਼ੇ ਇਸ ਨਾਲ਼ ਬੱਝਾ ਭਾਰ ਜ਼ਰੂਰ ਖਿੱਚਦਾ ਸੀ। ਕੰਧਾਂ ਦੇ ਨਾਲ ਦੋ ਪਲੰਘ ਸਨ। ਇਕ ਖਾਲੀ ਸੀ, ਦੂਜੇ ਉੱਤੇ ਕੱਪੜਿਆਂ ਦਾ ਢੇਰ ਲੱਗਾ ਹੋਇਆ ਸੀ। ਢੇਰ ਨੂੰ ਇਕ ਪਾਸੇ ਤੋਂ ਖਿੱਚਿਆ ਤਾਂ ਮੈਨੂੰ ਆਸਿਯਾ ਦਾ ਚਿਹਰਾ ਨਜ਼ਰ ਆਇਆ।

ਘੁਸਮੁਸੇ ਵਿਚ ਇਹ ਇਕ ਧੁੰਦਲਾ ਜਿਹਾ ਅਹਿਲ ਚਿੱਟਾ ਧੱਬਾ ਜਿਹਾ ਸੀ। ਗੋਡਿਆਂ ਪਰਨੇ ਹੋ ਕੇ ਮੈਂ ਆਪਣੇ ਕੰਨ ਉਹਦੇ ਬੁੱਲ੍ਹਾਂ ਦੇ ਕੋਲ਼ ਕੀਤੇ। ਉਹ ਸਾਹ ਲੈ ਰਹੀ ਸੀ। ਉਹ ਸੁੱਤੀ ਹੋਈ ਸੀ।

ਮੈਂ ਉਸ ਨੂੰ ਜਗਾਉਣਾ ਨਹੀਂ ਸੀ ਚਾਹੁੰਦਾ। ਮੈਂ ਚਾਹੁੰਦਾ ਸਾਂ ਪਹਿਲਾਂ ਅੱਗ ਬਾਲ ਲਵਾਂ ਤੇ ਦਲ਼ੀਆ ਰਿੰਨ੍ਹ ਲਵਾਂ। ਮੈਨੂੰ ਲੱਕੜਾਂ ਤੇ ਪਾਣੀ ਲੱਭ ਪਿਆ ਸੀ। ਮੈਂ ਹੈਰਾਨ ਸਾਂ ਕਿ ਉਸ ਨੇ ਸਭ ਚੀਜ਼ਾਂ ਰੱਖੀਆਂ ਹੋਈਆਂ ਸਨ। ਅੰਗੀਠੀ ਵਿਚ ਅੱਗ ਕਿਉਂ ਨਹੀਂ ਸੀ, ਕਮਰੇ ਵਿਚ ਏਨੀ ਠੰਡ ਕਿਉਂ ਸੀ ? ਬਾਲਟੀ ਵਿਚ ਪਏ ਪਾਣੀ ਉੱਤੇ ਦੋ ਦੋ ਉਂਗਲ ਮੋਟੀ ਬਰਫ ਜੰਮੀ ਹੋਈ

ਸੀ। ਜਿੰਨੇ ਚਿਰ ਵਿਚ ਮੈਂ ਅੱਗ ਬਾਲੀ ਤੇ ਪਾਣੀ ਗਰਮ ਕੀਤਾ, ਹਨੇਰਾ ਹੋਰ ਗੂੜ੍ਹਾ ਹੋ ਗਿਆ। ਮੈਂ ਖੁੱਲ੍ਹੀ ਅੰਗੀਠੀ ਦੇ ਸਾਮ੍ਹਣੇ ਪਥੱਲਾ ਮਾਰੀ ਬੈਠਾ ਸਾਂ ਜਦੋਂ ਮੈਂ ਮਹਿਸੂਸ ਕੀਤਾ ਕਿ ਉਹ ਮੇਰੇ ਵੱਲ ਵੇਖ ਰਹੀ ਸੀ।

ਮੈਂ ਉੱਠ ਖੜ੍ਹਾ ਹੋਇਆ। ਉਸ ਨੇ ਮੈਨੂੰ ਪਛਾਣ ਲਿਆ ਸੀ ਤੇ ਵਾਰ-ਵਾਰ ਆਖੀ ਜਾਂਦੀ ਸੀ: "ਕੇਡੀ ਅਜੀਬ ਗੱਲ ਏ !" ਅਤੇ ਢੇਰ ਚਿਰ ਤੱਕ ਮੈਂ ਸਮਝ ਨਾ ਸਕਿਆ ਉਸ ਨੂੰ ਕਿਹੜੀ ਗੱਲ ਏਡੀ ਅਜੀਬ ਜਾਪਦੀ ਸੀ।

"ਕੇਡੀ ਅਜੀਬ ਗੱਲ ਏ, ਨਹੀਂ ? ਕੇਡੀ ਅਜੀਬ ਗੱਲ ਏ ਕਿ ਮੈਂ ਫੇਰ ਜਾਗ ਪਈ। ਕੇਡੀ ਅਜੀਬ ਗੱਲ ਏ ਕਿ ਤੁਸੀਂ ਫੇਰ ਆ ਗਏ ! ਤੁਸੀਂ ਬੰਦਰਗਾਹ ਜਾਣਾ ਸੀ। ਮੈਂ ਜਾਣਦੀ ਆਂ ਕਿ ਤੁਸੀਂ ਗਏ ਸੀ, ਪਰ ਮੈਂ ਕਦੇ ਨਹੀਂ ਸੀ ਸੋਚਿਆ ਕਿ ਤੁਹਾਡੇ ਨਾਲ਼ ਫੇਰ ਮੇਲ ਹੋਵੇਗਾ... ਸਭ ਕੁਝ ਕੇਡਾ ਅਜੀਬ ਏ... ਕੇਡਾ ਅਜੀਬ ਏ ਕਿ ਮੈਂ ਮਰ ਰਹੀ ਆਂ.."

ਉਹ ਬਹੁਤ ਹੌਲ਼ੀ-ਹੌਲ਼ੀ ਬੋਲਦੀ ਸੀ ਪਰ ਮੈਂ ਇਕ ਇਕ ਲਫਜ਼ ਸੁਣ ਲਿਆ ਸੀ।

"ਤੁਸੀਂ ਨਹੀਂ ਮਰਨਾ," ਮੈਂ ਆਖਿਆ।

"ਮੈਂ ਸਾਰਿਆਂ ਨੂੰ ਏਸੇ ਤਰ੍ਹਾਂ ਕਹਿੰਦੀ ਸਾਂ। ਤੇ ਉਹ ਸਭ ਮਰ ਗਏ।"

"ਤੁਸੀਂ ਮੈਨੂੰ ਵੀ ਏਹੋ ਆਖਿਆ ਸੀ। ਤੇ ਮੈਂ ਨਹੀਂ ਮਰਿਆ।"

"ਮੈਨੂੰ ਪਤਾ ਸੀ ਕਿ ਤੁਸੀਂ ਨਹੀਂ ਮਰਨਾ। ਸਿਰਫ ਸ਼ੁਰੂ ਵਿਚ ਮੇਰੇ ਕੋਲੋਂ ਗ਼ਲਤੀ ਹੋ ਗਈ ਸੀ। ਜਦੋਂ ਮੈਂ ਤੁਹਾਨੂੰ ਇਕੱਲਿਆਂ ਛਾਪੇਖਾਨੇ ਵਿਚ ਵੇਖਿਆ, ਮੇਰਾ ਭੁਲੇਖਾ ਦੂਰ ਹੋ ਗਿਆ ਸੀ। ਪਰ ਉਸ ਤੋਂ ਮਗਰੋਂ ਕਿੰਨੇ ਲੋਕ ਮਰ ਗਏ, ਤੇ ਮੈਂ ਵੇਖਿਆ ਕਿਵੇਂ ਉਹਨਾਂ ਦੀ ਜਾਨ ਨਿਕਲੀ ! ਮੈਂ ਮੌਤ ਬਾਰੇ ਸਭ ਕੁਝ ਜਾਣਦੀ ਆਂ ਤੇ ਜ਼ਿੰਦਗੀ ਬਾਰੇ ਕੁਝ ਨਹੀਂ ਜਾਣਦੀ। ਅਜੀਬ ਗੱਲ ਨਹੀਂ ?"

"ਹੁਣ ਨਿੱਘ ਹੋ ਜਾਏਗਾ," ਮੈਂ ਅੰਗੀਠੀ ਵਿਚ ਝੁਲਕਾ ਦੇਂਦਿਆਂ ਆਖਿਆ "ਨਿੱਘ ਹੋ ਵੀ ਗਿਆ ਹੈ। ਤੁਹਾਨੂੰ ਮਹਿਸੂਸ ਨਹੀਂ ਹੁੰਦਾ ?"

"ਨਹੀਂ, ਨਹੀਂ ਮਹਿਸੂਸ ਹੁੰਦਾ," ਉਸ ਨੇ ਜਵਾਬ ਦਿੱਤਾ। "ਮੈਨੂੰ ਹੁਣ ਗਰਮੀ ਜਾਂ ਸਰਦੀ ਮਹਿਸੂਸ ਨਹੀਂ ਹੁੰਦੀ। ਮੈਂ ਖੁਸ਼ ਆਂ ਕਿ ਤੁਹਾਨੂੰ ਨਿੱਘ ਆ ਗਿਆ। ਮੈਨੂੰ ਕੁਝ ਵੀ ਮਹਿਸੂਸ ਨਹੀਂ ਹੁੰਦਾ, ਨਾ ਲੱਤਾਂ, ਨਾ ਬਾਹਵਾਂ, ਜਿਵੇਂ ਹੋਣ ਹੀ ਨਾ। ਮੇਰੇ ਵਿਚ ਜਾਨ ਨਹੀਂ, ਪਰ ਦਿਮਾਗ਼ ਵਿਚ ਚਾਨਣ ਏ, ਇਹ ਨਹੀਂ ਬੁਝਿਆ ਉਡੀਕ ਰਹੀਂ ਆਂ, ਕਦੋਂ ਬੁਝਦਾ ਏ।"

ਮੈਂ ਚੁੱਪ ਕਰਕੇ ਬੈਠਾ ਵੇਖ ਰਿਹਾ ਸਾਂ ਕਿ ਤਸਲੇ ਵਿਚੋਂ ਭਾਫ ਨਿਕਲਣ ਲੱਗ ਪਈ ਸੀ। ਜਦੋਂ ਪਾਣੀ ਉਬਲ ਗਿਆ, ਪੁੜਾ ਆਪਣੀ ਜੇਬ ਵਿਚੋਂ ਕੱਢਾਂਗਾ ਤੇ ਤਸਲੇ ਵਿਚ ਉਲੱਦ ਦੇਵਾਂਗਾ ਤੇ ਦਲ਼ੀਆ ਬਣ ਜਾਏਗਾ। ਮੌਤ ਦੀਆਂ ਗੱਲਾਂ ਕਰਨੋਂ ਹਟ ਜਾਏਗੀ, ਜਦੋਂ ਉਹਨੇ ਵੇਖਿਆ ਕਿ ਮੈਂ ਉਹਦੇ ਵਾਸਤੇ ਦਲ਼ੀਆ ਲੈ ਕੇ ਆਇਆ ਹਾਂ।

"ਜਦੋਂ ਮਾਂ ਹਾਲੇ ਜਿਊਂਦੀ ਸੀ, ਮੈਂ ਸਭ ਕੁਝ ਕਰ ਸਕਦੀ ਸਾਂ," ਉਹ ਆਖਣ ਲੱਗੀ। "ਰੋਟੀ ਲੈਣ ਜਾਂਦੀ ਸਾਂ, ਪਾਣੀ ਲਿਆਉਂਦੀ ਸਾਂ ਤੇ ਅੰਗੀਠੀ ਭਖਾਉਂਦੀ ਸਾਂ। ਸਿਰਫ ਮਾਂ ਵਾਸਤੇ ਹੀ ਨਹੀਂ, ਸਾਰਿਆਂ ਵਾਸਤੇ। ਮੈਨੂੰ ਇਸ ਇਮਾਰਤ ਦੀਆਂ ਸਭਨਾਂ ਅੰਗੀਠੀਆਂ ਦਾ

ਪਤਾ ਸੀ। ਮੈਂ ਨਹੀਂ ਸੀ ਚਾਹੁੰਦੀ ਕਿ ਲੋਕ ਮਰਨ, ਮੈਂ ਚਾਹੁੰਦੀ ਸਾਂ ਕਿ ਉਹ ਜਿਊਂਦੇ ਰਹਿਣ, ਜਿਊਂਦੇ ਰਹਿਣ, ਜਿਊਂਦੇ ਰਹਿਣ... ਮਰਨ ਵੇਲ਼ੇ ਮਾਂ ਨੇ ਚੀਕਾਂ ਮਾਰੀਆਂ ਤੇ ਰੋ ਪਈ ਸੀ। ਉਹ ਕੁਝ ਨਹੀਂ ਸੀ ਸਮਝਦੀ, ਮੈਨੂੰ ਪਛਾਣਦੀ ਵੀ ਨਹੀਂ ਸੀ, ਤਾਂ ਵੀ ਉਸ ਨੂੰ ਪੀੜ ਮਹਿਸੂਸ ਹੁੰਦੀ ਸੀ.. ਹੋ ਸਕਦਾ ਏ ਓਦੋਂ ਵੀ ਪੀੜ ਹੁੰਦੀ ਹੋਵੇ ਜਦੋਂ ਕਿਸੇ ਗੱਲ ਦੀ ਹੋਸ਼ ਨਹੀਂ ਹੁੰਦੀ!..ਕੇਡੀ ਅਜੀਬ ਗੱਲ ਏ, ਜਦੋਂ ਕਿਸੇ ਗੱਲ ਦੀ ਹੋਸ਼ ਨਹੀਂ ਹੁੰਦੀ ਪਰ ਪੀੜ ਮਹਿਸੂਸ ਹੁੰਦੀ ਏ! ਮੈਨੂੰ ਕੋਈ ਪੀੜ ਮਹਿਸੂਸ ਨਹੀਂ ਹੁੰਦੀ। ਜਦੋਂ ਮਾਂ ਦੀਆਂ ਚੀਕਾਂ ਬੰਦ ਹੋਈਆਂ ਤੇ ਉਹ ਠੰਡੀ ਹੋ ਗਈ ਤਾਂ ਮੈਂ ਉਹਨੂੰ ਚੁੱਕ ਕੇ ਦੂਜੇ ਕਮਰੇ ਵਿਚ ਲੈ ਗਈ ਤੇ ਫਰਸ਼ ਉੱਤੇ ਪਾ ਦਿੱਤਾ। ਤੇ ਮੈਂ ਡਿੱਗ ਪਈ। ਮੇਰੀਆਂ ਲੱਤਾਂ ਜਵਾਬ ਦੇ ਗਈਆਂ ਸਨ। ਮੈਂ ਰੀਂਗ ਕੇ ਵਾਪਸ ਆਈ। ਪੂਰਾ ਘੰਟਾ ਲੱਗ ਗਿਆ ਸੀ..''

''ਕਦੋਂ ਦੀ ਗੱਲ ਹੈ?''

''ਪਤਾ ਨਹੀਂ, ਬੜੇ ਚਿਰ ਦੀ।''

''ਕੱਲ੍ਹ?''

''ਨਹੀਂ, ਕੱਲ੍ਹ ਨਹੀਂ। ਬਹੁਤ ਪਹਿਲਾਂ। ਹਫਤਾ ਹੋ ਗਿਆ ਏ। ਨਹੀਂ, ਤਿੰਨ ਜਾਂ ਚਾਰ ਦਿਨ। ਜੇ ਹਫਤਾ ਹੋ ਗਿਆ ਹੁੰਦਾ ਤਾਂ ਘੜੀ ਖਲੋ ਜਾਣੀ ਸੀ..''

ਮੈਂ ਘੜੀ ਉੱਤੇ ਨਜ਼ਰ ਮਾਰੀ। ਇਕ ਪਾਸੇ ਦਾ ਵੱਟਾ ਬਹੁਤ ਉੱਪਰ ਚਲਾ ਗਿਆ ਹੋਇਆ ਸੀ ਤੇ ਦੂਜੇ ਪਾਸੇ ਦਾ ਤਕਰੀਬਨ ਭੁੰਜੇ ਆ ਲੱਗਾ ਸੀ। ਮੈਂ ਹੇਠਾਂ ਆ ਗਏ ਵੱਟੇ ਨੂੰ ਖਿੱਚ ਕੇ ਉੱਪਰ ਕਰ ਦਿੱਤਾ।

''ਮੈਂ ਮਰ ਜਾਵਾਂਗੀ ਤੇ ਘੜੀ ਟਿਕ ਟਿਕ ਕਰਦੀ ਰਹੇਗੀ। ਕੇਡੀ ਅਜੀਬ ਗੱਲ ਏ।''

''ਤੁਸੀਂ ਨਹੀਂ ਮਰੋਗੇ!'' ਮੈਂ ਵਿਚੋਂ ਬੋਲ ਪਿਆ। ''ਵੇਖੋ, ਮੈਂ ਕੀ ਲੈ ਕੇ ਆਇਆ ਹਾਂ!''

ਤਸਲੇ ਦਾ ਪਾਣੀ ਉਬਲਣ ਲੱਗ ਪਿਆ ਸੀ। ਮੈਂ ਪੁੜਾ ਆਪਣੀ ਜੇਬ ਵਿਚੋਂ ਕੱਢਿਆ ਤੇ ਆਸਿਯਾ ਨੂੰ ਵਿਖਾਇਆ।

''ਇਹ ਕੀ ਏ?''

''ਦਲ਼ੀਆ!'' ਮੈਂ ਖ਼ੁਸ਼ੀ ਨਾਲ਼ ਬੋਲ ਉੱਠਿਆ।

''ਹੂੰ,'' ਉਸ ਨੇ ਬੇਪ੍ਰਵਾਹੀ ਨਾਲ਼ ਆਖਿਆ।

''ਦਲ਼ੀਆ, ਦਲ਼ੀਆ,'' ਮੈਂ ਪੁੜੇ ਵਿਚੋਂ ਦਲੀਆ ਤਸਲੇ ਵਿਚ ਪਾਉਂਦਿਆਂ ਦੁਹਰਾਇਆ। ''ਹੁਣੇ ਦਲ਼ੀਆ ਬਣ ਜਾਏਗਾ, ਬਹੁਤ ਸਾਰਾ ਦਲ਼ੀਆ।''

ਉਹ ਚੁੱਪ ਸੀ ਤੇ ਮੈਂ ਸੋਚਿਆ ਕਿ ਉਸ ਨੇ ਮੇਰੀ ਗੱਲ ਸਮਝੀ ਨਹੀਂ ਜਾਂ ਉਹਨੂੰ ਮੇਰੇ ਉੱਤੇ ਵਿਸ਼ਵਾਸ ਨਹੀਂ ਆਇਆ। ਪਰ ਉਸ ਨੇ ਮੇਰੀ ਗੱਲ ਬਹੁਤ ਚੰਗੀ ਤਰ੍ਹਾਂ ਸਮਝ ਲਈ ਹੋਈ ਸੀ।

''ਤੁਸੀਂ ਆਪ ਨਹੀਂ ਖਾਧਾ ਤੇ ਮੇਰੇ ਵਾਸਤੇ ਲੈ ਆਂਦਾ,'' ਉਸ ਨੇ ਆਖਿਆ। ''ਤੇ ਮੈਨੂੰ ਇਸ ਦੀ ਲੋੜ ਨਹੀਂ। ਤੁਸੀਂ ਖਾਓ ਤੇ ਮੈਂ ਵੇਖਾਂਗੀ, ਤੁਸੀਂ ਕਿਸ ਤਰ੍ਹਾਂ ਖਾਂਦੇ ਓ।''

''ਤੁਸੀਂ, ਤੁਸੀਂ ਵੀ ਖਾਓਗੇ!''

''ਮੈਂ ਨਹੀਂ ਖਾ ਸਕਦੀ। ਵੇਖੋ।''

ਮੈਨੂੰ ਫੌਰਨ ਸਮਝ ਨਹੀਂ ਆਈ ਕਿ ਮੈਂ ਕਿਧਰ ਵੇਖਾਂ, ਕਿਉਂਕਿ ਹਨੇਰਾ ਸੀ ਤੇ ਉਹ ਮੈਨੂੰ ਚੰਗੀ ਤਰ੍ਹਾਂ ਨਜ਼ਰ ਨਹੀਂ ਸੀ ਆਉਂਦੀ।

"ਐਧਰ ਵੇਖੋ, ਐਧਰ, ਆਪਣਾ ਹੱਥ ਕਰੋ ਸਿਰ੍ਹਾਣੇ ਹੇਠਾਂ," ਉਸ ਨੇ ਕਿਹਾ।

ਮੈਂ ਉਹਦੇ ਸਿਰ੍ਹਾਣੇ ਹੇਠਾਂ ਹੱਥ ਪਾਇਆ ਤੇ ਇਕ ਇਕ ਕਰਕੇ ਰੋਟੀ ਦੇ ਕਈ ਭੋਰੇ ਨਿਕਲ ਆਏ।

"ਤੁਹਾਡੇ ਕੋਲ਼ ਰੋਟੀ ਹੈ!"

"ਖਾਓ," ਉਸ ਨੇ ਆਖਿਆ।

"ਤੇ ਤੁਸੀਂ, ਤੁਸੀਂ ਕਿਉਂ ਨਹੀਂ ਖਾਧੀ?"

"ਨਹੀਂ ਖਾ ਸਕਦੀ। ਨਿਗਲ ਨਹੀਂ ਸਕਦੀ। ਬਾਹਰ ਨੂੰ ਆਉਂਦੀ ਏ। ਮੈਨੂੰ ਪਤਾ ਏ ਇਸ ਦਾ ਕੀ ਮਤਲਬ ਏ।"

ਮੈਂ ਚੁੱਪ ਸਾਂ। ਮੈਨੂੰ ਵੀ ਪਤਾ ਸੀ, ਇਸ ਦਾ ਕੀ ਮਤਲਬ ਹੈ।

"ਬਹੁਤ ਦਿਨ ਹੋਏ ਸ਼ੁਰੂ ਹੋਇਆ?" ਮੈਂ ਹੌਲ਼ੀ ਜਿਹੀ ਪੁੱਛਿਆ।

"ਬਹੁਤ ਦਿਨ। ਮਾਂ ਹਾਲੇ ਜਿਊਂਦੀ ਸੀ।"

"ਤੱਦ ਤੋਂ ਤੁਸੀਂ ਕੁਝ ਵੀ ਨਹੀਂ ਖਾਧਾ?"

"ਕੁਝ ਨਹੀਂ। ਮੈਨੂੰ ਇਸ ਤਰ੍ਹਾਂ ਸੌਖ ਏ। ਮੈਂ ਬੜੀ ਵਾਰੀ ਵੇਖਿਆ ਏ। ਮੈਂ ਨਹੀਂ ਖਾ ਸਕਦੀ।"

ਮੈਂ ਵੀ ਬੜੀ ਵਾਰੀ ਵੇਖਿਆ ਸੀ ਕਿ ਜੇ ਬੰਦੇ ਦੇ ਮਿਹਦੇ ਵਿਚ ਰਸ ਨਾ ਰਹੇ ਤਾਂ ਉਹ ਫੇਰ ਕਦੇ ਨਹੀਂ ਖਾ ਸਕਦਾ। ਪਰ ਮੈਂ ਹਾਲੇ ਵੀ ਜ਼ਿੱਦ ਕਰ ਰਿਹਾ ਸੀ।

"ਦਲ਼ੀਆ!" ਮੈਂ ਫੇਰ ਆਖਿਆ। "ਸੁੱਕੀ ਰੋਟੀ ਨਹੀਂ, ਸਗੋਂ ਨਰਮ ਕੋਸਾ ਦਲ਼ੀਆ!"

"ਨਹੀਂ ਲੋੜ," ਉਸ ਨੇ ਤਰਲਾ ਲੈ ਕੇ ਆਖਿਆ।

ਤੇ ਮੈਂ ਚੁੱਪ ਹੋ ਗਿਆ।

ਹੁਣ ਪੂਰੀ ਤਰ੍ਹਾਂ ਹਨੇਰਾ ਹੋ ਗਿਆ ਸੀ। ਫਰਸ਼ 'ਤੇ ਕੰਧਾਂ ਉੱਤੇ ਸਿਰਫ ਅੰਗੀਠੀ ਦਾ ਹੀ ਲਾਲ ਚਾਨਣ ਥਿਰਕਦਾ ਨੱਚਦਾ ਸੀ। ਆਸਿਯਾ ਅਹਿਲ ਪਈ ਸੀ ਤੇ ਮੈਂ ਉਹਦੇ ਵੱਲ ਵੇਖ ਰਿਹਾ ਸਾਂ। ਮੈਂ ਇਹ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਉਹਦੀਆਂ ਅੱਖਾਂ ਖੁੱਲ੍ਹੀਆਂ ਹਨ ਜਾਂ ਬੰਦ। ਪਰ ਹਨੇਰੇ ਵਿਚ ਮੈਨੂੰ ਉਹਦਾ ਚਿਹਰਾ ਵਿਖਾਈ ਨਹੀਂ ਸੀ ਦੇਂਦਾ। ਅੰਗੀਠੀ ਦੀ ਤਿੜ-ਤਿੜ ਤੇ ਘੜੀ ਦੀ ਟਿਕ-ਟਿਕ ਕਰਕੇ ਮੈਨੂੰ ਉਹਦੇ ਸਾਹਾਂ ਦੀ ਅਵਾਜ਼ ਵੀ ਸੁਣਾਈ ਨਹੀਂ ਸੀ ਦੇਂਦੀ। ਕਿਸੇ ਵੇਲੇ ਮੈਨੂੰ ਜਾਪਦਾ ਜਿਵੇਂ ਉਹ ਸਾਹ ਨਹੀਂ ਸੀ ਲੈ ਰਹੀ... ਤੇ ਅਚਾਨਕ ਹੀ ਉਸ ਨੇ ਕੁਝ ਆਖਿਆ।

ਮੈਂ ਦੁਬਾਰਾ ਪੁੱਛਿਆ। ਮੈਨੂੰ ਸੁਣਾਈ ਨਹੀਂ ਸੀ ਦਿੱਤਾ।

ਉਸ ਨੇ ਫੇਰ ਆਖਿਆ, ਪਰ ਮੈਨੂੰ ਹਾਲੇ ਵੀ ਕੁਝ ਨਹੀਂ ਸੁਣਿਆ। ਮੈਂ ਮੰਜੇ ਦੀ ਬਾਹੀ ਉੱਤੇ ਬਹਿ ਗਿਆ ਤੇ ਉਹਦੇ ਉੱਤੇ ਉਲਰ ਗਿਆ।

"ਤੁਪਕੇ ਡਿਗਦੇ ਸਨ," ਉਸ ਨੇ ਬਹੁਤ ਹੌਲ਼ੀ ਜਿਹੀ ਆਖਿਆ। "ਅੱਜ ਖਿੜਕੀ ਵਿਚ

ਸੂਰਜ ਚਮਕਿਆ ਸੀ, ਤੇ ਮੈਂ ਤੁਪਕੇ ਡਿੱਗਦੇ ਵੇਖੇ ਸਨ। ਹੇਠਾਂ ਡਿੱਗਦੇ ਤੁਪਕਿਆਂ ਦੇ ਪਰਛਾਵੇਂ। ਧੁੱਪ ਨਾਲ਼ ਬਰਫ ਢਲ ਰਹੀ ਏ।"

"ਥੋੜ੍ਹੀ ਥੋੜ੍ਹੀ।" ਮੈਂ ਆਖਿਆ, "ਬਹੁਤ ਨਹੀਂ।"

"ਬਹਾਰ ਆਏਗੀ ਪਰ ਮੈਂ ਨਹੀਂ ਵੇਖਾਂਗੀ। ਕੇਡੀ ਅਜੀਬ ਗੱਲ ਏ। ਜਦੋਂ ਮੈਂ ਮਰ ਗਈ, ਮੇਰੇ ਵਾਸਤੇ ਇਕੋ ਗੱਲ, ਠੀਕ ਏ ਨਾ ? ਜਿਹੜਾ ਮਰ ਗਿਆ, ਉਹਦੇ ਵਾਸਤੇ ਇਕੋ ਗੱਲ। ਠੀਕ ਏ ਨਾ ?"

"ਠੀਕ ਏ," ਮੈਂ ਆਖਿਆ।

"ਇਹ ਸਭ ਤੋਂ ਬਹੁਤੀ ਅਜੀਬ ਗੱਲ ਏ। ਮੇਰੇ ਵਾਸਤੇ ਕਦੇ ਵੀ ਇਕੋ ਗੱਲ ਨਹੀਂ ਸੀ ਹੋਈ। ਮੈਂ ਸਮਝ ਹੀ ਨਹੀਂ ਸਕਦਾ ਕਿ ਇਕੋ ਗੱਲ ਹੁੰਦੀ ਕੀ ਏ।"

"ਹਾਂ," ਮੈਂ ਆਖਿਆ। "ਤੁਹਾਡੇ ਵਾਸਤੇ ਇਕੋ ਗੱਲ। ਪਰ ਜਿਹੜੇ ਜਿਊਂਦੇ ਰਹਿਣਗੇ ਉਹਨਾਂ ਵਾਸਤੇ ਕਦੇ ਇੱਕੋ ਗੱਲ ਨਹੀਂ। ਤੇ ਜਦੋਂ ਅਸੀਂ ਇਹਨਾਂ ਚੰਦਰੇ ਊਤਾਂ ਨੂੰ ਨੱਪ ਲਿਆ ਜਿਹੜੇ ਸਾਡੇ ਸ਼ਹਿਰ ਦੁਆਲੇ ਬਰਫ ਵਿਚ ਬੈਠੇ ਹੋਏ ਨੇ, ਸਾਡੇ ਉੱਤੇ..."

"ਕਿਨ੍ਹਾਂ ਦੀ ਗੱਲ ਕਰਦੇ ਓ ?"

"ਉਹਨਾਂ ਦੀ।" ਮੈਂ ਆਖਿਆ।

ਘਿਰੇ ਹੋਏ ਸ਼ਹਿਰ ਵਿਚ ਅਸੀਂ ਕਦੇ ਜਰਮਨਾਂ ਦਾ ਜਰਮਨ ਆਖ ਕੇ ਜ਼ਿਕਰ ਨਹੀਂ ਸੀ ਕੀਤਾ। ਅਸੀਂ ਸਿਰਫ਼ ਏਹੋ ਕਹਿੰਦੇ ਸਾਂ "ਉਹਨਾਂ।"

"ਨਾ," ਉਸ ਨੇ ਤਰਲਾ ਲਿਆ। "ਉਹਨਾਂ ਦੀ ਗੱਲ ਨਾ ਕਰੋ। ਹੁਣ ਮੈਂ ਉਹਨਾਂ ਬਾਰੇ ਸੋਚਣਾ ਹੀ ਨਹੀਂ ਚਾਹੁੰਦੀ।"

ਮੈਂ ਚੁੱਪ ਹੋ ਗਿਆ। ਮੈਂ ਮਹਿਸੂਸ ਕੀਤਾ ਕਿ ਦਿਲ ਵਿਚ ਨਫਰਤ ਲੈ ਕੇ ਮਰਨਾ ਔਖਾ ਹੈ।

"ਮੈਂ ਤੁਹਾਡੇ ਬਾਰੇ ਸੋਚਣਾ ਚਾਹੁੰਦੀ ਆਂ। ਆਖਰੀ ਘੜੀ ਮੈਂ ਤੁਹਾਨੂੰ ਹੀ ਵੇਖ ਰਹੀ ਆਂ," ਉਹਦੀ ਅਵਾਜ਼ ਵਿਚ ਜਾਨ ਨਹੀਂ ਸੀ ਤੇ ਮੈਂ ਉਹਦੀ ਗੱਲ ਸੁਣਨ ਲਈ ਝੁਕ ਕੇ ਉਹਦੇ ਮੂੰਹ ਦੇ ਨੇੜੇ ਹੋ ਗਿਆ ਸਾਂ।

"ਤੁਸੀਂ ਆ ਗਏ ਤੇ ਮੈਂ ਹੁਣ ਇਕੱਲੀ ਨਹੀਂ। ਮੈਂ ਸੋਚਦੀ ਸਾਂ ਕਿ ਮੇਰੇ ਕੋਲ਼ ਕੋਈ ਨਹੀਂ ਆਵੇਗਾ। ਜੇ ਕੋਈ ਨਾ ਆਉਂਦਾ ਤਾਂ ਇਨਸਾਫ ਨਹੀਂ ਸੀ ਹੋਣਾ। ਤੇ ਤੁਸੀਂ ਆ ਗਏ.. ਦੱਸੋ, ਤੁਸੀਂ ਕਦੇ ਪਿਆਰ ਕੀਤਾ ਏ ? ਤੁਹਾਨੂੰ ਕਿਸੇ ਨੇ ਪਿਆਰ ਕੀਤਾ ਏ ? ਕੇਡਾ ਚੰਗਾ ਲੱਗਦਾ ਹੋਵੇਗਾ ਜਦੋਂ ਤੁਸੀਂ ਪਿਆਰ ਕਰੋ ਤੇ ਕੋਈ ਤੁਹਾਨੂੰ ਪਿਆਰ ਕਰੇ। ਦੱਸੋ ਮੈਨੂੰ.."

ਪਰ ਮੈਂ ਕੁਝ ਨਹੀਂ ਆਖਿਆ। ਮੈਂ ਤੀਹ ਸਾਲ ਦਾ ਹੋ ਗਿਆ ਸਾਂ ਤੇ ਮੈਂ ਪਿਆਰ ਕੀਤਾ ਸੀ ਤੇ ਮੈਨੂੰ ਪਿਆਰ ਮਿਲਿਆ ਸੀ ਤੇ ਇਕ ਤੋਂ ਬਹੁਤੀ ਵਾਰ। ਇਸ ਵਿਚ ਰੋਲ ਘਚੋਲ ਵੀ ਸੀ ਤੇ ਪੀੜ ਵੀ ਸੀ ਤੇ ਕਸੂਰ ਦੋਵਾਂ ਧਿਰਾਂ ਦਾ ਸੀ। ਪਰ ਇਹ ਗੱਲ ਮੈਂ ਉਸ ਨੂੰ ਨਹੀਂ ਸਾਂ ਸਮਝਾ ਸਕਦਾ ਜਿਸ ਨੇ ਕਦੇ ਪਿਆਰ ਨਹੀਂ ਸੀ ਕੀਤਾ, ਜਿਸ ਨੂੰ ਕਦੇ ਪਿਆਰ ਨਹੀਂ ਸੀ ਮਿਲਿਆ।

"ਮੈਨੂੰ ਇਕ ਦਿਨ ਇਕ ਮੁੰਡੇ ਨਾਲ਼ ਪਿਆਰ ਹੋ ਗਿਆ ਸੀ, ਹਾਤੇ ਵਿਚ ਲੱਗੀ ਪੀਂਘ ਉੱਤੇ," ਉਸ ਨੇ ਆਖਿਆ। "ਅਸੀਂ ਪੀਂਘ ਏਨੀ ਉੱਚੀ ਚੜ੍ਹਾ ਲਈ ਕਿ ਦੂਜੀ ਮੰਜ਼ਲ ਦੀ

ਖਿੜਕੀ ਤੱਕ ਪਹੁੰਚ ਗਏ। ਪੀਂਘ ਝੂਟਦਿਆਂ ਉਹ ਮੇਰੇ ਉੱਤੇ ਉਲਰ ਪਿਆ, ਤੇ ਮੈਂ ਵੇਖਿਆ ਉਹ ਮੈਨੂੰ ਚੁੰਮਣਾ ਚਾਹੁੰਦਾ ਸੀ.. ਮੈਂ ਫੇਰ ਕਦੇ ਪੀਂਘ ਨਹੀਂ ਝੂਟਾਂਗੀ। ਕੇਡੀ ਅਜੀਬ ਗੱਲ ਏ।"

ਉਹ ਚੁੱਪ ਹੋ ਗਈ। ਫੇਰ ਮੈਂ ਸੁਣਿਆ

"ਉਹਦੀ ਥਾਂ ਤੁਸੀਂ ਮੈਨੂੰ ਚੁੰਮ ਲਓ।"

ਮੈਂ ਹੇਠਾਂ ਝੁਕ ਗਿਆ ਤੇ ਹਨੇਰੇ ਵਿਚ ਵੇਖ ਕੇ ਮਲਕੜੇ ਜਿਹੇ ਉਹਦੇ ਬੁੱਲ੍ਹਾਂ ਨਾਲ਼ ਬੁੱਲ੍ਹ ਜੋੜ ਦਿੱਤੇ।

"ਹਾਂ, ਇਸ ਤਰ੍ਹਾਂ," ਉਸ ਨੇ ਆਖਿਆ।

ਦਿਨ ਚੜ੍ਹੇ ਮੈਂ ਬੰਦਰਗਾਹ ਨੂੰ ਤੁਰ ਗਿਆ ਤੇ ਇਕ ਦਿਨ ਮਗਰੋਂ ਡਾਕਟਰੀ ਮੁਆਇਨੇ ਵਾਸਤੇ ਗਿਆ। ਐਕਸਰੇ ਕੀਤਾ ਗਿਆ। ਅਲਸਰ ਕੋਈ ਨਹੀਂ ਸੀ। ਭੁੱਖੇ ਰਹਿਣ ਨਾਲ਼ ਮੈਂ ਰਾਜ਼ੀ ਹੋ ਗਿਆ ਸਾਂ। ਮੈਂ ਫ਼ੌਜ ਵਿਚ ਚਲਾ ਗਿਆ ਤੇ ਅਗਲੇ ਸਿਆਲ ਅਸੀਂ ਘੇਰਾ ਤੋੜ ਦਿੱਤਾ। ਦੋ ਸਾਲ ਹੋਰ ਬੀਤੇ ਤਾਂ ਮੈਂ ਵੇਖਿਆ ਕਿਵੇਂ ਸਾਡੀਆਂ ਫੌਜਾਂ ਨੇ ਬਰਲਿਨ ਨੂੰ ਘੇਰਾ ਪਾ ਲਿਆ ਸੀ ਜਿਸ ਦੇ ਦੋ ਹਫਤੇ ਵੀ ਪੈਰ ਨਹੀਂ ਸੀ ਲੱਗ ਸਕੇ।

• • •

ਓਲਗਾ ਬੇਰੱਗੋਲਤਸ

ਓਲਗਾ ਬੇਰੱਗੋਲਤਸ (1910–1975) ਦਾ ਜਨਮ ਲੈਨਿਨਗ੍ਰਾਦ ਵਿਚ ਹੋਇਆ। ਕਈ ਕਾਵਿ-ਸੰਗ੍ਰਹਿਆਂ, ਪਟ-ਕਥਾਵਾਂ, ਨਾਟਕਾਂ ਤੇ ਗਲਪ ਰਚਨਾਵਾਂ ਦੀ ਕਰਤਾ ਹੈ। ਉਸ ਨੂੰ ਸੋਵੀਅਤ ਯੂਨੀਅਨ ਦੇ ਰਾਜਕੀ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ ਹੈ।

ਓਲਗਾ ਬੇਰੱਗੋਲਤਸ ਨੇ ਔਖੇ ਦਿਨਾਂ ਵਿਚ ਵੀ, ਜਦੋਂ 1941 ਤੋਂ 1944 ਤੱਕ ਫਾਸਿਸ਼ਟਾਂ ਨੇ ਲੈਨਿਨਗ੍ਰਾਦ ਨੂੰ ਘੇਰ ਰੱਖਿਆ ਸੀ—ਆਪਣੇ ਜੱਦੀ ਸ਼ਹਿਰ ਨੂੰ ਛੱਡਿਆ ਨਹੀਂ। ਓਦੋਂ ਕਵਿਤਰੀ ਨੇ ਲੈਨਿਨਗ੍ਰਾਦ ਰੇਡੀਓ 'ਤੇ ਬੜਾ ਕੰਮ ਕੀਤਾ। ਉਹ ਆਪਣੇ ਸੰਸਮਰਣਾਂ ਵਿਚ ਸੋਵੀਅਤ ਬੁੱਧੀਜੀਵੀਆਂ ਦੀ ਬਹਾਦਰੀ ਤੇ ਉੱਚੀ ਸੁੱਚੀ ਦੇਸ਼ਭਗਤੀ ਦਾ ਵਰਣਨ ਕਰਦੀ ਹੈ, ਜਿਨ੍ਹਾਂ ਦਾ ਇਕ ਹਿੱਸਾ ਹਥਲੇ ਸੰਗ੍ਰਹਿ ਵਿਚ ਸ਼ਾਮਿਲ ਕੀਤਾ ਗਿਆ ਹੈ।

“ਇਹ ਰੇਡੀਓ ਲੈਨਿਨਗ੍ਰਾਦ ਏਂ !”

ਜਨਵਰੀ 1941 ਦੀ ਇਕ ਬਹੁਤ ਹੀ ਠੰਡੀ ਰਾਤ ਨੂੰ, ਜਦੋਂ ਲੈਨਿਨਗ੍ਰਾਦ ਦੇ ਤਕਰੀਬਨ ਸਭਨਾਂ ਇਲਾਕਿਆਂ ਵਿਚ ਰੇਡੀਓ ਸੁਣਾਈ ਦੇਣਾ ਬੰਦ ਹੋਇਆ ਕੋਈ ਤਿੰਨ ਦਿਨ ਹੋ ਗਏ ਸਨ, ਰੇਡੀਓ ਸਟੇਸ਼ਨ ਦੇ ਸਾਹਿਤ ਵਿਭਾਗ ਦੇ ਹੋਸਟਲ ਵਿਚ “ਇਹ ਰੇਡੀਓ ਲੈਨਿਨਗ੍ਰਾਦ ਏ !” ਨਾਂ ਦੀ ਇਕ ਕਿਤਾਬ ਲਿਖਣ ਦਾ ਫੁਰਨਾ ਫੁਰਿਆ।

ਇਸ ਦੀ ਇਕ ਵਿਸਥਾਰਮਈ ਵਿਉਂਤ ਬਣਾਈ ਗਈ। ਰੇਡੀਓ ਸਟੇਸ਼ਨ ਦਾ ਕਲਾ ਡਾਇਰੈਕਟਰ, ਬਾਬੂਸ਼ਕਿਨ, ਸਾਹਿਤ ਵਿਭਾਗ ਦਾ ਸੰਪਾਦਕ, ਮਾਕੋਗੋਨੇਨਕੋ ਤੇ ਮੈਂ ਅਖਬਾਰ ਦੇ ਸੇਡ ਵਾਲੇ ਇਕੋ ਇਕ ਨਿੰਮ੍ਹੇ ਜਿਹੇ ਬਲਬ ਦੀ ਰੋਸ਼ਨੀ ਵਿਚ ਸਾਰੀ ਰਾਤ ਬੈਠੇ ਰੂਪ-ਰੇਖਾ ਤਿਆਰ ਕਰਦੇ ਰਹੇ।

ਖਿੜਕੀ ਦੇ ਬਾਹਰ ਬਰਫੀਲੇ ਘੁੱਪ ਹਨੇਰੇ ਵਿਚ ਦਿਲ ਕੰਬਾਊ ਧਮਾਕਿਆਂ ਦੀ ਗੜਗੜਾਹਟ ਹੋ ਰਹੀ ਸੀ, ਅਤੇ ਅੰਦਰ ਵਿਭਾਗ ਦੇ ਇਕ ਵੱਡੇ ਸਾਰੇ ਲੰਮੇ ਕਮਰੇ ਵਿਚ ਅਮਲੇ ਦੇ ਲੋਕ ਕੰਧਾਂ ਨਾਲ਼ ਜੋੜੇ ਹੋਏ ਮੰਜਿਆਂ, ਅਰਾਮ ਕੁਰਸੀਆਂ ਤੇ ਸੋਫਿਆਂ ਉੱਤੇ ਸੁੱਤੇ ਹੋਏ ਸਨ। ਕਮਰਾ ਰੇਲ ਦੇ ਡੱਬੇ ਵਾਂਗ ਲੱਗਦਾ ਸੀ। ਆਪਣੇ ਕੋਟ, ਨਮਦੇ ਦੇ ਬੂਟ ਤੇ ਦਸਤਾਨੇ ਪਾਈ, ਇਹ ਲੋਕ ਜਿਨ੍ਹਾਂ ਦੇ ਸਰੀਰ ਭੁੱਖ ਨਾਲ਼ ਜਾਂ ਤਾਂ ਪਿੰਜਰ ਬਣ ਗਏ ਸਨ ਜਾਂ ਫੁੱਲ ਗਏ ਸਨ, ਹੂੰਘਦੇ ਤੇ ਬਰੜਾਉਂਦੇ, ਬੋਝਲ ਤੇ ਬੇਚੈਨ ਨੀਂਦ ਵਿਚ ਡੁੱਬੇ ਹੋਏ ਸਨ।

10 ਜਨਵਰੀ 1942 ਦੀ ਇਹ ਰਾਤ, ਮੇਰੇ ਲਈ ਤੇ ਸਾਥੀਆਂ ਲਈ ਸਾਡੀ ਜ਼ਿੰਦਗੀ ਦੀ ਇਕ ਅਤਿ ਖੁਸ਼ੀਭਰੀ ਤੇ ਪ੍ਰੇਰਨਾਮਈ ਰਾਤ ਸੀ। ਕਾਰਨ ਇਹ ਸੀ ਕਿ ਜਦੋਂ ਅਸੀਂ ਆਪਣੀ ਕਿਤਾਬ ਦੀ ਰੂਪ ਰੇਖਾ ਤਿਆਰ ਕਰਨੀ ਸ਼ੁਰੂ ਕੀਤੀ ਤਾਂ ਅਚਾਨਕ ਅਸੀਂ ਮਹਿਸੂਸ ਕੀਤਾ ਕਿ ਅਸੀਂ, ਲੜਾਈ ਛਿੜਨ ਤੋਂ ਬਾਅਦ ਪਹਿਲੀ ਵਾਰੀ, ਉਸ ਪੈਂਡੇ ਉੱਤੇ ਪਿੱਛਲ ਝਾਤ ਪਾ ਰਹੇ ਸਾਂ ਜਿਹੜਾ ਸਾਡੇ ਸ਼ਹਿਰ, ਇਸ ਦੇ ਲੋਕਾਂ ਤੇ ਇਸ ਦੀ ਕਲਾ ਨੇ (ਸਾਡੇ ਰੇਡੀਓ ਸਟੇਸ਼ਨ ਸਮੇਤ) ਤੈਅ ਕੀਤਾ ਸੀ ਅਤੇ ਇਸ ਗੱਲੋਂ ਹੈਰਾਨ ਹੋ ਰਹੇ ਸਾਂ ਕਿ ਇਹ ਰਾਹ ਕੇਡਾ ਭਿਆਨਕ ਤੇ ਕੇਡਾ ਸ਼ਾਨਦਾਰ ਸੀ। ਲੂੰ ਲੂੰ ਵਿਚ ਝਰਨਾਟਾਂ ਛੇੜ ਦੇਣ ਵਾਲ਼ਾ ਇਕ ਐਸਾ ਤੀਬਰ ਅਹਿਸਾਸ ਹੋਇਆ ਕਿ ਯਥਾਰਥ ਭਾਵੇਂ ਕਿੰਨਾ ਵੀ ਖੌਫਨਾਕ ਹੈ, ਇਹ ਹੋ ਨਹੀਂ ਸਕਦਾ ਕਿ ਉਹ ਅਦਭੁੱਤ, ਸੁਭਾਵਿਕ ਤੇ ਸੂਝ ਵਾਲ਼ੀ ਮਨੁੱਖੀ ਹੋਂਦ ਵਾਪਸ ਨਾ ਆਵੇ ਜਿਸ ਨੂੰ “ਅਮਨ” ਆਖਿਆ ਜਾਂਦਾ ਹੈ। ਅਤੇ ਸਾਨੂੰ ਜਾਪਿਆ ਕਿ ਜਿੱਤ ਤੇ ਅਮਨ ਦੋਵੇਂ ਹੀ ਬਹੁਤ ਛੇਤੀ ਆ ਜਾਣਗੇ-ਸਿਰਫ ਕੁਝ

ਦਿਨਾਂ ਦਾ ਹੀ ਮਾਮਲਾ ਹੈ!

ਇਸ ਕਰਕੇ ਅਸੀਂ, ਭਾਵੇ ਭੁੱਖੇ ਤੇ ਕਮਜ਼ੋਰ ਸਾਂ, ਮਾਣਮੱਤੇ ਤੇ ਖੁਸ਼ ਸਾਂ ਅਤੇ ਆਪਣੇ ਅੰਦਰ ਕੋਈ ਜਾਦੂ ਵਰਗੀ ਸ਼ਕਤੀ ਮਹਿਸੂਸ ਕਰ ਰਹੇ ਸਾਂ।

"ਕੁਝ ਵੀ ਹੋਵੇ, ਅਸੀਂ ਇਹ ਦਿਨ ਵੇਖਣ ਵਾਸਤੇ ਜਿਉਂਦੇ ਰਹਾਂਗੇ, ਕਿਉਂ ?" ਯਾਸ਼ਾ ਬਾਬੂਸ਼ਕਿਨ ਖੁਸ਼ੀ ਵਿਚ ਆ ਕੇ ਬੋਲ ਉੱਠਿਆ। "ਬੜਾ ਹੀ ਜੀਅ ਕਰਦਾ ਹੈ ਵੇਖਣ ਨੂੰ, ਕਿ ਇਹ ਸਭ ਕੁਝ ਕਿਵੇਂ ਹੋਵੇਗਾ। ਠੀਕ ਹੈ ਨਾ ?"

ਉਹ ਬੌਂਦਲਾਇਆ ਜਿਹਾ ਮੁਸਕ੍ਰਾਇਆ ਤੇ ਇਕ ਤੇਜ਼ ਨਜ਼ਰ ਨਾਲ਼ ਸਾਡੇ ਵੱਲ ਵੇਖਿਆ ਤੇ ਉਹਦੀਆਂ ਵੱਡੀਆਂ ਵੱਡੀਆਂ ਚਮਕੀਲੀਆਂ ਅੱਖਾਂ ਵਿਚ ਏਡਾ ਬੇਸਬਰੀ ਤੇ ਤਾਂਘ ਭਰਿਆ ਤਰਲਾ ਸੀ ਕਿ ਅਸੀਂ ਇਕਦਮ ਸਹਿਮਤ ਹੁੰਦਿਆਂ ਆਖਿਆ:

"ਕਿਉਂ ਨਹੀਂ, ਅਸੀਂ ਜੀਵਾਂਗੇ, ਯਾਸ਼ਾ, ਹਰ ਹਾਲਤ ਵਿਚ! ਅਸੀਂ ਸਾਰੇ ਜੀਵਾਂਗੇ।"

ਅਸੀਂ ਬੜੀ ਚੰਗੀ ਤਰ੍ਹਾਂ ਵੇਖ ਰਹੇ ਸਾਂ ਕਿ ਉਹਦੀ ਹਾਲਤ ਬਹੁਤ ਖਰਾਬ ਸੀ, ਤਕਰੀਬਨ ਮਰਨ ਕਿਨਾਰੇ। ਉਹਦਾ ਸਾਰਾ ਸਰੀਰ ਸੁੱਜ ਗਿਆ ਸੀ, ਉਹਦੀ ਚਮੜੀ ਹਰਿਆਲੀ ਦੀ ਭਾਹ ਮਾਰਦੀ ਸੀ ਤੇ ਪੌੜੀਆਂ ਚੜ੍ਹਨਾ ਉਹਦੇ ਲਈ ਬਹੁਤ ਔਖਾ ਹੋ ਗਿਆ ਸੀ। ਉਹ ਬਹੁਤ ਥੋੜ੍ਹਾ ਸੌਂਦਾ ਸੀ ਤੇ ਬਹੁਤ ਜ਼ਿਆਦਾ ਕੰਮ ਕਰਦਾ ਸੀ ਅਤੇ ਸਭ ਤੋਂ ਵੱਡੀ ਗੱਲ, ਅਸੀਂ ਜਾਣਦੇ ਸਾਂ, ਕਿ ਇਸ ਤੋਂ ਬਿਨਾਂ ਹੋਰ ਕੁਝ ਹੋ ਵੀ ਨਹੀਂ ਸੀ ਸਕਦਾ (ਏਨੇ ਕੰਮਾਂ ਤੇ ਏਨੇ ਲੋਕਾਂ ਦੀ ਜ਼ਿੰਮੇਵਾਰੀ ਉਹਦੇ ਸਿਰ ਸੀ: ਇਕੱਲਾ ਆਰਕੈਸਟਰਾ ਹੀ ਕੁਲਵਕਤੀ ਕੰਮ ਸੀ)। ਸਾਨੂੰ ਪਤਾ ਸੀ ਕਿ ਆਪਣਾ ਖਿਆਲ ਨਾ ਉਸ ਨੇ ਰੱਖ ਸਕਣਾ ਸੀ ਅਤੇ ਨਾ ਹੀ ਰੱਖਦਾ ਸੀ। ਅਸੀਂ ਕਿਸੇ ਵੀ ਤਰ੍ਹਾਂ ਉਹਦੀ ਮਦਦ ਕਰਨ ਦੇ ਅਸਮਰਥ ਸਾਂ, ਅਤੇ ਇਸ ਲਈ ਅਸੀਂ ਜਲਦੀ ਨਾਲ਼ ਉਹਨੂੰ ਯਕੀਨ ਦਿਵਾਇਆ ਕਿ ਅਸੀਂ ਜੀਵਾਂਗੇ, ਜੀਵਾਂਗੇ, ਸਾਰੇ ਹੀ ਜੀਵਾਂਗੇ।

ਉਹ ਖੁਸ਼ ਹੋ ਕੇ ਮੁਸਕ੍ਰਾਇਆ ਅਤੇ ਚੁੱਪ ਰਿਹਾ ਜਿਵੇਂ ਸਾਡੇ ਜਵਾਬ ਉੱਤੇ ਵਿਚਾਰ ਕਰ ਰਿਹਾ ਹੋਵੇ ਤੇ ਫੇਰ ਉਸ ਨੇ ਹੌਲ਼ੀ ਹੌਲ਼ੀ ਪਲਕਾਂ ਹੇਠਾਂ ਕਰ ਲਈਆਂ। ਉਸ ਦੀਆਂ ਪਲਕਾਂ ਸੁੱਜੀਆਂ ਹੋਈਆਂ, ਕਾਲ਼ੀਆਂ ਤੇ ਬੋਝਲ ਸਨ। ਹਮੇਸ਼ਾ ਵਾਂਗ ਹੀ, ਜਦੋਂ ਬਾਬੂਸ਼ਕਿਨ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ, ਉਹਦਾ ਜਵਾਨ ਚਿਹਰਾ ਇਕਦਮ ਬੁੱਢਾ ਲੱਗਣ ਲੱਗ ਪਿਆ। ਉਹ ਬਹੁਤ ਥੱਕਿਆ ਹੋਇਆ ਤੇ ਸਖ਼ਤ ਬੀਮਾਰ ਨਜ਼ਰ ਆਉਂਦਾ ਸੀ। ਸਾਡੀਆਂ ਸਿਰਫ ਨਜ਼ਰਾਂ ਹੀ ਮਿਲੀਆਂ ਸਨ ਅਤੇ ਅਸੀਂ ਵੀ ਖਾਮੋਸ਼ ਸਾਂ। ਅਚਾਨਕ, ਆਪਣੀਆਂ ਅੱਖਾਂ ਖੋਹਲਿਆਂ ਬਗ਼ੈਰ ਹੀ, ਉਸ ਨੇ ਪੋਲੇ-ਪੋਲੇ ਤੇ ਹੌਲ਼ੀ-ਹੌਲ਼ੀ ਆਖਿਆ:

ਔਹ ਹੈ,
ਚੌੜੇ ਮੱਥੇ ਵਾਲਾ
ਚੁੱਪ ਰਸਾਇਣਵੇਤਾ
ਨਵਾਂ ਤਜਰਬਾ
ਕਰਨ ਤੋਂ ਪਹਿਲਾਂ
ਮੱਥੇ ਚੜ੍ਹੀ ਤਿਊੜੀ

ਪੁਸਤਕ

"ਸਾਰੀ ਦੁਨੀਆਂ" ਦੇ

ਪੰਨੇ ਪਰਤਾਉਂਦਾ ਸੋਚੇ

ਵੀਹਵੀਂ ਸਦੀ।

ਵੇਖੀਏ ਕਿਸ ਦੀ ਹੁੰਦੀ ਹੈ ਸੁਰਜੀਤੀ ?

ਉਹ ਚੁੱਪ ਹੋ ਗਿਆ ਤੇ ਫੇਰ ਹੌਲ਼ੀ-ਹੌਲ਼ੀ ਉੱਚੀ ਹੁੰਦੀ ਜਾਂਦੀ ਅਵਾਜ਼ ਵਿਚ ਬੋਲਣ ਲੱਗਾ:

ਔਹ ਹੈ ਮਾਇਕੋਵਸਕੀ...

ਆਓ ਲੱਭੀਏ ਉਜਲਾ ਚਿਹਰਾ

ਵੇਖਣ ਨੂੰ ਨਹੀਂ ਸ਼ਾਇਰ

ਕੋਈ ਬਹੁਤਾ ਸੁੰਦਰ

ਅੱਜ ਤੋਂ

ਮੈਂ ਵਿਗਿਆਨੀ ਨੂੰ ਚੀਖ਼ ਚੀਖ਼ ਕੇ ਆਖਾਂ

ਪੰਨੇ ਨਾ ਪਰਤਾਓ!

ਮੈਨੂੰ ਕਰੋ ਫੇਰ ਤੋਂ ਜੀਵਤ।

"ਅਸੀਂ ਰੇਡੀਓ ਤੋਂ ਪ੍ਰਸਾਰਤ ਉਹਦੀਆਂ ਕਵਿਤਾਵਾਂ ਵੀ ਆਪਣੀ ਕਿਤਾਬ ਵਿਚ ਸ਼ਾਮਿਲ ਕਰਾਂਗੇ," ਬਾਬੂਸ਼ਕਿਨ ਨੇ ਉਤਸ਼ਾਹ ਵਿਚ ਆ ਕੇ, ਆਪਣੀਆਂ ਅੱਖਾਂ ਖੋਹਲਦਿਆਂ ਤੇ ਇਕਦਮ ਫੇਰ ਜਵਾਨ ਨਜ਼ਰ ਆਉਂਦਿਆਂ ਆਖਿਆ। "ਸਾਡੀ ਅੱਜ ਦੀ ਹਾਲਤ ਵਿਚ ਉਹਨਾਂ ਦੀ ਖਾਸ ਅਹਿਮੀਅਤ ਹੈ। ਬੇਸ਼ਕ, ਉਹਦੇ ਬੋਲਾਂ ਨਾਲ਼ ਵੀ ਲੈਨਿਨਗ੍ਰਾਦ ਬੋਲਦਾ ਹੈ।"

ਉਸ ਰਾਤ ਜਿਹੜੀ ਕਿਤਾਬ ਦੀ ਅਸੀਂ ਵਿਉਂਤ ਬਣਾਈ ਉਸ ਵਿਚ ਕਵਿਤਾਵਾਂ, ਕਹਾਣੀਆਂ, ਵਾਰਤਾਵਾਂ, ਵਿਅੰਗ, ਦਸਤਾਵੇਜ਼ੀ ਸਮੱਗਰੀ, ਰੇਡੀਓ ਲੈਨਿਨਗ੍ਰਾਦ ਤੋਂ ਪ੍ਰਸਾਰਿਤ ਕੀਤੇ ਸਾਰੇ ਪ੍ਰੋਗਰਾਮ ਅਤੇ, ਸਭ ਤੋਂ ਅਹਿਮ ਚੀਜ਼, ਲੈਨਿਨਗ੍ਰਾਦ ਵਾਸੀਆਂ — ਫੌਜੀਆਂ ਤੇ ਜਹਾਜ਼ੀਆਂ, ਮਜ਼ਦੂਰਾਂ ਤੇ ਵਿਗਿਆਨੀਆਂ, ਅਦਾਕਾਰਾਂ ਤੇ ਲੇਖਕਾਂ — ਦੀਆਂ ਅਵਾਜ਼ਾਂ ਸ਼ਾਮਿਲ ਕੀਤੀਆਂ ਜਾਣੀਆਂ ਸਨ।

ਕਿਧਰੇ ਵੀ ਰੇਡੀਓ ਨੇ ਏਡੀ ਵੱਡੀ ਭੂਮਿਕਾ ਨਹੀਂ ਸੀ ਨਿਭਾਈ ਜੇਡੀ ਜੰਗ ਦੇ ਦਿਨੀਂ ਸਾਡੇ ਸ਼ਹਿਰ ਵਿਚ।

ਅਗਸਤ 1941 ਵਿਚ, ਜਦੋਂ ਲੈਨਿਨਗ੍ਰਾਦ ਤੋਂ ਬਾਹਰ ਜਾਣ ਵਾਲ਼ੇ ਆਖਰੀ ਰਸਤੇ ਵੀ ਬੰਦ ਕਰ ਦਿੱਤੇ ਗਏ ਅਤੇ ਨਾਕਾਬੰਦੀ ਦਾ ਫੰਦਾ ਸਾਡੇ ਸ਼ਹਿਰ ਦੀ ਧੌਣ ਦੁਆਲੇ ਕੱਸਿਆ ਗਿਆ ਤਾਂ ਰੇਡੀਓ ਹੀ ਬਾਕੀ ਦੇਸ਼ ਨਾਲ਼ ਸੰਪਰਕ ਦਾ ਇਕੋ ਇਕ ਸਾਧਨ ਰਹਿ ਗਿਆ ਸੀ।

ਰੇਡੀਓ ਤੋਂ ਹੀ ਲੈਨਿਨਗ੍ਰਾਦ-ਵਾਸੀਆਂ ਨੂੰ ਪਤਾ ਲੱਗਦਾ ਸੀ ਕਿ ਰੂਸ ਦੇ ਮੁਹਾਜ਼ਾਂ ਉੱਤੇ

ਕੀ ਵਾਪਰਦਾ ਸੀ ("ਮੁੱਖ ਧਰਤੀ" ਤੋਂ ਅਖਬਾਰ ਸਾਡੇ ਤੱਕ ਬੜੀ ਮੁਸ਼ਕਲ ਨਾਲ ਪਹੁੰਚਦੇ ਸਨ) ਅਤੇ ਰੂਸ ਨੂੰ ਵੀ ਸਿਰਫ ਰੇਡੀਓ ਤੋਂ ਹੀ ਪਤਾ ਲੱਗਦਾ ਸੀ ਕਿ ਲੈਨਿਨਗ੍ਰਾਦ ਵਿਚ ਕੀ ਹੋ ਵਾਪਰ ਰਿਹਾ ਸੀ। ਤੇ ਦੇਸ਼ ਨੂੰ ਸੱਚਾਈ ਦਾ ਇਲਮ ਹੋਣਾ ਹੀ ਚਾਹੀਦਾ ਸੀ ਕਿਉਂਕਿ ਜਰਮਨ ਜਿਹੜੇ ਸ਼ਹਿਰ ਉੱਤੇ ਕਬਜ਼ਾ ਕਰਨ ਲਈ ਅੰਨ੍ਹਾ ਜ਼ੋਰ ਲਾ ਰਹੇ ਸਨ ਰਾਤ ਦਿਨ ਸਾਰੀ ਦੁਨੀਆਂ ਵਿਚ ਐਲਾਨ ਕਰ ਰਹੇ ਸਨ ਕਿ ਲੈਨਿਨਗ੍ਰਾਦ ਨੇ ਕਿਸੇ ਵੀ ਪਲ ਹਥਿਆਰ ਸੁੱਟੇ ਕਿ ਸੁੱਟੇ। ਹਕੀਕਤ ਤਾਂ ਇਹ ਸੀ ਕਿ ਲੈਨਿਨਗ੍ਰਾਦ ਪ੍ਰਦੇਸ਼ ਦੇ ਕਬਜ਼ੇ ਹੇਠ ਆ ਗਏ ਹਿੱਸਿਆਂ ਵਿਚ ਜਰਮਨ ਅਖਬਾਰਾਂ ਨੇ ਸ਼ਹਿਰ ਉੱਤੇ ਕਬਜ਼ੇ ਦੀਆਂ ਖਬਰਾਂ ਵੀ ਫੈਲਾ ਦਿੱਤੀਆਂ ਸਨ ਅਤੇ ਇਕ ਜਾਅਲੀ ਤਸਵੀਰ ਵੀ ਛਾਪੀ ਸੀ ਜਿਸ ਵਿਚ ਨੇਵਸਕੀ ਪ੍ਰਾਸਪੈਕਟ ਦੀ ਇਕ ਇਮਾਰਤ ਦੇ ਬਾਹਰ ਨਾਜ਼ੀਆਂ ਦੀ ਖਾਸ ਪੁਲਸ ਦਾ ਸਿਪਾਹੀ ਪਹਿਰੇ 'ਤੇ ਖੜ੍ਹਾ ਦਿਖਾਇਆ ਗਿਆ ਸੀ। ਜਰਮਨ ਕਮਾਂਡ ਨੇ ਮਹਿਲ ਚੌਂਕ ਵਿਚ ਫੌਜੀ ਪਰੇਡ ਦੀ ਤੇ "ਆਸਟੋਰੀਆ" ਹੋਟਲ ਵਿਚ ਅਫਸਰਾਂ ਦੀ ਦਾਅਵਤ ਦੀ ਤਾਰੀਖ ਵੀ ਮਿਥ ਲਈ ਸੀ ਅਤੇ ਸਗੋਂ ਦਾਅਵਤਨਾਮੇ ਵੀ ਛਾਪ ਲਏ ਸਨ।

ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੀ ਹਦਾਇਤ ਉੱਤੇ, ਲੈਨਿਨਗ੍ਰਾਦ ਨੇ ਆਪਣਾ ਰੇਡੀਓ ਪ੍ਰਸਾਰਨ ਸ਼ੁਰੂ ਕਰ ਦਿੱਤਾ ਸੀ। ਜਰਮਨਾਂ ਨੂੰ ਭੰਬਲ ਭੂਸਿਆਂ ਵਿਚ ਪਾਉਣ ਲਈ ਹਰ ਰੋਜ਼ ਪ੍ਰੋਗਰਾਮ ਦਾ ਵਕਤ ਬਦਲ ਦਿੱਤਾ ਜਾਂਦਾ ਸੀ ਕਿਉਂਕਿ ਉਹ ਸਾਡੇ ਪ੍ਰੋਗਰਾਮ ਨੂੰ ਜਾਮ ਕਰਨ ਦੀ ਪੂਰੀ ਵਾਹ ਲਾਉਂਦੇ ਸਨ। ਲੈਨਿਨਗ੍ਰਾਦ ਰੇਡੀਓ ਨੇ ਆਪਣੇ ਰਖਵਾਲਿਆਂ ਦੇ ਪ੍ਰੋਗਰਾਮ ਪੇਸ਼ ਕੀਤੇ ਜਿਨ੍ਹਾਂ ਵਿਚ ਸ਼ਾਮਲ ਸਨ — ਫੌਜੀ, ਜਹਾਜ਼ੀ, ਮਜ਼ਦੂਰ, ਪਾਰਟੀ ਅਧਿਕਾਰੀ, ਕਵੀ, ਸਵਰਕਾਰ ਤੇ ਵਿਗਿਆਨੀ।

ਮਾਸਕੋ ਤੋਂ ਸਾਡੇ ਪ੍ਰਸਾਰਨ ਦੇਸ਼ ਦੇ ਸਭਨਾਂ ਹਿੱਸਿਆਂ ਲਈ ਪ੍ਰਸਾਰੇ ਜਾਂਦੇ ਸਨ ਤਾਂ ਜੋ ਸਾਰੀ ਕੌਮ ਨੂੰ ਇਹ ਪਤਾ ਰਹੇ: ਲੈਨਿਨਗ੍ਰਾਦ ਅਜੇ ਡਟਿਆ ਹੋਇਆ ਹੈ, ਲੈਨਿਨਗ੍ਰਾਦ ਨੇ ਹਥਿਆਰ ਨਹੀਂ ਸੀ ਸੁੱਟੇ। ਇਹ ਲੜਾਈ ਦੇ ਅਤਿ ਭਿਆਨਕ ਦਿਨਾਂ ਦੀ ਗੱਲ ਹੈ ਜਦੋਂ ਜਰਮਨ ਸੈਨਾਵਾਂ ਮੂੰਹਜ਼ੋਰ ਹੋ ਕੇ ਅੱਗੇ ਵੱਧਦੀਆਂ ਆ ਰਹੀਆਂ ਸਨ ਅਤੇ ਸਾਨੂੰ ਇਕ ਤੋਂ ਬਾਦ ਇਕ ਸ਼ਹਿਰ ਛੱਡਣ ਲਈ ਮਜ਼ਬੂਰ ਹੋਣਾ ਪੈ ਰਿਹਾ ਸੀ। ਤੇ ਫੇਰ ਅਚਾਨਕ ਲੈਨਿਨਗ੍ਰਾਦ ਨੇ ਜਰਮਨਾਂ ਨੂੰ ਠੱਲ੍ਹ ਪਾ ਦਿੱਤੀ। ਲੈਨਿਨਗ੍ਰਾਦ ਡਟਿਆ ਰਹਿ! ਲੈਨਿਨਗ੍ਰਾਦ-ਵਾਸੀਆਂ ਦੀਆਂ ਜਿਉਂਦੀਆਂ ਅਵਾਜ਼ਾਂ ਨੇ ਪ੍ਰਤਿਗਿਆ ਕੀਤੀ ਕਿ ਹਥਿਆਰ ਨਹੀਂ ਸੁੱਟੇ ਜਾਣਗੇ, ਨਾ ਅੱਜ, ਨਾ ਭਲਕੇ-ਕਦੇ ਵੀ ਨਹੀਂ, ਤੇ ਅਗਲੇ ਦਿਨ ਸੋਵੀਅਤ ਲੋਕ ਉਹਨਾਂ ਦੀ ਅਵਾਜ਼ ਫੇਰ ਸੁਣਦੇ। ਲੈਨਿਨਗ੍ਰਾਦ ਡਟਿਆ ਹੋਇਆ ਸੀ, ਉਸ ਨੇ ਮੁਕਾਬਲਾ ਕੀਤਾ, ਪੂਰੇ ਬਾਹੂਬਲ ਨਾਲ਼, ਰੋਹ ਵਿਚ ਆ ਕੇ ਅਤੇ ਡੱਟ ਕੇ।

ਹਵਾਈ ਹਮਲਿਆਂ ਤੇ ਤੋਪਾਂ ਦੇ ਗੋਲ਼ਿਆਂ ਦੀ ਵਰਖਾ ਦੇ ਬਾਵਜੂਦ ਇਹ ਪਰਸਾਰਨ ਜਾਰੀ ਰਹੇ। ਪ੍ਰੋਗਰਾਮ ਹਮੇਸ਼ਾ ਇਹਨਾਂ ਲਫਜ਼ਾਂ ਨਾਲ਼ ਸ਼ੁਰੂ ਹੁੰਦਾ: "ਇਹ ਰੇਡੀਓ ਲੈਨਿਨਗ੍ਰਾਦ ਏ! ਸੁਣੋ ਦੇਸ਼ ਵਾਸੀਓ! ਅਸੀਂ ਲੈਨਿਨ ਦੇ ਸ਼ਹਿਰ ਤੋਂ ਬੋਲ ਰਹੇ ਆਂ।"

ਸਵਰਕਾਰ ਦਮਿਤਰੀ ਸ਼ੋਸਤਾਕੋਵਿਚ ਇਸ ਪ੍ਰੋਗਰਾਮ ਵਿਚ ਉਸ ਦਿਨ ਬੋਲਿਆ ਸੀ ਜਿਸ ਦਿਨ "ਲੈਨਿਨਗ੍ਰਆਦਸਕਾਯਾ ਪ੍ਰਾਵਦਾ" ਵਿਚ "ਦੁਸ਼ਮਣ ਸਾਡੀਆਂ ਬਰੂਹਾਂ 'ਤੇ" ਦੇ

ਸਿਰਲੇਖ ਹੇਠ ਸੰਪਾਦਕੀ ਲੇਖ ਛਪਿਆ ਸੀ। "ਸਾਡੇ ਸ਼ਹਿਰ ਨੂੰ ਇਕ ਨੀਚ ਤੇ ਬੇਕਿਰਕ ਦੁਸ਼ਮਣ ਦੇ ਹਮਲੇ ਦਾ ਫੌਰੀ ਖਤਰਾ ਹੈ," ਸੰਪਾਦਕੀ ਵਿਚ ਲਿਖਿਆ ਹੋਇਆ ਸੀ। "ਲੈਨਿਨਗ੍ਰਾਦ ਮੋਹਰਲਾ ਮੋਰਚਾ ਬਣ ਗਿਆ ਹੈ।" ਸੈਨਿਕ ਪ੍ਰੀਸ਼ਦ ਵਲ਼ੋਂ ਜਿਹੜੀ ਅਪੀਲ ਕੰਧਾਂ ਉੱਤੇ ਚਿਪਕਾਈ ਗਈ ਸੀ ਉਸ ਵਿਚ ਵੀ ਏਹੋ ਆਖਿਆ ਗਿਆ ਸੀ: "ਦੁਸ਼ਮਣ ਸਾਡੀਆਂ ਬਰੂਹਾਂ 'ਤੇ।" ਜਿਸ ਵੇਲੇ ਸਵਰਕਾਰ ਰੇਡੀਓ ਸਟੇਸ਼ਨ ਵੱਲ ਆ ਰਿਹਾ ਸੀ ਤਾਂ ਹਵਾਈ ਹਮਲੇ ਦੇ ਖਤਰੇ ਦਾ ਘੁੱਗੂ ਵੱਜਿਆ। ਪਰ ਲੈਨਿਨਗ੍ਰਾਦ ਦੀ ਅਵਾਜ਼ ਨੂੰ ਬੜੇ ਚਾਅ ਨਾਲ਼ ਸੁਣ ਰਹੇ ਦੇਸ਼ ਨੂੰ ਇਹ ਨਹੀਂ ਸੀ ਪਤਾ ਕਿ ਤੋਪਾਂ ਦੇ ਗੋਲ਼ਿਆਂ ਦੀ ਸ਼ੂਕਰ ਤੇ ਬੰਬਾਂ ਦੀ ਗੜਗੜਾਹਟ ਵਿਚ ਸ਼ੋਸਤਾਕੋਵਿਚ ਬੋਲ ਰਿਹਾ ਸੀ।

ਖੁਸ਼ਕਿਸਮਤੀ ਨਾਲ਼ ਹੀ, ਰੇਡੀਓ ਸਟੇਸ਼ਨ ਦੇ ਨੇੜੇ ਕੋਈ ਬੰਬ ਨਹੀਂ ਸੀ ਡਿੱਗਾ। ਸਵਰਕਾਰ ਬੜੇ ਜਜ਼ਬਾਤ ਵਿਚ ਆ ਕੇ ਬੋਲਿਆ ਸੀ ਅਤੇ ਉਹਦੀ ਅਵਾਜ਼ ਭਾਵੇਂ ਕੁਝ-ਕੁਝ ਨੱਪੀ ਘੁਟੀ ਸੀ, ਪਰ ਬਿਲਕੁਲ ਸਾਫ ਤੇ ਬਾਹਰੋਂ ਠਰ੍ਹੰਮੇ ਭਰੀ ਸੀ।

"ਇਕ ਘੰਟਾ ਪਹਿਲਾਂ ਮੈਂ ਆਪਣੀ ਰਚਨਾ ਦਾ ਦੂਜਾ ਭਾਗ ਮੁਕੰਮਲ ਕੀਤਾ ਸੀ," ਸ਼ੋਸਤਾਕੋਵਿਚ ਨੇ ਬੋਲਣਾ ਸ਼ੁਰੂ ਕੀਤਾ। "ਜੇ ਮੈਂ ਇਸ ਸਿੰਫਨੀ ਦਾ ਤੀਜਾ ਤੇ ਚੌਥਾ ਭਾਗ ਪੂਰਾ ਕਰ ਸਕਿਆ ਅਤੇ ਇਹ ਕੰਮ ਤਸੱਲੀਬਖਸ਼ ਹੋਇਆ, ਤਾਂ ਮੈਂ ਇਸ ਨੂੰ ਸੱਤਵੀਂ ਸਿੰਫਨੀ ਆਖ ਸਕਾਂਗਾ... ਜੰਗ ਦੀਆਂ ਹਾਲਤਾਂ ਦੇ ਬਾਵਜੂਦ, ਉਸ ਖਤਰੇ ਦੇ ਬਾਵਜੂਦ ਜਿਹੜਾ ਲੈਨਿਨਗ੍ਰਾਦ ਉੱਤੇ ਮੰਡਲਾ ਰਿਹਾ ਹੈ, ਮੈਂ ਪਹਿਲੇ ਦੋ ਭਾਗ ਮੁਕਾਬਲਤਨ ਥੋੜ੍ਹੇ ਵਕਤ ਵਿਚ ਲਿਖ ਲਏ ਹਨ। ਇਹ ਮੈਂ ਤੁਹਾਨੂੰ ਕਿਉਂ ਦੱਸ ਰਿਹਾ ਹਾਂ ? ਮੈਂ ਇਹ ਗੱਲ ਇਸ ਵਾਸਤੇ ਦੱਸ ਰਿਹਾ ਹਾਂ ਕਿ ਰੇਡੀਓ ਦੇ ਜਿਹੜੇ ਸਰੋਤੇ ਇਸ ਵੇਲ਼ੇ ਮੈਨੂੰ ਸੁਣ ਰਹੇ ਹਨ, ਉਹਨਾਂ ਨੂੰ ਪਤਾ ਲੱਗ ਜਾਵੇ ਕਿ ਸਾਡੇ ਸ਼ਹਿਰ ਵਿਚ ਜ਼ਿੰਦਗੀ ਆਮ ਵਰਗੀ ਹੀ ਹੈ। ਅੱਜ ਅਸੀਂ ਸਾਰੇ ਹੀ ਜੁਝਾਰੂ ਪਹਿਰੇਦਾਰ ਬਣ ਗਏ ਹਾਂ। ਅਤੇ ਸਭਿਆਚਾਰ ਤੇ ਕਲਾ ਦੇ ਖੇਤਰ ਵਿਚ ਕੰਮ ਕਰਨ ਵਾਲੇ ਲੈਨਿਨਗ੍ਰਾਦ ਦੇ ਦੂਜੇ ਸ਼ਹਿਰੀਆਂ ਨਾਲ਼ ਮੋਢਾ ਜੋੜ ਕੇ ਆਪਣਾ ਫਰਜ਼ ਪੂਰਾ ਕਰ ਰਹੇ ਹਾਂ।

"ਮੈਂ ਲੈਨਿਨਗ੍ਰਾਦ ਦੇ ਸਾਰੇ ਵਾਸੀਆਂ ਵਲੋਂ, ਸਭਿਆਚਾਰ ਤੇ ਕਲਾ ਦੇ ਖੇਤਰ ਵਿਚ ਕੰਮ ਕਰਨ ਵਾਲ਼ੇ ਸਭਨਾਂ ਲੋਕਾਂ ਵਲੋਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਨੂੰ ਕੋਈ ਨਹੀਂ ਹਰਾ ਸਕਦਾ, ਅਸੀਂ ਹਰ ਵਕਤ ਆਪਣੇ ਮੋਰਚਿਆਂ ਉੱਤੇ ਡੱਟੇ ਹੋਏ ਹਾਂ..."

"ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਨੂੰ ਕੋਈ ਨਹੀਂ ਹਰਾ ਸਕਦਾ..." ਇਸ ਤਰ੍ਹਾਂ ਬੋਲਿਆ ਸੀ ਸ਼ੋਸਤਾਕੋਵਿਚ, ਲੈਨਿਨਗ੍ਰਾਦ ਦਾ ਇਕ ਉੱਘਾ ਸਪੂਤ, ਇਸ ਦਾ ਮਾਣ ਤੇ ਉਹ ਲੈਨਿਨਗ੍ਰਾਦ ਦੇ ਸਾਰੇ ਵਾਸੀਆਂ ਵਲੋਂ ਬੋਲਿਆ ਸੀ। ਅਤੇ ਮਾਤਭੂਮੀ ਦੇ ਸਮੂਹ ਲੋਕਾਂ ਨੇ, ਮਾਣ, ਪੀੜ ਤੇ ਚਿੰਤਾ ਨਾਲ਼ ਲੈਨਿਨਗ੍ਰਾਦ ਦਾ ਇਕ-ਇਕ ਲਫਜ਼ ਸੁਣਦਿਆਂ ਉਸ ਉੱਤੇ ਵਿਸ਼ਵਾਸ ਕੀਤਾ ਸੀ।

ਪਤਝੜ ਮੁੱਕਣ ਵਾਲ਼ੀ ਸੀ ਜਦੋਂ ਲੈਨਿਨਗ੍ਰਾਦ ਪ੍ਰਦੇਸ਼ ਦੇ ਪਹਿਲੇ ਛਾਪਾਮਾਰਾਂ ਨੇ ਮੋਰਚਾ ਲੰਘ ਕੇ ਸ਼ਹਿਰ ਵਿਚ ਪ੍ਰਵੇਸ਼ ਕੀਤਾ ਅਤੇ ਸ਼ਹਿਰੀਆਂ ਨੂੰ ਸੰਬੋਧਨ ਕਰਨ ਲਈ ਰੇਡੀਓ ਸਟੇਸ਼ਨ ਆਏ, ਤਾਂ ਉਹਨਾਂ ਤੋਂ ਸਾਨੂੰ ਪਤਾ ਲੱਗਾ ਕਿ ਲੈਨਿਨਗ੍ਰਾਦ ਤੋਂ ਸਾਡੇ ਪ੍ਰਸਾਰਨ ਉਹਨਾਂ ਵਾਸਤੇ

ਕੀ ਅਹਿਮੀਅਤ ਰੱਖਦੇ ਸਨ।

"ਰੋਜ਼-ਬਰੋਜ਼ ਜਰਮਨ ਆਪਣੇ ਅਖ਼ਬਾਰਾਂ ਵਿਚ ਲਿਖਦੇ ਸਨ ਕਿ ਲੈਨਿਨਗ੍ਰਾਦ ਉੱਤੇ ਕਬਜ਼ਾ ਹੋ ਗਿਆ ਹੈ ਅਤੇ ਬਾਲਟਿਕ ਬੇੜਾ ਤਬਾਹ ਕਰ ਦਿੱਤਾ ਗਿਆ ਹੈ," ਲੂਗਾ ਦਸਤੇ ਦੇ ਕਮਾਂਡਰ ਨ. ਅ. ਪਾਨੋਵ (ਓਦੋਂ ਕਾਮਰੇਡ ਪ.) ਨੇ ਸਾਨੂੰ ਦੱਸਿਆ, "ਖ਼ਬਰ ਸੁਣ ਕੇ ਲੋਕਾਂ ਨੂੰ ਭਾਰੀ ਨਿਰਾਸ਼ਾ ਹੋਈ ਤੇ ਸਾਡੇ ਦਸਤੇ ਦਾ ਜੋਸ਼ ਵੀ ਮੱਠਾ ਪੈ ਗਿਆ।... ਅਸੀਂ ਕੀ ਕਰਦੇ ? ਅਸੀਂ ਪਾਰਟੀ ਦੀ ਮੀਟਿੰਗ ਸੱਦ ਲਈ। ਏਜੰਡੇ ਉੱਤੇ ਇਕੋ ਸਵਾਲ ਸੀ ਲੈਨਿਨਗ੍ਰਾਦ ਨੇ ਹਥਿਆਰ ਸੁੱਟ ਦਿੱਤੇ ਹਨ ਜਾਂ ਨਹੀਂ ? ਫੈਸਲਾ ਹੋਇਆ-ਨਹੀਂ ਸੁੱਟੇ ! ਹਾਂ, ਹਾਂ, ਫੈਸਲਾ ਹੋਇਆ: ਲੈਨਿਨਗ੍ਰਾਦ ਨੇ ਹਥਿਆਰ ਨਹੀਂ ਸੁੱਟੇ... ਪਰ ਸਾਡੇ ਦਿਲ ਪੀੜ-ਪੀੜ ਸਨ। ਫੇਰ ਇਕ ਦਿਨ ਸਾਨੂੰ ਓਰੇਦੇਜ਼ ਦੇ ਕੁਝ ਛਾਪੇਮਾਰ ਮਿਲੇ। ਨਿਰਸੰਦੇਹ, ਸਾਡਾ ਪਹਿਲਾ ਸਵਾਲ ਇਹ ਸੀ: 'ਸੁਣਾਓ, ਲੈਨਿਨਗ੍ਰਾਦ ਦਾ ਕੀ ਹਾਲ ਹੈ ?' ਉਹਨਾਂ ਕੋਲ ਰੇਡੀਓ ਸੀ... 'ਹੁਣੇ ਪਤਾ ਕਰ ਲੈਂਦੇ ਆਂ' ਉਹਨਾਂ ਨੇ ਆਖਿਆ ਤੇ ਰੇਡੀਓ ਲਾ ਦਿੱਤਾ। ਤੇ ਕਲਪਨਾ ਤਾਂ ਕਰੋ, ਸਾਡੀ ਖੁਸ਼ਕਿਸਮਤੀ, ਇਕ ਘੰਟੇ ਦੇ ਅੰਦਰ ਅਸੀਂ ਸੁਣ ਲਿਆ: 'ਇਹ ਰੇਡੀਓ ਲੈਨਿਨਗ੍ਰਾਦ ਏ। ਇਹ ਕਰੂਜ਼ਰ "ਕੀਰੋਵ" ਏ।' ਤੁਸੀਂ ਆਪ ਹੀ ਅੰਦਾਜ਼ਾ ਕਰ ਸਕਦੇ ਹੋ ਕਿ ਸਾਡੇ ਵਾਸਤੇ ਇਸ ਦਾ ਕੀ ਮਤਲਬ ਸੀ। ਸੋ ਲੈਨਿਨਗ੍ਰਾਦ ਵਿਚ ਜਾਨ ਸੀ ਤੇ ਲੜ ਰਿਹਾ ਸੀ। ਬਾਲਟਿਕ ਬੇੜਾ ਵੀ ਲੜ ਰਿਹਾ ਸੀ। ਆਖ਼ਰ, ਸਾਡੀ ਪਾਰਟੀ ਮੀਟਿੰਗ ਵਿਚ ਠੀਕ ਹੀ ਫੈਸਲਾ ਲਿਆ ਗਿਆ ਸੀ। ਅਸੀਂ ਓਸੇ ਵੇਲ਼ੇ ਪਿੰਡਾਂ ਵਿਚ ਪ੍ਰਚਾਰਕ ਭੇਜੇ ਤਾਂ ਜੋ ਲੋਕਾਂ ਨੂੰ ਪਤਾ ਲੱਗੇ ਕਿ ਲੈਨਿਨਗ੍ਰਾਦ ਨੇ ਹੱਥਿਆਰ ਨਹੀਂ ਸੁੱਟੇ ਤੇ ਨਾ ਹੀ ਹਥਿਆਰ ਸੁੱਟੇਗਾ। ਇਸ ਦਾ ਸਾਨੂੰ ਬਹੁਤ ਫਾਇਦਾ ਹੋਇਆ।"

ਲੈਨਿਨਗ੍ਰਾਦ ਦੀ ਅਵਾਜ਼ ਸਾਡੇ ਦੇਸ਼ ਦੀਆਂ ਦੂਰ-ਦੁਰਾਡੀਆਂ ਨੁੱਕਰਾਂ ਵਿਚ ਪਹੁੰਚਦੀ ਸੀ। ਲੈਨਿਨਗ੍ਰਾਦ ਦੇ ਪ੍ਰਸਾਰਨਾਂ ਦੇ ਪ੍ਰਭਾਵ ਬਾਰੇ 1944 ਵਿਚ ਸੇਵਾਸਤੋਪੋਲ ਦੀਆਂ ਸੁਆਣੀਆਂ ਅਤੇ ਖੇਰਸਨ ਮਿਊਜ਼ੀਅਮ ਦੇ ਪ੍ਰਬੰਧਕ ਅਲੇਕਸਾਂਦਰ ਤਾਖਤਾਈ ਨੇ ਸਾਨੂੰ ਬਹੁਤ ਕੁਝ ਦੱਸਿਆ ਸੀ। 1941 ਦੀ ਪਤਝੜ ਵਿਚ ਸੇਵਾਸਤੋਪੋਲ, ਕੀਵ ਤੇ ਓਦੇਸਾ ਦੇ ਮੁਹਾਸਰੇ ਵਿਚ ਆਏ ਸ਼ਹਿਰਾਂ ਨੇ ਘਿਰੇ ਹੋਏ ਲੈਨਿਨਗ੍ਰਾਦ ਨਾਲ਼ ਪ੍ਰਸਾਰਨਾਂ ਦਾ ਵਟਾਂਦਰਾ ਸ਼ੁਰੂ ਕੀਤਾ। ਇਹ ਬੜਾ ਔਖਾ ਤੇ ਸੂਰਮਗਤੀ ਦਾ ਵਕਤ ਸੀ ਅਤੇ ਅਫਸੋਸ ਦੀ ਗੱਲ, ਇਹ ਵਟਾਂਦਰਾ ਬਹੁਤੀ ਦੇਰ ਚਲਦਾ ਨਾ ਰਹਿ ਸਕਿਆ। ਵਟਾਂਦਰੇ ਦੀ ਇਸ ਲੜੀ ਵਿਚ ਸਭ ਤੋਂ ਲੰਮਾ ਵਟਾਂਦਰਾ ਸੇਵਾਸਤੋਪੋਲ ਨਾਲ਼ ਹੋਇਆ ਜਿਹੜਾ ਸ਼ਹਿਰ ਦੇ ਜਰਮਨ ਕਬਜ਼ੇ ਵਿਚ ਆ ਜਾਣ ਤੱਕ ਜਾਰੀ ਰਿਹਾ।

"ਅਸੀਂ ਇਕ ਖਾਸ ਤਰ੍ਹਾਂ ਦੇ ਜੋਸ਼ ਨਾਲ਼ ਲੈਨਿਨਗ੍ਰਾਦ ਦੀ ਅਵਾਜ਼ ਸੁਣਦੇ ਸਾਂ," ਤਾਖ਼ਤਾਈ ਨੇ ਸਾਨੂੰ ਦੱਸਿਆ, "ਕਿਉਂਕਿ ਇਹ ਸਾਡੇ ਸਾਥੀਆਂ ਦੀ, ਸਾਡੇ ਵੱਡੇ ਭਰਾਵਾਂ ਦੀ ਅਵਾਜ਼ ਸੀ। ਇਸ ਅਵਾਜ਼ ਦੇ ਠਰ੍ਹੰਮੇ ਤੇ ਦ੍ਰਿੜ੍ਹਤਾ ਤੋਂ ਅਸੀਂ ਦੰਗ ਰਹਿ ਜਾਂਦੇ ਸਾਂ ਤੇ ਪ੍ਰਭਾਵਿਤ ਹੁੰਦੇ ਸਾਂ। ਅਸੀਂ ਆਪਣੇ ਤਜਰਬੇ ਤੋਂ ਜਾਣਦੇ ਸਾਂ ਕਿ ਇਹਨਾਂ ਸਿੱਧੇ ਸਾਦੇ ਲਫਜ਼ਾਂ — 'ਦੁਸ਼ਮਣ ਦੇ ਜ਼ੋਰਦਾਰ ਜ਼ਮੀਨੀ ਤੇ ਹਵਾਈ ਹਮਲਿਆਂ ਦੇ ਬਾਵਜੂਦ' — ਪਿੱਛੇ ਕੀ ਲੁਕਿਆ ਹੋਇਆ

ਹੁੰਦਾ ਸੀ। ਪਰ ਬਾਅਦ ਵਿਚ ਅਸੀਂ ਹੋਰ ਵੀ ਬਹੁਤੇ ਪ੍ਰਭਾਵਿਤ ਹੋਏ ਜਦੋਂ ਸਾਨੂੰ ਪਤਾ ਲੱਗਾ ਕਿ ਇਹਨਾਂ 'ਜ਼ੋਰਦਾਰ ਹਮਲਿਆਂ' ਦੇ ਇਲਾਵਾ 1942 ਦੇ ਸਿਆਲ ਤੇ ਬਹਾਰ ਵਿਚ ਤੁਹਾਡੇ ਉੱਤੇ ਕੀ ਕੁਝ ਹੋਰ ਬੀਤਿਆ ਸੀ।"

ਅਸੀਂ ਕਦੇ ਕੁਝ ਲੁਕਾਉਂਦੇ ਨਹੀਂ ਸੀ, ਕਿਸੇ ਨੂੰ ਧੋਖੇ ਵਿਚ ਰੱਖਣ ਦੀ ਕੋਸ਼ਿਸ਼ ਨਹੀਂ ਸੀ ਕਰਦੇ। ਅਸੀਂ ਤਾਂ ਬਸ ਸਿੱਧਾ ਸਾਦਾ ਸੱਚ ਬੋਲਦੇ ਸਾਂ ਜੋ ਸਭਨਾਂ ਵਾਸਤੇ ਵੱਡੀ ਚੀਜ਼ ਸੀ: ਅਸੀਂ ਡਟੇ ਹੋਏ ਸਾਂ ਅਤੇ ਅਸੀਂ ਡਟੇ ਰਹਾਂਗੇ।

ਪਰ ਅਸੀਂ ਆਪਸ ਵਿਚ ਗੱਲਬਾਤ ਵਧੇਰੇ ਖੁੱਲ੍ਹ ਕੇ ਕਰ ਲੈਂਦੇ ਸਾਂ।

ਮੈਨੂੰ ਯਾਦ ਹੈ ਕਿਵੇਂ 19 ਸਤੰਬਰ 1941 ਵਾਲੇ ਦਿਨ, ਜਿਸ ਦਿਨ ਐਸੀ ਅੰਧਾਧੁੰਦ ਬੰਬਾਰੀ ਹੋਈ ਜਿਹੜੀ ਲੈਨਿਨਗ੍ਰਾਦ ਦੇ ਸਾਰੇ ਵਾਸੀਆਂ ਨੂੰ ਯਾਦ ਹੋਵੇਗੀ, ਮਸਕੋਵਸਕਾਯਾ ਨਾਂ ਦੀ ਇਕ ਔਰਤ ਸਾਡੇ ਸਟੂਡੀਓ ਆਈ। ਇਹ ਸਤਰੇਮਿਆਨਾਯਾ ਸੜਕ ਉੱਤੇ ਰਹਿੰਦੀ ਸੀ। ਉਸ ਦੇ ਦੋ ਬੱਚੇ ਉਹਦੇ ਮਕਾਨ ਦੇ ਮਲਬੇ ਹੇਠਾਂ ਦੱਬ ਕੇ ਮਰ ਗਏ ਸਨ। ਉਹ ਰੇਡੀਓ ਉੱਤੇ ਪਹਿਲਾਂ ਕਦੇ ਨਹੀਂ ਸੀ ਬੋਲੀ ਪਰ ਉਹ ਆਈ ਤੇ ਕਹਿਣ ਲੱਗੀ:

"ਮੈਨੂੰ ਰੇਡੀਓ ਤੋਂ ਬੋਲ ਲੈਣ ਦਿਓ... ਮੈਂ ਬੋਲਣਾ ਚਾਹੁੰਦੀ ਆਂ।"

ਉਸ ਨੇ ਸਰੋਤਿਆਂ ਨੂੰ ਇਸ ਬਾਰੇ ਦੱਸਿਆ ਕਿ ਇਕ ਘੰਟਾ ਪਹਿਲਾਂ ਉਹਦੇ ਬੱਚਿਆ ਨਾਲ਼ ਕੀ ਹੋਇਆ ਸੀ। ਜਿਹੜੀ ਚੀਜ਼ ਮੈਨੂੰ ਸਭ ਤੋਂ ਬਹੁਤੀ ਯਾਦ ਹੈ ਉਹ ਏਨੇ ਉਹਦੇ ਲਫਜ਼ ਨਹੀਂ ਜਿੰਨੀ ਉਹਦੇ ਸਾਹਾਂ ਦੀ ਧੜਕਣ। ਇਕ ਐਸੇ ਇਨਸਾਨ ਦੇ ਬੋਝਲ ਤੇ ਔਖੇ ਔਖੇ ਸਾਹ ਜਿਹੜਾ ਹਰ ਵਕਤ ਆਪਣੀ ਚੀਕ ਰੋਕਦਾ ਹੋਵੇ, ਉੱਚੇ-ਉੱਚੇ ਹਟਕੋਰਿਆਂ ਨੂੰ ਨੱਪ-ਘੁੱਟ ਰਿਹਾ ਹੋਵੇ। ਸਾਹਾਂ ਦੀ ਇਹ ਧੜਕਣ, ਜਿਹੜੀ ਲਾਊਡਸਪੀਕਰ ਨਾਲ਼ ਹੋਰ ਉੱਚੀ ਹੋ ਜਾਂਦੀ ਸੀ, ਲੈਨਿਨਗ੍ਰਾਦ ਦੇ ਇਕ-ਇਕ ਮਕਾਨ ਵਿਚ ਅਤੇ ਸ਼ਹਿਰ ਨੂੰ ਆਉਂਦੇ ਰਸਤਿਆਂ ਉੱਤੇ ਬਣੀਆਂ ਖੰਦਕਾਂ ਵਿਚ ਪਹੁੰਚੀ, ਅਤੇ ਫੌਜੀਆਂ ਨੇ ਇਕ ਮਾਂ ਦੀ ਕਹਾਣੀ ਸੁਣੀ ਕਿਵੇਂ ਉਸ ਦਾ ਨਿੱਕਾ ਜਿਹਾ ਮੁੰਡਾ ਤੇ ਕੁੜੀ ਸਤਰੇਮਿਆਨਾਯਾ ਸੜਕ ਉੱਤੇ ਉਹਦੇ ਘਰ ਵਿਚ ਦਮ ਤੋੜ ਗਏ ਸਨ, ਉਸ ਨੇ ਸਾਹਾਂ ਦੀ ਧੜਕਣ ਸੁਣੀ, ਅਥਾਹ ਦੁੱਖ ਤੇ ਅਥਾਹ ਹੌਂਸਲੇ ਦੀ ਧੜਕਣ ਸੁਣੀ। ਸਾਹਾਂ ਦੀ ਇਹ ਧੜਕਣ ਉਹਨਾਂ ਸਭਨਾਂ ਨੂੰ ਯਾਦ ਰਹੀ ਤੇ ਡਟੇ ਰਹਿਣ ਵਿਚ ਉਹਨਾਂ ਦੀ ਮਦਦ ਕੀਤੀ।

ਰੇਡੀਓ ਦੇ ਮੰਚ ਤੋਂ ਬੋਲਦਿਆਂ, ਸ਼ਹਿਰ ਦੇ ਲੋਕਾਂ ਨੇ, ਜਿੱਥੇ ਨਿੱਜੀ ਤੇ ਸਮੂਹਿਕ ਇਕ ਦੂਜੇ ਵਿਚ ਘੁਲਮਿਲ ਗਿਆ ਸੀ, ਇਕ ਦੂਜੇ ਨੂੰ ਆਸਰਾ ਦਿੱਤਾ, ਹੌਂਸਲਾ ਦਿੱਤਾ ਅਤੇ ਉਹ ਸਭ ਇਕਮੁਠ ਹੋ ਸਕੇ।

ਇਕ ਲੇਖਕ ਦੇ ਤੌਰ 'ਤੇ ਮੈਂ ਇਹ ਗੱਲ ਮਾਣ ਨਾਲ ਕਹਿ ਸਕਦਾ ਹਾਂ ਕਿ ਉਹਨਾਂ ਦਿਨਾਂ ਵਿਚ ਲੈਨਿਨਗ੍ਰਾਦ ਦੇ ਲੇਖਕਾਂ ਦੀਆਂ ਅਵਾਜ਼ਾਂ ਉੱਚੀਆਂ ਤੇ ਸਪੱਸ਼ਟ ਗੂੰਜਦੀਆਂ ਸਨ। ਕਲਾ ਇਸ ਬਹੁਤ ਵੱਡੇ ਤੇ ਲਾਸਾਨੀ ਮੰਚ ਉੱਤੇ ਸਿਰਫ਼ ਤਕਰੀਰਾਂ ਕਰਨ, ਪ੍ਰੇਰਨਾ ਦੇਣ ਤੇ ਅਪੀਲਾਂ ਕਰਨ ਵਾਸਤੇ ਹੀ ਨਹੀਂ ਸੀ ਆਈ। ਨਹੀਂ ਇਸ ਨੇ ਆਪਣੇ ਸਾਥੀ ਸ਼ਹਿਰੀਆਂ ਨਾਲ਼ ਦਿਲ ਦੀਆਂ ਗੱਲਾਂ ਕੀਤੀਆਂ ਸਨ, ਬਹੁਤ ਹੀ ਅਹਿਮ ਮਸਲਿਆਂ ਬਾਰੇ ਇਸ ਨੇ ਉੱਚੀ ਸੁਰ ਵਿਚ

ਸੋਚਿਆ ਸੀ, ਇਸ ਨੇ ਸਲਾਹ ਮਸ਼ਵਰਾ ਕੀਤਾ ਸੀ, ਢਾਰਸ ਬੰਨ੍ਹਾਇਆ ਸੀ ਅਤੇ ਉਸ ਢੰਗ ਨਾਲ਼ ਉਹਨਾਂ ਦੇ ਦਿਲਾਂ ਤੱਕ ਪਹੁੰਚ ਕੇ ਜਿਸ ਨਾਲ਼ ਸਿਰਫ ਕਲਾ ਹੀ ਪਹੁੰਚ ਸਕਦੀ ਹੈ, ਆਪਣੇ ਸਰੋਤਿਆਂ ਦੀਆਂ ਖੁਸ਼ੀਆਂ-ਗਮੀਆਂ ਵਿਚ ਹਿੱਸਾ ਵੰਡਾਇਆ ਸੀ।

ਜਿੱਥੋਂ ਤੱਕ ਤਕਰੀਰਾਂ ਤੇ ਅਪੀਲਾਂ ਕਰਨ ਦਾ ਸਵਾਲ ਹੈ ਸਾਡੇ ਵੀ ਆਪਣੇ ਸਿਰਕੱਢ ਬੁਲਾਰੇ ਸਨ। ਲੈਨਿਨਗ੍ਰਾਦ ਦਾ ਕੋਈ ਵੀ ਵਸਨੀਕ, ਜਿਹੜਾ ਮੁਹਾਸਰੇ ਦੇ ਦਿਨਾਂ ਵਿਚ ਸ਼ਹਿਰ ਵਿਚ ਰਹਿੰਦਾ ਸੀ, ਵਸੇਵੋਲੋਦ ਵਿਸ਼ਨੇਵਸਕੀ ਦੀਆਂ ਰੇਡੀਓ ਤੋਂ ਕੀਤੀਆਂ ਜਜ਼ਬਿਆਂ ਵਿਚ ਗੁੰਨ੍ਹੀਆਂ ਤਕਰੀਰਾਂ ਨੂੰ ਕਦੇ ਨਹੀਂ ਭੁੱਲ ਸਕੇਗਾ। ਰੇਡੀਓ, ਜਿਸ ਦੇ ਯੰਤਰ ਹਨ ਧੁਨੀ, ਅਵਾਜ਼ ਤੇ ਲੈਅ, ਇਸ ਲੇਖਕ ਦੀ ਨਿਵੇਕਲੀ ਸੁਰ ਨੂੰ ਸਰੋਤਿਆ ਤੱਕ ਪਹੁੰਚਾਉਣ ਦਾ ਇਕ ਆਦਰਸ਼ਕ ਸਾਧਨ ਸੀ। ਇਹ ਲੇਖਕ ਕਰੂਜਰ "ਆਰੋਰਾ" ਦੇ ਵੇਲ਼ਿਆਂ ਦਾ ਬਾਲਟਿਕ ਬੇੜੇ ਦਾ ਜਹਾਜ਼ੀ ਸੀ ਜਦੋਂ ਇਸ ਨੇ ਸਰਦ ਮਹੱਲ ਉੱਤੇ ਧਾਵੇ ਦੌਰਾਨ ਆਪਣਾ ਇਤਿਹਾਸਕ ਗੋਲ਼ਾ ਦਾਗਿਆ ਸੀ। ਉਸ ਦੀ ਸੁਰ ਤੇ ਉਸ ਦੇ ਅੰਦਾਜ਼ ਦਾ ਆਪਣੇ ਆਪ ਹੀ ਸੇਂਟ ਪੀਟਰਸਬਰਗ-ਪੀਤਰੋਗ੍ਰਾਦ-ਲੈਨਿਨਗ੍ਰਾਦ ਦੇ ਇਨਕਲਾਬੀ ਇਤਿਹਾਸ ਨਾਲ਼ ਇਕ ਜਿਊਂਦਾ ਜਾਗਦਾ ਰਿਸ਼ਤਾ ਸੀ। ਬਾਲਟਿਕ ਜਹਾਜ਼ੀ ਦਾ ਇਹ ਬੇਪ੍ਰਵਾਹੀ ਵਾਲ਼ਾ ਅੰਦਾਜ਼, ਇਹ ਜਾਣੀ ਪਛਾਣੀ ਗੂੰਜਦੀ ਸੁਰ, ਜਿਸ ਨੇ ਅਕਤੂਬਰ ਇਨਕਲਾਬ ਤੇ ਖਾਨਾਜੰਗੀ ਦੇ ਦਿਨੀਂ ਆਪਣੀ ਸਮਰਥਾ ਦਾ ਸ਼ਾਨਦਾਰ ਸਬੂਤ ਦਿੱਤਾ ਸੀ, ਫੇਰ ਵਾਪਸ ਆ ਗਏ ਸਨ ਜਿਊਂਦੇ ਜਾਗਦੇ, ਅਸਲੀ ਰੂਪ ਵਿਚ, ਹਰ ਦਿਲ ਨੂੰ ਪਿਆਰੇ। ਇਹ ਠੀਕ ਹੈ ਕਿ ਬਾਲਟਿਕ ਜਹਾਜ਼ੀ ਹੁਣ ਵਧੇਰੇ ਹਠੀਲਾ ਤੇ ਗੰਭੀਰ ਹੋ ਗਿਆ ਸੀ ਪਰ 1941 ਦੀ ਉਸ ਖੌਫਨਾਕ ਪਤਝੜ ਵਿਚ, ਹਮਲੇ ਦੇ ਉਹਨਾਂ ਭਿਆਨਕ ਦਿਨਾਂ ਵਿਚ ਉਸ ਦੀਆਂ ਜੋਸ਼ ਭਰੀਆਂ ਤੇ ਕਦੇ-ਕਦੇ ਕੁਝ ਉਖੜੀਆਂ-ਉਖੜੀਆਂ ਤਕਰੀਰਾਂ ਨੇ ਇਸ ਸ਼ਹਿਰ ਨੂੰ, ਜਿਹੜਾ ਆਪਣੀਆਂ ਰਵਾਇਤਾਂ ਨੂੰ ਪਿਆਰ ਹੀ ਨਹੀਂ ਕਰਦਾ ਸਗੋਂ ਉਹਨਾਂ ਨੂੰ ਅਮਲ ਵਿਚ ਜਿਊਂਦਾ ਵੀ ਹੈ, ਬੜਾ ਹੌਂਸਲਾ ਦਿੱਤਾ ਸੀ। ਉਹ ਇਸ ਲਈ ਬੜੀਆਂ ਜ਼ਰੂਰੀ ਸਨ।

ਆਪਣੇ ਸ਼ਹਿਰ ਨਿਵਾਸੀਆਂ ਨੂੰ, ਰਜ਼ਾਕਾਰਾਂ ਅਤੇ ਫ਼ੌਜੀਆਂ ਨੂੰ ਪੀਤਰੋਗ੍ਰਾਦ ਦੇ ਬੁੱਢੇ ਮਜ਼ਦੂਰਾਂ ਦੀ ਹਰ ਅਪੀਲ ਇਸ ਪ੍ਰਤਿਗਿਆ ਨਾਲ਼ ਸਮਾਮਤ ਹੁੰਦੀ ਸੀ: "ਮਰ ਜਾਵਾਂਗੇ, ਪਰ ਆਪਣਾ ਪਿਆਰਾ ਲੈਨਿਨਗ੍ਰਾਦ ਨਹੀਂ ਛੱਡਾਂਗੇ।"

ਇਹ ਪ੍ਰਤਿਗਿਆ ਤਕਰੀਬਨ ਅੱਖਰ-ਅੱਖਰ ਉਹ ਨਾਹਰਾ ਸੀ ਜਿਹੜਾ ਫੌਜੀਆਂ ਤੇ ਲਾਲ ਗਾਰਦਾਂ ਦੇ ਝੰਡਿਆਂ ਉੱਤੇ ਲਿਖਿਆ ਹੋਇਆ ਸੀ ਜਿਹੜੇ 1917-1919 ਵਿਚ ਕੋਰਨੀਲੋਵ, ਕੇਰੇਨਸਕੀ ਜਾਂ ਯੂਦੇਵਿਚ* ਦੇ ਖਿਲਾਫ ਸ਼ਹਿਰ ਦੀ ਰੱਖਿਆ ਲਈ ਮੈਦਾਨ ਵਿਚ ਨਿਤਰੇ ਸਨ: "ਮਰ ਜਾਵਾਂਗੇ, ਪਰ ਲਾਲ ਪੀਤਰੋਗ੍ਰਾਦ ਨਹੀਂ ਛੱਡਾਗੇ!"

ਇਹ ਕੋਈ ਟੂਕ ਨਹੀਂ ਸੀ, ਇਹ ਤਾਂ ਜਿਊਂਦੀ ਜਾਗਦੀ ਆਤਮਾ ਦੀ ਅਵਾਜ਼ ਸੀ, ਓਨੀ ਹੀ ਜਿਊਂਦੀ ਜਾਗਦੀ ਤੇ ਅਹਿਮ ਜਿੰਨੀਆਂ ਬਾਲਟਿਕ ਬੇੜੇ ਦੇ ਇਨਕਲਾਬੀ ਜਹਾਜ਼ੀ ਵਾਲ਼ੇ

---

* ਰੂਸ ਵਿਚ ਸਮਾਜਵਾਦੀ ਇਨਕਲਾਬ ਮਗਰੋਂ ਛਿੜੀ ਖਾਨਾਜੰਗੀ ਦੌਰਾਨ ਉਲਟ ਇਨਕਲਾਬੀਆਂ ਦੇ ਮੁਖੀ। **—ਸੰਪਾ:**

ਲਾਸਾਨੀ ਅੰਦਾਜ਼ ਵਿਚ ਵਸੇਵੋਲੋਦ ਵਿਸ਼ਨੇਵਸਕੀ ਦੀਆਂ ਤਕਰੀਰਾਂ। ਮਿਸਾਲ ਵਾਸਤੇ ਉਹਦੀ ਉਹ ਤਕਰੀਰ ਹੀ ਜਿਹੜੀ ਉਹਨੇ ਅਕਤੂਬਰ ਇਨਕਲਾਬ ਦੀ 24 ਵੀਂ ਵਰ੍ਹੇਗੰਢ ਦੇ ਮੌਕੇ ਰੇਡੀਓ ਤੋਂ ਕੀਤੀ ਸੀ:

"...ਅਕਤੂਬਰ ਦੀ ਵਰ੍ਹੇਗੰਢ ਤੋਂ ਪਹਿਲੀ ਰਾਤ: ਜੰਮੇ ਹੋਏ ਨੇਵਾ ਦੇ ਕੰਢੇ ਸ਼ਹਿਰ ਉੱਤੇ ਜੋ ਸਭ ਕੁਝ ਕਰਨ ਨੂੰ ਤਿਆਰ ਹੈ, ਤਰਕਾਲਾਂ ਦਾ ਘੁਸਮੁਸਾ ਹੋ ਗਿਆ ਹੈ... ਮੋਰਚੇ 'ਤੇ ਡਟਿਆ ਸ਼ਹਿਰ ਜਿਊਂਦਾ ਜਾਗਦਾ ਹੈ ਅਤੇ ਇਨਕਲਾਬ ਦੇ ਦਿਲ ਦੀ ਧੜਕਣ ਪਹਿਲਾਂ ਜਿੰਨੀ ਹੀ ਮਜ਼ਬੂਤ ਹੈ। ਸੱਚੇ ਰੂਸੀ ਵਾਂਗ, ਲੈਨਿਨ ਵਾਂਗ ਇਸ ਵਿਚ ਠਰ੍ਹੰਮਾ ਤੇ ਭਰੋਸਾ ਹੈ। ਲਾਊਡਸਪੀਕਰਾਂ ਉੱਤੇ ਲਿਓ ਤਾਲਸਤਾਏ ਦੀ ਕਹਾਣੀ "ਸੇਵਾਸਤੋਪੋਲ ਸਿਆਲ 1854" ਸੁਣਾਈ ਜਾ ਰਹੀ ਹੈ। ਕੀਲੀ ਹੋਈ ਭੀੜ ਸੁਣ ਰਹੀ ਹੈ। ਲੋਕ ਆਪਣੇ ਆਪ ਨੂੰ ਪਛਾਣਦੇ ਹਨ। ਇਹ ਤਾਂ ਅੱਜ ਦੇ ਦਿਨਾਂ ਦੀ ਕਹਾਣੀ ਹੈ। ਤਾਲਸਤਾਏ ਦੀ "ਚੌਥੀ ਗੜ੍ਹੀ" ਅੱਜ ਦਾ ਲੈਨਿਨਗ੍ਰਾਦ ਹੈ। ਤਾਲਸਤਾਏ ਦੇ ਬਿਆਨ ਦਾ ਇਕ ਇਕ ਲਫਜ਼ ਸਹੀ ਹੈ, ਸਭ ਕੁਝ ਉਸ ਤਰ੍ਹਾਂ ਹੀ ਜਿਵੇਂ ਅੱਜ ਸਾਡੀਆਂ ਅੱਖਾਂ ਦੇ ਸਾਮ੍ਹਣੇ ਹੈ। ਅਸਲ ਰੂਸੀ ਬਹਾਦਰੀ, ਸਨਿਮਰ, ਨਿਰਮਲ। ਇਕ ਟਰਾਮ ਜਿਸ ਦੀਆਂ ਬੱਤੀਆਂ ਬੁਝਾਈਆਂ ਹੋਈਆਂ ਹਨ ਮੁਹਾਜ਼ ਵੱਲ, ਚੌਥੀ ਗੜ੍ਹੀ ਵੱਲ ਜਾਂਦੀ ਹੈ... ਇਹ ਮਹਾਨ ਸ਼ਹਿਰ ਅਕਤੂਬਰ ਇਨਕਲਾਬ ਦਾ ਵਫ਼ਾਦਾਰ ਹੈ, ਇਸ ਨੂੰ ਆਪਣੀ ਹੋਣੀ ਦੀ ਅਤੇ ਆਪਣੇ ਆਪ ਦੀ ਪੂਰੀ ਚੇਤਨਾ ਹੈ। ਇਸ ਨੂੰ ਪਤਾ ਹੈ ਕਿ ਇਸ ਦੇ ਸਾਮ੍ਹਣੇ ਕੀ ਹੈ — ਕੰਮ, ਕੁਰਬਾਨੀਆਂ, ਵਫ਼ਾਦਾਰੀ, ਹੌਂਸਲਾ ਤੇ ਫਤਹਿ..."

ਮੈਨੂੰ "ਇਹ ਰੇਡੀਓ ਲੈਨਿਨਗ੍ਰਾਦ ਏ" ਲੜੀ ਦੀ ਇਕ ਹੋਰ ਵਾਰਤਾ ਦਾ ਚੇਤਾ ਆਉਂਦਾ ਹੈ — 1941 ਦੇ ਸਤੰਬਰ ਦੇ ਅਖੀਰ ਵਿਚ ਜਦੋਂ ਸ਼ਹਿਰ ਉੱਤੇ ਤੋਪਾਂ ਅਤੇ ਹਵਾਈ ਹਮਲਿਆਂ ਨਾਲ਼ ਵਹਿਸ਼ੀਆਨਾ ਗੋਲਾਬਾਰੀ ਕੀਤੀ ਗਈ ਸੀ। ਇਹ ਕਵਿਤਰੀ ਅੱਨਾ ਅਖਮਾਤੋਵਾ ਦੀ ਵਾਰਤਾ ਸੀ। ਇਸ ਨੂੰ ਅਸੀਂ ਸਟੂਡੀਓ ਵਿਚ ਨਹੀਂ, ਸਗੋਂ ਲੇਖਕ ਭਵਨ ਅੰਦਰ, ਮਿਖਾਇਲ ਜ਼ੋਸ਼ਚੇਨਕੋ ਦੇ ਫਲੈਟ ਵਿਚ ਰਿਕਾਰਡ ਕੀਤਾ ਸੀ। ਜਿਵੇਂ ਕਿਸੇ ਨੂੰ ਚਿੜਾਉਣਾ ਹੋਵੇ, ਤੋਪਖਾਨਾ ਬੜੀ ਅੰਧਾਧੁੰਦ ਗੋਲ਼ਾਬਾਰੀ ਕਰ ਰਿਹਾ ਸੀ, ਅਤੇ ਅਸੀਂ ਬੁਰੀ ਤਰ੍ਹਾਂ ਘਬਰਾਏ ਹੋਏ ਸਾਂ, ਤੇ ਰਿਕਾਰਡਿੰਗ ਠੀਕ ਤਰ੍ਹਾਂ ਨਹੀਂ ਸੀ ਹੋ ਰਹੀ। ਅੱਨਾ ਅਖਮਾਤੋਵਾ ਨੇ ਬੋਲ ਕੇ ਮੈਨੂੰ ਛੋਟੀ ਜਿਹੀ ਤਕਰੀਰ ਲਿਖਾਈ ਸੀ ਜਿਸ ਨੂੰ ਮਗਰੋਂ ਉਹਨੇ ਆਪਣੇ ਆਪ ਠੀਕ-ਠਾਕ ਕੀਤਾ ਸੀ, ਅਤੇ ਇਹ ਪੀਲ਼ਾ ਪੈ ਗਿਆ ਕਾਗਜ਼ ਮੇਰੇ ਵਾਸਤੇ ਓਨਾ ਹੀ ਵਡਮੁੱਲਾ ਹੈ ਜਿੰਨਾ ਸ਼ੋਸਤਾਕੋਵਿਚ ਦੀ ਤਕਰੀਰ ਦਾ ਖਰੜਾ। ਅਤੇ ਅੱਜ ਵੀਹ ਸਾਲ ਬੀਤਣ ਬਾਦ ਵੀ ਸ਼ੋਸਤਾਕੋਵਿਚ ਦੀ ਮੱਧਮ, ਸੂਝਭਰੀ ਤੇ ਠਰ੍ਹੰਮੇ ਵਾਲ਼ੀ ਅਵਾਜ਼ ਅਤੇ ਕਦੇ ਉੱਚੀ, ਕਦੇ ਨੀਵੀਂ ਤੇ ਤਿੱਖੀ ਹੁੰਦੀ ਵਿਸ਼ਨੇਵਸਕੀ ਦੀ ਉਤੇਜਨਾਭਰੀ ਅਵਾਜ਼ ਇਉਂ ਯਾਦ ਹੈ ਜਿਵੇਂ ਇਹ ਅੱਜ ਦੀ ਗੱਲ ਹੋਵੇ। ਇਸੇ ਹੀ ਤਰ੍ਹਾਂ ਮੇਰੀ ਯਾਦ ਵਿਚ "ਵਿਰਲਾਪ ਦੀ ਕਾਵਿ-ਦੇਵੀ" ਦੀ ਭਾਰੀ, ਦਰਦਨਾਕ ਤੇ ਮਾਣਮੱਤੀ ਅਵਾਜ਼ ਸਾਂਭੀ ਹੋਈ ਹੈ ਜਦੋਂ ਉਹ ਤਰਕਾਲਾਂ ਵੇਲੇ ਦੇ, ਕਾਲੇ-ਸੁਨਹਿਰੇ, ਥੋੜ੍ਹੇ ਚਿਰ ਲਈ ਖਾਮੋਸ਼ ਹੋ ਗਏ ਲੈਨਿਨਗ੍ਰਾਦ ਉੱਤੇ ਉੱਡਦੀ ਸੀ। ਪਰ ਉਹਨਾਂ ਦਿਨਾਂ ਵਿਚ ਉਹ "ਵਿਰਲਾਪ ਦੀ ਕਾਵਿ-ਦੇਵੀ" ਵਾਂਗ ਨਾ ਲਿਖਦੀ ਸੀ ਨਾ ਬੋਲਦੀ ਸੀ, ਸਗੋਂ ਲੈਨਿਨਗ੍ਰਾਦ ਤੇ ਰੂਸ ਦੀ ਸੱਚੀ

ਤੇ ਬਹਾਦਰ ਸਪੁੱਤਰੀ ਵਜੋਂ ਲਿਖਦੀ ਬੋਲਦੀ ਸੀ।

ਉਸ ਨੇ ਆਖਿਆ ਸੀ:

"ਮੇਰੇ ਪਿਆਰੇ ਹਮਸ਼ਹਿਰੀਓ! ਲੈਨਿਨਗ੍ਰਾਦ ਦੀਓ ਮਾਤਾਓ! ਬੀਵੀਓ ਅਤੇ ਭੈਣੋਂ! ਮਹੀਨੇ ਤੋਂ ਉੱਤੇ ਹੋ ਗਿਆ ਹੈ, ਕਿਵੇਂ ਦੁਸ਼ਮਣ ਸਾਡੇ ਸ਼ਹਿਰ ਉੱਤੇ ਕਬਜ਼ਾ ਕਰਨ ਲਈ ਬੜ੍ਹਕਾਂ ਮਾਰ ਰਿਹਾ ਹੈ ਅਤੇ ਇਸ ਨੂੰ ਮਾਰੂ ਫੱਟ ਲਾ ਰਿਹਾ ਹੈ। ਮਹਾਨ ਪੀਟਰ ਦਾ ਇਹ ਸ਼ਹਿਰ, ਲੈਨਿਨ ਦਾ ਸ਼ਹਿਰ, ਪੂਸ਼ਕਿਨ, ਦੋਸਤੋਯੇਵਸਕੀ ਤੇ ਬਲੋਕ ਦਾ ਸ਼ਹਿਰ, ਮਹਾਨ ਸਭਿਆਚਾਰ ਤੇ ਕਿਰਤ ਦਾ ਸ਼ਹਿਰ ਨਮੋਸ਼ੀ ਤੇ ਤਬਾਹੀ ਦੇ ਖਤਰੇ ਵਿਚ ਪਿਆ ਹੋਇਆ ਹੈ। ਲੈਨਿਨਗ੍ਰਾਦ ਦੇ ਸਭਨਾਂ ਵਸਨੀਕਾਂ ਵਾਂਗ, ਇਹ ਸੋਚ ਕੇ ਖੌਫ ਨਾਲ਼ ਮੈਂ ਸੁੰਨ ਹੋ ਜਾਂਦੀ ਹਾਂ ਕਿ ਮੇਰਾ ਸ਼ਹਿਰ, ਸਾਡਾ ਸ਼ਹਿਰ ਲਿਤਾੜਿਆ ਜਾ ਸਕਦਾ ਹੈ। ਮੇਰੀ ਸਾਰੀ ਜ਼ਿੰਦਗੀ ਲੈਨਿਨਗ੍ਰਾਦ ਨਾਲ਼ ਜੁੜੀ ਹੋਈ ਹੈ। ਮੈਂ ਲੈਨਿਨਗ੍ਰਾਦ ਵਿਚ ਹੀ ਕਵੀ ਬਣੀ। ਮੇਰੀ ਕਵਿਤਾ ਵਿਚ ਲੈਨਿਨਗ੍ਰਾਦ ਦੇ ਸਾਹਾਂ ਦੀ ਧੜਕਣ ਹੈ... ਤੁਹਾਡੇ ਸਭ ਵਾਂਗ, ਮੈਂ ਵੀ ਸਿਰਫ ਇਸ ਅਡੋਲ ਵਿਸ਼ਵਾਸ ਦੇ ਸਹਾਰੇ ਜਿਊਂਦੀ ਹਾਂ ਕਿ ਲੈਨਿਨਗ੍ਰਾਦ ਨਾਜ਼ੀਆਂ ਦੇ ਸਾਮ੍ਹਣੇ ਕਦੇ ਗੋਡੇ ਨਹੀਂ ਟੇਕੇਗਾ। ਇਹ ਵਿਸ਼ਵਾਸ ਹੋਰ ਤਕੜਾ ਹੁੰਦਾ ਹੈ ਜਦੋਂ ਮੈਂ ਲੈਨਿਨਗ੍ਰਾਦ ਦੀਆਂ ਔਰਤਾਂ ਨੂੰ ਵੇਖਦੀ ਹਾਂ ਜਿਹੜੀਆਂ ਬਹਾਦਰਾਂ ਵਾਂਗ ਲੈਨਿਨਗ੍ਰਾਦ ਦੀ ਰੱਖਿਆ ਕਰ ਰਹੀਆਂ ਹਨ ਅਤੇ ਇਸ ਦੀ ਸਾਧਾਰਨ ਮਨੁੱਖੀ ਜ਼ਿੰਦਗੀ ਨੂੰ ਬਾਂਹ ਦੇਂਦੀਆਂ ਹਨ। ਸਾਡੀਆਂ ਆਉਣ ਵਾਲ਼ੀਆਂ ਨਸਲਾਂ ਦੇਸ਼ਭਗਤਕ ਜੰਗ ਦੇ ਜ਼ਮਾਨੇ ਦੀ ਹਰ ਮਾਂ ਨੂੰ ਸ਼ਰਧਾਂਜਲੀ ਪੇਸ਼ ਕਰਨਗੀਆਂ ਪਰ ਖਾਸ ਕਰਕੇ ਲੈਨਿਨਗ੍ਰਾਦ ਦੀ ਔਰਤ ਨੂੰ ਜਿਹੜੀ ਵਰ੍ਹਦੇ ਬੰਬਾਂ ਵਿਚ ਕੁੰਡੀ ਵਾਲ਼ਾ ਡੰਡਾ ਤੇ ਚਿਪਟਾ ਲੈ ਕੇ ਛੱਤ ਉੱਤੇ ਖਲੋਂਦੀ ਹੈ, ਲੈਨਿਨਗ੍ਰਾਦ ਦੀ ਰਜ਼ਾਕਾਰ ਨਰਸ ਨੂੰ ਜਿਹੜੀ ਮਚਦੇ ਘਰਾਂ ਦੇ ਖੰਡਰਾਂ ਵਿਚ ਜ਼ਖ਼ਮੀਆਂ ਦੀ ਮਲ੍ਹਮ ਪੱਟੀ ਕਰਦੀ ਹੈ... ਜਿਸ ਸ਼ਹਿਰ ਨੇ ਇਸ ਤਰ੍ਹਾਂ ਦੀਆਂ ਔਰਤਾਂ ਨੂੰ ਜਨਮ ਦਿੱਤਾ ਹੈ ਉਹ ਤਬਾਹ ਨਹੀਂ ਹੋ ਸਕਦਾ। ਅਸੀਂ ਲੈਨਿਨਗ੍ਰਾਦ ਦੇ ਵਸਨੀਕ ਬੜੇ ਔਖੇ ਦਿਨਾਂ ਵਿਚੋਂ ਲੰਘ ਰਹੇ ਹਾਂ, ਪਰ ਸਾਨੂੰ ਪਤਾ ਹੈ ਕਿ ਸਾਡਾ ਦੇਸ਼ ਅਤੇ ਸਾਡੇ ਸਾਰੇ ਹਮਵਤਨ ਸਾਡੇ ਨਾਲ ਹਨ। ਅਸੀਂ ਆਪਣੇ ਵਾਸਤੇ ਉਹਨਾਂ ਦੀ ਚਿੰਤਾ ਨੂੰ, ਉਹਨਾਂ ਦੇ ਪਿਆਰ, ਉਹਨਾਂ ਦੀ ਸਹਾਇਤਾ ਨੂੰ ਮਹਿਸੂਸ ਕਰ ਸਕਦੇ ਹਾਂ। ਅਸੀਂ ਉਹਨਾਂ ਦੇ ਧੰਨਵਾਦੀ ਹਾਂ ਅਤੇ ਵਾਅਦਾ ਕਰਦੇ ਹਾਂ ਕਿ ਅਸੀਂ ਹਮੇਸ਼ਾ ਡਟੇ ਰਹਾਂਗੇ, ਸਾਡੇ ਹੌਂਸਲੇ ਬੁਲੰਦ ਰਹਿਣਗੇ..."

ਪੂਰੇ ਦੇਸ਼ ਵਾਸਤੇ ਹੁੰਦੇ ਪ੍ਰਸਾਰਨ ਵੀ ਲੈਨਿਨਗ੍ਰਾਦ ਦੇ ਵਾਸੀ ਸੁਣਦੇ ਸਨ, ਅਤੇ ਇਸੇ ਕਰਕੇ ਹੀ ਅੱਨਾ ਅਖਮਾਤੋਵਾ, ਲੈਨਿਨਗ੍ਰਾਦ ਦੀਆਂ ਔਰਤਾਂ ਨੂੰ ਸੰਬੋਧਨ ਕਰ ਰਹੀ ਸੀ। ਹਰ ਪਹਿਲੀ ਥਾਂ 'ਤੇ ਇਹ ਪ੍ਰਸਾਰਨ ਪੂਰੇ ਦੇਸ਼ ਲਈ ਤੇ ਸਮੁੱਚੇ ਸੰਸਾਰ ਲਈ ਸਨ, ਅਤੇ ਇਹ ਬਹੁਤ ਜ਼ਰੂਰੀ ਸੀ ਕਿ ਸ਼ਹਿਰ ਦੇ ਆਮ ਰਾਖਿਆਂ ਦੇ ਨਾਲ਼-ਨਾਲ਼ ਹੀ, ਦੁਨੀਆਂ ਭਰ ਵਿਚ ਪ੍ਰਸਿੱਧੀ ਦੇ ਮਾਲਕ ਲੋਕ ਵੀ ਰੇਡੀਓ ਤੋਂ ਬੋਲਣ। ਬੇਸ਼ਕ, ਨਾਜ਼ੀ ਵੀ ਸਾਡੇ ਪ੍ਰਸਾਰਨ ਸੁਣਦੇ ਸਨ। ਉਹ ਇਹ ਪ੍ਰੋਗਰਾਮ ਸੁਣਦੇ ਸਨ ਅਤੇ, ਜਿਵੇਂ ਸਾਨੂੰ ਮਗਰੋਂ ਪਤਾ ਲੱਗਾ, ਬੋਲਣ ਵਾਲ਼ਿਆਂ ਦੇ ਨਾਂ ਲਿਖ ਲੈਂਦੇ ਸਨ, "ਹਿਸਾਬ ਲੈਣ ਦੇ ਦਿਨ" ਦੀ ਉਡੀਕ ਵਿਚ। ਜਿਵੇਂ ਅਸੀਂ ਸਾਰੇ ਜਾਣਦੇ ਹਾਂ, ਉਹਨਾਂ ਦੇ ਇਹ ਫਤੂਰ ਪੂਰੇ ਨਹੀਂ ਹੋਣੇ ਸਨ। ਮੈਨੂੰ ਇਹ ਸੋਚ ਕੇ ਫਖ਼ਰ ਹੁੰਦਾ ਹੈ ਕਿ ਲੈਨਿਨਗ੍ਰਾਦ ਦਾ ਇਕ ਵੀ

ਲੇਖਕ ਐਸਾ ਨਹੀਂ ਜਿਸ ਨੇ ਕਦੇ ਇਹਨਾਂ ਪ੍ਰਸਾਰਨਾਂ ਵਿਚ ਹਿੱਸਾ ਲੈਣ ਤੋਂ ਇਨਕਾਰ ਕੀਤਾ ਹੋਵੇ। ਸਗੋਂ, ਇਸ ਦੇ ਉਲਟ, ਇਸ ਕੰਮ ਲਈ ਸੱਦਿਆ ਜਾਣਾ ਇਕ ਵੱਡਾ ਮਾਣ ਸਮਝਿਆ ਜਾਂਦਾ ਸੀ। ਨਿਕੋਲਾਈ ਤਿਖ਼ੋਨੋਵ, ਅਲੇਕਸਾਂਦਰ ਪਰੋਕੋਫੀਏਵ ਤੇ ਵਿਸਾਰੀਓਨ ਸਾਯਾਨੋਵ ਕਈ ਵਾਰ ਰੇਡੀਓ ਲੈਨਿਨਗ੍ਰਾਦ ਆਏ ਅਤੇ ਆਪਣੀਆਂ ਜੋਸ਼ੀਲੀਆਂ ਤੇ ਦਲੇਰੀਭਰੀਆਂ ਕਵਿਤਾਵਾਂ ਤੇ ਵਾਰਤਾਵਾਂ ਸੁਣਾਈਆਂ। ਅਲੇਕਸਾਂਦਰ ਫਾਦੇਯੇਵ ਜਿਹੜਾ 1942 ਦੀ ਬਹਾਰ ਵਿਚ ਹਵਾਈ ਜਹਾਜ਼ ਰਾਹੀ ਲੈਨਿਨਗ੍ਰਾਦ ਆਇਆ, ਦੋ ਵਾਰੀ ਰੇਡੀਓ ਤੋਂ ਬੋਲਿਆ। ਮਿਖਾਇਲ ਸ਼ੋਲੋਖੋਵ ਦੀ ਪ੍ਰਸਾਰਤ ਹੋਈ ਨਿੱਘੀ ਵਾਰਤਾ ਦਾ ਖਰੜਾ ਅਜੇ ਤੱਕ ਮੇਰੇ ਕੋਲ਼ ਸਾਂਭਿਆ ਹੋਇਆ ਹੈ।

ਹੁਣ ਸਾਡਾ ਇਰਾਦਾ ਸੀ ਕਿ ਇਹ ਸਭ ਚੀਜ਼ਾਂ–ਸ਼ੋਸਤਾਕੋਵਿਚ ਦੀ ਸਤੰਬਰ 1941 ਦੀ ਤਕਰੀਰ, ਉਸ ਮਾਂ ਦੀ ਕਹਾਣੀ ਜਿਸ ਦੇ ਬੱਚੇ ਇਕ ਖੰਡਰ ਹੋਏ ਮਕਾਨ ਵਿਚ ਮਾਰੇ ਗਏ ਸਨ, ਵਿਸ਼ਨੇਵਸਕੀ ਦੇ ਜਜ਼ਬਿਆਂ ਵਿਚ ਗੁੱਧੇ ਹੋਏ ਭਾਸ਼ਨ, ਤਿਖੋਨੋਵ ਦੀਆਂ ਜੰਗ ਬਾਰੇ ਡੌਲੇ ਫਰਕਾ ਦੇਣ ਵਾਲੀਆਂ ਕਵਿਤਾਵਾਂ, ਵੋਲਜ਼ੇਨਿਨ ਦੀਆਂ ਬੀਰ ਰਸੀ ਬੋਲੀਆਂ ਤੇ ਟੱਪੇ ਅਤੇ ਕੁਝ ਇਕ ਦੇਸ਼ ਲਈ ਸਮੁੱਚੇ ਦੇ ਸਮੁੱਚੇ ਪ੍ਰੋਗਰਾਮ ਅਤੇ ਰੇਡੀਓ ਦੀਆਂ ਖਬਰਾਂ ਦੇ ਅੰਸ਼ ਅਤੇ ਲੈਨਿਨਗ੍ਰਾਦ ਦੀ ਅਵਾਜ਼ ਤੋਂ ਮਿਲੀ ਹਲਾਸ਼ੇਰੀ ਬਾਰੇ ਛਾਪੇਮਾਰਾਂ ਦੀਆਂ ਕਹਾਣੀਆਂ "ਇਹ ਰੇਡੀਓ ਲੈਨਿਨਗ੍ਰਾਦ ਏ" ਕਿਤਾਬ ਦੇ ਪਹਿਲੇ ਭਾਗ ਵਿਚ ਸ਼ਾਮਿਲ ਕਰੀਏ।

ਇਥੇ ਮੈਂ ਇਕ ਛੋਟਾ ਜਿਹਾ ਪਰ ਬੜਾ ਅਹਿਮ ਵਾਧਾ ਕਰਨਾ ਚਾਹੁੰਦਾ ਹਾਂ। ਜਦੋਂ ਅਸੀਂ 10 ਜਨਵਰੀ 1942 ਦੀ ਉਸ ਬੇਚੈਨੀ ਭਰੀ ਪ੍ਰੇਰਨਾਮਈ ਰਾਤ ਆਪਣੀ ਵਿਉਂਤ ਉਲੀਕੀ ਓਦੋਂ ਬਹੁਤ ਕੁਝ ਐਸਾ ਸੀ ਜਿਸ ਦਾ ਸਾਨੂੰ ਪਤਾ ਨਹੀਂ ਸੀ ਤੇ ਜਿਸ ਨੂੰ **ਅਸੀਂ ਅਗਾਊਂ ਵੇਖ ਨਹੀਂ ਸਕਦੇ ਸਾਂ।** ਮਿਸਾਲ ਵਾਸਤੇ, ਅਸੀਂ ਸ਼ੋਸਤਾਕੋਵਿਚ ਦੀ ਉਸ ਸਿੰਫਨੀ ਬਾਰੇ ਵਾਰਤਾ ਤਾਂ ਸ਼ਾਮਿਲ ਕਰ ਲਈ ਜਿਸ ਦੀ ਉਹ ਰਚਨਾ ਕਰ ਰਿਹਾ ਸੀ, ਪਰ ਸਾਨੂੰ ਇਹ ਨਹੀਂ ਸੀ ਪਤਾ ਕਿ ਓਸੇ ਸਾਲ ਮਾਰਚ ਵਿਚ ਉਹ ਸਿੰਫਨੀ ਮਾਸਕੋ ਵਿਚ ਪੇਸ਼ ਕੀਤੀ ਜਾਏਗੀ ਅਤੇ ਸਵਰਕਾਰ ਤੇ ਸਾਰੀ ਦੁਨੀਆਂ ਵਲ਼ੋਂ ਇਸ ਨੂੰ ਲੈਨਿਨਗ੍ਰਾਦ ਸਿੰਫਨੀ ਦਾ ਨਾਂ ਦਿੱਤਾ ਜਾਏਗਾ, ਜਾਂ ਓਸੇ ਹੀ ਸਾਲ ਬਾਦ ਵਿਚ ਸਾਡਾ ਆਪਣਾ ਆਰਕੈਸਟਰਾ, ਰੇਡੀਓ ਸਟੇਸ਼ਨ ਦਾ ਆਰਕੈਸਟਰਾ, ਸਾਡੇ ਘਿਰੇ ਹੋਏ ਸ਼ਹਿਰ ਵਿਚ ਇਸ ਨੂੰ ਪੇਸ਼ ਕਰੇਗਾ! ਉਸ ਸਿਆਲ ਆਰਕੈਸਟਰਾ ਨੇ ਪ੍ਰੋਗਰਾਮ ਪੇਸ਼ ਕਰਨਾ ਲਗਪਗ ਬੰਦ ਕਰ ਦਿੱਤਾ ਸੀ ਕਿਉਂਕਿ ਸਾਜ਼ਿੰਦਿਆਂ ਵਿਚ ਸਾਹ–ਸੱਤ ਹੀ ਨਹੀਂ ਸੀ ਰਿਹਾ। ਫੂਕ ਨਾਲ਼ ਹਵਾ ਭਰ ਕੇ ਵਜਾਏ ਜਾਣ ਵਾਲੇ ਸਾਜਾਂ ਬਾਰੇ ਇਹ ਗੱਲ ਖਾਸ ਤੌਰ 'ਤੇ ਲਾਗੂ ਹੁੰਦੀ ਸੀ ਕਿਉਂਕਿ ਜ਼ੋਰ ਲਾਉਣ ਨਾਲ਼ ਪੇਟ ਵੀ ਪਾਟ ਸਕਦਾ ਸੀ। ਸਾਜ਼ਿੰਦਿਆਂ ਦੀ ਗਿਣਤੀ ਘੱਟਦੀ ਗਈ ਸੀ। ਕੁਝ ਮੁਹਾਜ਼ 'ਤੇ ਚਲੇ ਗਏ, ਕੁਝ ਭੁੱਖ ਦੇ ਹੱਥੋ ਮਰ ਗਏ। ਮੈਨੂੰ ਸਿਆਲ ਦੀਆਂ ਉਹ ਬੱਗੀਆਂ ਚਿੱਟੀਆਂ ਸਵੇਰਾਂ ਹਮੇਸ਼ਾ ਯਾਦ ਰਹਿਣਗੀਆਂ ਜਦੋਂ ਯਾਸ਼ਾ ਬਾਬੂਸ਼ਕਿਨ, ਜਿਸ ਦਾ ਸਰੀਰ ਫੁਲ ਗਿਆ ਸੀ ਤੇ ਰੰਗ ਸਿੱਕੇ ਵਰਗਾ ਹੋ ਗਿਆ ਸੀ, ਟਾਈਪਿਸਟ ਨੂੰ ਆਰਕੈਸਟਰਾ ਦੀ ਹਾਲਤ ਬਾਰੇ ਆਪਣੀਆਂ ਚਲੰਤ ਰਿਪੋਰਟਾਂ ਲਿਖਵਾ ਰਿਹਾ ਹੁੰਦਾ ਸੀ।

"ਪਹਿਲੀ ਵਾਇਲਿਨ ਮਰਨ ਵਾਲ਼ੀ ਹੈ, ਡੱਰਮ ਕੰਮ ਉੱਤੇ ਆਉਂਦਾ ਰਾਹ ਵਿਚ ਮਰ ਗਿਆ, ਧੂਤੂ ਮਰਨ ਕਿਨਾਰੇ ਹੈ," ਉਸ ਨੇ ਬਾਹਰੋਂ ਸ਼ਾਂਤ, ਨਿਰਾਸ਼ਾ ਨਾਲ਼ ਖੋਖਲੀ ਅਵਾਜ਼ ਵਿਚ ਲਿਖਵਾਇਆ।

ਇਸ ਦੇ ਬਾਵਜੂਦ ਜਿਊਂਦੇ ਮੈਂਬਰਾਂ ਨੇ, ਜਿਨ੍ਹਾਂ ਵਿਚੋਂ ਬਹੁਤੇ ਰੇਡੀਓ ਸਟੇਸ਼ਨ ਦੀ ਇਮਾਰਤ ਵਿਚ ਹੀ ਠਹਿਰਾਏ ਗਏ ਸਨ, ਕੰਮ ਕਰਨਾ ਨਹੀਂ ਸੀ ਛੱਡਿਆ ਅਤੇ ਆਪਣਾ ਅਸਲ ਕੰਮ ਕਰੀ ਜਾ ਰਹੇ ਸਨ। ਕਾਰਲ ਐਲਿਆਸਬਰਗ ਸਟੂਡੀਓ ਦੇ ਬਰਫ ਠੰਡੇ ਕਮਰਿਆਂ ਵਿਚ ਬਹਾਦਰੀ ਨਾਲ਼ ਰਿਆਜ਼ ਕਰਾਈ ਜਾਂਦਾ ਸੀ ਅਤੇ ਐਸੀਆਂ ਰਚਨਾਵਾਂ ਚੁਣਦਾ ਜਿਨ੍ਹਾਂ ਨੂੰ ਵਜਾਉਣਾ ਸੰਗੀਤਕਾਰਾਂ ਦੀ ਸਰੀਰਕ ਸਮਰੱਥਾ ਵਿਚ ਹੁੰਦਾ ਸੀ। ਜਦੋਂ ਇਹ ਖਬਰ ਆਈ ਕਿ ਸਤਵੀਂ ਸਿੰਫਨੀ ਮਾਸਕੋ ਵਿਚ ਪੇਸ਼ ਕੀਤੀ ਗਈ ਸੀ ਅਤੇ ਫੇਰ ਕੁਝ ਚਿਰ ਬਾਦ ਇਸ ਦੀ ਸੁਰ-ਲਿੱਪੀ ਹਵਾਈ ਜਹਾਜ਼ ਰਾਹੀਂ ਲਿਆਂਦੀ ਗਈ ਤਾਂ ਆਰਕੈਸਟਰਾ ਦੀ ਅਮਲੀ ਰੂਪ ਵਿਚ ਪੂਰੀ ਨਾ ਹੋ ਸਕਣ ਵਾਲ਼ੀ ਇਹ ਤਾਂਘ ਪ੍ਰਚੰਡ ਹੋ ਗਈ ਕਿ ਸਿੰਫਨੀ ਨੂੰ ਏਥੇ ਪੇਸ਼ ਕੀਤਾ ਜਾਏ ਜਿੱਥੇ ਇਹਦਾ ਜਨਮ ਹੋਇਆ ਸੀ, ਘਿਰੇ ਹੋਏ, ਭੁੱਖੇ ਮਰਦੇ ਪਰ ਹੱਠੀ ਸ਼ਹਿਰ ਵਿਚ। ਸੁਰ-ਲਿੱਪੀ ਉੱਤੇ ਪਹਿਲੀ ਨਜ਼ਰ ਮਾਰ ਕੇ ਹੀ ਐਲਿਆਸਬਰਗ ਸਮਝ ਗਿਆ ਸੀ ਕਿ ਸੁਪਨਾ ਉੱਕਾ ਹੀ ਸਾਕਾਰ ਹੋਣ ਵਾਲ਼ਾ ਨਹੀਂ — ਇਸ ਇਤਿਹਾਸਕ, ਸ਼ਕਤੀਸ਼ਾਲੀ ਸੁਰ-ਲਿੱਪੀ ਲਈ ਦੋਹਰੇ ਆਰਕੈਸਟਰਾ ਦੀ, ਲਗਪਗ ਇਕ ਸੌ ਬੰਦਿਆ ਦੀ ਲੋੜ ਸੀ ਅਤੇ ਰੇਡੀਓ ਸਟੇਸ਼ਨ ਦੇ ਆਰਕੈਸਟਰਾ ਵਿਚ ਬਹਾਰ ਤੋਂ ਸਿਰਫ ਪੰਦਰਾਂ ਸੰਗੀਤਕਾਰ ਰਹਿ ਗਏ ਸਨ। ਇਸ ਦੇ ਬਾਵਜੂਦ, ਉਸ ਨੇ ਰੇਡੀਓ ਸਟੇਸ਼ਨ ਦੇ ਉਸ ਵੇਲ਼ੇ ਦੇ ਕਾਰਜਕਾਰੀ ਚੇਅਰਮੈਨ ਵਿਕਤੋਰ ਖੋਦਰੇਨਕੋ ਅਤੇ ਸਟੇਸ਼ਨ ਦੇ ਕਲਾ ਨਿਰਦੇਸ਼ਕ ਬਾਬੂਸ਼ਕਿਨ ਨਾਲ਼ ਮਿਲਕੇ, ਸਤਵੀਂ ਸਿੰਫਨੀ ਲੈਨਿਨਗ੍ਰਾਦ ਵਿਚ ਪੇਸ਼ ਕਰਨ ਦਾ ਫੈਸਲਾ ਕੀਤਾ।

ਸ਼ਹਿਰੀ ਪਾਰਟੀ ਕਮੇਟੀ ਨੇ ਸੰਗੀਤਕਾਰਾਂ ਲਈ ਦਲੀਏ ਦਾ ਰੋਜ਼ਾਨਾ ਵਾਧੂ ਰਾਸ਼ਨ ਰਾਖਵਾਂ ਕਰਕੇ, ਉਹਨਾਂ ਦੀ ਮਦਦ ਕੀਤੀ। ਉਸ ਵੇਲੇ, ਮੇਰਾ ਖਿਆਲ ਹੈ, ਕਿ ਇਹ ਕੁਲ ਚਾਲੀ ਗ੍ਰਾਮ ਦਾਣੇ ਜਾਂ ਫਲੀਆਂ ਦਾ ਰਾਸ਼ਨ ਹੁੰਦਾ ਸੀ। ਰੇਡੀਓ ਤੋਂ ਸ਼ਹਿਰ ਦੇ ਸਾਰੇ ਸੰਗੀਤਕਾਰਾਂ ਦੇ ਨਾਂ ਇਕ ਅਪੀਲ ਪ੍ਰਸਾਰਨ ਕੀਤੀ ਗਈ ਕਿ ਉਹ ਰੇਡੀਓ ਸਟੇਸ਼ਨ ਹਾਜ਼ਰ ਹੋਣ। ਬੜਾ ਪ੍ਰਭਾਵਸ਼ਾਲੀ ਹੁੰਗਾਰਾ ਮਿਲਿਆ। ਪਹੁੰਚਣ ਵਾਲ਼ਿਆਂ ਵਿਚ ਸੰਗੀਤ-ਸੰਸਥਾ ਦਾ ਪਹਿਲਾ ਵਾਇਲਿਨ, ਜ਼ਾਵੇਤਨੋਵਸਕੀ ਸੀ, ਮਾੜਚੂ ਜਿਹਾ ਪਰ ਹਮੇਸ਼ਾ ਵਾਂਗ ਚੁਸਤ ਤੇ ਧੀਰਜਵਾਨ, ਅਤੇ ਲੈਨਿਨਗ੍ਰਾਦ ਦਾ ਸਭ ਤੋਂ ਵੱਡੀ ਉਮਰ, ਸੱਤਰ ਸਾਲਾਂ ਦਾ ਸੰਗੀਤਕਾਰ ਨਾਗੋਰਨੀਊਕ, ਜਿਹੜਾ ਕੰਡਕਟਰ ਰਿਮਸਕੀ-ਕੋਰਸਾਕੋਵ, ਨਾਪਰਾਵਨਿਕ ਅਤੇ ਗਲਾਜ਼ੂਨੋਵ ਨਾਲ ਆਰਕੈਸਟਰਾ ਵਿਚ ਧੂਤੂ ਵਜਾ ਚੁੱਕਾ ਹੋਇਆ ਸੀ। ਸਖ਼ਤ ਜ਼ਖਮੀ ਹੋ ਜਾਣ ਕਾਰਨ ਫ਼ੌਜ ਵਿਚੋਂ ਨਾਮ ਕਟਾ, ਨਾਗੋਰਨੀਊਕ ਦਾ ਪੁੱਤਰ, ਜਿਸ ਨੂੰ ਲੈਨਿਨਗ੍ਰਾਦ ਵਿਚੋਂ ਬਾਹਰ ਪਹੁੰਚਾ ਦਿੱਤਾ ਗਿਆ ਸੀ, ਨੇ ਵੀ ਆਪਣੇ ਪਿਓ ਦੇ ਨਾਲ਼ ਆਉਣ ਲਈ ਤਰਲਾ ਲਿਆ ਸੀ। ਪਰ ਬੁੱਢੇ ਸੰਗੀਤਕਾਰ ਨੇ ਇਨਕਾਰ ਕਰ ਦਿੱਤਾ ਸੀਃ ਸ਼ਾਇਦ ਉਹ ਸਤਵੀਂ ਸਿੰਫਨੀ ਨਾ ਵਜਾ ਸਕੇ ?!

ਪਰ ਹਾਲੇ ਵੀ ਸੰਗੀਤਕਾਰ ਕਾਫੀ ਨਹੀਂ ਸਨ। ਤਦ ਮਹਾਜ਼ ਤੇ ਬਾਲਟਿਕ ਬੇੜੇ ਦੇ ਰਾਜਸੀ

ਪ੍ਰਸ਼ਾਸਨ ਨੇ ਇਕ ਹੁਕਮ ਜਾਰੀ ਕੀਤਾ ਕਿ ਫੌਜ ਤੇ ਜਲ-ਸੈਨਾ ਦੇ ਸਭ ਤੋਂ ਚੰਗੇ ਸੰਗੀਤਕਾਰ ਸ਼ਹਿਰ ਦੇ ਮਿਲਵੇਂ ਆਰਕੈਸਟਰਾ ਵਿਚ ਭੇਜੇ ਜਾਣ। ਇਸ ਪ੍ਰਕਾਰ ਲੈਨਿਨਗ੍ਰਾਦ ਦੇ ਰਾਖਿਆ ਨੇ ਆਪਣੀ ਹੀ ਸਿੰਫਨੀ ਪੇਸ਼ ਕਰਨ ਲਈ ਸਿਰਤੋੜ ਯਤਨ ਕੀਤੇ।

ਤੇ ਫੇਰ 9 ਅਗਸਤ 1942 ਦਾ ਉਹ ਦਿਹਾੜਾ ਆਇਆ ਜਦੋਂ ਕਈ ਮਹੀਨੇ ਵਿਰਾਨ ਪਏ ਰਹਿਣ ਮਗਰੋਂ, ਸੰਗੀਤ-ਸੰਸਥਾ ਦਾ ਚਿੱਟੇ ਥੰਮੇ ਵਾਲ਼ਾ ਹਾਲ ਜਗਮਗ-ਜਗਮਗ ਕਰ ਉੱਠਿਆ ਅਤੇ ਲੈਨਿਨਗ੍ਰਾਦ ਦੇ ਵਾਸੀਆਂ ਨਾਲ਼ ਖਚਾ ਖਚ ਭਰ ਗਿਆ। ਉਹ ਮੂਹਰਲੇ ਮੋਰਚਿਆਂ ਤੋਂ ਅਤੇ ਹਰ ਐਸੀ ਥਾਂ ਤੋਂ ਆਏ ਜਿਥੋਂ ਪੈਦਲ ਤੁਰ ਕੇ ਜਾਂ ਟਰਾਮ ਉੱਤੇ ਆਇਆ ਜਾ ਸਕਦਾ ਸੀ (ਬਹਾਰ ਵਿਚ ਟਰਾਮਾਂ ਫੇਰ ਚੱਲਣ ਲੱਗ ਪਈਆਂ ਸਨ)। ਇਹਨਾਂ ਲੋਕਾਂ ਵਿਚ ਮਜ਼ਦੂਰ ਸਨ ਜਿਹੜੇ ਰੱਖਿਆ ਵਾਸਤੇ ਹਥਿਆਰ ਬਣਾਉਂਦੇ ਸਨ, ਇਮਾਰਤਕਾਰ ਸਨ ਜਿਹੜੇ ਸ਼ਹਿਰ ਦੇ ਪੁਨਰ-ਨਿਰਮਾਣ ਦੀਆਂ ਵਿਉਂਤਾਂ ਬਣਾ ਰਹੇ ਸਨ, ਅਧਿਆਪਕ ਸਨ ਜਿਹੜੇ ਹਵਾਈ ਹਮਲਿਆਂ ਤੋਂ ਮਹਿਫੂਜ਼ ਤਹਿਖਾਨਿਆਂ ਵਿਚ ਬੱਚਿਆਂ ਨੂੰ ਪੜ੍ਹਾਉਂਦੇ ਸਨ, ਲੇਖਕ ਤੇ ਕਵੀ ਸਨ ਜਿਨ੍ਹਾਂ ਨੇ ਬੀਤੇ ਸਿਆਲ ਦੇ ਖੌਫਨਾਕ ਮਹੀਨਿਆਂ ਵਿਚ ਹੱਥਾਂ ਵਿਚੋਂ ਕਲਮਾਂ ਨਹੀਂ ਛੱਡੀਆਂ ਸਨ, ਫ਼ੌਜੀ, ਅਫ਼ਸਰ, ਪਾਰਟੀ ਕਾਰਕੁਨ ਅਤੇ ਸ਼ਹਿਰ ਦੇ ਪ੍ਰਸ਼ਾਸਨ ਦੇ ਨੁਮਾਇੰਦੇ ਸਨ।

ਮਿਲਵੇਂ ਆਰਕੈਸਟਰਾ ਦੇ ਸੰਗੀਤਕਾਰ ਵੱਡੀ ਸਾਰੀ ਸਟੇਜ ਉੱਤੇ ਆਏ। ਹਾਲ ਵਿਚ ਤਿਲ ਧਰਨ ਨੂੰ ਥਾਂ ਨਹੀਂ ਸੀ। ਸਟੇਜ ਉੱਤੇ ਆਏ ਸੰਗੀਤਕਾਰਾਂ ਵਿਚ ਇਸ ਆਰਕੈਸਟਰਾ ਦਾ ਧੁਰਾ, ਰੇਡੀਓ ਦੇ ਸੰਗੀਤਕਾਰ ਨਜ਼ਰ ਆਉਂਦੇ ਸਨ: ਏ. ਯਾਸਿਨਿਯਾਵਸਕੀ, ਜਿਸ ਨੇ ਸਟੂਡੀਓ ਦੇ ਛੱਤ 'ਤੇ ਡਿੱਗੇ ਪਹਿਲੇ ਬਲਦੇ ਬੰਬ ਨੂੰ ਬੁਝਾਇਆ ਸੀ, ਅੱਗ ਦਾ ਧਿਆਨ ਰੱਖਣ ਵਾਲ਼ੇ ਜਥੇ ਦਾ ਕਮਾਂਡਰ ਵਾਇਲਿਨਵਾਦਕ ਅ. ਪਰੇਸਰ, ਅ. ਸਾਫੋਨੋਵ ਅਤੇ ਯ. ਸ਼ਾਖ ਜਿਸ ਨੇ ਪੁਲਕੋਵੋ ਦੇ ਨੇੜੇ ਖੰਦਕਾਂ ਪੁੱਟਣ ਵਿਚ ਹੱਥ ਵਟਾਇਆ ਸੀ। ਸੰਗੀਤਕਾਰਾਂ ਨੇ ਫੌਜੀਆਂ ਵਾਲ਼ੀਆਂ ਕਮੀਜ਼ਾਂ ਤੇ ਜਹਾਜ਼ੀਆਂ ਵਾਲ਼ੀਆਂ ਬੰਡੀਆਂ ਪਾਈਆਂ ਹੋਈਆਂ ਸਨ। ਸਾਡੇ ਸਾਮ੍ਹਣੇ ਲੈਨਿਨਗ੍ਰਾਦ ਦੇ ਰਾਖੇ ਸਨ, ਸਦਾ ਵਾਂਗ ਤਿਆਰ ਬਰ ਤਿਆਰ ਜਿਹੜੇ ਕਿਸੇ ਵੀ ਪਲ ਆਪਣੇ ਸ਼ਹਿਰ ਲਈ, ਆਪਣੇ ਦੇਸ਼ ਲਈ ਤੇ ਆਪਣੇ ਲੋਕਾਂ ਲਈ ਜਾਨਾਂ ਵਾਰ ਸਕਦੇ ਸਨ।

ਕਾਰਲ ਐਲਿਅਸਬਰਗ ਕੰਡਕਟਰ ਵਾਲ਼ੇ ਸਟੈਂਡ 'ਤੇ ਆ ਖੜ੍ਹਾ ਹੋਇਆ। ਉਸ ਨੇ ਟੇਲ-ਕੋਟ, ਅਸਲ ਟੇਲ-ਕੋਟ ਪਾਇਆ ਹੋਇਆ ਸੀ ਜਿਵੇਂ ਕਿ ਕੰਡਕਟਰ ਨੂੰ ਸ਼ੋਭਾ ਦੇਂਦਾ ਹੈ, ਭਾਵੇਂ ਇਹ ਉਹਦੇ ਮੋਢਿਆਂ ਉੱਤੇ ਇਉਂ ਲੱਗ ਰਿਹਾ ਸੀ ਜਿਵੇਂ ਕਿੱਲੀ ਨਾਲ਼ ਟੰਗਿਆ ਹੋਇਆ ਹੋਵੇ। ਕੁਝ ਪਲ ਮੁਕੰਮਲ ਚੁੱਪ ਤਣੀ ਰਹੀ ਤੇ ਫੇਰ ਸਿੰਫਨੀ ਸ਼ੁਰੂ ਹੋਈ। ਇਸ ਦੇ ਪਹਿਲੇ ਹੀ ਤਾਲ ਤੋਂ ਅਸੀਂ ਆਪਣੇ ਆਪ ਨੂੰ ਪਛਾਣ ਲਿਆ ਅਤੇ ਉਸ ਪੈਂਡੇ ਨੂੰ ਜਿਹੜਾ ਅਸੀਂ ਤੁਰ ਕੇ ਆਏ ਸਾਂ, ਲੈਨਿਨਗ੍ਰਾਦ ਦੀ ਸੂਰਮਗਤੀ ਜਿਹੜੀ ਦੰਦ-ਕਥਾ ਬਣ ਚੁੱਕੀ ਸੀ: ਵਿਸਾਹਘਾਤੀ ਦੁਸ਼ਮਣ ਦਾ ਸਾਡੇ ਉੱਤੇ ਹਮਲਾ, ਸਾਡਾ ਅੱਗੋਂ ਡਟਵਾਂ ਮੁਕਾਬਲਾ, ਸਾਡਾ ਦੁਖ-ਦਰਦ, ਉਜਲੇ ਸੰਸਾਰ ਲਈ ਸਾਡਾ ਸੁਪਨਾ, ਸਾਡੀ ਹੋਣ ਵਾਲ਼ੀ ਅੱਟਲ ਜਿੱਤ। ਅਤੇ ਅਸੀਂ ਜਿਨ੍ਹਾਂ ਨੇ ਸਿਆਲ ਵਿਚ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਉੱਤੇ ਅੱਥਰੂ ਨਹੀਂ ਕੇਰੇ ਸਨ, ਆਪਣੇ ਖਾਮੋਸ਼, ਕੌੜੇ ਤੇ

ਦਿਲ ਦਾ ਭਾਰ ਹੌਲਾ ਕਰਨ ਵਾਲੇ ਅੱਥਰੂਆਂ ਨੂੰ ਰੋਕ ਨਹੀਂ ਸੀ ਸਕੇ ਤੇ ਇਹਨਾਂ ਦੀ ਸਾਨੂੰ ਕੋਈ ਸ਼ਰਮਿੰਦਗੀ ਵੀ ਨਹੀਂ ਸੀ... ਸਾਨੂੰ ਰੇਡੀਓ ਸਟੇਸ਼ਨ ’ਤੇ ਕੰਮ ਕਰਨ ਵਾਲ਼ਿਆਂ ਨੂੰ ਇਸ ਅਦਭੁਤ ਸੰਗੀਤ ਵਿਚੋਂ ਇਸ ਦੇ ਰਚਨਾਕਾਰ, ਦਮਿਤਰੀ ਸ਼ੋਸਤਾਕੋਵਿਚ ਦੀ ਮੱਧਮ ਜਿਹੀ, ਠਰ੍ਹੰਮੇ ਭਰੀ ਤੇ ਸਿਆਣੀ ਅਵਾਜ਼ ਸੁਣ ਰਹੀ ਸੀ ਜਿਹੜੀ ਸਤੰਬਰ 1941 ਦੇ ਘਿਰੇ ਹੋਏ ਲੈਨਿਨਗ੍ਰਾਦ ਵਿਚੋਂ ਆਉਂਦੀ ਸੀ ਜਦੋਂ ਦੁਸ਼ਮਣ ਸ਼ਹਿਰ ਉੱਤੇ ਕਬਜ਼ਾ ਕਰਨ ਦਾ ਸਿਰਤੋੜ ਯਤਨ ਕਰ ਰਿਹਾ ਸੀ:

“ਸਾਥੀਓ! ਮੈਂ ਤੁਹਾਨੂੰ ਲੈਨਿਨਗ੍ਰਾਦ ਦੇ ਵਾਸੀਆਂ ਵਲ਼ੋਂ ਯਕੀਨ ਦਿਵਾਉਂਦਾ ਹਾਂ ਕਿ ਸਾਨੂੰ ਕੋਈ ਨਹੀਂ ਹਰਾ ਸਕਦਾ ਤੇ ਅਸੀਂ ਹਮੇਸ਼ਾ ਆਪਣੇ ਮੋਰਚਿਆਂ ਉੱਤੇ ਡਟੇ ਰਹਾਂਗੇ...”

...10 ਜਨਵਰੀ ਦੀ ਉਸ ਯਾਦਗਾਰੀ ਰਾਤ ਨੂੰ ਅਸੀਂ ਆਪਣੀ ਵਿਉਂਤ ਵਿਚ ‘ਨਾਕਾਬੰਦੀ ਵਿਚ ਪਾੜ’ ਲਿਖ ਲਿਆ ਸੀ ਭਾਵੇਂ ਇਸ ਦਾ ਸਾਨੂੰ ਕੋਈ ਪਤਾ ਨਹੀਂ ਸੀ ਕਿ ਇਹ ਕਿਵੇਂ ਹੋਵੇਗਾ। ਮੈਂ ਇਕ ਵਾਰੀ ਫੇਰ ਆਖਾਂ ਕਿ ਓਦੋਂ ਸਾਨੂੰ ਜਾਪਦਾ ਸੀ, ਕਿ ਇਹ ਬਹੁਤ ਜਲਦੀ ਹੋ ਜਾਏਗਾ। ਸਾਨੂੰ ਇਹ ਨਹੀਂ ਸੀ ਪਤਾ ਕਿ ਇਸ ਨਾਕਾਬੰਦੀ ਦੇ ਟੁੱਟਣ ਤੋਂ ਪਹਿਲਾਂ ਸਾਨੂੰ 1942 ਦਾ ਪੂਰਾ ਵਰ੍ਹਾ ਅਸਹਿ ਔਕੜਾਂ ਝਲਦਿਆਂ ਗੁਜ਼ਾਰਨਾ ਪਵੇਗਾ।

ਜਿਸ ਰਾਤ ਨਾਕਾਬੰਦੀ ਟੁੱਟੀ, ਉਸ ਰਾਤ ਰੇਡੀਓ ਸਟੇਸ਼ਨ ਉੱਤੇ ਜੋ ਕੁਝ ਵੀ ਹੋਇਆ ਸੀ ਉਹ ਆਪਮੁਹਾਰਾ, ਬਿਨ੍ਹਾਂ ਕਿਸੇ ਤਿਆਰੀ ਤੇ ਯੋਜਨਾ ਦੇ ਹੋਇਆ ਸੀ — ਸੰਗੀਤ, ਓਸੇ ਪਲ ਲਿਖੀਆਂ ਗਈਆਂ ਕਵਿਤਾਵਾਂ, ਤਕਰੀਰਾਂ — ਇਹ ਖ਼ੁਸ਼ੀਆਂ ਦਾ ਇਕ ਨਿਰੰਤਰ ਵਹਾਓ ਸੀ ਜਿਸ ਨੂੰ ਵੋਲਖੋਵ ਮੁਹਾਜ਼ ਨੇ ਸੁਣਿਆ, ਸਾਰੇ ਦੇਸ ਨੇ, ਸਮੂਹ ਸੰਸਾਰ ਨੇ ਸੁਣਿਆ। ਅਤੇ ਸਾਡੇ ਲਈ, ਰੇਡੀਓ ’ਤੇ ਕੰਮ ਕਰਨ ਵਾਲਿਆਂ ਲਈ ਸਭ ਤੋਂ ਵੱਡਾ ਇਨਾਮ ਇਹ ਸੀ ਕਿ ਖ਼ੁਸ਼ੀਆਂ ਭਰੀ ਉਸ ਰਾਤ ਲੈਨਿਨਗ੍ਰਾਦ ਦੇ ਵਾਸੀ ਵਹੀਰਾਂ ਘੱਤ ਕੇ ਸਾਡੇ ਕੋਲ, ਆਪਣੇ ਪਿਆਰ, ਸੱਚਮੁੱਚ ਲੋਕ-ਪਿਆਰੇ ਮੰਚ ਕੋਲ ਆਏ।

ਇਕ ਬੁੱਢੀ ਔਰਤ ਸ਼ਹਿਰ ਦੇ ਦੂਜੇ ਸਿਰੇ ਤੋਂ ਸਾਰੀ ਰਾਤ ਤੁਰਦੀ ਆਈ ਤੇ ਜਦੋਂ ਉਹਨੂੰ ਰੋਕ ਕੇ ਮਿਲੀਸ਼ੀਆਂ ਵਾਲ਼ੇ ਪਾਸ ਪੁੱਛਦੇ ਤਾਂ ਉਹ ਜਵਾਬ ਦੇਂਦੀ:

“ਮੈਂ ਰੇਡੀਓ ਨੂੰ ਚੱਲੀ ਆਂ, ਬੀਬਾ! ਲੈਨਿਨਗ੍ਰਾਦ ਵਾਲ਼ਿਆਂ ਨੂੰ ਵਧਾਈ ਦੇਣ।”

ਤੇ ਮਿਲੀਸ਼ੀਆ ਵਾਲ਼ੇ ਉਸ ਨੂੰ ਲੰਘ ਜਾਣ ਦੇਂਦੇ। ਉਹ ਤੜਕਸਾਰ ਸਾਡੇ ਕੋਲ ਪਹੁੰਚੀ ਤੇ “ਵਧਾਈ ਦਿੱਤੀ।”

ਇਕ ਹੋਰ ਸੁਆਣੀ ਨੇ ਸਾਨੂੰ ਦੱਸਿਆ:

“ਜਦੋਂ ਮੈਂ ਖਬਰ ਸੁਣੀ ਕਿ ਨਾਕਾਬੰਦੀ ਤੋੜ ਦਿੱਤੀ ਗਈ ਏ, ਮੇਰੇ ਅਥਰੂ ਛਲਕ ਆਏ ਤੇ ਮੈਂ ਫਲੈਟ ਵਿਚ ਅੱਗੇ ਪਿੱਛੇ ਭੱਜੀ ਫਿਰਾਂ ਕਿ ਕੋਈ ਲੱਭੇ ਜਿਸ ਨੂੰ ਜੱਫੀ ਪਾਵਾਂ। ਪਰ ਮੈਂ ਇਕੱਲੀ ਸਾਂ। ਫੇਰ ਮੈਨੂੰ ਖਿਆਲ ਆਇਆ ਕਿ ਹੁਣੇ ਰੇਡੀਓ ਵੱਲ ਦੌੜ ਜਾਵਾਂ, ਪਰ ਫਲੈਟ ਵਿਚੋਂ ਨਿਕਲਣ ਤੋਂ ਡਰਦੀ ਸਾਂ। ਸੋ ਮੈਂ ਸਾਰੀ ਰਾਤ ਲਾਊਡਸਪੀਕਰ ਅੱਗੇ ਖੜੀ ਰਹੀ ਤੇ ਸੁਣਦੀ ਰਹੀ ਤੇ ਮਹਿਸੂਸ ਹੁੰਦਾ ਸੀ ਜਿਵੇਂ ਮੈਂ ਇਕੱਲੀ ਨਹੀਂ।”

ਅਤੇ ਪਾੜ ਪੈ ਜਾਣ ਦੇ ਬਾਵਜੂਦ ਵੀ ਭਾਵੇਂ ਨਾਕਾਬੰਦੀ ਇਕ ਸਾਲ ਹੋਰ ਰਹੀ, ਹੋਰ ਗੋਲ਼ੇ, ਹੋਰ ਬੰਬ ਤੇ ਲੋਕਾਂ ਲਈ ਹੋਰ ਨਵੀਆਂ ਮੁਸੀਬਤਾਂ ਆਈਆਂ, ਭਾਵੇਂ ਸ਼ਹਿਰ ਦੀ ਆਖਰੀ ਬੰਦ-ਖਲਾਸੀ ਦਾ ਖੁਸ਼ੀਆਂ ਭਰਿਆ ਦਿਨ ਇਕ ਸਾਲ ਮਗਰੋਂ ਆਇਆ, ਪਰ ਲੈਨਿਨਗ੍ਰਾਦ ਦੇ ਵਾਸੀਆਂ ਨੂੰ ਖੁਸ਼ੀ ਦੀ ਸਿਖਰ ਵਾਲੀ, 18 ਜਨਵਰੀ 1943 ਦੀ ਰਾਤ ਯਾਦ ਹੈ, ਉਹ ਰਾਤ ਜਦੋਂ ਸਾਰੇ ਦਿਲ ਇਕ ਦੂਜੇ ਵਾਸਤੇ ਖੁੱਲ੍ਹੇ ਸਨ। ਰੇਡੀਓ ਦੀ ਅਵਾਜ਼ ਉਸ ਰਾਤ ਦਾ ਅਨਿੱਖੜ ਅੰਗ ਸੀ। ਕਈ ਮਹੀਨਿਆਂ ਬਾਦ ਪਹਿਲੀ ਵਾਰੀ ਸਾਰੀ ਰਾਤ ਰੇਡੀਓ ਤੋਂ ਗੀਤ ਤੇ ਵਾਰਤਾਵਾਂ ਪ੍ਰਸਾਰਨ ਹੁੰਦੀਆਂ ਰਹੀਆਂ ਸਨ ਅਤੇ ਦੁਨੀਆਂ ਦੇ ਕੋਨੇ-ਕੋਨੇ ਵਿਚ ਇਹ ਆਵਾਜ਼ ਸੁਣੀ ਗਈ ਸੀ "ਇਹ ਰੇਡੀਓ ਲੈਨਿਨਗ੍ਰਾਦ ਏ..."

•••

ਯੂਰੀ ਬੋਨਦਾਰੇਵ

ਯੂਰੀ ਬੋਨਦਾਰੇਵ ਨੇ ਜਨਮ 1924 ਵਿਚ ਓਰਸਕ ਸ਼ਹਿਰ ਵਿਚ ਲਿਆ। ਮੁਹਾਜ਼ ਉੱਤੇ ਤੋਪਖਾਨੇ ਦਾ ਅਫਸਰ ਰਿਹਾ। ਜੰਗ ਮਗਰੋਂ ਗੋਰਕੀ ਸਾਹਿਤ ਇੰਸਟੀਚਿਊਟ ਤੋਂ ਵਿੱਦਿਆ ਪ੍ਰਾਪਤ ਕੀਤੀ।ਪਹਿਲੀ ਰਚਨਾ 1949 ਵਿਚ ਛਪੀ। ਮਹਾਨ ਦੇਸ਼ਭਗਤਕ ਜੰਗ ਬਾਰੇ ਨਾਵਲਾਂ ਤੇ ਨਾਵਲੈਟਾਂ ਨੇ ਬੋਨਦਾਰੇਵ ਨੂੰ ਪ੍ਰਸਿੱਧੀ ਦਿਵਾਈ। ਉਸ ਨੂੰ ਲੈਨਿਨ ਪੁਰਸਕਾਰ ਮਿਲਿਆ ਹੋਇਆ ਹੈ।

ਨਾਵਲ “ਗਰਮ ਬਰਫ਼,” ਜਿਸ ਵਿਚੋਂ ਇਕ ਅੰਸ਼ ਇਸ ਸੰਗ੍ਰਹਿ ਵਿਚ ਸ਼ਾਮਿਲ ਕੀਤਾ ਗਿਆ ਹੈ, ਸਤਾਲਿਨਗ੍ਰਾਦ ਦੀ ਲੜਾਈ ਬਾਰੇ ਹੈ। ਇਸ ਦੇ ਅੰਤਿਮ ਕਾਂਡ ਵਿਚ ਮਾਨਸ਼ਟੇਨ ਦੀ ਟੈਂਕ ਸੈਨਾ ਦੀ ਹਾਰ ਮਗਰਲੇ ਪਹਿਲੇ ਪਲਾਂ ਦਾ ਵਰਣਨ ਹੈ ਜਿਹੜੀ ਸਤਾਲਿਨਗ੍ਰਾਦ ਵਿਚ ਘਿਰੇ ਹੋਏ ਪਾਊਲਿਊਸ ਦੇ ਫ਼ੌਜੀਆਂ ਨੂੰ ਸਹਾਇਤਾ ਦੇਣ ਆਈ ਸੀ।

ਗਰਮ ਬਰਫ਼

ਬੇਸੋਨੋਵ ਨੇ ਜਦੋਂ ਟੈਂਕ ਤੇ ਮਸ਼ੀਨਬੰਦ ਦਸਤਿਆਂ ਨਾਲ਼ ਹਮਲਾ ਕਰਨ ਦਾ ਸਿਗਨਲ ਦੇਣ ਦਾ ਹੁਕਮ ਦੇ ਦਿੱਤਾ ਤਾਂ ਉਸ ਤੋਂ ਚਾਲੀ ਮਿੰਟ ਬਾਦ ਪਿੰਡ ਦੇ ਉੱਤਰੀ ਹਲਕੇ ਵਿਚ ਆਖਰੀ ਫੈਸਲਾਕੁੰਨ ਲੜਾਈ ਹੋ ਰਹੀ ਸੀ।

ਨਿਗਰਾਨ ਚੌਂਕੀ ਤੋਂ ਉਹ ਪਿੰਡ ਦੀਆਂ ਗਲੀਆਂ ਤੇ ਬਾਹਰ-ਵਾਰ ਦੇ ਇਲਾਕਿਆਂ ਵਿਚ ਛਿੜੀ ਟੈਂਕਾਂ ਦੀ ਲੜਾਈ ਨੂੰ ਵੇਖ ਰਿਹਾ ਸੀ। ਉੱਚੀ ਥਾਂ ਤੋਂ ਹਨ੍ਹੇਰੇ ਵਿਚ ਵੇਖਿਆਂ, ਅਤੇ ਸ਼ਾਇਦ ਇਸ ਕਰਕੇ ਵੀ ਕਿ ਆਦਮੀ ਦਾ ਕੋਈ ਨਾਂ-ਨਿਸ਼ਾਨ ਨਜ਼ਰ ਨਹੀਂ ਸੀ ਆਉਂਦਾ, ਜਾਪਦਾ ਸੀ ਕਿ ਇਕ ਦੂਜੇ ਦੇ ਉੱਤੇ ਚੜ੍ਹ ਕੇ ਬੜੀ ਘਮਸਾਨ ਦੀ ਡਟਵੀਂ ਲੜਾਈ ਹੋ ਰਹੀ ਸੀ। ਪਿੰਡ ਦੇ ਬਾਹਰ ਦੇ ਸਾਰੇ ਇਲਾਕੇ ਵਿਚੋਂ ਤੋਪਾਂ ਦੇ ਗੋਲੇ ਠਾਹ-ਠਾਹ ਕਰ ਰਹੇ ਸਨ। ਘਰਾਂ ਮਕਾਨਾਂ ਵਿਚਕਾਰ "ਕਾਤੀਊਸ਼ਾ" ਰਾਕਟਾਂ ਦਾ ਝੱਖੜ ਝੁੱਲਿਆ ਹੋਇਆ ਸੀ। ਜਿਹੜੇ ਟੈਂਕ ਇਕ ਦੂਜੇ ਨਾਲ਼ ਭਿੜ ਗਏ ਸਨ ਉਹ ਚੁਰੱਸਤਿਆਂ ਵਿਚ ਖੜੇ ਮੱਚ ਰਹੇ ਸਨ। ਚਾਰ ਚੁਫੇਰੇ ਤੋਂ ਉੱਠਦੀਆਂ ਅੱਗ ਦੀਆਂ ਲਾਟਾਂ ਵਿਚ, ਗੁਲਾਬੀ ਜਿਹੇ ਲੋਹੇ ਦੇ ਦੈਂਤ, ਇਉਂ ਚਮਕਦੇ ਜਿਵੇਂ ਕੋਈ ਮੁੜ੍ਹਕੋ-ਮੁੜ੍ਹਕੀ ਹੋਇਆ ਹੋਵੇ। ਕੰਢੇ ਦੇ ਨਾਲ਼ ਏਧਰ ਓਧਰ, ਅੱਗੇ ਪਿੱਛੇ ਫਿਰ ਰਹੇ ਸਨ, ਬਹੁਤ ਨੇੜਿਓਂ ਅੱਗ ਵਰ੍ਹਾ ਰਹੇ ਸਨ, ਇਕ ਤਰ੍ਹਾਂ ਆਪਣੀਆਂ ਤੋਪਾਂ ਦੀਆਂ ਨਾਲ਼ੀਆਂ ਨਾਲ਼ ਇਕ ਦੂਜੇ ਨੂੰ ਵਿਨ੍ਹ ਰਹੇ ਸਨ, ਮਕਾਨਾਂ ਤੇ ਢਾਰਿਆਂ ਨੂੰ ਦਰੜਦੇ ਜਾ ਰਹੇ ਸਨ, ਰਿੜ੍ਹਦੇ ਹੋਏ ਪਿੱਛੇ ਹੱਟ ਕੇ ਬਾਹਰ ਆ ਜਾਂਦੇ ਸਨ, ਤੇ ਫੇਰ ਨਵਾਂ ਜ਼ੋਰਦਾਰ ਹੱਲਾ ਕਰਦੇ ਸਨ ਅਤੇ ਧੁੱਸ ਦੇ ਕੇ ਅਗਲੇ ਤੋਂ ਅਗਲੇ ਮੋਰਚੇ ਵੱਲ ਵਧਦੇ ਜਾਂਦੇ ਸਨ। ਜਰਮਨਾਂ ਨੇ ਮੁਕਾਬਲਾ ਕੀਤਾ ਅਤੇ ਉੱਤਰੀ ਕੰਢੇ ਪੈਰ ਜਮਾਈ ਰੱਖੇ ਸਨ ਪਰ ਹੌਲ਼ੀ-ਹੌਲ਼ੀ ਉਹਨਾਂ ਨੂੰ ਦਰਿਆ ਵੱਲ ਧੱਕ ਦਿੱਤਾ ਗਿਆ ਸੀ। ਪਰ ਚਾਲੀਵੇਂ ਮਿੰਟ ਕੁਝ ਤਬਦੀਲੀ ਆਈ ਸੀ। ਦਰਿਆ ਦੇ ਪਾਟ ਵਿਚੋਂ ਇੰਜਨਾਂ ਦੀ ਇਕਸਾਰ ਗੜਗੜਾਹਟ ਦੀਆਂ ਟੁੱਟਵੀਆਂ ਗੂੰਜਾਂ ਉੱਠੀਆਂ ਅਤੇ ਜਰਮਨਾਂ ਨੇ ਉਸ ਪਾਸੇ ਵਧਣਾ ਸ਼ੁਰੂ ਕਰ ਦਿੱਤਾ ਜਿਥੋਂ ਦਰਿਆ ਪਾਰ ਕੀਤਾ ਜਾ ਸਕਦਾ ਸੀ। ਅਤੇ ਬੇਸੋਨੋਵ ਨੇ ਅਚਾਨਕ ਹੀ ਉੱਤਰੀ ਨਹੀਂ ਸਗੋਂ ਦੱਖਣੀ ਕੰਢੇ ਵੱਲ ਵੇਖਿਆ ਅਤੇ ਅਜੇ ਵੀ ਉਹ ਵਿਸ਼ਵਾਸ ਕਰਨ ਤੋਂ ਡਰਦਾ ਸੀ। ਇਸ ਵਾਸਤੇ ਡਰਦਾ ਸੀ ਕਿ ਉਹ ਕੋਈ ਨਿਰਣਾ ਕਾਹਲੀ ਵਿਚ ਨਾ ਕਰ ਬੈਠੇ।

ਦਰਿਆ ਦੇ ਦੂਜੇ ਪਾਸੇ, ਜਿਸ ਪਾਸੇ ਜਰਮਨ ਟੈਂਕ ਹੌਲ਼ੀ-ਹੌਲ਼ੀ ਪਿੱਛੇ ਹਟ ਰਹੇ ਸਨ ਅਤੇ ਜਿੱਥੇ ਇੰਜ ਜਾਪਦਾ ਸੀ ਜਿਵੇਂ ਬੰਬਾਂ, ਗੋਲ਼ਿਆਂ ਤੇ ਟੈਂਕਾਂ ਦੇ ਹਮਲਿਆਂ ਨੇ ਸਭ ਕੁਝ ਕੁਚਲ ਦਿੱਤਾ ਹੋਵੇਗਾ, ਤਬਾਹ ਕਰ ਦਿੱਤਾ ਹੋਵੇਗਾ, ਮਿੱਝ ਕੱਢ ਦਿੱਤੀ ਹੋਵੇਗੀ, ਜਿੱਥੇ ਸਤੇਪੀ ਘੋਰ

ਸੁੰਨ-ਮਸਾਣ ਜਾਪਦਾ ਸੀ, ਝੁਲਸ ਗਿਆ ਸੀ, ਜਿੱਥੇ ਜ਼ਿੰਦਗੀ ਦਾ ਕੋਈ ਨਿਸ਼ਾਨ ਨਹੀਂ ਸੀ ਰਹਿ ਗਿਆ, ਉੱਥੇ ਉਸ ਨੂੰ ਰਫਲ ਦੀਆਂ ਗੋਲ਼ੀਆਂ ਦੀ ਹੋ ਰਹੀ ਬੁਛਾੜ, ਦੁਮੇਲ ਵੱਲ ਨੂੰ ਵਧਦੇ ਤੋਪਾਂ ਦੇ ਗੋਲ਼ਿਆਂ ਦੇ ਕਿਰਮਚੀ ਭੰਬੂਕੇ ਤੇ ਟੈਂਕ-ਮਾਰ ਰਫਲਾਂ ਵਿਚੋਂ ਨਿਕਲਦੀ ਅੱਗ ਦੀਆਂ ਕਾਟਵੀਆਂ ਜੀਭਾਂ ਵਿਖਾਈ ਦੇ ਰਹੀਆਂ ਸਨ। ਉਸ ਥਾਂ ਤੋਂ ਜਿੱਥੇ ਕੱਲ੍ਹ ਪਿਆਦਾ ਫ਼ੌਜ ਦੀਆਂ ਖੰਦਕਾਂ ਸਨ, ਤਿੰਨ ਮਸ਼ੀਨਗੰਨਾਂ ਇਕੋ ਵੇਲ਼ੇ ਚੱਲੀਆਂ ਤੇ ਉਹਨਾਂ ਦੀਆਂ ਗੋਲ਼ੀਆਂ ਸਤੇਪੀ ਵਿਚ ਲਾਲ ਤਿਤਲੀਆਂ ਵਾਂਗ ਫੜਫੜਾਈਆਂ। ਜਿਸ ਨੂੰ ਮਰ ਗਿਆ ਤੇ ਤਬਾਹ ਹੋ ਗਿਆ ਸਮਝ ਲਿਆ ਗਿਆ ਸੀ ਉਸ ਨੇ ਮੱਠੀ-ਮੱਠੀ ਹਿਲਜੁਲ ਸ਼ੁਰੂ ਕਰ ਦਿੱਤੀ ਸੀ, ਉਸ ਵਿਚ ਜਿਉਂਦੇ ਹੋਣ ਦੇ ਲੱਛਣ ਨਜ਼ਰ ਆਉਣ ਲੱਗੇ ਸਨ ਅਤੇ ਇਸ ਗੱਲ ਦੀ ਕਲਪਨਾ ਹੀ ਨਹੀਂ ਸੀ ਕੀਤੀ ਜਾ ਸਕਦੀ ਕਿ ਇਹ ਜ਼ਿੰਦਗੀ ਬਚ ਕਿਵੇਂ ਗਈ ਸੀ। ਉਹਨਾਂ ਖੰਦਕਾਂ ਤੇ ਤੋਪਖਾਨੇ ਦੇ ਮੋਰਚਿਆਂ ਵਿਚ ਜਿਨ੍ਹਾਂ ਨੂੰ ਬੀਤੇ ਦਿਨ ਬਕਤਰਬੰਦ ਜਰਮਨ ਦਸਤਿਆਂ ਨੇ ਜਾਂ ਕੁਚਲ ਦਿੱਤਾ ਸੀ ਜਾਂ ਘੇਰ ਲਿਆ ਸੀ, ਲੰਮੀ ਤੇ ਮਾਰੂ ਲੜਾਈ ਸਮੇਂ ਇਸ ਨੇ ਆਪਣੇ ਆਪ ਨੂੰ ਬਚਾ ਕਿਵੇਂ ਲਿਆ ਸੀ।

ਧੁੰਦਲੀ ਸਵੇਰ ਦੀ ਹਵਾ ਨਿਗਰਾਨ ਚੌਂਕੀ ਦੇ ਬੰਨੇ ਥਪੇੜੇ ਮਾਰਦੀ ਲੰਘੀ ਤੇ ਬੇਸੋਨੋਵ ਦੀਆਂ ਅੱਖਾਂ ਵਿਚ ਪਾਣੀ ਆ ਗਿਆ। ਉਸ ਨੇ ਆਪਣਾ ਰੁਮਾਲ ਕੱਢਿਆ, ਅੱਖਾਂ ਪੂੰਝੀਆਂ, ਮੂੰਹ ਪੂੰਝਿਆ ਤੇ ਦੋ-ਅੱਖੀ ਦੂਰਬੀਨ ਉੱਤੇ ਝੁਕ ਗਿਆ।

ਉਹ ਆਪਣੇ ਆਪ ਨੂੰ ਕਿਸੇ ਗੱਲ ਦਾ ਯਕੀਨ ਦਿਵਾਉਣਾ ਚਾਹੁੰਦਾ ਸੀ ਜਿਸ ਉੱਤੇ ਵਿਸ਼ਵਾਸ ਕਰਨਾ ਔਖਾ ਸੀ ਪਰ ਜਿਸ ਵਿਚ ਕਿਸੇ ਸ਼ੱਕ-ਸੁਬ੍ਹੇ ਦੀ ਵੀ ਕੋਈ ਗੁੰਜਾਇਸ਼ ਨਹੀਂ ਸੀ। ਦੱਖਣੀ ਕੰਢੇ ਵਲ਼ੋਂ, ਉਹਨਾਂ ਖੰਦਕਾਂ ਵਿਚੋਂ ਜਿਨ੍ਹਾਂ ਨੂੰ ਜਰਮਨ ਟੈਂਕਾਂ ਨੇ ਮਲੀਆ ਮੇਟ ਕਰ ਦਿੱਤਾ ਸੀ, ਤੋਪਾਂ ਦੇ ਉਹਨਾਂ ਮੋਰਚਿਆਂ ਵਿਚੋਂ ਜਿਨ੍ਹਾਂ ਨੂੰ ਗੋਲ਼ਿਆਂ ਨੇ ਉਡਾ ਦਿੱਤਾ ਸੀ, ਘੇਰੀਆਂ ਗਈਆਂ ਉਹਨਾਂ ਯੂਨਿਟਾਂ ਵਿਚੋਂ ਬਚ ਜਾਣ ਵਾਲ਼ੇ, ਜਿਹੜੇ ਕਿਸੇ ਵੀ ਹਿਸਾਬ ਨਾਲ਼ ਜਿਉਂਦੇ ਰਹਿ ਨਹੀਂ ਸੀ ਸਕਦੇ, ਗੋਲ਼ੀਆਂ ਚਲਾ ਰਹੇ ਸਨ ਤੇ ਲੜਾਈ ਵਿਚ ਹਿੱਸਾ ਲੈ ਰਹੇ ਸਨ।

"ਮੇਰੇ, ਮੇਰੇ ਜਵਾਨ! ਵੇਖੋ, ਕਾਮਰੇਡ ਕਮਾਂਡਰ! ਅਜੇ ਦਮ ਹੈ ਉਹਨਾਂ ਵਿਚ! ਕਮਾਲ ਦੇ ਜਵਾਨ ਨੇ ਮੇਰੇ! ਸ਼ਾਬਾਸ਼! ਬਹੁਤ ਖ਼ੂਬ!" ਨਿਗਰਾਨ ਚੌਂਕੀ ਉੱਤੇ ਸਿਗਨਲ ਦੇਣ ਵਾਲ਼ਿਆਂ ਦੀਆਂ ਅਵਾਜ਼ਾਂ ਤੇ ਸਾਂ-ਸਾਂ ਕਰਦੀ ਹਵਾ ਦੇ ਸ਼ੋਰ ਵਿਚ ਦੇਯੇਵ ਨੇ ਖ਼ੁਸ਼ੀ ਵਿਚ ਆ ਕੇ ਜਵਾਨ, ਭਾਰੀ ਅਵਾਜ਼ ਵਿਚ ਆਖਿਆ।

ਦੇਯੇਵ ਦੇ ਇਸ ਅਚਾਨਕ ਫੁੱਟ ਨਿਕਲੇ ਮੋਹ ਅਤੇ ਅਗਲੇਰੀਆਂ ਖੰਦਕਾਂ ਵਿਚ ਆਪਣੇ ਉਹਨਾਂ ਜਵਾਨਾਂ ਬਾਰੇ ਇਹ ਗੱਭਰੂਆਂ ਵਾਲ਼ੀ ਸ਼ੇਖੀ, ਜਿਨ੍ਹਾਂ ਦੇ ਨਾਂ ਉੱਤੇ ਉਹ ਬਹੁਤ ਪਹਿਲਾਂ ਕਲਮ ਫੇਰ ਚੁੱਕਾ ਸੀ ਪਰ ਜਿਹੜੇ ਅਜੇ ਵੀ ਲੜਾਈ ਲੜ ਰਹੇ ਸਨ – ਉਸ ਵਲ਼ੋਂ ਕੋਮਲ ਭਾਵਨਾ ਦੇ ਇਸ ਖੁੱਲ੍ਹੇ ਵਿਖਾਵੇ ਤੋਂ, ਇਸ ਕਮਜ਼ੋਰੀ ਤੋਂ, ਬੇਸੋਨੋਵ ਨੂੰ ਖਿਝ ਨਹੀਂ ਆਈ। ਇਸ ਦੇ ਉਲਟ, ਦੇਯੇਵ ਦੀ ਕਿਲਕਾਰੀ ਸੁਣ ਕੇ ਉਸ ਨੇ ਮੂੰਹ ਦੂਜੇ ਪਾਸੇ ਕੀਤੇ ਬਗੈਰ ਹੀ ਆਪਣੇ ਜਜ਼ਬਾਤ ਨੂੰ ਦਬਾ ਲਿਆ ਅਤੇ ਇਕ ਵਾਰੀ ਫੇਰ ਉਸ ਨੂੰ ਖਿਆਲ ਆਇਆ ਕਿ ਕਿਸਮਤ ਨੇ ਅਜਿਹਾ ਡਿਵੀਜ਼ਨ ਕਮਾਂਡਰ ਦੇ ਕੇ ਉਸ ਨੂੰ ਬੜਾ ਭਾਰੀ ਇਨਾਮ ਦਿੱਤਾ ਹੈ।

ਟੈਂਕਾਂ ਦੇ ਗੋਲ਼ਿਆਂ ਦੇ ਸੂਹੇ ਭੰਬੂਕੇ ਦਸੰਬਰ ਦੀ ਪ੍ਰਭਾਤ ਦੇ ਧੁੰਦਲਕੇ ਦੇ ਲੰਗਾਰ ਲਾਹ ਰਹੇ ਸਨ। ਸਤੇਪੀ ਦੇ ਮੈਦਾਨ ਵਿਚੋਂ ਗੂੰਜਾਂ ਉੱਠਦੀਆਂ ਸਨ, ਇੰਜਨਾਂ ਦੀ ਖਰੜ-ਖਰੜ ਇਕਸਾਰ ਗੂੰਜ ਵਿਚ ਓਤਪੋਤ ਹੋ ਰਹੀ ਸੀ, ਜਰਮਨ ਰਾਕਟ ਅਸਮਾਨ ਨੂੰ ਚੀਰਦੇ ਜਾਂਦੇ ਸਨ। ਆਪਣੇ ਘੁਰਨਿਆਂ ਵਿਚੋਂ ਜਾਗੇ ਜੰਗਲੀ ਜਾਨਵਰਾਂ ਵਾਂਗ ਝੱਈਆਂ ਲੈ ਲੈ ਕੇ ਪੈਂਦੇ ਜਰਮਨ ਟੈਂਕਾਂ ਨੂੰ, ਜਿਹੜੇ ਇਕ ਇਕ ਕਰਕੇ ਜਾਂ ਉਘੜ-ਦੁਘੜ ਦਸਤਿਆਂ ਵਿਚ ਕੰਢੇ ਵੱਲ ਆ ਗਏ ਸਨ, ਸਾਡੇ ਟੀ-34 ਟੈਂਕਾਂ ਨੇ ਭਜਾ ਦਿੱਤਾ, ਜਿਨ੍ਹਾਂ ਨੇ ਪੰਜ ਮਿੰਟ ਪਹਿਲਾਂ ਮਿਲੀ ਇਕ ਰਿਪੋਰਟ ਅਨੁਸਾਰ, ਦਰਿਆ ਪਾਰ ਕਰਨ ਦੀਆਂ ਦੋ ਥਾਵਾਂ ਉੱਤੇ ਕਬਜ਼ਾ ਕਰ ਲਿਆ ਹੋਇਆ ਸੀ। ਦੱਖਣੀ ਕੰਢੇ ਵਿਚੋਂ ਰਾਹ ਬਣਾਉਂਦੇ, ਟੀ-34 ਟੈਂਕ ਤਿਰਛੇ ਦਾਅ ਸਤੇਪੀ ਦੇ ਆਰ-ਪਾਰ ਟੁੱਟ ਪਏ ਸਨ ਅਤੇ ਖੱਡ ਦੇ ਕਿਨਾਰੇ ਟੈਂਕਾਂ ਦੇ ਸੰਘਣੇ ਦਸਤਿਆਂ ਦੇ ਉੱਤੋਂ ਦੀ ਲੰਘ ਕੇ ਜਰਮਨ ਟੈਂਕਾਂ ਦੇ ਏਨੇ ਨੇੜੇ ਪਹੁੰਚ ਗਏ ਸਨ ਕਿ ਉਹ ਇਕ ਦੂਜੇ ਨਾਲ਼ ਭਿੜਦੇ ਜਾਪਦੇ ਸਨ।

ਬੇਸੋਨੋਵ ਨੂੰ ਲੜਾਈ ਵਿਚ ਚੰਗੀ ਕਿਸਮਤ ਤੋਂ, ਹਾਲਾਤ ਨੂੰ ਸਬੱਬ ਉੱਤੇ ਛੱਡ ਦੇਣ ਤੋਂ, ਨਸੀਬੇ ਉੱਤੇ ਅੰਨ੍ਹਾ ਭਰੋਸਾ ਰੱਖਣ ਤੋਂ ਹਮੇਸ਼ਾ ਬੜਾ ਡਰ ਲੱਗਦਾ ਸੀ। ਇਸ ਵਿਚ ਉਹਦਾ ਓਸੇ ਤਰ੍ਹਾਂ ਵਿਸ਼ਵਾਸ ਨਹੀਂ ਸੀ ਜਿਸ ਤਰ੍ਹਾਂ ਆਪਣੇ ਕੁਝ ਸਾਥੀਆਂ ਦੇ ਫਜ਼ੂਲ ਅਧਿਕਤਮਵਾਦ ਉੱਤੇ ਵਿਸ਼ਵਾਸ ਨਹੀਂ ਸੀ, ਕਾਨਾਏ ਦੀ ਰਣਨੀਤੀ ਵਿਚ ਵਿਸ਼ਵਾਸ ਨਹੀਂ ਸੀ ਜਿਸ ਦਾ ਹਰ ਕਾਰਵਾਈ ਕਰਨ ਵੇਲ਼ੇ ਹੈੱਡ ਕੁਆਟਰ ਵਿਚ ਸੁਪਨਾ ਲਿਆ ਜਾਂਦਾ ਸੀ। ਬੇਸੋਨੋਵ ਬੇਮੁਹਾਰ ਭੁਲਾਂਦਰਿਆਂ ਦੇ ਵਹਿਣ ਵਿਚ ਘੱਟ ਵੱਧ ਹੀ ਵਹਿੰਦਾ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਲੜਾਈ ਵਿਚ ਹਰ ਚੀਜ਼ ਦਾ, ਜਿੱਤ ਤੇ ਹਾਰ ਦੋਵਾਂ ਦਾ, ਲਹੂ ਨਾਲ਼ ਮੁੱਲ ਤਾਰਿਆ ਜਾਂਦਾ ਹੈ, ਕਿਉਂਕਿ ਇਸ ਦੀ ਹੋਰ ਕੋਈ ਕੀਮਤ ਹੈ ਹੀ ਨਹੀਂ। ਲਹੂ ਉਹ ਚੀਜ਼ ਹੈ ਜਿਸ ਦੀ ਥਾਂ ਕੋਈ ਹੋਰ ਚੀਜ਼ ਨਹੀਂ ਲੈ ਸਕਦੀ।

"ਉਡੀਕਣਾ ਚਾਹੀਦਾ ਹੈ।" ਉਸ ਨੇ ਸੋਚਿਆ ਸੀ। "ਕੋਰ ਦੀਆਂ ਅਗਲੀਆਂ ਰਿਪੋਰਟਾਂ ਨੂੰ ਉਡੀਕਣਾ ਚਾਹੀਦਾ ਹੈ। ਮਹਾਜ਼ ਦੇ ਹੈੱਡ ਕੁਆਟਰ ਨੂੰ ਰਿਪੋਰਟ ਭੇਜਣ ਦਾ ਅਜੇ ਵੇਲਾ ਨਹੀਂ ਆਇਆ..."

ਪਰ ਜਦੋਂ ਕੱਲ੍ਹ ਵਾਲ਼ੇ ਜਰਮਨ ਹਮਲੇ ਮਗਰੋਂ, ਜਿਸ ਤੋਂ ਸਮੁੱਚੀ ਸੁਰੱਖਿਆ ਸ਼ਕਤੀ ਮੁਕੰਮਲ ਤਬਾਹੀ ਤੋਂ ਵਾਲ-ਵਾਲ ਬਚ ਗਈ ਸੀ, ਉੱਤਰੀ ਕੰਢੇ ਵੱਲ ਜਰਮਨਾਂ ਦੇ ਰਾਹ ਬਣਾ ਲੈਣ ਮਗਰੋਂ, ਨੁਕਸਾਨ ਉਠਾਉਣ, ਖਿਚਾਅ ਅਤੇ ਦੇਏਵ ਦੀ ਡਿਵੀਜ਼ਨ ਦੇ ਟੁਕੜੇ ਹੋ ਜਾਣ ਮਗਰੋਂ, ਜਦੋਂ ਹੁਣ ਉਸ ਨੇ ਵੇਖਿਆ ਕਿ ਸਤੇਪੀ ਵਿਚ ਜਰਮਨ ਪਿਆਦਾ ਫ਼ੌਜ ਦੇ ਟਰੱਕ ਅੱਗ ਵਿਚ ਝੁਲਸੇ ਗਏ ਹਨ ਅਤੇ ਜਰਮਨ ਟੈਂਕ ਦੱਖਣ ਵੱਲ ਪਿੱਛੇ ਹੱਟ ਰਹੇ ਹਨ, ਜਦੋਂ ਡਿਵੀਜ਼ਨ ਨਾਲ਼ੋਂ ਹਾਲ ਵਿਚ ਹੀ ਕੱਟੇ ਗਏ ਦੱਖਣੀ ਕੰਢੇ, ਉਸ ਨੇ ਖੱਡ ਵੱਲ ਰਿੜ੍ਹਦੇ ਜਾਂਦੇ ਜਰਮਨ ਟੈਂਕਾਂ ਉੱਤੇ ਟੈਂਕ-ਮਾਰ ਰਫਲਾਂ ਦੇ ਗੋਲ਼ਿਆਂ ਨੂੰ ਛੁਰੀ ਵਰਗੀਆਂ ਲਾਟਾਂ ਬਣ ਕੇ ਵਰ੍ਹਦਿਆਂ ਤੇ ਤੋਪਾਂ ਵਿਚੋਂ ਨਿਕਲਦੇ ਭੰਬੂਕਿਆਂ ਨੂੰ ਵੇਖਿਆ, ਤਾਂ ਬੇਸੋਨੋਵ ਦੇ ਅੰਦਰ ਐਸਾ ਜੋਸ਼ ਉਬਾਲੇ ਖਾਣ ਲੱਗਾ ਕਿ ਉਸ ਦੇ ਲੱਕ ਤੋਂ ਮੁੜ੍ਹਕਾ ਚੋਣ ਲੱਗ ਪਿਆ, ਅਤੇ ਇਸ ਦੇ ਬਾਵਜੂਦ ਬੇਹਿਸੀ ਜਿਹੀ ਨਾਲ਼ ਰੇਡੀਓ ਤੋਂ ਸੱਜਰੀਆਂ ਰਿਪੋਰਟਾਂ ਸੁਣ ਰਹੇ ਨੇ ਆਪਣੇ ਆਪ ਨੂੰ ਕਾਬੂ ਵਿਚ ਰੱਖਣ ਦੀ

ਕੋਸ਼ਿਸ਼ ਕਰਦਿਆਂ, ਆਪਣੀ ਛੜੀ ਜ਼ਮੀਨ ਵਿਚ ਗੱਡ ਦਿੱਤੀ ਅਤੇ ਫਰ ਦੇ ਦਸਤਾਨਿਆਂ ਵਿਚ ਸਿਲ੍ਹੀਆਂ ਹੋ ਗਈਆਂ ਉਂਗਲਾਂ ਨਾਲ਼ ਇਸ ਨੂੰ ਫੜ ਰੱਖਿਆ।

"ਠਹਿਰ ਜਾ, ਹਾਲੇ ਠਹਿਰ ਜਾ!" ਉਹ ਹਾਲੇ ਵੀ ਆਪਣੀ ਇਸ ਵੱਧ ਰਹੀ ਇੱਛਾ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਸਿੱਧਾ ਛੱਤੇ ਹੋਏ ਮੋਰਚੇ ਵਿਚ ਜਾਵੇ ਅਤੇ ਮੁਹਾਜ਼ ਦੇ ਕਮਾਂਡਰ ਨੂੰ, ਜਿਸ ਨੂੰ ਉਹਨੇ ਅੱਧਾ ਘੰਟਾ ਪਹਿਲਾਂ ਜਵਾਬੀ ਹਮਲੇ ਦੀ ਖਬਰ ਦਿੱਤੀ ਸੀ, ਰਿਪੋਰਟ ਕਰੇ ਕਿ ਜਰਮਨ ਦਰਿਆ ਦੇ ਕੰਢੇ ਤੋਂ ਪਿੱਛੇ ਹਟ ਰਹੇ ਹਨ, ਕਿ ਟੈਂਕ ਤੇ ਮਸ਼ੀਨਬੰਦ ਦਸਤੇ ਮਿਲੀ ਕਾਮਯਾਬੀ ਦਾ ਫਾਇਦਾ ਉਠਾ ਰਹੇ ਹਨ ਤੇ ਉਹਨਾਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਪਿੰਡ ਦੇ ਪੂਰੇ ਦੱਖਣੀ ਅੱਧ ਉੱਤੇ ਕਬਜ਼ਾ ਕਰ ਲੈਣ ਅਤੇ ਓਥੋਂ ਦੱਖਣ ਵੱਲ ਜਾਂਦੀ ਸੜਕ ਰੋਕਣ ਲਈ ਅੱਗੇ ਵਧਣ।

ਓਧਰ ਦੱਖਣੀ ਕੰਢੇ ਹਰ ਪਾਸੇ ਅੱਗਾਂ ਲੱਗ ਰਹੀਆਂ ਸਨ। ਲਾਟਾਂ ਪਿੰਡ ਦੀਆਂ ਛੱਤਾਂ ਤੋਂ ਉੱਪਰ ਉੱਠ ਰਹੀਆਂ ਸਨ ਅਤੇ ਗਲ਼ੀਆਂ ਵਿਚ, ਜਿੱਥੇ ਇਸ ਵੇਲ਼ੇ ਟੈਂਕਾਂ ਦੀ ਲੜਾਈ ਲੜੀ ਜਾ ਰਹੀ ਸੀ, ਗੋਲ਼ਿਆਂ ਨੇ ਉਧਮ ਮਚਾਇਆ ਹੋਇਆ ਸੀ।

ਬੇਸੋਨੋਵ ਕੁਝ ਮਿੰਟ ਹੋਰ ਠਹਿਰ ਗਿਆ। ਬਾਹਰੋਂ ਉਹ ਠਰ੍ਹੰਮੇ ਵਿਚ ਸੀ, ਕੋਰਾਂ ਦੀਆਂ ਰਿਪੋਰਟਾਂ ਸੁਣ ਰਿਹਾ ਸੀ, ਉਹਦੇ ਚਾਰ ਚੁਫੇਰੇ ਦਿੱਤੇ ਜਾਂਦੇ ਹੁਕਮਾਂ ਦੀ ਬੇਤਹਾਸ਼ਾ ਕਾਵਾਂ ਰੌਲੀ ਸੀ, ਨਿਗਰਾਨ ਚੌਂਕੀ ਦਾ ਸ਼ੋਰ-ਸ਼ਰਾਬਾ ਸੀ, ਉੱਚੀਆਂ-ਉੱਚੀਆਂ ਅਵਾਜ਼ਾਂ, ਜੇਤੂ ਮੁਸਕਾਨਾਂ ਅਤੇ ਸਗੋਂ ਠਹਾਕੇ ਸਨ। ਕਿਤੇ-ਕਿਤੇ ਕੋਈ ਖੁੱਲ੍ਹੇ ਆਮ ਸਿਗਰਟ ਸੁਲਘਾ ਰਿਹਾ ਸੀ ਤੇ ਸੁੱਖ ਦਾ ਸਾਹ ਲੈ ਰਿਹਾ ਸੀ। ਖੰਦਕ ਦੇ ਹਨੇਰੇ ਵਿਚ ਸਿਗਰਟਾਂ ਦੀਆਂ ਡੱਬੀਆਂ ਦੀ ਖੜ-ਖੜ ਹੋ ਰਹੀ ਸੀ ਤੇ ਮਾਚਸਾਂ ਬਲ਼ ਰਹੀਆਂ ਸਨ ਜਿਵੇਂ ਮੁਹਾਜ਼ ਘਟੋ ਘਟ ਦਸ ਕਿਲੋਮੀਟਰ ਅਗਾਂਹ ਵਧ ਗਿਆ ਹੋਵੇ। ਹਰ ਕਿਸੇ ਨੂੰ ਇਉਂ ਮਹਿਸੂਸ ਹੁੰਦਾ ਸੀ ਜਿਵੇਂ ਉਹਨਾਂ ਦੇ ਤਮਾਕੂ ਦੇ ਧੂਏਂ ਨਾਲ਼ ਹੀ ਉਸ ਕਾਮਯਾਬੀ ਦੀ ਮਹਿਕ ਵੀ ਅੰਦਰ ਜਾ ਰਹੀ ਹੋਵੇ ਜਿਸ ਦੀ ਉਹਨਾਂ ਨੂੰ ਬੜੇ ਚਿਰਾਂ ਤੋਂ ਤਾਂਘ ਸੀ ਤੇ ਜਿਹੜੀ ਅਖੀਰ ਪ੍ਰਾਪਤ ਹੋ ਗਈ ਸੀ। ਜਦੋਂ ਉਸ ਨੇ ਨਿਗਰਾਨ ਚੌਂਕੀ ਵਿਚ ਇਹ ਮੌਜ-ਮੇਲਾ ਵੇਖਿਆ ਸੁਣਿਆ ਤਾਂ ਬੇਸੋਨੋਵ ਨੇ, ਹਾਲੇ ਵੀ ਇਸ ਦੇ ਪ੍ਰਭਾਵ ਤੋਂ ਬਚਦਿਆਂ, ਠਰ੍ਹੰਮੇ ਭਰੀ ਤੇ ਖੁਸ਼ਕ ਅਵਾਜ਼ ਵਿਚ ਆਖਿਆ:

"ਚੌਂਕੀ ਵਿਚ ਸਿਗਰਟ ਨਾ ਪੀਓ, ਤੇ ਸਭ ਆਪੋ ਆਪਣੀ ਡਿਊਟੀ ਭੁਗਤਾਈ ਚੱਲੋ। ਲੜਾਈ ਅਜੇ ਖਤਮ ਨਹੀਂ ਹੋਈ। ਅਜੇ ਪਤਾ ਨਹੀਂ ਕਦੋਂ ਖ਼ਤਮ ਹੋਵੇ।"

ਇਹ ਆਖਦਿਆਂ ਸਾਰ ਹੀ ਉਸ ਨੇ ਆਪਣੀ ਇਸ ਗੱਲ ਦੇ ਬੇਤੁਕੇਪਨ ਨੂੰ ਇਸ ਦੇ ਬੇਲੋੜੇ ਫੁਸਫੁਸੇ ਅੰਦਾਜ ਨੂੰ ਮਹਿਸੂਸ ਕਰ ਲਿਆ। ਮੱਥੇ ਉੱਤੇ ਤਿਊੜੀ ਚੜ੍ਹਾ ਕੇ ਅਤੇ ਆਪਣੇ ਇਸ ਗੰਭੀਰ, ਬੁੱਢਿਆਂ ਵਾਲ਼ੇ ਠਰ੍ਹੰਮੇ ਨੂੰ ਮਾਨਸਿਕ ਤੌਰ 'ਤੇ ਕੁਚਲ ਕੇ, ਉਹ ਜਲਦੀ-ਜਲਦੀ ਉਹਨਾਂ ਅਫਸਰਾਂ ਦੇ ਅੱਗੋਂ ਦੀ ਬੰਕਰ ਵੱਲ ਵਧਿਆ ਜਿਨ੍ਹਾਂ ਨੇ ਆਪਣੇ ਕਫਾਂ ਵਿਚ ਸਿਗਰਟਾਂ ਲੁਕਾ ਲਈਆਂ।

ਕੋਈ ਦਸ ਮਿੰਟ ਬਾਦ, ਮੁਹਾਜ਼ ਦੇ ਕਮਾਂਡਰ ਨੂੰ ਵਿਸਥਾਰ ਨਾਲ਼ ਚੜ੍ਹਾਈ ਬਾਰੇ ਰਿਪੋਰਟ ਦੇ ਕੇ ਅਤੇ ਚੀਫ ਆਫ਼ ਸਟਾਫ ਯਾਤਸੇਨਕੋ ਨਾਲ਼ ਗੱਲਬਾਤ ਕਰ ਕੇ, ਬੇਸੋਨੋਵ ਫੇਰ ਸ਼ਾਂਤ ਤੇ

ਲੈਂਪ ਦੇ ਚਾਨਣ ਨਾਲ਼ ਨਿੱਘੇ ਬੰਕਰ ਵਿਚੋਂ ਨਿਕਲ ਕੇ ਬਰਫ਼ੀਲੀ, ਹਵਾਹਾਰ ਤੇ ਘੁਸਮੁਸੀ ਖੰਦਕ ਵਿਚ ਆ ਗਿਆ, ਅਤੇ ਉਹ ਨੇ ਅਚਾਨਕ ਅਨੁਭਵ ਕੀਤਾ ਕਿ ਪਿਛਲੇ ਕੁਝ ਮਿੰਟਾਂ ਵਿਚ ਕੁਝ ਖਾਸ ਤਬਦੀਲੀ ਆ ਗਈ ਸੀ, ਵਾਤਾਵਰਣ ਵਿਚ ਕੁਝ ਨਵੀਂ ਖਾਸੀਅਤ ਆ ਗਈ ਸੀ। ਧਰਤੀ ਤੇ ਅਸਮਾਨ ਵਿਚ ਕੋਈ ਚੀਜ਼ ਆਪਣੀ ਥਾਂ ਤੋਂ ਹਿਲ ਗਈ ਸੀ।

"ਹਾਂ, ਸਵੇਰ ਹੋ ਗਈ ਸੀ।"

ਜਦੋਂ ਉਹਨੇ ਬਾਹਰ ਪਹਾੜੀ ਦੀ ਚੋਟੀ ਉੱਤੇ ਸ਼ੂਕਦੀ ਹਵਾ ਵਿਚ ਆ ਕੇ ਮਹਿਸੂਸ ਕੀਤਾ ਕਿ ਪ੍ਰਭਾਤ — ਦਸੰਬਰ ਮਹੀਨੇ ਦੀ ਕਕਰੀਲੀ ਨਿਰਮਲ ਪ੍ਰਭਾਤ — ਹੋ ਗਈ ਹੈ ਤਾਂ ਬੇਸੋਨੋਵ ਨੂੰ ਵਿਸ਼ਾਲ ਖੁੱਲ੍ਹੇ ਸਤੇਪੀ ਵਿਚ ਆਪਣੇ ਟੈਂਕਾਂ ਦੇ ਉੱਪਰ ਹਵਾਈ ਹਿਫਾਜ਼ਤ ਦੀ ਅਣਹੋਂਦ ਦਾ ਖਿਆਲ ਆਇਆ ਅਤੇ ਨਾਲ਼ ਹੀ ਇਹ ਕਿ ਜਰਮਨ ਤੇ ਸੋਵੀਅਤ ਹਵਾਈ ਫੌਜਾਂ ਕੀ ਕਰ ਰਹੀਆਂ ਹੋਣਗੀਆਂ। ਸ਼ਾਇਦ ਹਵਾਈ ਸੈਨਾ ਦੇ ਪ੍ਰਤੀਨਿਧ ਦੇ ਦਿਮਾਗ਼ ਵਿਚ ਵੀ ਏਹੋ ਗੱਲ ਸੀ ਜਿਹੜਾ ਵੱਡੇ ਤੜਕੇ ਹੀ ਨਿਗਰਾਨ ਚੌਂਕੀ ਪਹੁੰਚ ਗਿਆ ਸੀ। ਸੌੜੇ ਮੱਥੇ ਵਾਲ਼ਾ ਇਹ ਮਿਲਣਸਾਰ ਕਰਨਲ ਸੀ ਜਿਸ ਨੇ ਵੱਡੇ ਸਾਰੇ ਬਕਸੇ ਵਿਚ ਇਕ ਨਕਸ਼ਾ ਫੜਿਆ ਹੋਇਆ ਸੀ ਅਤੇ ਆਪਣੇ ਮੁਸਕ੍ਰਾ ਰਹੇ ਬੁੱਲ੍ਹਾਂ ਵਿਚਾਲੇ ਵੱਡਾ ਸਾਰਾ ਪਰਸਪੈਕਸ ਦਾ ਬਣਿਆ ਸਿਗਰਟ-ਹੋਲਡਰ ਅੜਾਇਆ ਹੋਇਆ ਸੀ। ਬੇਸੋਨੋਵ ਦੀ ਤੱਕਣੀ ਦੇ ਜਵਾਬ ਵਿਚ ਜਿਹੜੀ ਇਹ ਪੁੱਛ ਰਹੀ ਸੀ ਕਿ ਹਮਲਾ ਕਰਨ ਵਾਲ਼ੇ ਹਵਾਈ ਜਹਾਜ਼ ਕਿੱਥੇ ਹਨ, ਉਸ ਨੇ ਫੌਰਨ ਦੱਸਿਆ ਕਿ ਸਭ ਕੁਝ ਠੀਕ-ਠਾਕ ਹੈ, ਸ਼ੁਕਰ ਹੈ ਰੱਬ ਦਾ ਕਿ ਧੁੰਦ ਕੋਈ ਨਹੀਂ ਅਤੇ ਪੰਦਰਾਂ ਮਿੰਟਾਂ ਦੇ ਅੰਦਰ ਹੱਲਾ ਕਰਨ ਵਾਲੇ ਜਹਾਜ਼ ਨਿਗਰਾਨ ਚੌਂਕੀ ਦੇ ਉੱਪਰ ਉੱਡ ਰਹੇ ਹੋਣਗੇ। ਇਹ ਜਵਾਬ ਦੇ ਕੇ ਉਸ ਨੇ ਆਪਣੇ ਸਿਗਰਟ-ਹੋਲਡਰ ਨੂੰ ਪਪੋਲਿਆ ਤੇ ਉਤਸ਼ਾਹੀ ਅੰਦਾਜ਼ ਨਾਲ਼ ਮੁਸਕ੍ਰਾਇਆ।

"ਜੇ ਇਹ ਗੱਲ ਏ, ਤਾਂ ਠੀਕ ਏ," ਬੇਸੋਨੋਵ ਨੇ ਜਵਾਬ ਦਿੱਤਾ। ਉਸ ਨੇ ਉਹਨੂੰ ਇਹ ਯਾਦ ਕਰਾਉਣ ਦੀ ਇੱਛਾ ਨੂੰ ਨੱਪ ਘੁੱਟ ਲਿਆ ਕਿ ਜਰਮਨ ਹਵਾਈ ਫੌਜ ਦਾ ਰਾਹ ਰੋਕਣ ਵਾਲ਼ੀ ਵੀ ਤਾਂ ਕੋਈ ਧੁੰਦ ਨਹੀਂ।

"ਵੇਖੋ, ਕਾਮਰੇਡ ਕਮਾਂਡਰ, ਸਾਡੇ ਸਲਾਵ ਗੱਭਰੂ ਕੀ ਕਰ ਰਹੇ ਨੇ। ਜਾਨ ਆ ਗਈ ਏ ਇਹਨਾਂ ਵਿਚ! ਔਹ ਸਗੋਂ ਲੰਗਰ ਆ ਗਿਆ?" ਬੋਜ਼ੀਚਕੋ ਅਜੇ ਵੀ ਨੱਪੀ-ਨੱਪੀ ਖੁਸ਼ੀ ਨਾਲ਼ ਬੋਲਿਆ ਅਤੇ ਆਪਣੇ ਦਸਤਾਨੇ ਨਾਲ਼ ਪਹਾੜੀ ਦੇ ਖੱਬੇ ਪਾਸੇ ਅੱਧ-ਪਚੱਧ ਤਬਾਹ ਹੋ ਗਏ ਪੁਲ ਵੱਲ ਇਸ਼ਾਰਾ ਕੀਤਾ। ਬੋਜ਼ੀਚਕੋ ਲੜਾਈ ਸ਼ੁਰੂ ਹੋਣ ਦੇ ਪਲ ਤੋਂ ਹੀ ਬੇਸੋਨੋਵ ਨੂੰ ਛੱਡ ਕੇ ਨਹੀਂ ਸੀ ਗਿਆ।

"ਕੀ?" ਹਵਾਈ ਹਿਫਾਜ਼ਤ ਬਾਰੇ ਸੋਚ ਰਹੇ ਬੇਸੋਨੋਵ ਨੇ ਬੇਧਿਆਨੀ ਨਾਲ਼ ਹੀ, ਆਪਣੀ ਤਿਲਕਵੀਂ ਕੱਕਰ-ਜੰਮੀ ਦੂਰਬੀਨ ਉੱਪਰ ਕੀਤੀ ਤੇ ਜਲਦੀ ਨਾਲ਼ ਉਸ ਨੂੰ ਫੋਕਸ ਕੀਤਾ।

ਸੱਚਮੁਚ ਹੀ ਲੰਗਰ-ਗੱਡੀ ਨੇ ਹੁਣੇ ਪੁਲ ਪਾਰ ਕੀਤਾ ਸੀ ਅਤੇ ਤੜਕੇ ਦੇ ਧੁੰਦਲਕੇ ਵਿਚ ਧੂੰਏਂ ਦੇ ਭੰਬੂਕੇ ਛੱਡਦੀ ਤੇ ਬਰਫ਼ ਉੱਤੇ ਲਾਲ ਚੰਗਿਆੜੀਆਂ ਦਾ ਮੀਂਹ ਵਰ੍ਹਾਉਂਦੀ ਦੱਖਣੀ ਕੰਢੇ ਗੋਲ਼ਿਆਂ ਨਾਲ਼ ਪਏ ਟੋਇਆ ਉੱਤੇ ਹਚਕੋਲੇ ਖਾ ਰਹੀ ਸੀ, ਜਿੱਥੇ ਦਰਿਆ ਤੇ ਖੱਡ ਦੇ

ਵਿਚਕਾਰ ਵਾਲ਼ੇ ਇਲਾਕੇ ਵਿਚ ਕੁਝ ਤੋਪਾਂ, ਟੈਂਕ ਮਾਰ ਰਫਲਾਂ ਤੇ ਤਿੰਨ ਮਸ਼ੀਨਗੰਨਾਂ, ਜਿਨ੍ਹਾਂ ਨੂੰ ਜਰਮਨਾਂ ਨੇ ਕੱਲ੍ਹ ਚੁੱਪ ਕਰਾ ਦਿੱਤਾ ਸੀ, ਫੇਰ ਅਚਾਨਕ ਗੋਲ਼ੇ ਦਾਗਣ ਲੱਗ ਪਈਆਂ ਸਨ। ਇਹ ਲੰਗਰ-ਗੱਡੀ ਚਲਦੀ, ਗੋਲ਼ਿਆਂ ਵਿਚ ਰਾਹ ਬਣਾਉਂਦੀ, ਜਿਹੜੇ ਬੁਲੰਦੀ ਉੱਤੇ ਜਾ ਕੇ ਪੋਸਤ ਦੇ ਲਾਲ਼ ਫੁੱਲਾਂ ਵਾਂਗ ਖਿੜ ਜਾਂਦੇ ਸਨ, ਅੰਨ੍ਹੀ ਰਫ਼ਤਾਰ ਨਾਲ਼ ਉੱਡਦੀ ਜਾ ਰਹੀ ਸੀ। ਕੋਈ ਸਿਰਲੱਥ ਸਾਰਜੈਂਟ ਮੇਜਰ ਟੈਂਕਾਂ ਦੇ ਓਹਲੇ ਓਹਲੇ ਅਗਲੇ ਮੋਰਚੇ ਵੱਲ ਭੱਜਾ ਜਾ ਰਿਹਾ ਸੀ। ਖੱਬੀ ਬਾਹੀ ਦੀਆਂ ਖੰਦਕਾਂ ਵਿਚੋਂ ਪੰਜ ਜਾਂ ਛੇ ਜਵਾਨ ਉੱਠੇ ਤੇ ਆਸਵੰਦੀ ਨਾਲ਼ ਆਪਣੀਆਂ ਰਫ਼ਲਾਂ ਲਹਿਰਾਈਆਂ, ਪਰ ਲੰਗਰ ਵਾਲ਼ੀ ਗੱਡੀ ਭੁੜਕਦੀ ਹੋਈ ਉਹਨਾਂ ਦੇ ਕੋਲੋਂ ਦੀ ਲੰਘ ਕੇ ਪੁਲ ਦੇ ਸੱਜੇ ਪਾਸੇ ਤੋਪ ਦਸਤੇ ਦੇ ਮੋਰਚਿਆਂ ਵੱਲ ਵੱਧ ਗਈ। ਓਥੇ ਪੁੱਜ ਕੇ ਇਹ ਅਚਾਨਕ ਰੁੱਕ ਗਈ ਤੇ ਡਰਾਈਵਰ ਛਾਲ ਮਾਰ ਕੇ ਉਤਰਿਆ ਅਤੇ ਲੰਮੇ ਘੇਰੇ ਵਾਲ਼ਾ ਆਪਣਾ ਅਫਸਰਾਂ ਵਾਲ਼ਾ ਵੱਡਾ ਕੋਟ ਪਾਈ, ਜਿਸ ਦੇ ਪੱਲੇ ਹਵਾ ਵਿਚ ਉੱਡ ਰਹੇ ਸਨ, ਉਸ ਤੋਪ ਵੱਲ ਦੌੜ ਗਿਆ ਜਿਹੜੀ ਹੁਣੇ ਗੋਲ਼ੇ ਦਾਗ ਰਹੀ ਸੀ।

"ਇਹ ਓਹੋ ਤੋਪ ਦਸਤਾ ਜੇ, ਜਿੱਥੇ ਅਸੀਂ ਗਏ ਸਾਂ," ਬੋਜ਼੍ਹੀਚਕੋ ਨੇ ਖੰਦਕ ਦੀ ਬੰਨੀ ਉੱਤੇ ਆਪਣੀਆਂ ਅਰਕਾਂ ਟੇਕਦਿਆਂ ਆਖਿਆ। "ਯਾਦ ਜੇ ਨਾ, ਕਾਮਰੇਡ ਕਮਾਂਡਰ, ਉਹ ਗੱਭਰੂ ? ਉਹਨਾਂ ਦਾ ਇਕ ਹੋਰ ਕਮਾਂਡਰ ਸੀ... ਗਭਰੇਟ ਜਿਹਾ...ਲੈਫਟੀਨੈਂਟ, ਦਰੋਜ਼ਦੋਵ... ਮੇਰਾ ਖਿਆਲ।"

"ਯਾਦ ਨਹੀਂ," ਬੇਸੋਨੋਵ ਹੌਲ਼ੀ ਜਿਹੀ ਬੋਲਿਆ। "ਦਰੋਜ਼ਦੋਵ ?.. ਚੰਗੀ ਤਰ੍ਹਾਂ ਯਾਦ ਕਰੋ, ਬੋਜ਼੍ਹੀਚਕੋ।"

ਬੋਜ਼੍ਹੀਚਕੋ ਨੇ ਬੁੜ-ਬੁੜ ਕੀਤਾ:

"ਓਥੇ, ਜਿੱਥੇ ਤੁਸੀਂ ਸੂਹੀਆਂ ਨੂੰ ਉਡੀਕ ਰਹੇ ਸੀ। ਉਸ ਜਰਮਨ ਨੂੰ ਏਹਨਾਂ ਨੇ ਹੀ ਲਿਆਂਦਾ ਸੀ। ਦੋ ਜਣਿਆ ਨੇ ਕਾਬੂ ਕਰ ਲਿਆ ਸੀ। 76 ਮਿਲੀਮੀਟਰ ਤੋਪ ਦਸਤਾ।"

"ਉਹ ਤੋਪ ਦਸਤਾ ? ਹਾਂ, ਯਾਦ ਹੈ। ਪਰ ਉਹ ਦਰੋਜ਼ਦੋਵ ਨਹੀਂ ਸੀ... ਕੁਝ ਇਸ ਨਾਲ਼ ਮਿਲਦਾ-ਜੁਲਦਾ ਸੀ... ਸ਼ਾਇਦ, ਦਰੋਜ਼ਦੋਵਸਕੀ। ਹਾਂ, ਠੀਕ ਹੈ, ਦਰੋਜ਼ਦੋਵਸਕੀ..."

ਬੇਸੋਨੋਵ ਨੇ ਅਚਾਨਕ ਇਹ ਸੋਚ ਕੇ ਦੂਰਬੀਨ ਹੇਠਾਂ ਕਰ ਲਈ ਕਿ ਇਹ 76 ਮਿਲੀਮੀਟਰ ਤੋਪ ਦਸਤਾ ਇਸ ਸਾਰੀ ਲੜਾਈ ਵਿਚ ਉਸ ਤਿੱਖੀਆਂ ਨੀਲ਼ੀਆਂ ਅੱਖਾਂ ਵਾਲ਼ੇ, ਬੇਹੱਦ ਚੁਸਤ ਨੌਜਵਾਨ ਲੈਫਟੀਨੈਂਟ ਦੀ ਕਮਾਂਡ ਹੇਠ ਡਟਿਆ ਕਿਵੇਂ ਰਹਿ ਸਕਿਆ ਜਿਹੜਾ ਹਾਲੇ ਸਿਖਲਾਈ ਸਕੂਲ ਵਿਚੋਂ ਆਇਆ ਹੀ ਹੈ, ਜਿਹੜਾ ਮਰਨ ਤੋਂ ਡਰਦਾ ਨਹੀਂ ਸੀ, ਤੇ ਜਿਸ ਦਾ ਨਾਂ ਉਹ ਸੀ ਜੋ ਫ਼ੌਜੀ ਹਲਕਿਆਂ ਵਿਚ ਪ੍ਰਸਿੱਧ ਇਕ ਜਰਨਲ ਦਾ ਨਾਂ ਸੀ, ਅਤੇ ਉਸ ਨੇ ਇਕ ਪਲ਼ ਵਾਸਤੇ ਇਹ ਕਲਪਨਾ ਕੀਤੀ ਕਿ ਅੱਗੇ ਵਧਦੇ ਜਰਮਨ ਟੈਂਕਾਂ ਦੀ ਮੁੱਖ ਸੇਧ ਉੱਤੇ, ਇਹਨਾਂ ਤੋਪਚੀਆਂ ਨੇ ਕੀ ਕੁਝ ਬਰਦਾਸ਼ਤ ਕੀਤਾ ਹੋਵੇਗਾ। ਬਹੁਤ ਢਿੱਲੇ ਜਿਹੇ ਅੰਦਾਜ਼ ਨਾਲ਼ ਉਸ ਨੇ ਆਉਣੇ ਮੂੰਹ ਉੱਤੇ ਪਈ ਬਰਫ ਨੂੰ ਝਾੜਿਆ ਅਤੇ ਭਾਵਕ ਕਾਂਬਾ ਜਿਹਾ ਮਹਿਸੂਸ ਕਰਦਿਆਂ ਜਿਸ ਨਾਲ਼ ਉਹਦੀਆਂ ਗੱਲ੍ਹਾਂ ਦੀ ਚਮੜੀ ਆਕੜ ਗਈ, ਅਖ਼ੀਰ ਉਸ ਨੇ ਬੜੀ ਮੁਸ਼ਕਿਲ ਨਾਲ਼ ਆਖਿਆ:

"ਜੀਅ ਚਾਹੁੰਦਾ ਏ ਕਿ ਹੁਣੇ ਜਾ ਕੇ ਉਹਨਾਂ ਮੋਰਚਿਆਂ 'ਤੇ ਨਜ਼ਰ ਮਾਰਾਂ। ਬੋਜ਼ੀਚਕੋ, ਹੁਣੇ... ਜੀਅ ਚਾਹੁੰਦਾ ਏ ਜਾ ਕੇ ਵੇਖਾਂ ਕਿ ਓਥੇ ਬਚਿਆ ਕੀ ਏ... ਤਮਗ਼ੇ ਤੇ ਮੈਡਲ ਇਕੱਠੇ ਕਰਾਂ, ਜੋ ਕੁਝ ਓਥੇ ਹੈ। ਬਸ, ਜੋ ਕੁਝ ਓਥੇ ਹੈ," ਉਸ ਨੇ ਆਪਣੇ ਬੋਲ ਦੁਹਰਾਏ। "ਤੇ ਦੇਯੇਵ ਨੂੰ ਆਖੋ ਕਿ ਮੇਰੇ ਮਗਰੇ-ਮਗਰ ਆਵੇ।"

ਖਾਮੋਸ਼ ਤੇ ਹੈਰਾਨ ਪ੍ਰੇਸ਼ਾਨ ਬੋਜ਼ੀਚਕੋ ਨੇ ਵੇਖਿਆ ਕਿਵੇਂ ਬੇਸੋਨੋਵ ਦਾ ਛੋਟਾ ਜਿਹਾ ਹੱਥ ਆਪਣੇ ਰੁਮਾਲ ਨੂੰ ਮਲ ਮਰੋੜ ਰਿਹਾ ਸੀ। ਰੁਮਾਲ ਉਹਦੇ ਕੋਲੋਂ ਆਪਣੀ ਜੇਬ ਵਿਚ ਨਹੀਂ ਸੀ ਪੈਂਦਾ। ਸਿਰ ਦੇ ਇਸ਼ਾਰੇ ਨਾਲ਼ ਹਾਂ ਕਰ ਕੇ ਬੋਜ਼ੀਚਕੋ ਕਰਨਲ ਦੇਯੇਵ ਨੂੰ ਬੁਲਾਉਣ ਦੌੜ ਗਿਆ।

ਉਹ ਸਮਝਦਾ ਸੀ ਕਿ ਉਸ ਨੂੰ ਨਿੱਜੀ ਪ੍ਰਭਾਵਾਂ ਅੱਗੇ ਝੁਕਣ ਦਾ, ਲੜਾਈ ਦੇ ਮਹੀਨ ਵੇਰਵਿਆਂ ਨੂੰ, ਅਗਲੇ ਮੋਰਚਿਆਂ ਉੱਤੇ ਉਹਦੇ ਹੁਕਮਾਂ ਦਾ ਪਾਲਣ ਕਰਨ ਵਾਲ਼ੇ ਜਵਾਨਾਂ ਦੇ ਲਹੂ, ਦੁੱਖ ਮੁਸੀਬਤਾਂ, ਮੌਤ ਅਤੇ ਤਬਾਹੀ ਨੂੰ ਨੇੜਿਓਂ ਜਾ ਕੇ ਵੇਖਣ ਦਾ ਕੋਈ ਹੱਕ ਨਹੀਂ ਸੀ। ਉਸ ਨੂੰ ਇਸ ਗੱਲ ਦਾ ਯਕੀਨ ਸੀ ਕਿ ਫੌਰੀ ਤੇ ਨਿੱਜੀ ਪ੍ਰਭਾਵਾਂ ਦਾ ਅਸਰ ਕਮਜ਼ੋਰ ਕਰਨ ਵਾਲ਼ਾ ਹੋਵੇਗਾ, ਇਸ ਨਾਲ਼ ਕਾਲਜੇ ਦਾ ਰੁੱਗ ਭਰਿਆ ਜਾਵੇਗਾ, ਤਰਸ ਦੀ ਭਾਵਨਾ ਪੈਦਾ ਹੋਵੇਗੀ, ਉਸ ਦੇ ਮਨ ਵਿਚ ਸ਼ੰਕੇ ਪੈਦਾ ਹੋਣਗੇ ਜਿਸ ਦਾ ਇਸ ਵੇਲ਼ੇ ਫਰਜ਼ ਇਹ ਸੀ ਕਿ ਬਿਲਕੁਲ ਵੱਖਰੇ ਪੈਮਾਨੇ ਉੱਤੇ ਕੀਤੀ ਜਾ ਰਹੀ ਕਾਰਵਾਈ ਬਾਰੇ ਹੀ ਚਿੰਤਾ ਕਰੇ ਅਤੇ ਜਿਹੜਾ ਇਸ ਦੇ ਨਿਕਲਣ ਵਾਲ਼ੇ ਸਿੱਟੇ ਲਈ ਪੂਰੀ ਤਰ੍ਹਾਂ ਆਪ ਜ਼ਿੰਮੇਵਾਰ ਸੀ। ਇਕ ਖੰਦਕ ਵਿਚ, ਇਕ ਤੋਪ ਦਸਤੇ ਵਿਚ ਕੁਝ ਜਵਾਨਾਂ ਦਾ ਦੁੱਖ ਦਰਦ, ਉਹਨਾਂ ਦੀ ਦਲੇਰੀ ਤੇ ਤਬਾਹੀ ਏਡੀ ਦਰਦਨਾਕ ਤੇ ਅਸਹਿ ਹੋ ਸਕਦੀ ਸੀ ਕਿ ਨਵੇਂ ਆਦੇਸ਼ ਦੇਣ ਲਈ ਦ੍ਰਿੜ੍ਹ ਰਹਿਣਾ, ਉਹਨਾਂ ਜਵਾਨਾਂ ਦੀਆਂ ਕਾਰਵਾਈਆਂ ਦੀ ਅਗਵਾਈ ਕਰ ਸਕਣਾ ਮਨੁੱਖੀ ਰੂਪ ਵਿਚ ਅਸੰਭਵ ਹੋ ਜਾਵੇ ਜਿਨ੍ਹਾਂ ਲਈ ਉਸ ਦੀਆਂ ਹਦਾਇਤਾਂ ਨੂੰ ਅਮਲ ਵਿਚ ਲਿਆਉਣਾ, ਉਹਦੀ ਮਰਜ਼ੀ ਮੁਤਾਬਿਕ ਚਲਣਾ ਜ਼ਰੂਰੀ ਸੀ।

ਇਸ ਬਾਰੇ ਉਹ ਅੱਜ ਜਾਂ ਕੱਲ੍ਹ ਕਾਇਲ ਨਹੀਂ ਸੀ ਹੋਇਆ, ਸਗੋਂ 1941 ਦੇ ਉਹਨਾਂ ਬਿਪਤਾਭਰੇ ਦਿਨਾਂ ਤੋਂ ਹੀ ਕਾਇਲ ਸੀ ਜਦੋਂ ਪੱਛਮੀ ਮੁਹਾਜ਼ ਉੱਤੇ ਲੜਦਿਆਂ ਉਸ ਨੂੰ ਆਪ ਲਹੂ ਦੀਆਂ ਵਗਦੀਆਂ ਨਦੀਆਂ, ਚੀਕਾਂ ਕੁਰਲਾਹਟਾਂ, ਡਾਕਟਰੀ ਕੋਰ ਦੇ ਅਰਦਲੀਆਂ ਦੀਆਂ ਅਪੀਲਾਂ ਅਤੇ ਜ਼ਖਮੀਆਂ ਦੀਆਂ ਤੜਫਦੀਆਂ ਅਵਾਜ਼ਾਂ ਵਿਚਾਲੇ, ਖੰਦਕਾਂ ਵਿਚੋਂ ਲੜਨ ਲਈ ਜਵਾਨਾਂ ਦੀ ਅਗਵਾਈ ਕਰਨ ਵਾਸਤੇ ਮਜ਼ਬੂਰ ਹੋਣ ਪਿਆ ਸੀ। ਇਹਨਾਂ ਜਵਾਨਾਂ ਨਾਲ਼ ਉਹਨੂੰ ਅੰਦਰੋਂ ਹਮਦਰਦੀ ਸੀ ਜਿਹੜੇ ਜਰਮਨ ਟੈਂਕਾਂ ਦੇ ਸਾਮ੍ਹਣੇ, ਜਿਹੜੇ ਸਰਹੱਦ ਉੱਤੇ ਰੋਕ ਲੈਣ ਦੀ ਕੋਸ਼ਿਸ਼ ਨੂੰ ਅਸਫਲ ਕਰ ਕੇ ਚਾਰ-ਚੁਫੇਰੇ ਦਨਦਨਾਉਂਦੇ ਫਿਰਦੇ ਸਨ, ਉਹਨਾਂ ਜਰਮਨ ਜੰਗੀ ਹਵਾਈ ਜਹਾਜ਼ਾਂ ਸਾਮ੍ਹਣੇ ਜਿਹੜੇ ਸਿਰ ਉੱਤੇ ਆਜ਼ਾਦ ਉੱਡਦੇ ਫਿਰਦੇ ਸਨ, ਲਾਚਾਰ ਸਨ।

ਪਰ ਆਪਣੇ ਜਵਾਬੀ ਹਮਲੇ ਦੀ ਇਕ ਕਕਰੀਲੀ ਸਵੇਰ ਨੂੰ, ਸਤਾਲਿਨਗ੍ਰਾਦ ਤੋਂ ਪੈਂਤੀ ਕਿਲੋਮੀਟਰ ਦੱਖਣ-ਪੱਛਮ ਵਿਚ, ਜਦੋਂ ਜਿੱਤ ਸਮੁੱਚੀ ਫ਼ੌਜ ਦੇ ਪੈਰ ਚੁੰਮਣ ਵਾਲ਼ੀ ਸੀ, ਬੇਸੋਨੋਵ ਨੇ ਆਪਣਾ ਨੇਮ ਤੋੜ ਦਿੱਤਾ।

ਜਦੋਂ ਉਹ ਦਰਿਆ 'ਤੇ ਜੰਮੀ ਬਰਫ ਪਾਰ ਕਰ ਗਏ ਅਤੇ ਹਵਾ ਦੀ ਮਾਰ ਖਾਂਦੇ ਕੰਢੇ 'ਤੇ ਚੜ੍ਹ ਗਏ, ਅਤੇ ਫੇਰ ਇਕ ਪੇਤਲਾ ਜਿਹਾ ਸੰਚਾਰ ਮਾਰਗ ਲੰਘ ਕੇ ਇਕ ਵਧੇਰੇ ਡੂੰਘੀ, ਅੱਧ-ਢਕੀ ਖੰਦਕ ਕੋਲ਼ ਆਏ ਜਿਸ ਨੂੰ ਬੇਸੋਨੋਵ ਨੇ ਪਛਾਣ ਲਿਆ ਕਿ ਇਹ ਪਿਆਦਾ ਫੌਜ ਦਾ ਅਗਲਾ ਸਿਰਾ ਹੈ ਤਾਂ ਉਸ ਦੀ ਤੋਰ ਮੱਠੀ ਹੋ ਗਈ ਕਿਉਂਕਿ ਉਹਦਾ ਦਿਲ ਇਉਂ ਧੱਕ-ਧੱਕ ਕਰ ਰਿਹਾ ਸੀ ਕਿ ਉਹਦੇ ਵਾਸਤੇ ਸਾਹ ਲੈਣਾ ਔਖਾ ਸੀ।

ਇਸ ਥਾਂ, ਦੱਖਣੀ ਕੰਢੇ ਟੈਂਕਾਂ ਦਾ ਹਮਲਾ ਘੰਟਿਆਂ ਬੱਧੀ ਲਗਾਤਾਰ ਜਾਰੀ ਰਿਹਾ ਸੀ ਅਤੇ ਟੈਂਕ ਆਪਣੇ ਲੋਹੇ ਦੇ ਪਟਿਆਂ ਨਾਲ਼ ਖੰਦਕਾਂ ਨੂੰ ਮਿੱਧਦੇ ਤੋੜਦੇ ਕਦੇ ਖੱਬੇ ਜਾਂਦੇ ਕਦੇ ਸੱਜੇ। ਟੈਂਕਾਂ ਨੇ ਖੰਦਕਾਂ ਨੂੰ ਉਸ ਤੋਂ ਵੀ ਬਹੁਤਾ ਤੋੜਿਆ-ਦਰੜਿਆ ਜਿੰਨਾ ਪਹਿਲਾਂ ਬੰਬਾਂ ਨੇ ਉਡਾਇਆ ਸੀ ਅਤੇ ਹਾਲਾਤ ਇਹ ਕਰ ਦਿੱਤੀ ਕਿ ਟੋਟੇ-ਟੋਟੇ ਹੋਈਆਂ ਮਸ਼ੀਨਗੰਨਾਂ, ਰੂੰ-ਭਰੀਆਂ ਜੈਕਟਾਂ ਦੀਆਂ ਲੀਰਾਂ, ਜਲ-ਸੈਨਾ ਦੀਆਂ ਬੰਡੀਆਂ ਦੇ ਚੀਥੜੇ, ਰਫਲ ਦੇ ਬੱਟਾਂ ਦੇ ਟੋਟੇ, ਗੈਸ ਮੁਖੌਟਿਆਂ ਤੇ ਮੱਗਾਂ ਦੀਆਂ ਚਿੱਪਰਾਂ, ਕਾਰਤੂਸਾਂ ਦੀਆਂ ਧੂਆਂਖੀਆਂ ਪੇਟੀਆਂ ਦੇ ਢੇਰ, ਤੇ ਲਾਸ਼ਾਂ ਜਿਨ੍ਹਾਂ ਉੱਤੇ ਬਰਫ ਪੈ ਗਈ ਹੋਈ ਸੀ, ਇਹ ਸਭ ਚੀਜ਼ਾਂ ਬੇਸੋਨੋਵ ਨੂੰ ਇਕਦਮ ਹੀ ਨਜ਼ਰ ਨਹੀਂ ਆਈਆਂ ਤੇ ਉਹ ਇਹਨਾਂ ਵਿਚੋਂ ਇਕ ਨੂੰ ਦੂਜੀ ਨਾਲ਼ੋਂ ਨਿਖੇੜ ਨਹੀਂ ਸੀ ਸਕਿਆ। ਇਹ ਸਭ ਵੇਰਵੇ, ਹਥਿਆਰਾਂ ਤੇ ਅਜੇ ਕੁਝ ਚਿਰ ਪਹਿਲਾਂ ਤੱਕ ਜਿਉਂਦੇ ਮਨੁੱਖਾਂ ਦੀ ਇਹ ਰਹਿੰਦ-ਖੂੰਹਦ, ਜਿਵੇਂ ਕਿਸੇ ਬਹੁਤ ਵੱਡੇ ਸਾਰੇ ਹਲ ਦੇ ਫਾਲੇ ਨੇ ਮਿੱਟੀ ਹੇਠਾਂ ਕੱਜ ਦਿੱਤੀ ਹੋਵੇ ਅਤੇ ਇਹ ਸਭ ਕੁਝ ਬੰਬਾਂ ਦੀ ਉਡਾਈ ਤੇ ਅਸਪਾਤੀ ਟੈਂਕਾਂ ਦੀਆਂ ਮਾਹਲਾਂ ਦੇ ਭਾਰ ਨਾਲ਼ ਪੁੱਟੀ ਮਿੱਟੀ ਦੇ ਢੇਰਾਂ ਹੇਠਾਂ ਅੱਧ-ਨੱਪਿਆ ਕੱਜਿਆ ਪਿਆ ਸੀ।

ਮਿੱਟੀ ਦੇ ਬਣੇ ਧੋੜਿਆਂ ਉੱਤੇ ਬਹੁਤ ਸੰਭਲ-ਸੰਭਲ ਕੇ ਤੁਰਦਿਆਂ, ਗੋਲ ਤੇ ਪੱਧਰੇ ਬਰਫ-ਢਕੇ ਉਭਾਰਾਂ ਨੂੰ ਟੱਪਦਿਆਂ, ਬੇਸੋਨੋਵ ਦੀ ਕੋਸ਼ਿਸ਼ ਸੀ ਕਿ ਇਹਨਾਂ ਨੂੰ ਉਹਦੀ ਛੜੀ ਨਾ ਲੱਗੇ ਕਿਉਂਕਿ ਉਸ ਨੂੰ ਪਤਾ ਸੀ ਕਿ ਇਹ ਉਹਨਾਂ ਜਵਾਨਾਂ ਦੀਆਂ ਲਾਸ਼ਾਂ ਤੇ ਲੱਤਾਂ ਬਾਹਵਾਂ ਹਨ ਜਿਹੜੇ ਲੰਘੀ ਪ੍ਰਭਾਤ ਮਾਰੇ ਗਏ ਸਨ। ਹੌਲ਼ੀ-ਹੌਲ਼ੀ ਉਹਦੀ ਇਹ ਆਸ ਜਾਂਦੀ ਰਹੀ ਕਿ ਕੋਈ ਜਿਊਂਦਾ ਲੱਭ ਜਾਵੇਗਾ ਅਤੇ ਘੋਰ ਨਿਰਾਸ਼ਾ ਨਾਲ਼ ਉਹ ਸੋਚਣ ਲੱਗਾ ਕਿ ਨਿਗਰਾਨ ਚੌਕੀ ਤੋਂ ਉਸ ਨੂੰ ਸਿਰਫ ਭੁਲੇਖਾ ਹੀ ਪਿਆ ਸੀ ਕਿ ਖੰਦਕਾਂ ਵਿਚ ਅਜੇ ਵੀ ਜ਼ਿੰਦਗੀ ਦੀ ਕੋਈ ਧੜਕਣ ਬਾਕੀ ਹੈ।

"ਨਹੀਂ, ਏਥੇ ਕੋਈ ਨਹੀਂ ਹੋ ਸਕਦਾ, ਇਕ ਵੀ ਬੰਦਾ ਨਹੀਂ ਹੋ ਸਕਦਾ," ਉਸ ਨੇ ਆਪਣੇ-ਆਪ ਨੂੰ ਆਖਿਆ। "ਮਸ਼ੀਨਗੰਨਾਂ ਤੇ ਟੈਂਕਮਾਰ ਰਫਲਾਂ ਖੱਬੀ ਬਾਹੀ ਦੀਆਂ ਖੰਦਕਾਂ ਵਿਚੋਂ ਅੱਗ ਵਰ੍ਹਾਂ ਰਹੀਆਂ ਹੋਣਗੀਆਂ। ਹਾਂ, ਓਥੇ ਜਾਣਾ ਚਾਹੀਦਾ ਹੈ, ਓਥੇ!"

ਪਰ ਏਨੇ ਨੂੰ ਖੰਦਕ ਦੀ ਇਕ ਗੁੱਠ ਵਿਚੋਂ ਧਾਤ ਦੀ ਖੜ-ਖੜ ਸੁਣਾਈ ਦਿੱਤੀ ਤੇ ਇਸ ਦੇ ਨਾਲ਼ ਹੀ ਕੁਝ ਅਵਾਜ਼ਾਂ ਕੰਨ ਪਈਆਂ। ਜ਼ੋਰ-ਜ਼ੋਰ ਦੀ ਧੜਕਦੇ ਦਿਲ ਨਾਲ਼, ਬੇਸੋਨੋਵ ਉਸ ਗੁੱਠ ਵੱਲ ਤੁਰ ਪਿਆ।

ਮਸ਼ੀਨਗੰਨ ਦੇ ਮੋਰਚੇ ਪਿਛਿਓਂ ਦੋ ਜਵਾਨ ਉੱਠ ਕੇ ਉਹਨੂੰ ਅਗੋਂ ਮਿਲੇ ਜਿਵੇਂ ਦੋ ਚਿੱਟੇ ਪਰਛਾਵੇਂ ਹੋਣ। ਸਿਰ ਤੋਂ ਪੈਰਾਂ ਤੱਕ ਬਰਫ ਨਾਲ਼ ਭਰੇ ਹੋਏ। ਉਹਨਾਂ ਨੇ ਗਰਮ ਕੱਪੜੇ ਵਿਚ ਸਿਰ

ਮੂੰਹ ਲਿਪੇਟਿਆ ਹੋਇਆ ਸੀ ਜਿਸ ਉੱਤੇ ਸ਼ੀਸ਼ੇਹਾਰ ਚਮਕਦੀ ਬਰਫ ਵਿਚੋਂ ਉਹਨਾਂ ਦਾ ਯਖ਼ ਚਿਹਰਾ ਨਜ਼ਰ ਆ ਰਿਹਾ ਸੀ। ਕੱਕਰ ਤੇ ਹਵਾ ਨਾਲ਼ ਲਾਲ ਸੁਰਖ ਹੋਈਆਂ ਉਹਨਾਂ ਦੀਆਂ ਅੱਖਾਂ ਸਨ ਜਿਨ੍ਹਾਂ ਉੱਤੇ ਬਰਫ ਦੀ ਮੋਟੀ ਤਹਿ ਜੰਮੀ ਹੋਈ ਸੀ। ਉਹਨਾਂ ਨੇ ਬੇਸੋਨੋਵ ਵੱਲ ਝਾਕਿਆ ਤੇ ਉਸ ਨੂੰ ਇਸ ਥਾਂ, ਮੌਤ ਦੇ ਮੂੰਹ ਆਈ ਖੰਦਕ ਵਿਚ ਜਿਉਂਦੇ ਜਾਗਦੇ ਅਫਸਰਾਂ ਨਾਲ਼ ਇਕ ਜਿਉਂਦੇ ਜਰਨਲ ਨੂੰ ਵੇਖ ਕੇ ਉਹ ਦੰਗ ਰਹਿ ਗਏ।

ਜਲਸੈਨਾ ਦੀ ਪੱਧਰੀ ਪੇਟੀ ਦੇ ਬਕਸੂਏ ਕੱਕਰ ਵਿਚ ਫਿੱਕੇ-ਫਿੱਕੇ ਚਮਕਦੇ ਸਨ। ਹਲਕੀ ਮਸ਼ੀਨਗੰਨ ਦੀਆਂ ਡਿਸਕਾਂ, ਸਾਰੇ ਮੋਰਚੇ ਵਿਚੋਂ ਇਕੱਠੀਆਂ ਕਰ ਕੇ, ਇਕ ਪਾਟੇ-ਪੁਰਾਣੇ, ਝੁਲਸੇ ਹੋਏ ਕੇਪ ਉੱਤੇ ਢੇਰੀ ਕੀਤੀਆਂ ਹੋਈਆਂ ਸਨ ਜਿਹੜਾ ਖੰਦਕ ਦੇ ਸਿਰੇ ’ਤੇ ਵਿਛਾਇਆ ਹੋਇਆ ਸੀ। ਮਸ਼ੀਨਗੰਨ ਦੇ ਕੋਲ਼ ਹੀ ਇਕ ਦੁਪਾਈ ਉੱਤੇ ਟੈਂਕਮਾਰ ਰਫਲ ਟਿਕਾਈ ਹੋਈ ਸੀ। ਕਾਰਤੂਸਾਂ ਦੀਆਂ ਪੇਟੀਆਂ ਖੰਦਕ ਦੀ ਬੰਨੀ ਉੱਤੇ ਅਤੇ ਅੰਦਰ ਹੇਠਾਂ ਖਿੰਡੀਆਂ ਪਈਆਂ ਸਨ। ਮਸ਼ੀਨਗੰਨ ਵਾਲ਼ਾ ਤੇ ਟੈਂਕਮਾਰ ਰਫਲ ਵਾਲ਼ਾ, ਇਕ ਆਖਰੀ ਕੋਸ਼ਿਸ਼ ਕਰ ਵੇਖਣ ਲਈ ਇਕ ਦੂਜੇ ਕੋਲੋਂ ਹੌਂਸਲਾ ਤੇ ਤਾਕਤ ਲੈ ਕੇ ਇਸ ਥਾਂ ਤੋਂ ਹੀ ਗੋਲ਼ੀਆਂ ਚਲਾ ਰਹੇ ਹੋਣਗੇ। ਜਲਸੈਨਾ ਵਾਲ਼ੇ ਬਕਸੂਇਆਂ ਤੋਂ ਅੰਦਾਜ਼ਾ ਲਾਇਆ, ਉਹ ਦੋਵੇਂ ਦੂਰ ਪੂਰਬ ਦੇ ਜਹਾਜ਼ੀ ਸਨ ਜਿਹੜੇ ਦੋ ਮਹੀਨੇ ਪਹਿਲਾਂ ਪਿਆਦਾ ਫੌਜ ਵਿਚ ਆ ਗਏ ਸਨ ਜਦੋਂ ਆਰਮੀ ਬਣਾਈ ਗਈ ਸੀ ਅਤੇ ਉਹਨਾਂ ਨੇ ਜਹਾਜ਼ੀਆਂ ਵਾਲ਼ੀਆਂ ਬੰਡੀਆਂ ਤੇ ਜਲਸੈਨਾ ਦੀਆਂ ਪੇਟੀਆਂ ਨੂੰ ਬੀਤੇ ਦੀ ਯਾਦ ਕਰ ਕੇ ਸੰਭਾਲ ਰੱਖਿਆ ਸੀ।

ਉਹ ਦੋਵੇਂ ਹੀ ਡੌਰ-ਭੌਰ ਹੋਏ ਬੇਸੋਨੋਵ ਦੇ ਸਾਮ੍ਹਣੇ ਖੜ੍ਹੇ ਸਨ। ਉਹਨਾਂ ਨੂੰ ਮੋਟੇ ਤੇ ਸਖ਼ਤ ਵੱਡੇ ਕੋਟਾਂ ਕਰਕੇ ਇਕ ਦੂਜੇ ਨਾਲ਼ੋਂ ਨਿਖੇੜਨਾ ਔਖਾ ਸੀ ਤੇ ਫੇਰ ਉਹਨਾਂ ਦੇ ਯਖ਼ ਹੋਏ ਬੇਉਂਗਲੇ ਦਸਤਾਨੇ ਬੇਯਕੀਨੀ ਜਿਹੀ ਨਾਲ਼ ਉਹਨਾਂ ਦੀਆਂ ਟੋਪੀਆਂ ਤੱਕ ਉੱਪਰ ਉੱਠੇ। ਦੋਹਾਂ ਨੇ ਇਕ ਲੰਮਾ ਸਾਹ ਲਿਆ। ਉਹਨਾਂ ਦੇ ਮੂੰਹੋਂ ਇਕ ਵੀ ਬੋਲ ਨਾ ਨਿਕਲ ਸਕਿਆ। ਉਹਨਾਂ ਨੂੰ ਅਜੇ ਵੀ ਯਕੀਨ ਨਹੀਂ ਸੀ ਆ ਰਿਹਾ ਕਿ ਇਕ ਜਨਰਲ ਆਪਣੇ ਅਫਸਰਾਂ ਸਮੇਤ ਉਹਨਾਂ ਦੇ ਸਾਮ੍ਹਣੇ ਖੜ੍ਹਾ ਹੈ।

ਤਦ ਭਾਰੀ ਭਰਕਮ ਦੇਯੇਵ ਨੇ ਕਮਾਂਡਰ ਦੀ ਮੌਜੂਦਗੀ ਵਿਚ ਜ਼ਾਬਤੇ ਦਾ ਅਣ-ਲਿਖਿਆ ਕਾਨੂੰਨ ਤੋੜਨ ਦੀ ਪਹਿਲ ਕੀਤੀ। ਉਹ ਪਿਆਦਾ ਜਵਾਨਾਂ ਦੀ ਮਸ਼ੀਨਗੰਨ ਵਾਲ਼ੀ ਥਾਂ ਖੰਦਕ ਵਿਚ ਵੜ ਗਿਆ ਤੇ ਦੋਵਾਂ ਨੂੰ ਵਾਰੀ-ਵਾਰੀ ਘੁੱਟ ਕੇ ਜੱਫੀ ਪਾਈ। ਉਸ ਨੇ ਦ੍ਰਿੜ੍ਹਤਾ ਵਿਖਾਉਣ ਦੀ ਕੋਸ਼ਿਸ਼ ਕੀਤੀ ਪਰ ਭਾਵਕਤਾ ਦੇ ਜ਼ੋਰ ਹੇਠ ਉਹ ਬੋਲਿਆ:

“ਡਟੇ ਰਹੇ, ਜਵਾਨੋਂ! ਵੇਖਿਆ! ਕਾਮਰੇਡ ਕਮਾਂਡਰ, ਦੂਜੀ ਕੰਪਨੀ...” ਉਹ ਫਿਕਰਾ ਪੂਰਾ ਨਾ ਕਰ ਸਕਿਆ ਤੇ ਉਹਨੇ ਹੈਰਾਨੀ ਤੇ ਖੁਸ਼ੀ ਭਰੇ ਚਿਹਰੇ ਨਾਲ਼ ਬੇਸੋਨੋਵ ਵੱਲ ਵੇਖਿਆ।

ਇਸ ਪਲ ਜਿਹੜੇ ਵੀ ਲਫਜ਼ ਬੇਸੋਨੋਵ ਨੂੰ ਕਹਿਣੇ ਚਾਹੀਦੇ ਸਨ ਉਹ ਬਿਨਾਂ ਉਸ ਵਾਕ ਵਿਚ ਬੱਝਣ ਦੇ ਉਹਦੇ ਦਿਮਾਗ ਵਿਚ ਆ ਕੇ ਨਿਕਲ ਗਏ ਜਿਸ ਨਾਲ਼ ਉਹ ਆਪਣਾ ਅਹਿਸਾਸ ਪ੍ਰਗਟ ਕਰ ਸਕਦਾ। ਇਹ ਸਭ ਤੁੱਛ, ਬੇਕਾਰ, ਖੋਖਲੇ ਲਫਜ਼ ਜਾਪਦੇ ਸਨ ਜਿਹੜੇ ਉਸ ਹਾਲਤ ਦੀ ਅਮਰ ਵਸਤੂ ਨਾਲ਼ ਕੋਈ ਮੇਲ ਨਹੀਂ ਸੀ ਖਾਂਦੇ ਜਿਹੜੀ ਇਸ ਵੇਲ਼ੇ ਉਹ

ਆਪਣੇ ਸਾਮ੍ਹਣੇ ਵੇਖ ਰਿਹਾ ਸੀ ਅਤੇ ਉਹ ਸਿਰਫ ਦੋ ਕੁ ਸੰਖੇਪ ਸਵਾਲ ਹੀ ਪੁੱਛ ਸਕਿਆ।

"ਕੋਈ ਹੋਰ ਵੀ ਬਚਿਆ ? ਕੋਈ ਕਮਾਂਡਰ ਜਿਊਂਦਾ ਹੈ ?"

"ਕੋਈ ਨਹੀਂ... ਕੋਈ ਨਹੀਂ ਕਮਾਂਡਰ ਜਨਰਲ।"

"ਜ਼ਖ਼ਮੀ ਕਿੱਥੇ ਨੇ ?"

"ਵੀਹ ਬੰਦੇ ਦੂਜੇ ਕੰਢੇ ਭੇਜ ਦਿੱਤੇ ਨੇ, ਕਾਮਰੇਡ ਜਨਰਲ। ਕੰਪਨੀ ਵਿਚੋਂ ਅਸੀਂ ਹੀ ਬਚੇ ਆਂ..."

"ਸ਼ੁਕਰੀਆ ਤੁਹਾਡਾ!.. ਮੇਰੇ ਵਲੋਂ ਸ਼ੁਕਰੀਆ!.. ਤੁਹਾਡੇ ਨਾਂ ? ਮੈਂ ਜਾਣਨਾ ਚਾਹੁੰਦਾ ਹਾਂ!" ਉਸ ਨੇ ਉਹਨਾਂ ਦੇ ਨਾਂ ਮਸਾਂ ਸੁਣੇ ਹੀ ਸਨ ਕਿ ਉਹਨੇ ਬੋਜ਼੍ਹੀਚਕੋ ਨੂੰ ਸੰਬੋਧਨ ਕੀਤਾ ਜਿਹੜਾ ਇਹਨਾਂ ਦੋ ਖੁਸ਼ਕਿਸਮਤ ਬੰਦਿਆਂ ਨੂੰ ਉਸ ਆਦਮੀ ਦੀ ਹਮਦਰਦੀ ਭਰੀ ਤਸੱਲੀ ਨਾਲ਼ ਘੋਖ ਰਿਹਾ ਸੀ ਜਿਹੜਾ ਇਹ ਪੂਰੀ ਤਰ੍ਹਾਂ ਸਮਝਦਾ ਸੀ ਕਿ ਅਗਲੇ ਮੋਰਚੇ ਦੀਆਂ ਇਹਨਾਂ ਖੰਦਕਾਂ ਵਿਚ ਕੱਲ੍ਹ ਦੀ ਲੜਾਈ ਮਗਰੋਂ ਬਚ ਜਾਣਾ ਕੇਡੀ ਵੱਡੀ ਗੱਲ ਸੀ। ਅਤੇ ਜਦੋਂ ਬੇਸੋਨੋਵ ਨੇ ਬੈਠੀ ਹੋਈ ਅਵਾਜ਼ ਵਿਚ ਆਖਿਆ, "ਲਿਆਓ ਦੋ ਲਾਲ ਝੰਡੇ ਦੇ ਆਰਡਰ। ਤੁਸੀਂ, ਕਰਨਲ ਦੇਯੇਵ, ਅੱਜ ਪੁਰਸਕਾਰ ਪੱਤਰ ਜ਼ਰੂਰ ਤਿਆਰ ਕਰ ਲੈਣਾ," ਤਾਂ ਬੋਜ਼੍ਹੀਚਕੋ ਨੇ ਖੁਸ਼ੀ-ਖੁਸ਼ੀ ਆਪਣੇ ਥੈਲੇ ਵਿਚੋਂ ਦੋ ਡੱਬੀਆਂ ਕੱਢੀਆਂ ਅਤੇ ਬੇਸੋਨੋਵ ਨੂੰ ਫੜਾ ਦਿੱਤੀਆਂ। ਬੇਸੋਨੋਵ ਨੇ ਆਪਣੀ ਛੜੀ ਖੰਦਕ ਦੀ ਦੀਵਾਰ ਨਾਲ਼ ਟਿਕਾਈ ਅਤੇ ਇਹਨਾਂ ਦੋ ਪੱਥਰ ਹੋਏ ਅਕਾਰਾਂ ਵੱਲ ਵਧਿਆ, ਤਮਗ਼ੇ ਉਹਨਾਂ ਦੇ ਸਖ਼ਤ ਬੇਉਂਗਲੇ ਦਸਤਾਨਿਆਂ ਵਿਚ ਫੜਾਏ ਅਤੇ ਆਪਣੀ ਹਿੱਕ ਵਿਚ ਉੱਠੀ ਪੀੜ ਦੀ ਲਹਿਰ ਨੂੰ ਲੁਕਾਉਣ ਲਈ ਮੂੰਹ ਦੂਜੇ ਪਾਸੇ ਕਰ ਲਿਆ ਤੇ ਪਿੱਛੇ ਮੁੜ ਕੇ ਵੇਖੇ ਬਗ਼ੈਰ ਢਿੱਲੇ-ਢਿੱਲੇ ਕਦਮ ਰੱਖਦਾ ਖੰਦਕ ਵਿਚ ਅਗਾਂਹ ਤੁਰ ਪਿਆ। ਉੱਤਰ ਵੱਲੋਂ ਜ਼ੋਰਦਾਰ ਹਵਾ ਆਈ ਜਿਸ ਨਾਲ਼ ਸੜਦੇ ਮਚਦੇ ਪਿੰਡ ਦੇ ਨਾਲ਼ ਹੁੰਦੀ ਲੜਾਈ ਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ ਤੇ ਉਸ ਦੀਆਂ ਅੱਖਾਂ ਦੇ ਕੋਇਆਂ ਵਿਚ ਅੱਥਰੂ ਟਪਕ ਆਏ। ਉਸ ਨੇ ਚਾਲ ਤਿੱਖੀ ਕਰ ਲਈ ਤਾਂ ਜੋ ਉਸ ਦੇ ਪਿਛੋਂ ਆ ਕੇ ਕੋਈ ਉਸ ਦਾ ਚਿਹਰਾ ਨਾ ਵੇਖ ਲਵੇ। ਉਸ ਨੂੰ ਸਮਝ ਨਹੀਂ ਸੀ ਆ ਰਹੀ ਕਿ ਅੰਦਰੋਂ ਉੱਠ ਰਹੇ ਜਜ਼ਬਿਆਂ ਦੇ ਹੜ੍ਹ ਦਾ ਕੀ ਕਰੇ, ਕਿਵੇਂ ਰੋਵੇ ਤੇ ਹੁਣ ਹਵਾ ਉਹਦੀ ਮਦਦ ਨੂੰ ਆ ਬਹੁੜੀ ਸੀ। ਉਹ ਆਪਣੇ ਰੋਕੇ ਹੋਏ ਅੱਥਰੂ ਵਗਾ ਸਕਦਾ ਸੀ। ਉਹਨਾਂ ਜਵਾਨਾਂ ਲਈ ਦੁੱਖ ਤੇ ਸ਼ੁਕਰਗੁਜ਼ਾਰੀ ਦੇ ਜਜ਼ਬਾਤਾਂ ਨੂੰ ਹਵਾ ਲਵਾ ਸਕਦਾ ਸੀ ਜਿਨ੍ਹਾਂ ਨੇ ਉਸ ਦੇ, ਬੇਸੋਨੋਵ ਦੇ, ਹੁਕਮਾਂ ਉੱਤੇ ਫੁੱਲ ਚੜ੍ਹਾਏ ਸਨ। ਉਹ ਆਖਰੀ ਕਾਰਤੂਸ ਤੱਕ ਹਰ ਹਾਲਤ ਵਿਚ ਲੜੇ ਸਨ। ਉਹਨਾਂ ਨੇ ਆਸ ਦਾ ਲੜ ਛੱਡੇ ਬਗੈਰ ਏਥੇ ਲੜ ਕੇ ਜਾਨਾਂ ਵਾਰ ਦਿੱਤੀਆਂ ਸਨ ਅਤੇ ਬਹੁਤੇ ਤਾਂ ਜਵਾਬੀ ਹੱਲੇ ਦੇ ਕੁਝ ਘੰਟਿਆਂ ਦੇ ਅੰਦਰ-ਅੰਦਰ ਹੀ ਮਾਰੇ ਗਏ ਸਨ।

"ਜੋ ਕੁਝ ਵੀ ਮੈਂ ਕਰ ਸਕਦਾ ਹਾਂ, ਜੋ ਕੁਝ ਵੀ ਮੈਂ ਕਰ ਸਕਦਾ ਹਾਂ," ਉਹ ਆਪਣੇ ਆਪ ਨੂੰ ਕਹਿੰਦਾ ਜਾ ਰਿਹਾ ਸੀ। "ਪਰ ਮੈਂ ਉਹਨਾਂ ਵਾਸਤੇ ਕੀ ਕਰ ਸਕਦਾ ਹਾਂ, ਸਿਵਾਏ ਇਸ ਦੇ ਕਿ ਸ਼ੁਕਰੀਆ ਅਦਾ ਕਰਾਂ ?"

"ਲੰਗਰ... ਤੋਪਚੀ, ਕਾਮਰੇਡ ਕਮਾਂਡਰ। ਤੋਪ ਦਸਤਾ। ਓਹੋ ਹੈ!" ਉਸ ਦੇ ਨਾਲ਼ ਮਿਲ

ਕੇ ਬੋਜ਼੍ਹੀਚਕੋ ਚਿੱਲਾਇਆ ਅਤੇ ਅਚਾਨਕ ਹੈਰਾਨ ਪ੍ਰੇਸ਼ਾਨ ਚੁੱਪ ਹੋ ਗਿਆ। ਉਸ ਦੀ ਕੋਸ਼ਿਸ਼ ਸੀ ਕਿ ਬੇਸੋਨੋਵ ਦੇ ਗਿੱਲੇ, ਬੇ-ਪਛਾਣ ਚਿਹਰੇ ਵੱਲ ਨਾ ਵੇਖੇ। ਉਹ ਇਕਦਮ ਪਿੱਛੇ ਰਹਿ ਗਿਆ ਤੇ ਢਾਹੇ ਦੇ ਕੰਢੇ ਵੱਲ ਮੁੜ ਪਿਆ ਜਿੱਥੇ ਇਕੱਲਵਾਂਜੀ ਲੰਗਰ ਵਾਲ਼ੀ ਗੱਡੀ ਖੜੀ ਸੀ ਤੇ ਉਸ ਦੀ ਇਕੋ-ਇਕ ਚਿਮਨੀ ਵਿਚੋਂ ਫਿਕਾ-ਫਿੱਕਾ ਧੂੰਆਂ ਨਿਕਲ ਰਿਹਾ ਸੀ।

ਸੋਵੀਅਤ ਟੈਂਕਾਂ ਦੇ ਮਗਰ-ਮਗਰ ਦੱਖਣੀ ਕੰਢੇ ਆ ਜਾਣ ਵਾਲ਼ੀ ਇਹ ਲੰਗਰ ਦੀ ਗੱਡੀ ਤੋਪ ਦਸਤਿਆਂ ਦਾ ਲੰਗਰ ਸੀ। ਇਸ ਨੂੰ ਸਾਰਜੈਂਟ ਮੇਜਰ ਸਕੋਰੀਕ ਏਧਰ ਲੈ ਆਇਆ ਸੀ।

...ਜਦੋਂ ਕਬਜ਼ੇ ਵਿਚ ਆ ਗਏ ਅਗਲੇ ਮੋਰਚਿਆਂ ਵਿਚ ਲੜਾਈ ਪੂਰੀ ਸਿਖ਼ਰ ਉੱਤੇ ਸੀ ਤੇ ਜਰਮਨ ਟੈਂਕਾਂ ਨੇ ਤੋਪ ਦਸਤਿਆਂ ਦੇ ਸੱਜਿਓਂ ਤੇ ਖੱਬਿਓਂ ਦਰਿਆ ਪਾਰ ਕਰਨ ਵਾਲ਼ੀਆਂ ਥਾਵਾਂ ਵੱਲ ਵਧਣਾ ਸ਼ੁਰੂ ਕਰ ਦਿੱਤਾ ਤਾਂ ਤੋਪ ਦਸਤੇ ਦੇ ਕਮਾਂਡਰ ਦਰੋਜ਼ਦੋਵਸਕੀ ਨੇ ਤੋਪਖਾਨੇ ਦੀ ਫ਼ੌਜ ਦੀ ਕਮਾਂਡ ਚੌਂਕੀ ਨੂੰ ਰੇਡੀਓ ਸੰਦੇਸ਼ ਭੇਜਣ ਦੀ ਵਿਅਰਥ ਕੋਸ਼ਿਸ਼ ਬੰਦ ਕਰ ਦਿੱਤੀ ਸੀ। ਖੈਰ ਜੋ ਕੁਝ ਵੀ ਹੋਇਆ ਉਹ ਬਿਲਕੁਲ ਸਪੱਸ਼ਟ ਸੀ। ਅੱਧੇ ਘੰਟੇ ਵਿਚ ਲੈਫਟੀਨੈਂਟ ਕੁਜ਼ਨੇਤਸੋਵ ਨੇ, ਹੁਕਮ ਉਡੀਕੇ ਬਗ਼ੈਰ, ਆਪਣੇ ਕੋਲ ਬਚਦੇ ਸੱਤ ਗੋਲ਼ੇ ਉਹਨਾਂ ਟੈਂਕਾਂ ਉੱਤੇ ਦਾਗ ਦਿੱਤੇ ਜਿਹੜੇ ਦੱਖਣੀ ਕੰਢੇ ਪੁੱਜ ਗਏ ਸਨ। ਅਤੇ ਇਹ ਗੋਲ਼ੇ ਵਰਤ ਕੇ ਉਸ ਨੇ ਆਪਣੇ ਅਮਲੇ ਨੂੰ ਹੁਕਮ ਦਿੱਤਾ ਕਿ ਉਹ ਆਪਣੀਆਂ ਛੋਟੀਆਂ ਮਸ਼ੀਨਗੰਨਾਂ ਲੈ ਕੇ ਪਿੱਛੇ ਹੱਟ ਰਹੀ ਜਰਮਨ ਪਿਆਦਾ ਫੌਜ ਉੱਤੇ ਅੱਗ ਵਰ੍ਹਾਉਣ ਲਈ ਖੰਦਕਾਂ ਵਿਚ ਮੋਰਚੇ ਮੱਲ ਲੈਣ। ਪਰ ਜਰਮਨ ਪਿਆਦਾ ਫੌਜਾਂ ਭਾਰੀਆਂ, ਤਰਪਾਲਾਂ ਨਾਲ਼ ਕੱਜੀਆਂ ਤੇਜ਼ ਰਫਤਾਰ ਗੱਡੀਆਂ ਤੇ ਟਰੱਕਾਂ ਵਿਚ ਖੱਬੇ ਪਾਸੇ ਬਹੁਤ ਦੂਰ ਇਕ ਰਸਤਿਓਂ ਪਿੱਛੇ ਹਟ ਰਹੀਆਂ ਸਨ ਅਤੇ ਓਥੇ ਗੁਆਂਢ ਦੇ ਤੋਪ ਦਸਤਿਆਂ ਵਿਚੋਂ ਬਚਦੀਆਂ ਕੁਝ ਤੋਪਾਂ ਨੇ, ਅਤੇ ਦੋ ਭਾਰੀ ਮਸ਼ੀਨਗੰਨਾਂ ਨੇ ਜਿਹੜੀਆਂ ਕਿਸੇ ਚਮਤਕਾਰ ਨਾਲ਼ ਅਜੇ ਵੀ ਸਰਹੱਦੀ ਚੌਂਕੀਆਂ ਵਾਲ਼ੀਆਂ ਖੰਦਕਾਂ ਵਿਚ ਦੋ ਜਵਾਨਾਂ ਨੇ ਸੰਭਾਲੀਆਂ ਹੋਈਆਂ ਸਨ ਉਹਨਾਂ ਉੱਤੇ ਗੋਲਾਬਾਰੀ ਕੀਤੀ।

ਖੰਦਕ ਵਿਚ ਚਾਰੇ ਹੀ ਤੋਪਚੀ — ਪਲਟਣ ਵਿਚੋਂ ਤੇ ਊਖਾਨੋਵ ਦੇ ਤੋਪ ਅਮਲੇ ਵਿਚੋਂ ਜੋ ਬਚਦੇ ਸਨ — ਪੂਰੀ ਤਰ੍ਹਾਂ ਨਹੀਂ ਸੀ ਸਮਝ ਰਹੇ ਕਿ ਦੂਜੇ ਕੰਢੇ ਕੀ ਹੋਇਆ ਵਾਪਰਿਆ ਸੀ ਜਾਂ ਜਰਮਨਾਂ ਨੇ ਏਡੀ ਕਾਹਲੀ-ਕਾਹਲੀ ਪਿੱਛੇ ਹੱਟਣਾ ਕਿਉਂ ਸ਼ੁਰੂ ਕਰ ਦਿੱਤਾ ਸੀ। ਇਸ ਲਈ ਉਹਨਾਂ ਨੇ ਆਪਣੇ ਮੋਰਚੇ ਮੱਲ ਲਏ ਤੇ ਉਹ ਆਪਣੇ ਹੱਥਾਂ ਉੱਤੇ ਅਤੇ ਆਪਣੇ ਹਥਿਆਰਾਂ ਦੇ ਬੋਲਟਾਂ ਉੱਤੇ ਸਾਹ ਦੀ ਹਵਾੜ ਛੱਡਦੇ ਰਹੇ ਤਾਂ ਜੋ ਗਰੀਜ਼ ਨਾ ਜੰਮ ਜਾਵੇ। ਕੁਜ਼ਨੇਤਸੋਵ ਥਰ-ਥਰ ਕੰਬੀ ਜਾ ਰਿਹਾ ਸੀ। ਊਖਾਨੋਵ ਆਪਣੇ ਬੇਉਂਗਲੇ ਦਸਤਾਨਿਆਂ ਨੂੰ ਹੌਲ਼ੀ-ਹੌਲ਼ੀ ਆਪਣੀ ਛਾਤੀ ਉੱਤੇ ਮਾਰ ਰਿਹਾ ਸੀ। ਨੇਚਾਯੇਵ ਤੇ ਰੂਬਿਨ ਖੰਦਕ ਦੀ ਬੰਨ੍ਹੀ ਦੇ ਸਿਰੇ ਤੋਂ ਬਰਫ ਸਾਫ ਕਰ ਰਹੇ ਸਨ। ਸਭ ਕੰਮ ਚੁੱਪ-ਚਾਪ ਹੋ ਰਿਹਾ ਸੀ ਕਿਉਂਕਿ ਕਿਸੇ ਵਿਚ ਵੀ ਬੋਲਣ ਜੋਗਾ ਸਾਹ ਸਤ ਨਹੀਂ ਸੀ। ਇਕ ਘੰਟੇ ਤੋਂ ਵੱਧ ਵਕਤ ਬੀਤ ਗਿਆ ਸੀ। ਜਿਸ ਵੇਲ਼ੇ ਲੰਗਰ ਦੀ ਗੱਡੀ ਗੋਲ਼ਿਆਂ ਨਾਲ਼ ਹੋਏ ਮਘੋਰਿਆਂ ਉੱਤੇ ਬੁਰੀ ਤਰ੍ਹਾਂ ਹਚਕੋਲੇ ਖਾਂਦੀ ਕਿਸੇ ਅਵੱਲੇ ਭੂਤ ਵਾਂਗ ਵਿਖਾਈ ਦਿੱਤੀ, ਤੇ ਜਦੋਂ ਸਾਰਜੈਂਟ ਮੇਜਰ ਸਕੋਰੀਕ ਅੱਖਾਂ ਟੱਡੀ ਇਸ ਨੂੰ ਚਲਾਉਂਦਾ ਤੋਪ ਤੋਂ ਦੱਸਾਂ ਕਦਮਾਂ ਦੀ ਵਿੱਥ ਉੱਤੇ ਆ ਰੁਕਿਆ, ਅਤੇ ਹਫੇ ਹੋਏ, ਸਾਹ-ਸੱਤਹੀਣ

ਘੋੜੇ ਨੂੰ ਪੁਚਕਾਰ ਕੇ, ਛਾਲ਼ ਮਾਰ ਕੇ ਕੋਚਵਾਨ ਦੀ ਸੀਟ ਤੋਂ ਹੇਠਾਂ ਲੱਥਾ ਤੇ ਉਹਨਾਂ ਵੱਲ ਦੌੜਿਆ ਤੇ ਜਿਸ ਵੇਲੇ ਵੱਡੇ ਕੋਟ ਦਾ ਲੰਮਾ ਘੇਰਾ ਉਸ ਦੀਆਂ ਲੱਤਾਂ ਨੂੰ ਅੜ-ਅੜ ਜਾਂਦਾ ਸੀ, ਓਦੋਂ, ਜੋ ਕੁਝ ਹੋਇਆ ਸੀ ਉਸ ਦੀ ਅਸਲ ਖੁਸ਼ੀ ਉਹਨਾਂ ਦੇ ਮਨ ਦੀ ਪਕੜ ਵਿਚ ਨਾ ਆ ਸਕੀ। ਏਥੋਂ ਤੱਕ ਕਿ ਜਦੋਂ ਸਾਰਜੈਂਟ ਮੇਜਰ ਨੇ ਆਪਣੀ ਪੂਰੀ ਅਵਾਜ਼ ਨਾਲ਼ ਬੜ੍ਹਕ ਮਾਰੀ, "ਆ ਗਿਆ ਮੈਂ, ਜਵਾਨੋ, ਤੁਹਾਡਾ ਰਾਸ਼ਨ ਲੈ ਕੇ!" ਨਾ ਹੀ ਉਸ ਦਾ ਆਉਣਾ ਤੇ ਨਾ ਹੀ ਉਸ ਦੀ ਬੜ੍ਹਕ ਅਸਲੀਅਤ ਜਾਪਦੀ ਸੀ। ਇਹ ਤਾਂ ਦੂਜੀ ਦੁਨੀਆਂ ਦੇ ਧੁੰਦਲੇ ਪਰਛਾਵੇਂ ਸਨ ਜਿਹੜੀ ਇਸ ਦੁਨੀਆਂ ਤੋਂ ਏਨੀ ਦੂਰ ਸੀ ਕਿ ਉਸ ਦੀ ਹੋਂਦ ਵੀ ਮਹਿਸੂਸ ਨਹੀਂ ਸੀ ਕੀਤੀ ਜਾ ਸਕਦੀ। ਕਿਸੇ ਨੇ ਵੀ ਉਹਦੀ ਗੱਲ ਦਾ ਕੋਈ ਜਵਾਬ ਨਹੀਂ ਦਿੱਤਾ।

"ਸਿਰਫ ਚਾਰ ਹੀ ਤੁਸੀਂ ? ਬਸ ਚਾਰ ? ਬਾਕੀ ਕਿੱਧਰ ਗਏ ?.."

ਸਾਰਜੈਂਟ ਮੇਜਰ ਦੀਆਂ ਨਜ਼ਰਾਂ ਤੋਪਾਂ ਦੇ ਉਜਾੜ ਪਏ ਮੋਰਚਿਆਂ ਤੇ ਟੁੱਟੇ-ਭੱਜੇ ਤੇ ਲੁਸੇ ਪਏ ਜਰਮਨ ਟੈਂਕਾਂ ਉੱਤੇ ਫਿਰੀਆਂ। ਉਹ ਆਪਣੇ ਅਫਸਰਾਂ ਵਾਲੇ ਫੈਲਟ ਬੂਟਾਂ ਵਿਚ ਫੁਰਤੀ ਨਾਲ਼ ਦਗੜ ਕਰਦਾ ਤੋਪ ਦੇ ਮੋਰਚੇ ਵੱਲ ਆਇਆ, ਇਕ ਮੂਕ ਜਿਹੀ ਗੁਆਚੀ-ਗੁਆਚੀ ਅਵਾਜ਼ ਉਹਦੇ ਮੂੰਹ ਵਿਚੋਂ ਨਿਕਲੀ ਤੇ ਲੰਗਰ ਵੱਲ ਪਿਛਾਂਹ ਦੌੜ ਪਿਆ। ਉਸ ਨੇ ਥਰਮਸ ਫਲਾਸਕ ਤੇ ਦੋ ਥੈਲੇ ਜਿਨ੍ਹਾਂ ਵਿਚ ਰੋਟੀ ਤੇ ਰਸ ਜਾਪਦੇ ਸਨ ਪਿੱਠ ਉੱਤੇ ਚੁੱਕੇ ਤੇ ਲੜਖੜਾਉਂਦਾ ਹੋਇਆ ਤੋਪ ਕੋਲ਼ ਵਾਪਸ ਆ ਗਿਆ ਤੇ ਸਭ ਕੁਝ ਤੋਪ ਦੀਆਂ ਪਿਛਲੀਆਂ ਟੇਕਾਂ ਵਿਚਕਾਰ ਢੇਰੀ ਕਰ ਦਿੱਤਾ ਅਤੇ ਡੌਰ-ਭੌਰ ਜਿਹਾ ਬੁੜ-ਬੁੜ ਕਰਨ ਲੱਗਾ: "ਸਾਰੇ ਤੋਪ ਦਸਤੇ ਵਾਸਤੇ ਹੈ — ਰੋਟੀ, ਰਸ ਤੇ ਵੋਦਕਾ। ਤੇ ਤੁਸੀਂ ਸਿਰਫ ਚਾਰ ਜਣੇ ਹੋ ?... ਮੈਂ ਇਹਨਾਂ ਸਭ ਚੀਜ਼ਾਂ ਦਾ ਕੀ ਕਰਾਂ, ਕਾਮਰੇਡ ਲੈਫਟੀਨੈਂਟ ? ਦਰੋਜ਼ਦੋਵਸਕੀ ਕਿੱਥੇ ਹੈ ? ਤੋਪ ਦਸਤੇ ਦਾ ਕਮਾਂਡਰ ਕਿੱਥੇ ਹੈ ?"

"ਨਿਗਰਾਨ ਚੌਂਕੀ ਨੂੰ ਗਿਆ ਏ। ਓਥੇ ਤਿੰਨ ਜਣੇ ਨੇ ਤੇ ਕੁਝ ਜ਼ਖਮੀ ਨੇ ਬੰਕਰ ਵਿਚ। ਜਾਓ ਉਹਨਾਂ ਕੋਲ, ਸਾਰਜੈਂਟ ਮੇਜਰ," ਕੁਜ਼ਨੇਤਸੋਵ ਨੇ ਜਵਾਬ ਦਿੱਤਾ। ਉਹਦੀ ਜਬਾਨ ਵਿਚ ਹਿੱਲਣ ਦੀ ਵੀ ਤਾਕਤ ਨਹੀਂ ਸੀ ਰਹੀ। ਉਹ ਪਾਲ਼ੇ ਨਾਲ਼ ਠੁਰ ਠੁਰ ਕਰਦਾ ਤੋਪ ਦੀ ਪਿਛਲੀ ਟੇਕ ਉੱਤੇ ਬਹਿ ਗਿਆ। ਨਾ ਉਸ ਨੂੰ ਖਾਣ-ਪੀਣ ਦੀ ਕੋਈ ਫਿਕਰ ਸੀ ਨਾ ਸਾਰਜੈਂਟ ਮੇਜਰ ਦੇ ਚੀਕ ਚਿਹਾੜੇ ਦੀ।

"ਥੋੜ੍ਹੀ ਜਿਹੀ ਅੱਗ ਬਾਲ਼ ਲੈਣੀ ਚਾਹੀਦੀ ਏ, ਲੈਫਟੀਨੈਂਟ," ਉਖਾਨੋਵ ਨੇ ਆਖਿਆ। "ਅੱਗ ਬਿਨਾਂ ਤਾਂ ਮਰ ਜਾਵਾਂਗੇ। ਤੂੰ ਆਪ ਇਸ ਤਰ੍ਹਾਂ ਕੰਬ ਰਿਹਾ ਏਂ ਜਿਵੇਂ ਕੋਈ ਪੱਤਾ ਕੰਬਦਾ ਹੈ। ਗੋਲ਼ਿਆਂ ਵਾਲ਼ੇ ਬਕਸੇ ਹੈਨ। ਤੇ ਪੀਣ ਲਈ ਸਾਡੇ ਕੋਲ਼ ਵੋਦਕਾ ਵੀ ਬਥੇਰੀ ਏ! ਜਾਪਦਾ ਏ, ਕਸਰਾਂ ਕੱਢ ਦਿੱਤੀਆਂ ਐਤਕਾਂ।"

"ਵੋਦਕਾ ?" ਕੁਜ਼ਨੇਤਸੋਵ ਨੇ ਬੇਪ੍ਰਵਾਹੀ ਵਾਲ਼ਾ ਜਵਾਬ ਦਿੱਤਾ। "ਹਾਂ, ਵੋਦਕਾ ਸਾਰਿਆਂ ਵਾਸਤੇ।"

ਸਾਰਜੈਂਟ ਮੇਜਰ ਤੋਂ ਬਗ਼ੈਰ ਹੀ, ਜਿਹੜਾ ਬੰਕਰ ਵਿਚ ਪਾਏ ਜ਼ਖ਼ਮੀਆਂ ਵੱਲ ਦੌੜ ਗਿਆ ਸੀ, ਨੇਚਾਯੇਵ ਤੇ ਰੂਬਿਨ ਨੇ ਗੋਲ਼ਿਆਂ ਵਾਲੇ ਕੁਝ ਬਕਸੇ ਤੋੜੇ ਤੇ ਖੰਦਕ ਵਿਚ ਮੋਰਚੇ ਕੋਲ਼

ਅੱਗ ਬਾਲ ਲਈ। ਓਧਰ ਊਖਾਨੋਵ ਨੇ ਗੋਲ਼ਿਆਂ ਦੇ ਖਾਲੀ ਬਕਸਿਆਂ ਦਾ ਢੇਰ ਇਕ ਪਾਸੇ ਕੀਤਾ ਤੇ ਤੋਪ ਦੀ ਨਾਲ਼ੀ ਦੇ ਪੇਂਦੇ ਹੇਠ ਤਰਪਾਲ ਵਿਛਾਈ ਤੇ ਵੋਦਕਾ ਦੀ ਥਰਮਸ ਤੇ ਬੇਹਿਸਾਬ ਖਾਣ ਦੀਆਂ ਚੀਜ਼ਾਂ ਟਿਕਾ ਦਿੱਤੀਆਂ। ਉਸ ਨੇ ਖੰਦਕ ਵਿਚੋਂ ਲੱਭੇ ਇਕੋ-ਇਕ ਮੱਗ ਵਿਚ ਵੋਦਕਾ ਪਾਈ ਤੇ ਰਸਾਂ ਵਾਲ਼ਾ ਪੈਕਟ ਖੋਹਲਿਆ। ਫੇਰ ਉਹ ਕੁਜ਼ਨੇਤਸੋਵ ਦੇ ਕੋਲ਼ ਹੀ ਤੋਪ ਦੀ ਪਿਛਲੀ ਟੇਕ ਉੱਤੇ ਬਹਿ ਗਿਆ ਤੇ ਮੱਗ ਉਸ ਨੂੰ ਪੇਸ਼ ਕੀਤਾ।

"ਨਿੱਘਾ ਹੋ, ਲੈਫਟੀਨੈਂਟ, ਵਰਨਾ ਅਸੀਂ ਪਲਾਂ ਵਿਚ ਪੱਥਰ ਦੇ ਬੁੱਤ ਬਣ ਜਾਵਾਂਗੇ। ਪੀਂ ਘੁੱਟ — ਕੁਝ ਨਿੱਘ ਆਵੇ।"

ਕੁਜ਼ਨੇਤਸੋਵ ਨੇ ਮੱਗ ਦੋਹਾਂ ਹੱਥਾਂ ਵਿਚ ਫੜ ਲਿਆ ਤੇ ਜੀਅ ਕੱਚਾ ਕਰਨ ਵਾਲ਼ੀ ਮੁਸ਼ਕ ਦੀ ਪ੍ਰਵਾਹ ਨਾ ਕਰਦਿਆਂ ਵੱਡੇ ਵੱਡੇ ਇਕ ਦੋ ਘੁੱਟ ਇਸ ਉਮੀਦ ਨਾਲ਼ ਭਰ ਲਏ ਕਿ ਵੋਦਕਾ ਨਾਲ਼ ਉਹਦਾ ਕਾਂਬਾ ਹਟ ਜਾਏਗਾ ਤੇ ਉਹਦੇ ਅੰਦਰ ਕਸਿਆ ਹੋਇਆ ਜਿਵੇਂ ਕੋਈ ਅਸਪਾਤੀ ਸਪ੍ਰਿੰਗ ਢਿੱਲਾ ਹੋ ਜਾਏਗਾ। ਬਰਫ ਵਾਂਗ ਠੰਡੀ ਵੋਦਕਾ ਉਹਦੇ ਅੰਦਰ ਅੱਗ ਲਾਉਂਦੀ ਚਲੀ ਗਈ ਤੇ ਤੁਰੰਤ ਹੀ ਉਹਨੂੰ ਇਕ ਨਿੱਘੀ ਜਿਹੀ ਧੁੰਦ ਵਿਚ ਲਪੇਟ ਲਿਆ ਤੇ ਜਦੋਂ ਉਹਨੇ ਲੋਹੇ ਵਰਗੇ ਸਖਤ ਰਸ ਨੂੰ ਦੰਦੀ ਵੱਢੀ ਤਾਂ ਉਹਨੂੰ ਯਾਦ ਆਇਆ ਕਿਵੇਂ ਇਕ ਦਿਨ, ਢੇਰ ਚਿਰ ਪਹਿਲਾਂ, ਅਸੀਮ, ਲਿਸ਼ਕਦੇ ਸਤੇਪੀ ਵਿਚ ਕੂਚ ਦੇ ਦਿਨੀ, ਊਖਾਨੋਵ ਨੇ ਜ਼ੋਇਆ ਤੂੰ ਵੋਦਕਾ ਪਿਆਈ ਸੀ, ਕਿਵੇਂ ਉਸ ਨੇ ਅੱਖਾਂ ਬੰਦ ਕਰ ਕੇ ਕੁਝ ਘੁੱਟ ਭਰ ਲਏ ਸਨ ਤੇ ਹੱਸ ਕੇ ਆਖਿਆ ਸੀ ਕਿ ਇਸ ਨੇ ਉਹਦੇ ਢਿੱਡ ਵਿਚ ਦੀਵਾ ਬਾਲ਼ ਦਿੱਤਾ ਹੈ ਭਾਵੇਂ ਉਹ ਜਾਣਦਾ ਸੀ ਕਿ ਇਸ ਨਾਲ਼ ਜ਼ੋਇਆ ਦੀ ਤਬੀਅਤ ਖਰਾਬ ਹੋ ਗਈ ਸੀ... ਇਹ ਕਦੋਂ ਦੀ ਗੱਲ ਸੀ ? ਤਕਰੀਬਨ ਸੌ ਸਾਲ ਪਹਿਲਾਂ ਦੀ, ਬਹੁਤ ਪੁਰਾਣੀ ਕਿ ਯਾਦ ਕਰ ਸਕਣਾ ਵੀ ਬੰਦੇ ਦੀ ਤਾਕਤ ਵਿਚ ਨਹੀਂ। ਪਰ ਉਹਨੂੰ ਇਹ ਗੱਲ ਇਸ ਤਰ੍ਹਾਂ ਯਾਦ ਆ ਗਈ ਸੀ ਜਿਵੇਂ ਇਹ ਘੰਟਾ ਕੁ ਪਹਿਲਾਂ ਹੀ ਹੋਈ ਹੋਵੇ। ਜ਼ੋਇਆ ਦੀਆਂ ਅੱਖਾਂ ਦੀ ਚਮਕ ਨਾਲ਼ ਉਹਦਾ ਚਿਹਰਾ ਹੇਠੋਂ ਉੱਤੋ ਲਿਸ਼ਕ ਪਿਆ ਸੀ ਤੇ ਉਹਦਾ ਖਾਮੋਸ਼ ਹਾਸਾ ਅਜੇ ਵੀ ਉਹਦੇ ਕੰਨਾਂ ਵਿਚ ਗੂੰਜ ਰਿਹਾ ਸੀ, ਏਨਾ ਸਪਸ਼ਟ ਕਿ ਜਿਵੇਂ ਸਭ ਕੁਝ ਇਸ ਵੇਲ਼ੇ ਹੀ ਹੋ ਰਿਹਾ ਹੋਵੇ ਤੇ ਕੁਝ ਵੀ ਪਹਿਲਾਂ ਨਹੀਂ ਸੀ ਵਾਪਰਿਆ। ਕੀ ਬਾਕੀ ਸਭ ਕੁਝ ਉਹਦਾ ਸੁਪਨਾ ਸੀ, ਪੂਰੀ ਦੀ ਪੂਰੀ ਜ਼ਿੰਦਗੀ, ਪੂਰੇ ਦਾ ਪੂਰਾ ਸੌ ਸਾਲ ? ਹਾਂ, ਉਸ ਨੇ ਕੋਈ ਸੁਪਨਾ ਵੇਖਿਆ ਸੀ, ਜਿਹੜੀ ਗੱਲ ਵਾਪਰੀ ਨਹੀਂ ਸੀ ਉਸ ਦਾ... ਕੁਝ ਨਹੀਂ, ਕੁਝ ਵੀ ਨਹੀਂ ਸੀ ਹੋਇਆ। ਉਹ ਦਵਾਈਆਂ ਲੈਣ ਵਾਸਤੇ ਮੈਡੀਕਲ ਬਟਾਲੀਅਨ ਗਈ ਸੀ ਤੇ ਆਪਣੇ ਸਾਫ-ਸੁਥਰੇ ਚਿੱਟੇ ਭੇਡ ਦੇ ਕੋਟ ਨੂੰ ਲੱਕ ਉੱਤੇ ਘੁੱਟ ਕੇ ਪੇਟੀ ਬੰਨ੍ਹੀ ਤੋਪਾਂ ਦੇ ਮੋਰਚਿਆਂ 'ਤੇ ਵਾਪਿਸ ਆ ਜਾਏਗੀ। ਬਿਲਕੁਲ ਓਸੇ ਰੂਪ ਵਿਚ ਜਿਵੇਂ ਉਹ ਗੱਡੀਓਂ ਲਹਿਣ ਲੱਗਿਆਂ ਸੀ। "ਕਿਉਂ ਪਿਆਰੇ ਬੱਚਿਓ ! ਮੇਰੇ ਬਗ਼ੈਰ ਕਿਵੇਂ ਦਿਨ ਕੱਟੇ ?"

ਪਰ ਇਸ ਵੇਲ਼ੇ ਵੀ ਧੁੰਦਲੀਆਂ-ਧੁੰਦਲੀਆਂ ਸੋਚਾਂ ਵਿਚ ਉਸ ਨੂੰ ਯਾਦ ਆਇਆ ਕਿ ਉਹ ਆਪਣੇ-ਆਪ ਨੂੰ ਧੋਖਾ ਦੇ ਰਿਹਾ ਸੀ, ਕਿ ਉਹ ਕਿਸੇ ਮੈਡੀਕਲ ਬਟਾਲੀਅਨ ਤੋਂ ਕਦੇ ਵਾਪਸ ਨਹੀਂ ਆਵੇਗੀ, ਕਿ ਉਹ ਤਾਂ ਏਥੇ ਹੀ ਸੀ, ਉਸ ਦੇ ਪਿੱਛੇ, ਤੋਪ ਦੇ ਨੇੜੇ ਹੀ, ਰਾਤ ਦੇ ਆਖਰੀ ਪਲ਼ਾਂ ਵਿਚ ਉਸ ਨੇ, ਊਖਾਨੋਵ, ਰੂਬਿਨ ਤੇ ਨੇਚਾਯੇਵ ਨੇ ਆਪ ਹੀ ਤਾਂ ਉਸ ਨੂੰ

ਦੱਬਿਆ ਸੀ। ਉਹ ਉਸ ਥਾਂ ਪਈ ਹੈ, ਕੇਪ ਵਿਚ ਵਲ੍ਹੇਟੀ ਹੋਈ, ਸਦਾ ਲਈ ਇਕੱਲੀ, ਮਿੱਟੀ ਨਾਲ਼ ਕੱਜੀ ਹੋਈ ਤੇ ਨੀਵੀਂ ਜਿਹੀ ਕਬਰ ਉੱਤੇ ਉਹਦਾ ਦਵਾਈਆਂ ਵਾਲ਼ਾ ਬੈਗ ਪਿਆ ਹੈ ਜਿਹੜਾ ਪਹਿਲਾਂ ਹੀ ਅੱਧਾ ਬਰਫ ਵਿਚ ਧਸਿਆ ਹੋਇਆ ਹੈ।

ਏਹੋ ਕੁਝ ਬਾਕੀ ਰਹਿ ਗਿਆ ਸੀ ਉਸ ਦਾ, ਜਦੋਂ ਉਹਨਾਂ ਨੇ ਆਖਰੀ ਕੰਮ ਨਿਬੇੜਿਆ ਸੀ। ਅਤੇ ਇਹ ਰੂਬਿਨ ਸੀ ਜਿਸ ਨੇ ਨਵੀਂ ਬਣੀ ਕਬਰ ਉੱਤੇ ਬੈਗ ਰੱਖ ਦਿੱਤਾ ਸੀ ਤੇ ਅਜਿਹੇ ਮਾਮਲਿਆਂ ਬਾਰੇ ਗੂੜ੍ਹ ਗਿਆਨ ਨਾਲ਼ ਆਖਿਆ ਸੀ: "ਬਾਅਦ ਵਿਚ ਲਿਖ ਦੇਵਾਂਗੇ, 'ਯੇਲਾਗੀਨਾ ਜ਼ੋਇਆ, ਮੈਡੀਕਲ ਸੇਵਕਾ।"

ਰਾਤ ਦੀਆਂ ਘਟਨਾਵਾਂ ਤੋਂ ਮਗਰੋਂ, ਇਸ ਵੇਲੇ ਉਹ ਤਿੰਨੇ ਹੀ ਕੁਜ਼ਨੇਤਸੋਵ ਦੇ ਬਹੁਤ ਨੇੜੇ ਤਿੜਤਿੜ ਕਰਦੀ ਅੱਗ ਦੇ ਲਾਗੇ ਤੋਪ ਦੀ ਪਿਛਲੀ ਟੇਕ ਉੱਤੇ ਬੈਠੇ ਹੋਏ ਸਨ। ਉਸ ਦੀ ਪਲਟਣ ਵਿਚੋਂ ਬਸ ਏਹੋ ਹੀ ਬਚੇ ਸਨ। ਅੱਗ ਵਿਚੋਂ ਮਾਮੂਲੀ ਜਿਹਾ ਨਿੱਘਾ ਤੇ ਕੁਝ ਕੌੜਾ ਧੂੰਆਂ ਉੱਠ ਰਿਹਾ ਸੀ। ਵੋਦਕਾ ਨਾਲ਼ ਖਿੜ ਪਏ ਤੇ ਅੱਗ ਨਾਲ਼ ਨਿੱਘੇ ਹੋ ਗਏ ਉਹ ਜਰਮਨਾਂ ਦੇ ਅਚਾਨਕ ਪਿੱਛੇ ਹਟਣ ਦੀਆਂ ਗੱਲਾਂ ਕਰਨ ਅਤੇ ਮਚਦੇ ਪਿੰਡ ਵੱਲ ਵੇਖਣ ਲੱਗ ਪਏ। ਪਿੰਡ ਤੋਂ ਪਾਰ ਹੋ ਰਹੀ ਲੜਾਈ ਦੀਆਂ ਅਵਾਜ਼ਾਂ ਆ ਰਹੀਆਂ ਸਨ ਜਿਹੜੀ ਪਲੋ-ਪਲ ਤੋਪ ਦਸਤੇ ਦੇ ਦੱਖਣ ਵੱਲ ਹੌਲ਼ੀ-ਹੌਲ਼ੀ ਸਤੇਪੀ ਵਿਚ ਹੋਰ ਅੱਗੇ, ਹੋਰ ਅੱਗੇ ਵਧਦੀ ਜਾ ਰਹੀ ਸੀ।

ਘਰ ਚਲਾਉਣ ਦੇ ਕੰਮ ਨੂੰ ਪੂਰੀ ਤਰ੍ਹਾਂ ਆਪਣੀ ਮੁੱਠ ਵਿਚ ਲੈ ਕੇ, ਊਖਾਨੋਵ ਰਸਾਂ ਉੱਤੇ ਚਰਬੀ ਲਾ ਰਿਹਾ ਸੀ, ਉਹਨਾਂ ਉੱਤੇ ਖੰਡ ਧੂੜ ਰਿਹਾ ਸੀ, ਥਰਮਸ ਵਿਚੋਂ ਵੋਦਕਾ ਦਾ ਮੱਗ ਭਰ ਰਿਹਾ ਸੀ ਤੇ ਰਾਸ਼ਨ ਦੀ ਪ੍ਰਵਾਹ ਕੀਤੇ ਬਗੈਰ ਅੰਤਾਂ ਦੀ ਦਰਿਆਦਿਲੀ ਨਾਲ਼ ਵਰਤਾਉਂਦਾ ਜਾ ਰਿਹਾ ਸੀ। ਉਹ ਸ਼ਰਾਬੀ ਨਹੀਂ ਸੀ ਹੋਇਆ। ਇਹ ਵੇਖ ਕੇ ਕਿ ਉਹਦੇ ਅਮਲੇ ਦੇ ਬੰਦਿਆਂ, ਰੂਬਿਨ ਤੇ ਨੇਚਾਯੇਵ, ਨੇ ਮਾੜਾ ਜਿਹਾ ਸੰਭਲਣਾ ਸ਼ੁਰੂ ਕਰ ਦਿੱਤਾ ਹੈ, ਸਿਰਫ ਉਹਦੇ ਚਿਹਰੇ ਉੱਤੇ ਪਿਲੱਤਣ ਆ ਗਈ ਸੀ। ਕੁਜ਼ਨੇਤਸੋਵ ਨੂੰ ਵੋਦਕਾ ਨਾਲ਼ ਕੋਈ ਫਾਇਦਾ ਨਹੀਂ ਹੋਇਆ। ਇਸ ਨਾਲ਼ ਉਹਦੇ ਅੰਦਰਲਾ ਉਹ ਅਸਪਾਤੀ ਸਪ੍ਰਿੰਗ ਜਿਹਾ ਢਿੱਲਾ ਨਹੀਂ ਸੀ ਹੋਇਆ ਅਤੇ ਉਸ ਦਾ ਕਾਂਬਾ ਨਹੀਂ ਸੀ ਹਟਿਆ, ਭਾਵੇਂ ਉਹ, ਇਸ ਦੀ ਕਰਹਿਤਭਰੀ ਮੁਸ਼ਕ ਦੇ ਬਾਵਜੂਦ, ਊਖਾਨੋਵ ਦੀ ਗੱਲ ਮੰਨ ਕੇ ਵੱਡੇ ਵੱਡੇ ਘੁੱਟ ਅੰਦਰ ਸੁੱਟਦਾ ਰਿਹਾ ਸੀ।

"ਲੈਫਟੀਨੈਂਟ, ਜਾਪਦਾ ਏ ਸਾਹਿਬ ਸਾਡੇ ਵੱਲ ਆ ਰਹੇ ਨੇ!" ਤੋਪ ਦਸਤੇ ਵੱਲ ਆਉਂਦੀ ਟੋਲੀ ਵੱਲ ਸਭ ਤੋਂ ਪਹਿਲਾਂ ਊਖਾਨੋਵ ਦਾ ਹੀ ਧਿਆਨ ਗਿਆ। "ਬੰਨੀ ਦੇ ਨਾਲ਼-ਨਾਲ਼ ਆ ਰਹੇ ਨੇ... ਵੇਖ, ਲੈਫਟੀਨੈਂਟ!"

"ਪੱਕੀ ਗੱਲ, ਏਧਰ ਹੀ ਆ ਰਹੇ ਨੇ," ਰੂਬਿਨ ਨੇ ਪੁਸ਼ਟੀ ਕੀਤੀ। ਸ਼ਰਾਬ ਨਾਲ਼ ਉਹਦਾ ਮੂੰਹ ਚੁਕੰਦਰ ਰੰਗਾ ਹੋ ਗਿਆ ਸੀ ਤੇ ਉਹਨੂੰ ਚੱਕਰ ਆ ਰਹੇ ਸਨ। ਇਹਤਿਆਤ ਵਜੋਂ, ਉਹ ਨੇ ਵੋਦਕਾ ਵਾਲ਼ਾ ਮੱਗ ਆਪਣੇ ਵੱਡੇ ਸਾਰੇ ਖਰਵੇ ਹੱਥ ਨਾਲ਼ ਤੋਪ ਦੇ ਇਕ ਪਹੀਏ ਪਿੱਛੇ ਧੱਕ ਦਿੱਤਾ। "ਇਹ ਤਾਂ ਜਨਰਲ ਏ, ਕਿਉਂ? ਜਿਸ ਨੇ ਸੋਟੀ ਫੜੀ ਹੋਈ ਏ।"

"ਹਾਂ, ਵੇਖ ਰਿਹਾ ਆਂ," ਕੁਜ਼ਨੇਤਸੋਵ ਨੇ ਅਸੁਭਾਵਿਤ ਠਰ੍ਹੰਮੇ ਨਾਲ਼ ਆਖਿਆ। "ਵੋਦਕਾ ਲੁਕਾਉਣ ਦੀ ਨਹੀਂ ਲੋੜ, ਰੂਬਿਨ।"

ਬੇਸੋਨੋਵ, ਕਦਮ-ਕਦਮ ਉੱਤੇ ਉਹਨਾਂ ਚੀਜ਼ਾਂ ਨਾਲ਼ ਠੇਡੇ ਖਾਂਦਾ ਜਿਹੜੀਆਂ ਹਾਲੇ ਕੱਲ੍ਹ ਤੱਕ ਤੋਪ ਦਸਤੇ ਦੇ ਪੂਰੇ ਅਮਲੇ ਦਾ ਹਿੱਸਾ ਸਨ, ਮੋਰਚਿਆਂ ਦੇ ਨਾਲ਼-ਨਾਲ਼ ਤੁਰਿਆ ਆਉਂਦਾ ਸੀ — ਖੰਦਕਾਂ ਦੀਆਂ ਟੁੱਟੀਆਂ-ਭੱਜੀਆਂ ਬੰਨ੍ਹੀਆਂ ਦੇ ਅੱਗੋਂ ਦੀ, ਜਿਨ੍ਹਾਂ ਨੂੰ ਜਿਵੇਂ ਦਾਤਰ ਵੱਜੇ ਹੋਏ ਹੋਣ, ਤੋਪਾਂ ਦੀਆਂ ਲੱਥੀਆਂ ਚਿੱਪਰਾਂ, ਮੂੰਹ ਅੱਡੀ ਵੇਖਦੀਆਂ ਦਰਾੜਾਂ, ਮਿੱਟੀ ਦੇ ਵੱਡੇ-ਵੱਡੇ ਢੇਰਾਂ ਕੋਲ਼ੋਂ ਦੀ ਲੰਘਦਾ ਹੋਇਆ।

"ਇਹਦਾ ਮਤਲਬ ਹੋਇਆ ਕਿ ਇਹਨਾਂ ਮੋਰਚਿਆਂ ਵਿਚੋਂ ਟੈਂਕਾਂ ਉੱਤੇ ਗੋਲ਼ੇ ਉਹ ਤੋਪ ਦਸਤਾ ਵਰ੍ਹਾ ਰਿਹਾ ਸੀ, ਜਿਸ ਦਾ ਕਮਾਂਡਰ ਉਹ ਮੁੰਡਾ ਜਿਹਾ ਹੈ ?"

ਪਤਾ ਨਹੀਂ ਕਿਸ ਤਰ੍ਹਾਂ ਖਿਆਲਾਂ ਖਿਆਲਾਂ ਵਿਚ ਹੀ ਬੇਸੋਨੋਵ ਨੂੰ ਆਪਣੇ ਪੁੱਤਰ ਦਾ ਚੇਤਾ ਆ ਗਿਆ, ਹਸਪਤਾਲ਼ ਵਿਚ ਉਹਦੇ ਨਾਲ਼ ਆਪਣੀ ਆਖ਼ਰੀ ਮੁਲਾਕਾਤ ਦਾ, ਹਸਪਤਾਲ਼ ਤੋਂ ਵਾਪਿਸ ਆਉਣ ਮਗਰੋਂ ਆਪਣੀ ਬੀਵੀ ਵਲੋਂ ਮਾਫ ਨਾ ਕੀਤੀ ਜਾਣ ਵਾਲੀ ਝਾੜ ਝੰਬ ਦਾ, ਇਸ ਲਈ ਕਿ ਉਹਨੇ ਇਸ ਗੱਲ ਉੱਤੇ ਜ਼ੋਰ ਕਿਉਂ ਨਾ ਦਿੱਤਾ ਕਿ ਉਹਦਾ ਪੁੱਤਰ ਉਹਦੀ ਹੀ ਆਰਮੀ ਵਿਚ ਕੰਮ ਲੱਗੇ ਜੋ ਬਿਹਤਰ ਵੀ ਸੀ, ਜਿਸ ਵਿਚ ਖ਼ਤਰਾ ਵੀ ਕੋਈ ਨਹੀਂ ਸੀ। ਤੇ ਹੁਣ ਪਲ਼ ਦੀ ਪਲ਼ ਉਸ ਦੀਆਂ ਅੱਖਾਂ ਅੱਗੇ ਆਪਣੇ ਪੁੱਤਰ ਦੀ ਤਸਵੀਰ ਆ ਗਈ ਜਿਹੜਾ ਪਿਆਦਾ ਫੌਜ ਦੀਆਂ ਖੰਦਕਾਂ ਵਿਚ ਉਸ ਕੰਪਨੀ ਦਾ ਕਮਾਂਡਰ ਸੀ ਜਿੱਥੇ ਉਸ ਨੂੰ ਦੋ ਜਿਉਂਦੇ ਰਹਿ ਗਏ ਮਿਲੇ ਸਨ ਜਾਂ ਏਥੇ, ਤੋਪਾਂ ਦੇ ਮੋਰਚਿਆਂ ਉੱਤੇ ਜਿੱਥੇ ਉੱਡਦੇ ਅਸਪਾਤ ਦੇ ਵਾਵਰੋਲੇ ਨੇ ਹਰ ਚੀਜ਼ ਨੂੰ ਇਉਂ ਗਡਮਡ ਤੇ ਕੁਰੂਪ ਬਣਾ ਦਿੱਤਾ ਸੀ ਕਿ ਕੁਝ ਵੀ ਪਛਾਣਿਆ ਨਹੀਂ ਸੀ ਜਾਂਦਾ। ਇਸ ਖਿਆਲ ਦੇ ਆਉਂਦਿਆਂ ਹੀ ਉਸ ਨੇ ਤੋਰ ਮੱਠੀ ਕਰ ਲਈ ਤਾਂ ਜੋ ਉਹਦਾ ਸਾਹ ਵਿਚ ਸਾਹ ਰਲ ਜਾਏ, ਪਰ ਉਹਦਾ ਅੰਦਰ ਦਾ ਤਲਖ਼ ਤਣਾਓ ਨਹੀਂ ਸੀ ਘਟਿਆ ਤੇ ਉਹ ਆਪਣੇ ਭੇਡ ਦੀ ਖੱਲ ਦੇ ਕੋਟ ਦੇ ਕਾਲਰ ਦੀਆਂ ਹੁੱਕਾਂ ਖੋਹਲਣ ਲੱਗ ਪਿਆ ਜੋ ਉਸ ਦਾ ਸਾਹ ਘੁੱਟਦੀਆਂ ਜਾਪਦੀਆਂ ਸਨ।

"ਹੁਣੇ ਸਾਹ ਵਿਚ ਸਾਹ ਆ ਜਾਏਗਾ... ਹੁਣੇ ਠੀਕ ਹੋ ਜਾਏਗਾ, ਬਸ ਮੈਨੂੰ ਪੁੱਤਰ ਬਾਰੇ ਨਹੀਂ ਸੋਚਣਾ ਚਾਹੀਦਾ," ਉਸ ਨੇ ਆਪਣੀ ਸੋਟੀ ਉੱਤੇ ਭਾਰ ਪਾ ਕੇ ਉਲਰਦਿਆਂ, ਆਪਣੇ ਆਪ ਨੂੰ ਆਖਿਆ।

"ਸਾਵਧਾਨ ! ਕਾਮਰੇਡ ਜਨਰਲ..."

ਉਹ ਰੁਕ ਗਿਆ। ਉਸ ਨੇ ਨਜ਼ਰ ਚੁੱਕ ਕੇ ਵੇਖਿਆ। ਚਾਰ ਤੋਪਚੀ ਜਿਨ੍ਹਾਂ ਦੇ ਵੱਡੇ ਕੋਟ ਵਿਸ਼ਵਾਸੋਂ ਬਾਹਰੇ ਦਾਗੋ-ਦਾਗ਼ ਤੇ ਕਾਲ਼ੇ ਹੋਏ ਪਏ ਸਨ, ਉਹਦੇ ਸਾਮ੍ਹਣੇ ਦਸਤੇ ਦੀ ਆਖਰੀ ਤੋਪ ਦੇ ਕੋਲ ਸਾਵਧਾਨ ਖੜੇ ਸਨ। ਮੋਰਚੇ ਵਿਚ ਮਾੜੀ ਜਿਹੀ ਅੱਗ ਧੁਖ਼ ਰਹੀ ਸੀ ਅਤੇ ਭੁੰਜੇ ਵਿਛਾਈ ਤਰਪਾਲ ਉੱਤੇ ਇਕ ਥਰਮਸ ਫਲਾਸਕ ਤੇ ਦੋ ਝੋਲੇ ਪਏ ਸਨ। ਉਸ ਨੂੰ ਵੋਦਕਾ ਦੀ ਮਹਿਕ ਆਈ।

ਚਹੁੰਆਂ ਦੇ ਚਿਹਰਿਆਂ ਉੱਤੇ ਮੈਲ ਜੰਮੀ ਹੋਈ ਸੀ ਜਿਹੜੀ ਚਮੜੀ ਵਿਚ ਪਈਆਂ ਬਿਆਈਆਂ ਵਿਚ ਧਸ ਗਈ ਹੋਈ ਸੀ। ਉਹਨਾਂ ਦੀਆਂ ਅੱਖਾਂ ਵਿਚ ਬਿਮਾਰਾਂ ਵਰਗੀ ਚਮਕ ਸੀ। ਉਹਨਾਂ ਦੀਆਂ ਬਾਹਵਾਂ ਤੇ ਟੋਪੀਆਂ ਧੁਆਂਖੀਆਂ ਹੋਈਆਂ ਸਨ। ਬੇਸੋਨੋਵ ਨੂੰ ਵੇਖ ਕੇ ਜਿਸ

ਨੇ ਹੌਲ਼ੀ ਜਿਹੀ "ਸਾਵਧਾਨ" ਆਖਿਆ ਸੀ ਉਹ ਇਕ ਸ਼ਾਂਤ, ਗੰਭੀਰ ਚਿਹਰੇ ਤੇ ਮਧਰੇ ਕੱਦ ਦਾ ਲੈਫਟੀਨੈਂਟ ਸੀ। ਉਹ ਤੋਪ ਦੀ ਟੇਕ ਤੋਂ ਹੇਠਾਂ ਉਤਰਿਆ ਤੇ ਤਣ ਕੇ ਖੜ੍ਹੇ ਹੁੰਦਿਆਂ ਆਪਣਾ ਹੱਥ ਟੋਪੀ ਕੋਲ਼ ਲਿਜਾ ਕੇ ਸਲੂਟ ਮਾਰਿਆ ਜਿਵੇਂ ਰਿਪੋਰਟ ਕਰਨ ਲੱਗਾ ਹੋਵੇ।

"ਰਿਪੋਰਟ ਕਰਨ ਦੀ ਨਹੀਂ ਲੋੜ... ਮੈਂ ਸਭ ਕੁਝ ਜਾਣਦਾ ਹਾਂ। ਮੈਨੂੰ ਤੁਹਾਡੇ ਤੋਪ ਦਸਤੇ ਦੇ ਕਮਾਂਡਰ ਦਾ ਨਾਂ ਯਾਦ ਹੈ, ਪਰ ਤੁਹਾਡੇ ਨਾਂ ਭੁੱਲ ਗਿਆ ਹਾਂ..."

"ਪਹਿਲੀ ਪਲਟਣ ਦਾ ਕਮਾਂਡਰ, ਲੈਫਟੀਨੈਂਟ ਕੁਜ਼ਨੇਤਸੋਵ।"

"ਮਤਲਬ ਹੈ, ਕਿ ਤੁਹਾਡੇ ਦਸਤੇ ਨੇ ਹੀ ਇਹ ਟੈਂਕ ਤਬਾਹ ਕੀਤੇ ?"

"ਹਾਂ, ਕਾਮਰੇਡ ਜਨਰਲ। ਅੱਜ ਅਸੀਂ ਹੀ ਟੈਂਕਾਂ ਉੱਤੇ ਗੋਲ਼ੇ ਦਾਗ ਰਹੇ ਸਾਂ ਪਰ ਸਾਡੇ ਕੋਲ ਸਿਰਫ ਸੱਤ ਗੋਲ਼ੇ ਹੀ ਬਚਦੇ ਸਨ... ਔਹ ਟੈਂਕ ਕੱਲ੍ਹ ਹੀ ਬਰਬਾਦ ਕਰ ਦਿੱਤੇ ਗਏ ਸਨ।"

ਉਹ ਆਪਣੀ ਅਵਾਜ਼ ਵਿਚ ਇਕਸਾਰ ਅਡੋਲ ਦ੍ਰਿੜ੍ਹਤਾ ਲਿਆਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਦੇ ਅੰਦਾਜ਼ ਵਿਚ, ਉਸ ਦੀ ਤੱਕਣੀ ਵਿਚ, ਉਸ ਦੀ ਗਮਗੀਨ, ਸਿਆਣਿਆਂ ਵਾਲੀ ਗੰਭੀਰਤਾ ਵਿਚ, ਜਿਸ ਵਿਚ ਜਨਰਲ ਦੀ ਮੌਜੂਦਗੀ ਵਿਚ ਕਿਸੇ ਤਰ੍ਹਾਂ ਦੀ ਸੰਗ ਝਿਜਕ ਨਹੀਂ ਸੀ, ਕੋਈ ਐਸੀ ਗੱਲ ਸੀ ਜਿਸ ਤੋਂ ਇਹ ਪਤਾ ਲੱਗਦਾ ਸੀ ਕਿ ਇਹ ਪਲਟਣ ਦੇ ਕਮਾਂਡਰ, ਇਸ ਮੁੰਡੇ ਨੇ ਆਪਣੀ ਜ਼ਿੰਦਗੀ ਦਾ ਮੁੱਲ ਤਾਰ ਕੇ ਕਿਸੇ ਚੀਜ਼ ਉੱਤੇ ਕਾਬੂ ਪਾ ਰੱਖਿਆ ਸੀ ਤੇ ਹੁਣ ਇਹ "ਕੋਈ ਚੀਜ਼" ਜਿਸ ਨੂੰ ਉਹ ਸਮਝਦਾ ਸੀ ਉਸ ਦੀਆਂ ਅੱਖਾਂ ਵਿਚ ਆ ਕੇ ਸੁੱਕ ਗਈ ਸੀ, ਜੰਮ ਗਈ ਸੀ ਅਤੇ ਵਹਿ ਨਹੀਂ ਸੀ ਰਹੀ। ਲੈਫਟੀਨੈਂਟ ਦੀ ਅਵਾਜ਼ ਤੇ ਤੱਕਣੀ ਕਰਕੇ ਅਤੇ ਆਪਣੀ ਪਲਟਣ ਦੇ ਕਮਾਂਡਰ ਦੇ ਪਿੱਛੇ ਤੋਪ ਦੀਆਂ ਟੇਕਾਂ ਵਿਚਕਾਰ ਖੜ੍ਹੇ ਤਿੰਨਾਂ ਤੋਪਚੀਆਂ ਦੇ ਰੁੱਖੇ-ਰੁੱਖੇ, ਲਾਲ-ਨੀਲ਼ੇ ਚਿਹਰਿਆਂ ਉੱਤੇ ਓਸੇ ਤਰ੍ਹਾਂ ਦੇ, ਲਗਪਗ ਓਹੋ ਜਿਹੇ ਹੀ ਹਾਵ-ਭਾਵ ਵੇਖ ਕੇ ਬੇਸੋਨੋਵ ਨੂੰ ਲੱਗਾ ਜਿਵੇਂ ਉਹਦੇ ਸੰਘ ਵਿਚ ਕੁਝ ਅੜ ਗਿਆ ਹੋਵੇ, ਕੁੜੱਤਣ ਘੁਲ ਗਈ ਹੋਵੇ ਤੇ ਉਹਦਾ ਜੀਅ ਕੀਤਾ ਕਿ ਪੁੱਛੇ, ਤੋਪ ਦਸਤੇ ਦਾ ਕਮਾਂਡਰ ਜਿਊਂਦਾ ਹੈ ਜਾਂ ਨਹੀਂ, ਉਹ ਕਿੱਥੇ ਹੈ, ਪਰ ਉਸ ਨੇ ਕੁਝ ਨਹੀਂ ਪੁੱਛਿਆ, ਉਹ ਕੁਝ ਪੁੱਛ ਸਕਿਆ ਹੀ ਨਹੀਂ... ਤੇਜ਼ ਹਵਾ ਝਈਆਂ ਲੈ-ਲੈ ਕੇ ਮੋਰਚਿਆਂ ਵਿਚ ਪੈਂਦੀ ਸੀ, ਉਸ ਦੇ ਕੋਟ ਦੇ ਕਾਲਰ ਤੇ ਘੇਰੇ ਨੂੰ ਉੱਡਾ ਜਾਂਦੀ ਸੀ ਤੇ ਉਹਦੀਆਂ ਲਟ-ਲਟ ਬਲਦੀਆਂ ਅੱਖਾਂ ਵਿਚ ਪਾਣੀ ਲੈ ਆਉਂਦੀ ਸੀ। ਅਤੇ ਬੇਸੋਨੋਵ, ਸ਼ੁਕਰਾਨੇ ਦੇ ਇਹਨਾਂ ਝੁਲਸਵੇਂ ਖਾਰੇ ਹੰਝੂਆਂ ਨੂੰ ਪੂੰਝੇ ਬਗ਼ੈਰ, ਚੁੱਪ-ਗੜੁੱਪ ਆਪਣੇ ਇਰਦ-ਗਿਰਦ ਖੜੇ ਅਫ਼ਸਰਾਂ ਦੇ ਧਿਆਨ 'ਤੇ ਪਸ਼ੇਮਾਨ ਹੋਏ ਬਗੈਰ, ਆਪਣੀ ਸੋਟੀ ਉੱਤੇ ਭਾਰ ਪਾ ਕੇ ਝੁਕਿਆ ਤੇ ਬੋਜ਼ੀਚਕੋ ਵੱਲ ਮੁੜਿਆ। ਉਸ ਸਰਵਉੱਚ ਸੱਤਾ ਵੱਲੋਂ ਜਿਸ ਨੇ ਲੱਖਾਂ ਹੀ ਲੋਕਾਂ ਦੀ ਕਮਾਂਡ ਸਾਂਭਣ ਤੇ ਉਹਨਾਂ ਦੀ ਹੋਣੀ ਦਾ ਫੈਸਲਾ ਕਰਨ ਦਾ ਮਹਾਨ ਤੇ ਖਤਰਨਾਕ ਹੱਕ ਉਸ ਨੂੰ ਦਿੱਤਾ ਹੋਇਆ ਸੀ ਚੌਹਾਂ ਨੂੰ "ਲਾਲ ਝੰਡੇ ਦਾ ਆਰਡਰ" ਪੇਸ਼ ਕਰਨ ਤੋਂ ਬਾਅਦ ਉਹ ਬੜੀ ਹਿੰਮਤ ਕਰਕੇ ਏਨਾ ਕੁ ਆਖ ਸਕਿਆ:

"ਸਭ ਕੁਝ, ਜੋ ਵੀ ਮੈਂ ਕਰ ਸਕਦਾ ਹਾਂ... ਸਭ ਕੁਝ, ਜੋ ਕਰ ਸਕਦਾ ਹਾਂ... ਇਹਨਾਂ ਟੈਂਕਾਂ ਨੂੰ ਪਛਾੜ ਦੇਣ ਲਈ ਸ਼ੁਕਰੀਆ। ਵੱਡੀ ਗੱਲ ਤਾਂ ਇਹੋ ਸੀ... ਇਹਨਾਂ ਟੈਂਕਾਂ ਨੂੰ ਪਛਾੜਨਾ। ਵੱਡੀ ਗੱਲ ਤਾਂ ਇਹੋ ਸੀ..."

ਅਤੇ ਆਪਣੇ ਦਸਤਾਨੇ ਚੜ੍ਹਾ ਕੇ, ਸੰਚਾਰ-ਖਾਈ ਦੇ ਨਾਲ਼-ਨਾਲ਼ ਜਲਦੀ-ਜਲਦੀ ਪੁਲ ਵੱਲ ਤੁਰ ਪਿਆ।

ਕੁਜ਼ਨੇਤਸੋਵ ਅਜੇ ਵੀ ਤਿਊੜੀ ਪਾਈ ਖਾਮੋਸ਼ ਖੜਾ ਸੀ। ਤਮਗ਼ੇ ਵਾਲ਼ੀ ਡੱਬੀ ਉਹਦੀਆਂ ਕੱਕਰ-ਖਾਧੀਆਂ ਉਂਗਲਾਂ ਵਿਚ ਫੜੀ ਹੋਈ ਸੀ ਤੇ ਉਹ ਹਾਲੇ ਵੀ ਉਹਨਾਂ ਹੰਝੂਆਂ ਬਾਰੇ ਹੈਰਾਨ ਹੋ ਰਿਹਾ ਸੀ ਜਿਹੜੇ ਉਸ ਨੇ ਕਮਾਂਡਰ ਦੀਆਂ ਪਲਕਾਂ ਵਿਚ ਵੇਖੇ ਸਨ।

ਐਨ ਓਸੇ ਪਲ ਸਰਜੈਂਟ ਮੇਜਰ ਸਕੋਰੀਕ ਤੇ ਲੈਫਟੀਨੈਂਟ ਦਰੋਜ਼ਦੋਵਸਕੀ ਦਰਿਆ ਕੋਲ਼ ਢਾਹੇ ਜਿਹੇ ਉੱਤੇ ਵਿਖਾਈ ਦਿੱਤੇ ਅਤੇ ਇਕਦਮ ਤੋਪ ਦੇ ਨੇੜੇ ਹੀ ਵੱਡੇ ਅਫਸਰਾਂ ਵੱਲ ਧਿਆਨ ਪੈ ਜਾਣ ਨਾਲ਼ ਉਹ ਤੋਪ ਦਸਤੇ ਵੱਲ ਭੱਜ ਉੱਠੇ।

ਮੋਰਚਿਆਂ ਕੋਲ਼ ਪੁੱਜਣ ਤੋਂ ਪਹਿਲਾਂ ਹੀ, ਸਾਰਜੈਂਟ ਮੇਜਰ ਸਕੋਰੀਕ ਪਤਾ ਨਹੀਂ ਕਿਉਂ ਤੋਪ ਤੋਂ ਦੂਜੇ ਪਾਸੇ ਮੁੜ ਪਿਆ ਤੇ ਲੰਗਰ ਵੱਲ ਤੁਰ ਪਿਆ, ਪਰ ਦਰੋਜ਼ਦੋਵਸਕੀ ਅਫਸਰਾਂ ਵੱਲ ਦੌੜ ਪਿਆ ਜਿਹੜੇ ਹੁਣ ਤੱਕ ਦਰਿਆ ਦੇ ਨਾਲ਼-ਨਾਲ਼ ਕੋਈ ਸੌ ਮੀਟਰ ਅਗਾਂਹ ਨਿਕਲ ਗਏ ਸਨ। ਬੇਸੋਨੋਵ ਦੇ ਸਾਮ੍ਹਣੇ ਖੜੇ ਹੋ ਕੇ, ਘੁੱਟ ਕੇ ਕੱਸੇ ਹੋਏ ਵੱਡੇ ਕੋਟ ਤੇ ਪਿਸਤੌਲ ਦੀ ਪੇਟੀ ਸਦਕਾ ਤਣ ਕੇ ਸਾਵਧਾਨ ਹੁੰਦਿਆਂ, ਉਹ ਆਪਣੇ ਹੱਥ ਨੂੰ ਬਾਕਾਇਦਾ ਫੌਜੀ ਅਫਸਰ ਵਾਂਗ ਪੁੜਪੁੜੀ ਕੋਲ ਲੈ ਗਿਆ। ਲੰਮ ਸਲੰਮੇ ਛੀਟਕੇ ਜਿਹੇ ਇਸ ਬੰਦੇ ਦੀ ਗਰਦਨ ਉੱਤੇ ਪੱਟੀ ਬੱਝੀ ਹੋਈ ਸੀ ਤੇ ਚਿਹਰੇ ਦਾ ਰੰਗ ਚਾਕ ਵਾਂਗ ਚਿੱਟਾ ਹੋਇਆ ਪਿਆ ਸੀ। ਜੋ ਉਸ ਨੇ ਰਿਪੋਰਟ ਕੀਤਾ, ਮੋਰਚਿਆਂ ਵਿਚ ਕਿਸੇ ਨੇ ਨਹੀਂ ਸੁਣਿਆ ਸੀ, ਪਰ ਉਹਨਾਂ ਵੇਖਿਆ ਕਿ ਜਨਰਲ ਨੇ ਉਸ ਨੂੰ ਕਲਾਵੇ ਵਿਚ ਲੈ ਲਿਆ ਸੀ ਤੇ ਉਹਨਾਂ ਡੱਬੀਆਂ ਵਰਗੀ ਹੀ ਇਕ ਡੱਬੀ ਉਸ ਨੂੰ ਪੇਸ਼ ਕੀਤੀ ਸੀ ਜਿਹੜੀਆਂ ਤੋਪ ਮੋਰਚਿਆਂ ਵਿਚਲੇ ਚਾਰੇ ਤੇ ਖੰਦਕ ਵਿਚਲੇ ਦੋਵੇਂ ਪ੍ਰਾਪਤ ਕਰ ਚੁੱਕੇ ਸਨ।

"ਸਭ ਦਾ ਇਕੋ ਜਿਹਾ ਹਿੱਸਾ" ਊਖਾਨੋਵ ਤੋਪ ਦੀ ਟੇਕ ਉੱਤੇ ਬਹਿੰਦਾ ਹੋਇਆ ਖੁਣਸ ਨਾਲ਼ ਹੱਸਿਆ, ਪਰ ਰੂਬਿਨ ਨੇ ਅਜਿਹੀ ਲੰਮੀ ਤੇ ਅਜਿਹੀ ਹੁਸ਼ਿਆਰੀ ਨਾਲ਼ ਗਾਲ੍ਹ ਕੱਢੀ ਕਿ ਊਖਾਨੋਵ ਨੇ ਦਿਲਚਸਪੀ ਨਾਲ਼ ਉਹਦੇ ਵੱਲ ਤਿਰਛੀ ਨਜ਼ਰ ਵੇਖਿਆ। "ਕੋਚਵਾਨ ਸੀ, ਜਿਵੇਂ ਬੜੀਆਂ ਮੱਲਾਂ ਮਾਰੀਆਂ ਹੋਣ! ਇਹ ਭਲਾ ਕਾਹਦੇ ਲਈ ?"

"ਇਹਨੂੰ ਕੱਢ ਬਾਹਰ ਮੇਰੀ ਛਾਤੀ ਵਿਚੋਂ, ਸਾਰਜੈਂਟ। ਹਿੱਕ ਫੜੀ ਹੋਈ ਏ..."

"ਕਿਉਂ ਕੀ ਖਿਆਲ ਹੈ, ਭਰਾਓ," ਊਖਾਨੋਵ ਨੇ ਆਖਿਆ, "ਆਓ ਆਪਣੇ ਤਮਗੇ ਧੋ ਲਈਏ। ਤੇ ਆਪਣੇ ਗਭਰੂਆਂ ਲਈ ਜਾਮ ਪੀਏ ਜਿਨ੍ਹਾਂ ਨੇ ਜਰਮਨਾਂ ਦੇ ਛੱਕੇ ਛੁੜਾ ਦਿੱਤਾ! ਤੇ ਉਹਨਾਂ ਲਈ ਜਿਹੜੇ ਬਿਪਤਾ ਦੇ ਮਾਰੇ ਕਮਲੇ ਹੋਏ ਫਿਰਦੇ ਨੇ। ਬਸ ਹੁਣ! ਠੀਕ ਏ ਨਾ, ਲੈਫਟੀਨੈਂਟ ? ਤੂੰ ਸੁਣਾ ? ਬਹਿ ਜਾ ਮੇਰੇ ਕੋਲ਼। ਰੂਬਿਨ, ਲਿਆ ਫੜਾ ਮੱਗ ਕੋਈ ਗੱਲ ਨਹੀਂ, ਲੈਫਟੀਨੈਂਟ। ਵਕਤ ਆਏਗਾ, ਸਭ ਮੁਸੀਬਤਾਂ ਮਿਟ ਜਾਣਗੀਆਂ। ਸਾਡੇ ਹੁਕਮ ਅਟੱਲ ਰਹਿਣਗੇ।"

"ਮੁਸੀਬਤ ?" ਕੁਜ਼ਨੇਤਸੋਵ ਨੇ ਹੌਲ਼ੀ ਜਿਹੀ ਲਫਜ਼ ਦੁਹਰਾਇਆ ਤੇ ਉਹਦਾ ਚਿਹਰਾ ਵੱਟੋ ਵੱਟ ਹੋ ਗਿਆ।

"ਸਾਡੇ ਕਮਾਂਡਰ ਨੂੰ ਕੀ ਹੋਇਆ ਏ," ਨੇਚਾਯੇਵ ਬੋਲਿਆ। ਉਹ ਆਪਣੀਆਂ ਮੁੱਛਾਂ

ਮਰੋੜਦਾ ਢਾਹੇ ਵਾਲ਼ੇ ਪਾਸੇ ਝਾਕ ਰਿਹਾ ਸੀ। "ਇਉਂ ਫਿਰਦਾ ਏ ਜਿਵੇਂ ਕੋਈ ਅੰਨ੍ਹਾ ਫਿਰਦਾ ਹੋਵੇ..."

ਜਨਰਲ ਤੇ ਉਹਦੇ ਅਫ਼ਸਰ ਪੁਲ ਵੱਲ ਅਗਾਂਹ ਨਿਕਲ ਗਏ ਸਨ। ਦਰੋਜ਼ਦੋਵਸਕੀ ਢਾਹੇ ਦੇ ਨਾਲ਼-ਨਾਲ਼ ਉਹਨਾਂ ਪੌੜੀਆਂ ਵੱਲ ਜਾ ਰਿਹਾ ਸੀ ਜਿਹੜੀਆਂ ਚੱਟਾਨ ਦੇ ਹੇਠਾਂ ਬੰਕਰ ਨੂੰ ਜਾਂਦੀਆਂ ਸਨ ਜਿੱਥੇ ਜ਼ਖ਼ਮੀ ਪਏ ਹੋਏ ਸਨ। ਪਰ ਇਹ ਹੁਣ ਤਣੀ ਹੋਈ ਪਤਲੀ ਜਿਹੀ ਸੂਰਤ ਨਹੀਂ ਸੀ, ਹਮੇਸ਼ਾ ਵਰਗਾ ਦਰੋਜ਼ਦੋਵਸਕੀ, ਜਿਸ ਨੂੰ ਦੌੜ ਕੇ ਜਨਰਲ ਕੋਲ ਪਹੁੰਚਣ ਤੇ ਆਪਣੀ ਪਹਿਲਾਂ ਵਰਗੀ ਤਾਕਤ ਨਾਲ਼ ਸਲੂਟ ਮਾਰਨ ਤੇ ਰਿਪੋਰਟ ਦੇਣ ਲਈ ਏਨੀ ਹਿੰਮਤ ਤੋਂ ਕੰਮ ਲੈਣਾ ਪਿਆ ਸੀ। ਹੁਣ ਤੋਪ ਨੂੰ ਧਿਆਨੋ ਪਰੋਖੇ ਕਰ ਕੇ ਜਿਵੇਂ ਓਥੇ ਕੋਈ ਹੋਵੇ ਹੀ ਨਾ, ਆਪਣੀ ਹਿੱਕ ਨਾਲ਼ ਸਿਰ ਜੋੜੀ ਢੀਚਕ ਚਾਲ ਤੁਰਿਆ ਜਾ ਰਿਹਾ ਸੀ।

"ਜ਼ੋਇਆ ਦੀ ਮੌਤ ਮਗਰੋਂ ਇਹ ਅਸਲੋਂ ਹੀ ਬਦਲ ਗਿਆ ਹੈ," ਊਖਾਨੋਵ ਨੇ ਆਖਿਆ। "ਠੀਕ ਹੈ, ਬਸ। ਹਾਲੇ ਇਸ ਬਾਰੇ ਨਹੀਂ ਸੋਚਾਂਗੇ। ਆਪਣੇ ਤਮਗ਼ਿਆਂ ਨੂੰ ਧੋਣ ਦਾ ਤਰੀਕਾ, ਭਰਾਓ, ਇਹ ਜੇ।"

ਉਸ ਨੇ ਤਰਪਾਲ ਦੇ ਵਿਚਾਲੇ ਮੱਗ ਰੱਖਿਆ, ਵੋਦਕਾ ਨਾਲ਼ ਅੱਧਾ ਭਰ ਦਿੱਤਾ, ਆਪਣਾ ਤਮਗ਼ਾ ਕੱਢਿਆ ਤੇ ਇਸ ਨੂੰ ਦੋ ਉਂਗਲਾਂ ਵਿਚ ਫੜ ਕੇ, ਜਿਵੇਂ ਇਹ ਖੰਡ ਦੀ ਡਲੀ ਹੋਵੇ, ਮੱਗ ਵਿਚ ਹੇਠਾਂ ਤੱਕ ਡੋਬ ਦਿੱਤਾ ਤੇ ਫੇਰ ਦੂਜਿਆਂ ਦੇ, ਰੂਬਿਨ, ਨੇਚਾਯੇਵ ਤੇ ਕੁਜ਼ਨੇਤਸੋਵ ਦੇ ਤਮਗ਼ਿਆਂ ਨਾਲ਼ ਵੀ ਇਸ ਤਰ੍ਹਾਂ ਕੀਤਾ।

ਸਾਰਿਆਂ ਨੇ ਵਾਰੀ-ਵਾਰੀ ਪੀਤੀ। ਕੁਜ਼ਨੇਤਸੋਵ ਨੇ ਸਭ ਤੋਂ ਅਖੀਰ ਮੱਗ ਫੜਿਆ। ਓਧਰ ਦਰੋਜ਼ਦੋਵਸਕੀ, ਜਿਵੇਂ ਸ਼ਰਾਬੀ ਹੋਵੇ, ਲੜਖੜਾਉਂਦਾ ਹੋਇਆ ਨਿਤਾਣਿਆਂ ਵਾਂਗ ਪੌੜੀਆਂ ਉੱਤਰ ਗਿਆ ਤੇ ਉਸ ਦੀ ਅਜੀਬ ਤਰ੍ਹਾਂ ਨਾਲ਼ ਝੁਕੀ ਹੋਈ ਸੂਰਤ ਢਾਹੇ ਪਿੱਛੇ ਨਜ਼ਰੋਂ ਓਹਲੇ ਹੋ ਗਈ। ਦਰਿਆ ਵਲੋਂ ਹਵਾ ਦੇ ਜ਼ੋਰਦਾਰ ਬੁੱਲੇ ਆਏ ਅਤੇ ਅਚਨਚੇਤ ਕੁਜ਼ਨੇਤਸੋਵ ਨੇ ਆਪਣੇ ਪਿੱਛੇ ਕੋਈ ਚੀਜ਼ ਫੜਫੜ ਕਰਦੀ ਸੁਣੀ, ਟੋਏ ਦੇ ਸਿਰੇ ਉੱਤੇ ਕੇਪ ਵਰਗੀ ਕੋਈ ਚੀਜ਼ ਜਿਸ ਤਰ੍ਹਾਂ ਦੀ ਅਵਾਜ਼ ਜ਼ੋਇਆ ਨੂੰ ਉਸ ਵਿਚ ਲਿਟਾ ਦੇਣ ਬਾਦ ਆਈ ਸੀ। ਮੱਗ ਉਹਦੇ ਹੱਥਾਂ ਵਿਚ ਹਿਲ ਗਿਆ ਤੇ ਉਸ ਵਿਚ ਪਏ ਤਮਗ਼ਿਆਂ ਨੇ ਟਨ-ਟਨ ਕੀਤੀ। ਸ਼ਰਾਬ ਪੀਂਦਿਆਂ ਉਸ ਨੇ ਸਵਾਲੀਆ ਅੰਦਾਜ਼ ਨਾਲ਼ ਆਪਣੀ ਨਜ਼ਰ ਉਸ ਚਿੱਟੇ ਹੋ ਗਏ ਧੌੜੇ ਵੱਲ ਮੋੜੀ ਜਿੱਥੇ ਡਾਕਟਰੀ ਬੈਗ ਬਰਫ ਵਿਚ ਲਿਸ਼-ਲਿਸ਼ ਕਰ ਰਿਹਾ ਸੀ ਤੇ ਉਹਨੂੰ ਖੰਘ ਆ ਗਈ, ਉਥੂ ਛਿੜ ਪਿਆ। ਉਸ ਨੇ ਮੱਗ ਇਕ ਪਾਸੇ ਸੁੱਟਿਆ, ਉੱਠ ਕੇ ਖੜ੍ਹਾ ਹੋ ਗਿਆ ਤੇ ਆਪਣੇ ਸੰਘ ਨੂੰ ਮਲਦਾ-ਮਲਦਾ ਤੋਪ ਤੋਂ ਸੰਚਾਰ-ਖਾਈ ਦੇ ਨਾਲ਼-ਨਾਲ਼ ਤੁਰ ਪਿਆ।

"ਲੈਫਟੀਨੈਂਟ, ਕੀ ਕਰਦਾ ਏ ? ਕਿਧਰ ਨੂੰ, ਲੈਫਟੀਨੈਂਟ ?" ਊਖਾਨੋਵ ਨੇ ਮਗਰੋਂ ਅਵਾਜ਼ਾਂ ਮਾਰੀਆਂ।

"ਕੁਝ ਨਹੀਂ...," ਉਸ ਨੇ ਫੁਸਰ-ਫੁਸਰ ਕਰ ਕੇ ਜਵਾਬ ਦਿੱਤਾ। "ਹੁਣੇ ਮੁੜਿਆ ਮੈਂ। ਬਸ, ...ਜ਼ਰਾ ਤੋਪ ਮੋਰਚਿਆਂ ਦਾ ਚੱਕਰ ਲਾ ਲਵਾਂ।"

ਸਿਰ ਉੱਪਰ, ਹਮਲਾ ਬੋਲਣ ਵਾਲ਼ੇ ਹਵਾਈ ਜਹਾਜ਼ ਪਿੰਡ ਦੇ ਉੱਪਰੋਂ ਨੀਵੇਂ-ਨੀਵੇਂ ਉੱਡਦੇ

ਲੰਘਦੇ ਸਨ ਤੇ ਸਤੇਪੀ ਵਿਚ ਦੂਰ ਤੱਕ ਉਹਨਾਂ ਦੀ ਗੂੰਜ ਉੱਠਦੀ ਸੀ। ਪ੍ਰਭਾਤ ਵੇਲ਼ੇ ਦੀ ਠੰਡੀ ਲੋਅ ਨਾਲ਼ ਉਹਨਾਂ ਦੇ ਖੰਭ ਗੁਲਾਬੀ ਲਿਸ਼ਕਾਂ ਮਾਰਦੇ ਸਨ ਤੇ ਫੇਰ ਉਹ ਦੁਮੇਲ ਉੱਤੇ ਝੋਲ ਖਾਕੇ, ਅੱਗ ਦੇ ਗੋਲ਼ਿਆਂ ਨਾਲ਼ ਪ੍ਰਭਾਤ ਦੇ ਵਾਤਾਵਰਣ ਨੂੰ ਲੀਰ-ਲੀਰ ਕਰਦੇ, ਅਦਿੱਖ ਟਿਕਾਣਿਆਂ ਨੂੰ ਟੁੱਭੀ ਮਾਰ ਜਾਂਦੇ ਸਨ। ਸਾਮ੍ਹਣੇ, ਮਚਦੇ ਪਿੰਡ ਦੀਆਂ ਛੱਤਾਂ ਤੋਂ ਪਾਰ, ਦੁਮੇਲ ਕਾਲ਼ੇ, ਊਦੇ, ਰੰਗ ਬਰੰਗੇ ਧੂਏਂ ਦੇ ਘੁੰਮਣ ਘੇਰੀਆਂ ਖਾਂਦੇ ਬੱਦਲ ਵਿਚ ਵਲ੍ਹੇਟਿਆ ਗਿਆ ਜਿਹੜਾ ਪੱਛਮ ਵੱਲ ਵਧਦਾ ਜਾ ਰਿਹਾ ਸੀ, ਜਿੱਥੇ ਬੇਰੰਗ, ਫਿੱਕਾ ਜਿਹਾ ਚੰਦ ਅਕਾਸ਼ ਦੇ ਵਿਸ਼ਾਲ ਸਖਣੇਪਨ ਵਿਚ ਹੇਠਾਂ ਹੁੰਦਾ ਜਾ ਰਿਹਾ ਸੀ।

• • •

ਬੋਰਿਸ ਪੋਲੇਵੋਈ

ਬੋਰਿਸ ਪੋਲੇਵੋਈ (1908–1981) ਮਾਸਕੋ ਵਿਚ ਜੰਮਿਆ ਸੀ ਪਰ ਉਹਦੇ ਪਾਲਣ-ਪੋਸਣ, ਲਿਖਾਈ-ਪੜ੍ਹਾਈ ਤੇ ਸਾਹਿਤ ਸਿਰਜਣਾ ਦਾ ਸਥਾਨ ਤਵੇਰ (ਅੱਜ ਕਲ੍ਹ ਕਾਲੀਨਿਨ) ਹੈ। ਉਹ ਮਹਾਨ ਦੇਸ਼ਭਗਤਕ ਜੰਗ ਦੇ ਸਾਲਾਂ ਵਿਚ ਅਖ਼ਬਾਰ "ਪ੍ਰਾਵਦਾ" ਦਾ ਜੰਗੀ ਪੱਤਰਪ੍ਰੇਰਕ ਸੀ। ਉਸ ਨੇ ਆਪ ਲੜਾਈਆਂ ਵਿਚ ਹਿੱਸਾ ਲਿਆ ਤੇ ਉਸ ਨੂੰ ਫੌਜੀ ਮੈਡਲਾਂ ਨਾਲ਼ ਸਨਮਾਨਿਤ ਕੀਤਾ ਗਿਆ ਹੋਇਆ ਹੈ।

ਪੋਲੇਵੋਈ ਨੇ ਕਈ ਕਿਤਾਬਾਂ ਲਿਖੀਆਂ ਹਨ, ਜਿਨ੍ਹਾਂ ਵਿਚੋਂ ਵੀਹ ਤੋਂ ਵੱਧ ਸਾਹਿਤਕ ਗਲਪ ਰਚਨਾਵਾਂ ਹਨ। ਪ੍ਰਮਾਣਿਕਤਾ ਉਹਦੀਆਂ ਰਚਨਾਵਾਂ ਦੀ ਵਿਸ਼ੇਸ਼ਤਾ ਹੈ। ਮੁੱਖ ਪਾਤਰ, ਮੁੱਖ ਘਟਨਾਵਾਂ ਕਲਪਿਤ ਨਹੀਂ ਹਨ। ਲੇਖਕ ਨੇ ਉਹਨਾਂ ਨੂੰ ਜੀਵਨ ਦੀਆਂ ਅਸਲੀਅਤਾਂ ਵਿਚੋਂ ਲਿਆ ਹੈ। ਪੰਜਾਬੀ ਵਿਚ ਛਪ ਚੁੱਕੇ ਨਾਵਲ "ਅਸਲੀ ਮਨੁੱਖ ਦੀ ਕਹਾਣੀ" ਦਾ ਮੁੱਖ ਪਾਤਰ ਵੀ ਹਕੀਕੀ ਹੋਣੀ ਦੀ ਦੇਣ ਹੈ ਤੇ ਇਸ ਸੰਗ੍ਰਹਿ ਵਿਚਲੀ ਕਹਾਣੀ ਦੇ ਪਾਤਰ ਤੇ ਘਟਨਾਵਾਂ ਵੀ ਕਲਪਿਤ ਨਹੀਂ ਹਨ।

ਅਸੀਂ ਸੋਵੀਅਤ ਲੋਕ ਹਾਂ

ਕੁੜੀ ਉੱਨੀ ਕੁ ਵਰ੍ਹਿਆਂ ਦੀ ਲੱਗਦੀ ਸੀ।

ਸਰੀਰ ਪਤਲਾ ਤੇ ਸੁੰਦਰ ਸੁਡੌਲ। ਜ਼ੈਤੂਨੀ ਚਿਹਰੇ ਉੱਤੇ ਬਚਪਨ ਦੀਆਂ ਤਰਾਸ਼ੀਆਂ ਹੋਈਆਂ ਗੁਲਾਈਆਂ ਅਜੇ ਕੁਝ ਬਾਕੀ ਸਨ। ਅੱਖਾਂ, ਵੱਡੀਆਂ-ਵੱਡੀਆਂ ਤੇ ਨਿਰਮਲ, ਲੰਮੀਆਂ ਝਿਮਣੀਆਂ ਦੀ ਝਾਲਰ, ਖੁਸ਼ੀ ਤੇ ਹੈਰਾਨੀ ਨਾਲ਼ ਇਉਂ ਵੇਖਦੀਆਂ ਜਿਵੇਂ ਪੁੱਛ ਰਹੀਆਂ ਹੋਣ: ਚਾਰ-ਚੁਫੇਰੇ ਸਭ ਕੁਝ ਏਡਾ ਹੀ ਚੰਗਾ ਹੈ, ਕਾਮਰੇਡ ? ਜਾਂ ਸਿਰਫ ਮੈਨੂੰ ਇਸ ਤਰ੍ਹਾਂ ਜਾਪਦਾ ਹੀ ਹੈ ?

ਸਿਰਫ ਉੱਚਾ ਲੰਮਾ ਪੇਚਦਾਰ ਜੂੜਾ ਹੀ ਸੀ ਜਿਹੜਾ ਉਹ ਆਪਣੇ ਭਾਰੇ ਗੂੜ੍ਹੇ ਭੂਰੇ ਕੇਸਾਂ ਦਾ ਬਣਾਉਂਦੀ ਸੀ ਜਿਸ ਨਾਲ ਉਸ ਦੀ ਛਬੀ ਦੀ ਸੁੰਦਰਤਾ ਤਬਾਹ ਹੋ ਜਾਂਦੀ ਸੀ ਜਿਵੇਂ ਕਿਸੇ ਮਧੁਰ ਗੀਤ ਵਿਚ ਕੋਈ ਬੇਸੁਰੀ ਅਵਾਜ਼ ਆ ਰਲੇ।

ਉਸ ਨੇ ਫੁੱਲਾਂ ਵਾਲ਼ੀ ਹੁਨਾਲ ਫਰਾਕ ਪਾਈ ਹੋਈ ਸੀ, ਧੁੱਪ ਨਾਲ਼ ਕਾਲ਼ੀ ਹੋਈ ਗਰਦਨ ਦੁਆਲੇ ਸੋਨੇ ਦੀ ਜ਼ੰਜੀਰੀ ਤੇ ਗਰਦਨ ਉੱਤੇ ਬੜੇ ਫ਼ਖ਼ਰ ਨਾਲ਼ ਮਨਮੋਹਣਾ ਜਵਾਨ ਸਿਰ ਟਿਕਿਆ ਹੋਇਆ ਸੀ।

ਉਸ ਨੇ ਜ਼ਰੂਰ ਮਹਿਸੂਸ ਕਰ ਲਿਆ ਹੋਵੇਗਾ ਕਿ ਉਹ ਇਹਨਾਂ ਧੁੱਪ-ਝੁਲਸਾਏ ਲੋਕਾਂ ਵਿਚ ਓਪਰੀ ਲੱਗਦੀ ਹੈ ਜਿਨ੍ਹਾਂ ਨੇ ਘਸੀਆਂ ਤੇ ਧੁੱਪ ਨਾਲ਼ ਉੱਡ ਗਏ ਰੰਗਾਂ ਵਾਲ਼ੀਆਂ ਕਮੀਜ਼ਾਂ ਪਾਈਆਂ ਹੋਈਆਂ ਸਨ। ਇਸ ਲਈ ਉਹਨੇ ਕਿਸੇ ਦਾ ਵੱਡਾ ਕੋਟ ਚੁੱਕ ਕੇ ਆਪਣੇ ਮੋਢਿਆਂ ਉੱਤੇ ਸੁੱਟ ਲਿਆ ਅਤੇ ਅਗਸਤ ਦੀ ਹੁੰਮਸਭਰੀ ਗਰਮੀ ਵਾਲ਼ੀਆਂ ਤਰਕਾਲਾਂ ਦੇ ਬਾਵਜੂਦ, ਜਦੋਂ ਹਵਾ ਵੀ ਬੰਦ ਸੀ, ਜਿੰਨਾ ਚਿਰ ਉਹ ਚਿੱਟੀ ਯੂਕਰੇਨੀ ਝੁੱਗੀ ਦੇ ਬਾਹਰ ਬੈਠੀ ਰਹੀ, ਵੱਡਾ ਕੋਟ ਉਸ ਦੇ ਮੋਢੇ ਉੱਤੇ ਹੀ ਰਿਹਾ।

ਉਹ ਇਸ ਆਮ ਪਿੰਡ ਦੀ ਜ਼ਿੰਦਗੀ ਨੂੰ, ਜਿੱਥੇ ਹੈੱਡਕੁਆਟਰ ਸੀ, ਬੜੀ ਰੀਝ-ਭਰੀ ਦਿਲਚਸਪੀ ਨਾਲ਼ ਵੇਖ ਰਹੀ ਸੀ। ਓਸੇ ਹੀ ਮੋਹਭਰੀ ਉਤਸੁਕਤਾ ਨਾਲ਼ ਉਹਨੇ ਡਰਾਈਵਰਾਂ ਦੀਆਂ ਫਿੱਕੇ ਪੈ ਗਏ ਰੰਗਾਂ ਤੇ ਤੇਲ ਦੇ ਦਾਗਾਂ ਵਾਲ਼ੀਆਂ ਡਾਂਗਰੀਆਂ ਵੱਲ ਵੇਖਿਆ ਸੀ ਜਿਹੜੇ ਸ਼ਾਹਦਾਣੇ ਦੇ ਬਗ਼ੀਚੇ ਵਿਚ ਛਾਵੇਂ ਉਲਟ ਗਈ ਜੀਪ ਦੇ ਇੰਜਨ ਨਾਲ਼ ਮੱਥਾ ਮਾਰ ਰਹੇ ਸਨ; ਫ਼ੌਜੀ ਡਾਕੀਏ ਵੱਲ ਵੇਖਿਆ ਸੀ ਜਿਸ ਨੇ ਆਪਣੀ ਟੋਪੀ ਇਕ ਕੰਨ ਉੱਪਰ ਕੀਤੀ ਹੋਈ ਸੀ ਤੇ ਇਕ ਮੋਢੇ ਉੱਤੇ ਆਪਣਾ ਫੁਲਿਆ ਹੋਇਆ ਝੋਲਾ ਟਿਕਾਇਆ ਹੋਇਆ ਸੀ, ਜਿਸ ਦੇ ਚਿਹਰੇ ਉੱਤੇ ਉਹਦੇ ਕੋਲੋਂ ਲੰਘਣ ਲੱਗਿਆਂ ਅਜਿਹੀ ਗੰਭੀਰਤਾ ਤੇ ਅਹਮ ਦਾ ਭਾਵ ਸੀ

ਜਿਹੜਾ ਫੌਜੀ ਡਾਕੀਆਂ ਦੇ ਚਿਹਰੇ ਉੱਤੇ ਓਦੋਂ ਖਾਸ ਤੌਰ ’ਤੇ ਹੁੰਦਾ ਜਦੋਂ ਉਹਨਾਂ ਨੇ ਨਵੀਂ ਆਈ ਡਾਕ ਦਾ ਵੱਡਾ ਸਾਰਾ ਬੰਡਲ ਚੁੱਕਿਆ ਹੋਇਆ ਹੋਵੇ; ਫ਼ੌਜ ਦੇ ਖੁਫੀਆ ਮਹਿਕਮੇ ਦੇ ਮੁਖੀ, ਇਕ ਹੱਟੇ-ਕੱਟੇ ਕਰਨਲ ਵੱਲ ਵੇਖਿਆ ਸੀ ਜਿਹੜਾ ਸਾਫ-ਸੁਥਰੀ ਵਰਦੀ ਪਾਈ ਕਮਰ ਨੂੰ ਪੇਟੀ ਬੰਨ੍ਹ ਕੇ ਬਾਗ਼ ਦੇ ਜੰਗਲੇ ਦੇ ਪਰਲੇ ਪਾਸੇ, ਆਪਣੀਆਂ ਹੀ ਸੋਚਾਂ ਵਿਚ ਡੁੱਬਾ ਹੋਇਆ ਚੁਰ-ਚੁਰ ਕਰਦੇ ਬੂਟਾਂ ਵਿਚ ਟਹਿਲ ਰਿਹਾ ਸੀ; ਗਾਰਦ ਦੇ ਜਵਾਨਾਂ ਵੱਲ ਵੇਖਿਆ ਸੀ ਜਿਹੜੇ ਮਕਾਨ ਦੇ ਪਿਛਲੇ ਪਾਸੇ ਧੂੜ ਲੱਦੇ ਘਾਹੀ ਮੈਦਾਨ ਵਿਚ ਬੈਠੇ ਸਨ ਤੇ ਹੁਣੇ-ਹੁਣੇ ਘਰੋਂ ਆਈਆਂ ਚਿੱਠੀਆਂ ਉੱਚੀ-ਉੱਚੀ ਇਕ ਦੂਜੇ ਨੂੰ ਪੜ੍ਹ ਕੇ ਸੁਣਾ ਰਹੇ ਸਨ।

“ਮੈਂ, ਜਿਵੇਂ ਕੋਈ ਭੁੱਖਾ ਹੋਵੇ, ਵੇਖੀ ਗਈ, ਵੇਖੀ ਗਈ, ਪਰ ਵੇਖ-ਵੇਖ ਕੇ ਮੇਰਾ ਮਨ ਨਹੀਂ ਸੀ ਭਰਦਾ। ਨਹੀਂ, ਤੁਸੀਂ ਇਸ ਭਾਵਨਾ ਨੂੰ ਨਹੀਂ ਸਮਝ ਸਕਦੇ। ਇਸ ਨੂੰ ਸਿਰਫ ਉਹ ਸਮਝ ਸਕਦਾ ਹੈ ਜਿਸ ਨੂੰ ਮੁੱਦਤਾਂ ਤੋਂ ਆਪਣਿਆਂ ਨਾਲ਼ੋਂ, ਉਸ ਸਭ ਕੁਝ ਨਾਲ਼ੋਂ ਜਿਸ ਨਾਲ਼ ਉਹ ਗਿੱਝਾ ਹੋਇਆ ਹੋਵੇ, ਜਿਸ ਨੂੰ ਪਿਆਰ ਕਰਦਾ ਹੋਵੇ, ਵਿਛੋੜ ਦਿੱਤਾ ਗਿਆ ਹੋਵੇ ਅਤੇ ਉਸ ਓਪਰੇ ਤੇ ਸ਼ੈਤਾਨੀ ਸੰਸਾਰ ਵਿਚ ਸੁੱਟ ਦਿੱਤਾ ਗਿਆ ਹੋਵੇ!” ਉਸ ਨੇ ਨੀਵੀਂ, ਭਰਵੀਂ ਅਵਾਜ਼ ਵਿਚ ਆਖਿਆ।

ਬੱਚਿਆਂ ਵਰਗਾ ਹਾਵ-ਭਾਵ ਜਿਸ ਨੇ ਇਕ ਪਲ਼ ਪਹਿਲਾਂ ਉਹਦੇ ਚਿਹਰੇ ਨੂੰ ਨੂਰ-ਨੂਰ ਕੀਤਾ ਹੋਇਆ ਸੀ ਇਉਂ ਮਿੱਟ ਗਿਆ ਸੀ ਜਿਵੇਂ ਹਵਾ ਉਡਾ ਕੇ ਲੈ ਗਈ ਹੋਵੇ ਅਤੇ ਮੈਨੂੰ ਜਾਪਿਆ, ਜਿਵੇਂ ਇਸ ਖੁਰਦਰੇ ਵੱਡੇ ਕੋਟ ਦੇ ਹੇਠਾਂ ਉਸ ਨੇ ਘਿਰਣਾ ਨਾਲ਼ ਆਪਣੇ ਮੋਢੇ ਛੰਡੇ ਹੋਣ।

ਵਿਸ਼ਵਾਸ ਨਹੀਂ ਸੀ ਆਉਂਦਾ ਕਿ ਇਹ ਕੁੜੀ, ਵੇਖਣ ਨੂੰ ਏਡੀ ਨਾਜ਼ੁਕ ਤੇ ਏਡੀ ਜਵਾਨ, ਸੈਨਾ ਵਿਚ ਉਹ ਕੰਮ ਕਰਦੀ ਰਹੀ ਜਿਹੜੇ ਅਤਿਅੰਤ ਖਤਰਨਾਕ ਤੇ ਜਿੰਮੇਵਾਰੀ ਵਾਲ਼ੇ ਹੁੰਦੇ ਹਨ, ਕਿ ਉਹ ਇਕ ਗੁੰਮਨਾਮ ਵੀਰਾਂਗਣ ਸੀ ਜਿਸ ਨੇ ਮੁਹਾਜ਼ ਦੇ ਦੂਜੇ ਪਾਸੇ ਤੋਂ, ਆਪਣੀ ਜ਼ਿੰਦਗੀ ਨੂੰ ਹਰ ਪਲ ਜੋਖੋਂ ਵਿਚ ਪਾ ਕੇ ਸਾਡੇ ਹੈੱਡਕੁਆਟਰ ਨੂੰ ਉਹ ਜਾਣਕਾਰੀ ਪਹੁੰਚਾਈ ਸੀ ਜਿਸ ਤੋਂ ਕਮਾਂਡ ਨੂੰ ਦੁਸ਼ਮਣ ਦੀਆਂ ਚਾਲਾਂ ਦੀ ਪੇਸ਼ਬੰਦੀ ਕਰਨ ਵਿਚ ਮਦਦ ਮਿਲੀ। ਅਜਿਹੇ ਕੰਮ ਕਰਨ ਵਾਲ਼ੇ ਆਮ ਕਰ ਕੇ ਨਵੇਕਲੇ ਤੇ ਚੁੱਪ-ਗੜੁੱਪ ਹੀ ਰਹਿੰਦੇ ਹਨ। ਪਰ ਇਸ ਕੁੜੀ ਦੀਆਂ ਤਾਰੀਫਾਂ ਕਰਨ ਵਿਚ ਉਹ ਬੜੇ ਫਰਾਖ਼ਦਿਲ ਸਨ।

ਉਹ “ਬਰਚਾ” ਦੇ ਨਾਂ ਨਾਲ਼ ਜਾਣੀ ਜਾਂਦੀ ਸੀ। ਮੈਨੂੰ ਨਹੀਂ ਪਤਾ ਕਿ ਉਹਦਾ ਇਹ ਨਾਂ ਕਿਸ ਤਰ੍ਹਾਂ ਪੈ ਗਿਆ, ਪਰ ਉਹਦੇ ਵਾਸਤੇ ਇਸ ਤੋਂ ਚੰਗਾ ਨਾਂ ਲੱਭਣਾ ਔਖਾ ਹੋਣਾ ਸੀ। ਸੱਚਮੁੱਚ ਹੀ ਉਸ ਨੂੰ ਵੇਖ ਕੇ ਬਰਚੇ ਦੀ ਲਚਕੀਲੀ ਸ਼ਾਖ ਦਾ ਚੇਤਾ ਆ ਜਾਂਦਾ ਸੀ ਜਿਹੜੀ ਰੁਮਕ-ਰੁਮਕ ਚਲਦੀ ਪੌਣ ਵਿਚ ਪੱਤੀਆਂ ਸਮੇਤ ਝੂਮ-ਝੂਮ ਜਾਂਦੀ ਹੈ। ਅਤੇ ਉਸ ਦੇ ਨੈਣ-ਨਕਸ਼ਾਂ ਵਿਚੋਂ ਉਹ ਠਰ੍ਹੰਮੇ ਭਰੀ ਦਲੇਰੀ, ਦ੍ਰਿੜ੍ਹਤਾ, ਭਰੋਸਾ, ਤੇ ਹਿਸਾਬੀ ਹੁਸ਼ਿਆਰੀ ਬਿਲਕੁਲ ਨਜ਼ਰ ਨਹੀਂ ਸੀ ਆਉਂਦੀ ਜੋ ਉਹਦੇ ਵਾਲ਼ੇ ਪੇਸ਼ੇ ਦੇ ਲੋਕਾਂ ਦੀਆਂ ਲਾਜ਼ਮੀ ਸਿਫਤਾਂ ਹੁੰਦੀਆਂ ਹਨ। ਸ਼ਾਇਦ ਏਹੋ ਕਾਰਨ ਸੀ ਕਿ ਉਹਨੂੰ ਅਤਿਅੰਤ ਔਖੇ ਤੋਂ ਔਖੇ ਕੰਮਾਂ ਵਿਚ ਵੀ ਮੁਕੰਮਲ ਕਾਮਯਾਬੀ ਹਾਸਿਲ ਹੋਈ।

ਫ਼ੌਜ ਦੇ ਖੁਫੀਆ ਮਹਿਕਮੇ ਦੇ ਮੁਖੀ, ਇਕ ਕਰਨਲ ਨੇ, ਮੇਰੇ ਕੋਲ਼ੋਂ ਉਹਦਾ ਅਸਲੀ ਨਾਂ ਕਦੇ ਵੀ ਜ਼ਾਹਿਰ ਨਾ ਕਰਨ ਦਾ ਇਕਰਾਰ ਲੈ ਕੇ, ਮੈਨੂੰ ਉਸ ਦੇ ਜੰਗੀ ਜੀਵਨ ਦੀ ਕਹਾਣੀ ਸੁਣਾਈ।

ਇਕ ਉੱਘੇ ਵਿਗਿਆਨੀ ਦੀ ਇਕੋ ਇਕ ਧੀ, ਉਹ ਇਕ ਖਾਨਦਾਨੀ ਪਰਿਵਾਰ ਵਿਚ ਜੰਮੀ ਪਲੀ ਸੀ, ਉੱਚੀ ਵਿੱਦਿਆ ਪ੍ਰਾਪਤ ਕੀਤੀ ਸੀ, ਸੰਗੀਤ ਤੇ ਗਾਇਕੀ ਦੀ ਸਿੱਖਿਆ ਲਈ ਸੀ, ਅਤੇ ਛੋਟੀ ਉਮਰ ਤੋਂ ਯੂਕਰੇਨੀ, ਰੂਸੀ, ਫਰਾਂਸੀਸੀ ਤੇ ਜਰਮਨ ਇਕੋ ਜਿਹੀ ਸਰਲਤਾ ਨਾਲ਼ ਬੋਲਣੀ ਸਿੱਖ ਗਈ ਸੀ। ਜਦੋਂ ਲੜਾਈ ਛਿੜੀ, ਉਹ ਯੂਨੀਵਰਸਿਟੀ ਵਿਚ ਆਪਣੇ ਆਖਰੀ ਸਾਲ ਵਿਚ ਸੀ। ਜਾਗ੍ਰਤੀ ਕਾਲ ਦੇ ਯੂਰਪੀ ਸਾਹਿਤ ਵਿਚ ਉਚੇਚੀ ਦਿਲਚਸਪੀ ਹੋਣ ਕਾਰਨ, ਉਹ ਭਾਸ਼ਾ-ਵਿਗਿਆਨ ਦੀ ਵਿਸ਼ੇਸ਼ੱਗ ਬਣ ਰਹੀ ਸੀ। ਉਸ ਨੇ ਜਾਨ ਬੇਤਿਸਟ ਰੇਸਾਈਨ* ਦੇ ਨਾਟਕਾਂ ਬਾਰੇ ਇਕ ਦਿਲਚਸਪ ਤੇ ਵਿਵਾਦਾਤਮਕ ਲੇਖ ਵੀ ਲਿਖਿਆ ਸੀ ਜਿਹੜਾ ਇਕ ਅਕਾਦਮੀ ਦੇ ਰਸਾਲੇ ਵਿਚ ਕਲਮੀ ਨਾਂ ਹੇਠ ਛਪਿਆ ਸੀ। ਇਸ ਲੇਖ ਨੇ ਵਿਗਿਆਨਕ ਹਲਕਿਆਂ ਦਾ ਧਿਆਨ ਖਿੱਚਿਆ ਸੀ।

ਲੜਾਈ ਛਿੜ ਪੈਣ ਬਾਅਦ ਉਸ ਨੇ, ਆਪਣੇ ਮਾਪਿਆਂ ਦੀ ਮਰਜ਼ੀ ਦੇ ਖਿਲਾਫ, ਆਪਣੇ ਆਖਰੀ ਇਮਤਿਹਾਨ ਵਿਚ ਬੈਠਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਨਰਸਾਂ ਦੇ ਸਿਖਲਾਈ ਕੋਰਸ ਵਿਚ ਦਾਖਲ ਹੋ ਗਈ ਸੀ। ਉਸ ਨੇ ਮੁਹਾਜ਼ ਉੱਤੇ ਜਾਣ ਦਾ ਫੈਸਲਾ ਕਰ ਲਿਆ ਸੀ। ਪਰ ਉਹਦਾ ਕੋਰਸ ਅਜੇ ਪੂਰਾ ਨਹੀਂ ਸੀ ਹੋਇਆ ਕਿ ਦੁਸ਼ਮਣ ਉਹਦੇ ਆਪਣੇ ਸ਼ਹਿਰ ਤੱਕ ਅੱਗੇ ਵਧ ਆਇਆ ਅਤੇ ਉਸ ਦੇ ਬਾਹਰਵਾਰ ਦੇ ਇਲਾਕਿਆਂ ਵਿਚ ਡੱਟਵੀਂ ਲੜਾਈ ਹੋਈ। ਕੁਝ ਚਿਰ ਉਹਨੇ ਤੇ ਸਿਖਲਾਈ ਕੋਰਸ ਦੇ ਉਹਦੇ ਦੂਜੇ ਸਾਥੀਆਂ ਨੇ ਜ਼ਖਮੀਆਂ ਨੂੰ ਮੈਦਾਨ ਵਿਚੋਂ ਚੁੱਕ ਲਿਆਉਣ ਵਿਚ ਮਦਦ ਕੀਤੀ ਤੇ ਸ਼ਹਿਰੋਂ ਬਾਹਰ ਕੱਢੇ ਗਏ ਹਸਪਤਾਲ ਵਿਚ ਕੰਮ ਕੀਤਾ। ਦੁਸ਼ਮਣ ਨੇ ਸ਼ਹਿਰ ਨੂੰ ਘੇਰ ਲਿਆ ਸੀ। ਹੁਕਮ ਆਇਆ ਕਿ ਸ਼ਹਿਰ ਖਾਲੀ ਕਰ ਦਿੱਤਾ ਜਾਏ। ਮਾਪੇ ਇਸ ਗੱਲ ਉੱਤੇ ਅੜੇ ਹੋਏ ਸਨ ਕਿ ਉਹ ਉਹਨਾਂ ਦੇ ਨਾਲ਼ ਚਲੇ।

“ਪੁਰਾਣੀ ਕਹਾਵਤ ਹੈ ਕਿ ਜਿਸ ਨੂੰ ਜਿੰਨਾ ਕੁਝ ਦਿੱਤਾ ਗਿਆ ਹੋਵੇ ਉਸ ਤੋਂ ਓਨੇ ਦੀ ਹੀ ਆਸ ਕੀਤੀ ਜਾਂਦੀ ਹੈ,” ਉਸ ਦੇ ਪਿਓ ਨੇ ਆਖਿਆ ਸੀ। “ਕੋਈ ਵੀ ਕੁੜੀ ਜ਼ਖਮੀਆਂ ਨੂੰ ਚੁੱਕ ਕੇ ਲਿਜਾ ਸਕਦੀ ਹੈ, ਪਰ ਯਾਦ ਰੱਖ, ਤੈਨੂੰ ਤਾਲੀਮ ਦੇਣ ਵਾਸਤੇ ਸਰਕਾਰ ਨੇ ਬਹੁਤ ਸਾਰਾ ਖਰਚ ਕੀਤਾ ਹੈ। ਤੈਨੂੰ ਉਹ ਜ਼ੁਬਾਨਾਂ ਆਉਂਦੀਆਂ ਨੇ, ਜਿਹੜੀਆਂ ਬਹੁਤੇ ਲੋਕਾਂ ਨੂੰ ਨਹੀਂ ਆਉਂਦੀਆਂ। ਪਿਛਵਾੜੇ ਵਿਚ ਕੰਮ ਕਰ ਕੇ ਸਰਕਾਰ ਦੀ ਵਡੇਰੀ ਸੇਵਾ ਕਰਨਾ ਤੇਰਾ ਫਰਜ਼ ਹੈ।”

ਕੁੜੀ ਜਾਣਦੀ ਸੀ ਕਿ ਉਹਦੇ ਪਿਓ ਦੀਆਂ ਦਲੀਲਾਂ ਵਿਚ ਸੁਹਿਰਦਤਾ ਨਹੀਂ। ਉਹ ਇਸ ਤਰ੍ਹਾਂ ਸੋਚ ਹੀ ਨਹੀਂ ਸੀ ਸਕਦਾ। ਪਰ ਉਹ ਉਸ ਦਾ ਦਿਲ ਨਹੀਂ ਸੀ ਦੁਖਾਉਣਾ ਚਾਹੁੰਦੀ, ਇਸ ਲਈ ਉਹਨੇ ਪੋਲੇ ਜਿਹੇ ਆਖਿਆ:

“ਪਾਪਾ, ਮੈਂ ਸੁਣਿਆ ਹੈ, ਕਿ ਇਸ ਵੇਲ਼ੇ ਤਾਂ ਸੋਵੀਅਤਾਂ ਦੇ ਮਹੱਲ ਦੇ ਗਾਰਡਰ ਵੀ ਢਾਲ਼ੇ

---

* ਫਰਾਂਸੀਸੀ ਡਰਾਮਾਕਾਰ (17 ਵੀਂ ਸਦੀ)। **—ਸੰਪਾ:**

ਜਾ ਰਹੇ ਹਨ ਤਾਂ ਜੋ ਗੋਲ਼ਿਆਂ ਦੇ ਖੋਲ ਤੇ ਟੈਂਕਾਂ ਦੇ ਬਕਤਰ ਬਣਾਏ ਜਾ ਸਕਣ। ਅਸੀਂ ਕਿਸੇ ਵੀ ਕੀਮਤ ਉੱਤੇ ਜਿੱਤ ਹਾਸਿਲ ਕਰਨੀ ਹੈ। ਇਹ ਨਗੂਣੇ ਹਿਸਾਬਾਂ-ਕਿਤਾਬਾਂ ਵਿਚ ਪੈਣ ਦਾ ਵੇਲਾ ਨਹੀਂ।"

ਉਹ ਆਪਣੇ ਮਾਪਿਆਂ ਨਾਲ਼ ਸ਼ਹਿਰ ਛੱਡ ਕੇ ਨਹੀਂ ਸੀ ਗਈ, ਪਰ ਉਹਦੇ ਪਿਓ ਦੇ ਲਫਜ਼ਾਂ ਨੇ ਉਸ ਨੂੰ ਸੋਚਾਂ ਵਿਚ ਪਾ ਦਿੱਤਾ ਸੀ। ਇਹ ਸੱਚੀ ਗੱਲ ਸੀ ਕਿ ਉਹ ਜ਼ੁਬਾਨਾਂ ਜਾਣਦੀ ਸੀ, ਜ਼ਖਮੀਆਂ ਦੀ ਸਾਂਭ-ਸੰਭਾਲ ਕਰਨ ਨਾਲੋਂ ਇਸ ਤਰ੍ਹਾਂ ਉਹ ਸੰਭਵ ਤੌਰ 'ਤੇ ਆਪਣੇ ਦੇਸ਼ ਦੇ ਵਧੇਰੇ ਕੰਮ ਆ ਸਕਦੀ ਸੀ। ਇਹ ਸੋਚ ਕੇ ਉਹ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਕਮੇਟੀ ਦੇ ਦਫਤਰ ਨੂੰ ਤੁਰ ਪਈ।

ਸ਼ਹਿਰ ਕੁਝ ਘੰਟਿਆਂ ਵਿਚ ਹੀ ਖਾਲੀ ਕੀਤਾ ਜਾਣਾ ਸੀ। ਪਾਰਟੀ ਹੈਡਕੁਆਟਰ ਵਿਚ ਥੱਕੇ-ਟੁੱਟੇ ਲੋਕ, ਦੁੱਖਾਂ ਮੁਸੀਬਤਾਂ ਤੇ ਹੱਡ ਭੰਨਵੇਂ ਕੰਮਾਂ ਨਾਲ਼ ਚੂਰ ਹੋਏ ਲੋਕ, ਦਸਤਾਵੇਜ਼ਾਂ ਸਾੜ ਰਹੇ ਸਨ। ਕਮਰਿਆਂ ਵਿਚ ਸਵਾਹ ਉੱਡ ਰਹੀ ਸੀ ਤੇ ਪੈਰਾਂ ਹੇਠਾਂ ਸਰਸਰ ਕਰਦੀ ਸੀ। ਮਜ਼ਦੂਰ ਬਟਾਲੀਅਨਾਂ ਦੇ ਹਥਿਆਰਬੰਦ ਵਲੰਟੀਅਰ ਅੰਦਰ ਬਾਹਰ ਆ ਜਾ ਰਹੇ ਸਨ। ਟੈਲੀਫੋਨਾਂ ਦੀਆਂ ਘੰਟੀਆਂ ਦੂਹੋ ਦੂਹ ਖੜਕ ਰਹੀਆਂ ਸਨ। ਉਹਦੇ ਨਾਲ਼ ਗੱਲ ਕਰਨ ਦੀ ਕਿਸੇ ਨੂੰ ਵਿਹਲ ਨਹੀਂ ਸੀ। ਇਸ ਨਾਜ਼ਕ ਲੰਮੀ ਪਤਲੀ ਤੇ ਸੁਹਣੀ, ਸੱਜੀ-ਫੱਬੀ ਕੁੜੀ ਦੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਭਾਵੇਂ ਉਸ ਵੇਲ਼ੇ ਤੱਕ ਉਹ ਓਪਰਿਆਂ ਤੋਂ ਕੁਝ-ਕੁਝ ਸੰਗਦੀ ਝਿਜਕਦੀ ਰਹੀ ਸੀ, ਪਰ ਹੁਣ ਉਸ ਨੇ ਆਪਣੀ ਅਸਲ ਦਲੇਰੀ ਵਿਖਾਈ ਸੀ। ਕਿਸੇ ਨੂੰ ਮੂਰਖ ਬਣਾ ਕੇ, ਕਿਸੇ ਹੋਰ ਕੋਲੋਂ ਮਜ਼ਾਕ ਨਾਲ਼ ਖਹਿੜਾ ਛੁਡਾ ਕੇ ਤੇ ਕਿਸੇ ਨੂੰ ਧੱਕ ਕੇ ਰਾਹ ਵਿਚੋਂ ਲਾਂਭੇ ਕਰ ਕੇ, ਉਹ ਅਖੀਰ ਧੁਸ ਦੇ ਕੇ ਜ਼ਿਲ੍ਹਾ ਪਾਰਟੀ ਕਮੇਟੀ ਦੇ ਸਕੱਤਰ ਦੇ ਦਫਤਰ ਵਿਚ ਜਾ ਵੜੀ। ਉਸ ਨੇ ਸਕੱਤਰ ਨੂੰ ਆਪਣਾ ਨਾਂ ਦੱਸਿਆ ਜਿਸ ਤੋਂ ਸ਼ਹਿਰ ਵਿਚ ਸਭ ਵਾਕਫ ਸਨ, ਅਤੇ ਉਹਨੂੰ ਦੱਸਿਆ ਕਿ ਉਹਨੂੰ ਬਦੇਸ਼ੀ ਜ਼ਬਾਨਾਂ ਖੂਬ ਚੰਗੀ ਤਰ੍ਹਾਂ ਆਉਂਦੀਆਂ ਹਨ ਅਤੇ ਚਾਹੁੰਦੀ ਹੈ ਕਿ ਉਸ ਨੂੰ ਕੋਈ ਸੈਨਿਕ ਕੰਮ ਦਿੱਤਾ ਜਾਏ।

"ਕੀ, ਕੀ ? ਤੁਸੀਂ ਪ੍ਰੋਫੈਸਰ 'ਓ,' ਦੀ ਧੀ ਹੋ, ਹੈਂ ? ਤੁਸੀਂ ਗਏ ਕਿਉਂ ਨਹੀਂ ?" ਸਕੱਤਰ ਨੇ ਪੁੱਛਿਆ। ਉਹ ਸ਼ਹਿਰ ਖਾਲੀ ਕਰਨ ਨਾਲ਼ ਜੁੜੀਆਂ ਸਭ ਸਮੱਸਿਆਵਾਂ ਤੋਂ ਖਹਿੜਾ ਛੁਡਾਉਣ ਦੀ ਕੋਸ਼ਿਸ਼ ਵਿਚ ਸੀ। ਉਸ ਨੇ ਬੜੇ ਧਿਆਨ ਨਾਲ਼ ਉਹਦੇ ਕਾਗ਼ਜ਼ ਵੇਖੇ ਤੇ ਫੇਰ, ਅਚਾਨਕ, ਕੋਈ ਗੱਲ ਯਾਦ ਆ ਜਾਣ 'ਤੇ, ਉਸ ਨੇ ਪੁੱਛਿਆ "ਤੁਸੀਂ ਜਰਮਨ ਜਾਣਦੇ ਹੋ ?"

"ਜਿਵੇਂ ਆਪਣੀ ਯੂਕਰੇਨੀ ਜਾਣਦੀ ਹਾਂ।"

ਸਕੱਤਰ ਨੇ ਇਕ ਵਾਰੀ ਫੇਰ ਦੁਚਿੱਤੀ ਜਿਹੀ ਨਾਲ਼ ਇਸ ਪਤਲੀ ਪਤੰਗ ਮੁਟਿਆਰ ਵੱਲ ਵੇਖਿਆ ਜਿਸ ਦਾ ਚਿਹਰਾ ਬੱਚਿਆਂ ਵਾਂਗ ਗੋਲ਼ ਸੀ।

"ਜਿਹੜੇ ਕੰਮ ਬਾਰੇ ਮੈਂ ਸੋਚ ਰਿਹਾ ਆਂ ਉਹ ਬਹੁਤ ਔਖਾ ਸਾਬਤ ਹੋ ਸਕਦਾ ਏ ਤੇ, ਮੈਂ ਤੁਹਾਨੂੰ ਸਾਫ-ਸਾਫ ਦੱਸ ਦੇਵਾਂ, ਬਹੁਤ ਖਤਰਨਾਕ ਵੀ।"

"ਮੈਂ ਤਿਆਰ ਹਾਂ।"

ਸਕੱਤਰ ਨੇ ਸਾਰਿਆਂ ਨੂੰ ਬਾਹਰ ਚਲੇ ਜਾਣ ਵਾਸਤੇ ਆਖਿਆ ਤੇ ਫੇਰ ਮੇਜ਼ ਉੱਤੇ ਪਏ

ਫੀਲਡ ਟੈਲੀਫੋਨ ਦਾ ਰਸੀਵਰ ਚੁੱਕਿਆ ਤੇ ਇਕ ਨੰਬਰ ਮਿਲਾਇਆ।

"ਮੇਰੀ ਅਵਾਜ਼ ਸੁਣਦੇ ਹੋ ? ਮੈਂ ਬੋਲਦਾ... ਹਾਂ, ਮੇਰੇ ਕੋਲ਼ ਕੰਮ ਵਾਸਤੇ ਯੋਗ ਉਮੀਦਵਾਰ ਹੈ," ਉਸ ਨੇ ਕਿਸੇ ਨੂੰ ਆਖਿਆ। "ਹਾਂ, ਜਰਮਨ ਬਹੁਤ ਵਧੀਆ ਆਉਂਦੀ ਏ। ਬਹੁਤ ਯੋਗ ਏ, ਮੈਂ ਉਹਦੇ ਮਾਪਿਆਂ ਨੂੰ ਜਾਣਦਾ ਆਂ। ਮੈਂ ਹੁਣੇ ਭੇਜ ਰਿਹਾਂ ਤੁਹਾਡੇ ਕੋਲ਼। ਹਾਂ, ਖ਼ਬਰਦਾਰ ਕਰ ਦਿੱਤੈ, ਫੇਰ ਕਰ ਦੇਂਦਾ ਆਂ।" ਉਸ ਨੇ ਰਸੀਵਰ ਰੱਖ ਦਿੱਤਾ ਅਤੇ ਸੁਹਿਰਦ ਤੇ ਘੋਖਵੀਆਂ ਨਜ਼ਰਾਂ ਨਾਲ਼ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਵੇਖਿਆ। "ਠੀਕ ਏ, ਮੈਂ ਤੁਹਾਨੂੰ ਆਪਣੇ ਇਕ ਸਾਥੀ ਨਾਲ਼ ਮਿਲਾ ਦਿਆਂਗਾ ਜਿਹੜਾ ਰੂਪੋਸ਼ ਕੰਮ ਜਾਰੀ ਰੱਖਣ ਵਾਸਤੇ ਏਥੇ ਰਹੇਗਾ। ਪਰ ਤੁਹਾਨੂੰ ਸ਼ਾਇਦ ਇਸ ਗੱਲ ਦਾ ਉੱਕਾ ਹੀ ਇਲਮ ਨਹੀਂ ਕਿ ਤੁਸੀਂ ਕੀ ਜ਼ਿੰਮੇਵਾਰੀ ਸੰਭਾਲ ਰਹੇ ਹੋ। ਹਰ ਪਲ਼ ਤੁਹਾਡੀ ਜ਼ਿੰਦਗੀ ਦਾਅ ਉੱਤੇ ਲੱਗੀ ਰਹੇਗੀ।"

"ਮੇਰੀ ਬੇਨਤੀ ਹੈ ਕਿ ਤੁਸੀਂ ਆਪਣਾ ਵਕਤ ਨਾ ਜ਼ਾਇਆ ਕਰੋ। ਮੈਂ ਤੁਹਾਨੂੰ ਪਹਿਲਾਂ ਜਵਾਬ ਦੇ ਚੁੱਕੀ ਹਾਂ," ਕੁੜੀ ਨੇ ਆਖਿਆ।

ਅਤੇ ਇਸ ਤਰ੍ਹਾਂ ਸ਼ਹਿਰ ਉੱਤੇ ਜਰਮਨਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਵੀ ਇਕ ਉੱਘੇ ਪ੍ਰੋਫ਼ੈਸਰ ਦੀ ਧੀ ਓਥੇ ਹੀ ਰਹੀ। ਕੁਮੇਦਾਨ ਨੂੰ ਦੱਸਿਆ ਗਿਆ ਸੀਃ ਕਿ ਇਥੋਂ ਜਾਣ ਸਮੇਂ ਉਸ ਨੂੰ ਨਾਲ਼ ਲੈ ਕੇ ਜਾਣਾ ਭੁੱਲ ਗਏ ਸਨ।

ਰੂਪੋਸ਼ ਕੰਮ ਜਾਰੀ ਰੱਖਣ ਲਈ ਉਹ ਇਕੱਲੀ ਹੀ ਪਿੱਛੇ ਨਹੀਂ ਸੀ ਰਹੀ, ਪਰ ਜਿਹੜਾ ਕੰਮ ਉਹਨੂੰ ਸੌਂਪਿਆ ਗਿਆ ਸੀ ਉਹ ਨਿਹਾਇਤ ਖ਼ਤਰਨਾਕ ਤੇ ਜ਼ਿੰਮੇਵਾਰੀ ਵਾਲ਼ਾ ਸੀ। ਕਈਆਂ ਨੇ ਜਰਮਨਾਂ ਤੇ ਗੱਦਾਰਾਂ ਦੀਆਂ ਹਰਕਤਾਂ ਉੱਤੇ ਨਿਗਾਹ ਰੱਖਣੀ ਸੀ, ਕਈਆਂ ਨੂੰ ਸਟੋਰ ਤੇ ਜ਼ਖੀਰੇ ਉਡਾਉਣ ਦਾ ਕੰਮ ਸੌਂਪਿਆ ਗਿਆ ਸੀ, ਰੇਲ ਗੱਡੀਆਂ ਨੂੰ ਰੋਕ ਰੱਖਣ ਦਾ ਕੰਮ ਦਿੱਤਾ ਗਿਆ ਸੀ ਅਤੇ ਕਈਆਂ ਨੂੰ ਫਾਸਿਸ਼ਟ ਅਫਸਰਾਂ ਦਾ ਸ਼ਿਕਾਰ ਕਰਨ ਉੱਤੇ ਲਾਇਆ ਗਿਆ ਸੀ। "ਬਰਚਾ" ਜਿਸ ਨੂੰ ਜਰਮਨ ਬਹੁਤ ਚੰਗੀ ਆਉਂਦੀ ਸੀ, ਨੂੰ ਰੂਪੋਸ਼ ਕਮੇਟੀ ਨੇ ਹਦਾਇਤ ਦਿੱਤੀ ਕਿ ਉਹ ਲਾਡ ਨਾਲ਼ ਸਿਰੇ ਚੜ੍ਹੀ ਹੋਈ ਮੁਟਿਆਰ, ਪ੍ਰਸਿੱਧ ਮਾਪਿਆਂ ਦੀ ਧੀ ਦਾ ਰੋਲ ਅਦਾ ਕਰੇ, ਇਕ ਐਸੀ ਕੁੜੀ ਦਾ ਰੋਲ ਜਿਹੜੀ ਪੱਛਮ ਦੀ ਹਰ ਚੀਜ਼ ਦੀ ਬੇਹੱਦ ਦੀਵਾਨੀ ਹੈ ਅਤੇ ਕਿਸੇ ਹਵਾਈ ਖ਼ਿਆਲ ਦੀ ਖ਼ਾਤਿਰ ਆਪਣਾ ਸੁਖ-ਅਰਾਮ ਛੱਡਣ ਲਈ, ਪੂਰਬ ਵਿਚ ਗੁੰਮਨਾਮ ਜੀਵਨ ਜਿਊਣ ਦੀ ਖ਼ਾਤਿਰ ਸਭ ਕੁਝ ਤਿਆਗ ਦੇਣ ਦੀ ਕੋਈ ਇੱਛਾ ਨਹੀਂ ਰੱਖਦੀ। ਫਾਸ਼ਿਸਟ ਕਰਨਲ ਜਿਸ ਨੇ ਪ੍ਰੋਫ਼ੈਸਰ ਦੇ ਚਲੇ ਜਾਣ ਬਾਅਦ ਤੁਰੰਤ ਹੀ ਉਸ ਦੇ ਖੁੱਲ੍ਹੇ ਡੁੱਲ੍ਹੇ ਫਲੈਟ ਵਿਚ ਡੇਰਾ ਲਾ ਲਿਆ ਸੀ ਆਪਣੀ ਮੁਟਿਆਰ ਮੇਜ਼ਬਾਨ ਵੱਲ ਖਿੱਚਿਆ ਗਿਆ। ਤਰਕਾਲਾਂ ਨੂੰ ਉਹ ਵਾਗਨਰ ਦੇ ਅਪੇਰਿਆਂ ਦੇ ਕੁਝ ਅੰਸ਼ ਪਿਆਨੋ ਉੱਤੇ ਵਜਾਉਂਦੀ ਹੁੰਦੀ ਅਤੇ ਗੋਇਥੇ ਦੀਆਂ ਕਵਿਤਾਵਾਂ ਪੜ੍ਹ ਕੇ ਸੁਣਾਇਆ ਕਰਦੀ ਸੀ। ਕਰਨਲ ਨੇ ਆਪਣੇ ਦੋਸਤਾਂ ਨਾਲ਼, ਸਟਾਫ ਦੇ ਖਾਸ ਖਾਸ ਅਫ਼ਸਰਾਂ ਨਾਲ਼ ਅਤੇ ਜਨਰਲ ਨਾਲ਼ ਜਿਹੜਾ ਉਹਦਾ ਸਾਹਿਬ ਸੀ ਪ੍ਰੋਫ਼ੈਸਰ ਦੀ ਧੀ ਦੀ ਜਾਣ-ਪਛਾਣ ਕਰਾਈ।

ਯੂਕਰੇਨੀ ਫਰਾਊਲੈਨ ਨੂੰ ਕਾਮਯਾਬੀ ਨਸੀਬ ਹੋਈ। ਇਕ ਪ੍ਰੋਫ਼ੈਸਰ ਦੀ ਧੀ, ਤੇ ਜਿਵੇਂ ਕਰਨਲ ਨੇ ਇਸ਼ਾਰਾ ਕੀਤਾ ਸੀ, ਇਕ ਦੌਲਤਮੰਦ ਯੂਕਰੇਨੀ ਜਾਗੀਰਦਾਰ ਦੀ ਸੰਤਾਨ ਉਹਨਾਂ

ਦੇ ਹਲਕੇ ਦੀਆਂ ਮੋਟੀਆਂ, ਉਜੱਡ, ਕੁਰੱਖ਼ਤ ਤੇ ਬੇਹੂਦਾ ਨਾਜ਼ੀ ਸੁਆਣੀਆਂ ਨਾਲੋਂ ਕਿਤੇ ਵਧੇਰੇ ਚੰਗੀ ਸੀ। ਅਫਸਰ ਉਸ ਨੂੰ ਖੁਸ਼ ਰੱਖਣ ਲਈ ਆਪਣੀ ਪੂਰੀ ਵਾਹ ਲਾਉਂਦੇ ਸਨ ਅਤੇ ਉਹਨਾਂ ਨੂੰ ਕਦੇ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਹੋਇਆ ਕਿ ਇਹ ਮਨਮੋਹਣੀ ਕੁੜੀ, "ਦੌਲਤਮੰਦ ਜਾਗੀਰਦਾਰਾਂ ਦੀ ਸੰਤਾਨ" ਹਫਤੇ ਵਿਚ ਦੋ ਵਾਰੀ ਆਪਣੀ ਖ਼ੂਬਸੂਰਤ ਛੱਤਰੀ ਤੇ ਪਰਸ ਚੁੱਕੀ ਅਤੇ ਫਿਊਰਰ ਦੀ ਕਿਤਾਬ "Mein Kampf" ਲੈ ਕੇ, ਜਿਹੜੀ ਕਰਨਲ ਨੇ ਆਪਣੇ ਦਸਖ਼ਤਾਂ ਨਾਲ਼ ਉਸ ਨੂੰ ਪੇਸ਼ ਕੀਤੀ ਸੀ, ਕਿੱਥੇ ਜਾਂਦੀ ਸੀ।

ਉਹ ਇਕ "ਮੋਚੀ" ਦੇ ਘਰ ਜਾਂਦੀ ਸੀ ਜਿਹੜਾ ਸ਼ਹਿਰ ਦੇ ਪਾਰ ਦਰਿਆ ਕੰਢੇ ਇਕ ਚਿੱਟੀ ਝੁੱਗੀ ਵਿਚ ਰਹਿੰਦਾ ਸੀ। ਏਥੇ ਪਹੁੰਚ ਕੇ ਉਹ ਆਪਣੇ ਬੈਗ ਵਿਚੋਂ ਅੱਡੀਆਂ ਤੋਂ ਘਸੀ ਹੋਈ ਚੁਸਤ ਕਿਸਮ ਦੀ ਗੁਰਗਾਬੀ ਕੱਢ ਲੈਂਦੀ ਅਤੇ ਪਹਿਲਾਂ ਇਸ ਬਾਰੇ ਨਿਸਚਿਤ ਕਰ ਕੇ ਕਿ ਕੋਈ ਉਸ ਨੂੰ ਵੇਖ ਨਹੀਂ ਰਿਹਾ, ਉਹ ਦਾੜ੍ਹੀ ਵਾਲ਼ੇ ਬੁੱਢੇ "ਮੋਚੀ" ਦੇ ਚੌੜੇ ਮੋਢਿਆਂ ਉੱਤੇ ਘਿਰਣਾ, ਰੋਹ ਤੇ ਕਰਹਿਤ ਦੇ ਹੰਝੂ ਕੇਰਦੀ। ਇਸ ਸਾਫ-ਸੁਥਰੀ, ਛੋਟੀ ਜਿਹੀ ਮਾਮੂਲੀ ਝੁੱਗੀ ਵਿਚ ਜਿਹੜੀ ਚਾਰ ਚੁਫੇਰਿਓਂ ਇਕ ਬਗੀਚੇ ਵਿਚ ਘਿਰੀ ਹੋਈ ਸੀ, ਉਸ ਦੀਆਂ ਨਸਾਂ ਜਿਹੜੀਆਂ ਹਰ ਵੇਲ਼ੇ ਤਣੀਆਂ ਰਹਿੰਦੀਆਂ ਸਨ ਕੁਝ ਢਿੱਲੀਆਂ ਹੋ ਜਾਂਦੀਆਂ ਸਨ। ਅੱਖ-ਮਟੱਕਾ ਕਰਨ ਵਾਲ਼ੀ, ਫੈਸ਼ਨ ਕਰਨ ਵਾਲੀ ਹਸੀਨਾ ਤੋਂ, ਜੋ ਮਨਮੋਨਣੀ ਤੇ ਨਖਰੇਬਾਜ਼ ਸੀ, ਉਜੱਡ ਤੇ ਤ੍ਰਿਪਤ ਜਰਮਨਾਂ ਨੂੰ ਖੁਸ਼ ਕਰਨ ਲਈ ਉਤਸੁਕ ਰਹਿੰਦੀ ਸੀ, ਉਹ ਇਕ ਵਾਰੀ ਫੇਰ ਸੋਵੀਅਤ ਕੁੜੀ, ਆਪਣੇ ਕਬਜ਼ੇ ਹੇਠਲੇ ਪਰ ਅਣਜਿੱਤੇ ਸ਼ਹਿਰ ਦੀ ਨਾਗਰਿਕ ਬਣ ਜਾਂਦੀ ਸੀ, ਜੋ ਰੋਮ-ਰੋਮ ਸੁਹਿਰਦ ਸੀ, ਰੋਮ-ਰੋਮ ਦੁਖੀ ਸੀ ਤੇ ਜਿਸ ਦੇ ਅੰਦਰ ਨਫ਼ਰਤ ਕੁੱਟ-ਕੁੱਟ ਕੇ ਭਰੀ ਹੋਈ ਸੀ।

"ਉਫ, ਮੈਨੂੰ ਕੇਡੀ ਕਰਹਿਤ ਆਉਂਦੀ ਹੈ! ਕਾਸ਼, ਤੁਹਾਨੂੰ ਪਤਾ ਹੁੰਦਾ, ਚਾਚਾ ਲੇਵਕੋ, ਮੈਨੂੰ ਕੇਡੀ ਘਿਣ ਆਉਂਦੀ ਹੈ ਉਹਨਾਂ ਵਿਚ ਰਹਿੰਦੀਆਂ, ਉਹਨਾਂ ਦੀਆਂ ਸ਼ੇਖੀਆਂ ਸੁਣ-ਸੁਣ ਕੇ, ਉਹਨਾਂ ਲਈ ਮੁਸਕ੍ਰਾ ਕੇ ਜਿਨ੍ਹਾਂ ਦੀ ਮੈਂ ਸੰਘੀ ਘੋਪਣਾ ਚਾਹੁੰਦੀ ਹਾਂ, ਉਹਨਾਂ ਨਾਲ਼ ਹੱਥ ਮਿਲਾ ਕੇ ਜਿਨ੍ਹਾਂ ਨੂੰ ਗੋਲ਼ੀ ਨਾਲ਼ ਉੱਡਾ ਦੇਣਾ ਚਾਹੀਦਾ ਹੈ, ਨਹੀਂ ਗੋਲ਼ੀ ਨਹੀਂ, ਫਾਹੇ ਲਾਉਣਾ ਚਾਹੀਦਾ ਹੈ।"

"ਮੋਚੀ," ਇਹ ਬੁੱਢਾ ਬੋਲਸ਼ਵਿਕ ਜਿਸ ਨੇ ਘਰੇਲੂ ਜੰਗ ਸਮੇਂ ਵੀ ਰੂਪੋਸ਼ ਰਹਿ ਕੇ ਕੰਮ ਕੀਤਾ ਹੋਇਆ ਸੀ, ਜਿੰਨੀ ਕੁ ਵਾਹ ਲਗਦੀ ਉਸ ਨੂੰ ਢਾਰਸ ਦੇਂਦਾ, ਦਿਲਾਸਾ ਦੇਂਦਾ। ਇਸ ਤੋਂ ਬਾਅਦ ਉਹ ਛੋਟੇ ਜਿਹੇ ਪਿਛਲੇ ਕਮਰੇ ਵਿਚ ਬਹਿ ਕੇ, ਜੋ ਕੁਝ ਉਸ ਨੇ ਵੇਖਿਆ ਸੁਣਿਆ ਹੁੰਦਾ ਸੀ, ਉਸ ਦੀ ਰਿਪੋਰਟ ਤਿਆਰ ਕਰਦੇ। ਸਕਰੀਨ ਨਾਲ਼ ਮਿੱਠੀ ਕੀਤੀ ਲਾਇਮ ਦੇ ਫੁੱਲਾਂ ਦੀ "ਚਾਹ" ਪੀਂਦੇ ਜਾਂ ਠੰਡਾ ਜੈਲੀ ਵਾਲ਼ਾ ਗੋਸ਼ਤ, ਲੂਣੇ ਟਮਾਟਰ ਤੇ ਦਹੀ ਖਾਂਦੇ। ਅਤੇ ਇਸ ਘਰੇਲੂ ਆਲੇ-ਦੁਆਲੇ ਵਿਚ ਉਸ ਦੀ ਵਿਆਕੁਲ ਤੇ ਇਕੱਲੀ ਆਤਮਾ ਨੂੰ ਧਰਵਾਸ ਆਉਂਦਾ ਤੇ ਚੈਨ ਮਿਲਦਾ। ਥੋੜ੍ਹੇ ਚਿਰ ਮਗਰੋਂ ਇਕ ਚੁਸਤ, ਬੇਪ੍ਰਵਾਹ ਕੁੜੀ ਆਪਣੀ ਭੜਕੀਲੀ ਛਤਰੀ ਨੂੰ ਘੁਮਾਉਂਦੀ ਤੇ ਜਰਮਨ ਗੀਤ, "ਲੀਲੀ ਮਾਰਲੇਨ" ਗੁਣਗੁਣਾਉਂਦੀ ਪਹਾੜੀ ਚੜ੍ਹ ਕੇ ਸ਼ਹਿਰ ਵਾਪਿਸ ਆ ਜਾਂਦੀ ਅਤੇ ਭੁੱਖੇ ਸ਼ਹਿਰੀ ਨਫ਼ਰਤ ਭਰੀਆਂ ਨਜ਼ਰਾਂ ਨਾਲ਼ ਉਸ ਨੂੰ ਵੇਖਦੇ ਰਹਿੰਦੇ।

ਨਫ਼ਰਤ ਉਗਲਦੀਆਂ ਇਹਨਾਂ ਨਜ਼ਰਾਂ ਨੂੰ, ਨਿਰਾਦਰੀ ਨੂੰ ਚੁੱਪ, ਹਮੇਸ਼ਾ ਚੁੱਪ ਰਹਿ ਕੇ ਬਰਦਾਸ਼ਤ ਕਰਨ ਦੀ ਲੋੜ, ਇਸ ਗੱਲ ਦਾ ਡਰ ਕਿ ਕਿਧਰੇ ਮਾਮੂਲੀ ਤੋਂ ਮਾਮੂਲੀ ਸੰਕੇਤ ਤੋਂ ਵੀ ਇਹਨਾਂ ਲੋਕਾਂ ਨੂੰ ਇਹ ਨਾ ਪਤਾ ਲੱਗ ਜਾਵੇ ਕਿ ਉਹ ਕੌਣ ਹੈ, ਏਥੇ ਕਿਉਂ ਰਹਿੰਦੀ ਹੈ, ਅਤੇ ਉਹ ਕਾਹਦੇ ਵਾਸਤੇ ਲੜ ਰਹੀ ਹੈ — ਇਹ ਇਸ ਕੰਮ ਦਾ ਸਭ ਤੋਂ ਔਖਾ ਹਿੱਸਾ ਸੀ।

ਉਸ ਦੀਆਂ ਨਸਾਂ ਮਜ਼ਬੂਤ ਸਨ। ਉਹ ਆਪਣਾ ਰੋਲ ਬਹੁਤ ਸ਼ਾਨਦਾਰ ਢੰਗ ਨਾਲ਼ ਨਿਭਾ ਰਹੀ ਸੀ ਅਤੇ ਆਪਣੇ-ਆਪ ਨੂੰ ਵਡਮੁੱਲੀ ਸਾਬਤ ਕਰ ਰਹੀ ਸੀ। ਪਰ ਆਖਰਕਾਰ ਉਸ ਦੀਆਂ ਨਸਾਂ ਨੇ ਵੀ ਜਵਾਬ ਦੇਣਾ ਸ਼ੁਰੂ ਕਰ ਦਿੱਤਾ। ਆਪਣੇ ਰੋਲ ਨੂੰ ਨਿਭਾਉਣਾ ਤੇ ਆਪਣੀਆਂ ਭਾਵਨਾਵਾਂ ਨੂੰ ਲੁਕਾਉਣਾ ਉਹਦੇ ਵਾਸਤੇ ਦਿਨੋ-ਦਿਨ ਵਧੇਰੇ ਔਖਾ ਹੁੰਦਾ ਜਾ ਰਿਹਾ ਸੀ। ਜਦੋਂ ਉਹ "ਮੋਚੀ" ਨੂੰ ਰਿਪੋਰਟ ਦੇਣ ਜਾਂਦੀ ਤਾਂ ਉਹਦੇ ਤਰਲੇ ਕਰਦੀ ਕਿ ਇਸ ਕੰਮ ਤੋਂ ਉਸ ਨੂੰ ਹਟਾ ਦਿੱਤਾ ਜਾਏ, ਉਸ ਨੂੰ ਕੋਈ ਹੋਰ — ਕੋਈ ਵੀ ਹੋਰ ਕੰਮ ਸੌਂਪਿਆ ਜਾਏ ਤੇ ਅਰਾਮ ਕਰ ਲੈਣ ਦਿੱਤਾ ਜਾਏ। ਅਰਾਮ ਤੋਂ ਉਹਦੀ ਮੁਰਾਦ ਸੀ ਕੋਈ ਕਾਰਵਾਈ — ਦੁਸ਼ਮਣ ਦੀ ਟਰਾਂਸਪੋਰਟ ਉੱਤੇ ਹਮਲੇ ਕਰਨਾ, ਅਸਲਾਖਾਨੇ ਨੂੰ ਸਾੜਨਾ, ਧਮਾਕਿਆਂ ਨਾਲ ਗੱਡੀਆਂ ਉਡਾਉਣਾ, ਰੂਪੋਸ਼ ਲਹਿਰ ਦੇ ਦੂਜੇ ਸਾਥੀਆਂ ਵਾਂਗ ਗੰਨ ਹੱਥ ਵਿਚ ਲੈ ਕੇ ਲੜਨਾ। ਪਰ ਉਸ ਵੇਲ਼ੇ ਪੂਰੀ ਜਰਮਨ ਆਰਮੀ ਦਾ ਹੈੱਡਕੁਆਟਰ ਸ਼ਹਿਰ ਵਿਚ ਸੀ। ਜਿਹੜੀ ਜਾਣਕਾਰੀ ਉਹ ਪ੍ਰਾਪਤ ਕਰ ਸਕਦੀ ਸੀ ਉਹਦੀ ਆਮ ਨਾਲ਼ੋਂ ਵਧੇਰੇ ਅਹਿਮੀਅਤ ਸੀ ਅਤੇ "ਮੋਚੀ" ਉਹਦੀ ਬੇਨਤੀ ਨਾ ਮੰਨਣ ਅਤੇ ਉਸ ਨੂੰ ਫੇਰ ਵਾਪਸ ਭੇਜਣ ਲਈ ਦ੍ਰਿੜ੍ਹ ਰਹਿਣ ਵਾਸਤੇ ਮਜ਼ਬੂਰ ਸੀ।

ਅਖੀਰ ਹੈੱਡਕੁਆਟਰ ਓਥੋਂ ਚੁੱਕ ਲਿਆ ਗਿਆ, ਅਤੇ "ਮੋਚੀ" ਨੇ ਉਹਦੇ ਨਾਲ਼ ਇਕਰਾਰ ਕੀਤਾ ਕਿ ਇਕ ਦੋ ਦਿਨ ਹੋਰ, ਤੇ ਉਹ ਓਥੋਂ ਗ਼ਾਇਬ ਹੋ ਸਕਦੀ ਹੈ। ਪਰ ਓਧਰੋਂ ਇਕ ਬਿਪਤਾ ਆ ਪਈ। ਉਹਦੇ ਫਲੈਟ ਵਿਚ ਰਹਿੰਦੇ ਕਰਨਲ ਦੀ ਤਰੱਕੀ ਹੋ ਗਈ ਤੇ ਉਹ ਜਨਰਲ ਬਣ ਗਿਆ। ਉਸ ਨੇ ਜਸ਼ਨ ਮਨਾਇਆ, ਸ਼ਰਾਬੀ ਹੋ ਗਿਆ ਅਤੇ ਉਸ ਰਾਤ ਸ਼ੈਮਪੇਨ ਦੀ ਇਕ ਬੋਤਲ ਲੈ ਕੇ ਉਹਦੇ ਕਮਰੇ ਵਿਚ ਆਣ ਵੜਿਆ। ਗੁੱਸੇ ਨਾਲ਼ ਆਪੇ ਤੋਂ ਬਾਹਰ ਹੋਈ ਮੁਟਿਆਰ ਨੇ ਉਹਦੇ ਮੂੰਹ ਉੱਤੇ ਵੱਟ ਕੇ ਚਪੇੜ ਮਾਰੀ। ਉਹ ਸਿਰਫ਼ ਠਹਾਕੇ ਮਾਰ ਕੇ ਹੱਸ ਪਿਆ। ਉਹਨੇ ਕੁੜੀ ਦਾ ਹੱਥ ਚੁੰਮਿਆ ਤੇ ਦੂਜੀ ਗੱਲ੍ਹ ਉਹਦੇ ਅੱਗੇ ਕਰ ਦਿੱਤੀ। ਨਹੀਂ, ਇਹ ਅਦਭੁੱਤ ਨਿੱਕੇ-ਨਿੱਕੇ ਹੱਥ ਇਕ ਜਰਮਨ ਜਨਰਲ ਦੀ ਹੱਤਕ ਨਹੀਂ ਕਰ ਸਕਦੇ ਸਨ, ਜਿਸ ਨੇ ਛੇ ਮੁਲਕਾਂ ਉੱਤੇ ਫਤਹਿ ਪਾ ਲਈ ਸੀ ਅਤੇ ਸੱਤਵੇਂ ਨਾਲ਼ ਇਸ ਵੇਲੇ ਲੜ ਰਿਹਾ ਸੀ! ਅਤੇ ਇਹ ਕੁੜੀ — ਇਹ ਤਾਂ ਲੜਾਈ ਦੇ ਵਰ੍ਹਿਆਂ ਦਾ ਉਹਦਾ ਸਭ ਤੋਂ ਵਧੀਆ ਇਨਾਮ ਸੀ! ਜਨਰਲ ਨੇ ਉਹਨੂੰ ਆਪਣਾ ਹੱਥ ਤੇ ਆਪਣਾ ਦਿਲ ਪੇਸ਼ ਕੀਤਾ।

ਕੁੜੀ ਦਾ ਤ੍ਰਾਹ ਨਿਕਲਿਆ ਹੋਇਆ ਸੀ। ਉਹ ਸਿਰ ਤੋਂ ਲੈ ਕੇ ਪੈਰਾਂ ਤੱਕ ਨਫ਼ਰਤ ਨਾਲ਼ ਕੰਬੀ ਜਾ ਰਹੀ ਸੀ। ਜਨਰਲ ਗੋਡਿਆਂ ਪਰਨੇ ਹੋ ਕੇ, ਉਸ ਦੀ ਫਰਾਕ ਨੂੰ ਫੜ ਕੇ ਉਹਦੇ ਮਗਰ-ਮਗਰ ਰੀਂਗਦਾ ਫਿਰਦਾ ਸੀ। ਮੁਟਿਆਰ ਨੇ ਉਹਦੇ ਕੋਲ਼ੋਂ ਬਚ ਕੇ ਦੂਸਰੇ ਕਮਰੇ ਵਿਚ ਜਾਣ ਦੀ ਕੋਸ਼ਿਸ਼ ਕੀਤੀ। ਉਹ ਮਗਰੇ ਉਸ ਕਮਰੇ ਵਿਚ ਆ ਗਿਆ ਤੇ ਭਰੜਾਈ ਹੋਈ ਅਵਾਜ਼ ਵਿਚ

ਡੀਂਗਾਂ ਮਾਰਨ ਲੱਗਾ ਕਿ ਸੋਵੀਅਤ ਸੱਤਾ ਆਖਰੀ ਦਮਾਂ 'ਤੇ ਹੈ, ਕਿ ਲੜਾਈ ਮਾਸਕੋ ਦੀਆਂ ਗਲੀਆਂ ਵਿਚ ਪਹੁੰਚ ਗਈ ਹੈ, ਕਿ ਏਥੇ ਯੂਕਰੇਨ ਦੀ ਉਪਜਾਊ ਧਰਤੀ 'ਤੇ ਸਾਰੇ ਜਰਮਨਾਂ ਨੂੰ ਜਾਗੀਰਾਂ ਦਿੱਤੀਆਂ ਜਾਣਗੀਆਂ ਅਤੇ ਉਹ ਉਸ ਦੀ ਬੀਵੀ ਹੋਵੇਗੀ—ਹਾਂ, ਹਾਂ, ਇਕ ਜਰਮਨ ਜਾਗੀਰਦਾਰ ਦੀ ਬੀਵੀ! ਉਹ ਸਾਰੇ ਕਿਸਾਨ ਜਿਹੜੇ ਆਪਣੇ-ਆਪ ਨੂੰ ਜ਼ਿੰਦਗੀ ਦੇ ਮਾਲਕ ਸਮਝਣ ਲੱਗ ਪਏ ਹਨ ਅਤੇ ਸਮਾਜਵਾਦ ਦੀਆਂ ਟਾਹਰਾਂ ਮਾਰਦੇ ਹਨ ਉਹਨਾਂ ਦੇ ਖੇਤ-ਗੁਲਾਮ ਬਣ ਜਾਣਗੇ, ਉਹਨਾਂ ਦੀ ਜ਼ਮੀਨ ਵਾਹੁਣ ਵਾਲੇ ਘੋੜੇ ਹੋਣਗੇ। ਸ਼ਰਾਬੀ ਫਾਸਿਸ਼ਟ ਉਹਦੇ ਹਮਵਤਨੀਆਂ ਦੀ ਨਿਰਾਦਰੀ ਕਰ ਰਿਹਾ ਸੀ ਅਤੇ ਕੁੜੀ ਇਸ ਨੂੰ ਬਰਦਾਸ਼ਤ ਨਾ ਕਰ ਸਕੀ। ਉਹਦੇ ਕੋਲੋਂ ਰਿਹਾ ਨਾ ਗਿਆ। ਉਸ ਨੇ ਉਹਦੀ ਜਰਨਲਾਂ ਵਾਲੀ ਚਾਂਦੀ-ਚੜ੍ਹੀ ਛੁਰੀ ਖੋਹ ਕੇ, ਜਿਸ ਨੂੰ ਖੰਭ ਖਿਲਾਰੇ ਉਕਾਬ ਦੀ ਮੁੱਠ ਲੱਗੀ ਹੋਈ ਸੀ ਪੂਰੀ ਦੀ ਪੂਰੀ ਉਹਦੇ ਸੰਘ ਵਿਚ ਖੋਭ ਦਿੱਤੀ।

ਫੌਜੀ ਤੇ ਸ਼ਹਿਰੀ ਸਾਰੀ ਪੁਲਿਸ, ਜਾਨਦਾਰਮਾਂ ਤੇ ਵਿਸ਼ੇਸ਼ ਐਸ. ਐਸ. ਦੇ ਸਭ ਦਸਤਿਆਂ ਨੇ ਜਿਹੜੇ ਸ਼ਹਿਰ ਵਿਚ ਪੁੱਜੇ ਹੋਏ ਸਨ, ਪੂਰਾ ਇਕ ਮਹੀਨਾ ਇਕ-ਇਕ ਗਲੀ, ਇਕ-ਇਕ ਮਕਾਨ ਛਾਣ ਮਾਰਿਆ, ਅਨੇਕਾਂ ਛਾਪੇ ਮਾਰੇ ਪਰ ਕੁੜੀ ਕਿਤੋਂ ਵੀ ਹੱਥ ਨਾ ਆਈ। ਉਹ ਸਹੀ ਸਲਾਮਤ ਮੁਹਾਜ਼ 'ਤੇ ਚਲੀ ਗਈ ਸੀ।

ਇਕ ਵਾਰ ਆਪਣੇ ਲੋਕਾਂ ਵਿਚ ਆ ਕੇ, ਉਹ ਬੜੀ ਧੀਰਜ ਤੇ ਸਬਰ ਨਾਲ਼ ਇਹ ਹਿਸਾਬ ਲਾਉਣ ਲੱਗੀ ਕਿ ਆਪਣੇ ਦੇਸ਼ ਵਾਸਤੇ ਉਹ ਜਿਹੜਾ ਵੀ ਔਖੇ ਤੋਂ ਔਖਾ ਤੇ ਖ਼ਤਰਨਾਕ ਕੰਮ ਕਰ ਸਕਦੀ ਸੀ ਉਸ ਵਿਚ ਕਿਹੜੀ ਚੀਜ਼ ਉਹਦੀ ਮਦਦਗਾਰ ਹੋ ਸਕਦੀ ਸੀ।

ਵੱਡੇ ਸਾਰੇ ਯੂਕਰੇਨੀ ਸ਼ਹਿਰ ਵਿਚ ਉੱਘੇ ਪ੍ਰੋਫੈਸਰ ਦੀ ਧੀ ਦੀਆਂ ਪੈੜਾਂ ਜਿਸ ਨੇ ਇਕ ਨਵੇਂ ਤਰੱਕੀ ਯਾਫਤਾ ਹਿਟਲਰੀ ਜਨਰਲ ਨੂੰ ਮਾਰ ਦਿੱਤਾ ਸੀ ਮਿਟ ਚੁੱਕੀਆਂ ਸਨ। ਥੋੜ੍ਹਾ ਚਿਰ ਬਾਦ ਖਾਰਕੋਵ ਦੇ ਫੌਜੀ ਕਮਾਂਡੈਂਟ ਨੇ ਐਰਨਾ ਵੈਨਰ ਨਾਂ ਦੀ ਇਕ ਬਹੁਤ ਹੀ ਖ਼ੂਬਸੂਰਤ ਦੁਭਾਸ਼ਣ ਰੱਖੀ। ਫਰਾਊਲੈਨ ਵੈਨਰ ਦੇ ਨਸੀਬੇ ਨੇ ਕਮਾਂਡੈਂਟ, ਬਾਲਟਿਕ ਬੈਰਨਾਂ ਦੇ ਖੀਣ ਹੋ ਗਏ ਵੰਸ਼ ਦੇ ਆਖਰੀ ਵਾਰਸ, ਦੀ ਹਮਦਰਦੀ ਜਗਾਈ ਜਿਸ ਨੂੰ, ਆਪਣੇ ਨਾਜ਼ੀ ਵਿਚਾਰਾਂ ਤੋਂ ਇਲਾਵਾ, ਸੋਵੀਅਤ ਰਾਜ ਦੇ ਖਿਲਾਫ ਆਪਣੀ ਜ਼ਾਤੀ ਕਿੜ ਵੀ ਸੀ। ਐਰਨਾ ਵੈਨਰ ਨੇ ਮੁਖੀ ਨੂੰ ਦੱਸਿਆ ਕਿ ਉਹ ਓਦੇਸਾ ਦੇ ਇਲਾਕੇ ਦੇ ਇਕ ਉੱਘੇ ਜਰਮਨ ਅਬਾਦਕਾਰ ਦੀ ਧੀ ਹੈ। ਇਕ ਵਕਤ ਸੀ ਜਦੋਂ ਉਹਦਾ ਪਿਓ ਬਗੀਚਿਆਂ, ਅੰਗੂਰਵਾੜਿਆਂ ਤੇ ਤਰਬੂਜਾਂ ਦੇ ਖੇਤਾਂ ਦਾ ਮਾਲਕ ਹੁੰਦਾ ਸੀ ਅਤੇ ਗਰਮੀਆਂ ਦੇ ਮੌਸਮ ਵਿਚ ਸੈਂਕੜਿਆਂ ਦੇ ਹਿਸਾਬ ਦਿਹਾੜੀਦਾਰ ਰੱਖਦਾ ਸੀ, ਵੱਡੇ ਪੈਮਾਨੇ ਉੱਤੇ ਅਨਾਜ ਖਰੀਦਦਾ ਸੀ ਅਤੇ ਨਾਲੇ ਆਟਾ ਪੀਹਣ ਵਾਲ਼ੀ ਇਕ ਚੱਕੀ ਦਾ ਮਾਲਕ ਵੀ ਹੁੰਦਾ ਸੀ। ਪਰ ਬੋਲਸ਼ਵਿਕਾਂ ਨੇ ਬੇਕਿਰਕੀ ਨਾਲ਼ ਉਹਦੇ ਕੋਲ਼ੋਂ ਇਹ ਸਾਰਾ ਕੁਝ ਖੋਹ ਲਿਆ ਸੀ। ਉਸ ਦਿਨ ਤੋਂ ਉਹ ਬਹੁਤ ਨਿਗੂਣੀ ਜ਼ਿੰਦਗੀ ਗੁਜ਼ਾਰਦਾ ਰਿਹਾ ਸੀ ਪਰ ਤਾਂ ਵੀ ਉਸ ਨੇ ਥੋੜ੍ਹਾ ਬਹੁਤ ਬਚਾ ਕੇ ਸਾਂਭਿਆ ਹੋਇਆ ਸੀ ਅਤੇ ਇਹਨਾਂ ਹੀ ਛੋਟੇ-ਮੋਟੇ ਵਸੀਲਿਆਂ ਨਾਲ਼ ਆਪਣੇ ਬੱਚਿਆਂ ਨੂੰ ਪੜ੍ਹਾਇਆ ਲਿਖਾਇਆ ਸੀ। ਅਖੀਰ ਉਸ ਨੂੰ ਨਵੀਂ ਜਰਮਨੀ ਨਾਲ਼ ਉਸ ਦੀਆਂ ਹਮਦਰਦੀਆਂ ਕਾਰਨ ਗ੍ਰਿਫਤਾਰ ਕਰ ਲਿਆ ਗਿਆ। ਇਕ ਇਮਾਨਦਾਰ ਅਤੇ ਸਾਫਗੋ

ਆਦਮੀ ਹੋਣ ਕਰਕੇ ਉਹਨੇ ਆਪਣੀਆਂ ਇਹਨਾਂ ਹਮਦਰਦੀਆਂ ਨੂੰ ਲੁਕਾਇਆ ਨਹੀਂ ਸੀ ਅਤੇ ਨਾ ਹੀ ਲੁਕਾਉਣ ਦੀ ਕੋਈ ਪ੍ਰਵਾਹ ਕੀਤੀ ਸੀ...

ਫਰਾਊਲੈਨ ਐਰਨਾ, ਜਿਸ ਨੇ ਬੋਲਸ਼ਵਿਕਾਂ ਹੱਥੋਂ ਬੜੇ ਤਸੀਹੇ ਝੱਲੇ ਸਨ, ਜਲਦੀ ਹੀ ਇਲਾਕਾ ਹੈੱਡਕੁਆਟਰ ਦੀ ਮੁੱਖ ਦੁਭਾਸ਼ਣ ਬਣ ਗਈ ਅਤੇ ਬਾਦ ਵਿਚ ਗੈਰੀਜ਼ਨ ਕਮਾਂਡਰ ਦੇ ਦਫਤਰ ਭੇਜ ਦਿੱਤੀ ਗਈ।

ਉਸ ਦੇ ਨਵੇਂ ਸਾਹਿਬ, ਐਸ.ਐਸ. ਦੇ ਬਰੀਗਾਡਨ ਫਿਊਰਰ, ਨੇ ਵੀ ਬਦਨਸੀਬ ਫਰਾਊਲੈਨ ਨਾਲ਼ ਹਮਦਰਦੀ ਦਾ ਇਜ਼ਹਾਰ ਕੀਤਾ। ਉਸ ਦੀ ਸਰਲ ਨਿਰਦੋਸ਼ ਜਰਮਨ ਜ਼ਬਾਨ, ਪੁਰਾਣੇ ਬਾਵੇਰੀਅਨ ਗੀਤ ਗਾਉਣ ਦੀ ਉਸ ਦੀ ਯੋਗਤਾ, ਜਿਨ੍ਹਾਂ ਵਿਚ ਇਹਨਾਂ ਜਜ਼ਬਾਤੀ ਬੁੱਚੜਾਂ ਦੀ ਡਾਢੀ ਦਿਲਚਸਪੀ ਸੀ, ਪਿਆਨੋ ਵਜਾ ਸਕਣ ਦੀ ਉਸ ਦੀ ਕਾਬਲੀਅਤ ਸਦਕਾ ਉਹਦੇ ਬਹੁਤ ਸਾਰੇ ਪ੍ਰਸੰਸਕ ਹੋ ਗਏ। "ਹਾਂ, ਬਜ਼ੁਰਗ ਜੋਹਾਨ ਵੈਨਰ ਨੇ ਇਸ ਮਨਹੂਸ ਦੇਸ਼ ਵਿਚ ਵੀ ਆਪਣੇ ਬੱਚਿਆਂ ਨੂੰ ਬੜੇ ਸ਼ਾਨਦਾਰ ਢੰਗ ਨਾਲ਼ ਲਿਖਾਇਆ ਪੜ੍ਹਾਇਆ!" ਉਹ ਹੈਰਾਨ ਹੋ ਕੇ ਕਹਿੰਦੇ। ਅਤੇ ਜਦੋਂ ਜਰਮਨਾਂ ਦੇ ਬਹੁਤ ਸਾਰੇ ਅਹਿਮ ਦਸਤਾਵੇਜ਼ ਗੁੰਮ ਹੋ ਗਏ, ਜਾਂ ਜਦੋਂ ਉਹਨਾਂ ਨੂੰ ਇਹ ਵੀ ਸਪਸ਼ਟ ਹੋ ਗਿਆ ਕਿ ਸੋਵੀਅਤ ਸਰਕਾਰ ਨੂੰ ਉਹਨਾਂ ਦੀਆਂ ਗੁਪਤ ਯੋਜਨਾਵਾਂ ਬਾਰੇ ਬਹੁਤ ਡੂੰਘੀ ਜਾਣਕਾਰੀ ਹੈ, ਓਦੋਂ ਵੀ ਉਹਨਾਂ ਨੂੰ ਐਰਨਾ ਵੈਨਰ ਉੱਤੇ ਰਾਈ ਭਰ ਵੀ ਸ਼ੱਕ ਨਹੀਂ ਸੀ ਹੋਇਆ।

ਪਰ ਇਸ ਕੁੜੀ ਨੇ ਫਾਸਿਸ਼ਟਾਂ ਦੇ ਉਹਨਾਂ ਭੇਤਾਂ ਦਾ ਕੀ ਮੁੱਲ ਤਾਰਿਆ ਜਿਹੜੇ ਉਸ ਨੇ ਆਪਣੇ ਦੇਸ਼ ਵਾਸਤੇ ਕੱਢੇ! ਹੁਣ ਉਸ ਨੂੰ ਬੇਹੱਦ ਗੁਪਤ ਜਾਂਚ-ਪੜਤਾਲ ਵੇਲੇ ਹਾਜ਼ਰ ਰਹਿਣਾ ਪੈਂਦਾ ਸੀ, ਸੋਵੀਅਤ ਲੋਕਾਂ ਨੂੰ ਫਾਹੇ ਲਾਉਂਦੇ ਜਰਮਨ ਜਲਾਦਾਂ ਨੂੰ ਵੇਖਣਾ ਪੈਂਦਾ ਸੀ, ਪੀੜ ਨਾਲ਼ ਨਿਕਲਦੀਆਂ ਉਹਨਾਂ ਦੀਆਂ ਆਖਰੀ ਚੀਕਾਂ, ਉਹਨਾਂ ਦੀਆਂ ਲਾਹਨਤਾਂ, ਗਾਲ੍ਹੀਆਂ ਦਾ ਅਨੁਵਾਦ ਕਰਨਾ ਪੈਂਦਾ ਸੀ, ਉਹਨਾਂ ਕੋਲੋਂ ਆਪਣੀ ਨਿਰਾਦਰੀ ਦੇ ਲਫਜ਼ ਸੁਣਨੇ ਪੈਂਦੇ ਸਨ। ਇਸ ਕੰਮ ਵਿਚ ਉਸ ਨੂੰ ਸਿਰਫ਼ ਆਪਣੇ ਦੇਸ਼ ਦਾ ਪਿਆਰ, ਅਥਾਹ ਤੇ ਅਸੀਮ ਪਿਆਰ ਹੀ ਸ਼ਕਤੀ ਦੇਂਦਾ ਸੀ। ਅਤੇ ਰੂਪੋਸ਼ ਲਹਿਰ ਦਾ ਤਾਲਮੇਲ ਰੱਖਣ ਵਾਲ਼ੇ ਆਦਮੀ, ਗੰਠੀਏ ਦੀਆਂ ਪੀੜਾਂ ਨਾਲ਼ ਭੰਨੇ ਉਸ ਸੰਗਦਿਲ ਯੋਧੇ ਤੋਂ ਇਲਾਵਾ, ਜਿਹੜਾ ਇਕ ਖੋਲਾ ਹੋ ਗਏ ਮਕਾਨ ਦੇ ਤਹਿਖਾਨੇ ਵਿਚ ਆਪਣੇ ਰੇਡੀਓ ਕੋਲ਼ ਬੈਠਾ ਰਹਿੰਦਾ ਸੀ ਅਤੇ ਓਥੋਂ ਕਦੇ ਬਾਹਰ ਨਹੀਂ ਸੀ ਨਿਕਲਿਆ, ਕਦੇ ਕਿਸੇ ਹੋਰ ਨੇ ਉਹਦਾ ਗਿਲਾ ਸ਼ਿਕਵਾ ਨਹੀਂ ਸੀ ਸੁਣਿਆ। ਸੀਤ ਰਾਤ ਦੇ ਚੰਦ ਵਰਗਾ ਪੀਲਾ, ਹਿਲਜੁਲਣ ਤੋਂ ਆਰੀ, ਇਹ ਆਦਮੀ, ਜਿਸ ਨੂੰ ਧੁੱਪ ਤੇ ਸੱਜਰੀ ਹਵਾ ਵਿਚ ਨਿਕਲਿਆਂ ਸਾਲ ਤੋਂ ਉੱਤੇ ਹੋ ਗਿਆ ਸੀ, ਜਿਥੋਂ ਤੱਕ ਵਾਹ ਚਲਦੀ ਆਪਣੀਆਂ ਕੁਢੱਬੀਆਂ ਫੌਜੀ ਕਹਾਵਤਾਂ ਨਾਲ਼ ਉਹਦਾ ਦਿਲ ਬਹਿਲਾਉਂਦਾ ਅਤੇ ਉਹਦੇ ਸਾਮ੍ਹਣੇ ਇਕ ਮਹਾਨ ਉਦੇਸ਼ ਦੀ ਲਗਨ ਦੀ ਮਿਸ਼ਾਲ ਬਣਿਆ ਹੁੰਦਾ।

"ਬਰਚਾ" ਨੂੰ ਆਖਰੀ ਤੇ ਸਭ ਤੋਂ ਔਖੀ ਅਗਨ-ਪ੍ਰੀਖਿਆ ਵਿਚੋਂ ਖਾਰਕੋਵ ਉੱਤੇ ਕਬਜ਼ਾ ਹੋ ਜਾਣ ਤੋਂ ਕੁਝ ਹਫਤੇ ਪਹਿਲਾਂ ਲੰਘਣਾ ਪਿਆ ਸੀ। ਜਦੋਂ ਅਸੀਂ ਅਗਸਤ ਮਹੀਨੇ ਦੀ ਇਕ ਸੁਹਾਵਣੀ ਸ਼ਾਮ ਚਿੱਟੀ ਝੁੱਗੀ ਦੇ ਬਾਹਰ ਬੈਠੇ ਹੋਏ ਸਾਂ, ਤਦ ਉਹਨੇ ਇਹ ਗੱਲ ਮੈਨੂੰ ਆਪ

ਸੁਣਾਈ ਸੀ।

"ਬੇਸ਼ੱਕ, ਤੁਹਾਨੂੰ ਪਤਾ ਹੀ ਹੈ ਕਿ ਉਹਨਾਂ ਨੂੰ ਕਿਵੇਂ ਹੱਥਾਂ ਪੈਰਾਂ ਦੀ ਪੈ ਗਈ ਸੀ ਜਦੋਂ ਕੋਨੇਵ ਦੀ ਫੌਜ, ਬੇਲਗੋਰੋਦ ਦੇ ਘੇਰੇ ਨੂੰ ਤੋੜ ਕੇ, ਪੂਰਬ ਵਲੋਂ ਖਾਰਕੋਵ ਵੱਲ ਵੱਧ ਰਹੀ ਸੀ। ਓਏ ਰੱਬਾ! ਜੋ ਓਥੇ ਹਾਲ ਬਣਿਆ! ਕੀੜੀਆਂ ਦਾ ਭੌਣ, ਜਿਸ ਵਿਚ ਬਲਦਾ ਮੁਆਤਾ ਦੇ ਦਿੱਤਾ ਗਿਆ ਹੋਵੇ। ਸੈਨਿਕ ਕਿਸੇ ਗਿਣਤੀ ਵਿਚ ਨਹੀਂ — ਇਹ ਤਾਂ ਮਸ਼ੀਨਾਂ ਹੋਈਆਂ! ਪਰ ਜੇ ਬੰਦਾ ਉਹਨਾਂ ਦੇ ਅਫਸਰਾਂ ਨੂੰ ਵੇਖੇ! ਸਾਧਾਰਨ ਸਾਊਪੁਣੇ ਨੂੰ ਵੀ ਛਿੱਕੇ ਟੰਗ ਕੇ, ਉਹਨਾਂ ਨੇ ਅੰਨ੍ਹੇਵਾਹ ਚਿੱਤਰ, ਮਿਊਜ਼ੀਅਮ ਦੀਆਂ ਕੀਮਤੀ ਚੀਜ਼ਾਂ, ਐਨਟੀਕ, ਫਰਨੀਚਰ ਬੰਨ੍ਹ ਲਿਆ — ਉਹ ਸਭ ਕੁਝ ਜੋ ਉਹਨਾਂ ਨੇ ਲੁੱਟਿਆ ਤੇ ਚੋਰੀ ਕੀਤਾ ਹੋਇਆ ਸੀ, ਸੈਨਿਕਾਂ ਦੀਆਂ ਨਜ਼ਰਾਂ ਦੇ ਸਾਮ੍ਹਣੇ ਮੁਹਾਜ਼ ਦੇ ਪਿਛਵਾੜੇ ਭੇਜ ਦਿੱਤਾ ਸੀ। ਤੇ ਅਫਵਾਹਾਂ! ਇਹ ਹੈਡਕੁਆਟਰ ਨਹੀਂ ਸੀ, ਸਗੋਂ ਅਫਵਾਹਾਂ ਦੀ ਮੰਡੀ ਸੀ, ਇਕ ਤੋਂ ਇਕ ਵੱਧ, ਇਕ ਤੋਂ ਇਕ ਗੁੰਮਰਾਹ ਕਰਨ ਵਾਲ਼ੀ। ਖਾਸ ਕਰਕੇ ਸੋਵੀਅਤ ਹਵਾਈ ਜਹਾਜ਼ ਬਾਰੇ। ਅਫਵਾਹ ਫੈਲਾਈ ਗਈ ਕਿ ਨਵੇਂ ਹਵਾਈ ਜਹਾਜ਼ਾਂ ਦਾ ਇਕ ਬਹੁਤ ਵੱਡਾ ਦਸਤਾ ਦੂਰ ਪੂਰਬ ਤੋਂ ਪਹੁੰਚ ਗਿਆ ਹੈ। ਤਬਾਹਕੁਨ ਨਵੇਂ ਹਥਿਆਰਾਂ ਵਾਲ਼ੇ ਨਵੀਂ ਕਿਸਮ ਦੇ ਹਜ਼ਾਰਾਂ ਹਵਾਈ ਜਹਾਜ਼ ਜਿਹੋ ਜਿਹੇ ਪਹਿਲਾਂ ਕਦੇ ਕਿਸੇ ਨਹੀਂ ਵੇਖੇ ਸਨ। ਸਾਰੇ ਅਫਸਰ ਹੇਠਾਂ ਤਹਿਖਾਨੇ ਵਿਚ ਸੌਣ ਜਾਂਦੇ ਹੁੰਦੇ ਸਨ। ਇਹ ਵੇਖ ਕੇ ਤਾਂ ਮੈਂ ਵੀ ਹੈਰਾਨ ਰਹਿ ਗਈ ਕਿ ਔਖ ਦੀ ਘੜੀ ਉਹ ਕੇਡੇ ਕਾਇਰ, ਨਿਗੂਣੇ ਤੇ ਸਹਿਮੇ ਹੋਏ ਲੱਗ ਰਹੇ ਸਨ। ਤੇ ਮੈਂ ਖੁਸ਼ ਸਾਂ। ਜਦੋਂ ਸਵੇਰੇ ਮੈਂ ਕੰਮ ਉੱਤੇ ਗਈ ਤਾਂ ਮੈਂ ਆਪਣੇ ਮੁਖੀ ਨੂੰ ਬੜੀ ਰੋਣਹਾਕੀ ਜਿਹੀ ਅਵਾਜ਼ ਵਿਚ ਆਖਿਆ: "ਕਿਉਂ ਸਾਹਿਬ ਅਸੀਂ ਹੁਣ ਸਾਰੇ ਮਾਰੇ ਜਾਵਾਂਗੇ ? ਮੈਨੂੰ ਤਾਂ ਉਹ ਮਾਰ ਹੀ ਦੇਣਗੇ..." ਮੈਂ ਵੇਖਿਆ ਕਿ ਉਹਦਾ ਰੰਗ ਫੱਕ ਹੋ ਗਿਆ ਸੀ। ਪਰ ਤਾਂ ਵੀ ਉਹਨੇ ਗਰਮੀ ਖਾ ਕੇ ਆਖਿਆ: "ਕੀ ਕਹਿੰਦੇ ਓ, ਫਰਾਊਲੈਨ, ਜਰਮਨੀ ਵਿਚ ਹਾਲੇ ਤਾਕਤ ਹੈ। ਸ਼ਾਇਦ, ਬਹੁਤ ਤਾਕਤ ਹੈ। ਲਹੂ ਉੱਛਲ-ਉੱਛਲ ਪੈਂਦਾ ਹੈ।" ਉਸ ਨੇ ਮੈਨੂੰ ਇਹ ਯਕੀਨ ਦਵਾ ਕੇ ਗੱਲ ਮੁਕਾਈ ਕਿ ਭਾਵੇਂ ਕੁਝ ਵੀ ਹੋ ਜਾਏ ਮੈਂ ਹਮੇਸ਼ਾ ਹੀ ਉਹਦੀ ਕਾਰ ਵਿਚ ਉਹਦੇ ਨਾਲ਼ ਜਾ ਸਕਾਂਗੀ।

"ਇਕ ਰਾਤ ਮੈਨੂੰ ਜਗਾਇਆ ਗਿਆ ਤੇ ਉਹਦੇ ਕਮਰੇ ਵਿਚ ਜਾਣ ਲਈ ਆਖਿਆ ਗਿਆ। ਉਹਦੇ ਅੰਦਰ ਕੋਈ ਹਲਚਲ ਮੱਚੀ ਹੋਈ ਸੀ ਤੇ ਉਹਦੀਆਂ ਅੱਖਾਂ ਵਿਚ ਚਮਕ ਸੀ। ਉਸ ਨੇ ਮੈਨੂੰ ਆਖਿਆ: ਇਕ ਬੜੀ ਅਹਿਮ ਪੁੱਛ-ਪੜਤਾਲ ਹੋਣ ਵਾਲ਼ੀ ਹੈ ਜਿਸ ਉੱਤੇ ਉਹਦਾ ਸਾਰਾ ਭਵਿੱਖ ਨਿਰਭਰ ਸੀ। ਉਫ, ਜੇ ਤੁਹਾਨੂੰ ਇਹ ਪਤਾ ਹੋਵੇ ਕਿ ਆਪਣੀ ਪਦਵੀ ਦੀ ਲਾਲਸਾ ਉਹਨਾਂ ਨੂੰ ਕਿਵੇਂ ਤੜਫਾਉਂਦੀ ਸੀ। ਖੈਰ, ਜਦੋਂ ਮੈਂ ਸੁਣਿਆ ਤਾਂ ਮੇਰਾ ਜਿਵੇਂ ਸਰੀਰ ਠੰਡਾ ਹੋ ਗਿਆ ਹੋਵੇ। ਕਿਸ ਨੂੰ ਫੜ ਕੇ ਲਿਆਏ ਨੇ ? ਮੈਨੂੰ ਪਤਾ ਸੀ ਕਿ ਖਾਰਕੋਵ ਦੇ ਰੂਪੋਸ਼, ਜਿਹੜੇ ਜਰਮਨਾਂ ਨੂੰ ਇਕ ਪਲ ਵੀ ਚੈਨ ਨਾਲ਼ ਨਹੀਂ ਸੀ ਬਹਿਣ ਦੇਂਦੇ, ਖਾਸ ਕਰਕੇ ਸਰਗਰਮ ਹੋ ਗਏ ਸਨ ਅਤੇ ਮੈਨੂੰ ਹਮੇਸ਼ਾ ਇਹ ਡਰ ਰਹਿੰਦਾ ਸੀ ਕਿ ਉਹਨਾਂ ਵਿਚੋਂ ਕੋਈ ਫੜਿਆ ਨਾ ਜਾਏ! ਮੇਰਾ ਮੁਖੀ ਦਫ਼ਤਰ ਵਿਚ ਅੱਗੇ-ਪਿੱਛੇ ਟਹਿਲ ਰਿਹਾ ਸੀ। ਖਾਸ ਤਿਆਰੀਆਂ ਕੀਤੀਆਂ ਗਈਆਂ ਸਨ: ਮੇਜ਼ ਲਾਇਆ ਗਿਆ ਸੀ ਜਿਸ ਉੱਤੇ ਵਾਈਨ, ਫਲ ਅਤੇ ਮਠਿਆਈਆਂ

ਰੱਖੀਆਂ ਹੋਈਆਂ ਸਨ। ਇਹਨਾਂ ਚੀਜ਼ਾਂ ਨੂੰ ਵੇਖ ਕੇ ਮੇਰੀ ਹਾਲਤ ਪਹਿਲਾਂ ਨਾਲ਼ੋਂ ਵੀ ਬਹੁਤੀ ਤਰਸਯੋਗ ਹੋ ਗਈ। ਕਿਸ ਵਾਸਤੇ ਹੈ ਇਹ ? ਕਿਸ ਵਾਸਤੇ ? ਇਹਨਾਂ ਸਾਰੀਆਂ ਉਚੇਚੀਆਂ ਤਿਆਰੀਆਂ ਦਾ ਮਤਲਬ ਕੀ ਹੈ ?

"'ਆਰਮੀ ਵਿਚੋਂ ਕੋਈ ਵੱਡਾ ਅਫਸਰ ਆਉਣ ਵਾਲ਼ਾ ਹੈ ?' ਮੈਂ ਸਰਸਰੀ ਜਿਹੇ ਢੰਗ ਨਾਲ਼ ਪੁੱਛਿਆ ਅਤੇ ਨੁੱਕਰ ਵਿਚ ਆਪਣੀ ਥਾਂ 'ਤੇ ਬਹਿ ਗਈ ਜਿਥੇ ਪੁੱਛ-ਪੜਤਾਲ ਦੌਰਾਨ ਮੈਂ ਆਮ ਤੌਰ 'ਤੇ ਬਹਿੰਦੀ ਹੁੰਦੀ ਸੀ।

"'ਬਕਵਾਸ ! ਮੈਂ ਆਰਮੀ ਦੇ ਇਹਨਾਂ ਅਫਸਰਾਂ ਲਈ ਏਨਾ ਖਰਚ ਕਰਨ ਵਾਲ਼ਾ ਹਾਂ ?' ਮੁਖੀ ਨੇ ਮੋੜਵਾਂ ਜਵਾਬ ਦਿੱਤਾ। 'ਇਹ ਕਿਸੇ ਬਹੁਤ ਹੀ ਅਹਿਮ ਬੰਦੇ ਵਾਸਤੇ, ਬਹੁਤ ਹੀ ਦਿਲਚਸਪ ਬੰਦੇ ਵਾਸਤੇ ਹੈ। ਅੱਜ ਸਾਡੇ ਹੱਥ ਇਕ ਬਹੁਤ ਵੱਡੀ ਸ਼ੈ ਆ ਗਈ ਹੈ। ਹੁਣ ਘਿਣਾਉਣਾ ਤੌਖ਼ਲਾ ਖ਼ਤਮ ਹੋ ਜਾਏਗਾ। ਸਾਨੂੰ ਪਤਾ ਲੱਗ ਜਾਏਗਾ ਕਿ ਸਾਡੇ ਵਾਸਤੇ ਇਹ ਲੋਕ ਕੀ ਖਿਚੜੀ ਪਕਾ ਰਹੇ ਹਨ। ਤੇ ਹੋ ਸਕਦਾ ਹੈ, ਇਹਦੇ ਨਾਲ਼ ਉਹਨਾਂ ਦੀ ਖੇਡ ਹੀ ਖਤਮ ਹੋ ਜਾਏ।'

"ਮੈਂ ਇਸ ਨਤੀਜੇ ਉੱਤੇ ਪਹੁੰਚੀ ਕਿ ਜ਼ਰੂਰ ਕੋਈ ਅਹਿਮ ਸੋਵੀਅਤ ਅਫ਼ਸਰ ਫੜਿਆ ਗਿਆ ਹੋਵੇਗਾ। ਪਰ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਮੈਂ ਵੇਖਿਆ ਕਿ ਮੇਜ਼ ਉੱਤੇ ਮੁਖੀ ਦੀ ਥਾਂ ਉਹਦਾ ਸਹਾਇਕ, ਮੇਜਰ ਬਹਿ ਗਿਆ ਸੀ। ਫੇਰ ਫੌਜੀ ਪਹਿਰੇ ਹੇਠ ਇਕ ਸਟ੍ਰੈਚਰ ਅੰਦਰ ਲਿਆਂਦਾ ਗਿਆ ਅਤੇ ਮੇਜ਼ ਦੇ ਕੋਲ਼ ਟਿਕਾ ਦਿੱਤਾ ਗਿਆ। ਛੋਟੀਆਂ ਮਸ਼ੀਨਗੰਨਾਂ ਵਾਲ਼ੇ ਸੈਨਿਕ ਦਰਵਾਜ਼ੇ ਅੱਗੇ ਖੜੇ ਹੋਣ ਲੱਗੇ ਸਨ ਪਰ ਮੇਜਰ ਨੇ ਇਸ਼ਾਰੇ ਨਾਲ਼ ਉਹਨਾਂ ਨੂੰ ਚਲੇ ਜਾਣ ਦਾ ਹੁਕਮ ਦਿੱਤਾ। ਸਟ੍ਰੈਚਰ ਉੱਤੇ ਪਿਆ ਆਦਮੀ ਮੈਨੂੰ ਨਜ਼ਰ ਨਹੀਂ ਸੀ ਆਉਂਦਾ। ਇੱਚਰ ਨੂੰ ਮੁਖੀ ਨੇ ਆਪਣੇ ਬੁੱਲ੍ਹਾਂ ਤੇ ਅਤਿਅੰਤ ਮਿਹਰਬਾਨ ਮੁਸਕਾਨ ਲਿਆਂਦੀ ਤੇ ਮੈਨੂੰ ਆਖਿਆ ਕਿ ਮੈਂ ਸਾਡੇ ਰੂਸੀ 'ਮਹਿਮਾਨ' ਨੂੰ ਆਖਾਂ ਕਿ ਉਹ ਵੀ ਇਕ ਪਾਇਲਟ ਹੈ ਤੇ ਉਹਨੂੰ ਆਪਣੇ ਦੂਲੇ ਸਹਿ-ਕਰਮੀ ਦਾ ਸਵਾਗਤ ਕਰਨ ਦੀ ਖੁਸ਼ੀ ਹੋ ਰਹੀ ਹੈ ਜਿਹੜਾ, ਉਸ ਦੇ ਤਮਗਿਆਂ ਤੋਂ ਅੰਦਾਜ਼ਾ ਲਾਇਆ, ਜ਼ਰੂਰ ਪ੍ਰਸਿੱਧ ਰੂਸੀ ਪਾਇਲਟ ਹੋਵੇਗਾ। ਜਦੋਂ ਉਹ ਚਾਹੁੰਦਾ ਹੋਵੇ, ਇਸ ਮੇਜਰ ਨੂੰ ਮਿਠਬੋਲੜਾ, ਸਿੱਧਾ-ਸਾਦਾ ਤੇ ਸਰਲ ਬਣਨਾ ਬਹੁਤ ਚੰਗੀ ਤਰ੍ਹਾਂ ਆਉਂਦਾ ਸੀ, ਭਾਵੇਂ ਉਹਦੇ ਜਿੰਨਾ ਘਿਣਾਉਣਾ ਬੰਦਾ ਮੈਂ ਪਹਿਲਾਂ ਕਦੇ ਨਹੀਂ ਸੀ ਵੇਖਿਆ। ਤੇ ਮੈਂ ਤੁਹਾਨੂੰ ਦੱਸਾਂ ਕਿ ਮੈਂ ਬੜਾ ਕੁਝ ਵੇਖਿਆ ਹੋਇਆ ਸੀ !"

"ਫੇਰ ਮੈਂ ਸਟ੍ਰੈਚਰ ਉੱਤੇ ਪਏ ਆਦਮੀ ਨੂੰ ਚੰਗੀ ਤਰ੍ਹਾਂ ਵੇਖਿਆ: ਉਹ ਜਵਾਨ ਸੀ, ਬਹੁਤ ਜਵਾਨ ਤੇ ਉਹਨੇ ਵੀ ਫਿੱਕੇ ਜਿਹੇ ਰੰਗ ਦੀ ਕਮੀਜ਼ ਪਾਈ ਹੋਈ ਸੀ, ਜਿਸ ਤਰ੍ਹਾਂ ਦੀ ਤੁਹਾਡੀ ਹੈ, ਜਿਸ ਉੱਤੇ ਫੌਜ ਦੇ ਲਾਲ ਝੰਡੇ ਦੇ ਤਿੰਨ ਆਰਡਰ ਤੇ ਕੁਝ ਹੋਰ ਤਮਗੇ ਲੱਗੇ ਹੋਏ ਸਨ। ਉਹਦੇ ਮੋਢਿਆਂ ਦੀਆਂ ਫੀਤੀਆਂ ਹਵਾਈ ਸੈਨਾ ਦੇ ਸਿਨੀਅਰ ਲੈਫਟੀਨੈਂਟ ਦੀਆਂ ਸਨ। ਅਤੇ ਉਹਦੀ ਤੱਕਣੀ... ਮਾਫ਼ ਕਰਨਾ... ਇਕ ਮਿੰਟ..."

ਉਹਦਾ ਰੰਗ ਬੱਗਾ ਪੂਣੀ ਹੋ ਗਿਆ, ਉਸ ਮਕਾਨ ਦੀ ਕੰਧ ਨਾਲ਼ੋਂ ਵੀ ਚਿੱਟਾ ਜਿਸ ਦੇ ਕੋਲ਼ ਅਸੀਂ ਬੈਠੇ ਹੋਏ ਸਾਂ। ਉਹਨੂੰ ਸਾਹ ਲੈਣਾ ਔਖਾ ਹੋ ਗਿਆ ਸੀ। ਉਹ ਆਪਣੇ ਬੁੱਲ੍ਹ ਟੁੱਕ

ਰਹੀ ਸੀ ਜਿਵੇਂ ਕਿਸੇ ਭਾਰੀ ਸਰੀਰਕ ਪੀੜ ਨਾਲ਼ ਜੂਝ ਰਹੀ ਹੋਵੇ। ਫੇਰ ਉਸ ਨੇ ਆਪਣਾ ਸਿਰ ਛੰਡਿਆ ਤੇ ਸਪਸ਼ਟ ਕੀਤਾ:

"ਓਹੀ ਨਸਾਂ ਦਾ ਰੋਗ... ਉਹਦੀਆਂ ਲੱਤਾਂ ਉੱਤੇ ਪਲੱਸਤਰ ਲੱਗਾ ਹੋਇਆ ਸੀ, ਸਿਰ ਉੱਤੇ ਪੱਟੀਆਂ ਬੱਝੀਆਂ ਹੋਈਆਂ ਸਨ ਤੇ ਉਸ ਨੇ ਆਪਣੀਆਂ ਵੱਡੀਆਂ-ਵੱਡੀਆਂ ਸਲੇਟੀ ਅੱਖਾਂ ਨਾਲ਼ ਮੇਰੇ ਵੱਲ ਸ਼ੱਕੀ ਨਜ਼ਰ ਵੇਖਿਆ। ਅੱਖਾਂ ਵਿਚ ਕੇਡੀ ਪੀੜ ਸੀ, ਕੇਡੀ ਨਿਝੱਕਤਾ ਸੀ।

"ਫਰਾਉਲੈਨ, ਮਿਹਰਬਾਨੀ ਕਰ ਕੇ ਇਹਨਾਂ ਨੂੰ ਇਹ ਆਖੋ ਕਿ ਨਿਹੱਥਾ ਦੁਸ਼ਮਣ ਸਾਡੇ ਵਾਸਤੇ ਦੁਸ਼ਮਣ ਨਹੀਂ ਰਹਿੰਦਾ, ਅਤੇ ਨਵਾਂ ਜਰਮਨੀ ਦਲੇਰੀ ਤੇ ਸੈਨਿਕ ਦੀ ਅਣਖ ਨੂੰ ਕੌਮਾਂਤਰੀ ਸਮਝਦਾ ਹੈ, ਅਤੇ ਇਹ ਵੀ ਅਨੁਵਾਦ ਕਰ ਕੇ ਆਖੋ ਕਿ ਗੈਰੀਜ਼ਨ ਦੇ ਮੁਖੀ ਦੀ ਸੱਜੀ ਬਾਂਹ... ਤੇ...ਤੇ... ਆਪ ਇਕ ਪਾਇਲਟ ਹੋਣ ਦੇ ਨਾਤੇ ਮੈਨੂੰ ਇਹਦੇ ਨਾਲ਼ ਵਾਈਨ ਦਾ ਗਲਾਸ ਪੀ ਕੇ ਬੜੀ ਖੁਸ਼ੀ ਹੋਵੇਗੀ...ਤੇ...ਤੇ..., ਨਹੀਂ, ਇਹ ਸ਼ਾਇਦ ਰੂਸੀ ਅੰਦਾਜ਼ ਨਹੀਂ ਹੋਵੇਗਾ...ਵਧੀਆ ਵਾਈਨ ਦਾ ਗਲਾਸ।'

"ਜਿਸ ਵੇਲ਼ੇ ਮੈਂ ਇਹ ਅਨੁਵਾਦ ਕਰ ਰਹੀਂ ਸਾਂ, ਪਾਇਲਟ ਦੀਆਂ ਸਲੇਟੀ ਅੱਖਾਂ ਮੇਰੇ ਚਿਹਰੇ ਨੂੰ ਨਿਹਾਰ ਰਹੀਆਂ ਸਨ। ਅਤੇ ਇਹਨਾਂ ਵਿਚ ਐਸੀ ਨਫ਼ਰਤ ਸੀ, ਨਹੀਂ, ਨਫ਼ਰਤ ਨਹੀਂ, ਸਗੋਂ ਐਸੀ ਘਿਣ ਤੇ ਗਿਲਾਣੀ ਸੀ, ਕਿ ਮੇਰੀਆਂ ਅੱਖਾਂ ਵਿਚ ਆਪਮੁਹਾਰੇ ਹੀ ਅੱਥਰੂ ਆ ਗਏ।

" 'ਇਹਨੂੰ ਆਖੋ, ਕਿ ਮੈਨੂੰ ਬੁੱਧੂ ਬਣਾਉਣਾ ਛੱਡੇ। ਭਾਵੇਂ ਕੁਝ ਹੋ ਜਾਏ ਮੈਂ ਇਹਨੂੰ ਕੁਝ ਨਹੀਂ ਦੱਸਣਾ, ਤੇ ਮੈਨੂੰ ਇਹਦੀ ਵਾਈਨ ਦੀ ਨਹੀਂ ਲੋੜ। ਪਰ ਮੈਂ ਸਿਗਰਟ ਲੈ ਸਕਦਾ ਆਂ।'

"ਮੇਜਰ ਦਾ ਚਿਹਰਾ ਚਮਕ ਪਿਆ, ਉਹ ਆਪਣੀ ਥਾਂ ਤੋਂ ਉਛਲਿਆ ਤੇ ਸਿਗਰਟਾਂ ਵਾਲ਼ੀ ਡੱਬੀ ਉਹਦੇ ਵੱਲ ਕੀਤੀ। ਪਾਇਲਟ ਇਕ ਅਰਕ ਦੇ ਭਾਰ ਉੱਚਾ ਹੋਇਆ, ਇਕ ਸਿਗਰਟ ਲਿਆ, ਤੇ ਹਾਬੜਿਆਂ ਵਾਂਗ ਕਸ਼ ਲਾਉਣ ਲੱਗਾ। ਉਹ ਦੋਵੇਂ ਖਾਮੋਸ਼ ਸਨ। ਸਿਗਰਟਾਂ ਦੇ ਤਮਾਕੂ ਦੀ ਹਲਕੀ-ਹਲਕੀ ਤਿੜ-ਤਿੜ ਸੁਣਾਈ ਦੇਂਦੀ ਸੀ। ਕੁਝ ਚਿਰ ਬਾਅਦ ਮੇਜਰ ਖੜਾ ਹੋਇਆ, ਚੁਸਤੀ ਨਾਲ਼ ਅੱਡੀ ਨਾਲ਼ ਅੱਡੀ ਮਾਰੀ, ਆਪਣੀ ਜਾਣ-ਪਛਾਣ ਕਰਾਈ, ਅਤੇ ਸਾਊਆਂ ਵਾਲੇ ਅੰਦਾਜ਼ ਨਾਲ਼ ਆਖਿਆ ਕਿ ਉਸ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਉਹ ਇਸ ਵੇਲ਼ੇ ਕਿਸ ਨਾਲ਼ ਮਿਲਣ ਦੀ ਖੁਸ਼ੀ ਲੈ ਰਿਹਾ ਹੈ।

" 'ਪੁਰਾਣੇ ਹੱਥ-ਕੰਡੇ, ਇਹਨੂੰ ਇਹ ਕਹਿ ਦੇ ਕਿ ਭਾਵੇਂ ਕੁਝ ਹੋ ਜਾਏ ਮੈਂ ਕੁਝ ਨਹੀਂ ਦੱਸਣਾ, ਜਿੰਨੀ ਮਰਜ਼ੀ ਏ ਵਾਹ ਲਾ ਲੈਣ,' ਮੇਜਰ ਵੱਲ ਪਿੱਠ ਮੋੜ ਕੇ, ਪਾਇਲਟ ਨੇ ਜਵਾਬ ਦਿੱਤਾ।"

"ਤੇ ਮੇਜਰ ਨੇ ਬੜੀ ਵਾਹ ਲਾਈ ਕਿ ਉਹ ਕੁਝ ਬੋਲੇ, ਪਰ ਉਹ ਇਕ ਲਫਜ਼ ਵੀ ਮੂੰਹ ਵਿਚੋਂ ਕੱਢਿਆਂ ਬਗ਼ੈਰ ਕੰਧ ਵੱਲ ਮੂੰਹ ਕਰਕੇ ਪਿਆ ਰਿਹਾ। ਮੈਂ ਵੇਖ ਰਹੀ ਸਾਂ ਕਿ ਜਰਮਨ ਪ੍ਰੇਸ਼ਾਨ ਹੁੰਦਾ ਜਾਂਦਾ ਸੀ, ਉਹ ਆਪਣੇ ਬੁੱਲ੍ਹ ਟੁੱਕ ਰਿਹਾ ਸੀ ਤੇ ਉਹਦੇ ਚਿਹਰੇ ਦੇ ਪੱਠੇ ਫਰਕ ਰਹੇ ਸਨ। ਮੈਂ ਡਰਦੀ ਸਾਂ ਕਿ ਉਹ ਅਚਾਨਕ ਹੀ ਆਪਣੀ ਆਈ 'ਤੇ ਆ ਜਾਏਗਾ ਤੇ ਫੇਰ...

ਮੈਂ ਚੰਗੀ ਤਰ੍ਹਾਂ ਜਾਣਦੀ ਸਾਂ ਕਿ ਇਹ ਬੰਦਾ ਕੀ ਕਰ ਗੁਜ਼ਰੇਗਾ! ਪਰ ਅੱਜ ਉਹਨਾਂ ਨੂੰ ਸਾਡੇ ਹਵਾਈ ਜਹਾਜ਼ਾਂ ਬਾਰੇ ਜਾਣਕਾਰੀ ਦੀ ਬੁਰੀ ਤਰ੍ਹਾਂ ਲੋੜ ਹੋਵੇਗੀ, ਕਿਉਂਕਿ ਉਹਨੇ ਆਪਣੀਆਂ ਵਾਗਾਂ ਢਿੱਲੀਆਂ ਨਹੀਂ ਹੋਣ ਦਿੱਤੀਆਂ ਸਨ ਤੇ ਹੁਕਮ ਦਿੱਤਾ ਕਿ ਕੈਦੀ ਨੂੰ ਲੈ ਜਾਓ, ਸਗੋਂ ਉਸ ਨੂੰ "ਸ਼ੁਭ ਰਾਤ" ਵੀ ਆਖਿਆ। ਪਰ ਉਹਦੇ ਜਾਣ ਮਗਰੋਂ ਬੂਹਾ ਬੰਦ ਹੋਣ ਦੀ ਦੇਰ ਸੀ, ਕਿ ਉਹ ਜਿਉਂ ਲੱਗਾ ਗੰਦੀਆਂ ਗਾਲ੍ਹਾਂ ਕੱਢਣ, ਤੋਬਾ। ਉਹਨੇ ਬਰਾਂਡੀ ਦਾ ਇਕ ਗਲਾਸ ਚੜ੍ਹਾਇਆ ਤੇ ਦੀਵਾਨ ਉੱਤੇ ਢਹਿ ਪਿਆ। ਉਹ ਬਿਲਕੁਲ ਥੱਕ ਹਾਰ ਗਿਆ ਜਾਪਦਾ ਸੀ ਤੇ ਅੱਖਾਂ ਜਿਵੇਂ ਬੇਨੂਰ ਹੋਣ। ਮੁਖੀ ਅੰਦਰ ਆਇਆ, ਮੈਨੂੰ ਜਾਣ ਦੀ ਇਜਾਜ਼ਤ ਦਿੱਤੀ ਗਈ ਤੇ ਘਰ ਪਹੁੰਚਾ ਦਿੱਤਾ ਗਿਆ।"

"ਉਸ ਰਾਤ ਇਕ ਪਲ਼ ਵੀ ਮੇਰੀ ਅੱਖ ਨਹੀਂ ਲੱਗੀ, ਭਾਵੇਂ ਮੈਂ ਆਪਣੇ-ਆਪ ਨੂੰ ਬਿਲਕੁਲ ਥੱਕੀ ਹਾਰੀ ਮਹਿਸੂਸ ਕਰ ਰਹੀ ਸਾਂ। ਉਹ ਪਾਇਲਟ — ਮੈਨੂੰ ਆਪਣੇ ਚਿਹਰੇ ਉੱਤੇ ਟਿਕੀਆਂ ਉਹਦੀਆਂ ਨਜ਼ਰਾਂ ਵਿਖਾਈ ਦੇਂਦੀਆਂ ਰਹੀਆਂ, ਤੇ ਮੇਰੇ ਕੰਨਾਂ ਵਿਚ ਉਹਦੀ ਜਵਾਨ ਅਵਾਜ਼ ਵਿਚ ਆਖੇ ਦ੍ਰਿੜ੍ਹ ਬੋਲ ਗੂੰਜਦੇ ਰਹੇ। ਅਗਲੇ ਦਿਨ ਸਵੇਰੇ ਮੈਂ ਤਿਆਰ ਹੋ ਰਹੀ ਸਾਂ ਕਿ ਜਾ ਕੇ ਆਪਣੇ ਲੋਕਾਂ ਨੂੰ ਦੱਸਾਂ ਤੇ ਖ਼ਬਰਦਾਰ ਕਰਾਂ ਕਿ ਸਾਡੇ ਸ਼ਹਿਰ ਉੱਤੇ ਉੱਡਦਾ ਇਕ ਮੋਹਰੀ ਸੋਵੀਅਤ ਪਾਇਲਟ ਡੇਗ ਲਿਆ ਗਿਆ ਹੈ ਅਤੇ ਕੈਦੀ ਬਣਾ ਲਿਆ ਗਿਆ ਹੈ, ਕਿ ਇਕ ਕਾਰ ਮੇਰੇ ਬੂਹੇ ਅੱਗੇ ਆ ਰੁਕੀ। ਕਾਰ ਵਿਚ ਮੇਜਰ ਆਪ ਸੀ। 'ਹੁਕਮ ਇਹ ਹੈ ਕਿ ਅਸੀਂ ਇਸ ਬੰਦੇ ਦੇ ਅੰਦਰੋਂ ਸੋਵੀਅਤ ਹਵਾਈ ਜਹਾਜ਼ ਬਾਰੇ ਜੋ ਜਾਣਕਾਰੀ ਵੀ ਕੱਢ ਸਕਦੇ ਹਾਂ ਕੱਢੀਏ। ਇਹ ਸੂਚਨਾ ਮਿਲੀ ਹੈ ਕਿ ਇਹ ਉਹਨਾਂ ਨਵੇਂ ਹਵਾਈ ਜਹਾਜ਼ਾਂ ਦੇ ਪਾਇਲਟਾਂ ਵਿਚੋਂ ਹੈ ਜਿਹੜੇ ਹੁਣੇ ਹੀ ਉੱਡ ਕੇ ਏਥੇ ਆਏ ਹਨ। ਫਰਾਊਲੈਨ ਐਰਨਾ, ਤੁਹਾਨੂੰ ਇਸ ਕੰਬਖਤ ਬੋਲਸ਼ਵਿਕ ਨਾਲ਼ ਗੱਲ ਕਰਨੀ ਪਵੇਗੀ। ਉਸ ਨੂੰ ਜੋ ਮਰਜ਼ੀ ਹੈ ਆਖੋ, ਪਰ ਉਹਦੇ ਅੰਦਰੋਂ ਜੋ ਵੱਧ ਤੋਂ ਵੱਧ ਕੱਢ ਸਕਦੇ ਹੋ ਕੱਢੋ। ਤੁਹਾਨੂੰ ਏਨੇ ਪੈਸੇ ਮਿਲਣਗੇ ਜਿਹੜੇ ਤੁਹਾਡੇ ਕੋਲ਼ੋਂ ਸੰਭਾਲੇ ਨਾ ਜਾਣ। ਤੁਹਾਨੂੰ "ਲੋਹ ਸਲੀਬ" ਤਮਗ਼ਾ ਵੀ ਭੇਂਟ ਕੀਤਾ ਜਾਏਗਾ।"

"ਮੈਂ ਇਸ ਬੇਰਹਿਮ ਤੇ ਨਿਰਦਈ ਲੋਭੀ ਤੇ ਜੱਲਾਦ ਨੂੰ ਅਜਿਹੀ ਹਾਲਤ ਵਿਚ ਪਹਿਲਾਂ ਕਦੇ ਨਹੀਂ ਸੀ ਵੇਖਿਆ। ਉਹਦੇ ਅੰਦਰ ਏਨੀ ਹਲਚਲ ਮੱਚੀ ਹੋਈ ਸੀ ਕਿ ਉਹ ਇਹ ਵੀ ਬੋਲ ਗਿਆ ਕਿ ਉਹਨਾਂ ਦੀ ਹਵਾਈ ਸੈਨਾ ਦਾ ਜਨਰਲ ਜਿਸ ਨੂੰ ਹਰ ਹਾਲਤ ਵਿਚ ਇਹ ਜਾਣਕਾਰੀ ਚਾਹੀਦੀ ਹੈ ਹੈਡਕੁਆਟਰ ਤੋਂ ਖਾਰਕੋਵ ਉੱਡ ਗਿਆ ਸੀ। ਮੇਰੇ ਅੱਗੇ ਕੋਈ ਹੋਰ ਰਸਤਾ ਨਹੀਂ ਸੀ। ਪਾਇਲਟ ਨੂੰ ਇਕੱਲਿਆਂ ਮਿਲਣ ਦਾ ਫਾਇਦਾ ਵੀ ਹੋ ਸਕਦਾ ਸੀ। ਮੈਂ ਉਸ ਨੂੰ ਖ਼ਬਰਦਾਰ ਕਰ ਸਕਦੀ ਸਾਂ। ਪਰ ਜਦੋਂ ਮੈਨੂੰ ਉਹਦੀਆਂ ਅੱਖਾਂ ਦੀ ਤੱਕਣੀ ਦਾ ਚੇਤਾ ਆਉਂਦਾ ਤਾਂ ਮੈਨੂੰ ਵੀ, ਜਿਹੜੀ ਮੌਤ ਨਾਲ਼ ਮੱਥਾ ਡਾਹੁਣ ਗਿੱਝੀ ਹੋਈ ਸਾਂ, ਉਹਦੀ ਕੋਠੜੀ ਵਿਚ ਜਾਣ ਤੋਂ ਖ਼ੌਫ ਆਉਂਦਾ ਸੀ, ਸੱਚਮੁੱਚ ਖ਼ੌਫ ਆਉਂਦਾ ਸੀ। ਤੁਸੀਂ ਸਮਝ ਸਕਦੇ ਹੋ ਕਿ ਉਹ ਮੇਰੇ ਬਾਰੇ ਕੀ ਸੋਚ ਸਕਦਾ ਸੀ!"

"ਤਾਂ ਵੀ ਮੈਂ ਆਪਣੇ-ਆਪ ਨੂੰ ਕਾਬੂ ਵਿਚ ਰੱਖਿਆ, ਤੇ ਜਦੋਂ ਮੇਰੇ ਅੰਦਰ ਪੈਰ ਰੱਖਣ ਮਗਰੋਂ ਦਰਵਾਜ਼ਾ ਬੰਦ ਹੋ ਗਿਆ ਤਾਂ ਮੈਂ ਕਿਸੇ ਨਾ ਕਿਸੇ ਤਰ੍ਹਾਂ ਉਹਦੇ ਕੋਲ਼ ਗਈ। ਉਹ ਪਹਿਲਾਂ

ਨਾਲ਼ੋਂ ਬਹੁਤਾ ਲਿੱਸਾ ਲਗਦਾ ਸੀ ਤੇ ਉਸ ਦਾ ਚਿਹਰਾ ਬੀਤੇ ਦਿਨ ਨਾਲ਼ੋਂ ਵਧੇਰੇ ਅੰਦਰ ਨੂੰ ਵੜਿਆ ਹੋਇਆ ਸੀ। ਉਹਦੀਆਂ ਅੱਖਾਂ ਟੱਡੀਆਂ ਹੋਈਆਂ ਸਨ ਤੇ ਜਦੋਂ ਉਹਨੇ ਮੇਰੇ ਵੱਲ ਵੇਖਿਆ ਉਹਨਾਂ ਵਿਚ ਪਹਿਲਾਂ ਵਾਲ਼ੀ ਘਿਣ ਸੀ। ਮੈਨੂੰ ਲੱਗਾ ਕਿ ਜਦੋਂ ਮੈਂ ਉਹਦੇ ਨੇੜੇ ਗਈ ਤਾਂ ਉਹਨੂੰ ਇਕ ਝੁਣਝੁਣੀ ਜਿਹੀ ਆ ਗਈ ਸੀ।''

'' 'ਕੀ ਹਾਲ ਹੈ ਤੁਹਾਡਾ ? ਡਾਕਟਰ ਵੇਖਣ ਆਇਆ ਸੀ ?' ਮੈਂ ਕਿਸੇ ਨਾ ਕਿਸੇ ਤਰ੍ਹਾਂ ਗੱਲਬਾਤ ਸ਼ੁਰੂ ਕਰਨ ਦੀ ਖਾਤਿਰ ਹੀ ਪੁੱਛਿਆ।''

'' 'ਉਹਨਾਂ ਨੂੰ ਮੇਰੇ ਕੋਲੋਂ ਕੁਝ ਲੱਭਾ ਨਹੀਂ, ਸੋ ਹੁਣ ਉਹਨਾਂ ਨੇ ਆਪਣੀ ਅਲਸੈਸ਼ਨ ਕੁੱਤੀ ਮੇਰੇ ਉੱਤੇ ਛੱਡ ਦਿੱਤੀ ਏ,' ਉਹਨੇ ਟਕੋਰ ਕੀਤੀ।''

''ਮੇਰਾ ਰੰਗ ਲਾਲ਼ ਹੋ ਗਿਆ। ਮੈਥੋਂ ਆਪਣੇ ਅੱਥਰੂ ਨਾ ਰੋਕੇ ਗਏ ਤੇ ਉਹਨੇ ਜ਼ਰੂਰ ਮੇਰੀਆਂ ਅੱਖਾਂ ਵਿਚ ਵੇਖ ਲਏ ਹੋਣਗੇ। ਉਹਦੀ ਅਵਾਜ਼ ਬੜੀ ਕਮਜ਼ੋਰ ਸੀ। ਰਾਤ-ਰਾਤ ਵਿਚ ਹੀ ਉਹਦੀ ਸੱਤਿਆ ਨਚੋੜੀ ਗਈ ਸੀ। ਪਰ ਉਹ ਪਹਿਲਾਂ ਵਾਂਗ ਹੀ ਡਟ ਕੇ ਅਤੇ ਕਠੋਰਤਾ ਨਾਲ਼ ਬੋਲਦਾ ਗਿਆ: 'ਤੂੰ ਲਾਲ ਸੂਹੀ ਕਿਉਂ ਹੋ ਗਈ ਏ ? ਤੇਰੇ ਵਰਗੀਆਂ ਨੂੰ ਜਿਹੜੀਆਂ ਆਪਣਾ ਆਪ ਵੇਚਦੀਆਂ ਨੇ ਸ਼ਰਮ ਨਹੀਂ ਆਉਣੀ ਚਾਹੀਦੀ ! ਰਤਾ ਠਹਿਰ ਜਾ, ਇਕ ਵਾਰ ਸਾਡੇ ਹੱਥ ਆ ਜਾਏ, ਤੈਨੂੰ ਉਹ ਸਬਕ ਸਿਖਾਵਾਂਗੇ ਕਿ ਸਾਰੀ ਉਮਰ ਯਾਦ ਰਖੇਂਗੀ।'

''ਮੈਂ ਓਸੇ ਵੇਲ਼ੇ ਥਾਂ 'ਤੇ ਹੀ ਗੋਡਿਆਂ ਭਾਰ ਹੋ ਚਲੀ ਸਾਂ ਤੇ ਉਸ ਨੂੰ ਸਾਰੀ ਕਹਾਣੀ ਸੁਣਾ ਦੇਣ ਲੱਗੀ ਸਾਂ। ਜਿਹੜੇ ਉਹਦੇ ਮੂੰਹ ਵਿਚੋਂ ਬੋਲ-ਕੁਬੋਲ ਨਿਕਲਦੇ ਸਨ ਉਹਨਾਂ ਨੂੰ ਸੁਣ ਕੇ ਅੰਦਰ ਵਲੂੰਦਰਿਆ ਗਿਆ। ਤੇ ਉਹ ਬੋਲਦਾ ਗਿਆ, ਉੱਚੀ, ਹੋਰ ਉੱਚੀ:

'ਤੂੰ ਸਮਝਦੀ ਏਂ ਕਿ ਜਰਮਨਾਂ ਦੇ ਨਾਲ਼ ਹੀ ਪਿੱਛੇ ਨਿਕਲ ਜਾਏਗੀ ਤੇ ਸਾਥੋਂ ਬਚ ਜਾਏਗੀ ? ਅਸੀਂ ਫੜ ਲਵਾਂਗੇ, ਚਿੰਤਾ ਨਾ ਕਰ ! ਅਸੀਂ ਬਰਲਿਨ ਵਿਚੋਂ ਵੀ ਤੈਨੂੰ ਲੱਭ ਲਵਾਂਗੇ। ਤੂੰ ਸਾਡੇ ਕੋਲ਼ੋਂ ਕਦੇ ਬਚ ਕੇ ਨਹੀਂ ਨਿਕਲ ਸਕਦੀ। ਤੈਨੂੰ ਲੁਕਣ ਵਾਸਤੇ ਕੋਈ ਥਾਂ ਨਹੀਂ ਲੱਭ ਸਕਦੀ।'

''ਤੇ ਉਹ ਹੱਸ ਪਿਆ। ਘਬਰਾਹਟ ਨਾਲ਼ ਨਹੀਂ, ਘਬਰਾਹਟ ਤਾਂ ਜਿਵੇਂ ਉਹਦੇ ਨੇੜੇ ਨਾ ਫਟਕਦੀ ਹੋਵੇ। ਉਹ ਜਿਵੇਂ ਕੋਈ ਜੇਤੂ ਹੱਸਦਾ ਹੈ, ਬਾਘੀਆਂ ਪਾਉਂਦਾ ਹੈ, ਜਿਵੇਂ ਉਹ ਦੁਸ਼ਮਣ ਦੀ ਕੈਦ ਵਿਚ, ਪੱਟੀਆਂ ਬੰਨ੍ਹਾ ਕੇ, ਲਾਚਾਰੀ ਵਿਚ ਸਹਿਕ ਨਹੀਂ ਸੀ ਰਿਹਾ ਸਗੋਂ ਵਿਜੈਈ ਬਣ ਕੇ ਬਰਲਿਨ ਨੂੰ ਫਤਹਿ ਕਰ ਰਿਹਾ ਸੀ, ਬਦਲਾ ਲੈ ਰਿਹਾ ਸੀ ਤੇ ਇਨਸਾਫ ਕਰ ਰਿਹਾ ਸੀ।''

''ਤੇ ਮੈਂ ਦੌੜ ਕੇ ਉਹਦੇ ਨੇੜੇ ਹੋਈ ਤੇ ਹਰ ਪਾਸੇ ਤੋਂ ਖਬਰਦਾਰ ਰਹਿ ਕੇ, ਹੌਲ਼ੀ ਜਿਹੀ ਕਿਹਾ: 'ਉਹਨਾਂ ਨੂੰ ਕੁਝ ਵੀ ਪਤਾ ਨਹੀਂ। ਉਹ ਤੁਹਾਡੇ ਕੋਲ਼ੋਂ ਨਵੇਂ ਹਵਾਈ ਯੂਨਿਟਾਂ ਬਾਰੇ ਕੁਝ ਪੁੱਛਣਾ ਚਾਹੁੰਦੇ ਨੇ। ਉਹ ਬਹੁਤ ਘਾਬਰੇ ਹੋਏ ਨੇ। ਸਹਿਮੇ ਹੋਏ ਨੇ। ਉਹਨਾਂ ਨੂੰ ਆਪਣੀਆਂ ਜਾਨਾਂ ਦਾ ਸਹਿਮ ਖਾ ਰਿਹਾ ਏ। ਕੁਝ ਨਾ ਦੱਸਿਓ ਉਹਨਾਂ ਨੂੰ, ਇਕ ਲਫਜ਼ ਨਾ ਬੋਲਿਓ। ਇਸ ਲਾਲ ਵਾਲ਼ਾਂ ਵਾਲ਼ੇ ਮੇਜਰ ਤੋਂ ਜਿਹੜਾ ਕੱਲ੍ਹ ਤੁਹਾਨੂੰ ਮਿਲਿਆ ਸੀ ਖਾਸ ਕਰਕੇ ਸਾਵਧਾਨ ਰਹਿਣਾ। ਇਹ ਬੜਾ ਜ਼ਾਲਮ ਆਦਮੀ ਹੈ।'

''ਉਸ ਨੇ ਮਰੋੜਾ ਜਿਹਾ ਖਾਧਾ ਤੇ ਹੈਰਾਨ ਹੋ ਕੇ ਸੁਣਦਾ ਗਿਆ।''

"ਇਹ ਗੱਲ ਏ !' ਉਸ ਨੇ ਆਖਿਆ ਤੇ ਫੇਰ ਬੋਲਿਆ 'ਇਹ...ਗੱਲ...ਏ !' ਤੇ ਉਹਦੀਆਂ ਅੱਖਾਂ ਵਿਚ ਮਾੜੀ ਜਿਹੀ ਸੁਹਿਰਦਤਾ ਵਿਖਾਈ ਦਿੱਤੀ, ਪਰ ਅਜੇ ਵੀ ਮੇਰੀ ਬੜੀ ਡੂੰਘੀ ਘੋਖ ਪੜਤਾਲ ਕਰ ਰਹੀਆਂ ਸਨ। 'ਇਉਂ ਹੁੰਦੀ ਈ ਏ,' ਤੇ ਉਹ ਫੇਰ ਮੁਸਕ੍ਰਾਇਆ। ਹੁਣ ਇਸ ਵਿਚ ਕੀਨਾ ਨਹੀਂ ਸੀ। ਮੈਨੂੰ ਅੱਖ ਮਾਰੀ, ਤੇ ਅਚਾਨਕ ਉੱਚੀ-ਉੱਚੀ ਬੋਲਣ ਲੱਗ ਪਿਆ: 'ਨਿਕਲ ਜਾ ਏਥੋਂ ਕੁੱਤੀਏ ਕਮਜਾਤੇ ! ਮੈਂ ਤੈਨੂੰ ਕੁਝ ਨਹੀਂ ਦੱਸਣਾ, ਨਾ ਤੈਨੂੰ ਨਾ ਤੇਰੇ ਮਾਲਕਾਂ ਨੂੰ। ਤੁਸੀਂ ਮੇਰੇ ਮੂੰਹੋਂ ਇਕ ਲਫ਼ਜ਼ ਨਹੀਂ ਕਢਵਾ ਸਕਦੇ !"

"ਉਹ ਬੜਾ ਚਿਰ ਬੋਲਦਾ ਗਿਆ, ਉੱਚੀ-ਉੱਚੀ ਟਾਹਰਾਂ ਮਾਰਦਾ ਤਾਂ ਜੋ ਸਾਰੀ ਜੇਲ੍ਹ ਵਿਚ ਉਹਦੀ ਅਵਾਜ਼ ਸੁਣ ਜਾਏ। ਫੇਰ ਉਹਨੇ ਅਵਾਜ਼ ਨੀਵੀਂ ਕਰ ਕੇ ਮੈਨੂੰ ਆਖਿਆ: 'ਸੋ ਤੁਸੀਂ ?..'

"ਮੈਂ ਸਿਰ ਹਿਲਾਇਆ। ਮੈਂ ਸਿਰ ਤੋਂ ਪੈਰਾਂ ਤੱਕ ਕੰਬ ਰਹੀ ਸਾਂ ਤੇ ਮੇਰਾ ਦੰਦੋੜਿਕਾ ਵੱਜ ਰਿਹਾ ਸੀ।"

"ਸੁਣੋ, ਧੀਰਜ ਵਿਚ ਲਿਆਓ ਆਪਣੇ ਮਨ ਨੂੰ,' ਉਸ ਨੇ ਆਖਿਆ, 'ਪਰ ਮੈਨੂੰ ਈਮਾਨਦਾਰੀ ਨਾਲ਼ ਦੱਸੋ — ਕੀ ਮੈਨੂੰ ਖ਼ਤਮ ਕਰ ਦੇਣਗੇ ?'

" 'ਜੇ ਤੁਸੀਂ ਕੁਝ ਨਾ ਦੱਸਿਆ ਤਾਂ ਉਹ ਗੋਲ਼ੀ ਮਾਰ ਦੇਣਗੇ,' ਮੈਂ ਉਸ ਨੂੰ ਦੱਸਿਆ ਅਤੇ ਅਸੀਂ ਸਵਾਲੀਆ ਨਜ਼ਰਾਂ ਨਾਲ਼ ਇਕ ਦੂਜੇ ਵੱਲ ਵੇਖਿਆ।"

" 'ਅਫਸੋਸ ਦੀ ਗੱਲ, ਬਹੁਤ ਅਫਸੋਸ ਦੀ ਗੱਲ। ਮੈਂ ਹਾਲੇ ਜਿੰਦਗੀ ਵਿਚ ਬਹੁਤਾ ਕੁਝ ਨਹੀਂ ਵੇਖਿਆ, ਤੇ ਬੜਾ ਜੀਅ ਕਰਦਾ ਏ ਹੋਰ ਜੀਵਾਂ !.. ਖੈਰ, ਜਾਓ, ਜਾਓ ਹੁਣ ਏਥੋਂ।'

" 'ਜੇ ਕੋਈ ਸੁਨੇਹਾ ਓਧਰ ਪਹੁੰਚਾਉਣਾ ਹੋਵੇ ?' ਮੈਂ ਪੁੱਛਿਆ।

" 'ਤੁਹਾਡੀਆਂ ਅੱਖਾਂ ਵਿਚ ਏਨਾ ਦੁੱਖ ਏਂ, ਕਿ ਮੈਨੂੰ ਤੁਹਾਡੇ ਉੱਤੇ ਤਕਰੀਬਨ ਯਕੀਨ ਆ ਗਿਆ ਏ,' ਉਸ ਨੇ ਜਵਾਬ ਦਿੱਤਾ। 'ਤਕਰੀਬਨ, ਪਰ ਤਾਂ ਵੀ ਨਹੀਂ ਚਾਹੀਦਾ। ਮੈਂ ਤੁਹਾਨੂੰ ਕੋਈ ਗੱਲ ਨਹੀਂ ਦੱਸਾਂਗਾ। ਇਹ ਸਾਡੇ ਦੋਹਾਂ ਦੇ ਭਲੇ ਵਿਚ ਏ — ਸੋ ਅਲਵਿਦਾ...' ਉਸ ਨੇ ਹੌਂਕਾ ਲਿਆ ਤੇ ਫੇਰ ਸਾਰੀ ਜੇਲ੍ਹ ਨੂੰ ਸੁਣਾ-ਸੁਣਾ ਕੇ ਮੈਨੂੰ ਗਾਲ੍ਹਾਂ ਕੱਢਣ ਲੱਗ ਪਿਆ, ਫਿਟਕਾਰਨ ਲੱਗ ਪਿਆ।"

"ਮੇਰਾ ਗੱਚ ਭਰ ਆਇਆ। ਇਸ ਤਰ੍ਹਾਂ ਦਾ ਆਦਮੀ ! ਇਸ ਤਰ੍ਹਾਂ ਦਾ ਆਦਮੀ !.. ਅਤੇ ਅਸੀਂ ਉਹਦੇ ਵਾਸਤੇ ਕੁਝ ਕਰ ਨਹੀਂ ਸਕਦੇ !.. ਮੈਂ ਕੋਠੜੀ ਵਿਚੋਂ ਦੌੜ ਕੇ ਬਾਹਰ ਆ ਗਈ। ਮੇਜਰ ਲਾਂਘੇ ਵਿਚ ਟਹਿਲਦਾ ਹੋਇਆ ਬੇਸਬਰੀ ਨਾਲ਼ ਮੇਰੀ ਉਡੀਕ ਕਰ ਰਿਹਾ ਸੀ। ਉਹ ਜ਼ਰੂਰ ਕਨਸੋਆਂ ਲੈਂਦਾ ਰਿਹਾ ਹੋਵੇਗਾ, ਪਰ ਉਹਦੇ ਚਿਹਰੇ ਤੋਂ ਅੰਦਾਜ਼ਾ ਹੁੰਦਾ ਸੀ ਕਿ ਗਾਲ੍ਹਾਂ ਤੋਂ ਸਿਵਾਏ ਉਹਦੇ ਪੱਲੇ ਹੋਰ ਕੁਝ ਨਹੀਂ ਸੀ ਪਿਆ। ਮੇਰੇ ਵਿਚ ਖੜ੍ਹੀ ਰਹਿਣ ਦੀ ਹਿੰਮਤ ਨਹੀਂ ਸੀ। ਮੈਨੂੰ ਹੁਣ ਕਿਸੇ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ। ਮੇਜਰ ਦੀਆਂ ਗੱਲ੍ਹਾਂ ਫਰਕ ਰਹੀਆਂ ਸਨ ਤੇ ਰੋਹ ਨਾਲ਼ ਉਹਦਾ ਰੰਗ ਉਡਿਆ ਹੋਇਆ ਸੀ।"

" 'ਰੋਵੋ ਨਾ, ਫਰਾਊਲੈਨ, ਤੁਸੀਂ ਕੰਮ ਕਰ ਰਹੇ ਹੋ। ਜਿਉਂ ਹੀ ਸਾਨੂੰ ਉਸ ਦੀ ਲੋੜ ਨਾ ਰਹੀ..' ਉਸ ਨੇ ਗੱਲ ਪੂਰੀ ਨਹੀਂ ਕੀਤੀ।"

"ਮੈਨੂੰ ਯਾਦ ਨਹੀਂ ਕਿ ਮੈਂ ਜੇਲ੍ਹ ਵਿਚੋਂ ਬਾਹਰ ਕਿਸ ਤਰ੍ਹਾਂ ਆਈ ਸੀ।"

ਕੁੜੀ ਨੇ ਇਕ ਹੌਕਾ ਲਿਆ ਤੇ ਚੁੱਪ ਹੋ ਗਈ। ਇਸ ਵੇਲ਼ੇ ਵੀ ਉਹਦਾ ਸਰੀਰ ਟੁੱਟ ਰਿਹਾ ਹੋਵੇਗਾ, ਨਸਾਂ ਪਾਟ ਰਹੀਆਂ ਹੋਣਗੀਆਂ। ਉਹ ਕੰਬੀ ਜਾ ਰਹੀ ਸੀ, ਉਹਦਾ ਹੇਠਲਾ ਜਬਾੜ੍ਹਾ ਫਰਕ ਰਿਹਾ ਸੀ ਅਤੇ ਘਬਰਾਹਟ ਨਾਲ਼ ਉਹਦੇ ਚਿਹਰੇ ਦੀ ਸ਼ਕਲ ਵਿਗੜ ਗਈ ਸੀ, ਕਿੰਨਾ ਹੀ ਚਿਰ ਉਹ ਚੁੱਪ ਕੀਤੀ ਰਹੀ।

"ਇਸ ਬਾਰੇ ਗੱਲ ਕਰਨਾ ਮੇਰੇ ਲਈ ਬੜਾ ਔਖਾ ਹੈ, ਪਰ ਮੈਂ ਚਾਹੁੰਦੀ ਹਾਂ ਕਿ ਸਾਰੇ ਦੇਸ਼ ਨੂੰ ਪਤਾ ਲੱਗਾ ਜਾਏ ਕਿ ਓਥੇ ਸੋਵੀਅਤ ਲੋਕਾਂ ਦਾ ਵਿਹਾਰ ਕੀ ਸੀ। ਆਖ਼ਰ ਤੁਸੀਂ ਆਪ ਤਾਂ ਇਸ ਦਾ ਅੰਦਾਜ਼ਾ ਹੀ ਲਾ ਸਕਦੇ ਹੋ। ਮੈਂ ਤੁਹਾਨੂੰ ਪੂਰੀ ਗੱਲ ਦੱਸਾਂਗੀ। ਇਹ ਮੇਰਾ ਫਰਜ਼ ਹੈ। ਉਸ ਆਦਮੀ ਦੀਆਂ ਆਖਰੀ ਘੜੀਆਂ ਬਾਰੇ ਮੇਰੇ ਤੋਂ ਬਗ਼ੈਰ ਹੋਰ ਕੋਈ ਕੁਝ ਨਹੀਂ ਜਾਣਦਾ।"

"ਜੇਲ੍ਹ ਵਿਚ ਉਸ ਗੱਲਬਾਤ ਤੋਂ ਬਾਦ ਮੈਂ ਸਾਰਾ ਦਿਨ ਇਕ ਤਰ੍ਹਾਂ ਦੀ ਬੇਹਿਸੀ ਜਿਹੀ ਵਿਚ ਗੁਜ਼ਾਰਿਆ। ਮੈਨੂੰ ਬੜਾ ਮਨ ਪੱਕਾ ਕਰ ਕੇ ਰੱਖਣਾ ਪਿਆ, ਆਪਣੇ ਦਿਲ ਦਿਮਾਗ਼ ਦੀ ਪੂਰੀ ਤਾਕਤ ਤੇ ਆਪਣੀ ਪੂਰੀ ਸਿਖਲਾਈ ਤੋਂ ਕੰਮ ਲੈਣਾ ਪਿਆ, ਜੋ ਕੁਝ ਵੀ ਕਰਨ ਦੀ ਹਿੰਮਤ ਸੀ ਕੀਤਾ ਤਾਂ ਜੋ ਉਹਨਾਂ ਦੇ, ਉਹਨਾਂ ਜਮਦੂਤਾਂ ਦੇ ਮੱਥੇ ਨਾ ਲੱਗਾਂ, ਪਰ ਮੈਂ ਇਸ ਤਰ੍ਹਾਂ ਨਹੀਂ ਕਰ ਸਕਦੀ ਸੀ ਤੇ ਜਦੋਂ ਉਹ ਲੋਕ ਉਸ ਦੀ ਗੱਲ ਕਰਦੇ ਸਨ ਤਾਂ ਫੁਟ-ਫੁਟ ਰੋ ਪੈਂਦੀ ਸੀ। ਚੰਗੇ ਭਾਗਾਂ ਨੂੰ ਮੇਜਰ ਨੇ ਮੁਖੀ ਨੂੰ ਦੱਸ ਦਿੱਤਾ ਹੋਇਆ ਸੀ ਕਿ ਅਸੀਂ ਜੇਲ੍ਹ ਵਿਚੋਂ ਹੋ ਆਏ ਸੀ ਤੇ ਉਹ ਇਸ ਗੱਲ ਦਾ ਆਪਣੇ ਹੀ ਢੰਗ ਨਾਲ਼ ਅਰਥ ਕੱਢਦੇ ਸਨ ਤੇ ਮੈਨੂੰ ਢਾਰਸ ਦੇਣ ਦੀ ਕੋਸ਼ਿਸ਼ ਕਰਦੇ ਸਨ। ਮੈਂ ਗੱਲਾਂ ਸੁਣਦੀ ਰਹਿੰਦੀ ਤੇ ਮੂੰਹ ਅੱਗੇ ਹੱਥ ਕਰ ਲੈਂਦੀ ਤਾਂ ਜੋ ਉਹਨਾਂ ਦੀ ਸ਼ਕਲ ਨਜ਼ਰ ਨਾ ਆਵੇ। ਮੈਂ ਬਹੁਤ ਡਰਦੀ ਸਾਂ ਕਿ ਸ਼ਾਇਦ ਮੈਂ ਬਰਦਾਸ਼ਤ ਨਾ ਕਰ ਸਕਾਂ ਤੇ ਕੋਈ ਬੇਹੂਦਗੀ ਕਰ ਬੈਠਾਂ।"

"ਪਰ ਹਾਲੇ ਤਾਂ ਮੈਂ ਇਸ ਤੋਂ ਵੀ ਭਿਆਨਕ ਵਕਤ ਵੇਖਣਾ ਸੀ। ਤੁਸੀਂ, ਸ਼ਾਇਦ, ਸਾਡੇ ਕੰਮ ਬਾਰੇ ਤਾਂ ਜਾਣਦੇ ਹੀ ਹੋ, ਜਾਂ ਨਹੀਂ ? ਤੇ ਮੇਰੇ ਬਾਰੇ ਵੀ ? ਮੈਂ ਕੋਈ ਨਵੀਂ ਨਹੀਂ ਸੀ। ਪਰ ਇਸ ਦੇ ਬਾਵਜੂਦ ਜਿਨ੍ਹਾਂ ਔਖੀਆਂ ਘਾਟੀਆਂ ਵਿਚੋਂ ਮੈਂ ਲੰਘੀ ਹਾਂ ਇਹ ਉਹਨਾਂ ਵਿਚ ਅਤਿਅੰਤ ਭਿਆਨਕ ਸੀ। ਜਿਹੜੇ ਜਨਰਲ ਦਾ ਮੈਂ ਜ਼ਿਕਰ ਕੀਤਾ ਹੈ ਉਹ ਗਿਓਰਿੰਗ ਨੂੰ ਬਹੁਤ ਪਸੰਦ ਸੀ ਤੇ ਉਹ ਸਭ ਉਹਦੀਆਂ ਤਲੀਆਂ ਚੱਟਦੇ ਸਨ। ਉਸ ਨੇ ਫੈਸਲਾ ਕੀਤਾ ਕਿ ਉਹ ਪਾਇਲਟ ਦੀ ਆਪ ਪੁੱਛ-ਪੜਤਾਲ ਕਰੇਗਾ। ਉਹ ਉੱਚਾ-ਲੰਮਾ ਤੇ ਸੋਹਣਾ, ਸਵੈ-ਵਿਸ਼ਵਾਸ ਵਾਲ਼ਾ ਸੀ, ਲਾਲ ਰੰਗ ਤੇ ਚਿੱਟੀਆਂ ਝਿੰਮਣੀਆਂ ਵਾਲਾ ਲਿਸ਼ਕਦਾ ਮੂੰਹ। ਉਹਨੂੰ ਵੇਖਦਿਆਂ ਸੂਰ ਦਾ ਖਿਆਲ ਆ ਜਾਂਦਾ। ਉਹ ਜੇਲ੍ਹ ਗਿਆ। ਉਹਦੇ ਨਾਲ਼ ਮੇਰਾ ਮੁਖੀ ਸੀ, ਮੇਜਰ ਸੀ ਤੇ ਮੈਂ ਸੀ। ਜਦੋਂ ਅਸੀਂ ਅੰਦਰ ਲੰਘੇ ਤਾਂ ਉਹ ਸਿੱਧਾ ਬੜੀ ਆਕੜ ਨਾਲ਼ ਪਾਇਲਟ ਕੋਲ਼ ਗਿਆ, ਉਸ ਨੂੰ ਆਪਣਾ ਨਾਂ ਦੱਸਿਆ — ਜਿਸ ਨੂੰ ਤਕਰੀਬਨ ਸਭ ਜਾਣਦੇ ਸਨ — ਤੇ ਉਹਦੇ ਵੱਲ ਆਪਣਾ ਹੱਥ ਵਧਾਇਆ। ਪਾਇਲਟ ਨੇ ਮੂੰਹ ਦੂਜੇ ਪਾਸੇ ਕਰ ਲਿਆ ਤੇ ਕੋਈ ਜਵਾਬ ਨਹੀਂ ਦਿੱਤਾ।"

"ਤੁਹਾਡਾ ਸਲੀਕਾ ਚੰਗਾ ਨਹੀਂ, ਨੌਜਵਾਨ। ਮੈਂ ਜਨਰਲ ਹਾਂ, ਦੋ ਲੜਾਈਆਂ ਦਾ ਹੀਰੋ।

ਮਾਣ-ਮਰਯਾਦਾ ਦੇ ਨੇਮ ਮੰਗ ਕਰਦੇ ਨੇ ਕਿ ਇਕ ਫੌਜੀ ਨੂੰ ਆਪਣੇ ਤੋਂ ਵੱਡੇ ਅਫਸਰ ਦੀ ਸਾਹਿਬ-ਸਲਾਮ ਦਾ ਜਵਾਬ ਦੇਣਾ ਚਾਹੀਦਾ ਹੈ।"

"ਮੈਂ ਉਸ ਦੇ ਇਸ ਵਾਕ ਦਾ ਉਲੱਥਾ ਕਰ ਦਿੱਤਾ। ਮੁਮਕਿਨ ਹੈ, ਕਿ ਉਹ ਜਨਰਲ ਬਹੁਤ ਚੰਗਾ ਅਦਾਕਾਰ ਹੋਵੇ। ਓਥੇ ਇਹ ਸਭ ਲੋਕ, ਫਾਸਿਸ਼ਟਾਂ ਦੇ ਉਪਰਲੇ ਹਲਕੇ ਦੇ ਸਭ ਲੋਕ, ਵਾਹ-ਵਾਹ ਚੰਗੇ ਨਕਲੀਏ ਨੇ। ਅਤੇ ਉਹ ਸ਼ੁਭ ਇੱਛਾ ਦੇ ਟੁੰਬਵੇਂ ਅੰਦਾਜ਼ ਵਿਚ ਬੋਲਿਆ ਸੀ।"

" 'ਤੁਹਾਨੂੰ ਮਾਣ-ਮਰਯਾਦਾ ਦਾ ਕੀ ਪਤਾ ਏ ?' ਪਾਇਲਟ ਨੇ ਮਾਮੂਲੀ ਜਿਹਾ ਹੱਸਦਿਆਂ ਆਖਿਆ।"

"ਮੈਂ ਉਲੱਥਾ ਕਰ ਦਿੱਤਾ। ਜਾਪਦਾ ਸੀ ਕਿ ਜਨਰਲ ਨੂੰ ਕੋਈ ਹੈਰਾਨੀ ਨਹੀਂ ਹੋਈ। ਸਿਰਫ ਪਲ ਦਾ ਪਲ ਉਹਦੀ ਤਿਊੜੀ ਚੜ੍ਹ ਗਈ ਸੀ। ਫੇਰ ਉਸ ਨੇ ਪੁੱਛਿਆ: 'ਹੋ ਸਕਦਾ ਹੈ, ਤੁਹਾਡੇ ਨਾਲ਼ ਏਥੇ ਭੈੜਾ ਵਰਤਾਓ ਕੀਤਾ ਗਿਆ ਹੋਵੇ ? ਤੁਸੀਂ ਏਡੇ ਤਲਖ਼ ਕਿਉਂ ਜੇ ? ਤੁਹਾਡੇ ਵੱਲ ਜੋ ਧਿਆਨ ਦਿੱਤਾ ਜਾਂਦਾ ਹੈ ਤੇ ਜੋ ਇਲਾਜ ਕੀਤਾ ਜਾਂਦਾ ਹੈ, ਉਸ ਤੋਂ ਤੁਹਾਡੀ ਤਸੱਲੀ ਨਹੀਂ ? ਦੱਸੋ ਮੈਨੂੰ, ਮੈਂ ਹੁਣੇ ਹੁਕਮ ਦਿਆਂਗਾ ਕਿ ਸਭ ਇੰਤਜ਼ਾਮ ਠੀਕ ਕੀਤਾ ਜਾਏ। ਇਕ ਸੂਰਮਾ ਹਰ ਹਾਲਤ ਵਿਚ ਸੂਰਮਾ ਹੀ ਰਹਿੰਦਾ ਹੈ।"

"ਪੁੱਛੋ ਸੂ, ਏਹਨੂੰ ਕੀ ਚਾਹੀਦੈ," ਥੱਕੇ-ਥੱਕੇ ਪਾਇਲਟ ਨੇ ਆਖਿਆ।"

"ਉਹ ਆਪਣੇ ਜ਼ਖ਼ਮਾਂ ਦੀ ਪੀੜ ਤੋਂ ਬਹੁਤ ਦੁਖੀ ਜਾਪਦਾ ਸੀ, ਪਰ ਉਹ ਨਹੀਂ ਸੀ ਚਾਹੁੰਦਾ ਕਿ ਦੁਸ਼ਮਣ ਨੂੰ ਉਹਦੀ ਤਕਲੀਫ ਦਾ ਪਤਾ ਲਗੇ। ਸਿਰਫ ਪਸੀਨੇ ਦੀਆਂ ਉਹ ਬੂੰਦਾਂ, ਜੋ ਉਹਦੇ ਮੱਥੇ ਤੋਂ ਉਹਦੇ ਮੂੰਹ ਵੱਲ ਰਿੜ੍ਹ ਪਈਆਂ ਸਨ, ਉਸ ਦੀ ਅਸਲ ਹਾਲਤ ਦੀ ਕਹਾਣੀ ਪਾਉਂਦੀਆਂ ਸਨ।"

"ਜਨਰਲ ਦਾ ਸਬਰ ਗੁਆਚਣ ਲੱਗ ਪਿਆ:

'ਇਹਨੂੰ ਆਖੋ ਕਿ, ਢੱਠੇ ਖੂਹ ਵਿਚ ਪਵੇ ਸਭ ਕੁਝ, ਇਹਨੂੰ ਇਕ ਚੰਗਾ ਮੌਕਾ ਦਿੱਤਾ ਜਾ ਰਿਹਾ ਹੈ। ਹਵਾਬਾਜ਼ ਯੂਨਿਟਾਂ ਬਾਰੇ ਮਾਮੂਲੀ ਜਾਣਕਾਰੀ, ਜਿਸ ਦੀ ਉਸ ਦੇ ਕਿਸੇ ਦੇਸ਼ਵਾਸੀ ਦੇ ਕੰਨ ਕਦੇ ਭਿਣਕ ਨਹੀਂ ਪਵੇਗੀ, ਤੇ ਉਹ ਯੂਰਪ ਦੇ ਸਭ ਤੋਂ ਚੰਗੇ ਸਿਹਤ ਕੇਂਦਰਾਂ ਵਿਚੋਂ ਕਿਸੇ ਇਕ ਵਿਚ ਲੜਾਈ ਖ਼ਤਮ ਹੋਣ ਤੱਕ ਅਮਨ-ਚੈਨ ਤੇ ਸੁੱਖ ਦੀ ਜ਼ਿੰਦਗੀ ਗੁਜ਼ਾਰੇਗਾ — ਨਾਈਸ, ਬਾਡੇਨ-ਬਾਡੇਨ, ਬਾਡਵਿਲਡਨਜਨ, ਕਾਰਲਸਬਾਡ... ਇਸ ਨੂੰ ਇਹ ਵੀ ਦੱਸ ਦਿਓ, ਕਿ ਉਸ ਦੇ ਇਸ ਹੱਠ ਦਾ ਵੀ ਕਿਸੇ ਨੂੰ ਪਤਾ ਨਹੀਂ ਲੱਗਣਾ। ਕਬਰ ਵਿਚ ਪਈਆਂ ਸੂਰਮਿਆਂ ਤੇ ਕਾਇਰਾਂ ਦੀਆਂ ਲਾਸ਼ਾਂ ਨੂੰ ਕੀੜੇ-ਮਕੋੜੇ ਇਕੋ ਜਿੰਨੇ ਸਵਾਦ ਨਾਲ਼ ਖਾਂਦੇ ਨੇ।'

"ਮੈਂ ਉਲਥਾ ਕਰ ਦਿੱਤਾ।"

"ਪਾਇਲਟ ਠਹਾਕਾ ਮਾਰ ਕੇ ਹੱਸ ਪਿਆ: 'ਜਨਰਲ ਨੂੰ ਆਖੋ ਕਿ ਉਹ ਪ੍ਰਤੱਖ ਤੌਰ 'ਤੇ ਆਪਣੇ ਫਿਊਰਰ ਦੀ ਗੰਦੀ ਔਲਾਦ ਏ।'

"ਮੈਨੂੰ ਤਟਫਟ ਹੀ "ਗੰਦੀ ਔਲਾਦ" ਲਫ਼ਜ਼ ਦਾ ਜਰਮਨ ਬਦਲ ਨਾ ਲੱਭ ਸਕਿਆ ਤੇ ਮੈਂ ਇਸ ਦਾ ਅਨੁਵਾਦ "ਅਨੁਯਾਈ" ਕਰ ਦਿੱਤਾ ਤੇ ਮੈਂ ਹੈਰਾਨ ਰਹਿ ਗਈ ਕਿ ਇਸ ਆਕੜ

ਖਾਂ ਊਤ ਦਾ ਚਿਹਰਾ ਚਮਕ ਪਿਆ। ਉਹਦੀ ਹਉਮੈ ਜਾਗ ਪਈ ਲੱਗਦੀ ਸੀ ਤੇ ਉਹ ਬੋਲਿਆ ਕਿ ਗੱਲ ਤਾਂ ਠੀਕ ਹੈ, ਲੈਫਟੀਨੈਂਟ ਨੇ ਬਿਲਕੁਲ ਠੀਕ ਸਮਝਿਆ ਹੈ, ਉਹ ਸੱਚਮੁਚ ਹੀ ਆਪਣੇ ਫਿਊਰਰ ਦੇ ਪੂਰਨਿਆਂ 'ਤੇ ਚੱਲਣ ਦੀ ਕੋਸ਼ਿਸ਼ ਕਰਦਾ ਹੈ। ਉਸ ਨੇ ਆਖਿਆ ਕਿ ਹੁਣ, ਉਹਦਾ ਵਿਸ਼ਵਾਸ ਹੈ, ਕਿ ਉਹ ਦੋਵੇਂ ਸੂਰਮੇ, ਦੋਵੇਂ ਸੈਨਿਕ, ਕੋਈ ਸਾਂਝੀ ਜ਼ੁਬਾਨ ਲੱਭ ਲੈਣਗੇ। ਅਤੇ ਉਸ ਨੇ ਸ੍ਰੀਮਾਨ ਲੈਫਟੀਨੈਂਟ ਨੂੰ, ਜਿਸ ਨੇ ਹੁਣੇ ਹੀ ਇਹ ਸਾਬਿਤ ਕਰ ਦਿੱਤਾ ਸੀ ਕਿ ਉਹ ਆਪਣੇ ਹੋਰ ਬੇਅੰਤ ਦੇਸਵਾਸੀਆਂ ਨਾਲੋਂ ਵਧੇਰੇ ਸਿਆਣਾ ਹੈ, ਇਹ ਪੁੱਛਿਆ ਕਿ ਇਹ ਸੋਵੀਅਤ ਰੂਸੀ ਏਡੇ ਬੁਰੀ ਤਰ੍ਹਾਂ ਸਿਰੜੀ ਕਿਉਂ ਹਨ; ਉਹ ਪਿੱਛੇ ਹੱਟਦੇ ਹੋਏ ਆਪਣੇ ਹੀ ਮਕਾਨ ਕਿਉਂ ਸਾੜ ਦੇਂਦੇ ਹਨ; ਉਹ ਮਹਾਜ਼ ਦੇ ਇਸ ਪਾਸੇ ਵੀ, ਆਪਣੇ ਹਥਿਆਰ ਕਿਉਂ ਨਹੀਂ ਸੁੱਟਦੇ ਅਤੇ ਹਾਲੇ ਵੀ ਲੱਕ ਬੰਨ੍ਹ ਕੇ ਲੜੀ ਜਾਂਦੇ ਹਨ ਤੇ ਬਦਲੇ ਦੀ ਕਾਰਵਾਈ ਦਾ ਸ਼ਿਕਾਰ ਬਣਦੇ ਤੇ ਸਜ਼ਾ ਪਾਉਂਦੇ ਹਨ; ਉਹ ਕੁਝ ਵੀ ਦੱਸੇ ਬਗੈਰ ਕਿਉਂ ਮਰ ਜਾਣਾ ਚਾਹੁੰਦੇ ਹਨ ਭਾਵੇਂ ਇਹ ਗੱਲ ਕੋਈ ਮੂਰਖ ਵੀ ਸਮਝ ਸਕਦਾ ਹੈ ਕਿ ਉਹ ਲੜਾਈ ਹਾਰ ਚੁੱਕੇ ਹਨ ? ਕਿਉਂ ?"

"ਇਸ ਮੋਟੀ ਬੁੱਧ ਵਾਲੇ ਹੈਂਕੜਬਾਜ਼ ਨੇ ਰੂਸੀ ਪਾਇਲਟ ਦੀ ਇਸ ਗੱਲ ਨੂੰ, ਕਿ ਉਹ ਹਿਟਲਰ ਦਾ ਅਨੁਯਾਈ ਹੈ, ਇਕ ਰੂਸੀ ਵੱਲੋਂ ਆਪਣੀ ਤਾਰੀਫ ਸਮਝ ਲਿਆ ਸੀ ਤੇ ਸੋਚਿਆ ਉਹ ਉਸ ਦੇ ਹਰ ਕਥਨ ਨੂੰ ਮੰਨਣ ਲਈ ਤਿਆਰ ਹੋ ਗਿਆ ਸੀ। ਜਨਰਲ ਦੇਰ ਤੱਕ ਬਹਿਸ ਵਿਚ ਪਿਆ ਰਿਹਾ। ਉਹ ਪ੍ਰਤੱਖ ਹੀ ਮੇਰੇ ਮੁਖੀ ਤੇ ਮੇਜਰ ਅੱਗੇ ਵਿਖਾਵਾ ਕਰ ਰਿਹਾ ਸੀ ਜਿਨ੍ਹਾਂ ਨੂੰ ਸ਼ਰਮਿੰਦਗੀ ਦਾ ਮੂੰਹ ਵੇਖਣਾ ਪਿਆ ਸੀ।"

"ਮੈਂ ਪਾਇਲਟ ਵਾਸਤੇ ਸਾਰੇ ਸਵਾਲਾਂ ਦਾ ਉਲਥਾ ਕਰਦੀ ਰਹੀ।"

" 'ਬੇਵਕੂਫ !' ਉਸ ਨੇ ਲਫਜ਼ ਉੱਤੇ ਜ਼ੋਰ ਦੇ ਕੇ ਆਖਿਆ। 'ਕਿਉਂਕਿ ਅਸੀਂ ਸੋਵੀਅਤ ਲੋਕ ਹਾਂ, ਇਹਨਾਂ ਵਰਗੇ ਨਹੀਂ !'

"ਜੇ ਕਿਤੇ ਉਸ ਪਲ ਤੁਸੀਂ ਉਸ ਨੂੰ ਵੇਖਿਆ ਹੁੰਦਾ ! ਉਹ ਅਰਕ ਦੇ ਭਾਰ ਉੱਚਾ ਹੋਇਆ, ਚਿੱਟੀਆਂ ਪੱਟੀਆਂ ਤੇ ਪਿਛੋਕੜ ਵਿਚ ਉਸ ਦੇ ਬਹੁਤ ਕਾਲ਼ੇ ਨਜ਼ਰ ਆਉਂਦੇ ਭਰਵੱਟਿਆਂ ਦੀ ਤਿਊੜੀ ਚੜ੍ਹ ਗਈ ਤੇ ਉਹਦੀਆਂ ਅੱਖਾਂ ਵਿਚੋ ਲਾਟਾਂ ਨਿਕਲਣ ਲੱਗੀਆਂ।"

"ਜਨਰਲ ਲੋਹੇ ਲਾਖਾ ਹੋ ਗਿਆ। ਉਸ ਨੇ ਗੰਦੀ ਗਾਲ੍ਹ ਕੱਢੀ ਤੇ ਭੁੜਕ ਕੇ ਖੜਾ ਹੋ ਗਿਆ ਤੇ ਕਿਸੇ ਜਰਮਨ ਅਖਾਣ ਦਾ ਹਵਾਲਾ ਦਿੱਤਾ ਜਿਹੜਾ ਮੋਟੇ ਤੌਰ 'ਤੇ ਇਸ ਰੂਸੀ ਅਖਾਂਣ ਵਾਂਗ ਸੀ। 'ਬਘਿਆੜ ਨੂੰ ਜਿੰਨਾ ਮਰਜ਼ੀ ਖੁਆਓ, ਉਹਦੀ ਨਜ਼ਰ ਸਦਾ ਜੰਗਲ ਵੱਲ ਰਹਿੰਦੀ ਹੈ।' ਉਸ ਨੇ ਆਖਿਆ ਕਿ ਲੈਫਟੀਨੈਂਟ ਬੇਅਕਲ ਤੇ ਬੇਹੂਦਾ ਜਾਨਵਰ ਹੈ ਜਿਸ ਨੇ ਆਪਣੇ ਨਾਲ਼ ਹੋਏ ਸ਼ਰੀਫਾਂ ਵਾਲ਼ੇ ਸਲੂਕ ਤੇ ਵਿਹਾਰ ਦਾ ਬਦਲਾ ਅਤਿ ਨੀਚਾਂ ਵਾਲੇ ਨਾਸ਼ੁਕਰੇਪਨ ਨਾਲ਼ ਚੁਕਾਇਆ ਹੈ।"

" 'ਮੈਂ ਸਮਝਿਆ ਸੀ ਕਿ ਇਹ ਤਾਂ ਜ਼ਖਮੀਆਂ ਦੀ ਸੰਭਾਲ ਬਾਰੇ ਕੌਮਾਂਤਰੀ ਸਮਝੌਤੇ ਮੁਤਾਬਿਕ ਮੰਨੀ ਗੱਲ ਏ,' ਲੈਫਟੀਨੈਂਟ ਨੇ ਜਵਾਬ ਦਿੱਤਾ।"

" 'ਸਮਝੌਤਾ ! ਹਾ, ਹਾ, ਜਿਵੇਂ ਅਸੀਂ ਰੂਸੀ ਸੂਰ ਉੱਤੇ ਆਪਣੀਆਂ ਜਰਮਨ ਪੱਟੀਆਂ

ਜ਼ਾਇਆ ਕਰੀਏ ਜਿਸ ਕੋਲੋਂ ਸਿਵਾਏ ਸੜ੍ਹਿਹਾਂਦ ਦੇ ਹੋਰ ਕੁਝ ਨਹੀਂ ਮਿਲਦਾ!'

"ਜਨਰਲ ਕੜਕਿਆ ਤੇ ਉਹਨੇ ਆਪਣਾ ਪੈਰ ਚੁੱਕ ਕੇ ਜ਼ਮੀਨ ਨਾਲ਼ ਮਾਰਿਆ। ਮੇਰੇ ਮੁਖੀ ਨੇ ਇਹ ਮਹਿਸੂਸ ਕਰਦਿਆਂ ਕਿ ਉਹ ਉਹਨਾਂ ਨੂੰ ਕੈਦੀ ਕੋਲ਼ੋਂ ਕੁਝ ਹਾਸਿਲ ਕਰ ਲੈਣ ਦਾ ਆਖਰੀ ਮੌਕਾ ਵੀ ਖੋਹ ਰਿਹਾ ਹੈ, ਆਦਰ ਨਾਲ਼ ਜ਼ੋਰ ਦੇ ਕੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਪਰ ਇਸ ਦੇ ਕੋਈ ਫਾਇਦਾ ਨਾ ਹੋਇਆ।"

"ਜਦੋਂ ਮੈਂ ਜਨਰਲ ਦੇ ਲਫਜ਼ਾਂ ਦਾ ਉੱਲਥਾ ਕੀਤਾ ਤਾਂ ਜ਼ਖ਼ਮੀ ਪਾਇਲਟ ਇਕ ਝਟਕੇ ਨਾਲ਼ ਸਟ੍ਰੈਚਰ ਤੇ ਉੱਠ ਕੇ ਬਹਿ ਗਿਆ, ਉਹਨੇ ਮੁੱਕੀਆਂ ਮਾਰ-ਮਾਰ ਕੇ ਲੱਤਾਂ ਦਾ ਪਲੱਸਤਰ ਲਾਹ ਸੁੱਟਿਆ ਅਤੇ ਆਪਣੇ ਸਿਰ ਤੇ ਧੌਣ ਉੱਤਲੀਆਂ ਮਹੀਨ ਪੱਟੀਆਂ ਲੀਰਾਂ ਕਰ ਛੱਡੀਆਂ। ਲਹੂ ਦੀਆਂ ਤਤੀਰੀਆਂ ਛੁੱਟ ਪਈਆਂ ਤੇ ਉਹਦੇ ਚਿਹਰੇ ਤੋਂ ਘਰਾਲਾਂ ਬਣ ਕੇ ਵਗਣ ਲੱਗੀਆਂ।"

" 'ਮੈਨੂੰ ਤੁਹਾਡੀ ਫਾਸਿਸ਼ਟ ਹਮਦਰਦੀ ਦੀ ਕੋਈ ਲੋੜ ਨਹੀਂ!' ਉਹ ਬੁੜਬੁੜਾਇਆ।"

" 'ਗੰਦਾ ਜਨੂੰਨੀ, ਜਾਂਗਲੀ, ਉਤਰੀ ਹਬਸ਼ੀਆਂ ਦਾ ਦੇਸ਼!' ਜਨਰਲ ਗਰਜਿਆ।"

"ਫੇਰ ਅਚਨਚੇਤ ਹੀ, ਇਹ ਅੱਖ ਪਲਕਾਰੇ ਵਿਚ ਹੀ ਹੋ ਗਿਆ, ਉਹ ਆਪਣੇ ਮੂੰਹ 'ਤੇ ਹੱਥ ਮਲਦਾ ਪਿੱਛੇ ਹੱਟਿਆ। ਲੈਫਟੀਨੈਂਟ ਨੇ ਉਹਦੀਆਂ ਅੱਖਾਂ ਵਿਚ ਥੁੱਕ ਦਿੱਤਾ ਸੀ।"

"ਤਿੰਨੇ ਜਰਮਨ ਉਹਦੇ ਉੱਤੇ ਟੁੱਟ ਪਏ, ਉਹਨੂੰ ਕੁੱਟਣ ਤੇ ਠੁੱਡੇ ਮਾਰਨ ਲੱਗੇ। ਜ਼ਖਮੀ ਵੀ ਵਾਰੀ ਦਾ ਵੱਟਾ ਲੈਂਦਾ ਰਿਹਾ। ਉਹਦੇ ਵਿਚ ਹਾਲੇ ਵੀ ਸੱਤਿਆ ਸੀ ਤੇ ਗੁੱਸੇ ਨਾਲ਼ ਉਹਦੇ ਜੁਸੇ ਵਿਚ ਦਸ ਗੁਣਾ ਹੋਰ ਤਾਕਤ ਆ ਗਈ। ਲਹੂ-ਲੁਹਾਣ ਹੋਇਆ, ਸਟ੍ਰੈਚਰ ਉੱਤੇ ਬੈਠਾ, ਉਹ ਉਹਨਾਂ ਦੇ ਮੂੰਹਾਂ 'ਤੇ ਮਾਰਦਾ ਗਿਆ ਤੇ ਉਹ ਉਸ ਨੂੰ ਕਾਬੂ ਨਾ ਕਰ ਸਕੇ।"

"ਮੈਂ ਵੀ ਓਥੇ ਕੋਲ਼ ਹੀ ਖੜ੍ਹੀ ਸਾਂ। ਤੁਸੀਂ ਸਮਝਦੇ ਹੋ ਕਿ ਜਦੋਂ ਉਹ ਦਰਿੰਦੇ ਉਸ ਏਡੇ ਚੰਗੇ ਤੇ ਮਾਣਮੱਤੇ ਗੱਭਰੂ ਦੀਆਂ ਬੋਟੀਆਂ ਕਰ ਰਹੇ ਸਨ ਓਦੋਂ ਮੈਨੂੰ ਇਹ ਸਭ ਕੁਝ ਵੇਖਣਾ ਪੈ ਰਿਹਾ ਸੀ। ਮੇਰਾ ਰੋਮ-ਰੋਮ ਚਾਹੁੰਦਾ ਸੀ ਧਾਹ ਕੇ ਉਹਦੀ ਜਾਨ ਛੁਡਾਵਾਂ ਜਾਂ, ਜੇ ਮੈਂ ਹੋਰ ਕੁਝ ਨਹੀਂ ਕਰ ਸਕਦੀ ਤਾਂ, ਘੱਟੋ-ਘੱਟ ਉਹਦੇ ਨਾਲ਼ ਹੀ ਮਰਾਂ। ਮੈਂ ਮਰਨ ਤੋਂ ਨਹੀਂ ਡਰਦੀ। ਨਹੀਂ! ਪਰ ਮੈਂ ਆਪਣੀ ਡਿਊਟੀ ਕਰ ਰਹੀ ਸੀ ਅਤੇ ਮੈਨੂੰ ਪਤਾ ਸੀ ਕਿ ਇਸ ਵੇਲ਼ੇ, ਜਦੋਂ ਅਸੀਂ ਚੜ੍ਹਾਈ ਦਾ ਹਮਲਾ ਕਰਨ ਵਾਲ਼ੇ ਸਾਂ, ਏਥੋਂ ਮੇਰੇ ਕੰਮ ਦੀ ਖਾਸ ਅਹਿਮੀਅਤ ਸੀ ਤੇ ਮੈਨੂੰ ਕੋਈ ਹੱਕ ਨਹੀਂ ਸੀ ਕਿ ਆਪਣੇ-ਆਪ ਨੂੰ ਜ਼ਾਹਿਰ ਕਰ ਦੇਵਾਂ। ਉਸ ਨੂੰ ਬਚਾਉਂਦਿਆਂ ਮਰ ਜਾਣ ਦਾ ਮਤਲਬ ਆਪਣੇ ਦੇਸ਼ ਨਾਲ਼ ਧਰੋਹ ਕਰਨਾ ਸੀ, ਆਪਣੇ ਉਦੇਸ਼ ਨੂੰ ਸੱਟ ਮਾਰਨਾ ਸੀ। ਕੁਝ ਵੀ ਹੋ ਜਾਵੇ, ਇਹ ਜ਼ਰੂਰੀ ਸੀ ਕਿ ਜਾਣਕਾਰੀ ਮਿਲਦੀ ਰਹਿੰਦੀ ਤਾਂ ਜੋ ਤੁਹਾਨੂੰ ਫੌਜ ਵਿਚ ਇਹ ਪਤਾ ਰਹਿੰਦਾ ਕਿ ਫਾਸਿਸ਼ਟ ਕੀ-ਕੀ ਤਿਆਰੀਆਂ ਕਰ ਰਹੇ ਸਨ, ਉਹਨਾਂ ਦੀਆਂ ਸਕੀਮਾਂ ਕੀ ਸਨ।"

"ਮੈਂ ਬਹਾਦਰੀ ਦੀ ਜੇ ਕਦੇ ਕੋਈ ਗੱਲ ਕੀਤੀ ਤਾਂ ਉਸ ਦਿਨ ਹੀ ਕੀਤੀ ਸੀ। ਮੈਂ ਰੋਈ ਬਿਲਕੁਲ ਨਹੀਂ ਸਗੋਂ ਕੁਰਸੀ ਦੀਆਂ ਬਾਹਵਾਂ ਨੂੰ ਏਨਾ ਘੁੱਟ ਕੇ ਫੜੀ ਬੈਠੀ ਰਹੀ ਕਿ ਮੇਰੇ ਨਹੁੰ ਨੀਲੇ ਹੋ ਗਏ ਸਨ ਤੇ ਮੈਂ ਇਕ-ਇਕ ਗੱਲ ਨੂੰ ਯਾਦ ਵਿਚ ਬਿਠਾਉਣ ਦੀ ਕੋਸ਼ਿਸ਼ ਕੀਤੀ ਸੀ। ਮੇਰੀਆਂ ਅੱਖਾਂ ਦੇ ਸਾਹ੍ਮਣੇ ਉਹਨਾਂ ਨੇ ਉਸ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਉਹ ਕਮਾਲ

ਦਾ ਬੰਦਾ ਜਿਸ ਦਾ ਨਾਂ ਤੱਕ ਮੈਨੂੰ ਨਹੀਂ ਸੀ ਪਤਾ ਲੜਦਾ-ਲੜਦਾ ਮਰਿਆ। ਜੇਲ੍ਹ ਦੀ ਕੋਠੜੀ ਵਿਚ ਥਾਂ-ਥਾਂ ਉਹਦਾ ਲਹੂ ਡੁਲ੍ਹਿਆ ਹੋਇਆ ਸੀ। ਪਰ ਉਸ ਘੜੀ ਮੈਂ ਉਸ ਦੇ ਲਾਇਕ ਸਾਬਤ ਹੋਈ; ਮੈਂ ਆਪਣਾ-ਆਪ ਜ਼ਾਹਿਰ ਨਹੀਂ ਸੀ ਹੋਣ ਦਿੱਤਾ। ਤੇ ਬਾਅਦ ਵਿਚ ਮੈਨੂੰ ਭਾਵੇ ਕਿੰਨੀਆਂ ਵੀ ਔਖਿਆਈਆਂ ਹੋਈਆਂ, ਮੈਂ ਉਸ ਦਿਨ ਤੱਕ ਤੇ ਉਸ ਪਲ ਤੱਕ ਓਨਾ ਚਿਰ ਕੰਮ ਕਰਦੀ ਰਹੀ ਜਿੰਨਾ ਚਿਰ ਤੁਸੀਂ ਖਾਰਕੋਵ ਉੱਤੇ ਕਬਜ਼ਾ ਨਹੀਂ ਕਰ ਲਿਆ।"

ਹੁਣ ਉਹ ਸਿਰ ਤੋਂ ਪੈਰ ਤੱਕ ਕੰਬੀ ਜਾ ਰਹੀ ਸੀ, ਉਹ ਦੁਬਲੀ-ਪਤਲੀ ਤੇ ਨਾਜ਼ਕ ਬਦਨ ਕੁੜੀ ਜਿਸ ਨੇ ਲੋੜ ਦੇ ਪਲ ਇਕ ਹੰਢੇ ਹੋਏ ਘੁਲਾਟੀਏ ਵਾਲ਼ਾ ਦਿਲ ਗੁਰਦਾ, ਇਕ ਪੁਰਾਣੇ ਸੈਨਿਕ ਵਾਲ਼ਾ ਦ੍ਰਿੜ੍ਹ ਹੌਂਸਲਾ ਵਿਖਾਇਆ ਸੀ।

"ਮੈਨੂੰ ਓਦੋਂ ਵੀ ਉਹਦਾ ਨਾਂ ਨਹੀਂ ਸੀ ਪਤਾ, ਹੁਣ ਵੀ ਨਹੀਂ ਪਤਾ, ਪਰ ਮੈਂ ਕਦੇ ਉਹਨੂੰ ਭੁਲਾ ਨਹੀਂ ਸਕਾਂਗੀ। ਉਹ ਮੈਨੂੰ ਹਮੇਸ਼ਾ ਹੀ ਆਪਣੇ ਸਾਮ੍ਹਣੇ ਦਿਸਦਾ ਰਹੇਗਾ, ਓਸੇ ਤਰ੍ਹਾਂ ਤਾਕਤਵਰ, ਬਹਾਦਰ ਤੇ ਸੋਹਣਾ।"

ਤੇ ਅਚਾਨਕ ਉਸ ਨੇ ਆਪਣੇ ਹੱਥਾਂ ਵਿਚ ਆਪਣਾ ਮੂੰਹ ਲੁਕੋ ਲਿਆ ਤੇ ਹਟਕੋਰੇ ਭਰਨ ਲੱਗੀ। ਉਹ ਇਸ ਤਰ੍ਹਾਂ ਕੰਬ ਰਹੀ ਸੀ ਜਿਵੇਂ ਪਤਝੜ ਦੇ ਜ਼ੋਰਦਾਰ ਬੁੱਲ੍ਹੇ ਨਾਲ਼ ਛੋਟਾ ਜਿਹਾ ਬਰਚਾ ਕੰਬਦਾ ਹੈ। ਉਹਦੇ ਕੇਸਾਂ ਦਾ ਜੂੜਾ ਢਿਲਕ ਕੇ ਹੇਠਾਂ ਆ ਗਿਆ, ਕਲਿੱਪ ਸੂਈਆਂ ਜ਼ਮੀਨ ਉੱਤੇ ਡਿੱਗ ਪਈਆਂ, ਲਾਖੇ ਰੰਗ ਦੀਆਂ ਲਹਿਰਦਾਰ ਲਿੱਟਾਂ ਵੱਡੇ ਫ਼ੌਜੀ ਕੋਟ ਦੇ ਖੁਰਦਰੇ ਕੱਪੜੇ ਉੱਤੇ ਖਿੰਡ ਗਈਆਂ ਤੇ ਉਹਦੀਆਂ ਲਿਟਾਂ ਵਿਚ ਇਕ ਚਿੱਟੀ ਲਿਟ ਵੀ ਸੀ।

ਫੇਰ ਅਚਨਚੇਤ ਹੀ ਉਹ ਸ਼ਾਂਤ ਹੋ ਗਈ। ਹੰਝੂਆਂ ਨਾਲ਼ ਭਿੱਜੇ ਉਹਦੇ ਚਿਹਰੇ ਉੱਤੇ ਦ੍ਰਿੜ੍ਹਤਾ, ਸਗੋਂ ਕਠੋਰਤਾ ਆ ਗਈ। ਉਸ ਨੇ ਆਪਣੀਆਂ ਅੱਖਾਂ ਪੂੰਝੀਆਂ, ਵਾਲ਼ ਕੱਠੇ ਕਰ ਕੇ ਪਿਨਾਂ ਲਾਈਆਂ ਤੇ ਹੱਸ ਕੇ ਬੋਲੀ:

"ਨਸਾਂ ਦਾ ਤਣਾਓ... ਕੁਝ ਨਹੀਂ ਹੋ ਸਕਦਾ, ਮੈਨੂੰ ਅਰਾਮ ਕਰਨਾ ਚਾਹੀਦਾ ਹੈ... ਮੈਂ ਛੁੱਟੀ ਜਾ ਰਹੀ ਹਾਂ।"

"ਤੇ ਫੇਰ ?"

"ਫੇਰ ਓਥੇ ਵਾਪਿਸ, ਉਹਨਾਂ ਕੋਲ਼। ਅਜੇ ਲੜਾਈ ਖ਼ਤਮ ਨਹੀਂ ਹੋਈ।"

ਉਹਦਾ ਕੋਮਲ ਚਿਹਰਾ ਗੰਭੀਰ ਹੋ ਗਿਆ, ਚੁੱਪ ਗੰਭੀਰ ਹੋ ਗਿਆ। ਚੁੱਪ-ਗੜੁਪ, ਤੇ ਅਚਾਨਕ ਉਹ ਦਸ ਸਾਲ ਵੱਡੀ ਲੱਗਣ ਲੱਗ ਪਈ।

"ਓਥੇ ? ਏਡੀਆਂ ਕਰੜੀਆਂ ਅਜ਼ਮਾਇਸ਼ਾਂ ਤੋਂ ਬਾਅਦ ਵੀ ?"

"ਉਹਨੇ ਉਸ ਦਿਨ ਆਖਿਆ ਸੀ: 'ਅਸੀਂ ਸੋਵੀਅਤ ਲੋਕ ਹਾਂ।' ਇਹਨਾਂ ਕੁਝ ਲਫ਼ਜ਼ਾਂ ਵਿਚੋਂ ਆਦਮੀ ਦੀ ਪੂਰੀ ਸ਼ਖ਼ਸੀਅਤ ਜ਼ਾਹਿਰ ਹੁੰਦੀ ਸੀ। ਮੈਂ ਸਾਰੀ ਉਮਰ ਇਹ ਲਫਜ਼ ਯਾਦ ਰੱਖਾਂਗੀ।"

• • •

ਆਂਦੇਰੇਈ ਪਲਾਤੋਨੋਵ

ਆਂਦਰੇਈ ਪਲਾਤੋਨੋਵ (1899—1951) ਦੀ ਜੀਵਨੀ ਸੋਵੀਅਤ ਲੇਖਕਾਂ ਦੀ ਉਸ ਪੀੜ੍ਹੀ ਵਰਗੀ ਹੀ ਹੈ ਜਿਸ ਨੇ ਅਕਤੂਬਰ ਇਨਕਲਾਬ ਦੇ ਨਾਲ਼ ਹੀ ਸਾਹਿਤ ਵਿਚ ਪ੍ਰਵੇਸ਼ ਕੀਤਾ ਸੀ। 1919-1921 ਵਿਚ ਉਹ ਲਾਲ ਸੈਨਾ ਦੀਆਂ ਸਫਾਂ ਵਿਚ ਖਾਨਾਜੰਗੀ ਦੇ ਮੁਹਾਜ਼ ਉੱਤੇ ਜੂਝਦਾ ਰਿਹਾ ਤੇ ਫਿਰ ਪੜ੍ਹਾਈ ਕਰਨ ਮਗਰੋਂ ਇਕ ਹੋਣਹਾਰ ਇੰਜੀਨੀਅਰ ਸਾਬਤ ਹੋਇਆ। 1941-1945 ਦੀ ਮਹਾਨ ਦੇਸ਼ਭਗਤਕ ਜੰਗ ਵਿਚ ਪਲਾਤੋਨੋਵ ਫ਼ੌਜੀ ਪੱਤਰ ਪ੍ਰੇਰਕ ਸੀ।

ਅ. ਪਲਾਤੋਨੋਵ ਨੇ ਸਾਹਿਤ ਵਿਚ ਮਨੋ-ਵਿਗਿਆਨਕ ਕਹਾਣੀ ਦੇ ਮਾਹਿਰ ਵਜੋਂ ਪ੍ਰਵੇਸ਼ ਕੀਤਾ। 20 ਵਿਆਂ ਵਿਚ ਮ. ਗੋਰਕੀ ਨੇ ਉਸ ਦੇ ਹੁਨਰ ਦਾ ਜ਼ਿਕਰ ਕੀਤਾ ਸੀ ਤੇ ਹੈਮਿੰਗਵੇ ਉਸ ਤੋਂ ਪ੍ਰੇਰਿਤ ਹੋਇਆ ਸੀ।

ਅ. ਪਲਾਤੋਨੋਵ ਦੇ ਜੰਗ ਬਾਰੇ ਕਹਾਣੀ ਸੰਗ੍ਰਹਿ "ਉਹ ਮੌਤ ਨਾਲ਼ ਜੂਝੇ" ਵਿਚੋਂ ਇਕ ਕਹਾਣੀ ਹਥਲੇ ਪ੍ਰਕਾਸ਼ਨ ਵਿਚ ਸ਼ਾਮਿਲ ਕੀਤੀ ਗਈ ਹੈ।

ਪੱਛਮੀ ਦੁਮੇਲ ਵੱਲ

1

ਸੁੱਤਾ ਪਿਆ ਉਹ ਜ਼ਮੀਨ ਨਾਲ਼ ਜੰਮ ਗਿਆ ਸੀ। "ਅਰਾਮ ਕਰਨ ਨਾਲ਼ ਮੇਰੇ ਸਰੀਰ ਨੂੰ ਨਿੱਘ ਆ ਗਿਆ ਤੇ ਉਹਦੇ ਨਾਲ਼ ਮੇਰਾ ਕੋਟ ਨਿੱਘਾ ਹੋ ਗਿਆ, ਪਰ ਮਗਰੋਂ ਜ਼ਮੀਨ ਨਾਲ਼ ਜੰਮ ਗਿਆ," ਸੈਪਰ ਇਵਾਨ ਸੇਮਿਓਨੋਵਿਚ ਤੋਲੋਕਨੋ ਨੇ ਜਾਗ ਆਉਣ ਉੱਤੇ ਆਪਣੀ ਹਾਲਤ ਦਾ ਜਾਇਜ਼ਾ ਲੈਂਦਿਆਂ ਸੋਚਿਆ।

"ਉੱਠ, ਭਰਾਵਾ" ਤੋਲੋਕਨੋ ਨੇ ਆਪਣੇ ਆਪ ਨੂੰ ਆਖਿਆ। "ਜ਼ਮੀਨ ਨੇ ਤੈਨੂੰ ਫੜਿਆ ਤਾਂ ਨਹੀਂ ਹੋਇਆ। ਵਰਨਾ ਨਾਲ਼ ਹੀ ਚਿਪਕਿਆ ਰਹੇਂਗਾ ਤੇ ਫੇਰ ਉੱਠਿਆ ਨਹੀਂ ਜਾਣਾ।"

ਹਿੰਮਤ ਕਰਕੇ ਉਸ ਨੇ ਆਪਣੇ ਆਪ ਨੂੰ ਯਖ਼ ਹੋਈ ਜ਼ਮੀਨ ਨਾਲ਼ੋਂ ਤੋੜਿਆ ਜਿੱਥੋਂ ਪਿਛਲੇ ਸਾਲ ਦੇ ਮੁਰਦਾ ਘਾਹ ਨੂੰ ਵੀ ਹਵਾ ਹੂੰਝ ਕੇ ਲੈ ਗਈ ਹੋਈ ਸੀ।

ਤੋਲੋਕਨੋ ਦੇ ਯੂਨਿਟ ਦੇ ਫ਼ੌਜੀ ਸੈਪਰਾਂ ਦੀ ਵਡਿਆਈ ਕਰਦੇ ਹੋਏ ਇਹਨਾਂ ਨੂੰ ਊਠ ਆਖਦੇ ਸਨ ਕਿਉਂਕਿ ਹਰ ਇਕ ਸੈਪਰ ਨੇ ਇਕ ਮਸ਼ੀਨਗੰਨ, ਨੇਮ ਅਨੁਸਾਰ ਗੋਲ਼ਾ-ਬਾਰੂਦ ਅਤੇ ਦੋ ਚਾਰ ਹੈਂਡ ਗਰਨੇਡਾਂ ਦੇ ਇਲਾਵਾ, ਇਕ ਗੈਂਤੀ, ਇਕ ਬੇਲਚਾ, ਇਕ ਕੁਹਾੜਾ, ਔਜ਼ਾਰਾਂ ਵਾਲ਼ਾ ਥੈਲਾ, ਬੰਬ ਦਾ ਪਲੀਤਾ, ਆਪਣੀਆਂ ਨਿੱਜੀ ਵਰਤੋਂ ਦੀਆਂ ਚੀਜ਼ਾਂ ਅਤੇ ਖਾਸ ਪਲਟਣ ਦੇ ਕੰਮਾਂ ਮੁਤਾਬਿਕ ਹੋਰ ਚੀਜ਼ਾਂ ਵਸਤਾਂ ਵੀ ਚੁੱਕੀਆਂ ਹੁੰਦੀਆਂ ਸਨ। ਇਹ ਸਾਰੀਆਂ ਚੀਜਾਂ ਉਸ ਨੇ ਹਰ ਵਕਤ ਚੁੱਕੀਆਂ ਹੁੰਦੀਆਂ: ਇਹਨਾਂ ਦੇ ਨਾਲ਼ ਹੀ ਉਹ ਅੱਗੇ ਵੱਧਦਾ, ਢਿੱਡ ਪਰਨੇ ਰਿੜ੍ਹਦਾ, ਦੌੜਦਾ, ਦੁਸ਼ਮਣ ਦੀਆਂ ਗੋਲ਼ੀਆਂ ਦੀ ਮਾਰ ਹੇਠ ਕੰਮ ਕਰਦਾ, ਆਪਣੇ ਕੰਮ ਵਿਚ ਰੁਕਾਵਟ ਪਾਉਂਦੇ ਦੁਸ਼ਮਣ ਦੇ ਹਮਲਿਆਂ ਨੂੰ ਪਛਾੜਦਾ, ਬਰਫ ਵਿਚ ਜਾਂ ਟੋਇਆਂ ਵਿਚ ਸੌਂਦਾ ਖਾਂਦਾ, ਅਤੇ ਜਿੱਤ ਤੋਂ ਮਗਰੋਂ ਮੁੜ ਮਿਲਣ ਦੀ ਆਸ ਵਿਚ, ਅਮੁੱਕ ਖੁਸ਼ੀਆਂ ਦੀ ਜ਼ਿੰਦਗੀ ਮਿਲ ਜਾਣ ਦੀ ਆਸ ਵਿਚ ਚਿੱਠੀਆਂ ਲਿਖਦਾ।

ਤੋਲੋਕਨੋ ਨੂੰ ਤਰਕਾਲਾਂ ਵੇਲ਼ੇ ਜਾਗ ਆਈ ਸੀ ਜਿਸ ਵੇਲ਼ੇ ਸੂਰਜ ਡੁੱਬ ਰਿਹਾ ਸੀ। ਦਸਤੇ ਦੇ ਕਮਾਂਡਰ, ਕਪਤਾਨ ਸਮਿਰਨੋਵ ਨੇ ਆਪਣੇ ਬੰਦਿਆਂ ਨੂੰ ਨੇੜੇ ਦੀ ਖੱਡ ਵਿਚ ਇਕੱਠੇ ਹੋਣ ਦਾ ਹੁਕਮ ਦਿੱਤਾ, ਉਹਨਾਂ ਦਾ ਮੁਆਇਨਾ ਕੀਤਾ, ਉਹਨਾਂ ਦੇ ਸਾਜ਼-ਸਾਮਾਨ ਦੀ ਪੜਤਾਲ ਕੀਤੀ ਅਤੇ ਹਰ ਇਕ ਕੋਲ਼ੋਂ ਉਹਦਾ ਹਾਲ-ਚਾਲ ਪੁੱਛਿਆ।

"ਮੈਂ ਹਮੇਸ਼ਾ ਹੀ ਚੜ੍ਹਦੀ ਕਲਾ ਵਿਚ ਰਹਿੰਦਾ ਹਾਂ, ਕਾਮਰੇਡ ਕਪਤਾਨ," ਤੋਲੋਕਨੋ ਨੇ ਜਵਾਬ ਦਿੱਤਾ।

"ਹਮੇਸ਼ਾ ਹੀ ਕਿਉਂ ?" ਕਪਤਾਨ ਨੇ ਉਤਸੁਕਤਾ ਨਾਲ਼ ਪੁੱਛਿਆ।

"ਲੋੜ ਹੀ ਏਸੇ ਗੱਲ ਦੀ ਹੈ!" ਤੋਲੋਕਨੋ ਨੇ ਗੱਲ ਸਪਸ਼ਟ ਕੀਤੀ।

ਕਪਤਾਨ ਨੇ ਡੁੱਬਦੇ ਸੂਰਜ ਦੀ ਵੱਡੀ ਸਾਰੀ ਟਿੱਕੀ ਵੱਲ ਇਸ਼ਾਰਾ ਕੀਤਾ। ਫੌਜੀ ਜਵਾਨਾਂ ਨੇ ਆਪਣੇ ਸਾਮ੍ਹਣੇ ਨਜ਼ਰ ਆਉਂਦੇ ਵਿਸ਼ਾਲ ਪਸਾਰ ਵੱਲ ਝਾਕਿਆ। ਅਸਮਾਨ ਵਿਚ ਬਹੁ-ਰੰਗੇ ਚਾਨਣ ਦਾ ਹੜ੍ਹ ਇਸ ਵੇਲ਼ੇ ਜਸ਼ਨੀ ਸੰਗੀਤ ਵਾਂਗ ਲੱਗ ਰਿਹਾ ਸੀ ਜਿਹੜਾ ਦਿਲਾਂ ਦੀਆਂ ਤਰਬਾਂ ਨੂੰ ਛੇੜਦਾ ਹੋਵੇ।

ਕਪਤਾਨ ਨੇ ਫੌਜੀਆਂ ਨੂੰ ਸਮਝਾਇਆ ਕਿ ਆਉਂਦੀ ਰਾਤ ਨੂੰ ਉਹਨਾਂ ਨੇ ਕਿਹੜਾ ਕਾਰਜ ਨੇਪਰੇ ਚਾੜ੍ਹਨਾ ਹੈ। ਜਾਸੂਸਾਂ ਦੀ ਉਸ ਟੋਲੀ ਦੇ ਨਾਲ਼, ਜਿਹੜੀ ਉਹਨਾਂ ਦੀ ਪਲਟਣ ਨਾਲ਼ ਜੋੜੀ ਗਈ ਸੀ, ਉਹਨਾਂ ਨੇ ਹੁਣੇ ਹੀ ਦਰਿਆ 'ਤੇ ਪਹੁੰਚਣਾ ਸੀ, ਟੈਂਕਾਂ ਨੂੰ ਪਾਰ ਲੰਘਾਉਣ ਵਾਸਤੇ ਥਾਂ ਲੱਭਣੀ ਸੀ, ਅਤੇ ਫੇਰ ਪਾਰਲੇ ਕੰਢੇ ਦੁਸ਼ਮਣ ਦੀ ਸੇਧ ਵਿਚ ਟੈਂਕਾਂ ਦੇ ਨਿਕਲਣ ਵਾਸਤੇ ਮੁਨਾਸਿਬ ਢਾਲਵੀਂ ਥਾਂ ਤਿਆਰ ਕਰਨੀ ਸੀ। ਇਹ ਕੰਮ ਮੁਕਾ ਕੇ ਉਹਨਾਂ ਨੇ ਪਿਆਦਾ ਫੌਜ ਦੇ ਨਾਲ਼ ਟੈਂਕਾਂ ਉੱਤੇ ਅੱਗੇ ਵਧਣਾ ਸੀ, ਵਕਤ ਨੇੜੇ ਆਉਣ ਉੱਤੇ ਮਿਲਣ ਵਾਲ਼ੇ ਹੁਕਮਾਂ ਅਨੁਸਾਰ ਖੰਦਕਾਂ, ਮੋਰਚੇ ਤੇ ਬੰਕਰ ਬਣਾਉਣੇ ਸਨ।

"ਸੈਨਿਕੋ ਤੇ ਸਾਥੀਓ!" ਕਮਾਂਡਰ ਨੇ ਆਖਿਆ। "ਸਾਡਾ ਰਾਹ ਪੱਛਮੀ ਦੁਮੇਲ ਵੱਲ ਜਾਂਦਾ ਹੈ। ਅਸੀਂ, ਲਾਲ ਸੈਨਾ ਦੇ ਜਵਾਨ, ਅਸੀਂ ਦੁਸ਼ਮਣ ਵਾਸਤੇ ਇਸ ਤਰ੍ਹਾਂ ਹੀ ਹਾਂ ਜਿਸ ਤਰ੍ਹਾਂ ਮਸ਼ੀਨ ਦਾ ਉਹ ਵਾਲਵ ਹੁੰਦਾ ਹੈ ਜਿਹੜਾ ਸਿਰਫ ਇਕੋ ਹੀ ਪਾਸੇ ਖੁਲ੍ਹਦਾ ਹੈ ਅਤੇ ਭਾਵੇਂ ਜਿੰਨਾ ਮਰਜ਼ੀ ਹੋਵੇ ਜ਼ੋਰ ਲਾਓ ਉਸ ਨੂੰ ਪਿੱਛੇ ਨਹੀਂ ਧੱਕਿਆ ਜਾ ਸਕਦਾ... ਮੈਂ ਵੇਖ ਰਿਹਾ ਹਾਂ ਕਿ ਜੰਗ ਦਾ ਦਗਦਾ ਭਖ਼ਦਾ ਅਸਪਾਤ ਬੜੇ ਚਿਰ ਤੋਂ ਸਾਡੀ ਧਰਤੀ ਉੱਤੇ ਰਿੜ੍ਹਦਾ ਫਿਰਦਾ ਹੈ। ਹੁਣ ਵਕਤ ਆ ਗਿਆ ਹੈ ਕਿ ਏਥੇ ਫੇਰ ਕਣਕਾਂ ਝੂਮਣ!"

"ਵਕਤ ਆ ਗਿਆ ਹੈ!" ਫੌਜੀਆਂ ਨੇ ਇਕ ਅਵਾਜ਼ ਹੋ ਕੇ ਹੁੰਗਾਰਾ ਭਰਿਆ ਅਤੇ ਉਹਨਾਂ ਦੇ ਦਿਲਾਂ ਵਿਚ ਪੀੜਾਂ ਤੇ ਯਾਦਾਂ ਮਚਲਣ ਲੱਗੀਆਂ।

ਤੇ ਸੂਰਜ ਡੁੱਬਦੇ ਸਾਰ ਉਹ ਹਨੇਰੇ ਵਿਚ ਸੰਦਾਂ ਔਜ਼ਾਰਾਂ ਤੇ ਹਥਿਆਰਾਂ ਨਾਲ਼ ਲੱਦੇ ਹੋਏ ਮੌਤ ਨਾਲ਼ ਜੂਝਣ ਤੁਰ ਪਏ।

2

ਜਾਸੂਸ ਸੈਪਰਾਂ ਦੀ ਅਗਵਾਈ ਕਰਦੇ ਉਹਨਾਂ ਨੂੰ ਹਨੇਰੇ ਵਿਚੋਂ ਦੀ ਦਰਿਆ ਤੱਕ ਲੈ ਆਏ। ਇਵਾਨ ਤੋਲੋਕਨੋ ਤੇ ਇਕ ਹੋਰ ਸੈਪਰ, ਪਿਓਤਰ ਰਾਸਤੋਰਗੁਯੇਵ, ਹਨੇਰੇ ਵਿਚ ਬੜੀ ਚੌਕਸੀ ਨਾਲ਼ ਹਿਠਾੜ ਵੱਲ ਤੁਰ ਆਏ ਸਨ ਤਾਂ ਜੋ ਮੁਕਾਮੀ ਸਰਵੇਖਣ ਹੁੰਦਾ ਜਾਏ।

ਤੋਲੋਕਨੋ ਜੰਮੀ ਹੋਈ ਬਰਫ ਉੱਤੇ ਹੋ ਗਿਆ। ਬਰਫ਼ ਦੀ ਤਹਿ ਪਤਲੀ ਸੀ ਅਤੇ ਉਸ ਦੇ ਹੇਠਾਂ ਉਸ ਨੂੰ ਕਲਕਲ ਕਰਦੇ ਪਾਣੀ ਦਾ ਅਹਿਸਾਸ ਹੋ ਰਿਹਾ ਸੀ।

ਅਚਾਨਕ ਅਸਮਾਨ ਵਿਚ ਦੁਸ਼ਮਣ ਦੇ ਦੋ ਰਾਕਟ ਪਾਟੇ ਅਤੇ ਸਾਰੇ ਦਰਿਆ ਤੇ ਇਸ ਦੇ ਕੰਢਿਆਂ ਉੱਤੇ ਇਸ ਤਰ੍ਹਾਂ ਦਾ ਸਥਿਰ ਤੇ ਖੋਖਲਾ ਜਿਹਾ ਚਾਨਣ ਹੋਇਆ ਜਿਸ ਤਰ੍ਹਾਂ ਦਾ ਆਦਮੀ ਦੇ ਸੁਪਨੇ ਵਿਚ ਹੁੰਦਾ ਹੈ। ਇਵਾਨ ਤੋਲੋਕਨੋ ਲੰਮਾ ਪੈ ਗਿਆ ਅਤੇ ਆਪਣੇ ਢਿੱਡ ਦੇ ਭਾਰ ਹਿਠਾੜ ਵੱਲ ਰੀਂਗਦਾ ਗਿਆ। ਆਪਣੇ ਸਾਮ੍ਹਣੇ ਉਸ ਨੂੰ ਬਰਫ ਹੇਠ ਵਗਦੇ ਪਾਣੀ ਦੀ ਇਕਸਾਰ ਕਲਕਲ ਸੁਣਾਈ ਦੇ ਰਹੀ ਸੀ।

ਜਾਸੂਸ ਦੂਜੇ ਕੰਢੇ ਪਹੁੰਚ ਵੀ ਗਏ ਸਨ ਅਤੇ ਉਹ ਦੱਬੇ ਪੈਰੀਂ ਅੱਗੇ ਵਧਦੇ ਜਾ ਰਹੇ ਸਨ ਤਾਂ ਜੋ ਵੈਰੀ ਦੀ ਤਾੜ ਰੱਖਣ ਅਤੇ ਲੋੜ ਤੇ ਖਤਰੇ ਦੀ ਹਾਲਤ ਵਿਚ ਆਪਣੇ ਸੈਪਰਾਂ ਦੀ ਸਹਾਇਤਾ ਕਰਨ।

ਤੋਲੋਕਨੋ ਰੀਂਗਦਾ-ਰੀਂਗਦਾ ਉਸ ਥਾਂ ਪਹੁੰਚ ਗਿਆ ਜਿੱਥੇ ਬਰਫ ਨਰਮ ਸੀ ਅਤੇ ਉਹਨੇ ਵੇਖਿਆ ਕਿ ਸਾਮ੍ਹਣੇ ਬਰਫ ਦੇ ਪਰਦੇ ਹੇਠੋਂ ਪਾਣੀ ਬਾਹਰ ਆ ਗਿਆ ਹੋਇਆ ਸੀ ਅਤੇ ਚਟਾਨੀ ਪੱਥਰਾਂ ਨਾਲ਼ ਖਹਿੰਦਾ ਸ਼ੋਰ ਮਚਾਉਂਦਾ ਤੇ ਛਿੱਟੇ ਉਡਾਉਂਦਾ ਬੇਰੋਕ ਵਗਦਾ ਜਾਂਦਾ ਸੀ। ਤੋਲੋਕਨੋ ਰੀਂਗ ਕੇ ਪਾਣੀ ਵਿਚ ਹੋ ਗਿਆ ਅਤੇ ਮਲਕੜੇ ਜਿਹੇ ਬਰਫ ਨੂੰ ਆਪਣੇ ਹੇਠੋਂ ਸਰਕ ਜਾਣ ਦਿੱਤਾ। ਉਸ ਨੇ ਪਾਣੀ ਵਿਚ ਹੱਥ ਡੋਬ ਕੇ ਵੇਖਿਆ ਤੇ ਇਸ ਨਤੀਜੇ 'ਤੇ ਪੁੱਜਾ ਕਿ ਬਰਦਾਸ਼ਤ ਕੀਤਾ ਜਾ ਸਕਦਾ ਹੈ।

ਤੋਲੋਕਨੋ ਤੇ ਰਾਸਤੋਰਗੁਯੇਵ ਸ਼ੋਰ ਮਚਾਉਂਦੇ ਸਾਫ ਪਾਣੀ ਵਿਚ ਤੁਰ ਪਏ। ਪਾਣੀ ਇਸ ਥਾਂ ਪੇਤਲਾ ਸੀ ਤੇ ਬਹੁਤ ਕਰਕੇ ਮਸਾਂ ਹੀ ਉਹਨਾਂ ਦੇ ਗਿੱਟਿਆਂ ਤੱਕ ਆਉਂਦਾ ਸੀ। ਪਰ ਇਹ ਆਦਮੀ ਜੇਡੇ ਵੱਡੇ-ਵੱਡੇ ਪੁਰਾਣੇ ਪੱਥਰ ਟੈਕਾਂ ਮਸ਼ੀਨਾਂ ਦੇ ਰਾਹ ਵਿਚ ਇਕ ਅਲੰਘ ਅੜਿੱਕਾ ਸਨ।

ਤੋਲੋਕਨੋ ਤੇ ਰਾਸਤੋਰਗੁਯੇਵ ਦੋਵੇਂ ਹੱਕੇ-ਬੱਕੇ ਜਿਹੇ ਖੜੇ ਸਨ। ਇਸ ਥਾਂ ਹੋਰ ਸਭ ਕੁਝ ਠੀਕ-ਠਾਕ ਸੀ ਪਰ ਇਕ ਕੰਢੇ ਤੋਂ ਦੂਜੇ ਕੰਢੇ ਤੱਕ ਚਟਾਨੀ ਪੱਥਰ ਵਿਛੇ ਪਏ ਸਨ ਅਤੇ ਇਸ ਪਥਰੀਲੀ ਥਾਂ ਤੋਂ ਹਿਠਾੜ੍ਹ ਤੇ ਉਤਾੜ੍ਹ ਵੱਲ ਦਰਿਆ ਏਨਾ ਡੂੰਘਾ ਸੀ ਕਿ ਇਸ ਨੂੰ ਪਾਰ ਨਹੀਂ ਸੀ ਕੀਤਾ ਜਾ ਸਕਦਾ।

ਕਪਤਾਨ ਸਮਿਰਨੋਵ ਪਾਣੀ ਵਿਚ ਉਤਰਿਆ ਤੇ ਸੈਪਰਾਂ ਦੇ ਕੋਲ਼ ਆਇਆ ਅਤੇ ਉਹਨਾਂ ਨੂੰ ਆਖਿਆ ਕਿ ਉਹਨਾਂ ਨੂੰ ਬਿਨਾਂ ਕਿਸੇ ਢਿੱਲ ਮੱਠ ਦੇ ਇਸ ਥਾਂ ਲਾਂਘਾ ਤਿਆਰ ਕਰਨ ਦਾ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ।

"ਇਹਨਾਂ ਮਨਹੂਸ ਚੱਟਾਨਾਂ ਦਾ ਕੀ ਕੀਤਾ ਜਾਏ ? ਉਡਾ ਦੇਖੀਏ ?" ਰਾਸਤੋਰਗੁਯੇਵ ਨੇ ਪੁੱਛਿਆ।

"ਹਰ ਕੋਈ ਸਿਆਣੀ ਤਜਵੀਜ਼!" ਤੋਲੋਕਨੋ ਨੇ ਆਖਿਆ। "ਅੱਗ ਦੇ ਭਾਂਬੜ, ਜਦੋਂ ਜਰਮਨ ਵੀ ਬਹੁਤੀ ਦੂਰ ਨਹੀਂ! ਇਕ ਪਲ ਵਿਚ ਰੋੜ੍ਹ ਦੇਣਗੇ ਸਾਨੂੰ..."

"ਇਹਨਾਂ ਪੱਥਰਾਂ ਨੂੰ ਹੇਠਾਂ ਵੱਲ ਰੇੜ੍ਹ ਦਿਆਂਗੇ," ਕਪਤਾਨ ਨੇ ਆਖਿਆ।

"ਹਿੰਮਤ ਹੈ ਸਾਡੇ ਵਿਚ ?" ਰਾਸਤੋਰਗੁਯੇਵ ਨੇ ਸ਼ੱਕ ਪ੍ਰਗਟ ਕੀਤਾ। "ਬਹੁਤ ਭਾਰੇ ਪੱਥਰ ਨੇ, ਤੇ ਜ਼ਮੀਨ ਵਿਚ ਗੱਡੇ ਪਏ ਨੇ। ਇਹਨਾਂ ਹਿਲਣਾ ਨਹੀਂ ਆਪਣੀ ਥਾਂ ਤੋਂ। ਹੱਥ ਹੀ ਨਹੀਂ

ਪੈਣਾ ਇਹਨਾਂ ਨੂੰ, ਠੰਡੇ ਯਖ਼ ਤੇ ਗਿੱਲੇ ਚੀਕਣੇ, ਜਿਵੇਂ ਰੋਗ਼ਨ ਕੀਤਾ ਫੌਲਾਦ ਹੋਵੇ...''

"ਕੋਈ ਨਹੀਂ, ਮੌਤ ਸਾਮ੍ਹਣੇ ਹੋਵੇ ਤਾਂ ਹਿੰਮਤ ਆ ਜਾਂਦੀ ਏ ਬੰਦੇ ਵਿਚ,'' ਤੋਲੋਕਨੋ ਨੇ ਗੱਲ ਮੁਕਾਉਂਦਿਆਂ ਆਖਿਆ।

ਨੇੜੇ ਹੀ ਕਿਧਰੇ ਦੋ ਸੁਰੰਗਾਂ ਫਟ ਗਈਆਂ ਤੇ ਉਸ ਦੀਆਂ ਚਿੱਪਰਾਂ ਜੰਮੀ ਹੋਈ ਬਰਫ ਵਿਚ ਜਾ ਖੁੱਭੀਆਂ।

3

ਕਪਤਾਨ ਸਮਿਰਨੋਵ ਨੇ ਤਾਲਮੇਲ ਕਰਨ ਵਾਲ਼ੇ ਅਫਸਰ ਨੂੰ ਜਾਸੂਸ ਟੋਲੀ ਦੇ ਕਮਾਂਡਰ ਕੋਲ਼ ਇਹ ਹੁਕਮ ਦੇ ਕੇ ਭੇਜਿਆ ਕਿ ਇਸ ਪਥਰੀਲੀ ਥਾਂ ਦੇ ਹੇਠਾਂ ਵੱਲ ਧਿਆਨ ਉਖਾੜਨ ਵਾਲ਼ੀ ਜ਼ਬਰਦਸਤ ਕਾਰਵਾਈ ਕਰਨ। ਇੱਚਰ ਨੂੰ, ਉਹਨੇ ਪਥਰੀਲੀ ਥਾਂ ਕੰਮ ਕਰਨ ਲਈ ਸੈਪਰ ਇਕੱਠੇ ਕਰ ਲਏ। ਪਰ ਜਰਮਨਾਂ ਨੇ, ਇਹ ਠੀਕ-ਠੀਕ ਜਾਣੇ ਬਗ਼ੈਰ ਕਿ ਕੀ ਹੋ ਰਿਹਾ ਸੀ, ਰੂਸੀਆਂ ਦਾ ਇਰਾਦਾ ਭਾਂਪ ਲਿਆ ਸੀ ਅਤੇ ਉਹ ਇਸ ਪਥਰੀਲੀ ਥਾਂ ਦੀ ਆਮ ਸੇਧ ਵੱਲ ਮਾਰਟਰ ਗੋਲ਼ੇ ਸੁੱਟ ਕੇ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਸੈਪਰ ਜਵਾਬੀ ਕਾਰਵਾਈ ਨਹੀਂ ਸੀ ਕਰ ਸਕਦੇ ਕਿਉਂਕਿ ਉਹਨਾਂ ਨੂੰ ਆਪਣੀ ਪੁਜ਼ੀਸ਼ਨ ਜ਼ਾਹਿਰ ਹੋ ਜਾਣ ਦਾ ਡਰ ਸੀ ਅਤੇ ਵੱਡੇ-ਵੱਡੇ ਪੱਥਰਾਂ ਦੇ ਪਿੱਛੇ ਖਾਰੇ ਪਾਣੀ ਵਿਚ ਦੁਬਕੇ ਬੈਠੇ ਰਹੇ ਤੇ ਹੱਡਾਂ ਵਿਚ ਠੰਡ ਵੜ ਜਾਣ ਨਾਲ਼ ਸਰੀਰ ਦੁਖਣ ਲੱਗ ਪਏ।

ਇਵਾਨ ਤੋਲੋਕਨੋ ਜੰਗ ਤੋਂ ਪਹਿਲਾਂ ਯੂਰਾਲ ਦੇ ਇਲਾਕੇ ਵਿਚ ਫੈਕਟਰੀਆਂ ਦੀ ਉਸਾਰੀ ਵਾਲ਼ੀ ਥਾਂ ਫੋਰਮੈਨ ਦਾ ਕੰਮ ਕਰ ਚੁੱਕਾ ਸੀ ਅਤੇ ਉਹ ਕਿਸੇ ਵੀ ਕੰਮ ਨੂੰ ਬੜੀ ਸਿਆਣਪ ਤੇ ਸਾਵਧਾਨੀ ਨਾਲ਼ ਹੱਥ ਪਾਉਂਦਾ ਸੀ ਅਤੇ ਹੱਥ ਪਾਉਣ ਤੋਂ ਪਹਿਲਾਂ ਹੀ ਉਹਦੀ ਸਾਰੀ ਵਿਉਂਤ ਸੋਚ ਲੈਂਦਾ ਸੀ।

ਛੇ ਸੈਪਰਾਂ ਦੀ ਇਕ ਟੋਲੀ ਨੇ ਪੁਰਾਣੇ ਦਕਿਆਨੂਸੀ ਢੰਗਾਂ ਨਾਲ਼ ਇਕ ਪੱਥਰ ਨੂੰ ਹਿਲਾਉਣ ਦੀ ਕੋਸ਼ਿਸ਼ ਕੀਤੀ। ਉਹ ਇਕੱਠੇ ਰਲ ਕੇ ਸਾਹੋ-ਸਾਹ ਹੋਏ ਜ਼ੋਰ ਲਾਉਂਦੇ ਤੇ ਇਕ ਦੂਜੇ ਨੂੰ ਹੱਲਾਸ਼ੇਰੀ ਦੇਂਦੇ, ਪਰ ਪੱਥਰ ਉਹਨਾਂ ਸਾਰਿਆਂ ਦੀ ਤਾਕਤ ਅੱਗੇ ਡੱਟਿਆ ਹੋਇਆ ਸੀ ਤੇ ਟੱਸ ਤੋਂ ਮੱਸ ਨਹੀਂ ਸੀ ਹੋਇਆ।

ਤੋਲੋਕਨੋ ਪਾਣੀ ਵਿਚ ਕੋਡਾ ਹੋਇਆ ਅਤੇ ਉਸ ਨੇ ਪੱਥਰ ਦੇ ਹੇਠਲੇ ਪਾਸੇ ਤੇ ਨਾਲ਼ ਹੀ ਦਰਿਆ ਦੇ ਥੱਲੇ ਉੱਤੇ ਟੋਹ-ਟਾਹ ਕੇ ਵੇਖਿਆ, ਫੇਰ ਉਸ ਨੇ ਹੇਠੋਂ ਨਿੱਕੇ-ਨਿੱਕੇ ਕਈ ਪੱਥਰ ਬਾਹਰ ਕੱਢੇ ਤੇ ਦੁਸ਼ਮਣ ਦੇ ਰਾਕਟਾਂ ਨਾਲ਼ ਹੁੰਦੇ ਚਾਨਣ ਵਿਚ ਉਹਨਾਂ ਨੂੰ ਜਾਂਚਿਆ ਪਰਖਿਆ। ਜਦੋਂ ਉਸ ਨੂੰ ਉਹ ਚੀਜ਼ ਮਿਲ ਗਈ ਜਿਸ ਦੀ ਉਹਨੂੰ ਤਲਾਸ਼ ਸੀ — ਇਕ ਲੰਮਾ ਜਿਹਾ, ਫਾਨੇ ਵਰਗਾ ਪੱਥਰ — ਤਾਂ ਉਹਨੇ ਉਹ ਸਾਰੀਆਂ ਚੀਜ਼ਾਂ ਜਿਹੜੀਆਂ ਭਿੱਜਣੀਆਂ ਨਹੀਂ ਸਨ ਚਾਹੀਦੀਆਂ, ਥੋੜ੍ਹਾ ਜਿਹਾ ਦੂਰ ਜੰਮੀ ਹੋਈ ਬਰਫ ਉੱਤੇ ਟਿਕਾ ਦਿੱਤੀਆਂ। ਫੇਰ ਉਹ ਦਰਿਆ ਵਿਚ ਹੇਠਾਂ ਝੁਕ ਗਿਆ। ਪਾਣੀ ਉਹਦੀ ਠੋਡੀ ਤੱਕ ਆ ਗਿਆ ਸੀ।

ਉਸ ਨੇ ਆਪਣੇ ਕੁਹਾੜੇ ਦੇ ਕੁੰਦੇ ਨਾਲ਼ ਪੱਥਰ ਹੇਠਾਂ ਫਾਨਾ ਠੋਕਣਾ ਸ਼ੁਰੂ ਕੀਤਾ ਤਾਂ

ਜੋ ਇਹ ਦਰਿਆ ਦੇ ਥੱਲੇ ਤੋਂ ਉੱਪਰ ਚੁੱਕਿਆ ਜਾਵੇ। ਪਾਣੀ ਦੇ ਅੰਦਰ ਕੁਹਾੜੇ ਨਾਲ਼ ਉਹ ਟੋਹ-ਟਾਹ ਕੇ ਹੀ ਸੱਟ ਮਾਰਦਾ ਸੀ। ਉਹਦੇ ਹੱਥ ਬਰਫੀਲੇ ਪਾਣੀ ਦੇ ਅੰਦਰ ਹੀ ਜਿਵੇਂ ਕਿਸੇ ਲੇਸਲੀ ਜਿਹੀ ਚੀਜ਼ ਵਿਚ ਹਿਲਦੇ ਸਨ ਤੇ ਛੇਤੀ ਹੀ ਉਹ ਥੱਕ ਕੇ ਸੁੰਨ ਹੋ ਗਏ। ਪਰ ਤੋਲੋਕਨੋ ਸਖ਼ਤ ਕੰਮ ਕਰਨ ਗਿੱਝਾ ਹੋਇਆ ਸੀ ਤੇ ਉਸ ਨੇ ਇਸ ਹੱਡ-ਤੋੜਵੇਂ ਪਾਲੇ ਅਤੇ ਪੱਥਰ ਦੇ ਭਾਰ ਤੇ ਕਠੋਰਤਾ ਉੱਤੇ ਫਤਹਿ ਪਾ ਲਈ ਸੀ। ਨਾੜੀਆਂ ਝਰੀਟਾਂ ਵਾਂਗ ਉਹਦੇ ਵੱਡੇ-ਵੱਡੇ, ਯਖ਼ ਹੋਏ ਤੇ ਮੌਸਮ ਦੇ ਮਾਰੇ ਹੱਥਾਂ ਉੱਤੇ ਉੱਭਰ ਆਈਆਂ ਸਨ ਜਿਹੜੇ ਬੜੇ ਚਿਰਾਂ ਤੋਂ ਜ਼ੰਗਾਲ ਦੀ ਤਹਿ ਵਰਗੀ ਮੋਟੀ ਚਮੜੀ ਨਾਲ਼ ਕੱਜੇ ਹੋਏ ਸਨ ਜਿਸ ਨੇ ਉਹਦੇ ਹੱਥਾਂ ਦੀਆਂ ਨਾੜੀਆਂ ਤੇ ਪੱਠਿਆਂ ਦਾ ਕੰਮ ਕਰਨ ਵਾਲ਼ਾ ਜੀਵਨ-ਨਿੱਘ ਸੰਭਾਲਿਆ ਹੋਇਆ ਸੀ। ਉਹ ਕਦੇ-ਕਦੇ ਆਪਣੇ ਹੱਥ ਪਾਣੀ ਵਿਚੋਂ ਬਾਹਰ ਕੱਢਦਾ ਸੀ ਜਿਨ੍ਹਾਂ ਵਿਚ ਹਾਲੇ ਵੀ ਕੁਹਾੜਾ ਫੜਿਆ ਹੋਇਆ ਸੀ, ਤੇ ਉਹਨਾਂ ਨੂੰ ਹਵਾ ਵਿਚ ਉੱਚਾ ਕਰਦਾ ਸੀ ਤਾਂ ਜੋ ਮਾੜੀ ਮੋਟੀ ਹਿੰਮਤ ਆ ਜਾਵੇ ਅਤੇ ਉਸ ਤੋਂ ਬਾਅਦ ਫੇਰ ਪੂਰੀ ਰਫਤਾਰ ਨਾਲ ਪੱਥਰ ਹੇਠਾਂ ਫਾਨਾ ਠੋਕਣ ਅਤੇ ਪੱਥਰ ਨੂੰ ਉਸ ਥਾਂ ਤੋਂ ਹਟਾਉਣ ਲੱਗ ਜਾਂਦਾ ਸੀ।

ਸਾਡੇ ਜਾਸੂਸ ਦੂਰ ਹਿਠਾੜ ਵੱਲ, ਦੁਸ਼ਮਣ ਵੱਲ ਗੋਲ਼ੀਆਂ ਚਲਾਉਣ ਲੱਗ ਪਏ ਤਾਂ ਜੋ ਇਸ ਪਥਰੀਲੀ ਥਾਂ ਵਲ਼ੋਂ ਉਹਨਾਂ ਦਾ ਧਿਆਨ ਹਟਾਇਆ ਜਾਏ। ਪਰ ਜਰਮਨ ਪੱਥਰੀਲੀ ਥਾਂ ਦੇ ਖੇਤਰ ਵਿਚ ਮਾਰਟਰ ਗੋਲ਼ਿਆਂ ਦੀ ਢਿੱਲੀ-ਮੱਠੀ ਵਰਖਾ ਵੀ ਕਰਦੇ ਰਹੇ ਤੇ ਉਸ ਪਾਸੇ ਤੋਂ ਆਉਂਦੀਆਂ ਗੋਲ਼ੀਆਂ ਦਾ ਜਵਾਬ ਵੀ ਮੋੜਦੇ ਰਹੇ। ਇਕ ਸੈਪਰ, ਨੇਚਾਯੇਵ ਦੀ ਸਿਰ ਵਿਚ ਗੋਲੇ ਦੀ ਪੱਚਰ ਵੱਜਣ ਨਾਲ਼ ਮੌਤ ਹੋ ਗਈ। ਉਸ ਨੂੰ ਓਥੋਂ ਚੁੱਕ ਕੇ ਲਿਜਾਣ ਦਾ ਕੋਈ ਵਕਤ ਨਹੀਂ ਸੀ, ਇਸ ਲਈ ਉਹਨਾਂ ਨੇ ਉਸ ਦੀ ਦਿਹ ਬਰਫ ਦੇ ਕੋਲ਼ ਕਰ ਕੇ ਟਿਕਾ ਦਿੱਤੀ।

ਰਾਸਤੋਰਗੂਯੇਵ ਵੀ ਤੋਲੋਕਨੋ ਵਾਂਗ ਹੀ, ਉਹਦੇ ਕੋਲ਼ ਝੁਕਿਆ ਹੋਇਆ ਓਸੇ ਹੀ ਪੱਥਰ ਵਿਚ ਫਾਨਾ ਠੋਕ ਰਿਹਾ ਸੀ। ਦੋਵਾਂ ਫਾਨਿਆਂ ਵਿਚਲੇ ਪਾੜ ਵਿਚੋਂ ਪਾਣੀ ਵਹਿ ਰਿਹਾ ਸੀ ਅਤੇ ਕਲਕਲ ਦੀ ਆਵਾਜ਼ ਕਰਦਾ ਹੋਇਆ ਚੱਟਾਨੀ ਪੱਥਰ ਉੱਤੇ ਦਰਿਆ ਦੇ ਥੱਲੇ ਦੀ ਪਕੜ ਢਿੱਲੀ ਕਰ ਰਿਹਾ ਸੀ। ਫੇਰ ਤੋਲੋਕਨੋ ਨੇ ਚਾਰ ਬੰਦਿਆਂ ਨੂੰ ਆਖਿਆ ਕਿ ਉਹ ਇਸ ਪੱਥਰ ਨੂੰ ਜਿੰਨੇ ਜ਼ੋਰ ਨਾਲ਼ ਹਿਲਾ ਸਕਦੇ ਹਨ ਅੱਗੇ-ਪਿੱਛੇ ਹਿਲਾਉਣ ਅਤੇ ਓਨਾਂ ਚਿਰ ਹਿਲਾਈ ਜਾਣ ਜਿੰਨਾ ਚਿਰ ਉਹ ਇਸ ਥਾਂ ਤੋਂ ਖਿਸਕ ਨਹੀਂ ਜਾਂਦਾ ਅਤੇ ਆਪ ਉਸ ਨੇ ਜਲਦੀ ਨਾਲ਼ ਵਗਦੇ ਪਾਣੀ ਹੇਠੋਂ ਜਿਹੜੀ ਵੀ ਢੁੱਕਦੀ ਚੀਜ਼ ਹੱਥ ਆਈ ਉਹਦੇ ਹੇਠਾਂ ਧੱਕ ਦਿੱਤੀ।

ਕਪਤਾਨ ਸਮਿਰਨੋਵ ਨੇ ਤੋਲੋਕਨੋ ਦੀ ਮਿਸਾਲ ਉੱਤੇ ਅਮਲ ਕੀਤਾ ਅਤੇ ਚਾਰ-ਚਾਰ ਤੇ ਛੇ-ਛੇ ਬੰਦਿਆਂ ਦੀਆਂ ਟੋਲੀਆਂ ਬਣਾ ਕੇ ਉਹਨਾਂ ਨੂੰ ਪਹਿਲਾਂ ਹਰ ਚੱਟਾਨੀ ਪੱਥਰ ਹੇਠਾਂ ਫਾਨੇ ਠੋਕਣ ਅਤੇ ਫੇਰ ਮਨੁੱਖ ਦੇ ਬਾਹੂਬਲ ਅਤੇ ਦਰਿਆ ਦੀ ਰਲਵੀਂ ਤਾਕਤ ਨਾਲ਼ ਉਹਨਾਂ ਨੂੰ ਉਸ ਥਾਂ ਤੋਂ ਹਟਾਉਣ ਲਾ ਦਿੱਤਾ।

ਸਭ ਤੋਂ ਪਹਿਲਾਂ ਇਵਾਨ ਕੋਲੋਕਨੋ ਵਾਲ਼ਾ ਪੱਥਰ ਹਿੱਲਿਆ ਤੇ ਉਸ ਨੂੰ ਰੇੜ੍ਹ ਕੇ ਕਈ ਗਜ਼ ਦੂਰ ਹਿਠਾੜ ਵੱਲ ਕਰ ਦਿੱਤਾ ਗਿਆ।

"ਬਸ, ਕਾਫੀ ਹੈ!" ਕਪਤਾਨ ਨੇ ਆਖਿਆ।

ਅਸਮਾਨ ਵਿਚ ਜਰਮਨਾਂ ਦੇ ਰਾਕਟ ਪਾਟਣੋ ਬੰਦ ਹੋ ਗਏ ਸਨ ਅਤੇ ਕਪਤਾਨ ਸਮਿਰਨੋਵ ਆਪਣੇ ਬੰਦਿਆਂ ਨੂੰ ਹੱਲਾਸ਼ੇਰੀ ਦੇਣ ਆਇਆ।

"ਛੇਤੀ ਕਰੋ, ਛੇਤੀ ਕਰੋ ਜਵਾਨੋ!" ਉਹ ਸੈਪਰਾਂ ਨੂੰ ਕਹਿ ਰਿਹਾ ਸੀ।

ਤੋਲੋਕਨੋ ਇਕ ਹੋਰ ਸੈਪਰ, ਤਰੋਫ਼ਿਮ ਪੋਜ਼੍ਹੀਦਾਯੇਵ ਦੀ ਥਾਂ ਜਾ ਕੰਮ ਲੱਗਾ ਜਿਹੜਾ ਪਾਲ਼ੇ ਨਾਲ਼ ਬੁਰੀ ਤਰ੍ਹਾਂ ਆਕੜ ਗਿਆ ਸੀ। ਅਤੇ ਹੇਠਾਂ ਓਕੜਨ ਨਾਲ਼ ਪਾਣੀ ਉਹਦੀ ਠੋਡੀ ਤੱਕ ਆ ਗਿਆ। ਉਹ ਨਹੀਂ ਸੀ ਚਾਹੁੰਦਾ ਕਿ ਪੱਥਰਾਂ ਨੂੰ ਹਟਾਉਣ ਦੇ ਕੰਮ ਵਿਚ ਕੋਈ ਵਿਘਨ ਪਵੇ।

"ਛੇਤੀ ਕਰੋ, ਛੇਤੀ," ਕਪਤਾਨ ਨੇ ਪ੍ਰੇਰਿਆ। "ਛੇਤੀ ਹੀ ਟੈਂਕ ਪਾਰ ਲੰਘਣ ਲਈ ਆ ਜਾਣਗੇ।"

ਹਨੇਰੇ ਵਿਚ ਪਾਲ਼ਾ ਵੀ ਜਿਵੇਂ ਬਹੁਤਾ ਲੱਗਦਾ ਜਾਪਦਾ ਸੀ। ਦੁਸ਼ਮਣ ਦੇ ਕੰਢੇ ਦੀ ਤਿੱਖੀ ਢਲਾਵਣ ਤੋਂ ਇਕ ਮਸ਼ੀਨਗੰਨ ਨੇ ਅੰਨ੍ਹੇਵਾਹ ਗੋਲ਼ੀ ਚਲਾਉਣੀ ਸ਼ੁਰੂ ਕਰ ਦਿੱਤੀ ਤੇ ਗੋਲ਼ੀਆਂ ਇਸ ਪਥਰੀਲੀ ਥਾਂ ਉੱਤੇ ਆ ਕੇ ਡਿੱਗ ਰਹੀਆਂ ਸਨ।

"ਥੋੜ੍ਹਾ ਜਿਹਾ ਚਿਰ ਹੋਰ ਉਡੀਕ ਲੈਂਦੇ," ਖਿਝੇ ਹੋਏ ਤੋਲੋਕਨੋ ਨੇ ਪਾਣੀ ਵਿਚ ਕੋਡੇ ਹੁੰਦਿਆਂ ਬੁੜਬੁੜ ਕੀਤੀ ਤੇ ਉਹਦੇ ਸਰੀਰ ਵਿਚ ਜ਼ੋਰਦਾਰ ਝੁਣਝੁਣੀਆਂ ਛਿੜ ਪਈਆਂ।

"ਇਹ ਲੜਾਈ ਹੈ, ਕਾਮਰੇਡ ਤੋਲੋਕਨੋ," ਕਪਤਾਨ ਨੇ ਕਿਹਾ।

"ਪਤਾ ਹੈ, ਕਾਮਰੇਡ ਕਪਤਾਨ!" ਤੋਲੋਕਨੋ ਨੇ ਜਵਾਬ ਦਿੱਤਾ। "ਸਾਡੇ ਲਾਲ ਸੈਨਾ ਦੇ ਸੈਪਰਾਂ ਦੇ ਦੋ ਸੱਜੇ ਹੱਥ ਨੇ: ਇਕ ਪੱਥਰ ਚੁੱਕਣ ਲਈ, ਦੂਜਾ ਗੋਲ਼ੀ ਚਲਾਉਣ ਲਈ..."

ਹੇਠੋਂ ਉੱਖੜ ਗਏ ਪੱਥਰ ਆਪਣੀ ਸਦੀਆਂ ਪੁਰਾਣੀ ਥਾਂ ਤੋਂ ਖਿਸਕਣ ਲੱਗੇ।

ਜਦੋਂ ਪੱਥਰ ਹਟਾ ਕੇ ਲਾਂਘਾ ਸਾਫ਼ ਕਰ ਦਿੱਤਾ ਗਿਆ ਤਾਂ ਕਪਤਾਨ ਨੇ ਇਹ ਪੱਕ ਕਰਨ ਲਈ ਪਾਣੀ ਦੀ ਧਾਰ ਵਿਚ ਤੁਰ ਕੇ ਵੇਖਿਆ ਕਿ ਹੁਣ ਇਸ ਰਸਤਿਓਂ ਲੰਘਿਆ ਜਾ ਸਕਦਾ ਹੈ ਜਾਂ ਨਹੀਂ।

ਸੈਪਰ ਦੁਸ਼ਮਣ ਦੇ ਕੰਢੇ ਦੇ ਵਾਧੇ ਹੇਠਾਂ ਪਾਣੀ ਵਿਚੋਂ ਜਾ ਨਿਕਲੇ। ਦੁਸ਼ਮਣ ਦੇ ਮੋਰਚੇ ਅਜੇ ਹੋਰ ਅੱਗੇ ਸਨ ਅਤੇ ਇਸ ਥਾਂ ਕੰਢੇ ਦੇ ਐਨ ਹੇਠਾਂ ਕੋਈ ਖ਼ਤਰਾ ਨਹੀਂ ਸੀ। ਹਵਾ ਲੱਗਦਿਆਂ ਹੀ, ਸੈਪਰਾਂ ਦੇ ਜਿਸਮਾਂ ਤੇ ਬਰਫ਼ ਦੀ ਪੇਪੜੀ ਜੰਮ ਗਈ ਪਰ ਛੇਤੀ ਹੀ ਉਹ ਨਿੱਘੇ ਹੋ ਗਏ ਅਤੇ ਸਗੋਂ ਕੰਮ ਕਰਨ ਨਾਲ਼ ਉਹਨਾਂ ਨੂੰ ਗਰਮੀ ਮਹਿਸੂਸ ਹੋਣ ਲੱਗੀ। ਉਹਨਾਂ ਨੇ ਆਪਣੇ ਬੇਲਚਿਆਂ ਨਾਲ਼ ਚੀਕਣੀ ਮਿੱਟੀ ਦੇ ਇਸ ਵਾਧੇ ਨੂੰ ਪੁੱਟਿਆ ਤੇ ਕੁਝ ਢਾਲਵਾਂ ਜਿਹਾ ਰਾਹ ਬਣਾ ਦਿੱਤਾ ਤਾਂ ਜੋ ਟੈਂਕ ਪਾਣੀ ਵਿਚੋਂ ਸਿੱਧੇ ਹੀ ਬਿਨਾਂ ਕਿਸੇ ਔਖ ਦੇ ਉੱਪਰ ਚੜ੍ਹ ਜਾਣ ਅਤੇ ਪੂਰੀ ਰਫ਼ਤਾਰ ਨਾਲ਼ ਦੁਸ਼ਮਣ ਵੱਲ ਵਧ ਜਾਣ।

ਸੈਪਰਾਂ ਦੀਆਂ ਜੈਕਟਾਂ ਪਸੀਜ ਗਈਆਂ ਸਨ ਤੇ ਉਹਨਾਂ ਵਿਚੋਂ ਭਾਫ਼ ਉੱਠ ਰਹੀ ਸੀ। ਕਪਤਾਨ ਸਮਿਰਨੋਵ ਰਾਹ ਦੀ ਢਲਾਵਣ ਨੂੰ ਮੁੜ-ਮੁੜ ਮਾਪਦਾ ਸੀ। ਉਹ ਇਹ ਪੱਕ ਕਰਨਾ ਚਾਹੁੰਦਾ ਸੀ ਕਿ ਇਸ ਦੀ ਪੁਟਾਈ ਵਿਚ ਲੋੜ ਤੋਂ ਵੱਧ ਇਕ ਮਿੰਟ ਵੀ ਜ਼ਾਇਆ ਨਾ ਕੀਤਾ ਜਾਏ ਪਰ ਇਸ ਦੇ ਨਾਲ਼ ਹੀ ਇਹ ਟੈਂਕਾਂ ਵਾਸਤੇ ਇਕ ਸੌਖਾ ਰਾਹ ਵੀ ਬਣ ਜਾਏ ਅਤੇ ਇੰਜਣਾਂ

ਨੂੰ ਬਹੁਤਾ ਜ਼ੋਰ ਨਾ ਲਾਉਣਾ ਪਵੇ।

ਮਾਰਟਰ ਗੋਲ਼ੇ ਤੇ ਮਸ਼ੀਨਗੰਨ ਦੀਆਂ ਗੋਲ਼ੀਆਂ ਦੀਆਂ ਬਾੜ੍ਹਾਂ ਟੀਂ-ਟੀਂ ਕਰਦੀਆਂ ਸੈਪਰਾਂ ਦੇ ਸਿਰਾਂ ਉੱਤੋਂ ਦੀ ਲੰਘਦੀਆਂ ਸਨ ਅਤੇ ਪੱਥਰੀਲੀ ਥਾਂ ਉੱਤੇ ਪਾਣੀ ਤੇ ਬਰਫ਼ ਵਿਚ ਜਾ ਡਿੱਗਦੀਆਂ ਸਨ।

"ਆਪਣੀ ਜ਼ਿੰਦਗੀ ਵਿਚ ਇਕੱਲੇ ਇਵਾਨ ਤੋਲੋਕਨੋ ਨੇ ਹੀ ਕਿੰਨੇ ਮਕਾਨ ਤੇ ਕਿੰਨੀਆਂ ਹੋਰ ਲਾਭਦਾਇਕ ਚੀਜ਼ਾਂ ਬਣਾਈਆਂ ਹੋਣਗੀਆਂ ?" ਉਹਦੇ ਵੱਲ ਵੇਖ ਕੇ ਕਪਤਾਨ ਨੇ ਸੋਚਿਆ।

ਉਸ ਨੇ ਤੋਲੋਕਨੋ ਨੂੰ ਇਹ ਸਵਾਲ ਪੁੱਛਿਆ ਜਿਹੜਾ ਇਸ ਵੇਲ਼ੇ ਆਪਣੇ ਸਾਮ੍ਹਣਿਓਂ ਮਿੱਟੀ ਪੁੱਟ ਰਿਹਾ ਸੀ।

"ਯਾਦ ਨਹੀਂ, ਕਾਮਰੇਡ ਕਪਤਾਨ," ਉਸ ਨੇ ਜਵਾਬ ਦਿੱਤਾ। "ਚਾਲੀ ਕਮੀਜ਼ਾਂ ਮੇਰੀ ਪਿੱਠ ਦੇ ਮੁੜ੍ਹਕੇ ਨਾਲ਼ ਗਲ਼ ਕੇ ਪਾਟ ਗਈਆਂ। ਤੇ ਜਦੋਂ ਦੀ ਲੜਾਈ ਸ਼ੁਰੂ ਹੋਈ ਏ ਮੈਂ ਚਾਰ ਵੱਡੇ ਕੋਟ ਹੰਢਾ ਲਏ ਨੇ ਤੇ ਦੋ ਭੇਡ ਦੀ ਖੱਲ੍ਹ ਦੇ ਛੋਟੇ ਕੋਟ। ਏਸ ਵੇਲੇ ਮੈਂ ਸੱਤਵਾਂ ਕੋਟ ਪਾਇਆ ਹੋਇਆ ਏ। ਪਰ ਅਜੇ ਜਾਨ ਹੈ ਬੁੱਢੇ ਘੋੜੇ ਵਿਚ!"

"ਤੇ ਇਵਾਨ ਤੋਲੋਕਨੋ, ਹੋ ਸਕਦਾ ਹੈ, ਅੱਜ ਹੀ ਰਣਖੇਤਰ ਵਿਚ ਆਖ਼ਰੀ ਦਮ ਤੋੜ ਜਾਵੇ," ਕਪਤਾਨ ਨੇ ਸੋਚਿਆ।

ਜਦੋਂ ਟੈਂਕਾਂ ਵਾਸਤੇ ਢਾਲਵਾਂ ਰਸਤਾ ਤਿਆਰ ਹੋਣ 'ਤੇ ਆ ਗਿਆ ਤਾਂ ਕਪਤਾਨ ਨੇ ਸਿਗਨਲ-ਮੈਨ ਨੂੰ ਹੁਕਮ ਦਿੱਤਾ ਕਿ ਉਹ ਉਤਾੜ੍ਹ ਵੱਲ਼ ਥੋੜ੍ਹਾ ਜਿਹਾ ਅੱਗੇ ਜਾ ਕੇ ਰਾਕਟ ਚਲਾ ਕੇ ਸਿਗਨਲ ਦੇ ਦੇਵੇ ਕਿ ਟੈਂਕਾਂ ਵਾਸਤੇ ਰਾਹ ਸਾਫ਼ ਹੋ ਗਿਆ ਹੈ ਤੇ ਪਿਆਦਾ ਫ਼ੌਜ ਦੇ ਰਾਹ ਵਿਚ ਵੀ ਕੋਈ ਗੰਭੀਰ ਅੜਿੱਕਾ ਨਹੀਂ ਰਿਹਾ।

ਜਰਮਨ ਵੀ ਵੱਖ-ਵੱਖ ਰੰਗਾਂ ਦੇ ਰਾਕਟ ਚਲਾ ਕੇ ਆਪਸ ਵਿਚ ਬਾਤਚੀਤ ਕਰਨ ਲੱਗ ਪਏ। ਇਵਾਨ ਤੋਲੋਕਨੋ ਨੇ ਅਸਮਾਨ ਵੱਲ਼ ਨਜ਼ਰ ਮਾਰੀ ਜਿਹੜਾ ਰਾਕਟਾਂ ਦੇ ਖਾਮੋਸ਼ ਰੰਗਾਂ ਦੇ ਲਿਸ਼ਕਾਰਿਆਂ ਨਾਲ਼ ਜਗਮਗਾ ਉੱਠਦਾ ਸੀ ਜਿਨ੍ਹਾਂ ਦੇ ਹੌਲ਼ੀ-ਹੌਲ਼ੀ ਬੁਝਦੇ ਜਾਂਦੇ ਚੰਗਿਆੜਿਆਂ ਦਾ ਮੀਂਹ ਵਰ੍ਹ ਰਿਹਾ ਸੀ।

4

ਅੱਧੀ ਰਾਤ ਤੋਂ ਮਗਰੋਂ ਮੁਕੰਮਲ ਖਾਮੋਸ਼ੀ ਤਾਰੀ ਹੋ ਗਈ। ਜਾਸੂਸਾਂ ਦੀ ਟੋਲੀ ਨੇ ਦੁਸ਼ਮਣ ਦਾ ਧਿਆਨ ਖਿੱਚਣ ਲਈ ਗੋਲ਼ੀਆਂ ਚਲਾਉਣੀਆਂ ਬੰਦ ਕਰ ਦਿੱਤੀਆਂ। ਸੈਪਰ ਆਪਣੀ ਪੁੱਟੀ ਹੋਈ ਢਾਲਵੀਂ ਖੰਦਕ ਵਿਚ ਲੰਮੇ ਪੈ ਗਏ ਤੇ ਟੈਂਕਾਂ ਦੇ ਆਉਣ ਤੱਕ ਝੋਕਾਂ ਲੈਂਦੇ ਰਹੇ।

ਵਕਤ ਆਉਣ 'ਤੇ ਕਪਤਾਨ ਨੇ ਸੈਨਿਕਾਂ ਨੂੰ ਜਗਾਇਆ ਤੇ ਉਹਨਾਂ ਨੂੰ ਟੈਂਕਾਂ ਉੱਤੇ ਚੜ੍ਹਨ ਲਈ ਤਿਆਰ ਹੋਣ ਦਾ ਹੁਕਮ ਦਿੱਤਾ।

ਇਵਾਨ ਤੋਲੋਕਨੋ ਨੇ ਠਰ੍ਹੰਮੇ ਨਾਲ਼ ਆਪਣੇ ਸਾਜ਼-ਸਾਮਾਨ ਦੀ ਪੜਤਾਲ਼ ਕੀਤੀ ਤੇ ਇਸ ਵੇਲ਼ੇ ਦੀ ਖਾਮੋਸ਼ ਰਾਤ ਦੀਆਂ ਬਿੜਕਾਂ ਲੈਣ ਲੱਗਾ ਜਿਸ ਵਿਚ ਪੱਥਰਾਂ ਉੱਤੋਂ ਵਗਦੇ ਦਰਿਆ

ਦੀ ਇਕਸਾਰ ਕਲਕਲ ਤੋਂ ਬਗ਼ੈਰ ਹੋਰ ਕੋਈ ਅਵਾਜ਼ ਨਹੀਂ ਸੀ ਆਉਂਦੀ।

ਤੱਦ ਤੋਲੋਕਨੋ ਨੂੰ ਟੈਂਕਾਂ ਦੇ ਮਾਲ੍ਹਦਾਰ ਪੱਟਿਆ ਹੇਠਾਂ ਛੋਟੇ-ਛੋਟੇ ਪੱਥਰਾਂ ਦੀ ਕਰਚ-ਕਰਚ, ਇੰਜਨਾਂ ਦੀ ਗੜਗੜਾਹਟ ਅਤੇ ਹਿੱਲ ਗਏ ਪਾਣੀ ਦੀ ਛਪ-ਛਪ ਦੀ ਅਵਾਜ਼ ਸੁਣਾਈ ਦਿੱਤੀ। ਉਸ ਨੂੰ ਟੈਂਕਾਂ ਦੇ ਦਰਿਆ ਤੱਕ ਪੁੱਜਣ ਦੀ ਆਵਾਜ਼ ਨਹੀਂ ਸੀ ਸੁਣੀ, ਉਹ ਬਹੁਤ ਹੌਲ਼ੀ-ਹੌਲ਼ੀ ਬਿਨਾਂ ਖੜਕੇ-ਦੜਕੇ ਦੇ ਅੱਗੇ ਆ ਗਏ ਸਨ। ਉਹਨਾਂ ਦੇ ਇੰਜਨਾਂ ਦੀ ਅਵਾਜ਼ ਏਨੀ ਹੌਲ਼ੀ-ਹੌਲ਼ੀ ਰੱਖੀ ਗਈ ਸੀ ਕਿ ਬਸ ਹੌਲ਼ੀ-ਹੌਲ਼ੀ ਘੁਰ-ਘੁਰ ਹੀ ਕਰਦੇ ਸਨ।

ਟੈਂਕ ਅਹਿਸਤਾ ਨਾਲ਼ ਢਾਲਵੇਂ ਰਸਤੇ ਵੱਲ ਸਰਕੇ ਤਾਂ ਜੋ ਸੈਪਰ ਪਿਆਦਿਆਂ ਦੇ ਨਾਲ਼ ਰਲਣ ਲਈ ਉੱਪਰ ਚੜ੍ਹ ਆਉਣ ਜਿਹੜੇ ਪਹਿਲਾਂ ਹੀ ਬਕਤਰਾਂ ਉੱਤੇ ਟਿਕੇ ਹੋਏ ਸਨ। ਫੇਰ ਉਹ ਉਛਲਦੇ ਹੋਏ ਅੱਗੇ ਵਧੇ ਤੇ ਹਨੇਰੇ ਵਿਚ ਪੂਰੀ ਰਫ਼ਤਾਰ ਨਾਲ਼ ਦੁਸ਼ਮਣ ਵੱਲ ਦੌੜ ਪਏ।

ਇਵਾਨ ਤੋਲੋਕਨੋ ਵੀ ਛਾਲ ਮਾਰ ਕੇ ਓਸੇ ਟੈਂਕ ਉੱਤੇ ਚੜ੍ਹ ਗਿਆ ਜਿਸ ਉੱਤੇ ਕਪਤਾਨ ਸਮਿਰਨੋਵ ਚੜ੍ਹਿਆ ਸੀ। ਉਸ ਨੇ ਬਕਤਰ ਉੱਤੇ ਇਕ ਨਿੱਘੀ ਥਾਂ ਲੱਭ ਲਈ ਤੇ ਓਥੇ ਆਪਣੇ ਹੱਥ ਨਿੱਘੇ ਕੀਤੇ।

ਦੁਸ਼ਮਣ ਨੇ ਟੈਂਕ ਵੇਖ ਲਏ ਤੇ ਉਹਨਾਂ ਨੇ ਲੰਮੀ ਮਾਰ ਕਰਨ ਵਾਲ਼ੀਆਂ ਤੋਪਾਂ ਵਿਚੋਂ ਗੋਲ਼ੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ। ਟੈਂਕ ਕਦੇ ਹੌਲ਼ੀ ਚਲਦੇ ਤੇ ਕਦੇ ਹਵਾ ਵਾਂਗ ਅੱਗੇ ਵੱਧਦੇ, ਕਦੇ ਸੱਜੇ ਹੁੰਦੇ ਤੇ ਕਦੇ ਖੱਬੇ ਹੁੰਦੇ, ਗੋਲ਼ਿਆਂ ਦੀ ਮਾਰ ਤੋਂ ਬਚਦੇ ਹੋਏ, ਤੇ ਆਮ ਕਰਕੇ ਮਿਥੇ ਹੋਏ ਰਾਹ ਉੱਤੇ ਅੱਗੇ ਹੀ ਅੱਗੇ ਵਧਦੇ ਗਏ।

ਉਹਨਾਂ ਦੇ ਇੰਜਨ ਪੂਰੀ ਅਵਾਜ਼ ਨਾਲ਼ ਗੜਗੜਾ ਰਹੇ ਸਨ ਜਦੋਂ ਟੈਂਕ ਤੇਜ਼ੀ ਨਾਲ਼ ਇਕ ਪਿੰਡ ਵਿਚ ਜਾ ਵੜੇ ਜਿਸ ਦੇ ਮਕਾਨ ਖ਼ਾਲੀ, ਨਿਰਜ਼ਿੰਦ ਖੋਲ਼ੇ ਬਣੇ ਹੋਏ ਸਨ। ਟੈਂਕਾਂ ਉੱਤੇ ਬੈਠੇ ਫ਼ੌਜੀਆਂ ਨੇ ਆਪਣੀਆਂ ਮਸ਼ੀਨਗੰਨਾਂ ਤਿਆਰ ਕਰ ਲਈਆਂ ਸਨ ਪਰ ਪਿੰਡ ਵਿਚ ਤਾਂ ਇਕ ਵੀ ਆਦਮੀ ਨਜ਼ਰ ਨਹੀਂ ਸੀ ਆਇਆ। ਸਿਰਫ਼ ਪਿੰਡ ਦੇ ਆਖ਼ਰੀ ਛੋਟੇ ਜਿਹੇ ਮਕਾਨ ਵਿਚੋਂ ਮਸ਼ੀਨਗੰਨ ਦੀਆਂ ਗੋਲ਼ੀਆਂ ਦੀ ਮਾਰੂ ਬਾੜ੍ਹ ਆਈ ਸੀ ਜਦੋਂ ਉਹ ਪਿੰਡ ਵਿਚੋਂ ਨਿਕਲ ਰਹੇ ਸਨ। ਇਕ ਟੈਂਕ ਸਿੱਧਾ ਉਸ ਮਕਾਨ ਉੱਤੇ ਜਾ ਚੜ੍ਹਿਆ ਅਤੇ ਅੰਦਰ ਵੜੇ ਦੁਸ਼ਮਣ ਨੂੰ ਮਿੱਟੀ ਮਲਬੇ ਵਿਚ ਦੱਬ ਦਿੱਤਾ।

ਜੇ ਕੋਈ ਜਰਮਨ ਪਿੱਛੇ ਬਚੇ ਰਹਿ ਵੀ ਗਏ ਸਨ ਤਾਂ ਉਹ ਸਾਡੀ ਪਿਆਦਾ ਫ਼ੌਜ ਦੇ ਪੁੱਜਣ ਤੱਕ ਜਿਊਂਦੇ ਰਹਿ ਸਕਦੇ ਸਨ। ਰਾਹ ਵਿਚ ਆਉਂਦੇ ਇੱਕਾ-ਦੁੱਕਾ ਜਰਮਨ ਪਿੱਛੇ ਪ੍ਰੇਸ਼ਾਨ ਹੋਣ ਦਾ ਟੈਂਕਾਂ ਕੋਲ਼ ਵਕਤ ਨਹੀਂ ਸੀ। ਉਹਨਾਂ ਉੱਤੇ ਆਪਣੀ ਤਾਕਤ ਨੂੰ ਜ਼ਾਇਆ ਕਰਨਾ ਵਿਅਰਥ ਸੀ।

ਜਰਮਨ ਤੋਪਾਂ ਦੀ ਗੋਲ਼ਾਬਾਰੀ ਪਲੋ-ਪਲ ਵਧੇਰੇ ਜ਼ੋਰਦਾਰ ਹੁੰਦੀ ਜਾ ਰਹੀ ਸੀ ਅਤੇ ਤੋਲੋਕਨੋ ਨੂੰ ਮਹਿਸੂਸ ਹੋਇਆ ਜਿਵੇਂ ਵਾਤਾਵਰਣ ਅਚਾਨਕ ਹੀ ਕੁਝ ਵਧੇਰੇ ਹਨੇਰਾ ਹੋ ਗਿਆ ਹੋਵੇ। ਤੋਲੋਕਨੋ ਨੇ ਟੈਂਕ ਉੱਤੇ ਆਪਣੇ ਸਾਮ੍ਹਣੇ ਝਾਕ ਕੇ ਵੇਖਿਆ ਤਾਂ ਧੁੰਦਲੀ ਜਿਹੀ, ਇਕ ਕਾਲ਼ੀ ਥਾਂ ਨਜ਼ਰ ਆਈ ਜਿਥੇ ਕਿਸੇ-ਕਿਸੇ ਵੇਲ਼ੇ ਅਸਮਾਨ ਵੱਲ਼ ਤਿੱਖੀਆਂ ਜੀਭਾਂ ਵਾਲੇ ਭੰਬੂਕੇ ਉੱਠਦੇ ਸਨ। ਇਹ ਤਾਂ ਇਕ ਪਿੰਡ ਨੂੰ ਅੱਗ ਲੱਗੀ ਹੋਈ ਸੀ। ਪਰ ਇਸ ਪਿੰਡ ਵਿਚੋਂ, ਇਸ

ਦੇ ਉਜੜੇ ਹੋਏ ਗਿਰਜੇ ਵਿਚੋਂ, ਇਸ ਦੇ ਮਜ਼ਾਰਾਂ ਤੇ ਖੂਹਾਂ ਵਿਚੋਂ ਵਿਰੋਧ ਦੇ ਨੀਲ਼ੇ ਖੰਜਰਾਂ ਦੀਆਂ ਲਿਸ਼ਕਾਂ ਪੈਂਦੀਆਂ ਸਨ।

ਜਿਸ ਟੈਂਕ ਉੱਤੇ ਤੋਲੋਕਨੋ ਬੈਠਾ ਹੋਇਆ ਸੀ, ਉਹ ਇਸ ਵੇਲ਼ੇ ਅੱਗੇ ਵਧ ਰਿਹਾ ਸੀ, ਇਸ ਦਾ ਇੰਜਨ ਪੂਰੇ ਜ਼ੋਰ ਨਾਲ਼ ਗਰੜ-ਗਰੜ ਕਰ ਰਿਹਾ ਸੀ, ਉਸ ਦੀ ਵੱਡੀ ਸਾਰੀ ਨਾਲ਼ੀ ਵਿਚੋਂ ਹੁੰਦੇ ਧਮਾਕਿਆਂ ਦੀ ਗੂੰਜ ਉੱਠ ਰਹੀ ਸੀ ਅਤੇ ਟੈਂਕ ਦੇ ਉੱਪਰ ਬੈਠੇ ਫੌਜੀ ਲੜਾਈ ਦੇ ਜੋਸ਼ ਵਿਚ ਆਏ ਹੋਏ ਅੰਨ੍ਹੀ ਬੇਪ੍ਰਵਾਹੀ ਨਾਲ਼ ਨਾਹਰੇ ਮਾਰ ਰਹੇ ਸਨ, ਸ਼ੋਰ ਮਚਾ ਰਹੇ ਸਨ।

ਹੁਕਮ ਮਿਲਣ 'ਤੇ ਜਵਾਨਾਂ ਨੇ ਟੈਂਕ ਤੋਂ ਛਾਲਾਂ ਮਾਰ ਦਿੱਤੀਆਂ ਤੇ ਪਿੰਡ ਨੂੰ ਘੇਰਾ ਪਾਉਣ ਭੱਜ ਉੱਠੇ।

5

ਕਪਤਾਨ ਸਮਿਰਨੋਵ ਆਪਣੇ ਸੈਪਰਾਂ ਨੂੰ, ਪਿੰਡ ਦੇ ਪਾਸਿਓਂ ਦੀ ਖੇਤਾਂ ਵਿਚੋਂ ਲੰਘਦਾ ਹੋਇਆ, ਪੱਛਮ ਵੱਲ਼ ਲੈ ਗਿਆ ਤੇ ਇਸ ਤਰ੍ਹਾਂ ਉਹ ਲੜਾਈ ਨੂੰ ਆਪਣੇ ਪਿੱਛੇ ਛੱਡ ਗਏ। ਇਥੇ ਉਹਨਾਂ ਨੇ ਨਵੇਂ ਹਿਫ਼ਾਜ਼ਤੀ ਮੋਰਚੇ ਕਾਇਮ ਕਰਨੇ ਸਨ ਤੇ ਓਦੋਂ ਤੱਕ ਟੈਂਕਾਂ ਨੇ ਅਤੇ ਉਹਨਾਂ ਦੇ ਪਿੱਛੇ-ਪਿੱਛੇ ਆ ਰਹੇ ਪਿਆਦਾ ਤੇ ਮਸ਼ੀਨਬੰਦ ਦਸਤਿਆਂ ਨੇ ਪਿੰਡ ਦੀ ਨਾਕਾਬੰਦੀ ਕਰੀ ਰੱਖਣੀ ਸੀ ਤੇ ਦੁਸ਼ਮਣ ਦਾ ਸਫ਼ਾਇਆ ਕਰਨਾ ਸੀ।

ਥਾਂ ਦੀ ਜਾਂਚ-ਪੜਤਾਲ ਕਰਨ ਲਈ ਸਮਿਰਨੋਵ ਨੇ ਇਵਾਨ ਤੋਲੋਕਨੋ ਨੂੰ ਆਪਣੇ ਨਾਲ਼ ਲੈ ਲਿਆ।

ਪ੍ਰਭਾਤ ਦੇ ਧੁੰਦਲਕੇ ਜਿਹੇ ਵਿਚ ਉਹ ਆਪਣੇ ਸਾਮ੍ਹਣੇ ਬਰਫ਼ ਕੱਜੇ ਵਿਸ਼ਾਲ ਰੂਸੀ ਮੈਦਾਨ ਵੇਖ ਰਹੇ ਸਨ ਜਿਸ ਵਿਚ ਖੱਡਾਂ ਖਾਈਆਂ ਦੇ ਕਾਲ਼ੇ-ਕਾਲ਼ੇ ਖਿੱਤੇ ਸਨ।

ਕਪਤਾਨ ਸਮਿਰਨੋਵ ਚਾਹੁੰਦਾ ਸੀ ਕਿ ਇਕ ਲੰਮੀ ਕਤਾਰ ਵਿਚ ਖੰਦਕਾਂ ਦੀ ਪੁਟਾਈ ਕੀਤੀ ਜਾਵੇਂ ਜਿਹੜੀ ਇਕ ਖੱਡ ਦੀ ਢਲਵਾਣ ਉੱਤੇ ਬਣੇ ਪੱਕੇ-ਮੋਰਚੇ ਤੱਕ ਜਾਂਦੀ ਹੋਵੇ। ਪਰ ਤੋਲੋਕਨੋ ਨੇ ਉਹਨੂੰ ਸਲਾਹ ਦਿੱਤੀ ਕਿ ਖੰਦਕ ਕੁਝ ਨੇੜੇ, ਖੁੱਲ੍ਹੀ ਜ਼ਮੀਨ ਉੱਤੇ ਬਣਾਈ ਜਾਏ ਜਿੱਥੇ ਝਾੜੀਆਂ ਉੱਗੀਆਂ ਹੋਈਆਂ ਹਨ ਤਾਂ ਜੋ ਇਹ ਝਾੜੀਆਂ ਸਾਡੀਆਂ ਪਿੱਠਾਂ ਪਿੱਛੇ ਹੋਣ, ਸਾਡੀ ਆਪਣੀ ਜ਼ਮੀਨ ਉੱਤੇ — ਇਸ ਦਾ ਫ਼ੌਜੀਆਂ ਨੂੰ ਫ਼ਾਇਦਾ ਹੋ ਸਕਦਾ ਹੈ। ਕਪਤਾਨ ਨੇ ਇਹ ਸਿਆਣੀ ਸਲਾਹ ਮੰਨ ਲਈ।

ਤੋਲੋਕਨੋ ਨੇ ਸਲਾਹ ਦਿੱਤੀ ਕਿ ਦੂਜਾ ਲੱਕੜੀ ਦਾ ਪੱਕਾ-ਮੋਰਚਾ ਖੱਡ ਦੇ ਮੂੰਹ ਵਿਚ ਬਣਾਇਆ ਜਾਏ ਤਾਂ ਜੋ ਇਹਦੇ ਤੇ ਦੂਜੀ ਖੱਡ ਵਿਚਕਾਰਲੇ ਲਾਂਘੇ ਵਾਲ਼ੀ ਚਰਾਂਦ ਸਾਡੀ ਧਰਤੀ ਉੱਤੇ ਰਹਿ ਜਾਏ।

"ਕੀ ਬੋਲਦਾ ਏਂ ਤੂੰ, ਇਵਾਨ ਤੋਲੋਕਨੋ!" ਕ੍ਰੋਧ ਜਿਹੇ ਵਿਚ ਆ ਕੇ ਕਪਤਾਨ ਨੇ ਆਖਿਆ। "ਅਸੀਂ ਏਥੇ ਡੰਗਰ ਚਰਾਉਣ ਆਏ ਹਾਂ? ਕੀ ਸੋਚਦਾ ਏਂ, ਅਸੀਂ ਕਿਸਾਨ ਹਾਂ?"

"ਜਿਵੇਂ ਤੁਸੀਂ ਕਹਿੰਦੇ ਹੋ, ਕਪਤਾਨ," ਤੋਲੋਕਨੋ ਨੇ ਪਛਤਾਵੇ ਜਿਹੇ ਨਾਲ਼ ਜਵਾਬ ਦਿੱਤਾ। "ਅਸੀਂ ਕਿਸਾਨ ਨਹੀਂ, ਫ਼ੌਜੀ ਆਂ, ਪਰ ਅਸੀਂ ਅਸਲ ਵਿਚ ਦੋਵੇਂ..."

"ਵਗਿਆ ਜਾ ਤੇ ਬੰਦਿਆਂ ਨੂੰ ਲਿਆ," ਕਪਤਾਨ ਨੇ ਹੁਕਮ ਦਿੱਤਾ।

ਖੰਦਕਾਂ ਪੁਟ ਰਹੇ ਸੈਪਰ ਆਪਣੇ ਰੰਗ ਵਿਚ ਸਨ। ਇਸ ਨਾਲ਼ ਉਹਨਾਂ ਨੂੰ ਹਲ਼ ਵਾਹੁਣ ਦੇ ਚੇਤੇ ਆ ਗਏ ਅਤੇ ਉਹ ਤਨ-ਮਨ ਲਾ ਕੇ ਕੰਮ ਵਿਚ ਲੱਗੇ ਹੋਏ ਸਨ। ਉਹ ਜਿਵੇਂ-ਜਿਵੇਂ ਡੂੰਘੀ ਪੁਟਾਈ ਕਰਦੇ ਜਾਂਦੇ, ਓਨਾ ਹੀ ਬਹੁਤਾ ਨਿੱਘ ਤੇ ਬਹੁਤੀ ਸਲਾਮਤੀ ਮਹਿਸੂਸ ਕਰਦੇ।

ਤੜਕਾ ਹੋ ਗਿਆ ਅਤੇ ਪਿੰਡ ਵਿਚ ਲੜਾਈ ਅਜੇ ਵੀ ਹੋ ਰਹੀ ਸੀ। ਕਪਤਾਨ ਨੂੰ ਇਸ ਗੱਲ ਦੀ ਮਾੜੀ ਜਿਹੀ ਚਿੰਤਾ ਸੀ ਕਿ ਸਾਡੇ ਅਗਵਾਨੂੰ ਦਸਤੇ ਵਿਉਂਤ ਅਨੁਸਾਰ ਨਹੀਂ ਪਹੁੰਚ ਸਕੇ ਸਨ। ਉਸ ਨੇ ਆਪਣੀਆਂ ਹਿਫ਼ਾਜ਼ਤੀ ਚੌਂਕੀਆਂ ਨੂੰ ਹੋਰ ਮਜ਼ਬੂਤ ਕਰਨ ਦਾ ਫੈਸਲਾ ਕੀਤਾ ਅਤੇ ਇਵਾਨ ਤੋਲੋਕਨੋ ਸਮੇਤ ਪੰਜ ਪਹਿਲੇ ਹੀ ਤਾਇਨਾਤ ਕੀਤੇ ਗਏ ਸੰਤਰੀਆਂ ਵਿਚ ਜਾ ਸ਼ਾਮਲ ਹੋਣ ਲਈ ਭੇਜ ਦਿੱਤੇ। "ਥੋੜ੍ਹਾ ਬਹੁਤ ਆਰਾਮ ਕਰ ਲਵੇਗਾ," ਕਪਤਾਨ ਨੇ ਸੋਚਿਆ ਸੀ।

ਤੋਲੋਕਨੋ ਨੇ ਬਰਫ਼ ਨਾਲ਼ ਪੂੰਝ ਕੇ ਆਪਣਾ ਬੇਲਚਾ ਸਾਫ਼ ਕੀਤਾ, ਆਪਣੀ ਮਸ਼ੀਨਗੰਨ ਕੱਛੇ ਮਾਰੀ, ਆਪਣੀ ਪੇਟੀ ਵਿਚ ਲੱਗੇ ਗਰਨੇਡਾਂ ਦੀ ਪੜਤਾਲ ਕੀਤੀ ਅਤੇ ਪੱਛਮ ਵਾਲੇ ਪਾਸੇ ਤੁਰ ਪਿਆ। ਕਪਤਾਨ ਨੇ ਉਸ ਨੂੰ ਸਮਝਾ ਦਿੱਤਾ ਸੀ ਕਿ ਕਿੱਧਰ ਜਾਣਾ ਹੈ ਤੇ ਕਿੰਨੀ ਦੂਰ ਜਾਣਾ ਹੈ ਅਤੇ ਛੇਤੀ ਹੀ ਤੋਲੋਕਨੋ ਦੋਹਾਂ ਖੱਡਾਂ ਵਿਚਲੇ ਪਾੜ ਦੀ ਕੰਧੀ ਉੱਤੋਂ ਨਜ਼ਰੋਂ ਓਹਲੇ ਹੋ ਗਿਆ।

ਤੋਲੋਕਨੋ ਦੁਸ਼ਮਣ ਦੇ ਵੱਧ ਤੋਂ ਵੱਧ ਨੇੜੇ ਚਲੇ ਜਾਣਾ ਚਾਹੁੰਦਾ ਸੀ, ਇਸ ਲਈ ਕਿ ਜੇਕਰ ਦੁਸ਼ਮਣ ਇਸ ਵੇਲੇ ਰੂਸੀ ਪਿੰਡ ਵਿਚ ਮਰ ਰਹੇ ਆਪਣੇ ਬੰਦਿਆਂ ਵਾਸਤੇ ਕੁਮਕ ਭੇਜਣ ਤਾਂ ਉਹ ਸਭ ਤੋਂ ਪਹਿਲਾਂ ਵੇਖ ਲਵੇ। ਉਹ ਸੜੇ ਝੁਲਸੇ ਇਕੋ-ਇਕ ਦਿਆਰ ਦੇ ਤਣੇ ਕੋਲ਼ ਖਲੋ ਗਿਆ ਤੇ ਆਪਣੇ ਚਾਰ-ਚੁਫੇਰੇ ਨਜ਼ਰ ਮਾਰ ਕੇ ਵੇਖਣ ਲੱਗਾ: ਸਭ ਪਾਸੇ ਸਾਫ਼, ਵਿਸ਼ਾਲ ਮੈਦਾਨ ਸੀ ਜਿਸ ਤਰ੍ਹਾਂ ਹਰ ਥਾਂ ਰੂਸ ਦਾ ਮੈਦਾਨੀ ਇਲਾਕਾ ਹੈ ਜਿੱਥੇ ਵਿਚ-ਵਿਚ ਜੰਗਲ ਖੜੇ ਸਨ। ਇਸ ਮੁਰਦੇ ਦਿਆਰ ਦੇ ਪੈਰਾਂ ਵਿਚੋਂ ਮਿੱਟੀ ਇਕ ਜਲਧਾਰਾ ਨਾਲ਼ ਬਣੀ ਵੱਡੀ ਸਾਰੀ ਖਾਈ ਵੱਲ਼ ਡਿੱਗੀ ਹੋਈ ਸੀ ਤੇ ਦੂਜੇ ਪਾਸੇ ਜਾ ਕੇ ਫੇਰ ਉੱਪਰ ਚੜ੍ਹ ਗਈ ਹੋਈ ਸੀ।

ਸੈਪਰ ਦਾ ਜੀਅ ਕੀਤਾ ਕਿ ਇਸ ਸ਼ਾਂਤ ਮਾਹੌਲ ਵਿਚ ਸਿਗਰਟ ਦਾ ਕਸ਼ ਲਾਵੇ, ਪਰ ਪਹਿਲਾਂ ਉਸ ਨੇ ਆਪਣੇ ਸਾਮ੍ਹਣੇ ਝਾਕ ਕੇ ਵੇਖਿਆ। ਹਵਾ ਤਾਂ ਭਾਵੇਂ ਨਹੀਂ ਸੀ ਚਲਦੀ, ਤਾਂ ਵੀ ਅਚਾਨਕ ਉਸ ਨੂੰ ਵਾਤਾਵਰਣ ਵਿਚ ਹਲਕੀ ਜਿਹੀ ਗੂੰਜ ਸੁਣਾਈ ਦਿੱਤੀ।

ਉਸ ਨੂੰ ਚਿੱਟੀ ਸਲੀਬ ਦੇ ਨਿਸ਼ਾਨ ਵਾਲ਼ਾ ਇਕ ਟੈਂਕ ਖੱਡ ਦੇ ਇਸ ਪਾਸੇ ਗੜਗੜ ਕਰਦਾ ਨਜ਼ਰ ਆਇਆ ਜਿਹੜਾ ਸਿੱਧਾ ਇਸ ਮੁਰਦਾ ਦਿਆਰ ਅਤੇ ਇਸ ਦੇ ਕੋਲ਼ ਖੜੇ ਬੰਦੇ ਵੱਲ ਵਧਿਆ ਆਉਂਦਾ ਸੀ।

ਇਵਾਨ ਤੋਲੋਕਨੋ ਟੈਂਕ ਨੂੰ ਆਪਣੇ ਵੱਲ ਵਧਦਾ ਵੇਖ ਰਿਹਾ ਸੀ ਅਤੇ ਆਪਣਾ ਅੰਦਰ ਦੁਖੀ ਮਹਿਸੂਸ ਕਰ ਰਿਹਾ ਸੀ, ਤੇ ਜ਼ਿੰਦਗੀ ਵਿਚ ਪਹਿਲੀ ਵਾਰੀ ਉਹਨੂੰ ਆਪਣੇ ਆਪ ਉੱਤੇ ਤਰਸ ਆ ਗਿਆ। ਉਸ ਨੇ ਸਾਰੀ ਉਮਰ ਕੰਮ ਕੀਤਾ ਸੀ, ਹੱਡ ਭੰਨ ਕੇ ਕੰਮ ਕੀਤਾ ਸੀ, ਅਤੇ ਹੁਣ ਇਹ ਫਾਸਿਸ਼ਟ ਉਹਦੇ ਉੱਤੇ ਤੋਪਾਂ ਦੇ ਗੋਲ਼ੇ ਦਾਗ਼ ਰਹੇ ਸਨ, ਹੁਣ ਇਹ ਸੂਰ ਉਸ ਨੂੰ, ਇਕ ਕਾਮੇ ਆਦਮੀ ਨੂੰ ਮਾਰ ਦੇਣਾ ਚਾਹੁੰਦੇ ਸਨ... ਤਾਂ ਜੋ ਉਸ ਦੀ ਯਾਦ ਹਮੇਸ਼ਾ ਲਈ

ਗੁੰਮਨਾਮੀ ਦੀ ਦੁਨੀਆਂ ਵਿਚ ਇਸ ਤਰ੍ਹਾਂ ਗੁਆਚ ਜਾਏ ਜਿਵੇਂ ਇਸ ਧਰਤੀ ਉੱਤੇ ਇਸ ਨਾਂ ਦਾ ਬੰਦਾ ਕਦੇ ਜੰਮਿਆ ਹੀ ਨਹੀਂ।

"ਹੈ, ਨਹੀਂ!" ਇਵਾਨ ਤੋਲੋਕਨੋ ਨੇ ਆਪਣੇ ਆਪ ਨੂੰ ਆਖਿਆ। "ਮੈਂ ਨਹੀਂ ਮਰਾਂਗਾ। ਮੈਂ ਏਥੇ ਇਹ ਗੜਬੜ ਗੁਟਾਲਾ ਨਹੀਂ ਰਹਿਣ ਦੇਵਾਂਗਾ। ਇਸ ਗੰਦ ਨੂੰ ਸਾਫ਼ ਕਰਨ ਵਾਲ਼ਾ ਦੁਨੀਆਂ ਵਿਚ ਸਾਡੇ ਬਗ਼ੈਰ ਕੋਈ ਨਹੀਂ।"

ਟੈਂਕ ਤੋਂ ਮਸ਼ੀਨਗੰਨ ਦੀ ਗੋਲ਼ੀ ਦਾ ਲਿਸ਼ਕਾਰਾ ਪਿਆ। ਤੋਲੋਕਨੋ ਦਿਆਰ ਦੇ ਤਣੇ ਦੇ ਪਿੱਛੇ ਭੁੰਜੇ ਲੇਟ ਗਿਆ ਅਤੇ ਟੈਂਕ ਵਿਚ ਦੁਸ਼ਮਣ ਦੇ ਝਰੋਖਿਆਂ ਦਾ ਨਿਸ਼ਾਨਾ ਬੰਨ੍ਹ ਕੇ ਆਪਣੀ ਮਸ਼ੀਨਗੰਨ ਵਿਚੋਂ ਗੋਲ਼ੀਆਂ ਚਲਾਈਆਂ।

ਟੈਂਕ ਧੁਸ ਦੇ ਕੇ ਰੁੱਖ ਵੱਲ ਵਧਿਆ ਤੇ ਉਸ ਨੂੰ ਜੜ੍ਹੋਂ ਉਖਾੜ ਦਿੱਤਾ। ਦਰੱਖ਼ਤ ਦੀ ਜੜ੍ਹ ਦੁਫਾੜ ਹੋ ਗਈ। ਦਰਖ਼ਤ ਅੰਦਰਲੀ ਨੀਲੱਤਣ ਵੇਖ ਕੇ ਤੋਲੋਕਨੋ ਹੈਰਾਨ ਰਹਿ ਗਿਆ। ਅਤੇ ਡਿਗਦੇ ਰੁੱਖ ਤੋਂ ਬਚਣ ਲਈ ਉਹ ਇਕ ਪਾਸੇ ਰਿੜ੍ਹ ਪਿਆ ਤੇ ਉਹ ਦਰੱਖਤ ਤੇ ਟੈਂਕ ਦੇ ਇਕ ਪਟੇ ਵਿਚਕਾਰ ਆ ਗਿਆ ਜਿਹੜਾ ਬਰਫ਼ ਨੂੰ ਕਾਲ਼ੀ ਮਿੱਟੀ ਵਿਚ ਨਪੀੜੀ ਜਾ ਰਿਹਾ ਸੀ।

ਅਚਾਨਕ ਉਸ ਨੇ ਵੇਖਿਆ ਕਿ ਉਹਦੇ ਉੱਪਰ ਦਿਨ ਦਾ ਚਾਨਣ ਸੀ। ਇਸ ਦਾ ਮਤਲਬ ਸੀ ਕਿ ਟੈਂਕ ਉਹਦੇ ਉੱਪਰ ਹੀ ਲੰਘ ਗਿਆ, ਇਸ ਦੇ ਦੋਵੇਂ ਪਹੀਆਂ ਦੇ ਮਾਲ੍ਹਕਾਰ ਪਟੇ ਲੰਮੇ ਪਏ ਆਦਮੀ ਤੇ ਡਿੱਗੇ ਰੁੱਖ ਦੇ ਕੋਲ਼ੋਂ ਦੀ ਲੰਘ ਗਏ ਸਨ।

ਤੋਲੋਕਨੋ ਭੁੜਕ ਕੇ ਉੱਠਿਆ ਤੇ ਗਰਨੇਡ ਹੱਥ ਵਿਚ ਤਿਆਰ ਕਰ ਕੇ ਟੈਂਕ ਦੇ ਮਗਰ ਦੌੜਿਆ। ਉਹ ਹੱਥ ਪੈਰ ਮਾਰ ਕੇ ਟੈਂਕ ਦੇ ਬਕਤਰ ਉੱਤੇ ਚੜ੍ਹ ਗਿਆ ਅਤੇ ਛੇਤੀ ਹੀ ਸਹੀ ਸਲਾਮ ਦੁਸ਼ਮਣ ਦੀ ਗੰਨ ਦੀ ਬੁਰਜੀ ਉੱਤੇ ਜਾ ਬੈਠਾ।

ਟੈਂਕ ਗੋਲ਼ੀ ਚਲਾਏ ਬਗ਼ੈਰ ਚੁੱਪ-ਚਾਪ ਉਸ ਪਾਸੇ ਵੱਲ਼ ਜਾ ਰਿਹਾ ਸੀ ਜਿਸ ਪਾਸੇ ਤੋਂ ਇਵਾਨ ਤੋਲੋਕਨੋ ਆਇਆ ਸੀ। ਇਵਾਨ ਨੂੰ ਇਹ ਗੱਲ ਪੂਰੀ ਤਰ੍ਹਾਂ ਬਹਿੰਦੀ ਸੀ। ਉਸ ਨੇ ਨਿਰਣਾ ਕੀਤਾ ਕਿ ਉਹ ਟੈਂਕ ਕਾਬੂ ਕਰ ਲਏਗਾ ਜਾਂ ਗਰਨੇਡਾਂ ਨਾਲ਼ ਉੱਡਾ ਦੇਵੇਗਾ ਜੇ ਇਸ ਨੇ ਕੰਮ ਕਰਦੇ ਸੈਪਰਾਂ ਉੱਤੇ ਗੋਲ਼ੀ ਚਲਾਈ। "ਜਾਪਦਾ ਹੈ ਜਿਵੇਂ ਇਹ ਗੁਪਤ ਸਰਵੇਖਣ ਕਰਨ ਆਏ ਹੋਣ ਜਾਂ ਰਾਹ ਭੁੱਲ ਗਏ ਹੋਣ," ਤੋਲੋਕਨੋ ਨੇ ਸੋਚਿਆ। "ਹੋ ਸਕਦਾ ਹੈ ਕਿ ਇਹ ਆਪਣੇ ਸਾਥੀਆਂ ਦੀ ਮਦਦ ਨੂੰ ਜਾ ਰਹੇ ਹੋਣ। ਇਹ ਟੈਂਕ ਗੋਲ਼ੇ ਦਾਗਣ ਤੇ ਕੁਚਲਣ ਲਈ ਬਣਿਆ ਸੀ, ਅਤੇ ਇਸ ਵੇਲ਼ੇ ਇਹਦੇ ਉੱਤੇ ਦੂਜੀ ਧਿਰ ਦਾ ਇਕ ਸੈਪਰ ਬੈਠਾ ਹੋਇਆ ਸੀ ਅਤੇ ਇਹ ਉਸ ਦੇ ਰਹਿਮ ਉੱਤੇ ਸੀ।"

ਛੇਤੀ ਹੀ ਬਾਕੀ ਬੰਦੇ ਵੀ ਤੋਲੋਕਨੋ ਨੂੰ ਆ ਮਿਲ਼ੇ। ਅਚਾਨਕ ਕੋਈ ਸ਼ਕਲ ਨਜ਼ਰ ਆਉਂਦੀ ਤੇ ਅਗਲੀਆਂ ਚੌਂਕੀਆਂ ਦਾ ਕੋਈ ਜਵਾਨ ਜਾਂ ਕੋਈ ਜਾਸੂਸ ਚੁਪ-ਚਾਪ ਟੈਂਕ ਉੱਤੇ ਚੜ੍ਹ ਆਉਂਦਾ। ਜਰਮਨਾਂ ਨੇ ਟੈਂਕ ਖੜਾ ਕਰ ਲਿਆ ਅਤੇ ਇਸ ਤਰ੍ਹਾਂ ਜਾਪਿਆ ਜਿਵੇਂ ਉਹ ਪਿਛੇ ਮੁੜਨ ਲੱਗੇ ਹੋਣ ਅਤੇ ਤੋਲੋਕਨੋ ਵੀ ਛਾਲ਼ ਮਾਰ ਕੇ ਹੇਠਾਂ ਆ ਜਾਣ ਤੇ ਗਰਨੇਡ ਨਾਲ਼ ਇਸ ਨੂੰ ਉਡਾ ਦੇਣ ਵਾਲ਼ਾ ਹੀ ਸੀ। ਪਰ ਜਰਮਨਾਂ ਨੇ ਆਪਣੀ ਸਲਾਹ ਬਦਲ ਲਈ ਤੇ ਟੈਂਕ ਪਹਿਲਾਂ ਵਾਲੇ ਪਾਸੇ ਹੀ ਰਿੜ੍ਹ ਪਿਆ ਅਤੇ ਤੋਲੋਕਨੋ ਵੀ ਠੰਡਾ ਹੋ ਕੇ ਬੈਠ ਰਿਹਾ। "ਮੂਰਖ ਨਹੀਂ,

ਸਭ ਸਮਝਦੇ ਨੇ, ਜਿਊਣਾ ਚਾਹੁੰਦੇ ਨੇ," ਉਸ ਨੇ ਸੋਚਿਆ।

ਜਦੋਂ ਤੋਲੋਕਨੋ ਟੈਂਕ ਅਤੇ ਉਸ ਦਾ ਅਮਲਾ ਹਵਾਲੇ ਕਰ ਕੇ ਆਪਣੇ ਯੂਨਿਟ ਵਿਚ ਵਾਪਸ ਆਇਆ ਤਾਂ ਕਪਤਾਨ ਨੇ ਉਸ ਦਾ ਸ਼ੁਕਰੀਆ ਅਦਾ ਕਰ ਕੇ ਉਹਨੂੰ ਜੱਫੀ ਵਿਚ ਲੈ ਲਿਆ ਤੇ ਚੁੰਮ ਲਿਆ। ਲਾਂਗਰੀ ਨੇ ਆਖਿਆ:

"ਤੇ ਅਸੀਂ ਸੋਚਿਆ ਸੀ, ਕਿ ਤੂੰ ਹੁਣ ਵਾਪਸ ਨਹੀਂ ਆਉਣ ਲੱਗਾ।"

"ਨਹੀਂ," ਇਵਾਨ ਤੋਲੋਕਨੋ ਨੇ ਜਵਾਬ ਦਿੱਤਾ। "ਮੈਂ ਹਮੇਸ਼ਾ ਆਵਾਂਗਾ। ਤੂੰ ਹਮੇਸ਼ਾ ਮੇਰੀ ਰੋਟੀ ਰੱਖ ਛੱਡਿਆ ਕਰੀਂ।"

• • •

ਵਲਾਦੀਮੀਰ ਬਗਾਮੋਲੋਵ

ਵਲਾਦੀਮੀਰ ਬਗਾਮੋਲੋਵ ਦਾ ਜਨਮ 1926 ਵਿਚ ਮਾਸਕੋ ਲਾਗੇ ਇਕ ਛੋਟੇ ਜਿਹੇ ਪਿੰਡ ਵਿਚ ਹੋਇਆ। ਜੰਗ ਦੇ ਪਹਿਲੇ ਹੀ ਦਿਨੀਂ ਆਪਣੀ ਉਮਰ ਵਧ ਦੱਸ ਕੇ ਮੁਹਾਜ਼ ਉੱਤੇ ਚਲਾ ਗਿਆ। ਆਮ ਫ਼ੌਜੀ ਤੋਂ ਲੈ ਕੇ ਜਾਸੂਸ ਅਫ਼ਸਰ ਦੇ ਰੂਪ ਵਿਚ ਜੰਗ ਦੇ ਸਾਰੇ ਸਾਲ ਦੁਸ਼ਮਣ ਵਿਰੁੱਧ ਜੂਝਦਾ ਰਿਹਾ। ਕੁਝ ਮੌਕਿਆਂ 'ਤੇ ਗੰਭੀਰ ਰੂਪ ਵਿਚ ਜ਼ਖ਼ਮੀ ਹੋਇਆ।

50ਵਿਆਂ ਦੇ ਅੰਤ ਵਿਚ ਉਹਦਾ ਰਚਨਾ-ਪ੍ਰਕਾਸ਼ਨ ਸ਼ੁਰੂ ਹੋਇਆ ਤੇ ਝੱਟ ਹੀ ਸੋਵੀਅਤ ਯੂਨੀਅਨ ਤੇ ਵਿਦੇਸ਼ਾਂ ਵਿਚ ਮਸ਼ਹੂਰ ਹੋ ਗਿਆ। ਉਹਦਾ ਨਾਵਲ "ਸੱਚਾਈ ਦਾ ਪਲ (ਓਨੀ ਸੌ ਚੁਤਾਲੀ ਦੇ ਅਗਸਤ ਮਹੀਨੇ...)," ਛੋਟੇ ਨਾਵਲ "ਇਵਾਨ," "ਜ਼ੋਸਿਯਾ", ਕਹਾਣੀਆਂ "ਦਰਦ ਮੇਰੇ ਦਿਲ ਦਾ", "ਵਾਰਡ ਸਾਥੀ," "ਪਹਿਲਾ ਪਿਆਰ" ਤੇ ਹੋਰ ਰਚਨਾਵਾਂ ਵੱਖ-ਵੱਖ ਦੇਸ਼ਾਂ ਦੇ ਪਾਠਕਾਂ ਨੇ ਸਲਾਹੀਆਂ ਹਨ।

ਪਹਿਲਾ ਪਿਆਰ

ਅਸੀਂ ਬਿਲਕੁਲ ਇਕ ਦੂਜੇ ਦੇ ਨਾਲ਼ ਲੱਗ ਕੇ ਲੰਮੇ ਪਏ ਹੋਏ ਸਾਂ, ਤੇ ਜ਼ਮੀਨ ਠੰਡੀ ਜਾਂ ਸਖ਼ਤ ਜਾਂ ਸਿੱਲ੍ਹੀ ਮਹਿਸੂਸ ਨਹੀਂ ਸੀ ਹੁੰਦੀ ਜਿਹੋ-ਜਿਹੀ ਉਹ ਅਸਲ ਵਿਚ ਸੀ।

ਅਸੀਂ ਕੋਈ ਛੇ ਕੁ ਮਹੀਨਿਆਂ ਤੋਂ ਇਕ ਦੂਜੇ ਨੂੰ ਮਿਲ ਰਹੇ ਸਾਂ, ਉਸ ਵਕਤ ਤੋਂ ਜਦੋਂ ਉਹ ਸਾਡੀ ਰੈਜਮੈਂਟ ਵਿਚ ਆਈ ਸੀ। ਮੈਂ ਉਨੀਆਂ ਸਾਲਾਂ ਦਾ ਸਾਂ ਤੇ ਉਹ ਅਠਾਰਾਂ ਦੀ।

ਅਸੀਂ ਲੁਕ-ਲੁਕ ਕੇ ਮਿਲਦੇ ਸਾਂ: ਕੰਪਨੀ ਕਮਾਂਡਰ ਤੇ ਹਸਪਤਾਲ ਦੀ ਸੇਵਕਾ। ਕਿਸੇ ਨੂੰ ਨਹੀਂ ਸੀ ਪਤਾ ਕਿ ਸਾਡਾ ਆਪਸ ਵਿਚ ਪਿਆਰ ਹੋ ਗਿਆ ਹੈ। ਕਿਸੇ ਨੂੰ ਨਹੀਂ ਸੀ ਪਤਾ ਕਿ ਅਸੀਂ ਹੁਣ ਤਿੰਨ ਬਣ ਚੁੱਕੇ ਹਾਂ।

"ਮੈਨੂੰ ਮਹਿਸੂਸ ਹੁੰਦਾ ਏ ਕਿ ਮੁੰਡਾ ਹੈ," ਉਸ ਨੇ ਦਸਵੀਂ ਵਾਰ ਘੁਸਰ-ਮੁਸਰ ਕੀਤਾ ਸੀ। ਉਹ ਮੈਨੂੰ ਖ਼ੁਸ਼ ਕਰਨ ਲਈ ਬੜੀ ਬਿਹਬਲ ਸੀ। "ਤੇ ਨਿਰਾ ਪੁਰਾ ਤੇਰੇ ਵਰਗਾ।"

"ਬਹੁਤ ਮਾੜੀ ਗੱਲ ਹੋਈ ਤਾਂ ਕੁੜੀ ਹੋਵੇਗੀ। ਤੇ ਬਿਲਕੁਲ ਤੇਰੇ ਵਰਗੀ ਹੋਵੇਗੀ!" ਮੈਂ ਹੌਲ਼ੀ ਜਿਹੀ ਆਖਿਆ, ਪਰ ਮੈਂ ਕਿਸੇ ਹੋਰ ਗੱਲ ਬਾਰੇ ਸੋਚ ਰਿਹਾ ਸਾਂ।

ਸਾਮ੍ਹਣੇ ਕੋਈ ਪੰਜ ਸੌ ਮੀਟਰ ਦੂਰ ਮੇਰੇ ਜਵਾਨ ਛੱਤੇ ਹੋਏ ਮੋਰਚਿਆਂ ਤੇ ਖੁੱਲ੍ਹੀਆਂ ਖੰਦਕਾਂ ਵਿਚ ਸੁੱਤੇ ਹੋਏ ਸਨ। ਇਸ ਤੋਂ ਵੀ ਅੱਗੇ, ਅਗਲੀਆਂ ਚੌਂਕੀਆਂ ਦੇ ਪਿੱਛੇ, ਜਿੱਥੇ ਕਿਸੇ ਕਿਸੇ ਵੇਲ਼ੇ ਜਰਮਨ ਰਾਕਟਾਂ ਨਾਲ਼ ਚਾਨਣ ਹੋ ਜਾਂਦਾ ਸੀ, ਬੁਲੰਦੀ ਨੰਬਰ 162 ਸੀ ਜਿਹੜੀ ਇਸ ਵੇਲ਼ੇ ਹਨੇਰੇ ਵਿਚ ਘਿਰੀ ਹੋਈ ਸੀ।

ਲੋਅ ਲੱਗਦੇ ਨਾਲ਼ ਮੇਰੀ ਕੰਪਨੀ ਨੇ ਉਹੋ ਕੰਮ ਕਰਨਾ ਸੀ ਜੋ ਕਿ ਹਫ਼ਤਾ ਪਹਿਲਾਂ ਇਕ ਸਜ਼ਾਯਾਫ਼ਤਾ ਕੰਪਨੀ ਕਰ ਨਹੀਂ ਸਕੀ ਸੀ — ਇਸ ਬੁਲੰਦੀ ਉੱਤੇ ਕਬਜ਼ਾ ਕਰਨ ਦਾ ਕੰਮ। ਬਟਾਲੀਅਨ ਵਿਚ ਹਾਲੇ ਇਸ ਬਾਰੇ ਉਹਨਾਂ ਪੰਜ ਅਫਸਰਾਂ ਤੋਂ ਬਗ਼ੈਰ ਕਿਸੇ ਨੂੰ ਕੁਝ ਪਤਾ ਨਹੀਂ ਸੀ ਜਿਨ੍ਹਾਂ ਨੂੰ ਸਾਡੀ ਰੈਜਮੈਂਟ ਦੇ ਕਮਾਂਡਰ ਨੇ ਤਰਕਾਲੀਂ ਹੈੱਡਕੁਆਟਰ ਦੇ ਛੱਤੇ ਹੋਏ ਮੋਰਚੇ ਵਿਚ ਸੱਦਿਆ ਸੀ। ਹੁਕਮ ਪੜ੍ਹਕੇ ਸੁਣਾਉਣ ਮਗਰੋਂ, ਉਸ ਨੇ ਮੈਨੂੰ ਸੰਬੋਧਨ ਕੀਤਾ ਸੀ।

"ਯਾਦ ਰੱਖੀ," ਉਸ ਨੇ ਆਖਿਆ, "ਜਿਉ ਹੀ "ਕਾਤੀਊਸ਼ਾ" ਚੱਲੇ ਤੇ ਹਰੇ ਭੰਬੂਕੇ ਉੱਠਣ, ਤੂੰ ਅੱਗੇ ਵਧ ਜਾਵੀਂ... ਤੇਰੇ ਨਾਲ਼ ਵਾਲ਼ੇ ਵੀ ਅੱਗੇ ਵਧਣਗੇ, ਪਰ ਚੋਟੀ ਉੱਤੇ ਕਬਜ਼ਾ ਤੂੰ ਕਰਨਾ ਹੈ!"

...ਅਸੀਂ ਲੰਮੇ ਪਏ ਹੋਏ ਸਾਂ ਤੇ ਇਕ ਦੂਜੇ ਨੂੰ ਘੁੱਟ ਕੇ ਜੱਫੀ ਪਾਈ ਹੋਈ ਸੀ। ਅਤੇ ਜਿਸ ਵੇਲ਼ੇ ਮੈਂ ਉਸ ਨੂੰ ਚੁੰਮਿਆ ਤਾਂ ਮੈਨੂੰ ਸੁਤੇ-ਸਿੱਧ ਹੀ ਹੋਣ ਵਾਲ਼ੀ ਲੜਾਈ ਦਾ ਖਿਆਲ ਆ

ਗਿਆ। ਪਰ ਮੇਰੇ ਅੰਦਰ ਬਹੁਤੀ ਹਲਚਲ ਇਸ ਗੱਲ ਨੇ ਮਚਾਈ ਹੋਈ ਸੀ ਕਿ ਇਸ ਦਾ ਕੀ ਬਣੇਗਾ ਤੇ ਮੈਂ ਦਿਮਾਗ ਉੱਤੇ ਜ਼ੋਰ ਪਾ ਕੇ ਸੋਚਣ ਲੱਗ ਪਿਆ: ਕੀ ਕੀਤਾ ਜਾਏ ?

"ਹੁਣ ਮੈਨੂੰ ਦੋ ਜਣਿਆਂ ਵਾਸਤੇ ਸੌਣਾ ਪੈਂਦਾ ਹੈ," ਉਹ ਆਪਣੇ ਉੱਤਰੀ ਇਲਾਕੇ ਦੀ ਮਿੱਠੀ ਅਵਾਜ਼ ਵਿਚ ਫੁਸਰ-ਫੁਸਰ ਕਰ ਰਹੀ ਸੀ। "ਪਤਾ ਈ, ਕਈ ਵਾਰੀ ਰਾਤ ਨੂੰ ਮੈਂ ਸੋਚਦੀ ਹਾਂ ਕਿ ਜਦੋਂ ਸਵੇਰੇ ਮੈਂ ਉਠਾਂਗੀ ਤਾਂ ਇਹ ਸਭ ਕੁਝ ਖ਼ਤਮ ਹੋ ਚੁੱਕਾ ਹੋਵੇਗਾ — ਇਹ ਖੰਦਕਾਂ, ਇਹ ਲਹੂ, ਇਹ ਮੌਤ... ਤੀਜਾ ਸਾਲ ਚੱਲ ਰਿਹਾ ਹੈ। ਇਹ ਹਮੇਸ਼ਾ ਵਾਸਤੇ ਨਹੀਂ ਚਲਦਾ ਰਹਿ ਸਕਦਾ, ਠੀਕ ਏ ਨਾ ?.. ਸੋਚ ਤਾਂ ਸਹੀ: ਪ੍ਰਭਾਤ ਹੁੰਦੀ ਹੈ, ਸੂਰਜ ਚੜ੍ਹਦਾ ਹੈ, ਤੇ ਲੜਾਈ ਨਹੀਂ, ਬਿਲਕੁਲ ਨਹੀਂ..."

"ਮੈਂ ਮੇਜਰ ਵੱਲ ਚੱਲਿਆ ਹਾਂ!" ਉਹਦੇ ਸਿਰ ਹੇਠੋਂ ਮਲਕੜੇ ਜਿਹੇ ਮੈਂ ਆਪਣੀ ਬਾਂਹ ਕੱਢੀ ਤੇ ਖੜਾ ਹੋ ਗਿਆ। ਮੈਂ ਉਸ ਨੂੰ ਸਾਰੀ ਕਹਾਣੀ ਸੁਣਾ ਦੇਵਾਂਗਾ, ਸਾਰੀ। ਤੈਨੂੰ ਘਰ ਭੇਜਿਆ ਜਾਣਾ ਚਾਹੀਦਾ ਹੈ। ਅੱਜ ਹੀ।"

"ਕੀ ਹੋ ਗਿਆ ਹੈ ਤੈਨੂੰ ?" ਉਹ ਉੱਠ ਕੇ ਬਹਿ ਗਈ। ਉਸ ਨੇ ਮੇਰਾ ਹੱਥ ਫੜਿਆ ਤੇ ਜ਼ੋਰ ਨਾਲ਼ ਆਪਣੇ ਵੱਲ਼ ਖਿੱਚਿਆ। "ਲੰਮਾ ਪੈ ਜਾ!..ਤੂੰ ਵੀ ਕੇਡਾ ਮੂਰਖ ਏ!... ਮੇਜਰ ਤੇਰੀ ਖੱਲ ਲਾਹ ਦੇਵੇਗਾ!"

ਤੇ ਰੈਜਮੈਂਟ ਦੇ ਕਮਾਂਡਰ ਦੀ ਧੀਮੀ, ਖਰ੍ਹਵੀਂ ਅਵਾਜ਼ ਦੀ ਸਾਂਗ ਲਾਉਂਦਿਆਂ, ਉਸ ਨੇ ਲਮਕਾ ਕੇ ਥੱਕੀ ਜਿਹੀ ਫੁਸਰ-ਫੁਸਰ ਕੀਤੀ:

"ਮਾਤਹਿਤਾਂ ਨਾਲ਼ ਭੋਗ ਯੂਨਿਟ ਦੀ ਜੂਝਣ ਦੀ ਯੋਗਤਾ ਨੂੰ ਵਧਾਉਂਦਾ ਨਹੀਂ ਅਤੇ ਅਫ਼ਸਰ ਦੇ ਰੋਹਬ ਨੂੰ ਘਟਾਉਂਦਾ ਹੈ। ਜੇ ਮੈਂ ਕਿਸੇ ਅਫਸਰ ਨੂੰ ਇਸ ਤਰ੍ਹਾਂ ਦੀ ਹਰਕਤ ਕਰਦਿਆਂ ਵੇਖ ਲਿਆ ਤਾਂ ਉਹਦਾ ਬੋਰੀਆ ਬਿਸਤਰਾ ਗੋਲ ਕਰਾ ਦੇਵਾਂਗਾ, ਭਾਵੇਂ ਕੋਈ ਵੀ ਹੋਵੇ! ਤੇ ਸਿੱਧਾ ਫ਼ੌਜੀ ਹਵਾਲਾਤ ਵਿਚ ਭੇਜਾਂਗਾ! ਲੜਾਈ ਜਿੱਤ ਲਓ, ਤੇ ਫੇਰ ਜਿਸ ਨੂੰ ਮਰਜ਼ੀ ਆਵੇ ਪਿਆਰ ਕਰੋ, ਜਿੰਨਾ ਮਰਜ਼ੀ ਹੋਵੇ ਕਰੋ। ਪਰ ਹਾਲੇ... ਖ਼ਬਰਦਾਰ!"

ਆਪਣੇ-ਆਪ ਤੋਂ ਪ੍ਰਸੰਨ ਹੋਈ ਉਹ ਲੰਮੀ ਪੈ ਗਈ ਤੇ ਅਵਾਜ਼ ਦਬਾ ਕੇ ਹੱਸ ਪਈ ਤਾਂ ਜੋ ਕੋਈ ਸਾਡੀ ਅਵਾਜ਼ ਸੁਣ ਨਾ ਲਵੇ।

ਹਾਂ, ਮੈਨੂੰ ਪਤਾ ਸੀ ਕਿ ਮੇਰੇ ਸਿਰ ਉੱਤੇ ਕਿਹੜੀ ਮੁਸੀਬਤ ਪੈਣ ਵਾਲ਼ੀ ਹੈ। ਮੇਜਰ ਬਹੁਤ ਹਠਧਰਮੀ ਕਿਸਮ ਦਾ ਬੰਦਾ ਸੀ ਤੇ ਉਸ ਦਾ ਯਕੀਨ ਸੀ ਕਿ ਲੜਾਈ ਕੋਈ ਐਸੀ ਥਾਂ ਨਹੀਂ ਜਿੱਥੇ ਔਰਤਾਂ ਹੋਣ ਤੇ ਜਿੱਥੇ ਪਿਆਰ ਕੀਤਾ ਜਾਏ।

"ਫੇਰ ਵੀ ਮੈਂ ਉਹਦੇ ਵੱਲ ਚੱਲਿਆ ਹਾਂ।"

"ਚੁੱਪ!" ਉਸ ਨੇ ਮੇਰੀ ਗੱਲ੍ਹ ਨਾਲ਼ ਆਪਣੀ ਗੱਲ੍ਹ ਜੋੜ ਦਿੱਤੀ। ਥੋੜ੍ਹਾ ਚੁੱਪ ਰਹਿ ਕੇ ਉਸ ਨੇ ਹੌਂਕਾ ਲਿਆ ਤੇ ਹੌਲ਼ੀ ਜਿਹੀ ਬੋਲੀ: "ਮੈਂ ਸਭ ਕੁਝ ਆਪੇ ਕਰ ਲਵਾਂਗੀ! ਮੈਂ ਪਹਿਲਾਂ ਹੀ ਸੋਚ ਲਿਆ ਹੋਇਆ ਹੈ। ਬੱਚੇ ਦਾ ਬਾਪ ਤੂੰ ਨਹੀਂ ਹੋਵੇਗਾ!"

"ਮੈਂ ਬਾਪ ਨਹੀਂ ਹੋਵਾਂਗਾ ?" ਮੈਨੂੰ ਜਿਵੇਂ ਤਾਪ ਚੜ੍ਹ ਗਿਆ ਹੋਵੇ। "ਮੈਂ ਕਿਉਂ ਨਹੀਂ ?"

"ਤੂੰ ਵੀ ਕੇਡਾ ਬੱਧੂ ਏਂ!" ਉਹ ਖਿੜਖਿੜਾ ਕੇ ਹੱਸ ਪਈ। "ਨਹੀਂ ਰੱਬ ਕਰੇ, ਉਹ ਤੇਰੇ

ਵਰਗਾ ਨਾ ਹੋਵੇ! ਸਮਝਦਾ ਏ, ਸਰਕਾਰੀ ਕਾਰਜ਼ਾਂ ਵਿਚ ਬਾਪ ਤੂੰ ਹੀ ਹੋਵੇਗਾ। ਤੇ ਹੁਣ ਮੈਂ ਕੁਝ ਹੋਰ ਆਖ ਦੇਵਾਂਗੀ।"

ਉਹ ਬੱਚਿਆਂ ਵਾਂਗ ਏਡੀ ਭੋਲੀ ਤੇ ਸੱਚੀ ਸੀ, ਕਿ ਉਸ ਦੀ ਇਸ ਚਲਾਕੀ ਤੋਂ ਮੈਂ ਦੰਗ ਰਹਿ ਗਿਆ।

"ਤੂੰ ਕਿਸ ਦਾ ਨਾਂ ਲਵੇਂਗੀ ?"

"ਮਰ ਗਿਆਂ ਵਿਚੋਂ ਇਕ ਦਾ। ਜਿਵੇਂ ਬਾਈਕੋਵ ਦਾ।"

"ਨਾ, ਮਰ ਗਿਆਂ ਦੀ ਗੱਲ ਨਾ ਕਰ।"

"ਤਾਂ ਫੇਰ... ਕਿੰਦਾਯਾਏਵ ਦਾ।"

ਸਰਜੈਂਟ ਕਿੰਦਯਾਏਵ, ਇਕ ਖ਼ੂਬਸੂਰਤ, ਅਵਾਰਾ ਆਦਮੀ ਜਿਹੜਾ ਸ਼ਰਾਬ ਬੜੀ ਪੀਂਦਾ ਸੀ, ਪਿੱਛੇ ਜਿਹੇ ਚੋਰੀ ਕਰਦਾ ਫੜਿਆ ਗਿਆ ਸੀ ਤੇ ਉਹਨੂੰ ਜੁਰਮਾਨਾ ਭਰਨਾ ਪਿਆ ਸੀ।

ਮੇਰਾ ਦਿਲ ਟੁੰਬਿਆ ਗਿਆ। ਮੈਂ ਆਪਣੇ ਵੱਡੇ ਕੋਟ ਦੇ ਬਟਣ ਖੋਹਲੇ ਤੇ ਉਹਨੂੰ ਆਪਣੇ ਵੱਲ਼ ਖਿੱਚਿਆ।

"ਬਸ ਬਸ!" ਉਸ ਨੇ ਡਰ ਕੇ ਮੇਰੀ ਛਾਤੀ ਉੱਤੇ ਮੁੱਕੀਆਂ ਮਾਰ ਕੇ ਮੈਨੂੰ ਪਰੇ ਕਰ ਦਿੱਤਾ। "ਤੂੰ ਤਾਂ ਸਾਨੂੰ ਪੀਸ ਸੁੱਟੇਗਾ!" (ਉਹ ਆਪਣੇ ਬਾਰੇ ਬਹੁਵਚਨ ਵਿਚ ਗੱਲਾਂ ਕਰਨ ਲੱਗ ਪਈ ਸੀ ਤੇ ਇਸ ਤੋਂ ਉਸ ਨੂੰ ਖ਼ੁਸ਼ੀ ਮਿਲਦੀ ਸੀ।) "ਮੇਰੇ ਮੂਰਖ ਸੋਹਣਿਆਂ!... ਇਹ ਤਾਂ ਤੇਰੀ ਕਿਸਮਤ ਚੰਗੀ ਸੀ ਕਿ ਤੂੰ ਮੈਨੂੰ ਮਿਲ ਪਿਆ। ਮੇਰੇ ਨਾਲ਼ ਹੁੰਦਿਆਂ ਤੂੰ ਗ਼ਲਤ ਰਾਹੇ ਨਹੀਂ ਪੈ ਸਕਦਾ।"

ਉਹ ਖੁਸ਼ ਹੋਕੇ ਹੱਸੀ, ਪਰ ਮੇਰਾ ਹੱਸਣ ਨੂੰ ਬਿਲਕੁਲ ਜੀਅ ਨਹੀਂ ਸੀ ਕਰਦਾ।

"ਗੱਲ ਸੁਣ, ਤੈਨੂੰ ਹੁਣੇ ਹੀ ਮੇਜਰ ਕੋਲ਼ ਜਾਣਾ ਚਾਹੀਦਾ ਹੈ।"

"ਰਾਤ ਵੇਲ਼ੇ ?... ਕੀ ਹੋਇਆ ਹੈ ਤੈਨੂੰ ?!"

"ਮੈਂ ਤੈਨੂੰ ਲੈ ਚਲਾਂਗਾ। ਤੂੰ ਉਸ ਨੂੰ ਸਮਝਾ ਤੇ ਆਖ ਕੇ ਤੇਰੀ ਹਾਲਤ ਖਰਾਬ ਹੈ, ਕਿ ਤੂੰ ਹੋਰ ਬਰਦਾਸ਼ਤ ਨਹੀਂ ਕਰ ਸਕਦੀ!"

"ਪਰ ਇਹ ਤਾਂ ਸੱਚ ਨਹੀਂ।"

"ਮੈਂ ਤੇਰੀ ਮਿੰਨਤ ਕਰਦਾ ਹਾਂ!... ਤੂੰ ਕਿਵੇਂ ਰਹਿ ਸਕਦੀ ਏਂ ?... ਤੈਨੂੰ ਜਾਣਾ ਚਾਹੀਦਾ ਹੈ! ਤੂੰ ਸਮਝਦੀ ਹੈ... ਜੇ ਅਚਾਨਕ ਹੀ... ਭਲਕ ਦੀ ਲੜਾਈ ਵਿਚ ?"

"ਲੜਾਈ ਵਿਚ ?..." ਉਹ ਇਕਦਮ ਚੌਕਸ ਹੋ ਗਈ। "ਇਹ ਠੀਕ ਗੱਲ ਹੈ ?"

"ਹਾਂ।"

ਥੋੜ੍ਹਾ ਚਿਰ ਉਹ ਚੁੱਪ ਕਰ ਕੇ ਲੇਟੀ ਰਹੀ। ਪਰ ਉਸ ਦੇ ਸਾਹਾਂ ਤੋਂ, ਜਿਸ ਦਾ ਮੈਂ ਚੰਗੀ ਤਰ੍ਹਾਂ ਵਾਕਫ ਸਾਂ, ਮੈਂ ਮਹਿਸੂਸ ਕਰ ਸਕਦਾ ਸਾਂ ਕਿ ਉਹਦੇ ਅੰਦਰ ਹਲਚਲ ਮੱਚੀ ਹੋਈ ਹੈ।

"ਖੈਰ...ਬੰਦਾ ਲੜਾਈ ਤੋਂ ਭੱਜ ਨਹੀਂ ਸਕਦਾ।" ਉਸ ਨੇ ਆਖਿਆ। "ਨਾਲ਼ੇ ਮੈਂ ਜੇ ਚਾਹਵਾਂ ਵੀ ਤਾਂ ਨਹੀਂ ਭੱਜ ਸਕਦੀ... ਡਾਕਟਰੀ ਕਮਿਸ਼ਨ ਨੇ ਮੇਰਾ ਮੁਆਇਨਾ ਕਰਨਾ ਹੈ ਤੇ ਡਿਵੀਜ਼ਨ ਤੋਂ ਹੁਕਮ ਆਉਣਾ ਹੈ, ਇਸ ਨੂੰ ਕੁਝ ਵਕਤ ਲੱਗੇਗਾ... ਭਲਕੇ ਮੈਂ ਮੇਜਰ ਕੋਲ਼ ਜਾਵਾਂਗੀ। ਠੀਕ ਹੈ ?"

ਮੈਂ ਚੁੱਪ ਰਿਹਾ। ਮੈਨੂੰ ਸਮਝ ਨਹੀਂ ਸੀ ਆਉਂਦੀ ਕਿ ਮੈਂ ਕੀ ਆਖਾਂ।

"ਤੂੰ ਸਮਝਦਾ ਏਂ, ਮੈਂ ਉਹਦੇ ਨਾਲ਼ ਗੱਲ ਕਰਨਾ ਚਾਹੁੰਦੀ ਹਾਂ," ਉਸ ਨੇ ਅਚਾਨਕ ਫੁਸਰ-ਫੁਸਰ ਕੀਤਾ। "ਇਹਦੇ ਨਾਲ਼ੋਂ ਮਰ ਜਾਣਾ ਚੰਗਾ!... ਉਹਨੇ ਮੈਨੂੰ ਕਈ ਵਾਰੀ ਆਖਿਆ ਸੀ: 'ਵੇਖ, ਸਿਆਣੀ ਬਣ!' ...ਤੇ ਮੈਂ ...ਨਾਲ਼ੇ ਮੈਂ ਕੋਮਸੋਮੋਲ ਦੀ ਮੈਂਬਰ ਹਾਂ..."

ਉਸ ਨੇ ਸਾਹ ਘੁੱਟਿਆ ਤੇ ਮੂੰਹ ਦੂਜੇ ਪਾਸੇ ਕਰ ਲਿਆ ਤੇ ਆਪਣੇ ਕੋਟ ਦੀਆਂ ਬਾਹਵਾਂ ਵਿਚ ਮੂੰਹ ਲੁਕੋ ਕੇ ਖਾਮੋਸ਼ ਸਿਸਕੀਆਂ ਭਰਨ ਲੱਗੀ। ਉਹਦਾ ਬਦਨ ਕੰਬੀ ਜਾ ਰਿਹਾ ਸੀ। ਮੈਂ ਉਸ ਨੂੰ ਹਿੱਕ ਨਾਲ਼ ਘੁੱਟ ਲਿਆ ਤੇ ਉਸ ਦੇ ਨਿੱਕੇ-ਨਿੱਕੇ ਬੁੱਲ੍ਹ ਚੁੰਮੇ, ਉਸ ਦਾ ਮੱਥਾ ਚੁੰਮਿਆ, ਖਾਰੇ ਅੱਥਰੂ ਡੋਲ੍ਹਦੀਆਂ ਉਹਦੀਆਂ ਅੱਖਾਂ ਚੁੰਮੀਆਂ।

"ਛੱਡ ਦੇ, ਮੈਂ ਜਾਵਾਂ," ਉਸ ਨੇ ਮੈਨੂੰ ਪਰੇ ਧੱਕਦਿਆਂ ਹੌਲ਼ੀ ਜਿਹੀ ਆਖਿਆ। "ਤੂੰ ਵਾਪਸ ਆਵੇਂਗਾ?..."

ਅਸੀਂ ਹਨੇਰੀ, ਸਿੱਲ੍ਹੀ ਖੱਡ ਵਿਚ ਉੱਤਰ ਗਏ ਜਿਥੇ ਬਟਾਲੀਅਨ ਦਾ ਚਿਕਿਤਸਾ-ਕੇਂਦਰ ਸੀ। ਮੈਂ ਉਸ ਦੀ ਕਮਰ ਨੂੰ ਹੱਥ ਪਾਇਆ ਹੋਇਆ ਸੀ ਜਿਹੜੀ ਕੁਝ-ਕੁਝ ਮੋਟੀ ਹੋ ਗਈ ਹੋਈ ਸੀ। ਮੈਂ ਉਸ ਨੂੰ ਦੋਹਾਂ ਹੱਥਾਂ ਨਾਲ਼ ਫੜਿਆ ਹੋਇਆ ਸੀ ਤੇ ਉਸ ਵਲੋਂ ਪੁੱਟੇ ਜਾਂਦੇ ਇਕ-ਇਕ ਕਦਮ ਵੱਲ਼ ਨਿਗਾਹ ਰੱਖ ਰਿਹਾ ਸੀ ਕਿ ਉਹ ਕਿਤੇ ਤਿਲਕ ਨਾ ਜਾਵੇ ਜਾਂ ਡਿੱਗ ਨਾ ਪਵੇ। ਜਿਵੇਂ ਮੈਂ ਉਸ ਨੂੰ ਜੰਗ ਤੋਂ, ਸਵੇਰੇ ਹੋਣ ਵਾਲ਼ੀ ਲੜਾਈ ਤੋਂ ਬਚਾ ਸਕਦਾ ਹੋਵਾਂ ਜਿੱਥੇ ਉਹ ਜ਼ਖ਼ਮੀਆਂ ਨੂੰ ਮਹਿਫੂਜ਼ ਥਾਵਾਂ ਵੱਲ਼ ਖਿੱਚਦੀ ਧੂੰਹਦੀ ਹੋਈ ਡਿੱਗਦੀ ਉੱਠਦੀ ਨੱਠ-ਭੱਜ ਕਰ ਰਹੀ ਹੋਵੇਗੀ...

ਪੰਦਰਾਂ ਸਾਲ ਬੀਤ ਗਏ ਹਨ, ਪਰ ਇਹ ਸਭ ਕੁਝ ਮੈਨੂੰ ਇਸ ਤਰ੍ਹਾਂ ਯਾਦ ਹੈ ਜਿਵੇਂ ਕੱਲ੍ਹ ਦੀ ਗੱਲ ਹੋਵੇ।

ਲੋਅ ਲੱਗਦਿਆਂ ਹੀ "ਕਾਤੀਊਸ਼ਾ" ਚੱਲਣ ਲੱਗੇ, ਤੋਪਾਂ ਤੇ ਮਸ਼ੀਨਗੰਨਾਂ ਦੀ ਭਿਅਨਕ ਗੜਗੜ ਸ਼ੁਰੂ ਹੋ ਗਈ, ਹਰੇ ਰੰਗ ਦੇ ਭਬੂੰਕੇ ਛੱਡਦੇ ਰਾਕਟ ਅਸਮਾਨ ਵਿਚ ਉੱਡਣ ਲੱਗੇ...

ਜਿਸ ਵੇਲ਼ੇ ਸੂਰਜ ਚੜ੍ਹਿਆ ਮੈਂ ਆਪਣੀ ਕੰਪਨੀ ਦੇ ਬਚਦੇ ਜਵਾਨਾਂ ਨਾਲ਼ ਚੋਟੀ ਸਰ ਕਰ ਲਈ ਸੀ। ਅੱਧੇ ਘੰਟੇ ਬਾਦ, ਪੱਕੀ ਜਰਮਨ ਖੰਦਕ ਵਿਚ ਰੈਜਮੈਂਟ ਦੇ ਕਮਾਂਡਰ ਤੇ ਕਿਸੇ ਹੋਰ ਨੇ ਮੈਨੂੰ ਵਧਾਈ ਦਿੱਤੀ, ਮੈਨੂੰ ਜੱਫੀ ਪਾਈ ਤੇ ਮੇਰੇ ਨਾਲ਼ ਹੱਥ ਮਿਲਾਇਆ। ਮੈਂ ਓਥੇ ਇਕ ਪੱਥਰ ਬਣਿਆ ਖੜਾ ਸਾਂ। ਮੈਨੂੰ ਨਾ ਕੁਝ ਮਹਿਸੂਸ ਹੋ ਰਿਹਾ ਸੀ ਤੇ ਨਾ ਕੁਝ ਵਿਖਾਈ ਦੇ ਰਿਹਾ ਸੀ।

ਸੂਰਜ... ਕਾਸ਼ ਮੈਂ ਇਸ ਨੂੰ ਦੁਮੇਲ ਵਿਚ ਹੇਠਾਂ ਵਾਪਸ ਭੇਜ ਸਕਦਾ! ਕਾਸ਼ ਮੈਂ ਪ੍ਰਭਾਤ ਨੂੰ ਵਾਪਸ ਲਿਆ ਸਕਦਾ!... ਕੇਵਲ ਦੋ ਘੰਟੇ ਪਹਿਲਾਂ ਅਸੀਂ ਤਿੰਨ ਜਣੇ ਸਾਂ...

ਪਰ ਸੂਰਜ ਅਮੋੜ ਬਣ ਕੇ ਹੌਲ਼ੀ-ਹੌਲ਼ੀ ਉੱਪਰ ਉੱਠਦਾ ਆਉਂਦਾ ਸੀ। ਮੈਂ ਪਹਾੜੀ ਚੋਟੀ ਉੱਤੇ ਖੜ੍ਹਾ ਸਾਂ, ਅਤੇ ਉਹ... ਉਹ ਓਥੇ ਪਿੱਛੇ ਰਹਿ ਗਈ ਸੀ ਜਿੱਥੇ ਮੈਨੂੰ ਮੁਰਦੇ ਦੱਬਣ ਵਾਲ਼ੇ ਸਕੁਐਡ ਦੇ ਜਵਾਨ ਵਿਖਾਈ ਦੇ ਰਹੇ ਸਨ...

ਅਤੇ ਕੋਈ ਵੀ ਨਹੀਂ ਸੀ ਜਾਣਦਾ, ਕੋਈ ਵੀ ਨਹੀਂ ਕਿ ਮੇਰੇ ਵਾਸਤੇ ਉਹਦੀ ਕੀ ਅਹਿਮੀਅਤ ਸੀ ਅਤੇ ਇਹ ਕਿ ਅਸੀਂ ਤਿੰਨ ਜਣੇ ਸਾਂ...

• • •

ਅਨਾਤੋਲੀ ਅਨਾਨਿਯੇਵ

ਅਨਾਤੋਲੀ ਅਨਾਨਿਯੇਵ (ਜਨਮ 1925) 1942 ਵਿਚ ਸਵੈ-ਇੱਛਾ ਨਾਲ ਮੁਹਾਜ਼ ਉੱਤੇ ਚਲਾ ਗਿਆ। ਓਦੋਂ ਕੁਰਸਕ ਵਿਚ ਘਮਸਾਨ ਦੀ ਲੜਾਈ ਹੋ ਰਹੀ ਸੀ। ਉੱਥੇ ਉਸ ਨੂੰ ਪਹਿਲਾ ਤਮਗਾ ਮਿਲਿਆ ਤੇ ਪਹਿਲੀ ਵਾਰੀ ਫੱਟੜ ਹੋਇਆ... 1943 ਦੀਆਂ ਗਰਮੀਆਂ ਵਿਚ ਅਨਾਨਿਯੇਵ ਨੇ ਜੋ ਕੁਝ ਵੇਖਿਆ ਹੰਢਾਇਆ ਸੀ, ਉਸ ਦਾ ਨਕਸ਼ਾ ਵੀਹ ਸਾਲ ਮਗਰੋਂ ਆਪਣੇ ਨਾਵਲ "ਟੈਂਕਾਂ ਦੀ ਲੜਾਈ" ਵਿਚ ਬੰਨ੍ਹਿਆ ਹੈ ਜਿਸ ਵਿਚੋਂ ਇਕ ਅੰਸ਼ ਹਥਲੇ ਸੰਗ੍ਰਹਿ ਵਿਚ ਸ਼ਾਮਲ ਕੀਤਾ ਗਿਆ ਹੈ।

ਜੰਗ ਮਗਰੋਂ ਕਾਰਖਾਨੇ ਵਿਚ ਕੰਮ ਕੀਤਾ, ਖੇਤੀਬਾੜੀ ਵਿਭਾਗ ਤੋਂ ਡਾਕ ਰਾਹੀਂ ਵਿੱਦਿਆ ਪ੍ਰਾਪਤ ਕੀਤੀ। ਸਾਂਝੇ ਫਾਰਮ ਵਿਚ ਕੰਮ ਕੀਤਾ, ਫਿਰ ਅੱਗੋਂ ਪੜ੍ਹਾਈ ਕੀਤੀ ਤੇ ਪੱਤਰਕਾਰ ਬਣ ਗਿਆ। 1958 ਵਿਚ ਆਪਣਾ ਪਹਿਲਾ ਕਹਾਣੀ-ਸੰਗ੍ਰਹਿ ਪ੍ਰਕਾਸ਼ਿਤ ਕੀਤਾ। ਹੁਣ ਤਕ ਅਨਾਤੋਲੀ ਅਨਾਨਿਯੇਵ ਪੰਜ ਨਾਵਲ ਤੇ ਛੋਟੀਆਂ ਕਹਾਣੀਆਂ ਦੇ ਕੁਝ ਸੰਗ੍ਰਹਿ ਪਾਠਕਾਂ ਨੂੰ ਦੇ ਚੁੱਕਾ ਹੈ। ਉਹਨੂੰ ਰੂਸੀ ਫੈਡਰੇਸ਼ਨ ਦੇ ਰਾਜਕੀ ਪੁਰਸਕਾਰ ਨਾਲ਼ ਸਨਮਾਨਿਤ ਕੀਤਾ ਗਿਆ ਹੈ।

ਟੈਂਕਾਂ ਦਾ ਹਮਲਾ

ਮੇਜਰ ਗਰੀਵਾ ਦੀ ਬਟਾਲੀਅਨ ਨੂੰ ਸੋਲੋਮਕੀ ਵਿਚ ਤਾਇਨਾਤ ਹੋਇਆਂ ਦੂਜਾ ਮਹੀਨਾ ਜਾ ਰਿਹਾ ਸੀ ਅਤੇ ਉਹ ਲੋਕ ਇਹ ਸੁੰਨਸਾਨ, ਅੱਧ-ਪਚੱਧ ਖੋਲੇ ਹੋ ਗਏ ਨਿੱਕੇ ਜਿਹੇ ਪਿੰਡ ਨਾਲ਼ ਏਨੇ ਘੁਲਮਿਲ ਗਏ ਸਨ ਅਤੇ ਇਸ ਖਾਮੋਸ਼ੀ ਦੇ ਏਨੇ ਆਦੀ ਹੋ ਗਏ ਸਨ ਕਿ ਉਹਨਾਂ ਨੂੰ ਯਕੀਨ ਹੀ ਨਹੀਂ ਸੀ ਆ ਸਕਦਾ ਕਿ ਛੇਤੀ ਹੀ ਲੜਾਈ ਫੇਰ ਸ਼ੁਰੂ ਹੋ ਜਾਏਗੀ, ਕਿ ਇਕ ਵਾਰੀ ਫੇਰ ਜਿਵੇਂ ਮਾਸਕੋ ਲਾਗੇ ਤੇ ਬੁੱਢੇ ਦਰਿਆ ਵੋਲਗਾ ਦੇ ਕੰਢਿਆਂ ਉੱਤੇ ਹੋਇਆ ਸੀ, ਤੋਪਾਂ ਦੇ ਗੋਲ਼ਿਆਂ ਨਾਲ਼ ਧਰਤੀ ਕੰਬ ਉੱਠੇਗੀ, ਕਿਸਾਨਾਂ ਦੀਆਂ ਝੁੱਗੀਆਂ ਵਿੱਚੋਂ ਅੱਗ ਦੇ ਭਾਂਬੜ ਉੱਠਣਗੇ, ਅਤੇ ਵੱਖੀਆਂ ਵਿਚ ਕਰਾਸਾਂ ਦੇ ਪੀਲ਼ੇ ਨਿਸ਼ਾਨ ਵਾਲ਼ੇ ਟੈਂਕ ਸਾਹ-ਘੁਟਵੇਂ ਧੂੰਏਂ ਵਿਚ ਰਿੜਦੇ, ਉਜੜੀਆਂ ਪੈਲੀਆਂ ਤੇ ਚਰਾਂਦਾਂ ਨੂੰ ਪਾਰ ਕਰਨਗੇ ਤੇ ਕਣਕ ਦੀ ਲਵੀ ਫਸਲ ਜਿਸ ਨੂੰ ਅਜੇ ਸਿੱਟੇ ਪੈਣੇ ਸ਼ੁਰੂ ਹੀ ਹੋਏ ਹਨ ਮਿਧੋਲ ਕੇ ਰੱਖ ਦੇਣਗੇ, ਅਤੇ ਅਸਮਾਨ, ਗਰਮੀਆਂ ਦੀ ਰੁੱਤ ਦਾ ਨਿਰਮਲ ਅਸਮਾਨ, ਹਵਾਮਾਰ ਤੋਪਾਂ ਦੇ ਗੋਲ਼ਿਆਂ ਨਾਲ਼ ਦਾਗ਼-ਦਾਗ਼ ਹੋ ਜਾਏਗਾ। ਉਹਨਾਂ ਨੂੰ ਇਹ ਯਕੀਨ ਹੀ ਨਹੀਂ ਸੀ ਆ ਸਕਦਾ ਕਿ ਇਕ ਵਾਰੀ ਫੇਰ, ਜਿਵੇਂ ਇਕਤਾਲੀ ਵਿਚ ਅਤੇ ਬਤਾਲੀ ਦੀਆਂ ਯਾਦਗਾਰੀ ਗਰਮੀਆਂ ਵਿਚ ਹੋਇਆ ਸੀ, ਪਿੱਛੇ ਹੱਟਦੇ ਫ਼ੌਜੀ ਦਸਤਿਆਂ ਦੀਆਂ ਕਤਾਰਾਂ ਦਰਿਆ ਪਾਰ ਕਰਨ ਵਾਲ਼ੀਆਂ ਥਾਵਾਂ ਵੱਲ਼ ਵੱਧਦੀਆਂ ਹੋਈਆਂ ਦੋਨ ਪਾਸੇ ਦੇ ਸਤੇਪੀ ਤੇ ਕੁਰਸਕ ਧਰਤੀ ਦੀਆਂ ਜੰਗਲੀ ਢਲਾਣਾਂ ਤੱਕ ਵਧ ਜਾਣਗੀਆਂ, ਕਿ ਸਟੇਸ਼ਨਾਂ ਉੱਤੇ ਖੜ ਖੜ ਕਰਦੀਆਂ ਗੱਡੀਆਂ ਦੀਆਂ ਕਤਾਰਾਂ ਦੀਆਂ ਕਤਾਰਾਂ ਲੱਗ ਜਾਣਗੀਆਂ, ਅਤੇ ਜੋ ਕੁਝ ਵੀ ਲੱਦਿਆ ਲਿਜਾਇਆ ਜਾ ਸਕੇਗਾ, ਉਸ ਨੂੰ ਲੱਦ ਕੇ ਚੀਂ-ਚੀਂ ਕਰਦੇ ਹਜ਼ਾਰਾਂ ਰਫਿਊਜੀ ਛਕੜਿਆਂ ਦੇ ਕਾਫਲਿਆਂ ਦਾ ਹੜ੍ਹ ਧੂੜਾਂ ਉਡਾਉਂਦਾ ਪੂਰਬ ਵੱਲ਼ ਤੁਰ ਪਵੇਗਾ। ਕੁਝ ਵੀ ਸੀ ਉਹਨਾਂ ਨੂੰ ਇਸ ਦਾ ਯਕੀਨ ਆ ਹੀ ਨਹੀਂ ਸੀ ਸਕਦਾ। ਜਦੋਂ ਵੀ ਉਹ ਹੋਣ ਵਾਲ਼ੀ ਲੜਾਈ ਬਾਰੇ ਸੋਚਦੇ ਸਨ ਤਾਂ ਇਹ ਜਵਾਨ ਹੱਲਾ ਬੋਲਣ ਬਾਰੇ ਹੀ ਸੋਚਦੇ ਸਨ। ਬਹੁਤ ਸਾਰਿਆਂ ਨੇ ਦੂਜੇ ਮੁਹਾਜ਼ ਉੱਤੇ ਆਸ ਲਾਈ ਹੋਈ ਸੀ — ਯਕੀਨੀ ਤੌਰ 'ਤੇ ਇਤਿਹਾਦੀ ਆਖ਼ਰ ਉਹ ਮੁਹਾਜ਼ ਖੋਹਲਣਗੇ ਜਿਸ ਦੀ ਬੜੇ ਚਿਰ ਤੋਂ ਇੰਤਜ਼ਾਰ ਕੀਤੀ ਜਾ ਰਹੀ ਸੀ! ਪਰ ਇਤਿਹਾਦੀ ਕੋਈ ਦੂਸਰਾ ਹੀ ਫੈਸਲਾ ਕਰਨ ਵਾਲੇ ਸਨ। ਤਣਾਓ ਭਰੇ ਇਹਨਾਂ ਦਿਨਾਂ ਵਿਚ, ਬਰਤਾਨੀਆਂ ਦਾ ਪ੍ਰਧਾਨ ਮੰਤਰੀ, ਵਿਨਸਟਨ ਚਰਚਿਲ, ਇਕ ਜੰਗੀ ਜਹਾਜ਼ ਉੱਤੇ ਵਾਸ਼ਿੰਗਟਨ ਜਾ ਰਿਹਾ ਸੀ ਤੇ ਉਸ ਦੇ ਇਸ ਸਫ਼ਰ ਨੂੰ ਬਹੁਤ ਗੁਪਤ ਰੱਖਿਆ ਜਾ ਰਿਹਾ ਸੀ। ਉਹ ਆਪਣੇ ਸੁਖਦਾਈ ਕੈਬਿਨ ਵਿਚ ਬੈਠਾ ਸੀ ਅਤੇ ਦੁਨੀਆਂ ਵਿਚ

ਵਾਪਰ ਰਹੀਆਂ ਘਟਨਾਵਾਂ ਦੀ ਥਾਂ ਆਪਣੀ ਸੁਰੱਖਿਆ ਬਾਰੇ ਸੋਚ ਰਿਹਾ ਸੀ। ਉਸ ਦੀ ਕਲਮ ਨੇ ਆਰਾਮ ਨਾਲ਼ ਮਾਸਕੋ ਵੱਲ਼ ਇਕ ਚਿੱਠੀ ਝਰੀਟੀ: "ਮੈਂ ਐਟਲਾਂਟਿਕ ਦੇ ਵਿਚਕਾਰ ਹਾਂ ਤੇ ਵਾਸ਼ਿੰਗਟਨ ਨੂੰ ਜਾ ਰਿਹਾ ਹਾਂ ਤਾਂ ਜੋ "ਹਸਕੀ" ਤੋਂ ਬਾਅਦ ਯੂਰਪ ਵਿਚ ਅਗਲੇ ਹਮਲੇ ਦਾ ਸਵਾਲ ਨਜਿੱਠਿਆ ਜਾਏ... ਜੇ ਕੋਈ ਦੁਰਘਟਨਾ ਨਾ ਹੋ ਗਈ ਤਾਂ ਮੈਂ ਅਗਲੀ ਟੈਲੀਗ੍ਰਾਮ ਵਾਸ਼ਿੰਗਟਨ ਤੋਂ ਭੇਜਾਂਗਾ।" ਰਾਹ ਵਿਚ ਉਹਦੇ ਨਾਲ਼ ਕੋਈ ਦੁਰਘਟਨਾ ਨਹੀਂ ਸੀ ਵਾਪਰੀ ਤੇ ਉਹ ਸਹੀ ਸਲਾਮਤ ਆਪਣੀ ਮੰਜ਼ਿਲ 'ਤੇ ਪਹੁੰਚ ਗਿਆ ਸੀ ਅਤੇ, ਵਾਅਦੇ ਅਨੁਸਾਰ, ਪ੍ਰਧਾਨ ਨਾਲ਼ ਗੱਲਬਾਤ ਕਰਨ ਤੋਂ ਪਿੱਛੋਂ, ਉਹਨੇ ਰੂਸ ਨੂੰ ਟੈਲੀਗ੍ਰਾਮ ਭੇਜੀ ਸੀ। ਠਰ੍ਹੰਮੇ ਭਰੇ ਅੰਦਾਜ਼ ਨਾਲ਼ ਉਸ ਨੇ ਸੋਵੀਅਤ ਸਰਕਾਰ ਨੂੰ ਸੂਚਿਤ ਕੀਤਾ ਕਿ ਇਤਿਹਾਦੀ ਉਸ ਸਾਲ ਦੂਜਾ ਮੁਹਾਜ਼ ਨਹੀਂ ਖੋਹਲ ਸਕਦੇ ਕਿਉਂਕਿ "ਆਸ ਰੱਖੀ ਗਈ ਸੀ ਕਿ ਅਪ੍ਰੈਲ 1943 ਤੱਕ ਸਤਾਈ ਅਮਰੀਕੀ ਡਿਵੀਜ਼ਨਾਂ ਬਰਤਾਨੀਆਂ ਵਿਚ ਹੋਣਗੀਆਂ, ਅਤੇ ਹਕੀਕਤ ਵਿਚ ਇਸ ਵੇਲ਼ੇ, ਜੂਨ 1943, ਵਿਚ ਸਿਰਫ਼ ਇਕ ਹੀ ਡਿਵੀਜ਼ਨ ਹੈ ਅਤੇ ਅਗਸਤ ਤੱਕ ਸਿਰਫ਼ ਪੰਜ ਹੋਣਗੀਆਂ" ਅਤੇ ਕਿਉਂਕਿ "ਫ਼ੌਜਾਂ ਨੂੰ ਲਿਜਾਣ ਵਾਲ਼ਾ ਜਹਾਜ਼ ਭੂ-ਮੱਧ ਸਾਗਰ ਵਿਚ ਹੋਣ ਵਾਲ਼ੀ ਵੱਡੀ ਫ਼ੌਜੀ ਕਾਰਵਾਈ ਵਾਸਤੇ ਖੜਿਆ ਗਿਆ ਹੈ।" ਚਰਚਿਲ "ਹਸਕੀ" ਦੀ ਫੌਜੀ ਕਰਵਾਈ-ਸਿਸਲੀ ਉੱਤੇ ਹਮਲੇ-ਨੂੰ ਏਨੀ ਅਹਿਮ ਸਮਝਦਾ ਸੀ ਕਿ ਇਸ ਨਾਲ਼ "ਰੂਸ ਉੱਤੇ ਹਿਟਲਰ ਦਾ ਤੀਜਾ ਹਮਲਾ, ਜਿਸ ਵਾਸਤੇ ਜਾਪਦਾ ਸੀ ਕਿ ਛੇ ਹਫ਼ਤੇ ਪਹਿਲਾਂ ਵੱਡੀਆਂ ਤਿਆਰੀਆਂ ਹੋ ਰਹੀਆਂ ਸਨ, ਪਛੜ ਸਕਦਾ ਸੀ ਅਤੇ, ਵਾਸਤਵ ਵਿਚ, ਪਛੜ ਚੁੱਕਾ ਸੀ।" ਆਖ਼ੀਰ ਵਿਚ ਚਰਚਿਲ ਨੇ ਲਿਖਿਆ ਸੀ: "ਇਸ ਤੋਂ ਇਹ ਵੀ ਸਿੱਧ ਹੋ ਸਕਦਾ ਹੈ ਕਿ ਇਹਨਾਂ ਗਰਮੀਆਂ ਵਿਚ ਤੁਹਾਡੇ ਉੱਤੇ ਭਾਰੀ ਹਮਲਾ ਨਹੀਂ ਹੋਵੇਗਾ।" ਨਿਰਸੰਦੇਹ, ਇਹ ਸਮਝਣਾ ਔਖਾ ਹੈ ਕਿ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਨੂੰ ਅਸਲ ਹਾਲਾਤ ਦੀ ਏਨੀ ਥੋੜ੍ਹੀ ਜਾਣਕਾਰੀ ਸੀ। ਠੀਕ ਉਸ ਵੇਲ਼ੇ ਜਦੋਂ ਉਸ ਨੇ ਇਹ ਸੰਦੇਸ਼ ਭੇਜਿਆ ਸੀ, ਰੂਸ ਵਿਚ, ਕੁਰਸਕ ਢੱਕੀ ਦੇ ਦੋਹਾਂ ਸਿਰਿਆਂ ਦੇ ਨਾਲ਼-ਨਾਲ਼, ਜਰਮਨਾਂ ਨੇ ਜ਼ਬਰਦਸਤ ਹਮਲਾ ਕਰਨ ਲਈ ਆਪਣੇ ਲਸ਼ਕਰ ਜਮ੍ਹਾਂ ਕਰ ਲਏ ਸਨ: ਇਕ ਕੁਰਸਕ ਦੇ ਉੱਤਰ ਵਿਚ ਓਰੇਲ ਖੇਤਰ ਵਿਚ, ਅਤੇ ਦੂਜਾ ਸ਼ਹਿਰ ਦੇ ਦੱਖਣ ਵਿਚ ਬੇਲਗੋਰੋਦ ਦੇ ਕੋਲ਼। ਸੰਬੰਧਤ ਕਮਾਂਡਰਾਂ ਨੇ, ਫੀਲਡ ਮਾਰਸ਼ਲ ਵਾਨ ਮਾਨਸ਼ਟੈਇਨ ਤੇ ਫੀਲਡ ਮਾਰਸ਼ਲ ਵਾਨ ਕਲੂਗੇ, ਹਿਟਲਰ ਕੋਲੋਂ ਆਪਣੀਆਂ ਆਖ਼ਰੀ ਹਦਾਇਤਾਂ ਲੈ ਲਈਆਂ ਸਨ ਅਤੇ ਉੱਡ ਕੇ ਆਪਣੇ ਲਸ਼ਕਰਾਂ ਕੋਲ ਪਹੁੰਚ ਗਏ ਸਨ।

ਇਸ ਵਿਚਕਾਰ ਮੁਹਾਜ਼ ਉੱਤੇ ਜ਼ਿੰਦਗੀ ਆਪਣੀ ਸਾਧਾਰਨ ਤੌਰ ਤੁਰਦੀ ਗਈ। ਕਈ ਮਹੀਨੇ ਸੁਰੱਖਿਆ ਦੀ ਹਾਲਤ ਵਿਚ ਰਹਿ ਕੇ ਜਵਾਨਾਂ ਨੂੰ ਠੰਡ-ਠਰ੍ਹੰਮੇ ਦੀ ਆਦਤ ਪੈ ਗਈ ਸੀ ਅਤੇ ਉਹਨਾਂ ਨੂੰ ਇਸ ਗੱਲ ਦਾ ਯਕੀਨ ਨਹੀਂ ਸੀ ਆ ਸਕਦਾ, ਤੇ ਨਾ ਹੀ ਆਉਂਦਾ ਸੀ, ਕਿ ਲੜਾਈ ਸਿਰ 'ਤੇ ਆਈ ਖੜੀ ਸੀ।

...ਕੋਈ ਅੱਧੀ ਰਾਤ ਦਾ ਵੇਲ਼ਾ ਹੋਵੇਗਾ ਜਦੋਂ ਲੈਫਟੀਨੈਂਟ ਵੋਲੋਦਿਨ ਨੇ ਆਪਣੇ ਮੋਰਚਿਆਂ ਦੇ ਸਾਮ੍ਹਣੇ ਫਾਫਰੇ ਦੇ ਖੇਤ ਵਿਚ ਇਕ ਅਜੀਬ ਜਿਹੀ ਹਲਚਲ ਵੇਖੀ। ਜਾਪਦਾ ਸੀ

ਕਿ ਅਚਾਨਕ ਹੀ ਬਹੁਤ ਸਾਰੇ ਬੰਦੇ ਤੇ ਮੋਟਰਾਂ ਮਸ਼ੀਨਾਂ ਦਾ ਝੁਰਮਟ ਪੈ ਗਿਆ ਹੈ। ਜੂਨੀਅਰ ਸਰਜੈਂਟ ਫਰੋਲੋਵ ਨੂੰ ਪੜਤਾਲ ਕਰਨ ਭੇਜਿਆ ਗਿਆ ਤੇ ਉਸ ਨੇ ਵਾਪਸ ਆ ਕੇ ਇਤਲਾਹ ਦਿੱਤੀ ਕਿ ਇਕ ਪਿਆਦਾ ਬਟਾਲੀਅਨ ਜਿਸ ਦੇ ਨਾਲ਼ ਤੋਪਖਾਨੇ ਦੇ ਦਸਤੇ ਵੀ ਹਨ ਪਿੱਛੇ ਹਟ ਰਹੀ ਸੀ, ਕਿ ਉਹਨਾਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਸੋਲੋਮਕੀ ਦੇ ਪਿੱਛੇ ਚਲੇ ਜਾਣ, ਅਤੇ ਇਹ ਕਿ ਹੁਣ ਸਾਮ੍ਹਣੇ ਸਾਡਾ ਕੋਈ ਵੀ ਫ਼ੌਜੀ ਦਸਤਾ ਨਹੀਂ ਰਿਹਾ। ਫਾਫਰੇ ਦੇ ਇਸ ਖੇਤ ਵਿਚ ਸੁਰੰਗਾਂ ਵਿਛਾਈਆਂ ਹੋਈਆਂ ਸਨ ਅਤੇ ਬਰਚੇ ਦੇ ਰੁੱਖਾਂ ਦੀ ਝੜੀ ਦੇ ਨਾਲ਼-ਨਾਲ਼ ਸਿਰਫ਼ ਇਕ ਛੋਟਾ ਜਿਹਾ ਲਾਂਘਾ ਹੀ ਛੱਡਿਆ ਗਿਆ ਸੀ ਅਤੇ ਸੁਰੰਗ-ਇੰਜੀਨੀਅਰ ਇਸ ਵੇਲ਼ੇ ਬਟਾਲੀਅਨ ਨੂੰ ਉਸ ਲਾਂਘੇ ਵਿਚੋਂ ਲਿਜਾ ਰਹੇ ਸਨ। ਹਟਾਏ ਜਾ ਰਹੇ ਟਰੱਕਾਂ ਤੇ ਹੋਰ ਮੋਟਰਾਂ ਮਸ਼ੀਨਾਂ ਦੀ ਗੜਗੜਾਹਟ ਢੇਰ ਚਿਰ ਤੱਕ, ਤਕਰੀਬਨ ਦਿਨ ਦੇ ਚੜ੍ਹਾ ਤੱਕ ਸੁਣਾਈ ਦੇਂਦੀ ਰਹੀ ਅਤੇ ਥੱਕੇ-ਟੁੱਟੇ ਤੇ ਅੱਕੇ ਜਵਾਨਾਂ ਦੀਆਂ ਝੁਕੀਆਂ ਹੋਈਆਂ ਪਰਛਾਵੇਂ ਹਾਰ ਸੂਰਤਾਂ ਇਕ ਉਘੜ-ਦੁਘੜੀ ਵਿਰਲੀ ਜਿਹੀ ਕਤਾਰ ਵਿਚ ਦੰਦੀ ਉੱਤੇ ਚੜ੍ਹਦੀਆਂ, ਹੇਠਾਂ ਲਹਿ ਕੇ ਨਜ਼ਰੋਂ ਓਹਲੇ ਹੋ ਜਾਂਦੀਆਂ, ਫੇਰ ਦੂਜੇ ਪਾਸੇ ਜਾ ਕੇ ਨਜ਼ਰ ਆਉਣ ਲੱਗਦੀਆਂ ਤੇ ਹਨੇਰੇ ਵਿਚ ਘੁਲਮਿਲ ਜਾਂਦੀਆਂ। ਜਦੋਂ ਜਵਾਨ ਦੰਦੀ ਦੇ ਉੱਪਰ ਹੁੰਦੇ ਤਾਂ ਵੋਲੋਦਿਨ ਉਹਨਾਂ ਨੂੰ ਚੰਗੀ ਤਰ੍ਹਾਂ ਵੇਖ ਸਕਦਾ ਸੀ। ਉਹ ਉਦਾਸ ਉਦਾਸ ਨਜ਼ਰਾਂ ਨਾਲ਼ ਉਹਨਾਂ ਵੱਲ ਵੇਖਦਾ ਰਿਹਾ, ਪਰ ਕੋਈ ਖਿੱਝ ਨਹੀਂ, ਕੋਈ ਅਫ਼ਸੋਸ ਨਹੀਂ। ਇਕ ਠਰ੍ਹੰਮੇਭਰੀ ਬੇਪ੍ਰਵਾਹੀ ਨਾਲ਼ ਉਸ ਨੇ ਸੋਚਿਆ ਕਿ ਹੁਣ ਉਸ ਦੇ ਮੋਰਚਿਆਂ ਦੇ ਸਾਮ੍ਹਣੇ ਕੋਈ ਮੋਰਚੇਬੰਦ ਹਿਫ਼ਾਜ਼ਤੀ ਸੈਨਾ ਤਾਇਨਾਤ ਨਹੀਂ ਜਿਹੜੀ ਕੱਲ੍ਹ ਹੀ ਏਡੀ ਅਮਿੱਟ ਜਾਪਦੀ ਸੀ, ਕੋਈ ਆੜ ਦੇਣ ਵਾਲ਼ੀ ਫ਼ੌਜ ਨਹੀਂ, ਇਕ ਵੀ ਸੋਵੀਅਤ ਸੈਨਿਕ ਨਹੀਂ। ਇਸ ਦੀ ਥਾਂ ਹੁਣ ਓਥੇ ਦੁਸ਼ਮਣ ਸੀ, ਖੰਦਕਾਂ ਦੀਆਂ ਦੋ ਕਤਾਰਾਂ ਵਿਚਾਲੇ ਨਿਖੱਸਮੀ ਧਰਤੀ ਸੀ, ਜਿਹੜੀ ਉਹਦੀ ਖੰਦਕ ਦੀ ਬੰਨੀ ਤੋਂ ਪਾਰ ਸ਼ੁਰੂ ਹੋ ਜਾਂਦੀ ਸੀ। ਉਹ ਇਸ ਨੂੰ ਆਪਣੇ ਹੱਥ ਨਾਲ਼ ਛੂਹ ਕੇ ਵੇਖ ਸਕਦਾ ਸੀ।

ਐਸੇ ਪਲ ਵੀ ਆਏ ਸਨ ਜਦੋਂ ਵੋਲੋਦਿਨ ਨੇ ਬੜੀ ਤੀਬਰਤਾ ਨਾਲ਼ ਚਾਹਿਆ ਸੀ ਕਿ ਏਥੇ ਲੜਾਈ ਭੜਕ ਪਵੇ, ਏਥੇ ਸੋਲੋਮਕੀ ਦੀਆਂ ਬਰੂਹਾਂ ਉੱਤੇ। ਪਰ ਹੁਣ, ਜਦੋਂ ਉਹਦੇ ਮਨ ਵਿਚ ਉਭਰਦੀ ਤਸਵੀਰ ਅਸਲ ਵਿਚ ਸਾਕਾਰ ਹੋਣ ਲੱਗੀ ਸੀ, ਜਦੋਂ ਦੁਸ਼ਮਣ ਸੱਚਮੁਚ ਹੀ ਸੋਲੋਮਕੀ ਦੀਆਂ ਜੂਹਾਂ ਵਿਚ ਆ ਵੜਿਆ ਸੀ ਅਤੇ ਕਿਸੇ ਵੀ ਪਲ ਇਸ ਖੰਦਕ ਉੱਤੇ ਹਮਲਾ ਕਰ ਸਕਦਾ ਸੀ, ਤਾਂ ਉਹਦੀ ਪਹਿਲਾਂ ਵਾਲੀ ਦ੍ਰਿੜ੍ਹਤਾ ਕਿਧਰੇ ਹਵਾ ਹੋ ਗਈ ਸੀ; ਹੁਣ ਜਦੋਂ ਉਹ ਹੋਣ ਵਾਲ਼ੀ ਲੜਾਈ ਬਾਰੇ ਸੋਚਦਾ ਸੀ ਤਾਂ ਮੁੱਖ ਕਰਕੇ ਇਹ ਸੋਚਦਾ ਸੀ ਕਿ ਸੋਲੋਮਕੀ ਵਿਚ ਕਿੰਨੀਆਂ ਤੋਪਾਂ ਹਨ, ਕਿੰਨੀਆਂ ਮਾਰਟਰ ਤੇ ਮਸ਼ੀਨਗੰਨਾਂ ਹਨ ਅਤੇ ਇਹ ਕਿੱਥੇ-ਕਿੱਥੇ ਬੀੜੀਆਂ ਹੋਈਆਂ ਹਨ (ਉਸ ਨੇ ਹਰ ਉਸ ਚੀਜ਼ ਨੂੰ ਯਾਦ ਕਰਨ ਦੀ ਕੋਸ਼ਿਸ਼ ਕੀਤੀ ਜਿਸ ਤੋਂ ਉਹ ਜਾਣੂ ਸੀ ਤੇ ਜਿਹੜੀ ਉਸ ਨੇ ਵੇਖੀ ਹੋਈ ਸੀ); ਉਸ ਨੇ ਬਰਚੇ ਦੇ ਰੁੱਖਾਂ ਦੀ ਝਿੜੀ ਵਿਚਲੇ ਟੈਂਕਮਾਰ ਤੋਪ ਦਸਤੇ ਬਾਰੇ ਸੋਚਿਆ ਸੀ। ਭਾਗਾਂ ਦੀ ਗੱਲ ਸੀ ਕਿ ਇਹ ਇਸ ਥਾਂ ਤੋਂ ਬਹੁਤਾ ਦੂਰ ਨਹੀਂ ਸੀ, ਕਿ ਇਸ ਨੂੰ ਪਿੱਛੇ ਨਹੀਂ ਸੀ ਹਟਾਇਆ ਗਿਆ ਤੇ ਨਾ ਹੀ ਹਟਾਇਆ ਜਾ ਰਿਹਾ ਸੀ, ਕਿ ਉਸ ਥਾਂ ਦੇ ਜਵਾਨ ਅਸਲੋਂ ਹੀ ਬਹੁਤ ਚੰਗੇ ਸਨ ਅਤੇ ਮੁਸੀਬਤ ਦੀ ਘੜੀ

ਉਹਨਾਂ ਕੋਲ਼ੋਂ ਮਦਦ ਦੀ ਆਸ ਰੱਖੀ ਜਾ ਸਕਦੀ ਸੀ... ਉਸ ਨੂੰ ਪਤਾ ਹੀ ਨਹੀਂ ਸੀ ਲੱਗਾ ਕਿ ਉਹ ਕਦੋਂ ਊਂਘਣ ਲੱਗ ਪਿਆ ਸੀ, ਪਰ ਇਸ ਸੁੱਤ-ਉਨੀਂਦੇ ਦੀ ਹਾਲਤ ਵਿਚ ਵੀ ਉਹ ਲੜਾਈ ਬਾਰੇ ਸੋਚਦਾ ਗਿਆ ਸੀ। ਉਸ ਨੇ ਕਪਤਾਨ ਪਾਸ਼ੇਨਤਸੇਵ ਦੇ ਪੈਰਾਂ ਦਾ ਖੜਾਕ ਨਹੀਂ ਸੀ ਸੁਣਿਆ ਜਿਹੜਾ ਸੰਚਾਰ-ਖੰਦਕ ਰਾਹੀਂ ਉਹਦੇ ਕੋਲ ਆ ਗਿਆ ਸੀ। ਉਸਨੇ ਉਹਨੂੰ ਚਲਾਕ ਤੇ ਸਮਝਦਾਰ ਸਿਗਨਲ ਦੇਣ ਵਾਲ਼ੇ ਊਖਿਨ ਨਾਲ਼ ਗੱਲਾਂ ਕਰਦਿਆਂ ਨਹੀਂ ਸੀ ਸੁਣਿਆ ਜਿਹੜਾ ਇਰਤਿਸ਼ ਵਿਖੇ ਇਕ ਮਲਾਹ ਹੁੰਦਾ ਸੀ। ਵੋਲੋਦਿਨ ਨੂੰ ਜਗਾਇਆ ਸੀ ਉਸ ਤਿੱਖੀ ਚੁੱਪ ਨੇ ਜਿਹੜੀ ਉਹਦੇ ਕੰਨਾਂ ਵਿਚ ਗੂੰਜ ਰਹੀ ਸੀ। ਉਹ ਅਜੇ ਆਪਣੀਆਂ ਅੱਖਾਂ ਮਲ ਰਿਹਾ ਸੀ ਤੇ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਕੀ ਹੋਇਆ ਹੈ, ਅਜੇ ਉਹ ਹੈਰਾਨ ਹੋਇਆ ਕਪਤਾਨ ਪਾਸ਼ੇਨਤਸੇਵ ਦੀ ਤਣੀ ਹੋਈ ਪਿੱਠ ਨੂੰ ਵੇਖ ਹੀ ਰਿਹਾ ਸੀ, ਅਜੇ ਉਸ ਨੇ ਆਪਣੀ ਕੰਪਨੀ ਦੇ ਕਮਾਂਡਰ ਨੂੰ ਪਛਾਣ ਕੇ ਵੀ ਨਹੀਂ ਪਛਾਣਿਆ ਸੀ ਕਿ ਇਕ ਧੁਨੀ ਨੇ ਵੱਡੇ ਤੜਕੇ ਦੀ ਚੁੱਪ ਨੂੰ ਤੋੜਿਆ ਜਿਹੜੀ ਪਹਿਲਾਂ ਮੱਧਮ ਸੀ ਪਰ ਫੇਰ ਜਲਦੀ ਨਾਲ਼ ਉੱਚੀ ਹੋ ਗਈ ਸੀ ਤੇ ਜਿਹੜੀ ਇਉਂ ਕੰਨ-ਪਾੜਵੀਂ ਗੂੰਜ ਨਾਲ਼ ਖ਼ਤਮ ਹੋਈ ਜਿਵੇਂ ਖੰਦਕ ਦੇ ਪਿੱਛੇ ਕੋਈ ਬਹੁਤ ਵੱਡਾ ਗੋਲ਼ਾ ਪਾਟਿਆ ਹੋਵੇ। ਇਸ ਤੋਂ ਬਾਦ ਉਸ ਦੇ ਸਾਮ੍ਹਣੇ, ਤਕਰੀਬਨ ਖੰਦਕੀ ਦੀ ਬੰਨੀ ਉੱਤੇ ਭਬਕ ਕੇ ਇਕ ਚਿੱਟੀ ਲਾਟ ਉੱਠੀ ਅਤੇ ਪਾਟਦੇ ਗੋਲ਼ਿਆਂ ਦੀ ਧਮਕ ਨਾਲ਼ ਪੂਰੀ ਕਤਾਰ ਹੀ ਕੰਬਣ ਲੱਗ ਪਈ। ਗੋਲ਼ੇ ਨੇੜੇ-ਨੇੜੇ ਹੀ ਡਿੱਗੇ ਸਨ ਅਤੇ ਅਜਿਹੀ ਦਿਮਾਗ਼-ਪਾੜਵੀਂ ਗੂੰਜ ਨਾਲ਼ ਪਾਟੇ ਸਨ ਕਿ ਭਾਵੇਂ ਉਸ ਨੇ ਬੜੀ ਜ਼ੁਰੱਅਤ ਤੋਂ ਕੰਮ ਲੈਣ ਦੀ ਕੋਸ਼ਿਸ਼ ਕੀਤੀ ਤਾਂ ਵੀ ਵੋਲੋਦਿਨ ਆਪਮੁਹਾਰਾ ਹੀ ਖੰਦਕ ਦੀ ਕੰਧ ਨਾਲ਼ ਦੁਬਕ ਗਿਆ। ਉਸ ਨੇ ਆਪਣੀਆਂ ਨਜ਼ਰਾਂ ਪਾਸ਼ੇਨਤਸੇਵ ਉੱਤੇ ਟਿਕਾਈ ਰੱਖੀਆਂ (ਕਪਤਾਨ ਨੇ ਮੂੰਹ ਨਹੀਂ ਸੀ ਭੁਆਇਆ ਅਤੇ ਸਿਰਫ਼ ਉਹਦੀ ਤਣੀ ਹੋਈ ਪਿੱਠ ਹੀ ਨਜ਼ਰ ਆਉਂਦੀ ਸੀ), ਅਤੇ ਵੋਲੋਦਿਨ ਨੂੰ ਜਾਪਿਆ ਕਿ ਕਪਤਾਨ ਦਾ ਗੋਲ਼ਿਆਂ ਵੱਲ਼ ਪੂਰੀ ਤਰ੍ਹਾਂ ਧਿਆਨ ਨਹੀਂ ਸੀ ਗਿਆ। ਕਪਤਾਨ ਸਿਰਫ਼ ਓਦੋਂ ਹੀ ਇਕ ਪਲ ਵਾਸਤੇ ਝੁਕਿਆ ਜਦੋਂ ਗੋਲ਼ਾ ਉਸ ਦੇ ਬਹੁਤ ਨੇੜੇ ਜਾ ਕੇ ਡਿੱਗਾ ਤੇ ਉਸ ਤੋਂ ਬਾਅਦ ਉਹ ਫੇਰ ਸਿੱਧਾ ਖੜਾ ਹੋ ਗਿਆ ਅਤੇ ਦੂਰਬੀਨ ਆਪਣੀਆਂ ਅੱਖਾਂ ਨਾਲ਼ ਲਾ ਲਈ ਤੇ ਸਾਮ੍ਹਣੇ ਮੈਦਾਨ ਵਿਚ ਵੇਖਣ ਲੱਗ ਪਿਆ।

ਵੋਲੋਦਿਨ ਨੇ ਹਿੰਮਤ ਕੀਤੀ ਤੇ ਆਪਣੇ ਕਮਾਂਡਰ ਕੋਲ਼ ਆਇਆ।

"ਕਿਉਂ, ਡਰ ਲੱਗਦਾ ਹੈ ?" ਕਪਤਾਨ ਨੇ ਕੜਕ ਕੇ ਪੁੱਛਿਆ।

"ਲੱਗਦਾ ਹੈ !"

"ਚੰਗੀ ਗੱਲ ਹੈ !.."

ਵੋਲੋਦਿਨ ਹੈਰਾਨ ਸੀ — ਇਸ ਵਿਚ ਚੰਗੀ ਗੱਲ ਕੀ ਹੋਈ ਕਿ ਮੈਨੂੰ ਡਰ ਲੱਗਦਾ ਹੈ ? ਹੋ ਸਕਦਾ ਹੈ, "ਚੰਗੀ ਗੱਲ" ਕਿਸੇ ਹੋਰ ਚੀਜ਼ ਬਾਰੇ ਕਿਹਾ ਗਿਆ ਹੋਵੇ ਜਿਸ ਦਾ ਵੋਲੋਦਿਨ ਨੂੰ ਨਹੀਂ ਸੀ ਪਤਾ, ਜਿਸ ਦਾ ਸਿਰਫ ਪਾਸ਼ੇਨਤਸੇਵ ਨੂੰ ਹੀ ਪਤਾ ਸੀ ਤੇ ਓਸੇ ਨੇ ਹੀ ਵੇਖੀ ਸੀ ? ਵੋਲੋਦਿਨ ਨੇ ਇਕ ਖੋਲ ਵਿਚੋਂ ਆਪਣੀ ਦੂਰਬੀਨ ਕੱਢੀ ਅਤੇ ਕਪਤਾਨ ਵਾਂਗ ਹੀ ਸਾਰੇ ਮੈਦਾਨ ਉੱਤੇ ਨਜ਼ਰ ਮਾਰੀ। ਸਭ ਕੁਝ ਧੂੜ ਦੇ ਬੱਦਲਾਂ ਵਿਚ ਵਲ੍ਹੇਟਿਆ ਗਿਆ ਸੀ ਤੇ ਉਸ ਨੂੰ ਕੁਝ

ਵੀ ਵਿਖਾਈ ਨਹੀਂ ਸੀ ਦਿੱਤਾ।

ਪਲੋ-ਪਲ ਗੋਲਾਬਾਰੀ ਹੋਰ ਭਿਆਨਕ ਹੁੰਦੀ ਗਈ। ਘੂੰ-ਘੂੰ ਦੀ ਖ਼ੌਫ਼ਨਾਕ ਅਵਾਜ਼ ਨਾਲ਼ "ਜੰਕਰਸ" ਝੱਫ ਖਾਂਦੇ ਤੇ ਮੋਰਚਿਆਂ ਉੱਤੇ ਬੰਬ ਸੁੱਟਦੇ ਸਨ ਅਤੇ ਪਾਸ਼ੇਨਤਸੇਵ ਤੇ ਵੋਲੋਦਿਨ ਦੋਹਾਂ ਨੂੰ ਹੀ ਇਕ ਸੌੜੀ ਜਿਹੀ ਖੰਦਕ ਵਿਚ ਲੁਕਣਾ ਪਿਆ। ਕਮਾਂਡ ਚੌਂਕੀ ਦੇ ਚਾਰ ਚੁਫੇਰੇ, ਦੂਰ ਵੱਡੀ ਸੜਕ ਤੇ ਉਸ ਤੋਂ ਅਗਾਹ, ਜਿੱਥੇ ਸੜਕਾਂ ਇਕ ਦੂਜੀ ਨੂੰ ਕੱਟਦੀਆਂ ਸਨ, ਸਾਰੀ ਧਰਤੀ ਅੱਗ ਦੀ ਲਪੇਟ ਵਿਚ ਆਈ ਹੋਈ ਸੀ, ਉੱਬਲ ਰਹੀ ਸੀ ਤੇ ਮੱਚ ਰਹੀ ਸੀ।

ਅੱਜ ਦਾ ਦਿਨ ਵੀ ਕਈ ਪੱਖਾਂ ਤੋਂ ਓਸੇ ਤਰ੍ਹਾਂ ਦਾ ਸੀ ਜਿਸ ਤਰ੍ਹਾਂ ਦਾ ਕੱਲ੍ਹ ਦਾ ਦਿਨ ਸੀ। ਵੋਲੋਦਿਨ ਅੱਜ ਦਾ ਦਿਨ ਵੀ ਆਪਣੀ ਖੰਦਕ ਵਿਚ ਬੈਠਾ ਹੀ ਗੁਜ਼ਾਰ ਰਿਹਾ ਸੀ ਜਿਸ ਤਰ੍ਹਾਂ ਉਹਨੇ ਕੱਲ੍ਹ ਦਾ ਦਿਨ ਗੁਜ਼ਾਰਿਆ ਸੀ ਅਤੇ ਹੋ ਸਕਦਾ ਸੀ ਕਿ ਉਹ ਓਸੇ ਹੀ ਬੇਹੂਦਾ ਢੰਗ ਨਾਲ਼ ਮਰੇ ਜਿਸ ਤਰ੍ਹਾਂ ਉਹਨੇ ਕਲਪਨਾ ਕੀਤੀ ਸੀ ਤੇ ਜਿਸ ਤਰ੍ਹਾਂ ਮਰਨ ਤੋਂ ਉਹ ਡਰਦਾ ਸੀ। ਇਹ ਭੋਰਾ ਭੋਰਾ ਡਿਗਦੀਆਂ ਮਟਿਆਲੀਆਂ ਕੰਧਾਂ ਵਾਲ਼ੀ ਅਤੇ ਟੀ.ਐਨ.ਟੀ*. ਦੀ ਸਾਹਘੋਟੂ ਮੁਸ਼ਕ ਵਾਲ਼ੀ ਜਿਸ ਵਿਚ ਮਨੁੱਖੀ ਲਹੂ ਮਾਸ ਦੀ ਮੁਸ਼ਕ ਵੀ ਰਲੀ ਹੋਈ ਸੀ, ਓਹੋ ਖੰਦਕ ਸੀ ਅਤੇ ਉਸੇ ਹੀ ਤਰ੍ਹਾਂ ਚਾਰ ਚੁਫੇਰੇ ਓਹੋ ਨਿਸੱਤਾ ਕਰ ਦੇਣ ਵਾਲ਼ੀ ਠਾਹ-ਠਾਹ ਅਤੇ ਗੜਗੜ ਹੋ ਰਹੀ ਸੀ। ਪਰ ਅੱਜ ਲੜਾਈ ਹੋ ਰਹੀ ਸੀ, ਜੰਗਲ ਦੇ ਦੂਸਰੇ ਪਾਸੇ ਕੋਈ ਮਾੜੀ ਮੋਟੀ ਕਾਰਵਾਈ ਨਹੀਂ ਸੀ ਹੋ ਰਹੀ, ਜਿਵੇਂ ਕੱਲ੍ਹ ਹੋ ਰਿਹਾ ਸੀ ਅਤੇ ਉਹ, ਵੋਲੋਦਿਨ, ਇਸ ਲੜਾਈ ਦੇ ਵਿਚਕਾਰ ਸੀ। ਵੋਲੋਦਿਨ ਨੇ ਜੋ ਕੁਝ ਅੱਖੀਂ ਵੇਖਣ ਵਾਲ਼ਿਆਂ ਕੋਲ਼ੋਂ ਸੁਣਿਆ ਹੋਇਆ ਸੀ ਤੇ ਜੋ ਕੁਝ ਉਸ ਨੂੰ ਛੋਟੀਆਂ ਝੜਪਾਂ ਵਿਚ ਆਪ ਲਏ ਹਿੱਸੇ ਤੋਂ ਪਤਾ ਸੀ, ਉਸ ਸਭ ਕੁਝ ਤੋਂ ਉਸ ਨੇ ਉਸ ਲੜਾਈ ਦੇ ਅਸਲ ਖਾਸੇ ਦਾ ਅਨੁਮਾਨ ਲਾਉਣ ਦੀ ਕੋਸ਼ਿਸ਼ ਕੀਤੀ ਜਿਹੜੀ ਇਸ ਵੇਲ਼ੇ ਸੋਲੋਮਕੀ ਦੇ ਨੇੜੇ ਛਿੜ ਪਈ ਸੀ। ਸਪਸ਼ਟ ਸੀ ਕਿ ਜਰਮਨ ਤੋਪਖਾਨੇ ਦੇ ਗੋਲ਼ਿਆਂ ਦੀ ਆੜ ਲੈ ਕੇ ਹਮਲਾ ਕਰਨ ਵਾਸਤੇ ਇਕ ਥਾਂ ਜਮ੍ਹਾਂ ਹੋ ਰਹੇ ਸਨ। ਉਸ ਨੂੰ ਚੌਕਸ ਰਹਿਣ ਦੀ ਲੋੜ ਸੀ, ਤਿਆਰ ਰਹਿਣ ਦੀ ਲੋੜ ਸੀ ਤਾਂ ਜੋ ਅਚਿੰਤਾ ਹੀ ਕਾਬੂ ਨਾ ਆ ਜਾਵੇ। ਉਹ ਪਾਸ਼ੇਨਤਸੇਵ ਦੇ ਨਿਸਚਿੰਤ ਤੇ ਧੀਰਜਭਰੇ ਠਰ੍ਹੰਮੇ ਤੋਂ ਹੈਰਾਨ ਵੀ ਸੀ ਤੇ ਪ੍ਰੇਸ਼ਾਨ ਵੀ ਜਿਸ ਦਾ, ਜਿਵੇਂ ਕਿ ਵੋਲੋਦਿਨ ਨੂੰ ਲੱਗਦਾ ਸੀ, ਕਮਾਂਡ ਚੌਂਕੀ ਜਾਣ ਦਾ ਕੋਈ ਇਰਾਦਾ ਨਹੀਂ ਸੀ ਜਾਪਦਾ। ਕਿਸੇ ਵੇਲ਼ੇ ਵੋਲੋਦਿਨ ਨੂੰ ਵਿਚਾਰ ਆਉਂਦਾ ਕਿ ਉਸ ਨੂੰ ਨੇੜੇ ਆ ਰਹੇ ਟੈਂਕਾਂ ਦੀ ਦਨਦਨਾਹਟ ਸੁਣੀ ਹੈ। ਉਸ ਵੇਲ਼ੇ ਉਹ ਕਪਤਾਨ ਦੇ ਮਿੱਟੀ-ਘੱਟੇ ਨਾਲ਼ ਭਰੇ ਚਿਹਰੇ ਵੱਲ ਵੇਖਦਾ ਅਤੇ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕਰਦਾ ਕਿ ਕਪਤਾਨ ਨੇ ਉਹ ਅਵਾਜ਼ ਸੁਣੀ ਜਾਂ ਨਹੀਂ ਜਿਹੜੀ ਵੋਲੋਦਿਨ ਨੇ ਸੁਣੀ ਸੀ ? ਪਰ ਕਪਤਾਨ ਦੇ ਚਿਹਰੇ ਦੇ ਹਾਵਾਂ-ਭਾਵਾਂ ਵਿਚ ਕੋਈ ਤਬਦੀਲੀ ਨਹੀਂ ਸੀ ਹੁੰਦੀ।

ਕਪਤਾਨ ਪਾਸ਼ੇਨਤਸੇਵ ਉਸ ਗੱਲ ਤੋਂ ਚੰਗੀ ਤਰ੍ਹਾਂ ਸੁਚੇਤ ਸੀ ਜਿਹੜੀ ਵੋਲੋਦਿਨ ਜੋਸ਼ ਵਿਚ ਆ ਕੇ ਭੁੱਲ ਗਿਆ ਹੋਇਆ ਸੀ। ਜਿੰਨਾ ਚਿਰ ਤੋਪਾਂ ਦੇ ਗੋਲ਼ੇ ਚੱਲ ਰਹੇ ਹਨ ਓਨਾ ਚਿਰ ਹਮਲਾ ਨਹੀਂ ਹੋਵੇਗਾ ਅਤੇ ਜਰਮਨ ਬਹੁਤਾ ਨੇੜੇ ਨਹੀਂ ਸਨ ਆ ਸਕਦੇ ਕਿਉਂਕਿ ਸਾਮ੍ਹਣੇ

---

* ਵਿਸਫੋਟਕ ਪਦਾਰਥ। **—ਸੰਪਾ:**

ਵਾਲ਼ੇ ਫਾਫਰੇ ਦੇ ਖੇਤ ਵਿਚ ਸੁਰੰਗਾਂ ਵਿਛਾਈਆਂ ਹੋਈਆਂ ਸਨ। ਹਾਂ, ਇਸ ਪੱਖੋਂ ਉਹਨੂੰ ਬਹੁਤ ਬੇਫਿਕਰੀ ਸੀ। ਜਿਹੜੀ ਗੱਲ ਉਸ ਨੂੰ ਪ੍ਰੇਸ਼ਾਨ ਕਰ ਰਹੀ ਸੀ ਉਹ ਇਹ ਸੀ ਕਿ ਪਿਛਲੇ ਵੀਹ ਮਿੰਟਾਂ ਤੋਂ ਬਿਨਾਂ ਕਿਸੇ ਢਿੱਲ-ਮੱਠ ਦੇ ਗੋਲ਼ਾਬਾਰੀ ਲਗਾਤਾਰ ਹੋਈ ਜਾ ਰਹੀ ਸੀ। ਇਸ ਦਾ ਮਤਲਬ ਇਹ ਸੀ ਕਿ ਜਾਂ ਤਾਂ ਕਰਾਰੀ ਸੱਟ ਲਾਉਣ ਵਾਸਤੇ ਜਰਮਨਾਂ ਵਿਚ ਹਿੰਮਤ ਨਹੀਂ ਤੇ ਇਸ ਵਾਸਤੇ ਉਹ ਆਪਣੇ ਤੋਪਾਖਾਨੇ ਨਾਲ਼ ਹੀ ਹਿਫਾਜ਼ਤੀ ਮੋਰਚੇ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਜਾਂ ਉਹਨਾਂ ਨੇ ਮੁੱਖ ਹਮਲੇ ਵਾਸਤੇ ਇਹ ਹਲਕਾ ਚੁਣਿਆ ਸੀ ਅਤੇ ਬਿਨਾਂ ਕਿਸੇ ਰੋਕ ਰੁਕਾਵਟ ਦੇ ਵੱਡੀ ਸੜਕ ਤੱਕ ਪਹੁੰਚ ਜਾਣਾ ਯਕੀਨੀ ਬਣਾਉਣ ਲਈ ਆਪਣਾ ਪੂਰਾ ਤਾਣ ਲਾ ਰਹੇ ਸਨ। ਕਿਉਂਕਿ ਉਸ ਨੂੰ ਇਹ ਪੱਕਾ ਯਕੀਨ ਨਹੀਂ ਸੀ ਹੋ ਸਕਦਾ ਕਿ ਉਸ ਦੀ ਕਿਹੜੀ ਧਾਰਨਾ ਠੀਕ ਹੈ ਇਸ ਲਈ ਪਾਸ਼ੇਨਤਸੇਵ ਨੇ ਦੋਹਾਂ ਵਿਚੋਂ ਵਧੇਰੇ ਖ਼ਤਰਨਾਕ ਧਾਰਨਾ ਨੂੰ ਪਹਿਲ ਦਿੱਤੀ ਅਤੇ ਇਸੇ ਲਈ ਹੁਣ ਉਸ ਦੀ ਸੋਚ ਆਪਣੇ ਮੋਰਚਿਆਂ ਉੱਤੇ, ਪਾਸੇ ਦੀਆਂ ਸੌੜੀਆਂ ਖੰਦਕਾਂ ਤੇ ਰਾਖਵੇਂ ਮੋਰਚਿਆਂ ਵਾਲ਼ੀ ਵੱਡੀ ਖੰਦਕ ਦੀ ਲੰਮੀ ਤੇ ਵਿੰਗੀ-ਟੇਢੀ ਲੀਹ ਉੱਤੇ ਇਕਾਗਰ ਸੀ ਜਿਹੜੀ ਉਸ ਨੂੰ ਇਸ ਵੇਲ਼ੇ ਵਿਖਾਈ ਨਹੀਂ ਸੀ ਦੇਂਦੀ ਪਰ ਜਿਸ ਨੂੰ ਉਹ ਇਉਂ ਮਹਿਸੂਸ ਕਰਦਾ ਸੀ ਜਿਵੇਂ ਆਪਣੇ ਹੱਥ ਨੂੰ ਮਹਿਸੂਸ ਕਰਦਾ ਸੀ, ਜਿਵੇਂ ਉਹ ਉਸ ਦਾ ਅੰਗ ਹੋਵੇ। ਅਤੇ ਮਾਮੂਲੀ ਜਿਹੀਆਂ ਨਿਸ਼ਾਨੀਆਂ ਤੋਂ ਜਿਨ੍ਹਾਂ ਨੂੰ ਲੜਾਈ ਦੇ ਰੌਲ਼ੇ-ਗੌਲ਼ੇ ਵਿਚ ਮਸਾਂ ਹੀ ਸਮਝ ਸਕਿਆ, ਉਸ ਨੇ ਇਹ ਹਾੜਨ ਦਾ ਯਤਨ ਕੀਤਾ ਕਿ ਕੰਪਨੀ ਨੂੰ ਕਿੰਨਾ ਕੁ ਨੁਕਸਾਨ ਉਠਾਉਣਾ ਪਵੇਗਾ ਅਤੇ ਇਹ ਹਮਲਾਵਾਰ ਦੁਸ਼ਮਣ ਦਾ ਮੁਕਾਬਲਾ ਕਿਵੇਂ ਕਰੇਗੀ। ਉਸ ਨੇ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਉਹ ਸ਼ਾਇਦ ਦੁਸ਼ਮਣ ਦੇ ਵਧ ਰਹੇ ਟੈਂਕਾਂ ਦੇ ਹੜ੍ਹ ਨੂੰ ਰੋਕ ਨਹੀਂ ਸਕਣਗੇ ਅਤੇ ਉਹਨਾਂ ਨੂੰ ਕੁਝ ਟੈਂਕ ਅੱਗੇ ਲੰਘ ਜਾਣ ਦੇਣੇ ਪੈਣਗੇ ਤੇ ਉਹਨਾਂ ਦੇ ਪਿੱਛੇ ਵਧ ਰਹੀ ਪਿਆਦਾ ਫੌਜ ਦੇ ਆਹੂ ਲਾਹ ਦੇਣਗੇ। ਇਸ ਗੱਲ ਨੂੰ ਉਹ ਯਕੀਨੀ ਸਮਝਦਾ ਸੀ ਕਿਉਂਕਿ ਇਕ ਤਾਂ ਖੁਦ ਤੋਪਚੀਆਂ ਨੇ ਹੀ, ਜਿਨ੍ਹਾਂ ਦੇ ਕਮਾਂਡਰ ਦਾ ਨਾਂ ਤਬੋਲਾ ਸੀ, ਇਸ ਵਿਉਂਤ ਦੀ ਤਜਵੀਜ਼ ਰੱਖੀ ਸੀ ਅਤੇ ਇਸ ਲਈ ਵੀ ਕਿ ਉਸ ਦੀ ਕੰਪਨੀ ਸਾਰੇ "ਦੇਖ-ਭਾਲ" ਦੇ ਦੌਰ ਵਿਚੋਂ ਲੰਘ ਚੁੱਕੀ ਸੀ ਅਤੇ ਹਰ ਜਵਾਨ ਨੂੰ ਇਹ ਪਤਾ ਸੀ ਕਿ ਜੇ ਟੈਂਕ ਮੁੱਖ ਖੰਦਕ ਵਿਚ ਪਾੜ ਪਾ ਦੇਣ ਤਾਂ ਕੀ ਕਰਨਾ ਹੈ। ਇਸ ਦੇ ਨਾਲ਼ ਹੀ ਹਰ ਹਲਕੇ ਤੇ ਪਲਟਣ ਦੇ ਕਮਾਂਡਰ ਨੂੰ ਪਤਾ ਸੀ ਕਿ ਕੀ ਕਰਨਾ ਹੈ ਅਤੇ ਵੋਲੋਦਿਨ, ਜਿਸ ਨੂੰ ਪਾਸ਼ੇਨਤਸੇਵ ਅਨਾੜੀ ਸਮਝਦਾ ਸੀ ਅਤੇ ਕੱਲ੍ਹ ਹੀ, ਲੜਾਈ ਤੋਂ ਇਕ ਦਿਨ ਪਹਿਲਾਂ ਹੀ, ਜਿਸ ਤੋਂ ਉਹਦਾ ਭਰੋਸੇਯੋਗ ਸਹਾਇਕ — ਸੀਨੀਅਰ ਸਾਰਜੈਂਟ ਜ਼ਾਗਰੂਦਨੀ — ਅਚਨਚੇਤ ਖੁੱਸ ਗਿਆ ਸੀ, ਉਹਦੇ ਕੋਲ਼ ਸੀ ਅਤੇ ਡਟਿਆ ਹੋਇਆ ਸੀ ਜਿਸ ਦੀ ਕਪਤਾਨ ਨੂੰ ਖ਼ਾਸ ਤਸੱਲੀ ਸੀ...

ਮਿੱਟੀ-ਘੱਟੇ ਤੇ ਟੀ. ਐਨ. ਟੀ. ਦੇ ਪੀਲ਼ੇ ਧੂੰਏਂ ਵਿਚ ਘਿਰੀ ਹੋਈ ਸਾਰੀ ਕੰਪਨੀ, ਸਾਰੀ ਬਟਾਲੀਅਨ, ਸੋਲੋਮਕੀ ਦੀ ਸਾਰੀ ਸੁਰੱਖਿਆ ਸੈਨਾ ਹਵਾਈ ਹਮਲੇ ਦੇ ਖਾਤਮੇ ਦੀ ਬੜੀ ਤੀਬਰਤਾ ਨਾਲ਼ ਉਡੀਕ ਕਰ ਰਹੀ ਸੀ।

ਪਰ ਜੋ ਕੁਝ ਸੋਲੋਮਕੀ ਦੇ ਜਵਾਨਾਂ ਨੇ ਹਾਲ਼ੇ ਨਹੀਂ ਸੀ ਵੇਖਿਆ — ਟੈਂਕਾਂ ਦਾ ਕਾਲ਼ਾ ਦਸਤਾ — ਡਿਵੀਜ਼ਨ ਦੀ ਕਮਾਂਡ ਚੌਂਕੀ ਤੋਂ ਸਪਸ਼ਟ ਸਮਚਤਰਭੁਜ ਨਜ਼ਰ ਆ ਰਿਹਾ ਸੀ। ਇਹ

ਵਿਰਾਟ ਰੂਪ ਵਾਲ਼ਾ ਕਾਲ਼ਾ ਸਮਚਤਰਭੁਜ, ਜਿਵੇਂ ਇਕ ਜੰਗਲ ਦਾ ਟੋਟਾ ਹੀ ਨਾਲ਼ੋਂ ਲੱਥ ਕੇ ਅੱਗੇ ਵਧ ਰਿਹਾ ਹੋਵੇ — ਫਾਫਰੇ ਦੇ ਖੇਤ ਵੱਲ਼ ਵਧਦਾ ਆ ਰਿਹਾ ਸੀ।

"ਟੈਂਕ !.."

"ਟੈਂਕ !.."

"ਟੈਂਕ !.."

ਸਿਗਨਲ ਦੇਣ ਵਾਲ਼ਿਆਂ ਨੇ ਟੈਲੀਫੋਨ ਉੱਤੇ ਚਿੱਲਾ ਕੇ ਖ਼ਬਰ ਦਿੱਤੀ।

ਟੈਂਕ ਇਕਸਾਰ ਰਫ਼ਤਾਰ ਫੜਦੇ ਜਾ ਰਹੇ ਸਨ, ਪਰ ਦੂਰੋਂ ਇਉਂ ਲੱਗਦਾ ਸੀ ਜਿਵੇਂ ਰੀਂਗਦੇ ਆਉਂਦੇ ਹੋਣ। ਚੱਟਾਨਾਂ ਉੱਤੋਂ ਦੀ ਉਹਨਾਂ ਦੇ ਵੱਡੇ-ਵੱਡੇ ਆਕਾਰ ਮਸਾਂ ਹੀ ਹਿਲਦੇ ਜਾਪਦੇ ਸਨ। ਇਕ ਛੋਟਾ ਜਿਹਾ ਹਲਕਾ ਟੈਂਕ ਦਸਤੇ ਦੇ ਅੱਗੇ-ਅੱਗੇ ਰਬੜ ਦੀ ਗੇਂਦ ਵਾਂਗ ਭੁੜਕਦਾ ਆਉਂਦਾ ਸੀ। ਜਾਪਦਾ ਸੀ ਜਿਵੇਂ ਟੋਹ-ਟੋਹ ਕੇ ਰਾਹ ਲੱਭਦਾ ਹੋਵੇ। ਜਦੋਂ ਇਹ ਸੱਜੇ ਜਾਂ ਖੱਬੇ ਮੁੜਦਾ ਤਾਂ ਉਹਦੇ ਮਗਰ ਹੀ ਸਾਰਾ ਦਸਤਾ ਆਪਣਾ ਰਾਹ ਬਦਲ ਲੈਂਦਾ ਸੀ।

ਜਦੋਂ ਵੋਲੋਦਿਨ ਤੇ ਪਾਸ਼ੇਨਤਸੇਵ ਖੰਦਕ ਵਿਚੋਂ ਬਾਹਰ ਆਏ ਤੇ ਕਮਾਂਡ ਚੌਂਕੀ ਪਹੁੰਚੇ, ਓਦੋਂ ਛੋਟਾ ਹਲਕਾ ਟੈਂਕ ਫਾਫਰੇ ਦੇ ਖੇਤ ਤੋਂ ਦੂਰ ਨਹੀਂ ਸੀ। ਸ਼ੁਰੂ ਵਿਚ ਉਹਨਾਂ ਨੇ ਸਿਰਫ਼ ਇਸ ਛੋਟੇ ਟੈਂਕ ਨੂੰ ਹੀ ਧੂੜ ਵਿਚੋਂ ਅੱਗੇ ਵਧਦਿਆਂ ਵੇਖਿਆ ਸੀ ਅਤੇ ਪਾਸ਼ੇਨਤਸੇਵ ਨੇ, ਜਿਸ ਨੇ ਇਸ ਤੋਂ ਬਹੁਤ ਭੈੜੀ ਹਾਲਤ ਦੀ ਆਸ ਕੀਤੀ ਸੀ ਤੇ ਆਪਣੇ ਆਪ ਨੂੰ ਭਾਣਾ ਮੰਨਣ ਲਈ ਤਿਆਰ ਕਰ ਲਿਆ ਸੀ, ਪਰ ਹੁਣ ਉਸ ਨੇ ਵੱਖਰੀ ਹੀ ਹਾਲਤ ਵੇਖੀ ਸੀ, ਬੜੀ ਤੁੱਛ ਤੇ ਮਾਮੂਲੀ ਚੀਜ਼ ਵੇਖੀ ਸੀ, ਖ਼ੁਸ਼ ਹੋ ਕੇ ਸੀਟੀ ਵਜਾਈ। ਪਰ ਇਕ ਪਲ ਬਾਅਦ ਹੀ ਧੂੜ ਦੇ ਫਿੱਕੇ-ਫਿੱਕੇ ਬੱਦਲਾਂ ਵਿਚੋਂ ਭਾਰੀ ਟੈਂਕ ਨਜ਼ਰ ਆਉਣ ਲੱਗੇ ਅਤੇ ਇਸ ਤੋਂ ਅਗਲੇ ਕੁਝ ਪਲਾਂ ਵਿਚ ਖੜ-ਖੜ ਕਰਦੇ ਅਸਪਾਤੀ ਮਾਲ੍ਹ-ਪਟਿਆਂ ਵਾਲ਼ਾ ਪੂਰੇ ਦਾ ਪੂਰਾ ਧਾਵਾ ਬੋਲਣ ਵਾਲ਼ਾ ਦਸਤਾ ਸਪਸ਼ਟ ਨਜ਼ਰ ਆਉਣ ਲੱਗ ਪਿਆ। ਪਾਸ਼ੇਨਤਸੇਵ ਨੇ ਫੇਰ ਸੀਟੀ ਵਜਾਈ ਪਰ ਹੁਣ ਉਸ ਵਿਚ ਪਲ ਕੁ ਪਹਿਲਾਂ ਵਾਲ਼ਾ ਖੁਸ਼ੀ ਦਾ ਸੁਰ ਨਹੀਂ ਸੀ। ਹੁਣ ਉਹ ਵੀ, ਵੋਲੋਦਿਨ ਵਾਂਗ, ਜਲਦੀ-ਜਲਦੀ ਨੇੜੇ ਆ ਰਹੇ ਟੈਂਕ ਦਸਤੇ ਵੱਲ ਘੂਰ ਰਿਹਾ ਸੀ, ਪਰ ਜਿੱਥੇ ਵੋਲੋਦਿਨ, ਜਿਹੜਾ ਟੈਂਕਾਂ ਦਾ ਹਮਲਾ ਪਹਿਲੀ ਵਾਰੀ ਵੇਖ ਰਿਹਾ ਸੀ, ਇਸ ਸ਼ਾਨਦਾਰ ਝਾਕੀ ਤੋਂ ਬਹੁਤ ਪ੍ਰਭਾਵਿਤ ਹੋਇਆ ਸੀ, ਓਥੇ ਪਾਸ਼ੇਨਤਸੇਵ ਨੇ, ਜਿਸ ਦਾ ਧਿਆਨ ਇਕਦਮ ਹੀ ਅਸਾਧਾਰਨ ਸਮਚਤਰਭੁਜੀ ਦਸਤੇ ਅਤੇ ਇਸ ਦੀ ਖ਼ਾਸ ਤਰਤੀਬ ਤੇ ਇਸ ਦੇ ਤਾਲਮੇਲ ਵੱਲ ਗਿਆ ਸੀ, ਦੁਸ਼ਮਣ ਦੀਆਂ ਯੋਜਨਾਵਾਂ ਦਾ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ। ਇਸ ਸਮਚਤੁਰਭੁਜ ਦੇ ਵਿਚਕਾਰ ਹੌਲ਼ੇ ਟੈਂਕ, ਸਵੈਚਾਲਕ ਤੋਪਾਂ ਅਤੇ ਮਾਲ੍ਹਦਾਰ ਪਟਿਆਂ ਵਾਲ਼ੀਆਂ ਗੱਡੀਆਂ ਸਨ ਜਿਨ੍ਹਾਂ ਉੱਤੇ ਛੋਟੀਆਂ ਮਸ਼ੀਨਗੰਨਾਂ ਨਾਲ਼ ਲੈਸ ਸੈਨਿਕ ਸਨ ਅਤੇ ਪਾਸਿਆਂ ਉੱਤੇ ਭਾਰੇ ਟੈਂਕ ਸਨ ਜਿਹੜੇ ਬਕਤਰਬੰਦ ਗੱਡੀਆਂ ਦੇ ਹੜ੍ਹ ਦੀ ਢਾਲ ਬਣੇ ਹੋਏ ਸਨ। ਪਾਸ਼ੇਨਤਸੇਵ ਵਾਸਤੇ ਇਹ ਕੋਈ ਅਚੰਭਿਤ ਹੋਣ ਵਾਲ਼ਾ ਨਜ਼ਾਰਾ ਨਹੀਂ ਸੀ ਜਿਸ ਤਰ੍ਹਾਂ ਨਵੇਂ-ਨਵੇਂ ਵੋਲੋਦਿਨ ਵਾਸਤੇ ਸੀ। ਪਾਸ਼ੇਨਤਸੇਵ ਦੇ ਟੈਂਕਾਂ ਦੇ ਹਮਲੇ ਬਾਰੇ ਖਾਸ ਤਰ੍ਹਾਂ ਦੇ ਪੱਕੇ ਵਿਚਾਰ ਸਨ। ਟੈਂਕ ਖਿੰਡ ਕੇ ਇਕ ਤਰਤੀਬ ਵਿਚ ਅੱਗੇ ਵਧਦੇ ਹਨ ਤੇ ਉਹਨਾਂ ਦੇ ਮਗਰ-ਮਗਰ ਪਿਆਦਾ ਫ਼ੌਜ ਭੱਜੀ

ਆਉਂਦੀ ਹੈ। ਇਸ ਕਿਸਮ ਦੇ ਹਮਲੇ ਦਾ ਮੁਕਾਬਲਾ ਕਰਨ ਲਈ ਉਸ ਨੇ ਭਰੋਸੇ ਨਾਲ਼ ਤਿਆਰੀ ਕੀਤੀ ਹੋਈ ਸੀ ਪਰ ਜੋ ਕੁਝ ਉਸ ਨੇ ਇਸ ਵੇਲ਼ੇ ਵੇਖਿਆ ਸੀ ਉਹ ਪਹਿਲੀਆਂ ਟੱਕਰਾਂ ਦੇ ਉਸ ਦੇ ਆਪਣੇ ਤਜ਼ਰਬੇ ਨਾਲ਼ੋਂ ਬਿਲਕੁਲ ਵੱਖਰੀ ਚੀਜ਼ ਸੀ ਅਤੇ ਇਸ ਨਾਲ ਉਹਨੂੰ ਹੱਥਾਂ ਪੈਰਾਂ ਦੀ ਪੈ ਗਈ ਸੀ। ਉਸ ਨੂੰ ਪਤਾ ਸੀ ਕਿ ਉਸ ਦੇ ਜਵਾਨ ਵੀ ਉਹਨਾਂ ਉੱਤੇ ਚੜ੍ਹੇ ਆ ਰਹੇ ਇਕ ਵੱਡੇ ਕਾਲ਼ੇ ਦਸਤੇ ਨੂੰ ਵੇਖ ਕੇ ਇਸੇ ਤਰ੍ਹਾਂ ਦੀ ਘਬਰਾਹਟ ਮਹਿਸੂਸ ਕਰਨਗੇ ਅਤੇ ਉਹ ਇਸ ਗੱਲ ਦੀ ਉਮੀਦ ਕਰ ਰਹੇ ਸਨ ਕਿ ਉਹਨਾਂ ਦਾ ਕਮਾਂਡਰ ਉਹਨਾਂ ਨੂੰ "ਲੋੜੀਂਦਾ ਆਦੇਸ਼" ਦੇਵੇ। ਉਸ ਨੇ ਆਪਣੇ ਦਿਮਾਗ਼ ਨੂੰ ਖੁਰਚ ਕੇ ਅਜਿਹੇ ਆਦੇਸ਼ ਬਾਰੇ ਸੋਚਿਆ ਅਤੇ ਕੁਝ ਵੀ ਉਸ ਦੇ ਦਿਮਾਗ ਵਿਚ ਨਾ ਆਇਆ। ਇਸ ਨਾਲ਼ ਉਸ ਨੂੰ ਹੋਰ ਵੀ ਬਹੁਤੀ ਘਬਰਾਹਟ ਹੋਈ ਕਿਉਂਕਿ ਉਸ ਨੂੰ ਅਨੁਭਵ ਹੋਇਆ ਕਿ ਉਸ ਦਾ ਜੱਕੋ-ਤੱਕਾ ਕੰਪਨੀ ਵਾਸਤੇ ਮਾਰੂ ਸਿੱਧ ਹੋ ਸਕਦਾ ਸੀ। ਪਾਸ਼ੇਨਤਸੇਵ ਦੇ ਚਿਹਰੇ ਦਾ ਰੰਗ ਉੱਡ ਗਿਆ ਅਤੇ ਜੇ ਵੋਲੋਦਿਨ, ਜਿਸ ਨੂੰ ਇਸ ਵੇਲ਼ੇ ਆਪਣੇ ਆਪ ਦੀ ਅਤੇ ਆਪਣੇ ਵੱਲ਼ ਵਧੇ ਆ ਰਹੇ ਟੈਂਕਾਂ ਤੋਂ ਸਿਵਾਏ ਹੋਰ ਕਿਸੇ ਗੱਲ ਦੀ ਹੋਸ਼ ਨਹੀਂ ਸੀ ਅਤੇ ਜਿਸ ਨੂੰ ਆਪਣੇ ਅੰਦਰ ਦੀ ਇਸ ਅਵਾਜ਼ "ਚੂਰ-ਚੂਰ ਕਰ ਦਿਓ, ਚੂਰ-ਚੂਰ ਕਰ ਦਿਓ! ਤਬਾਹ ਕਰ ਦਿਓ..." — ਤੋਂ ਬਿਨਾਂ ਕੁਝ ਹੋਰ ਸਮਝ ਨਹੀਂ ਸੀ ਆਉਂਦਾ, ਉਸ ਖਣਕਦੇ ਗਰਜਦੇ ਦੈਂਤ ਨੂੰ ਜਿਸ ਨੇ ਉਹਦਾ ਧਿਆਨ ਖਿੱਚਿਆ ਹੋਇਆ ਸੀ ਇਕ ਪਲ ਵਾਸਤੇ ਵੀ ਪਰੋਖੇ ਕਰ ਦੇਂਦਾ, ਤਾਂ ਉਹ ਕੰਪਨੀ ਕਮਾਂਡਰ ਦੇ ਮੋਢੇ ਦੀ ਕੰਬਣੀ ਨੂੰ ਮਹਿਸੂਸ ਕਰ ਲੈਂਦਾ ਅਤੇ ਉਹ ਕਪਤਾਨ ਦੇ ਜਾਣੇ-ਪਛਾਣੇ ਚਿਹਰੇ ਦੀ ਥਾਂ ਕੋਈ ਹੋਰ ਹੀ ਚਿਹਰਾ ਵੇਖ ਲੈਂਦਾ — ਇਕ ਓਪਰਾ, ਉਦਾਸ ਚਿਹਰਾ ਜਿਸ ਵਿਚੋਂ ਲਹੂ ਨੁੱਚੜ ਗਿਆ ਹੋਵੇ।

ਦਸਤੇ ਤੇਜ਼ੀ ਨਾਲ਼ ਅੱਗੇ ਵੱਧਦੇ ਆਉਂਦੇ ਸਨ। ਛੋਟਾ ਹਲਕਾ ਟੈਂਕ ਫਾਫਰੇ ਦੇ ਖੇਤ ਵਿਚ ਪਹੁੰਚ ਵੀ ਗਿਆ ਸੀ ਅਤੇ ਇਸ ਦੇ ਸਿੱਟਿਆਂ ਨੂੰ ਮਿੱਧਦਾ ਲਿਤਾੜਦਾ ਅੱਗੇ ਵੱਧ ਰਿਹਾ ਸੀ ਪਰ ਅਚਾਨਕ ਇਕ ਮਾਲ੍ਹਦਾਰ ਪਟੇ ਹੇਠੋਂ ਅੱਗ ਦਾ ਇਕ ਲੂੰਬਾ ਜਿਹਾ ਉੱਠਿਆ ਅਤੇ ਟੈਂਕ ਲਾਟੂ ਵਾਂਗ ਘੁੰਮ ਗਿਆ ਤੇ ਅੱਗ ਫੜ ਗਿਆ। ਅਤੇ ਜਿਵੇਂ ਕੋਈ ਸਿਗਨਲ ਮਿਲਣ ਨਾਲ਼ ਸਾਰਾ ਦਲ ਰੁੱਕ ਗਿਆ। ਇਹ ਸਭ ਕੁਝ ਏਨਾ ਅਚਨਚੇਤ ਹੋਇਆ ਸੀ ਕਿ ਪਾਸ਼ੇਨਤਸੇਵ ਇਕ ਪਲ ਵਾਸਤੇ ਬੌਖਲਾ ਗਿਆ ਪਰ ਬਾਅਦ ਵਿਚ ਉਸ ਨੂੰ ਵਿਛੀਆਂ ਸੁਰੰਗਾਂ ਦਾ ਚੇਤਾ ਆ ਗਿਆ ਅਤੇ ਉਸ ਨੂੰ ਕੁਝ ਸੁੱਖ ਦਾ ਸਾਹ ਆਇਆ। ਅਤੇ ਇਹ ਸੁਰੰਗ-ਖੇਤਰ ਸਿਰਫ਼ ਪਹਿਲਾ ਅੜਿਕਾ ਸੀ। ਇਸ ਦੇ ਇਲਾਵਾ ਟੈਂਕ-ਮਾਰ ਤੋਪਾਂ ਤੇ ਟੈਂਕ-ਮਾਰ ਰਫ਼ਲਾਂ ਵੀ ਸਨ... ਕੰਪਨੀ ਦੇ ਟੈਂਕ-ਮਾਰ ਬੰਦੂਕਚੀਆਂ ਨੂੰ ਬਕਤਰਬੰਦ ਗੱਡੀਆਂ ਉੱਤੇ ਗੋਲ਼ੇ ਦਾਗਣੇ ਚਾਹੀਦੇ ਸਨ ਤਾਂ ਜੋ ਛੋਟੀਆਂ ਮਸ਼ੀਨਗੰਨਾਂ ਵਾਲ਼ੇ ਛਾਲਾਂ ਮਾਰ ਕੇ ਬਾਹਰ ਆ ਜਾਣ, ਤੇ ਫੇਰ ਉਹਨਾਂ ਨੂੰ ਟੈਂਕਾਂ ਨਾਲ਼ੋਂ "ਵੱਖ ਕਰਨਾ" ਬਹੁਤਾ ਔਖਾ ਨਹੀਂ ਹੋਵੇਗਾ... "ਬਕਤਰਬੰਦ ਗੱਡੀਆਂ ਉੱਤੇ!" ਪਾਸ਼ੇਨਤਸੇਵ ਨੇ ਆਪਣੇ ਮਨ ਵਿਚ ਦੁਹਰਾਇਆ। ਹੁਣ ਲੜਾਈ ਦੀ ਸਾਰੀ ਤਸਵੀਰ ਸਾਫ਼ ਹੋ ਗਈ ਸੀ ਤੇ ਉਹ ਖੁਸ਼ ਸੀ ਕਿ ਉਸ ਨੂੰ "ਲੋੜੀਂਦਾ ਆਦੇਸ਼" ਸੁੱਝ ਪਿਆ ਹੈ, ਕਿ ਉਹ ਘੱਟੋ-ਘੱਟ ਏਥੋਂ ਤੱਕ ਤਾਂ ਸੋਚ ਸਕਿਆ ਭਾਵੇਂ ਇਹ ਬਿਹਤਰੀਨ ਹੱਲ ਨਹੀਂ ਸੀ, ਪਰ ਘੱਟੋ-ਘੱਟ ਟੈਂਕ ਰੁੱਕ ਗਏ ਸਨ ਅਤੇ ਉਸ ਨੂੰ ਸੋਚਣ ਦਾ ਅਤੇ ਫੈਸਲਾ ਕਰਨ ਦਾ ਵਕਤ ਮਿਲ ਗਿਆ ਸੀ।

ਕਪਤਾਨ ਨੂੰ ਫੇਰ ਵਿਸ਼ਵਾਸ ਬੱਝਦਾ ਜਾ ਰਿਹਾ ਸੀ। ਉਸ ਨੇ ਆਪਣੀ ਹਿੱਕ ਤਾਣ ਲਈ ਅਤੇ ਜਦੋਂ ਵੋਲੋਦਿਨ ਨੇ ਲੋਹੜੇ ਦੀ ਖੁਸ਼ੀ ਨਾਲ਼ ਚਿੱਲਾ ਕੇ ਉਸ ਨੂੰ ਆਖਿਆ "ਫੂਕਿਆ ਗਿਆ! ਫੂਕਿਆ ਗਿਆ!" ਤਾਂ ਕਪਤਾਨ ਦੇ ਚਿਹਰੇ ਉੱਤੇ ਇਕ ਵਾਰੀ ਫੇਰ ਠਰ੍ਹੰਮਾ ਆ ਗਿਆ।

"ਫੂਕਿਆ ਗਿਆ, ਕਾਮਰੇਡ ਕਪਤਾਨ!"

"ਵੇਖ ਰਿਹਾਂ — ਫੂਕਿਆ ਗਿਆ।"

"ਤੇ ਟੈਂਕ... ਟੈਂਕ ਖਲੋ ਗਏ!"

"ਅਜੇ ਖੁਸ਼ ਹੋਣ ਦਾ ਵੇਲਾ ਨਹੀਂ, ਲੈਫਟੀਨੈਂਟ! ਹਾਲ਼ੇ ਤਾਂ ਕੰਮ ਸ਼ੁਰੂ ਹੀ ਹੋਇਆ ਹੈ..."

ਪਰ ਵੋਲੋਦਿਨ ਕੋਲ਼ ਸੁਣਾਉਣ ਵਾਲ਼ੀ ਇਕ ਹੋਰ ਖੁਸ਼ਖ਼ਬਰੀ ਵੀ ਸੀ।

"ਸਾਡਾ ਤੋਪਖਾਨਾ ਟੁੱਟ ਪਿਆ ਏ!"

ਦੂਰ ਮਾਰ ਕਰਨ ਵਾਲ਼ੀਆਂ ਤੋਪਾਂ ਦੇ ਦਸਤਿਆਂ ਨੇ ਗੋਲ਼ੇ ਵਰ੍ਹਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਟੈਂਕਾਂ ਦੇ ਉਸ ਦਸਤੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ ਜਿਹੜਾ ਫਾਫਰੇ ਦੇ ਖੇਤ ਅੱਗੇ ਆ ਰੁੱਕਿਆ ਸੀ ਜਿਸ ਵਿਚ ਸੁਰੰਗਾਂ ਵਿਛਾਈਆਂ ਹੋਈਆਂ ਸਨ। ਪਰ ਟੈਂਕਾਂ ਤੇ ਸਵੈਚਾਲਕ ਤੋਪਾਂ ਨੇ ਤੋਪ ਦਸਤਿਆਂ ਉੱਤੇ ਜਵਾਬੀ ਅੱਗ ਵਰ੍ਹਾਉਣੀ ਸ਼ੁਰੂ ਕਰ ਦਿੱਤੀ ਸੀ, ਪਹਿਲਾਂ ਬੇਦਿਲੀ ਤੇ ਸੁਸਤੀ ਜਿਹੀ ਨਾਲ਼ ਪਰ ਫੇਰ ਵਧ ਰਹੀ ਸਿਰੜ੍ਹਤਾ ਨਾਲ਼। ਜਾਪਦਾ ਸੀ ਕਿ ਜਰਮਨਾਂ ਦਾ ਪਿੱਛੇ ਹਟਣ ਦਾ ਕੋਈ ਇਰਾਦਾ ਨਹੀਂ ਸੀ, ਨਾ ਹੀ ਉਹ ਸੁਰੰਗ-ਖੇਤਰ ਨੂੰ ਸਾਫ਼ ਕਰਨ ਲਈ ਕੁਝ ਕਰ ਰਹੇ ਸਨ ਤਾਂ ਜੋ ਦਸਤੇ ਅੱਗੇ ਲੰਘ ਸਕਣ। ਇਸ ਦੁਬਿਧਾ ਜਾਂ ਉਲਝਣ ਤੋਂ ਪਾਸ਼ੇਨਤਸੇਵ ਪ੍ਰੇਸ਼ਾਨ ਸੀ ਤੇ ਉਹ ਖ਼ਬਰਦਾਰ ਹੋ ਗਿਆ ਸੀ। ਉਸ ਨੇ ਮਹਿਸੂਸ ਕੀਤਾ ਕਿ ਇਸ ਸਭ ਕੁਝ ਦੇ ਪਿੱਛੇ ਕੋਈ ਸੋਚੀ-ਸਮਝੀ ਜੁਗਤ ਹੋਣੀ ਜ਼ਰੂਰੀ ਹੈ, ਪਰ ਉਹ ਇਸ ਦੀ ਤਹਿ ਤੱਕ ਨਹੀਂ ਸੀ ਪਹੁੰਚ ਸਕਿਆ। ਉਸ ਨੂੰ ਫੇਰ ਹੱਥਾਂ ਪੈਰਾਂ ਦੀ ਪੈ ਗਈ ਤੇ ਉਹਦੇ ਦਿਮਾਗ਼ ਵਿਚ ਇਕ ਸੋਚ ਆਉਂਦੀ ਇਕ ਜਾਂਦੀ। ਉਸ ਨੇ ਦੁਸ਼ਮਣ ਦੇ ਟੈਂਕਾਂ ਵੱਲ਼, ਤੋਪਾਂ ਵਿਚੋਂ ਉੱਡਦੇ ਪਾਟਦੇ ਗੋਲ਼ਿਆਂ ਵੱਲ਼, ਦੁਮੇਲ ਉੱਤੇ ਜੰਗਲ ਦੇ ਨੀਲੇ-ਭੂਰੇ ਕੰਢੇ ਵੱਲ਼ ਵੇਖਿਆ ਤੇ ਕਿਸੇ ਐਸੀ ਚੀਜ਼ ਨੂੰ ਲੱਭਣ ਪਛਾਣਨ ਦਾ ਯਤਨ ਕੀਤਾ ਜਿਹੜੀ ਦੁਸ਼ਮਣ ਦੇ ਇਰਾਦਿਆਂ ਨੂੰ ਸਮਝਣ ਵਿਚ ਉਹਦੀ ਮਦਦ ਕਰ ਸਕਦੀ। ਫੇਰ ਉਸ ਨੇ ਅੰਬਰ ਵੱਲ ਨਿਗਾਹ ਮਾਰੀ ਤੇ ਉਸ ਨੂੰ "ਜੁੰਕਰਸ" ਉੱਡਦੇ ਵਿਖਾਈ ਦਿੱਤੇ। ਪਹਿਲਾ ਖ਼ਿਆਲ ਉਹਨੂੰ ਇਹ ਆਇਆ ਕਿ ਜਰਮਨ ਹਵਾਈ ਹਮਲੇ ਦੀ ਹਿਫ਼ਾਜ਼ਤੀ ਆੜ ਲੈ ਕੇ ਸੁਰੰਗਾਂ ਹਟਾਉਣ ਦਾ ਕੰਮ ਕਰਨ ਲੱਗੇ ਸਨ। ਪਰ "ਜੁੰਕਰਸ" ਬਟਾਲੀਅਨ ਦੇ ਮੋਰਚਿਆਂ ਨੂੰ ਨਹੀਂ ਸਗੋਂ ਫਾਫਰੇ ਦੇ ਖੇਤ ਨੂੰ ਹੀ ਨਿਸ਼ਾਨਾ ਬਣਾ ਰਹੇ ਸਨ। ਵੋਲੋਦਿਨ ਇਕਦਮ ਖੁਸ਼ੀ ਭਰੇ ਕਿਆਸ ਨਾਲ਼ ਬੋਲਿਆ, "ਆਪਣਿਆਂ ਉੱਤੇ ਵਰ੍ਹਾ ਰਹੇ ਨੇ!" ਪਾਸ਼ੇਨਤਸੇਵ ਦੇ ਦਿਮਾਗ਼ ਵਿਚ ਵੀ ਭਾਵੇਂ ਇਹ ਖਿਆਲ ਉੱਭਰਿਆ ਸੀ ਪਰ ਉਸ ਨੇ ਬੜੀ ਸਾਵਧਾਨੀ ਨਾਲ਼ ਇਸ ਨੂੰ ਵਿਚਾਰਿਆ। ਅੰਬਰ ਵਿਚ ਉੱਡਦਿਆਂ ਜਰਮਨਾਂ ਦੀ ਨਜ਼ਰ ਤੋਂ ਉਹਨਾਂ ਦੀ ਖੰਦਕ ਲੁਕੀ ਨਹੀਂ ਸੀ ਰਹਿ ਸਕਦੀ। ਇਸ ਦੇ ਇਲਾਵਾ ਉਹ ਇਕ ਖਾਸ ਵਿਉਂਤ ਅਨੁਸਾਰ ਹੀ ਬੰਬ ਸੁੱਟ ਰਹੇ ਸਨ, ਟੈਂਕ-ਦਲ ਦੇ ਸਾਮ੍ਹਣੇ ਇਕ ਸਿੱਧੀ ਕਤਾਰ ਦੀ ਸ਼ਕਲ ਵਿਚ। "ਸੁਰੰਗਾਂ ਨਸ਼ਟ ਕਰ ਰਹੇ ਹਨ। ਬੰਬਾਂ ਨਾਲ਼ ਸੁਰੰਗਾਂ ਹਟਾ ਰਹੇ ਹਨ। ਉਹਨਾਂ ਨੇ

ਵਾਇਰਲੈਸ ਰਾਹੀਂ ਭੇਜ ਕੇ ਸੁਰੰਗਾਂ ਹਟਾਉਣ ਲਈ ਹਵਾਈ ਮਦਦ ਮੰਗੀ ਸੀ !" ਪਾਸ਼ੇਨਤਸੇਵ ਨੇ ਅਖੀਰ ਅੰਦਾਜ਼ਾ ਲਾਇਆ। ਹੁਣ ਤਸਵੀਰ ਬਿਲਕੁਲ ਸਾਫ਼ ਸੀ। ਹੁਣ ਉਸ ਨੂੰ ਸਮਝ ਆ ਗਈ ਸੀ ਕਿ ਲੜਾਈ ਕਿਵੇਂ ਲੜਨੀ ਹੈ। "ਜੁੰਕਰਸ" ਹਾਲੇ ਵੀ ਆਪਣੇ ਨਿਸ਼ਾਨਿਆਂ ਉੱਤੇ ਝੱਟ ਖਾਂਦੇ ਸਨ ਪਰ ਕਪਤਾਨ ਦੇ ਕਰਨ ਵਾਲ਼ੇ ਕਈ ਹੋਰ ਕੰਮ ਸਨ। ਉਹ ਸਿਗਨਲਮੈਨ ਊਖਿਨ ਉੱਤੇ ਝੁੱਕਿਆ ਅਤੇ ਉਸ ਨੂੰ ਇਹ ਸੰਦੇਸ਼ ਭੇਜਣ ਦਾ ਹੁਕਮ ਦਿੱਤਾ:

"ਟੈਂਕ-ਮਾਰ ਗਰਨੇਡ ਤੇ ਅੱਗ ਲਾਊ ਬੋਤਲਾਂ ਤਿਆਰ ਕਰੋ !"

"ਜੇ ਉਹ ਸਿਰ 'ਤੇ ਆ ਜਾਣ ਤਾਂ ਟੈਂਕਾਂ ਨੂੰ ਲੰਘ ਜਾਣ ਦਿਓ ਤੇ ਪਿਛੋਂ ਬੋਤਲਾਂ ਤੇ ਗਰਨੇਡਾਂ ਦਾ ਮੀਂਹ ਵਰ੍ਹਾ ਦਿਓ !"

"ਟੈਂਕ-ਮਾਰ ਬੰਦੂਕਚੀ, ਬਕਤਰਬੰਦ ਗੱਡੀਆਂ ਨੂੰ ਨਿਸ਼ਾਨਾ ਬਣਾਉਣ।"

"ਮਸ਼ੀਨਗੰਨ ਤੇ ਛੋਟੀ ਮਸ਼ੀਨਗੰਨ ਚਲਾਉਣ ਵਾਲ਼ੇ, ਪਿਆਦਿਆਂ ਨੂੰ ਅਲੱਗ-ਥੱਲਗ ਕਰਨ।"

ਕਪਤਾਨ ਦੀ ਅਵਾਜ਼ ਸਾਫ਼ ਤੇ ਡਟਵੀਂ ਸੀ ਤੇ ਊਖਿਨ ਨੂੰ ਉਹਦੇ ਹੁਕਮਾਂ ਨੂੰ ਦੁਹਰਾਉਣ ਦਾ ਵਕਤ ਹੀ ਨਹੀਂ ਮਿਲ਼ਿਆ।

ਵੋਲੋਦਿਨ ਅਜੇ ਵੀ ਖੰਦਕ ਦੀ ਬੰਨੀ ਕੋਲ਼ ਖੜ੍ਹਾ ਸੀ ਤੇ ਸਾਮ੍ਹਣੇ ਵੇਖੀ ਜਾ ਰਿਹਾ ਸੀ। ਲੜਾਈ ਦੇ ਸ਼ੋਰ-ਸ਼ਰਾਬੇ ਵਿਚ ਨਾ ਉਸ ਨੂੰ ਕਪਤਾਨ ਦੀ ਅਵਾਜ਼ ਸੁਣਾਈ ਦਿੱਤੀ ਸੀ ਨਾ ਹੀ ਸਿਗਨਲ-ਮੈਨ ਦੀ। ਉਸ ਦਾ ਧਿਆਨ ਇਸ ਪਾਸੇ ਵੀਂ ਨਹੀਂ ਸੀ ਗਿਆ ਕਿ ਕਪਤਾਨ ਸਿਗਨਲਮੈਨ ਨਾਲ਼ ਗੱਲ ਕਰਨ ਵਾਸਤੇ ਖੰਦਕ ਦੀ ਬੰਨੀ ਤੋਂ ਚਲਾ ਗਿਆ ਸੀ। ਉਹ ਅਜੇ ਵੀ ਇਸ ਗੱਲੋਂ ਮਸਤਿਆਂ ਹੋਇਆ ਸੀ ਕਿ "ਜਰਮਨ ਆਪਣਿਆਂ ਦੀ ਹੀ ਮਿੱਝ ਕੱਢੀ ਜਾ ਰਹੇ ਸਨ" ਅਤੇ ਜਦੋਂ "ਜੁੰਕਰਸਾਂ" ਦੇ ਅਗਲੇ ਦਸਤੇ ਨੇ ਫਾਫਰੇ ਦੇ ਖੇਤ ਉੱਤੇ ਮੰਡਲਾ ਰਹੇ ਧੂਏਂ ਤੇ ਧੂੜ ਦੇ ਮੁਸ਼ਕਾਂ ਛੱਡਦੇ ਬੱਦਲ ਉੱਤੇ ਝੱਫ ਖਾਧਾ, ਤਾਂ ਵੋਲੋਦਿਨ ਦਾ ਜੀਅ ਕੀਤਾ ਕਿ ਚੀਖ਼ ਕੇ ਪਾਇਲਟ ਨੂੰ ਆਖੇ "ਸ਼ਾਬਾਸ਼ !" ਸ਼ੁਰੂ ਵਿਚ, ਤੋਪਖਾਨੇ ਦੇ ਹਮਲੇ ਦੌਰਾਨ ਉਹਨੇ ਇਹ ਸੋਚਣ ਸਮਝਣ ਦੀ ਕੋਸ਼ਿਸ਼ ਕੀਤੀ ਸੀ ਕਿ ਕੀ ਹੋ ਰਿਹਾ ਹੈ, ਪਰ ਜਦੋਂ ਉਸ ਨੇ ਸਮਚਤੁਰਭੁਜੀ ਟੈਂਕ ਦਲ ਵੇਖਿਆ ਤੇ ਬਾਅਦ ਵਿਚ, ਜਦੋਂ ਇਹ ਟੈਂਕ ਇਕ ਥਾਂ ਖੜੇ ਹੋ ਗਏ, ਅਤੇ ਖਾਸ ਕਰ ਕੇ ਹੁਣ, ਜਦੋਂ ਉਹਦੇ ਵਿਚਾਰ ਅਨੁਸਾਰ ਕੋਈ ਵਿਸ਼ਵਾਸੋ-ਬਾਹਰੀ ਪਰ ਉਹਦੇ ਤੇ ਸੋਲੋਮਕੀ ਦੇ ਸਾਰੇ ਜਵਾਨਾਂ ਵਾਸਤੇ ਬੜੀ ਭਾਗਾਂ ਵਾਲ਼ੀ ਗੱਲ ਵਾਪਰ ਰਹੀ ਸੀ — ਹੁਣ ਵੋਲੋਦਿਨ ਨਾ ਤਾਂ ਸਥਿਤੀ ਬਾਰੇ ਸੋਚ ਸਕਦਾ ਸੀ ਨਾ ਇਸ ਦਾ ਮੁਲਾਂਕਣ ਕਰ ਸਕਦਾ ਸੀ, ਅਤੇ ਉਹ ਪੂਰੀ ਤਰ੍ਹਾਂ ਜੋਸ਼ ਤੇ ਉਤਸ਼ਾਹ ਵਿਚ ਆਇਆ ਹੋਇਆ ਸੀ, ਅਤੇ ਜੋ ਕੁਝ ਖੜਖੜ ਗੜਗੜ ਕਰਦਾ ਅਤੇ ਹਿਲਦਾ ਜੁਲਦਾ ਸੀ ਅਤੇ ਨਾਲ਼ ਹੀ ਸਾਰੀਆਂ ਅਵਾਜ਼ਾਂ — ਸਵੈਚਾਲਕ ਮਸ਼ੀਨਗੰਨ ਦੀਆਂ ਛੋਟੀਆਂ ਬਾੜ੍ਹਾਂ ਤੋਂ ਲੈ ਕੇ ਭਾਰੀ ਤੋਪਾਂ ਦੇ ਧਮਾਕਿਆਂ ਦੀ ਅਵਾਜ਼ ਤੱਕ — ਇਹ ਸਭ ਕੁਝ ਉਸ ਨੂੰ ਲੜਾਈ ਦੀ ਮੁੱਢਲੀ ਨਹੀਂ ਸਗੋਂ ਅੰਤਲੀ ਸੁਰ ਜਾਪਦਾ ਸੀ। ਇਸ ਲਈ ਕੁਦਰਤੀ ਹੀ ਜਦੋਂ ਪਾਸ਼ੇਨਤਸੇਵ ਨੇ ਉਸ ਨੂੰ ਬੁਲਾਇਆ ਤੇ ਇਕਦਮ ਮਸ਼ੀਨਗੰਨਾਂ ਦੇ ਮੋਰਚਿਆਂ ਵੱਲ ਜਾਣ ਦਾ ਹੁਕਮ ਦਿੱਤਾ ਤਾਂ ਉਹ ਭੰਬਲ-ਭੂਸਿਆਂ ਵਿਚ ਪੈ ਗਿਆ ਸੀ।

"ਇਕ-ਇਕ ਜਵਾਨ ਡੱਟ ਜਾਵੇ!"

"ਪਰ ਉਹ ਪਹਿਲਾਂ ਹੀ..."

"ਉਹ ਬੰਬਾਂ ਨਾਲ਼ ਸੁਰੰਗਾਂ ਤਬਾਹ ਕਰ ਰਹੇ ਨੇ, ਹੁਣੇ ਹੀ ਉਹ ਹਮਲਾ ਕਰ ਦੇਣਗੇ... ਤਿਆਰ ਹੋ ਜਾਓ, ਲੈਫਟੀਨੈਂਟ!"

ਵੋਲੋਦਿਨ ਜਿਉਂ ਹੀ, ਪਾਸ਼ੇਨਤਸੇਵ ਦੇ ਹੁਕਮ ਦੀ ਤਾਮੀਲ ਕਰਦਿਆਂ, ਆਪਣੇ ਮੋਰਚੇ ਵਿਚੋਂ ਨਿਕਲਿਆ ਅਤੇ ਸੰਚਾਰ-ਖੰਦਕ ਵਿਚੋਂ ਦੌੜਦਾ ਹੋਇਆ ਮਸ਼ੀਨਗੰਨ ਦੇ ਮੋਰਚਿਆਂ ਵੱਲ ਗਿਆ, ਤਾਂ ਖੁਸ਼ੀ ਭਰਿਆ ਉਤਸ਼ਾਹ ਜਿਹੜਾ ਲੜਾਈ ਦੇ ਸ਼ੁਰੂ ਵਿਚ ਉਹਦੇ ਰੋਮ-ਰੋਮ ਵਿਚ ਆ ਵੱਸਿਆ ਸੀ, ਜਦੋਂ ਟੈਂਕਾਂ ਦੇ ਦਸਤੇ ਫਾਫਰੇ ਦੇ ਖੇਤ ਦੇ ਬੰਨੇ 'ਤੇ ਆ ਰੁਕੇ ਸਨ ਅਤੇ ਜੁੰਕਰਸਾਂ ਨੇ ਇਸ ਵਿਚ ਵਿਛਾਈਆਂ ਸੁਰੰਗਾਂ ਨੂੰ ਤਬਾਹ ਕਰਨਾ ਸ਼ੁਰੂ ਕੀਤਾ ਸੀ, ਖੁਸ਼ੀ ਭਰਿਆ ਉਤਸ਼ਾਹ, ਜਿਸ ਨੇ ਉਸ ਨੂੰ ਖੇੜਾ ਤੇ ਤਾਕਤ ਬਖ਼ਸ਼ੀ ਸੀ, ਇਕਦਮ ਕਿਧਰੇ ਉੱਡ ਪੁਡ ਗਿਆ ਸੀ। ਉਹ ਗੋਲ਼ਿਆਂ ਨਾਲ਼ ਬਣੇ ਟੋਇਆਂ ਵਿਚ ਤਿਲਕਦਾ ਤੇ ਮਿੱਟੀ ਦੇ ਢੇਰਾਂ ਨਾਲ਼ ਠੇਡੇ ਖਾਂਦਾ, ਅੱਧੀ ਤਬਾਹ ਹੋ ਗਈ ਖੰਦਕ ਵਿਚ ਭੱਜਾ ਜਾ ਰਿਹਾ ਸੀ। ਉਸ ਨੇ ਮਹਿਸੂਸ ਕੀਤਾ ਕਿ ਫੈਸਲੇ ਦੀ ਘੜੀ ਨੇੜੇ ਆ ਰਹੀ ਸੀ, ਅਤੇ ਇਸ ਘੜੀ ਦੇ ਭੈ, ਤੇ ਨਿਡਰ ਤੇ ਦਲੇਰ ਬਣਨ ਦੀ ਤਾਂਘ ਕਦੇ ਉਹਨੂੰ ਰੋਕ ਲੈਂਦੀ ਅਤੇ ਲੜਾਈ ਦੀਆਂ ਗਰਜਾਂ, ਗੜ੍ਹਕਾਂ, ਇੰਜਨਾਂ ਦੀ ਖੜਖੜ ਤੇ ਘੂੰ-ਘੂੰ ਉਹਦੇ ਕੰਨ ਪੈਂਦੀ, ਕਦੇ ਇਹ ਤਾਂਘ ਉਸ ਨੂੰ ਫੇਰ ਉੱਭਰਦੀ ਤੇ ਉਹ ਨਵੇਂ ਸਿਰੇ ਜਲਦੀ-ਜਲਦੀ ਅੱਗੇ ਤੁਰ ਪੈਂਦਾ। ਖੰਦਕ ਵਿਚ ਜ਼ਖ਼ਮੀ ਜਵਾਨ ਪਏ ਹੋਏ ਸਨ ਤੇ ਕੋਈ ਵੀ ਉਹਨਾਂ ਨੂੰ ਸੰਭਾਲ ਨਹੀਂ ਸੀ ਰਿਹਾ। ਉਹਨਾਂ ਦੀਆਂ ਨਿਤਾਣੀਆਂ-ਹਾਰ ਹੂੰਗਰਾਂ ਸ਼ੋਰ-ਸ਼ਰਾਬੇ ਵਿਚ ਡੁਬੋ ਜਾਂਦੀਆਂ ਸਨ। ਜਦੋਂ ਲੈਫਟੀਨੈਂਟ ਉਹਨਾਂ ਦੇ ਕੋਲ਼ੋਂ ਦੀ ਭੱਜ ਕੇ ਲੰਘਿਆ ਤਾਂ ਉਹਨਾਂ ਨੇ ਆਪਣੇ ਸੁਆਹ ਰੰਗੇ ਤੇ ਪੀੜ ਦੇ ਭੰਨੇ ਚਿਹਰੇ ਉਹਦੇ ਵੱਲ਼ ਕਰਕੇ ਵੇਖਿਆ ਅਤੇ ਵੋਲੋਦਿਨ ਵਾਸਤੇ ਆਪਣੇ ਹੀ ਜਵਾਨਾਂ ਨੂੰ ਪਛਾਣਨਾ ਔਖਾ ਹੋ ਗਿਆ ਸੀ। "ਜ਼ਿਖਾਰਵੇ ਕਿੱਥੇ ਹੈ? ਫੱਟੜਾਂ ਨੂੰ ਕੋਈ ਸੰਭਾਲਦਾ ਕਿਉਂ ਨਹੀਂ?..." ਪਰ ਐਨ ਓਸੇ ਹੀ ਪਲ ਕੰਪਨੀ ਦੇ ਮੈਡੀਕਲ ਸੇਵਕ ਉੱਤੇ ਵੋਲੋਦਿਨ ਦਾ ਪੈਰ ਆਉਂਦਾ-ਆਉਂਦਾ ਬਚ ਗਿਆ, ਜਿਹੜਾ ਇਕ ਵੱਖੀ ਵਾਲ਼ੀ ਖੰਦਕ ਦੇ ਮੂੰਹ ਅੱਗੇ ਪਿਆ ਸੀ। ਛੋਟਾ ਜਿਹਾ ਆਕਾਰ, ਗੋਡੇ 'ਕੱਠੇ ਕਰ ਕੇ ਠੋਡੀ ਦੇ ਨਾਲ਼ ਲਾਏ ਹੋਏ, ਬੱਗਾ ਪੂਣੀ ਹੋ ਗਿਆ ਟੱਡਿਆ ਹੋਇਆ ਮੂੰਹ। ਖੰਦਕ ਦੀਆਂ ਕੰਧਾਂ ਦੀ ਲਾਲੀ ਦੀ ਭਾਹ ਮਾਰਦੀ ਚੀਕਣੀ ਮਿੱਟੀ ਦੇ ਢੇਲੇ ਉਸ ਦੇ ਕੰਨ ਉੱਤੇ, ਉਸ ਦੀ ਚਿੱਟੀ ਗੱਲ੍ਹ ਉੱਤੇ, ਮੱਥੇ ਉੱਤੇ ਡਿੱਗੇ ਹੋਏ ਸਨ ਤੇ ਉਸ ਦੀਆਂ ਨਮ-ਮੁਰਦਾ ਅੱਖਾਂ ਉੱਤੇ ਚਿਪਕੇ ਹੋਏ ਸਨ। ਉਹਦਾ ਮੁੱਢਲੀ ਡਾਕਟਰੀ ਸਹਾਇਤਾ ਵਾਲ਼ਾ ਬੈਗ ਤੇ ਟੋਟੇ-ਟੋਟੇ ਹੋ ਗਿਆ ਲੋਹ-ਟੋਪ ਉਹਦੇ ਕੋਲ਼ ਪਿਆ ਸੀ। ਅਤੇ ਐਨ ਸਾਮ੍ਹਣੇ, ਇਕ ਛੋਟੇ ਜਿਹੇ ਮੋਰਚੇ ਵਿਚ, ਟੈਂਕ-ਮਾਰ ਬੰਦੂਕਚੀਆਂ ਦੀ ਇਕ ਟੋਲੀ ਪੂਰੇ ਜ਼ੋਰ ਨਾਲ਼ ਕੰਮ ਲੱਗੀ ਹੋਈ ਸੀ।

"ਚੌਥਾ!..." ਟੋਪ ਦਾ ਨਿਸ਼ਾਨਾ ਮਾਰਨ ਵਾਲ਼ੇ ਵੋਲਰੋਵ ਨੇ ਉੱਚੀ ਅਵਾਜ਼ ਵਿਚ ਚਿੱਲਾ ਕੇ ਆਖਿਆ ਅਤੇ ਉਹਦੇ ਸਾਥੀ ਸ਼ਚੇਗਲੇਵ ਨੇ ਖੰਦਕ ਦੀ ਬਾਹੀ ਉੱਤੇ ਇਕ ਝਰੀਟ ਖਿੱਚ ਦਿੱਤੀ।

ਤੇ ਫੇਰ ਵੋਲਕੋਵ ਦੀ ਗਰਜਵੀਂ ਅਵਾਜ਼ ਸੁਣਾਈ ਦਿੱਤੀ:

"ਗੋਲ਼ੀਆਂ!..."

ਖੰਦਕ ਵਿਚ ਜਿੰਦਗੀ ਸੀ: ਧੂੜ ਵਿਚ ਤਕਰੀਬਨ ਅਦਿੱਖ, ਧੁੰਦਲੀਆਂ ਸੂਰਤਾਂ ਵਾਲ਼ੇ ਜਵਾਨ ਉਹ ਔਖਾ ਕੰਮ ਕਰ ਰਹੇ ਸਨ ਜੋ ਲੜਾਈ ਦਾ ਉਹਨਾਂ ਕੋਲ਼ੋਂ ਤਕਾਜ਼ਾ ਸੀ। ਉਹਨਾਂ ਕੋਲ਼ ਫੱਟੜਾਂ ਜਾਂ ਮਰਨ ਵਾਲ਼ਿਆਂ ਵਾਸਤੇ ਕੋਈ ਵਕਤ ਨਹੀਂ ਸੀ। ਜਿਊਂਦੇ ਸਿਰਫ਼ ਜ਼ਿੰਦਗੀ ਬਾਰੇ, ਦੁਸ਼ਮਣ ਦੇ ਟੈਂਕਾਂ ਤੇ ਪਿਆਦਾ ਫ਼ੌਜ ਦੇ ਹਮਲੇ ਨੂੰ ਪਛਾੜਨ, ਦੁਸ਼ਮਣ ਦਾ ਲੱਕ ਤੋੜਨ ਤੇ ਉਸ ਦੇ ਛੱਕੇ ਛੁਡਾਉਣ ਬਾਰੇ ਸੋਚ ਰਹੇ ਸਨ। ਵੋਲੋਦਿਨ ਜ਼ਿਖਾਰੇਵ ਦੀ ਲਾਸ਼ ਉੱਤੋਂ ਟੱਪ ਗਿਆ ਅਤੇ ਦੌੜਦਾ ਗਿਆ। ਮਸ਼ੀਨਗੰਨਾਂ ਦੇ ਮੋਰਚੇ ਸਿਰਫ਼ ਦਸ ਕੁ ਮੀਟਰ ਦੂਰ ਸਨ, ਖੰਦਕ ਦੇ ਦੋ ਕੁ ਮੋੜ ਮੁੜਕੇ। ਜਦੋਂ ਉਹ ਆਖਰੀ ਮੋੜ ਮੁੜਿਆ ਤਾਂ ਉਸ ਨੂੰ ਪਤਾ ਲੱਗਾ ਕਿ ਮਸ਼ੀਨਗੰਨਾਂ ਖਾਮੋਸ਼ ਸਨ। ਇਹਨਾਂ ਨੇ ਗੋਲ਼ੀਆਂ ਚਲਾਉਣੀਆਂ ਕਦੋਂ ਬੰਦ ਕੀਤੀਆਂ ਸਨ? ਹੁਣੇ ਜਾਂ ਇਕ ਮਿੰਟ ਪਹਿਲਾਂ? ਕਿਉਂ ਬੰਦ ਕੀਤੀਆਂ ਸਨ? ਉਹ ਮੋਰਚਿਆਂ ਵਿਚੋਂ ਦੌੜ ਕੇ ਬਾਹਰ ਆ ਗਿਆ ਜਿਨ੍ਹਾਂ ਉੱਤੇ ਦੁਸ਼ਮਣ ਦੀਆਂ ਸਵੈਚਾਲਕ ਤੋਪਾਂ ਭਾਰੀ ਗੋਲ਼ਾਬਾਰੀ ਕਰ ਰਹੀਆਂ ਸਨ। ਉਹ ਡਰ ਅਤੇ ਮੌਤ ਨੂੰ ਭੁੱਲ ਕੇ ਧਮਾਕਿਆਂ ਦੀ ਅੱਗ ਵਿਚ ਕੁੱਦ ਪਿਆ ਤੇ ਉਹ ਸਿਰਫ ਇਕੋ ਗੱਲ ਬਾਰੇ ਸੋਚ ਰਿਹਾ ਸੀ: "ਕਿਉਂ? ਕਿਉਂ?..." ਪਰ ਉਸ ਥਾਂ, ਜਿੱਥੇ ਉਹ ਗਿਆ ਸੀ, ਕੋਈ ਵੀ ਮਸ਼ੀਨਗੰਨ ਨਹੀਂ ਰਹੀ ਸੀ। ਜਿਉਂ ਹੀ ਜੂਨੀਅਰ ਸਾਰਜੈਂਟ ਫਰੋਲੋਵ ਨੂੰ ਸਮਝ ਆਈ ਕਿ ਜਰਮਨ ਤੋਪਚੀਆਂ ਨੂੰ ਸਾਰਿਆਂ ਦੇ ਟਿਕਾਣਿਆਂ ਦਾ ਪਤਾ ਲੱਗ ਗਿਆ ਸੀ, ਉਹ ਆਪਣੇ ਅਮਲੇ ਨੂੰ ਗੋਲ਼ੀਆਂ ਦੀ ਮਾਰ ਵਿਚੋਂ ਕੱਢ ਕੇ ਉਹਨਾਂ ਦੇ ਰਾਖਵੇਂ ਮੋਰਚਿਆਂ ਉੱਤੇ ਲੈ ਗਿਆ ਸੀ ਅਤੇ ਇਸ ਵੇਲ਼ੇ ਜਰਮਨ ਤੋਪਾਂ ਖ਼ਾਲੀ ਪਏ ਮੋਰਚਿਆਂ ਉੱਤੇ ਗੋਲ਼ੀਆਂ ਦਾ ਮੀਂਹ ਵਰ੍ਹਾ ਰਹੀਆਂ ਸਨ। ਵੋਲੋਦਿਨ ਦੇ ਚਾਰ ਚੁਫੇਰੇ ਪਾਟ ਰਹੇ ਗੋਲ਼ਿਆਂ ਵਿਚੋਂ ਅੱਖਾਂ ਚੁੰਧਿਆ ਦੇਣ ਵਾਲ਼ੀਆਂ ਲਾਟਾਂ ਉੱਠ ਰਹੀਆਂ ਸਨ ਅਤੇ ਆਖਰੀ ਕੁਝ ਮੀਟਰ ਉਹ ਅਰਕਾਂ ਦੇ ਭਾਰ ਵਾਹੋ-ਦਾਹੀ ਰਿੜ੍ਹ ਕੇ ਆ ਗਿਆ ਸੀ।

ਤਿੰਨ ਮਸੀਨਗੰਨਾਂ ਦੇ ਮੋਰਚੇ, ਤਿੰਨ ਖੰਦਕਾਂ, ਸੰਚਾਰ-ਖੰਦਕਾਂ ਨਾਲ਼ ਆਪਸ ਵਿਚ ਜੁੜੀਆਂ ਹੋਈਆਂ ਸਨ। ਹੇਠਾਂ ਜ਼ਮੀਨ ਉੱਤੇ ਚੱਲੇ ਹੋਏ ਗੋਲ਼ਿਆਂ ਦੇ ਖੋਲ ਮਿੱਟੀ ਵਿਚ ਅੱਧੇ ਦੱਬੇ ਖਿੰਡੇ ਪਏ ਸਨ। ਇਕ ਖੰਦਕ ਵਿਚ ਵੋਲੋਦਿਨ ਦੀ ਨਜ਼ਰ ਇਕ ਜ਼ਖਮੀ ਜਵਾਨ ਉੱਤੇ ਪਈ। ਮਸ਼ੀਨਗੰਨ ਵਾਲ਼ਾ ਰਾਜ਼ਮਾਖ਼ਿਨ ਆਪਣੇ ਆਪ ਨੂੰ ਮੁੱਖ ਖੰਦਕ ਵੱਲ਼ ਘਸੀਟੀ ਜਾਂਦਾ ਸੀ। ਉਸ ਦੀਆਂ ਦੋਵੇਂ ਲੱਤਾਂ ਟੁੱਟ ਗਈਆਂ ਸਨ।

ਵੋਲੋਦਿਨ ਭੱਜ ਕੇ ਉਹਦੇ ਕੋਲ਼ ਆਇਆ। "ਮਸ਼ੀਨਗੰਨਾਂ ਕਿੱਥੇ ਨੇ?"

ਰਾਜ਼ਮਾਖ਼ਿਨ ਨੇ ਖੰਦਕ ਦੇ ਗਾਰੇ ਵਾਲ਼ੇ ਫਰਸ਼ ਉੱਤੇ ਕੁਝ ਝਰੀਟ ਦਿੱਤਾ ਤੇ ਰਤਾ ਕੁ ਸਿਰ ਉੱਚਾ ਕੀਤਾ। ਉਹਦੀਆਂ ਬਾਹਵਾਂ, ਉਹਦੇ ਮੋਢੇ ਤੇ ਉਹਦਾ ਸਿਰ ਪੀੜ ਨਾਲ਼ ਤੇ ਜ਼ੋਰ ਲਾਉਣ ਨਾਲ਼ ਥਰ ਥਰ ਕੰਬਣ ਲੱਗ ਪਏ।

"ਫਰੋਲੋਵ ਕਿੱਥੇ ਹੈ? ਗੰਨਾਂ ਕਿੱਥੇ ਨੇ?"

ਰਾਜ਼ਮਾਖ਼ਿਨ ਕੁਝ ਨਹੀਂ ਬੋਲਿਆ ਤੇ ਮੂੰਹ ਭਾਰ ਡਿੱਗ ਪਿਆ। ਉਸ ਨੂੰ ਪੁੱਛਣ ਦਾ ਕੋਈ

ਫਾਇਦਾ ਨਹੀਂ ਸੀ। ਕੀ ਕੀਤਾ ਜਾਏ ? ਪਿਛਾਂਹ ਪਰਤੇ ? ਕੋਈ ਮਸ਼ੀਨਗੰਨ ਨਹੀਂ। ਮੋਰਚੇ ਖ਼ਾਲੀ ਪਏ ਸਨ। ਵੋਲੋਦਿਨ ਰਾਜ਼ਮਾਖ਼ਿਨ ਦੇ ਚੁਫਾਲ ਪਏ ਸਰੀਰ ਤੋਂ ਹੌਲ਼ੀ ਜਿਹੀ ਪਿਛਾਂਹ ਹੋਇਆ। ਏਥੇ ਇਹਨਾਂ ਉੱਚੀਆਂ ਉੱਚੀਆਂ ਮਟਿਆਲ਼ੀਆਂ ਕੰਧਾਂ ਵਿਚਕਾਰ ਡਰ ਆਉਂਦਾ ਸੀ, ਅਤੇ ਇਸ ਦੇ ਸੱਖਣੇਪਨ ਤੋਂ, ਇਕੱਲ ਦੇ ਉਸ ਖ਼ੌਫ਼ਨਾਕ ਅਹਿਸਾਸ ਤੋਂ ਜਿਹੜਾ ਉਹਦੇ ਉੱਤੇ ਹਾਵੀ ਹੋ ਗਿਆ ਸੀ, ਉਹ ਪਿੱਛੇ ਹੱਟ ਰਿਹਾ ਸੀ। ਮੋਰਚੇ ਦੇ ਪਿਛਲੇ ਪਾਸੇ ਟੈਂਕ-ਮਾਰ ਗਰਨੇਡਾਂ ਦੀ ਇਕ ਪਾਲ਼ ਲੱਗੀ ਹੋਈ ਸੀ ਅਤੇ ਕਤਾਰਬੰਦ ਸੈਨਿਕਾਂ ਵਾਂਗ ਕਿਸੇ ਉਡੀਕ ਵਿਚ ਸੀ। ਵੋਲੋਦਿਨ ਨੇ ਇਹ ਵੇਖੇ ਤੇ ਇਹਨਾਂ ਦੀ ਗਿਣਤੀ ਕੀਤੀ — ਛੇ। "ਛੇ, ਛੇ, ਛੇ!" ਉਸ ਨੇ ਪਾਲ਼ ਦੀ ਮੁੜ-ਮੁੜ ਗਿਣਤੀ ਕਰਦਿਆਂ ਆਪਣੇ ਮਨ ਵਿਚ ਦੁਹਰਾਇਆ। "ਦੌੜ ਜਾ, ਦੌੜ ਜਾ, ਦੌੜ ਜਾ!" ਇਕ ਹੋਰ ਤਕੜੀ ਅਵਾਜ਼ ਨੇ ਦੁਹਰਾਇਆ ਅਤੇ ਉਹ ਕੁਝ ਹੋਰ ਪਿੱਛੇ ਹਟ ਗਿਆ। ਵੋਲੋਦਿਨ ਇਸ ਮੋਰਚੇ ਦੀ ਕੰਧ ਚੜ੍ਹ ਕੇ ਬਾਹਰ ਆਉਣ ਹੀ ਲੱਗਾ ਸੀ ਪਰ ਉਹ ਦੁਬਿਧਾ ਵਿਚ ਪੈ ਗਿਆ। ਖ਼ਬਰੇ ਰਾਜ਼ਮਾਖ਼ਿਨ ਅਜੇ ਜਿਊਂਦਾ ਹੀ ਹੋਵੇ ਅਤੇ ਉਹਨੂੰ ਉਸ ਦੀ ਮਦਦ ਦੀ ਲੋੜ ਹੋਵੇ ? ਉਹ ਚੁਫਾਲ ਪਏ ਮਸ਼ੀਨਗੰਨ ਵਾਲ਼ੇ ਜਵਾਨ ਕੋਲ਼ ਆਇਆ ਅਤੇ ਹਾਲ਼ੇ ਉਹ ਫੈਸਲਾ ਨਹੀਂ ਸੀ ਸਕਿਆ — ਇਸ ਦੀ ਮਲ੍ਹਮ ਪੱਟੀ ਕਰਨੀ ਚਾਹੀਦੀ ਹੈ ਜਾਂ ਦੌੜ ਕੇ ਮੁੱਖ ਖੰਦਕ ਵਿਚ ਪਹੁੰਚਣਾ ਚਾਹੀਦਾ ਹੈ — ਕਿ ਉਸ ਨੂੰ ਮਸ਼ੀਨਗੰਨ ਦੀ ਤੜ-ਤੜ ਦੀ ਅਵਾਜ਼ ਸੁਣੀ। ਗੋਲ਼ੀਆਂ ਰਾਖਵੇਂ ਮੋਰਚਿਆਂ ਵਲ਼ੋਂ ਵਰ੍ਹ ਰਹੀਆਂ ਸਨ। ਬਹੁਤੇ ਤਾਅ ਵਿਚ ਆਈਆਂ ਗੰਨਾਂ ਦੀ ਗੂੰਝ ਵਿਚ ਇਕਸਾਰਤਾ ਨਹੀਂ ਸੀ ਜਿਵੇਂ ਉਹ ਕਾਹਲੀ ਵਿਚ ਇਕ ਦੂਜੀ ਦਾ ਮੁਕਾਬਲਾ ਕਰ ਰਹੀਆਂ ਹੋਣ। "ਜਿਊਂਦੇ ਨੇ, ਜਿਊਂਦੇ ਨੇ, ਜਿਊਂਦੇ ਨੇ!" ਵੋਲੋਦਿਨ ਦੇ ਦਿਮਾਗ਼ ਵਿਚ ਖ਼ੁਸ਼ੀ ਨਾਲ਼ ਇਹ ਬੋਲ ਗੂੰਝ ਗਏ। ਉਹ ਤਣ ਕੇ ਸਿੱਧਾ ਹੋ ਗਿਆ, ਮੋਰਚੇ ਦੇ ਅੰਦਰ ਗਿਆ ਤੇ ਬੰਨੀ ਉੱਤੋਂ ਦੀ ਨਜ਼ਰ ਮਾਰ ਕੇ ਟੈਂਕ ਵੱਲ ਵੇਖਿਆ। ਬੇਸ਼ੁਮਾਰ ਟੈਂਕ ਸਨ। ਪਰ ਉਹਦੀਆਂ ਨਜ਼ਰਾਂ ਸਿਰਫ ਇਕ ਉੱਤੇ, ਜਿਹੜਾ ਸਭ ਤੋਂ ਨੇੜੇ ਸੀ, ਟਿਕੀਆਂ ਹੋਈਆਂ ਸਨ। ਤੋਪ ਦੀ ਲੰਮੀ ਨਾਲ਼ੀ ਘੜੀ ਦੇ ਪੈਂਡੂਲਮ ਵਾਂਗ ਝੂਲ ਰਹੀ ਸੀ ਤੇ ਇਹਦੇ ਨਾਲ਼ ਹੀ ਟੈਂਕ ਵੀ ਝੂਲਦਾ ਸੀ ਅਤੇ ਧੂੜ ਵਿਚੋਂ ਉਹਦੇ ਵੱਲ ਵੱਧਦਾ ਹੋਇਆ ਦਨ੍ਹ ਦਨ੍ਹਾ ਰਿਹਾ ਸੀ। ਪ੍ਰਭਾਤ ਦੇ ਹਲਕੇ ਨੀਲ਼ੇ ਆਕਾਸ਼ ਦੇ ਪਿਛੋਕੜ ਵਿਚ ਇਕ ਵੱਡਾ ਸਾਰਾ ਕਾਲ਼ਾ ਆਕਾਰ। ਟੈਂਕ ਦੇ ਪਿੱਛੇ, ਧੂੰਏਂ ਤੇ ਧੂੜ ਵਿਚ, ਉਸ ਨੂੰ ਕੋਣਵੇਂ ਲੋਹਟੋਪਾਂ ਵਾਲ਼ੇ, ਛੋਟੀਆਂ ਮਸ਼ੀਨਗੰਨਾਂ ਵਾਲ਼ੇ ਫ਼ੌਜੀਆਂ ਦੀਆਂ ਧੁੰਦਲੀਆਂ ਜਿਹੀਆਂ ਸ਼ਕਲਾਂ ਨਜ਼ਰ ਆਈਆਂ। ਵੋਲੋਦਿਨ ਉਹਨਾਂ ਵੱਲ ਨੀਵੀਂ ਥਾਂ ਤੋਂ ਵੇਖ ਰਿਹਾ ਸੀ ਤੇ ਉਹ ਵੀ ਉਸ ਨੂੰ ਨੀਲ਼ੇ ਅਸਮਾਨ ਦੇ ਪਿਛੋਕੜ ਵਿਚ ਵੱਡੇ-ਵੱਡੇ ਤੇ ਧੁੰਦਲੇ ਜਾਪਦੇ ਸਨ। ਇਹ ਆਕਾਰ ਹੇਠਾਂ ਢਹਿ ਪਏ ਤੇ ਖਿੰਡ ਗਏ ਪਰ ਟੈਂਕ ਖ਼ੌਫ਼ਨਾਕ ਇਕਸਾਰਤਾ ਨਾਲ਼ ਮੋਰਚੇ ਵੱਲ ਰੀਂਗਦਾ ਆਉਂਦਾ ਸੀ। ਵੋਲੋਦਿਨ ਨੇ ਜਲਦੀ ਨਾਲ਼ ਆਪਣੀ ਪੇਟੀ ਨਾਲ਼ ਬੰਨ੍ਹੇ ਹੋਏ ਟੈਂਕ-ਮਾਰ ਗਰਨੇਡਾਂ ਵਿਚ ਹੱਥ ਮਾਰਿਆ, ਇਹਨਾਂ ਵਿਚੋਂ ਇਕ ਲਾਹਿਆ, ਅਤੇ ਆਪਣਾ ਪੂਰਾ ਜ਼ੋਰ ਲਾਉਂਦਿਆਂ ਬੇਫਿਕਰੀ ਨਾਲ਼ ਐਨ ਆਪਣੇ ਸਾਮ੍ਹਣੇ ਵਗਾਹ ਕੇ ਸੁੱਟਿਆ ਜਿਵੇਂ ਉਹ ਗਰਨੇਡ ਸੁੱਟਣ ਦੀ ਮਸ਼ਕ ਵੇਲ਼ੇ ਕਰਦਾ ਸੀ। ਇਕ ਜ਼ੋਰ ਦੇ ਧਮਾਕੇ ਨਾਲ਼ ਗਰਨੇਡ ਚੱਲਿਆ ਅਤੇ ਵੋਲੋਦਿਨ ਨੇ, ਇਸ ਵਿਸ਼ਵਾਸ ਨਾਲ਼ ਕਿ ਟੈਂਕ ਬਰਬਾਦ ਹੋ ਗਿਆ ਸੀ, ਪਰ ਤਾਂ ਵੀ ਲੋੜ

ਪੈਣ ਦੀ ਹਾਲਤ ਵਿਚ ਦੂਜਾ ਗਰਨੇਡ ਤਿਆਰ ਰੱਖ ਕੇ, ਇਕ ਵਾਰੀ ਫੇਰ ਖੰਦਕ ਦੀ ਬੰਨੀ ਉੱਤੋਂ ਵੇਖਿਆ। ਸਹੀ ਸਲਾਮਤ ਤੇ ਹੋਰ ਵੀ ਵਡੇਰਾ ਨਜ਼ਰ ਆਉਂਦਾ ਟੈਂਕ, ਜਿਸ ਦੀਆਂ ਵੱਖੀਆਂ ਦੇ ਹੈਂਡਲ ਵੀ ਪੂਰੀ ਤਰ੍ਹਾਂ ਵਿਖਾਈ ਦੇ ਰਹੇ ਸਨ, ਸਿੱਧਾ ਉਹਦੇ ਵੱਲ ਆ ਰਿਹਾ ਸੀ। ਇਸ ਵਾਰੀ ਵੋਲੋਦਿਨ ਨੇ ਬਿਨ੍ਹਾਂ ਵੇਖਿਆ, ਖੰਦਕ ਦੇ ਹੇਠੋਂ ਹੀ, ਗਰਨੇਡ ਸੁੱਟਿਆ ਅਤੇ ਧਮਾਕੇ ਦੀ ਇੰਤਜ਼ਾਰ ਵਿਚ ਹੇਠਾਂ ਦੁਬਕ ਗਿਆ। ਸਹਿਜ ਸੁਭਾ ਹੀ ਉਸ ਨੇ ਤੀਜਾ ਗਰਨੇਡ ਵੀ ਲਾਹ ਲਿਆ ਅਤੇ ਬੌਂਦਲਾਇਆ ਹੋਇਆ ਉਹਦਾ ਪਲੀਤਾ ਟੋਹਣ ਲੱਗ ਪਿਆ ਜਿਵੇਂ ਇਹ ਕੋਈ ਸਾਧਾਰਨ ਪਿਆਦਾ ਫ਼ੌਜੀ ਦਾ ਹੱਥ-ਗਰਨੇਡ ਹੋਵੇ। ਉਸ ਦੀਆਂ ਨਜ਼ਰਾਂ ਪ੍ਰੇਸ਼ਾਨ ਜਿਹੀਆਂ ਮੋਰਚੇ ਵਿਚ ਘੁੰਮ ਗਈਆਂ। ਮਟਿਆਲ਼ੀਆਂ ਕੰਧਾਂ ਉਸ ਨੂੰ ਬਹੁਤ ਨੀਵੀਆਂ ਤੇ ਕਮਜ਼ੋਰ ਜਾਪੀਆਂ ਜਿਹੜੀਆਂ ਮਿੱਧੀਆਂ ਜਾ ਸਕਦੀਆਂ ਸਨ। ਇਹ ਟੈਂਕ ਦਾ ਭਾਰ ਨਹੀਂ ਝਲਣਗੀਆਂ, ਢਹਿ ਜਾਣਗੀਆਂ ਤੇ ਉਸ ਨੂੰ ਕੁਚਲ ਕੇ ਰੱਖ ਦੇਣਗੀਆਂ। ਬਸ ਕਹਾਣੀ ਖ਼ਤਮ ? ਉਹ ਫੇਰ ਕਦੇ ਅਸਮਾਨ ਨੂੰ, ਖੇਤਾਂ ਨੂੰ ਨਹੀਂ ਵੇਖ ਸਕੇਗਾ ? ਨਹੀਂ, ਜ਼ਰੂਰ ਉਸ ਨੂੰ ਕੁਝ ਕਰਨਾ ਚਾਹੀਦਾ ਹੈ, ਕੋਸ਼ਿਸ਼ ਕਰਨੀ ਚਾਹੀਦੀ ਹੈ, ਹੁਣੇ ਹੀ ਕੋਈ ਸਬੀਲ ਕੱਢਣੀ ਚਾਹੀਦੀ ਹੈ, ਏਸੇ ਪਲ, ਕਿ ਕੀ ਕੀਤਾ ਜਾਏ… ਉਸ ਨੇ ਦਿਮਾਗ਼ ਉੱਤੇ ਜ਼ੋਰ ਪਾਇਆ, ਕੋਈ ਤਰਕੀਬ ਸੋਚਣ ਦੀ ਕੋਸ਼ਿਸ਼ ਕੀਤੀ, ਪਰ ਉਹ ਕੁਝ ਨਹੀਂ ਸੋਚ ਸਕਿਆ ਅਤੇ ਉਹ ਗਰਨੇਡ ਹੱਥਾਂ ਵਿਚ ਫੜੀ, ਇਸ ਦੇ ਪਲੀਤੇ ਨੂੰ ਟਟੋਲਣ ਦੀ ਵਿਅਰਥ ਕੋਸ਼ਿਸ਼ ਕਰਦਿਆਂ, ਬੈਠ ਗਿਆ। ਖੰਦਕ ਵਿਚੋਂ ਦੌੜ ਕੇ ਜਾਣਾ ਇਸ ਥਾਂ ਠਹਿਰ ਜਾਣ ਨਾਲ਼ੋਂ ਵਧੇਰੇ ਖ਼ਤਰਨਾਕ ਹੋਵੇਗਾ, ਅਤੇ ਉਸ ਨੇ ਮਹਿਸੂਸ ਕੀਤਾ ਕਿ ਕੋਈ ਅਵਾਜ਼ ਉਸ ਨੂੰ ਦੌੜ ਜਾਣ ਲਈ ਉਕਸਾਉਂਦੀ ਜਾਪਦੀ ਸੀ। "ਨਿਕਲ ਜਾ, ਨਿਕਲ ਜਾ!" ਉਹ ਅਵਾਜ਼ ਦੇ ਅਸਰ ਹੇਠ ਆ ਗਿਆ ਤੇ ਉਸ ਨੇ ਅੰਦਾਜ਼ਾ ਲਾਉਣ ਦੀ ਕੋਸ਼ਿਸ਼ ਕੀਤੀ ਕਿ ਮੋਰਚੇ ਵਿਚੋਂ ਬਾਹਰ ਨਿਕਲਣ ਲਈ ਉਸ ਨੂੰ ਕਿੰਨੇ ਕਦਮ ਪੁੱਟਣੇ ਪੈਣਗੇ ਅਤੇ ਮੁੱਖ ਖੰਦਕ ਵਿਚ, ਨੇੜੇ ਤੋਂ ਨੇੜੇ ਦੇ ਮੋਰਚੇ ਵਿਚ ਪਹੁੰਚਣ ਲਈ ਅਤੇ ਉਸ ਤੋਂ ਬਾਅਦ ਕਿੰਨੇ ਕਿੰਨੇ ਸਕਿੰਟ ਲੱਗਣਗੇ। ਏਨਾ ਵਕਤ ਹੈ ? ਵਕਤ ਨਹੀਂ ਸੀ — ਟੈਂਕ ਦਾ ਥੱਲਾ ਮੋਰਚੇ ਦੇ ਸਿਰੇ ਉੱਪਰ ਵੱਧ ਵੀ ਆਇਆ ਸੀ। ਉਹ ਰਾਜ਼ਮਾਖ਼ਿਨ ਦੇ ਨਾਲ਼ ਹੀ ਸਿੱਧਾ ਲੰਮਾ ਪੈ ਗਿਆ ਤੇ ਧਰਤੀ ਦੇ ਨਾਲ਼ ਜੰਮ ਗਿਆ। ਉਹ ਨਾ ਕੁਝ ਸੁਣਦਾ ਸੀ ਨਾ ਸਮਝਦਾ ਸੀ, ਪਰ ਉਸ ਨੂੰ ਠੰਡੀ ਤੇ ਗਿੱਲੀ ਮਿੱਟੀ ਦੀਆਂ ਢੀਮਾਂ ਦੀ ਪੂਰੀ ਹੋਸ਼ ਸੀ ਜਿਹੜੀਆਂ ਉਹਦੇ ਮੋਢਿਆਂ, ਉਹਦੀਆਂ ਲੱਤਾਂ ਉੱਤੇ ਢੇਰ ਹੋ ਰਹੀਆਂ ਸਨ…

ਟੈਂਕ ਖੰਦਕ ਦੇ ਉੱਪਰ ਆ ਕੇ ਘੁੰਮ ਗਿਆ ਤੇ ਰੁਕ ਗਿਆ। ਸਾਡੇ ਤੋਪਖਾਨੇ ਨੇ ਬੇਕਾਰ ਕਰ ਦਿੱਤਾ ਸੀ। ਇਸ ਦੇ ਫ਼ੌਲਾਦੀ ਢਾਂਚੇ ਉੱਤੇ ਅੱਗ ਦੀ ਲਾਟ ਦੀ ਪੀਲ਼ੀ ਜੀਭ ਹਿੱਲਣ ਲੱਗੀ ਅਤੇ ਇਕ ਪਲ ਵਿਚ ਸਾਰਾ ਟੈਂਕ ਮੱਚ ਉੱਠਿਆ ਤੇ ਕਾਲ਼ਾ ਧੂੰਆਂ ਛੱਡਣ ਲੱਗਾ।

ਜਿਵੇਂ ਕਿਸੇ ਡਰਾਉਣੇ ਸੁਪਨੇ ਤੋਂ ਬਾਅਦ, ਆਦਮੀ ਦੀ ਅਚਾਨਕ ਅੱਖ ਖੁੱਲ੍ਹਦੀ ਹੈ ਤੇ ਉਹ ਇਹ ਵੇਖ ਕੇ ਖ਼ੁਸ਼ ਹੁੰਦਾ ਹੈ ਕਿ ਇਹ ਸਭ ਕੁਝ ਤਾਂ ਇਕ ਸੁਪਨਾ ਹੀ ਸੀ ਤੇ ਉਹਦੇ ਖਿਆਲਾਂ ਦੀ ਤੋਰ ਵਿਚ ਇਕਸਾਰਤਾ ਤੇ ਠਰ੍ਹੰਮਾ ਆਉਣਾ ਸ਼ੁਰੂ ਹੋ ਜਾਂਦਾ ਹੈ, ਪਰ ਉਸ ਦੇ ਸਰੀਰ ਵਿਚ ਹਾਲ਼ੇ ਵੀ ਡਿੱਗ ਪੈਣ ਦਾ ਖ਼ੌਫ਼ਨਾਕ ਅਹਿਸਾਸ ਹੁੰਦਾ ਹੈ — ਜਿਵੇਂ ਕਿਸੇ ਡਰਾਉਣੇ ਸੁਪਨੇ ਤੋਂ

ਬਾਅਦ, ਵੋਲੋਦਿਨ ਨੇ ਤਬਾਹ ਹੋ ਗਏ ਟੈਂਕ ਹੇਠ ਆਪਣੀਆਂ ਅੱਖਾਂ ਖੋਹਲੀਆਂ, ਬਦਹਵਾਸ ਤੇ ਮਿੱਟੀ ਹੇਠਾਂ ਆਇਆ, ਉਹ ਘੁੱਪ ਹਨੇਰੇ ਵਿਚ ਪਿਆ ਸੀ, ਜਿਵੇਂ ਕਿਸੇ ਭੋਰੇ ਵਿਚ ਪਿਆ ਹੋਵੇ ਜਿਸ ਦਾ ਝਰੋਖਾ ਬੰਦ ਹੋਵੇ। ਰਾਜ਼ਮਾਖ਼ਿਨ ਦੀ ਆਕੜਦੀ ਜਾਂਦੀ ਦਿਹ ਉਹਦੇ ਕੋਲ਼ ਪਈ ਸੀ, ਅਤੇ ਲੜਾਈ ਦੀਆਂ ਸਭ ਅਵਾਜ਼ਾਂ, ਜਿਹੜੀਆਂ ਕੁਝ ਪਲ ਪਹਿਲਾਂ ਏਡੀਆਂ ਕੰਨ-ਪਾੜਵੀਆਂ ਸਨ, ਹੁਣ ਇਉਂ ਮੱਧਮ ਸੁਣਦੀਆਂ ਸਨ ਜਿਵੇਂ ਕਿਤੇ ਬਹੁਤ ਦੂਰ ਤੋਂ ਆ ਰਹੀਆਂ ਹੋਣ, ਅਤੇ ਇਹਨਾਂ ਤੋਂ ਉਸ ਨੂੰ ਕੁਝ ਵੀ ਪਤਾ ਨਹੀਂ ਸੀ ਲੱਗਦਾ ਕਿ ਲੜਾਈ ਕਿਵੇਂ ਚੱਲ ਰਹੀ ਸੀ। ਪਰ ਰਾਖਵੇਂ ਮੋਰਚਿਆਂ ਵਿਚ ਮਸ਼ੀਨਗੰਨਾਂ ਲੋਹਾ ਲਈ ਜਾ ਰਹੀਆਂ ਸਨ ਅਤੇ ਅਜੇ ਵੀ ਵੋਲੋਦਿਨ ਉਹਨਾਂ ਦੀ ਨੱਪੀ-ਘੁੱਟੀ ਤੜ-ਤੜ ਦੀ ਅਵਾਜ਼ ਨੂੰ ਨਿਖੇੜ ਸਕਦਾ ਸੀ ਅਤੇ ਇਹ ਮਹਿਸੂਸ ਕਰ ਕੇ ਉਹਨੂੰ ਸੁੱਖ ਦਾ ਸਾਹ ਆ ਰਿਹਾ ਸੀ ਕਿ ਕੰਪਨੀ ਪਿੱਛੇ ਨਹੀਂ ਸੀ ਹਟੀ, ਕਿ ਲੜਾਈ ਇਸ ਥਾਂ, ਉਹਨਾਂ ਦੇ ਖੰਦਕੀ ਮੋਰਚਿਆਂ ਉੱਤੇ ਹੀ ਹੋ ਰਹੀ ਸੀ ਅਤੇ ਇਹ ਬੜੀ ਚੰਗੀ ਗੱਲ ਸੀ, ਅਤੇ ਇਹ ਵੀ ਚੰਗੀ ਗੱਲ ਸੀ ਕਿ ਉਹ, ਵੋਲੋਦਿਨ, ਅਜੇ ਜਿਊਂਦਾ ਸੀ ਅਤੇ ਹੁਣ ਉਸ ਨੂੰ ਠੰਡੇ ਦਿਮਾਗ ਨਾਲ਼ ਅਤੇ ਕਾਹਲੀ ਕੀਤੇ ਬਗ਼ੈਰ ਇਹ ਸੋਚਣਾ ਚਾਹੀਦਾ ਹੈ ਕਿ ਇਸ ਟੈਂਕ ਹੇਠੋਂ ਨਿਕਲਿਆ ਕਿਸ ਤਰ੍ਹਾਂ ਜਾਵੇ। ਸ਼ੁਰੂ ਵਿਚ ਉਹਦੀਆਂ ਸਭ ਹਰਕਤਾਂ ਬਿਨਾਂ ਕਾਹਲੀ ਦੇ, ਸੋਚੀਆਂ ਸਮਝੀਆਂ ਸਨ—ਬੜੀ ਸਾਵਧਾਨੀ ਨਾਲ਼ ਉਸ ਨੇ ਆਪਣੇ ਮੋਢੇ ਨੂੰ ਮਿੱਟੀ ਵਿਚੋਂ ਬਾਹਰ ਕੱਢਿਆ ਅਤੇ ਆਪਣੀਆਂ ਲੱਤਾਂ ਉੱਤੇ ਡਿੱਗੀ ਮਿੱਟੀ ਨੂੰ ਪਰੇ ਹਟਾਇਆ, ਫੇਰ ਉਸ ਨੇ ਹਨੇਰੇ ਵਿਚ ਆਸ-ਪਾਸ ਝਾਕ ਕੇ ਵੇਖਿਆ ਅਤੇ ਇਕ ਮਾਲ੍ਹਦਾਰ ਪੱਟੇ ਤੇ ਜ਼ਮੀਨ ਵਿਚਕਾਰ ਇਕ ਛੋਟੀ ਜਿਹੀ ਦਰਾੜ ਵੇਖੀ ਅਤੇ ਰਾਜ਼ਮਾਖ਼ਿਨ ਨਾਲ਼ ਛੁਹ ਜਾਣ ਤੋਂ ਬਚਦਿਆਂ ਇਸ ਵੱਲ ਰਿੜ੍ਹਿਆ ਪਰ ਫੇਰ ਖੰਦਕ ਕੌੜੇ, ਸਾਹ ਘੋਟੂ ਧੂੰਏਂ ਨਾਲ਼ ਭਰ ਗਈ ਤੇ ਉਸ ਨੇ ਕਾਹਲੀ ਕਰਨੀ ਸ਼ੁਰੂ ਕਰ ਦਿੱਤੀ। ਉਹਦੇ ਹੱਥ ਤੇਜ਼ੀ ਨਾਲ਼, ਹੋਰ ਤੇਜ਼ੀ ਨਾਲ਼ ਮਿੱਟੀ ਕੁਰੇਦਣ ਲੱਗੇ, ਉਹਨੂੰ ਖੰਘ ਆਈ ਤੇ ਹੌਂਕਣੀ ਚੜ੍ਹ ਗਈ, ਪਰ ਉਹ ਆਪਣੀਆਂ ਉਂਗਲਾਂ ਨਾਲ਼ ਕੁਰੇਦ ਕੁਰੇਦ ਕੇ ਸੁੱਕੀ ਮਿੱਟੀ ਦੇ ਡਲੇ ਪੁੱਟਦਾ ਗਿਆ ਅਤੇ ਕੋਈ ਪੀੜ ਮਹਿਸੂਸ ਨਾ ਕਰਦਾ ਹੋਇਆ, ਉਸ ਸੱਜਰੀ ਹਵਾ ਵੱਲ ਸਰਕਦਾ ਗਿਆ ਜਿਹੜੀ ਇਕ ਸੌੜੀ ਜਿਹੀ ਦਰਾੜ ਵਿਚੋਂ ਪਤਲੀ ਜਿਹੀ ਧਾਰ ਬਣ ਕੇ ਅੰਦਰ ਆ ਰਹੀ ਸੀ। ਗੋਲ਼ੇ ਟੈਂਕ ਦੇ ਅੰਦਰ ਪਾਟਣ ਲੱਗ ਪਏ ਸਨ, ਇਕ ਦੋ ਧਮਾਕਿਆਂ ਤੋਂ ਮਗਰੋਂ ਦਰਾੜ ਵਿਚ ਧੂੰਏਂ ਤੇ ਧੂੜ ਨਾਲ਼ ਸਾਹ ਘੁੱਟਿਆ ਜਾਣ ਲੱਗਾ, ਟੈਂਕ ਦੇ ਹੇਠਲੇ ਪਾਸੇ ਤੋਂ ਉਸ ਨੂੰ ਸੇਕ ਪੈਣ ਲੱਗਾ ਅਤੇ ਓਥੇ ਸਾਹ ਨਹੀਂ ਸੀ ਨਿਕਲਦਾ ਤੇ ਵੋਲੋਦਿਨ ਨੇ ਸਾਹ ਲੈਣਾ ਹੀ ਬੰਦ ਕੀਤਾ ਹੋਇਆ ਸੀ। ਉਸ ਨੇ ਗੱਲਘੋਟੂ ਹਵਾੜ ਅੰਦਰ ਨਿਗਲ ਲਈ ਸੀ ਪਰ ਓਦੋਂ ਵੀ, ਜਦੋਂ ਉਹਦੀ ਹੋਸ਼ ਗੁਆਚਣ ਲੱਗ ਪਈ, ਉਹ ਰੁਕ-ਰੁਕ ਕੇ ਦਰਾੜ ਵੱਲ ਵੱਧਣ ਲਈ ਹੰਭਲੇ ਮਾਰਦਾ, ਪਰ ਉਸ ਦੇ ਬੂਟਾਂ ਦੇ ਤਲੇ ਤਿਲਕ ਜਾਂਦੇ, ਉਹ ਦਬਾਅ ਪਾ ਕੇ ਸਹਾਰਾ ਲੈਣ ਦੀ ਕੋਸ਼ਿਸ਼ ਕਰਦਾ। ਉਸ ਦੇ ਬੂਟਾਂ ਹੇਠ ਉਹ ਲੋਹ-ਟੋਪ ਆ ਗਿਆ ਸੀ ਜਿਹੜਾ ਮਸ਼ੀਨਗੰਨ ਵਾਲ਼ੇ ਦੇ ਸਿਰ ਤੋਂ ਡਿੱਗ ਪਿਆ ਸੀ। ਹੁਣ ਵੋਲੋਦਿਨ ਦੇ ਵਿਚਾਰ ਉਘੜ-ਦੁਘੜੇ ਸਨ। ਉਹਦੇ ਵਾਸਤੇ ਨਾ ਕੋਈ ਲੜਾਈ ਹੋ ਰਹੀ ਸੀ, ਨਾ ਕੋਈ ਟੈਂਕ ਬਲ ਰਿਹਾ ਸੀ। ਇਸ ਘੜੀ ਤੋਂ ਪਹਿਲਾਂ ਜੋ ਕੁਝ ਹੋਇਆ ਸੀ ਉਹਦੇ ਵਾਸਤੇ ਕੁਝ ਨਹੀਂ ਸੀ ਰਿਹਾ। ਸਿਰਫ ਇਹ ਇਕ ਪਲ ਸੀ ਤੇ ਇਸ

ਬਾਅਦ ਮੌਤ ਸੀ। ਉਹ ਮੌਤ ਦੇ ਸਾਮ੍ਹਣੇ ਖੜਾ ਸੀ, ਡਰ ਤੇ ਘਬਰਾਹਟ ਦੇ ਸ਼ਿਕੰਜੇ ਵਿਚ ਆਇਆ ਹੋਇਆ। ਉਹ ਸੋਚ ਰਿਹਾ ਸੀ ਕਿ ਉਹ ਹਾਲੇ ਵੀ ਕੁਝ ਕਰ ਰਿਹਾ ਹੈ, ਅੱਗੇ ਵੱਧ ਰਿਹਾ ਹੈ, ਹਵਾ ਵੱਲ ਜਾਣ ਲਈ ਹੱਥ ਪੈਰ ਮਾਰ ਰਿਹਾ ਹੈ, ਪਰ ਅਸਲ ਵਿਚ ਉਹ ਨਿਸੱਤਾ ਜਿਹਾ ਆਪਣੀਆਂ ਉਂਗਲਾਂ ਮਰੋੜ ਰਿਹਾ ਸੀ ਅਤੇ ਖੰਦਕ ਦੇ ਥੱਲੇ ਵੱਲ ਤਿਲਕਦਾ ਜਾ ਰਿਹਾ ਸੀ। ਆਖ਼ਰੀ ਵਾਰ, ਚੇਤਨਾ ਦੀ ਧੁਰ ਡੂੰਘਾਣ ਵਿਚ ਕਿਧਰੇ ਉਸ ਨੂੰ ਇਕ ਖ਼ਿਆਲ ਜਿਹਾ ਆਇਆ ਕਿ ਉਹ ਸ਼ਰਮਨਾਕ, ਬੇਵਕੂਫਾਂ ਵਾਲ਼ੀ ਬੇਹੂਦਾ ਮੌਤ ਮਰ ਰਿਹਾ ਹੈ ਜਿਸ ਤੋਂ ਉਹ ਸਭ ਤੋਂ ਬਹੁਤਾ ਡਰਦਾ ਸੀ ਤੇ ਜਿਸ ਨੇ ਆਖ਼ਰ ਉਹਨੂੰ ਆ ਦਬੋਜਿਆ ਸੀ। ਆਖ਼ਰੀ ਵਾਰ, ਚੇਤਨਾ ਦੀਆਂ ਡੂੰਘਾਈਆਂ ਵਿਚ ਕਿਧਰੇ ਉਸ ਨੇ ਆਪਣੇ-ਆਪ ਉੱਤੇ ਤਰਸ ਮਹਿਸੂਸ ਕੀਤਾ, ਆਪਣੀਆਂ ਆਸਾਂ ’ਤੇ ਪਾਣੀ ਫਿਰ ਜਾਣ ਦਾ ਅਫ਼ਸੋਸ ਮਹਿਸੂਸ ਕੀਤਾ ਅਤੇ ਫੇਰ ਸਭ ਕੁਝ ਫੁੱਸ ਹੋ ਗਿਆ, ਗ਼ਾਇਬ ਹੋ ਗਿਆ, ਅਤੇ ਝਮ ਝਮ ਕਰਦੇ ਕਾਲ਼ੇ ਪਰਦੇ ਓਹਲੇ ਛਿਪ ਗਿਆ...

“ਔਹ ਗਿਆ!..”
“ਇਕ ਹੋਰ!..”
“ਇਕ ਹੋਰ!..”

ਆਪਣੀ ਹਲਕੀ ਮਸ਼ੀਨਗੰਨ ਦਾ ਘੋੜਾ ਦਬਦਾ ਹੋਇਆ, ਯੇਫਿਮ ਸਾਫੋਨੋਵ ਆਪਣੇ ਆਪ ਨੂੰ ਆਖ ਰਿਹਾ ਸੀ। ਉਹ ਠੰਡੇ ਦਿਲ ਦਿਮਾਗ਼ ਨਾਲ਼ ਗੋਲ਼ੀਆਂ ਵਰ੍ਹਾ ਰਿਹਾ ਸੀ, ਲੰਮੀਆਂ ਇਕਸਾਰ ਬਾੜ੍ਹਾਂ, ਆਪਣੀ ਗੰਨ ਦੀ ਨਾਲ਼ੀ ਨੂੰ ਉਸ ਪਾਸੇ ਮੋੜਦਾ ਘੁੰਮਾਉਂਦਾ ਜਿੱਥੇ ਛੋਟੀਆਂ ਮਸ਼ੀਨਗੰਨਾਂ ਵਾਲ਼ੇ ਜਰਮਨ ਨਜ਼ਰ ਆਉਂਦੇ। ਉਹ ਆਪਣੀ ਮਸ਼ੀਨਗੰਨ ਦੀ ਨਾਲ਼ੀ ਉਪਰੋਂ ਦੀ ਲੜਾਈ ਦੇ ਮੈਦਾਨ ਨੂੰ ਵੇਖਦਾ ਸੀ ਅਤੇ ਨਜ਼ਰ ਦੇ ਛੋਟੇ ਜਿਹੇ ਘੇਰੇ ਵਿਚ ਜੋ ਕੁਝ ਵੀ ਹੁੰਦਾ ਵਾਪਰਦਾ ਸੀ ਉਹ ਧੁੰਦਲਾ ਤੇ ਦੁਰੇਡਾ ਜਾਪਦਾ ਸੀ ਜਿਵੇਂ ਕੋਈ ਬਾਰਸ਼ ਦੇ ਨੀਲ਼ੇ ਪਰਦੇ ਵਿਚੋਂ ਵੇਖਦਾ ਹੋਵੇ। ਟੈਂਕ ਧੂੰਏਂ ਦੇ ਨੀਲ਼ੇ ਬੱਦਲਾਂ ਵਿਚੋਂ ਵਧ ਰਹੇ ਸਨ ਤੇ ਇਸੇ ਹੀ ਤਰ੍ਹਾਂ ਛੋਟੀਆਂ ਮਸ਼ੀਨਗੰਨਾਂ ਵਾਲ਼ੇ ਸੈਨਿਕ, ਅਤੇ ਆਪਣੀ ਗੰਨ ਦੇ ਬੱਟ ਨੂੰ ਆਪਣੇ ਮੋਢੇ ਨਾਲ਼ ਲਾ ਕੇ ਖ਼ੁਸ਼ੀ-ਖ਼ੁਸ਼ੀ ਏਧਰ-ਓਧਰ ਘੁੰਮਾਉਂਦਾ ਸਾਫੋਨੋਵ ਗੋਲ਼ੀਆਂ ਨਾਲ਼ ਇਸ ਘੁੰਮਣਘੇਰੀਆਂ ਖਾਂਦੀ ਨੀਲ਼ੀ ਧੁੰਦ ਦੀਆਂ ਲੀਰਾਂ ਲਾਹ ਰਿਹਾ ਸੀ। ਉਸ ਨੂੰ ਟੈਂਕਾਂ ਤੋਂ ਡਰ ਨਹੀਂ ਸੀ ਆਉਂਦਾ। ਕਈਆਂ ਨੂੰ ਤਾਂ ਲਾਂਬੂ ਲੱਗ ਚੁੱਕੇ ਹੋਏ ਸਨ ਅਤੇ ਜਿਹੜੇ ਹਾਲੇ ਵੀ ਚਲੇ ਆਉਂਦੇ ਸਨ (ਉਹਦਾ ਯਕੀਨ ਸੀ) ਉਹ ਵੀ ਅੱਗ ਦੀ ਲਪੇਟ ਵਿਚ ਆ ਜਾਣਗੇ। ਇਹ ਟੈਂਕ-ਮਾਰ ਬੰਦੂਕਚੀ ਦਾ ਕੰਮ ਸੀ, ਪਰ ਉਸ ਦਾ ਇਕ ਆਪਣਾ ਕੰਮ ਵੀ ਸੀ... ਉਹ ਐਸੇ ਸ਼ਾਂਤ ਤੇ ਸੁਸਤ ਰੂਸੀ ਫੌਜੀਆਂ ਦੀ ਕਿਸਮ ਵਿਚੋਂ ਸੀ ਜਿਹੜੇ ਕੁਆਇਦ ਵਿਚ ਤੇ ਬੈਰਕਾਂ ਵਿਚ ਚੰਗੀ ਝਾੜ ਝੰਭ ਖਾਂਦੇ ਹਨ, ਪਰ ਜਿਹੜੇ ਲੜਾਈ ਵਿਚ, ਸ਼ਾਇਦ ਆਪਣੀ ਇਸ ਸੁਸਤੀ ਕਰਕੇ ਹੀ, ਵਡਮੁੱਲੇ ਤੇ ਜੰਮ ਕੇ ਲੜਨ ਵਾਲ਼ੇ ਸਾਬਤ ਹੁੰਦੇ ਹਨ। ਜਦੋਂ ਦੁਸ਼ਮਣ ਦਾ ਇਕ ਟੈਂਕ ਜਿਸ ਨੂੰ ਕਿਸੇ ਅੱਗ ਨਹੀਂ ਲਾਈ, ਅਖ਼ੀਰ ਮੋਰਚੇ ਦੇ ਸਾਮ੍ਹਣੇ ਦੈਂਤ ਵਾਂਗ ਨਜ਼ਰ ਆਇਆ ਤਾਂ ਸਾਫੋਨੋਵ ਨੇ ਖੰਦਕ ਦੀ ਬੰਨੀ ਤੋਂ ਆਪਣੀ ਮਸ਼ੀਨਗੰਨ ਚੁੱਕੀ ਅਤੇ, ਉਸ ਨੂੰ ਕੱਛ ਵਿਚ ਲੈ ਕੇ, ਖੰਦਕ ਦੇ ਥੱਲੇ ’ਤੇ ਪੈ ਗਿਆ, ਪਰ ਨਾਲ਼ੀ

ਦੇ ਪੇਂਦੇ ਨੂੰ ਆਪਣੇ ਹੱਥ ਨਾਲ਼ ਕੱਜਣਾ ਨਹੀਂ ਭੁੱਲਿਆ, ਜਿਵੇਂ ਸਿਖਲਾਈ ਦਿੱਤੀ ਗਈ ਸੀ ਤਾਂ ਜੋ ਇਸ ਵਿਚ ਮਿੱਟੀ ਤੇ ਧੂੜ ਦਾ ਡੱਕਾ ਨਾ ਲੱਗ ਜਾਵੇ ਤੇ ਬਾਅਦ ਵਿਚ ਗੋਲ਼ੀ ਚਲਾਉਣ ਲੱਗਿਆਂ ਇਸ ਵਿਚ ਕਾਰਤੂਸ ਜਾਮ ਨਾ ਹੋ ਜਾਣ। ਉਸ ਨੇ ਸਭ ਕੁਝ ਉਸ ਤਰ੍ਹਾਂ ਹੀ ਕੀਤਾ ਸੀ ਜਿਵੇਂ ਸਿਖਲਾਈ ਦਿੱਤੀ ਗਈ ਸੀ ਅਤੇ ਆਪਣੇ ਸਹਾਇਕ, ਨੌਜਵਾਨ ਸੈਨਿਕ ਚੇਬੂਰਾਸ਼ਕਿਨ ਕੋਲ਼ੋਂ ਵੀ ਓਸੇ ਹੀ ਸੂਯੋਗਤਾ ਦਾ ਤਕਾਜ਼ਾ ਕੀਤਾ। ਏਧਰੋਂ ਟੈਂਕ ਉਸ ਦੀ ਖੰਦਕ ਦੇ ਉਪਰੋਂ ਦੀ ਲੰਘਿਆ, ਓਧਰ ਸਾਫੋਨੋਵ ਨੇ ਗੰਨ ਚੁੱਕ ਕੇ ਬੰਨੀ ਉੱਤੇ ਰੱਖੀ ਤੇ ਬੱਟ ਨੂੰ ਆਪਣੇ ਮੋਢੇ ਨਾਲ਼ ਜੋੜ ਲਿਆ। ਜਿਹੜਾ ਟੈਂਕ ਰਾਹ ਬਣਾ ਕੇ ਲੰਘ ਗਿਆ ਸੀ ਉਸ ਨੇ ਉਹਦੇ ਉੱਤੇ ਕੋਈ ਗਰਨੇਡ ਨਹੀਂ ਸੁੱਟਿਆ। ਉਸ ਨੇ ਉਹਦੇ ਵੱਲ ਵੇਖਿਆ ਤੱਕ ਨਹੀਂ ਸੀ, ਓਦੋਂ ਵੀ ਨਹੀਂ ਜਦੋਂ ਉਸ ਨੇ ਆਪਣੇ ਪਿੱਛੇ ਟੈਂਕ-ਮਾਰ ਗਰਨੇਡ ਦੀ ਭਿਆਨਕ ਗਰਜ ਸੁਣੀ ਸੀ। ਇਕ ਮਸ਼ੀਨਗੰਨ ਵਾਲ਼ੇ ਸੈਨਿਕ ਦੇ ਨਾਤੇ ਉਹਦਾ ਕੰਮ ਸੀ ਪਿਆਦਾ ਫ਼ੌਜ ਨੂੰ ਰੋਕਣਾ, ਅਤੇ ਉਹ ਆਪਣਾ ਕੰਮ ਪੂਰੀ ਸਿਰੜ੍ਹਤਾ ਨਾਲ਼ ਡੱਟ ਕੇ ਕਰਦਾ ਰਿਹਾ। ਉਹਦੇ ਪਿੱਛੇ ਜੋ ਕੁਝ ਹੋਇਆ ਸੀ ਓਹੋ ਕੁਝ ਹੀ ਹੋਣਾ ਚਾਹੀਦਾ ਸੀ — ਜੂਨੀਅਰ ਸਾਰਜੈਂਟ ਫਰੋਲੋਵ ਤੇ ਸੈਨਿਕ ਸ਼ਾਪੋਵਾਲੋਵ ਨੇ ਗਰਨੇਡਾਂ ਨਾਲ਼ ਇਕ ਟੈਂਕ ਨੂੰ ਅੱਗ ਲਾ ਦਿੱਤੀ ਸੀ ਅਤੇ ਦੂਜੇ ਨੂੰ ਗਰਨੇਡ ਸੁੱਟ ਕੇ ਅੱਗ ਲਾਉਣ ਦੀ ਤਿਆਰੀ ਕਰ ਰਹੇ ਸਨ — ਅਤੇ ਸਾਫੋਨੋਵ ਇਹ ਸੋਚ ਹੀ ਨਹੀਂ ਸੀ ਸਕਦਾ ਕਿ ਪਿੱਛੇ ਕੁਝ ਹੋਰ ਵੀ ਹੋ ਸਕਦਾ ਸੀ। ਚੈਬੂਰਾਸ਼ਕਿਨ ਆਪਣੇ ਪੈਰਾਂ ਉੱਤੇ ਭੁੜਕੀ ਜਾ ਰਿਹਾ ਸੀ ਤੇ ਕੋਲ਼ ਪਈ ਚੱਕਲੀ ਵਿਚ ਕਾਰਤੂਸ ਭਰੀ ਜਾਂਦਾ ਸੀ। ਗੰਨ ਵਿਚੋਂ ਸੱਖਣੇ ਖੋਲ ਉੱਡ ਕੇ ਬਾਹਰ ਆਉਂਦੇ ਸਨ ਤੇ ਉਸ ਦੇ ਲੋਹ-ਟੋਪ ਉੱਤੇ ਤੇ ਚੱਕਲੀ ਉੱਤੇ ਆ ਡਿੱਗਦੇ ਸਨ ਅਤੇ ਸੈਨਿਕ ਬੁੜ-ਬੁੜ ਕਰਦਾ ਸੀ ਤੇ ਉਹਨਾਂ ਨੂੰ ਝਟਕ ਕੇ ਪਰੇ ਕਰਦਾ ਜਿਵੇਂ ਮੱਖੀਆਂ ਉਡਾਉਂਦਾ ਹੋਵੇ।

"ਇਕ ਹੋਰ!.."

"ਇਕ ਹੋਰ!.." ਯੇਫਿਮ ਸਾਫੋਨੋਵ ਪਹਿਲਾਂ ਵਾਂਗ ਹੀ ਬਿਨਾਂ ਕਿਸੇ ਕਾਹਲ ਦੇ ਦੁਹਰਾਈ ਜਾਂਦਾ ਸੀ ਤੇ ਬੁਰੀ ਤਰ੍ਹਾਂ ਗੁੱਸੇ ਵਿਚ ਆਇਆ ਹੋਇਆ ਘੋੜਾ ਦੱਬੀ ਜਾਂਦਾ ਸੀ। ਉਸ ਨੇ ਉਸ ਮੋਰਚੇ ਤੋਂ ਇਕ ਪਲ ਵੀ ਨਜ਼ਰਾਂ ਨਹੀਂ ਸੀ ਹਟਾਈਆਂ ਜਿੱਥੇ ਬੁਰੀ ਤਰ੍ਹਾਂ ਫੱਟੜ ਹੋਇਆ ਰਾਜ਼ਮਾਖ਼ਿਨ ਪਿਆ ਹੋਇਆ ਸੀ ਅਤੇ ਜਿੱਥੇ ਪਲਟਣ ਕਮਾਂਡਰ ਵੋਲੋਦਿਨ ਇਸ ਵੇਲ਼ੇ ਸੀ (ਸਾਫੋਨੋਵ ਨੇ ਲੈਫਟੀਨੈਂਟ ਨੂੰ ਗੋਲ਼ੀਆਂ ਦੀ ਬੁਛਾੜ ਵਿਚ ਬਚ-ਬਚ ਕੇ ਲੰਘਦਿਆਂ ਓਧਰ ਜਾਂਦੇ ਨੂੰ ਵੇਖ ਲਿਆ ਸੀ।) ਸਾਫੋਨੋਵ ਛੋਟੀਆਂ ਮਸ਼ੀਨਗੰਨਾਂ ਵਾਲ਼ੇ ਉਹਨਾਂ ਫ਼ੌਜੀਆਂ ਉੱਤੇ ਗੋਲ਼ੀ ਚਲਾ ਰਿਹਾ ਸੀ ਜਿਹੜੇ ਛੋਟੀ-ਛੋਟੀ ਤੇਜ਼ ਦੌੜ ਲਾਉਂਦੇ ਉਸ ਮੋਰਚੇ ਵੱਲ ਜਾਂਦੇ ਟੈਂਕ ਦੇ ਪਿੱਛੇ-ਪਿੱਛੇ ਆ ਰਹੇ ਸਨ। ਉਸ ਨੇ ਜਰਮਨਾਂ ਨੂੰ ਹਿਫ਼ਾਜ਼ਤੀ ਆੜ ਲੈਣ ਲਈ ਮਜ਼ਬੂਰ ਕਰ ਦਿੱਤਾ ਸੀ ਅਤੇ ਟੈਂਕ ਮੋਰਚੇ ਕੋਲ਼ ਆ ਕੇ ਘੁੰਮ ਗਿਆ ਤੇ ਅੱਗ ਫੜ ਗਿਆ ਸੀ।

"ਚੁਬੂਕ!" ਸਾਫੋਨੋਵ ਨੇ ਗੋਲ਼ੀ ਚਲਾਉਣੀ ਬੰਦ ਕਰ ਦਿੱਤੀ ਤੇ ਆਪਣੇ ਸਹਾਇਕ ਨੂੰ ਅਵਾਜ਼ ਦਿੱਤੀ।

"ਇਕ ਹੋਰ ਚੱਕਲੀ, ਚਾਚਾ ਯੇਫਿਮ?" ਨੌਜਵਾਨ ਸੈਨਿਕ ਨੇ ਜਲਦੀ ਨਾਲ਼ ਹੁੰਗਾਰਾ ਦਿੱਤਾ।

"ਲੈਫਟੀਨੈਂਟ ਟੈਂਕ ਹੇਠ ਹੈ!.."

"ਹੈਂ?.."

ਸਾਫੋਨੋਵ ਤੇ ਚੇਬੂਰਾਸ਼ਕਿਨ ਦੋਹਾਂ ਨੇ ਧੜਵੈਲ ਜਰਮਨ ਟੈਂਕ ਵੱਲ ਵੇਖਿਆ ਜਿਹੜਾ ਧੂਏਂ ਵਿਚ ਘਿਰਿਆ ਹੋਇਆ ਸੀ। ਟੈਂਕ ਦਾ ਝਰੋਖਾ ਖੁੱਲ੍ਹਿਆ ਤੇ ਟੈਂਕ ਵਾਲ਼ੇ ਦਾ ਸਿਰ ਬਾਹਰ ਆਇਆ ਤੇ ਫੇਰ ਉਸ ਦੇ ਮੋਢੇ। ਸਪਸ਼ਟ ਸੀ ਕਿ ਜਰਮਨ ਮਚਦੇ ਟੈਂਕ ਵਿਚੋਂ ਛਾਲ਼ ਮਾਰ ਕੇ ਬਾਹਰ ਆਉਣਾ ਚਾਹੁੰਦਾ ਸੀ, ਪਰ ਇਕਦਮ ਉਸ ਨੂੰ ਗੋਲ਼ੀ ਲੱਗੀ ਤੇ ਉਹ ਝਰੋਖੇ ਵਾਲ਼ੀ ਬੁਰਜ਼ੀ ਉੱਤੇ ਢੇਰ ਹੋ ਗਿਆ। ਝਰੋਖੇ ਦੇ ਅੰਦਰੋਂ ਕੋਈ ਉਸ ਨੂੰ ਬਾਹਰ ਸੁੱਟਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰ ਤੋਪ ਦਸਤਾ ਟੈਂਕ ਉੱਤੇ ਗੋਲ਼ੀਆਂ ਵਰ੍ਹਾਈ ਜਾਂਦਾ ਸੀ। ਫ਼ੌਲਾਦ ਨੂੰ ਵਿੰਨ੍ਹ ਸੁੱਟਣ ਵਾਲ਼ੇ ਗੋਲ਼ੇ ਨਾਲ਼ ਝਰੋਖਾ ਪਾਟ ਗਿਆ ਅਤੇ ਦੋ ਗੋਲੇ ਬੁਰਜੀ ਵਿਚ ਜਾ ਵੱਜੇ... ਸ਼ਾਂਤ, ਸੁਸਤ ਸਾਫੋਨੋਵ ਤੇ ਜ਼ੋਸੀਲੇ ਫੁਰਤੀਲੇ ਚੇਬੂਰਾਸ਼ਕਿਨ ਨੇ ਜਦੋਂ ਮਨਹੂਸ ਕਾਲ਼ੇ ਧੂੰਏਂ ਨਾਲ਼ ਧਾਂਤ ਨੂੰ ਸੁਲਘਦਾ ਵੇਖਿਆ ਤਾਂ ਇਸ ਖੌਫ਼ਨਾਕ ਨਜ਼ਾਰੇ ਨਾਲ਼ ਜਿਵੇਂ ਉਹਨਾਂ ਦਾ ਸਾਹ ਰੁੱਕ ਗਿਆ ਹੋਵੇ। ਇਕ ਮਿੰਟ ਵਾਸਤੇ ਉਹ ਦੋਵੇਂ ਭੁੱਲ ਗਏ ਕਿ ਉਹ ਕੌਣ ਸਨ ਤੇ ਏਥੇ ਕੀ ਕਰ ਰਹੇ ਸਨ ਅਤੇ ਦੋਹਾਂ ਦਾ ਹੀ ਇਸ ਪਾਸੇ ਧਿਅਨ ਨਹੀਂ ਗਿਆ ਕਿ ਮਸ਼ੀਨਗੰਨਾਂ ਵਾਲ਼ੇ ਜਰਮਨ ਉਹਨਾਂ ਵਲੋਂ ਗੋਲ਼ੀ ਚਲਾਉਣੀ ਬੰਦ ਕਰਨ ਦਾ ਲਾਭ ਉੱਠਾ ਕੇ ਅਗਾਂਹ ਆ ਗਏ ਤੇ ਕਿਲਕਾਰੀਆਂ ਮਾਰਦੇ ਮੁੱਖ ਖੰਦਕ ਵੱਲ ਦੌੜ ਪਏ।

"ਸਾਫੋਨੋਵ, ਕੀ ਕਰਦਾ ਏਂ? ਗੋਲ਼ੀ ਕਿਉਂ ਨਹੀਂ ਚਲਾਉਂਦਾ?" ਜੂਨੀਅਰ ਸਾਰਜੈਂਟ ਦੀ ਭਾਰੀ ਅਵਾਜ਼ ਉਹਨਾਂ ਦੇ ਪਿੱਛੇ ਗੂੰਜੀ। "ਜਾਮ ਹੋ ਗਈ?... ਲਿਆ ਫੜਾ ਏਧਰ!..." ਤੇ ਨਾਲ਼ ਹੀ ਸਾਫੋਨੋਵ ਨੇ ਮਹਿਸੂਸ ਕੀਤਾ ਕਿਵੇਂ ਫਰੋਲੋਵ ਦਾ ਮਜ਼ਬੂਤ ਹੱਥ ਉਸ ਦੇ ਮੋਢੇ ਨੂੰ ਝੰਜੋੜ ਰਿਹਾ ਸੀ।

ਪਰ ਹੁਣ ਉਸ ਨੇ ਵੇਖ ਲਿਆ ਸੀ ਕਿ ਉਹਦੇ ਸਾਮ੍ਹਣੇ ਕੀ ਹੋ ਰਿਹਾ ਹੈ। ਉਸ ਨੇ ਗੰਨ ਨੂੰ ਗੱਲ੍ਹ ਦੇ ਨਾਲ਼ ਲਾਇਆ ਅਤੇ ਦੰਦ ਕਰੀਚਦਿਆਂ, ਘੋੜਾ ਦੱਬਿਆ ਅਤੇ 'ਏ' ਅੱਖਰ ਨੂੰ ਲੰਮਕਾ ਕੇ ਬੋਲਿਆ:

"ਇਕ... ਇਕ!"

ਸਾਰਜੈਂਟ ਦੇ ਚਲੇ ਜਾਣ ਦੇ ਫੌਰਨ ਬਾਅਦ, ਸਾਫੋਨੋਵ ਨੇ ਇਕ ਵਾਰੀ ਫੇਰ ਚੇਬੂਰਾਸ਼ਕਿਨ ਨੂੰ ਅਵਾਜ਼ ਦਿੱਤੀ:

"ਚੁਬੂਕ!"

"ਚੱਕਲੀ ਚਾਹੀਦੀ ਏ, ਚਾਚਾ ਯੇਫਿਮ?"

"ਗੱਲ ਸੁਣ, ਚੁਬੂਕ," ਗੋਲ਼ੀਆਂ ਦੀ ਬਾੜ੍ਹ ਵਿਚਕਾਰ ਸਾਫੋਨੋਵ ਨੇ ਆਖਿਆ। "ਓਸ ਟੈਂਕ ਤੱਕ ਜਾ ਸਕਦਾ ਏਂ?"

"ਕਿਸ ਵਾਸਤੇ?"

"ਲੈਫਟੀਨੈਂਟ ਤੇ ਰਾਜ਼ਮਾਖ਼ਿਨ ਨੂੰ ਸਹਾਰਾ ਦੇਣ ਵਾਸਤੇ। ਉਹਨਾਂ ਦਾ ਸਾਹ ਘੁੱਟਿਆ ਜਾਏਗਾ... ਜਾ, ਆੜ ਵਾਸਤੇ ਮੈਂ ਗੋਲ਼ੀ ਚਲਾਉਂਦਾ ਹਾਂ।"

ਚੇਬੂਰਾਸ਼ਕਿਨ ਨੇ ਚੌਕਸੀ ਨਾਲ਼ ਟੈਂਕ ਵੱਲ ਝਾਕਿਆ ਅਤੇ ਗੋਲ਼ਿਆਂ ਦੀ ਉਡਾਈ ਤੇ ਅੱਧੀ ਤਬਾਹ ਹੋਈ ਖੰਦਕ ਵੱਲ਼ ਜਿਵੇਂ ਅੰਦਾਜ਼ਾ ਲਾ ਰਿਹਾ ਹੋਵੇ ਕਿ ਉਹ ਇਸ ਵਿਚੋਂ ਲੰਘ ਵੀ ਸਕੇਗਾ ਜਾਂ ਨਹੀਂ ਅਤੇ, ਇਸ ਨਤੀਜੇ ਉੱਤੇ ਪਹੁੰਚ ਕੇ ਕਿ ਇਹ ਸੰਭਵ ਨਹੀਂ, ਨਾਰਾਜ਼ ਨਜ਼ਰ ਨਾਲ਼ ਚਾਚੇ ਯੇਫਿਮ ਵੱਲ ਵੇਖਿਆ ਅਤੇ ਕੋਈ ਜਵਾਬ ਨਹੀਂ ਦਿੱਤਾ।

"ਬੋਲਦਾ ਕਿਉਂ ਨਹੀਂ ?" ਸਾਫੋਨੋਵ ਨੇ ਨੌਜਵਾਨ ਸੈਨਿਕ ਦੀ ਝਿਜਕ ਨੂੰ ਵੇਖਦਿਆਂ, ਗੋਲ਼ੀਆਂ ਦੀ ਬਾੜ੍ਹ ਵਿਚ ਇਕ ਵਾਰੀ ਫੇਰ ਪੁੱਛਿਆ। "ਡਰਦਾ ਏਂ ?"

"ਡਰ ਮੈਨੂੰ ਕਾਹਦਾ!" ਚੇਬੂਰਾਸ਼ਕਿਨ ਨੇ ਜਵਾਬ ਦਿੱਤਾ। ਪ੍ਰਤੱਖ ਰੂਪ ਵਿਚ ਉਸ ਦਾ ਚਿਹਰਾ ਪੀਲ਼ਾ ਜ਼ਰਦ ਹੋ ਗਿਆ ਸੀ ਤੇ ਫਰਕਣ ਲੱਗ ਪਿਆ ਸੀ, ਪਰ ਉਸ ਨੇ ਆਪਣੇ ਲਿੱਸੇ ਜਿਹੇ, ਮੁੰਡਿਆਂ ਵਰਗੇ ਮੋਢਿਆਂ ਨੂੰ ਇਉਂ ਵੰਗਾਰਵੇਂ ਅੰਦਾਜ਼ ਨਾਲ਼ ਤਣਿਆ ਜਿਵੇਂ ਇਹ ਸਿੱਧ ਕਰਨਾ ਹੋਵੇ ਕਿ ਉਹ ਬੁਜ਼ਦਿਲ ਨਹੀਂ ਅਤੇ ਉਹ ਉਸ ਤੋਂ ਕਿੱਤੇ ਵਧੇਰੇ ਕੁਝ ਕਰ ਸਕਦਾ ਹੈ ਜਿੰਨੀ ਕੁ ਉਸ ਤੋਂ ਲੋਕ ਆਸ ਕਰ ਸਕਦੇ ਹਨ। ਉਹ ਉੱਛਲ ਕੇ ਮੋਰਚੇ ਵਿਚੋਂ ਬਾਹਰ ਆ ਗਿਆ ਅਤੇ, ਰੀਂਗਣ ਜਾਂ ਛੜੱਪੇ ਮਾਰਨ ਦੀ ਥਾਂ, ਪੂਰੀ ਤਰ੍ਹਾਂ ਤਣ ਕੇ ਖਲੋ ਗਿਆ ਤੇ ਖੰਦਕ ਦੇ ਨਾਲ਼-ਨਾਲ਼ ਟੈਂਕ ਵੱਲ਼ ਤੁਰ ਪਿਆ। "ਵੇਖੋ, ਮੈਂ ਗੋਲ਼ੀਆਂ ਤੋਂ ਡਰਦਾ ਨਹੀਂ, ਪਰ ਤੁਸੀਂ ਮੈਨੂੰ ਭੇਜ ਕੇ ਗ਼ਲਤ ਕੀਤਾ ਹੈ ਤੇ ਮੇਰੇ ਮਰ ਜਾਣ ਦਾ ਤੁਹਾਨੂੰ ਬੜਾ ਅਫ਼ਸੋਸ ਹੋਵੇਗਾ!..." ਉਸ ਦੀ ਪੂਰੀ ਸੂਰਤ — ਤਣੀ ਹੋਈ ਪਿੱਠ, ਸਿੱਧੀ ਗਰਦਨ, ਛੋਟੀ ਮਸ਼ੀਨਗੰਨ ਸਰਸਰੀ ਢੰਗ ਨਾਲ਼ ਫੜੀ ਹੋਈ — ਕਹਿੰਦੀ ਜਾਪਦੀ ਸੀ। ਡਰ ਨਾਲ਼ ਉਹਦਾ ਲਹੂ ਸੁੰਨ ਹੋ ਗਿਆ ਸੀ ਤੇ ਉਹ ਖੁਸ਼ ਸੀ ਕਿਉਂਕਿ ਉਹ ਇਸ ਤਰ੍ਹਾਂ ਤੁਰ ਸਕਦਾ ਸੀ, ਗੋਲ਼ੀਆਂ ਅੱਗੇ ਝੁਕਿਆ ਨਹੀਂ ਸੀ, ਅਤੇ ਸੱਚਮੁਚ ਹੀ ਮਰਨ ਲਈ ਤਿਆਰ ਸੀ ਅਤੇ ਉਸ ਨੂੰ ਯਕੀਨ ਸੀ, ਉਹ ਜਿਊਂਦਾ ਬਚ ਕੇ ਨਹੀਂ ਆਵੇਗਾ ਅਤੇ ਉਹ ਆਪਣੇ ਜਿਸਮ 'ਤੇ ਇਸ ਗੱਲ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਸੋਚ ਰਿਹਾ ਕਿ ਗੋਲ਼ੀ ਉਸ ਨੂੰ ਕਿਹੜੀ ਥਾਂ ਲੱਗੇਗੀ। ਛਾਤੀ ਵਿਚ ? ਢਿੱਡ ਵਿਚ ? ਜਾਂ ਸ਼ਾਇਦ ਲੱਤ ਵਿਚ ਤੇ ਫੇਰ... ਸ਼ੁਰੂ ਵਿਚ ਉਸ ਨੇ ਜੋ ਕੁਝ ਵੀ ਕੀਤਾ ਸੀ ਉਹ ਚਾਚਾ ਯੇਫਿਮ ਦੇ ਖਿਲਾਫ਼ ਰੋਸ ਵਿਚ ਕੀਤਾ ਸੀ ਜਿਸ ਨੇ ਉਸ ਨੂੰ ਟੈਂਕ ਵੱਲ, ਉੱਡਦੀਆਂ ਗੋਲ਼ੀਆਂ ਦੇ ਇਸ ਨਰਕ ਵਿਚ ਭੇਜਿਆ ਸੀ, ਪਰ ਜਦੋਂ ਉਸ ਨੇ ਆਪਣੇ ਆਪ ਨੂੰ ਗੋਲ਼ੀਆਂ ਦੀ ਮਾਰ ਵਿਚ ਵੇਖਿਆ ਅਤੇ ਉਹਨਾਂ ਦੀਆਂ ਵਿਹੁਲੀਆਂ ਸ਼ੂਕਰਾਂ ਤੇ ਸੀਟੀਆਂ ਸੁਣੀਆਂ ਅਤੇ ਮਹਿਸੂਸ ਕੀਤਾ ਕਿ ਉਹ ਇਹਨਾਂ ਅਵਾਜ਼ਾਂ ਜਾਂ ਖੁਦ ਗੋਲ਼ੀਆਂ ਤੋਂ ਡਰਦਾ ਨਹੀਂ, ਤਾਂ ਚੇਬੂਰਾਸ਼ਕਿਨ ਦਾ ਜੀਅ ਕੀਤਾ ਕਿ ਚਾਚੇ ਯੇਫਿਮ ਤੇ ਬਾਕੀ ਸਾਰਿਆਂ ਨੂੰ ਵੰਗਾਰੇ। ਇਸ ਵਾਸਤੇ ਉਹਦਾ ਜੀਅ ਕਰਦਾ ਸੀ ਕਿ ਇਸ ਪਲ ਜੋ ਕੁਝ ਉਸ ਨੂੰ ਬਰਦਾਸ਼ਤ ਕਰਨਾ ਪੈ ਰਿਹਾ ਸੀ ਉਸ ਤੋਂ ਉਹ ਬਹੁਤ ਖਫ਼ਾ ਹੋ ਗਿਆ ਸੀ। "ਮੈਂ ਮਾਰਿਆ ਜਾਵਾਂਗਾ। ਵੇਖੋ, ਤੁਸਾਂ ਲੋਕ ਨੇ, ਤੁਸਾਂ ਮੈਨੂੰ ਖ਼ੌਫ਼ਨਾਕ ਹਾਲਤ ਵਿਚ ਪਾ ਦਿੱਤਾ ਹੈ!..." ਪਰ ਗੋਲ਼ੀਆਂ ਉਹਦੇ ਕੋਲੋਂ ਦੀ ਲੰਘ ਜਾਂਦੀਆਂ ਸਨ ਅਤੇ ਹਲਕੀ ਜਿਹੀ ਠਾਹ ਦੀ ਅਵਾਜ਼ ਨਾਲ਼ ਮਿੱਟੀ ਵਿਚ ਜਾ ਧਸਦੀਆਂ ਸਨ ਅਤੇ ਉਹ ਹਰ ਕਦਮ ਨਾਲ਼ ਚਾਲ ਤੇਜ਼ ਕਰਦਾ ਤੁਰਿਆ ਜਾਂਦਾ ਸੀ ਅਤੇ ਜਲਦੀ ਹੀ ਰੋਸ ਦੀ ਭਾਵਨਾ ਉੱਤੇ ਜਿਊਣ ਦੀ ਤਾਂਘ ਹਾਵੀ ਹੋ ਗਈ ਅਤੇ ਇਹ ਖ਼ਿਆਲ ਕਿ ਜਦੋਂ ਲੋਕਾਂ ਨੇ ਉਸ ਦੀ, ਨੌਜਵਾਨ ਸੈਨਿਕ ਚੇਬੂਰਾਸ਼ਕਿਨ ਦੀ, ਲਾਸ਼ ਵੇਖੀ

ਤਾਂ ਉਹਨਾਂ ਦਾ ਤ੍ਰਾਹ ਨਿਕਲ ਜਾਏਗਾ, ਪਿਛੋਕੜ ਵਿਚ ਚਲਾ ਗਿਆ ਤੇ ਫੇਰ ਬਿਲਕੁਲ ਮਿਟ ਗਿਆ। ਉਹ ਜਲਦੀ ਨਾਲ਼ ਖੰਦਕ ਦੇ ਮੋੜ ਵੱਲ ਵਧਿਆ — ਮੋੜ ਮੁੜਦਿਆਂ ਹੀ ਉਹ ਸਿਰ ਨੀਵਾਂ ਕਰ ਲਏਗਾ ਅਤੇ ਛੋਟੀ-ਛੋਟੀ ਤੇਜ਼ ਦੌੜ ਦੋੜਦਾ ਜਾਏਗਾ ਅਤੇ ਕੋਈ ਵੀ, ਚਾਚਾ ਯੇਫਿਮ ਵੀ, ਉਸ ਨੂੰ ਵੇਖ ਨਹੀਂ ਸਕੇਗਾ। ਸਿਰਫ਼ ਉਸ ਮੋੜ ਤੱਕ ਜਲਦੀ ਪਹੁੰਚਣਾ ਚਾਹੀਦਾ ਹੈ…

"ਸਿਰ ਨੀਵਾਂ ਰੱਖ!" ਸਾਫੋਨੋਵ ਨੇ ਮਗਰੋਂ ਉੱਚੀ ਅਵਾਜ਼ ਵਿਚ ਆਖਿਆ। "ਸਿਰ ਨੀਵਾਂ ਰੱਖ, ਮੂਰਖਾ, ਮਾਰਿਆ ਜਾਵੇਂਗਾ!"

ਪਰ ਚੇਬੂਰਾਸ਼ਕਿਨ ਮੋੜ ਮੁੜ ਚੁੱਕਾ ਸੀ ਤੇ ਹੁਣ ਉਹ ਨਜ਼ਰ ਨਹੀਂ ਸੀ ਆਉਂਦਾ। "ਮਾਰਿਆ ਗਿਆ," ਸਾਫਨੋਵੋ ਗੁੱਸੇ ਨਾਲ ਬੁੜਬੁੜਾਇਆ ਅਤੇ, ਜਿਵੇਂ ਚੇਬੂਰਾਸ਼ਕਿਨ ਦੀ ਮੌਤ ਦਾ ਜਰਮਨਾਂ ਕੋਲ਼ੋਂ ਬਦਲਾ ਲੈ ਰਿਹਾ ਹੋਵੇ, ਇਕੋ ਸਾਹ ਗੋਲ਼ੀਆਂ ਦੀ ਪੂਰੀ ਦੀ ਪੂਰੀ ਚੱਕਲੀ ਚਲਾ ਦਿੱਤੀ।

ਉਸ ਤੋਂ ਬਾਅਦ ਕੀ ਹੋਇਆ, ਸਾਫੋਨੋਵ ਨੂੰ ਕੁਝ ਯਾਦ ਨਹੀਂ ਸੀ। ਜਰਮਨ ਉੱਠ ਖੜੇ ਹੋਏ ਤੇ ਧਾਵਾ ਬੋਲਦੇ ਅੱਗੇ ਵਧੇ, ਫੇਰ ਉਹਨਾਂ ਨੇ ਆੜ ਲਈ ਤੇ ਫੇਰ ਧਾਵਾ ਬੋਲਿਆ ਅਤੇ ਉਹ ਜਰਮਨਾਂ ਉੱਤੇ ਚੱਕਲੀ 'ਤੇ ਚੱਕਲੀ ਗੋਲੀਆਂ ਵਰ੍ਹਾਉਂਦਾ ਰਿਹਾ। ਚੇਬੂਰਾਸ਼ਕਿਨ, ਜਾਂ ਲੈਫਟੀਨੈਂਟ ਜਾਂ ਰਾਜ਼ਮਾਖ਼ਿਨ ਬਾਰੇ ਸੋਚਣ ਦਾ ਕੋਈ ਵਕਤ ਨਹੀਂ ਸੀ। ਸਭ ਕੁਝ ਖ਼ਲਤ-ਮਲਤ ਹੋ ਗਿਆ ਸੀ ਤੇ ਉਸ ਨੂੰ ਸਿਰਫ਼ ਇਕੋ ਚੀਜ਼ ਦਾ ਚੰਗੀ ਤਰ੍ਹਾਂ ਅਹਿਸਾਸ ਸੀ — ਉਹਦੇ ਹੱਥਾਂ ਨੂੰ ਮੁੜ੍ਹਕਾ ਆ ਗਿਆ ਸੀ। ਮਸ਼ੀਨਗੰਨ ਦਾ ਤਪ ਗਿਆ ਕੁੰਦਾ ਹੱਥਾਂ ਨੂੰ ਚਿਪਚਿਪਾ ਲੱਗਦਾ ਸੀ ਤੇ ਜੀਅ ਕਚਿਆਉਂਦਾ ਸੀ, ਚੱਕਲੀ ਉਹਦੇ ਹੱਥਾਂ ਵਿਚੋਂ ਤਿਲਕ-ਤਿਲਕ ਜਾਂਦੀ ਸੀ। ਉਸ ਨੇ ਜਲਦੀ ਜਲਦੀ ਆਪਣੀ ਕਮੀਜ਼ ਨਾਲ ਹੱਥ ਪੂੰਝੇਂ ਤੇ ਫੇਰ ਹੱਥ ਨਾਲ਼ ਭਰਵੱਟਿਆਂ ਤੋਂ ਮੁੜਕਾ ਪੂੰਝਿਆ ਤੇ ਹੱਥ ਫੇਰ ਚਿਪਚਿਪਾ ਤੇ ਗਿੱਲਾ ਹੋ ਗਿਆ। ਸਿਰਫ਼ ਸਾਫੋਨੋਵ ਹੀ ਸੀ ਜਿਹੜਾ ਅਜੇ ਤੱਕ ਗੋਲ਼ੀ ਚਲਾ ਰਿਹਾ ਸੀ। ਪਰ ਸਾਫੋਨੋਵ ਦਾ ਅਸਲਾ ਮੁਕਦਾ ਜਾਂਦਾ ਸੀ ਤੇ ਉਸ ਨੇ ਫਿਕਰਮੰਦ ਹੋ ਕੇ ਆਪਣੇ ਹਲਕੇ ਦੇ ਕਮਾਂਡਰ ਨੂੰ ਏਧਰ ਓਧਰ ਝਾਕ ਕੇ ਵੇਖਿਆ। ਜਿਹੜੀ ਸੌੜੀ ਜਿਹੀ ਖੰਦਕ ਵਿਚੋਂ ਜੂਨੀਅਰ ਸਾਰਜੈਂਟ ਫਰੋਲੋਵ ਤੇ ਸ਼ਾਪੋਵਾਲੋਵ ਗਰਨੇਡ ਸੁੱਟ ਰਹੇ ਸਨ ਓਥੇ ਹੁਣ ਕੋਈ ਨਹੀਂ ਸੀ ਜਾਪਦਾ, ਪਰ ਅਸਲ ਗੱਲ ਇਹ ਸੀ ਕਿ ਸਾਫੋਨੋਵ ਦੀ ਉਹਨਾਂ 'ਤੇ ਨਜ਼ਰ ਨਹੀਂ ਸੀ ਪਈ। ਸਾਰਜੈਂਟ ਦੇ ਸਿਰ ਵਿਚ ਮਾੜਾ ਜਿਹਾ ਜ਼ਖਮ ਹੋ ਗਿਆ ਸੀ ਅਤੇ ਸ਼ਾਪੋਵਾਲੋਵ ਜਲਦੀ-ਜਲਦੀ ਉਸ ਨੂੰ ਪੱਟੀ ਬੰਨ੍ਹ ਰਿਹਾ ਸੀਃ

"ਛੇਤੀ ਕਰ," ਸਾਰਜੈਂਟ ਨੇ ਤਰਲਾ ਲਿਆ। "ਛੇਤੀ ਕਰ ਤੂੰ, ਮਸ਼ੀਨਗੰਨ ਖਾਮੋਸ਼ ਹੋ ਗਈ ਹੈ!"

ਫਰੋਲੋਵ ਨੇ ਪੱਟੀ ਬੰਨ੍ਹੇ ਜਾਣ ਦੀ ਇੰਤਜ਼ਾਰ ਨਹੀਂ ਕੀਤੀ। ਉਹ ਉੱਠਿਆ ਤੇ ਮਸ਼ੀਨਗੰਨਾਂ ਵੱਲ਼ ਦੌੜ ਪਿਆ। ਕਾਰਪੋਰਲ ਕੋਕੋਰਿਨ ਦੇ ਅਮਲੇ ਵਾਲ਼ੇ ਮੋਰਚੇ ਵਿਚ, ਮਸ਼ੀਨਗੰਨ ਵਾਲ਼ਾ, ਕੋਕੋਰਿਨ ਆਪ ਤੇ ਉਹਦਾ ਸਹਾਇਕ ਗੋਲ਼ੀਆਂ ਭਰਨ ਵਾਲ਼ਾ ਉਜ਼ਗਿਨ, ਦੋਵੇਂ ਮਰੇ ਪਏ ਸਨ। ਸਿੱਧੀ ਗੋਲ਼ੀ ਲੱਗਣ ਨਾਲ਼ ਮਸ਼ੀਨਗੰਨ ਦੀ ਨਾਲੀ ਹੇਠਾਂ ਲਿਫ ਕੇ ਮਿੱਟੀ ਦੇ ਢੇਰ ਵਿਚੋਂ ਬਾਹਰ

ਨਿਕਲੀ ਹੋਈ ਸੀ। ਤੀਜੇ ਮੋਰਚੇ ਵਿਚ ਵੀ ਮਸ਼ੀਨਗੰਨ ਵਾਲ਼ਾ ਮਾਰਿਆ ਗਿਆ ਸੀ ਪਰ ਗੰਨ ਨੂੰ ਕੋਈ ਨੁਕਸਾਨ ਨਹੀਂ ਸੀ ਪੁੱਜਾ। ਗੰਨ ਖੰਦਕ ਦੀ ਬੰਨੀ ਉੱਤੇ ਪਈ ਸੀ ਤੇ ਸਹਾਇਕ ਜਵਾਨ, ਸ਼ਚੇਰਬਾਕੋਵ, ਗੰਨ ਸੰਭਾਲ ਕੇ ਆਪ ਗੋਲ਼ੀ ਚਲਾਉਣ ਦੀ ਥਾਂ, ਭੁੰਜੇ ਨੰਗੇ ਪੈਰ ਬੈਠਾ ਹੋਇਆ ਸੀ ਅਤੇ ਆਪਣੀ ਛੋਟੀ ਮਸ਼ੀਨਗੰਨ ਨੂੰ ਆਪਣੇ ਆਪ ਪੈਰਾਂ ਨਾਲੋਂ ਲਾਹੀ ਨਵੀਂ ਚਿੱਟੀ ਪੱਟੀ ਬੰਨ੍ਹਣ ਲੱਗਾ ਹੋਇਆ ਸੀ। ਜਦੋਂ ਜੂਨੀਅਰ ਸਾਰਜੈਂਟ ਫਰੋਲੋਵ ਆਇਆ ਤਾਂ ਡਰੇ ਸਹਿਮੇ ਪੀਲੇ ਜ਼ਰਦ ਹੋ ਗਏ ਚਿਹਰੇ ਵਾਲਾ ਸ਼ਚੇਰਬਾਕੋਵ, ਜਿਸ ਨੂੰ ਜ਼ਾਹਿਰ ਹੈ ਕਿ ਜਰਮਨਾਂ ਤੇ ਆਪਣੀ ਮੌਤ ਤੋਂ ਬਿਨਾਂ ਹੋਰ ਕੁਝ ਵੇਖਣ ਦੀ ਆਸ ਨਹੀਂ ਸੀ, ਗੰਨ ਹੇਠਾਂ ਰੱਖ ਕੇ ਪਿੱਛੇ ਹਟ ਗਿਆ, ਅਤੇ ਆਪਣੀਆਂ ਬਾਹਵਾਂ ਸਿਰ ਉੱਤੇ ਰੱਖ ਲਈਆਂ ਜਿਵੇਂ ਆਪਣੇ ਆਪ ਨੂੰ ਕਿਸੇ ਸੱਟ ਲੱਗਣ ਤੋਂ ਬਚਾ ਰਿਹਾ ਹੋਵੇ। ਇਕ ਸਕਿੰਟ ਵਾਸਤੇ ਫਰੋਲੋਵ ਮੋਰਚੇ ਦੇ ਮੂੰਹ ਅੱਗੇ ਖਲੋਤਾ ਭੁੰਜੇ ਪਈ ਛੋਟੀ ਮਸ਼ੀਨਗੰਨ ਤੇ ਇਸ ਨੂੰ ਬੰਨ੍ਹੀ ਹੋਈ ਚਿੱਟੀ ਪੱਟੀ ਵੱਲ ਝਾਕਦਾ ਰਿਹਾ ਤੇ ਫੇਰ ਹੇਠਾਂ ਝੁਕ ਕੇ ਉਸ ਨੇ ਪੱਟੀ ਲਾਹ ਕੇ ਪਰੇ ਵਗਾਹ ਮਾਰੀ, ਸ਼ਚੇਰਬਾਕੋਵ ਨੂੰ ਧੱਕਾ ਦੇ ਕੇ ਇਕ ਪਾਸੇ ਕੀਤਾ ਅਤੇ ਦੌੜ ਕੇ ਮਸ਼ੀਨਗੰਨ ਕੋਲ਼ ਹੋ ਗਿਆ। ਉਹ ਸਮਝ ਗਿਆ ਸੀ ਕਿ ਸ਼ਚੇਰਬਾਕੋਵ ਕੀ ਕਰਨਾ ਚਾਹੁੰਦਾ ਸੀ, ਅਤੇ ਗੁੱਸੇ ਵਿਚ ਆ ਕੇ ਉਹ ਉਸ ਦੇ ਇਕ ਟਿਕਾਉਣ ਜਾਂ ਸਗੋਂ ਗੋਲ਼ੀ ਹੀ ਮਾਰ ਦੇਣ ਲਈ ਤਿਆਰ ਸੀ ਪਰ ਛੋਟੀਆਂ ਮਸ਼ੀਨਗੰਨਾਂ ਵਾਲ਼ੇ ਜਰਮਨ ਖੰਦਕ ਦੇ ਨੇੜੇ ਪਹੁੰਚ ਗਏ ਸਨ, ਉਹਨਾਂ ਦੀਆਂ ਅਵਾਜ਼ਾਂ ਸੁਣ ਰਹੀਆਂ ਸਨ ਅਤੇ ਇਕ ਪਲ ਵੀ ਜ਼ਾਇਆ ਨਹੀਂ ਸੀ ਕੀਤਾ ਜਾ ਸਕਦਾ। ਜਦੋਂ ਉਸ ਨੇ ਗੋਲ਼ੀਆਂ ਦੀ ਇਕ ਲੰਮੀ ਬਾੜ੍ਹ ਛੱਡ ਲਈ ਤਾਂ ਹੀ ਫਰੋਲੋਵ ਨੇ ਮੁੜ ਕੇ ਉਹਦੇ ਵੱਲ ਵੇਖਿਆ ਤੇ ਘੁਰਕੀ ਮਾਰੀ:

"ਚੱਕਲੀ ਤਿਆਰ ਕਰ, ਹਰਾਮੀਆਂ!.."

ਨੰਗੇ ਪੈਰ ਤੇ ਉੱਡੇ ਹੋਏ ਚਿਹਰੇ ਨਾਲ਼, ਜਿਵੇਂ ਕਿਸੇ ਮੁਰਦੇ ਦਾ ਚਿਹਰਾ ਹੋਵੇ ਸ਼ਚੇਰਬਾਕੋਵ ਅਚਾਨਕ ਜਿੰਨੀ ਫੁਰਤੀ ਨਾਲ਼ ਕੰਮ ਕਰਨ ਲੱਗਾ ਓਨੀ ਫੁਰਤੀ ਆਪਣੀ ਜਿੰਦਗੀ ਵਿਚ ਪਹਿਲਾਂ ਉਹਨੇ ਕਦੇਂ ਨਹੀਂ ਸੀ ਵਿਖਾਈ।

ਪਾਸ਼ੇਨਤਸੇਵ ਆਪਣੇ ਮੋਰਚੇ ਤੋਂ ਕਈ ਕਦਮ ਦੂਰ ਘਾਹ ਉੱਤੇ ਪਿਆ ਹੋਇਆ ਸੀ। ਭਾਵੇਂ ਉਸ ਨੇ ਲੜਾਈ ਦੌਰਾਨ ਇਕ ਪਲ ਵੀ ਹੋਸ਼ ਨਹੀਂ ਸੀ ਗਵਾਈ, ਜ਼ਖ਼ਮੀ ਨਹੀਂ ਸੀ ਹੋਇਆ, ਕੋਈ ਧੱਕਾ ਨਹੀਂ ਸੀ ਲੱਗਾ, ਪਰ ਹੁਣ, ਜਦੋਂ ਉਸ ਨੇ ਚੁਰੱਸਤੇ ਵੱਲ ਵਧ ਰਹੇ ਟੈਂਕਾਂ ਦੀ ਖੜ–ਖੜ ਸੁਣੀ, ਲੜਾਈ ਦੇ ਮੈਦਾਨ ਉੱਤੇ ਛਾ ਗਈ ਅਚਾਨਕ ਚੁੱਪ ਨੂੰ ਸੁਣਿਆ, ਤਾਂ ਉਸ ਨੂੰ ਜ਼ਿੰਦਗੀ ਦੀ ਸੁਭਾਗੀ ਜਾਗਰੂਕਤਾ ਦਾ ਅਹਿਸਾਸ ਹੋਇਆ ਜਿਹੜਾ ਹਮੇਸ਼ਾ ਹੀ ਤਣਾਓ ਭਰੀ ਤੇ ਸਖ਼ਤ ਮਿਹਨਤ ਤੋਂ ਬਾਅਦ ਹੋਇਆ ਕਰਦਾ ਹੈ। ਇਹ ਅਹਿਸਾਸ ਹਰ ਚੀਜ਼ ਵਿਚ ਸੀ: ਸੁੱਕੀ ਜ਼ਮੀਨ ਵਿਚ ਜਿਹੜੀ ਗਰਮ ਹਵਾੜ ਛੱਡਦੀ ਸੀ ਤੇ ਜਿਸ ਉੱਤੇ ਉਹਨੇ ਆਪਣੀ ਗੱਲ੍ਹ ਟਿਕਾਈ ਹੋਈ ਸੀ, ਸਵੇਰ ਵੇਲ਼ੇ ਦੇ ਸੂਰਜ ਵਿਚ ਜਿਹੜਾ ਉਸ ਦੇ ਲੱਕ ਨੂੰ ਨਿੱਘਾ ਕਰ ਰਿਹਾ ਸੀ, ਅਚਾਨਕ ਰੁਮਕੀ ਪੌਣ ਵਿਚ ਜਿਹੜੀ ਉਸ ਦੀ ਕਮੀਜ਼ ਦੇ ਗਲਮੇ ਵਿਚੋਂ ਅੰਦਰ ਲੰਘ ਆਈ ਸੀ ਤੇ ਉਸ ਦੀ ਮੁੜ੍ਹਕੇ ਨਾਲ਼ ਗੜੁੱਚ ਗਰਦਨ ਨੂੰ ਠੰਡਕ ਪਹੁੰਚਾ ਰਹੀ ਸੀ। ਪਾਸ਼ੇਨਤਸੇਵ

ਨੂੰ ਜਾਪਿਆ ਜਿਵੇਂ ਉਹ ਢੇਰ ਚਿਰ ਤੋਂ ਇਥੇ ਏਸੇ ਤਰ੍ਹਾਂ ਲੰਮਾ ਪਿਆ ਹੋਵੇ, ਪਰ ਅਸਲ ਵਿਚ ਹਾਲੇ ਕੁਝ ਇਕ ਪਲ ਹੀ ਤਾਂ ਹੋਏ ਸਨ—ਇਹ ਦੋ ਛੱਲਾਂ ਵਿਚਕਾਰਲਾ ਟਿਕਾਓ ਸੀ, ਜਦੋਂ ਇਕ ਛੱਲ ਟੁੱਟ ਗਈ ਸੀ ਅਤੇ ਦੂਜੀ ਹਾਲੇ ਉੱਠਣ ਵਾਲ਼ੀ ਸੀ, ਅਤੇ ਇਹ ਅਗਲੀ ਛੱਲ ਛੋਟੀਆਂ ਮਸ਼ੀਨਗੰਨਾਂ ਵਾਲ਼ੇ ਜਰਮਨ ਸਨ ਜਿਹੜੇ ਆਪਣੇ ਟੈਂਕਾਂ ਤੋਂ ਪਿੱਛੇ ਰਹਿ ਗਏ ਸਨ। ਉਹ ਇੱਕੱਠੇ ਇਕ ਕਤਾਰ ਵਿਚ ਦੌੜ ਰਹੇ ਸਨ ਅਤੇ ਗੋਲ਼ੀ ਨਹੀਂ ਚਲਾ ਰਹੇ ਸਨ ਕਿਉਂਕਿ ਉਹਨਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਰਸਤਾ ਸਾਫ਼ ਹੋ ਗਿਆ ਹੈ। ਪਰ ਸੋਲੋਮਕੀ ਦੇ ਜਵਾਨ ਆਪਣੀਆਂ ਸਪਾਟ ਤੇ ਅੱਧੀਆਂ ਤਬਾਹ ਹੋ ਗਈਆਂ ਸੌੜੀਆਂ ਖੰਦਕਾਂ ਵਿਚੋਂ ਬਾਹਰ ਆਉਣ ਲਈ ਹੱਥ ਪੈਰ ਮਾਰ ਰਹੇ ਸਨ ਤੇ ਮਿੱਟੀ ਘੱਟਾ ਅਤੇ ਉਹ ਡਰ ਝਾੜ ਛੰਡ ਰਹੇ ਸਨ ਜਿਹੜਾ ਹੁਣੇ-ਹੁਣੇ ਹੋਏ ਟੈਂਕਾਂ ਦੇ ਹਮਲੇ ਤੋਂ ਪੈਦਾ ਹੋਇਆ ਸੀ। ਸਾਰੀ ਖੰਦਕ ਦੇ ਨਾਲ਼-ਨਾਲ਼, ਟਾਹਣੀਆਂ ਦੀ ਖੜਖੜ ਵਾਂਗ, ਬੋਲਟਾਂ ਦੀ ਟਿਕ-ਟਿਕ ਹੋਈ ਅਤੇ ਬੰਨੀ ਉੱਤੇ ਫੇਰ ਉਹਨਾਂ ਮਸ਼ੀਨਗੰਨਾਂ, ਰਫਲਾਂ ਤੇ ਛੋਟੀਆਂ ਮਸ਼ੀਨਗੰਨਾਂ ਦੀਆਂ ਨਾਲ਼ੀਆਂ ਨੇ ਸਿਰ ਕੱਢ ਲਏ ਜਿਹੜੀਆਂ ਹੁਣੇ-ਹੁਣੇ ਕੀਤੀ ਕਾਰਵਾਈ ਨਾਲ਼ ਗਰਮਾਈਆਂ ਅਜੇ ਠੰਡੀਆਂ ਨਹੀਂ ਸੀ ਹੋਈਆਂ। ਹੁਣ ਉਹ ਅੱਗੇ ਵਧ ਰਹੇ ਦੁਸ਼ਮਣ ਦਾ ਗਰਮ ਸਿੱਕੇ ਨਾਲ਼ ਘਾਣ ਕਰ ਦੇਣਗੀਆਂ।... ਪਾਸ਼ੇਨਤਸੇਵ ਇਕ ਬਾਂਹ ਆਪਣੇ ਹੇਠਾਂ ਕਰ ਕੇ ਕਸੂਤਾ ਜਿਹਾ ਪਿਆ ਸੀ। ਉਸ ਦੀਆਂ ਮੁੜ੍ਹਕੇ ਨਾਲ਼ ਭਿੱਜੀਆਂ ਉਂਗਲਾਂ ਨੇ ਉਹਦੀ ਛੋਟੀ ਮਸ਼ੀਨਗੰਨ ਦੇ ਨਿੱਘੇ ਚਿਪਚਿਪੇ ਕੁੰਦੇ ਨੂੰ ਟੋਹਿਆ। ਘਾਹ ਦੀ ਇਕ ਝੁਲਸੀ ਹੋਈ ਪੱਤੀ ਉਹਦੀਆਂ ਅੱਖਾਂ ਦੇ ਸਾਮ੍ਹਣੇ ਅਹਿਲ ਖੜੀ ਸੀ। ਇਸ ਦੇ ਉਪਰ ਇਕ ਕੀੜੀ ਰੀਂਗਦੀ ਜਾਂਦੀ ਸੀ। ਧੁੱਪ ਵਿਚ ਇਹ ਅੰਤਾਂ ਦੀ ਨਿਰਮਲ ਤੇ ਕੋਮਲ ਜਾਪਦੀ ਸੀ ਤੇ ਇਸ ਦਾ ਭੂਰਾ ਬਦਨ ਬਿਲਕੁਲ ਪਾਰਦਰਸ਼ੀ ਸੀ। ਉਹ ਨਾੜ ਦੇ ਹੇਠਾਂ ਉੱਤੇ ਚੜ੍ਹਦੀ ਲਹਿੰਦੀ ਸੀ ਜਿਵੇਂ ਧਰਤੀ ਦੇ ਇਸ ਵਿਸ਼ਾਲ ਬੇਆਬਾਦ ਟੋਟੇ ਉੱਤੇ ਉਹ ਵੀ ਬੇਚੈਨੀ ਮਹਿਸੂਸ ਕਰਦੀ ਹੋਵੇ ਤੇ ਟਿਕਣ ਲਈ ਉਹਨੂੰ ਕੋਈ ਥਾਂ ਨਾ ਲੱਭਦੀ ਹੋਵੇ। ਨਾੜ ਦੇ ਹੇਠਾਂ ਗੋਲ਼ੀ ਦੇ ਖ਼ੋਲ ਦੀ ਇਕ ਵੱਡੀ ਸਾਰੀ ਨੋਕਦਾਰ ਚਿੱਪਰ ਪਈ ਸੀ ਜਿਸ ਵਿਚੋਂ ਅਜੇ ਵੀ ਧੂੰਆਂ ਨਿਕਲ ਰਿਹਾ ਸੀ। ਇਸ ਚਿੱਪਰ ਤੋਂ ਅੱਗੇ ਹੋਰ ਝੁਲਸਿਆ ਹੋਇਆ ਘਾਹ ਸੀ ਤੇ ਇਸ ਉੱਤੇ ਇਕ ਸੈਨਿਕ ਦੀ ਦਿਹ ਚੁਫਾਲ ਪਈ ਸੀ ਜਿਸ ਨੇ ਪੂਰੇ ਦੁਮੇਲ ਨੂੰ ਓਹਲਾ ਕੀਤਾ ਹੋਇਆ ਸੀ। "ਪਿਆਤਕਿਨ! ਇਹ ਤਾਂ ਸਾਰਜੈਂਟ ਮੇਜਰ ਪਿਆਤਕਿਨ ਏ!" ਸਿਰ ਦੇ ਪਿੱਛੇ ਕੀਤੇ ਹੋਏ ਹੱਥਾਂ ਵਿਚ, ਪਾਸ਼ੇਨਤਸੇਵ ਨੇ ਵੇਖਿਆ, ਸਾਰਜੈਂਟ ਮੇਜਰ ਦੀਆਂ ਢਿੱਲੀਆਂ ਉਂਗਲਾਂ ਵਿਚ ਗਰਨੇਡਾਂ ਦਾ ਇਕ ਧੂੜ-ਅੱਟਿਆ ਬੰਡਲ ਫੜਿਆ ਹੋਇਆ ਸੀ। ਗਰਨੇਡ ਪੇਟੀ ਦੇ ਨਾਲ਼ ਬੱਝੇ ਹੋਏ ਸਨ। ਪੇਟੀ ਦਾ ਬਕਸੂਆ ਧੁੱਪ ਵਿਚ ਸ਼ੀਸ਼ੇ ਵਾਂਗ ਲਿਸਕਦਾ ਸੀ ਅਤੇ ਪਾਸ਼ੇਨਤਸੇਵ ਦਾ ਧਿਆਨ ਪੇਟੀ ਦੇ ਚਮਕਦਾਰ ਉਪਰਲੇ ਹਿੱਸੇ ਵੱਲ਼ ਗਿਆ ਜਿਹੜੀ ਵਰਤੋਂ ਕਰਨ ਨਾਲ਼ ਉਸਤਰਾ ਤੇਜ਼ ਕਰਨ ਵਾਲ਼ੇ ਪਟੇ ਵਾਂਗ ਹੋ ਗਈ ਸੀ ਅਤੇ ਉਂਗਲਾਂ ਤੇ ਨਹੁਆਂ ਉੱਤੇ ਲਹੂ ਜੰਮ ਗਿਆ ਹੋਇਆ ਸੀ। ਕੁਝ ਪਲ ਉਹ ਬੰਡਲ ਵੱਲ ਝਾਕਦਾ ਰਿਹਾ ਜਿਵੇਂ ਇਸ ਤੋਂ ਸਾਰਜੈਂਟ ਮੇਜਰ ਦੀ ਮੌਤ ਦੀ ਕਹਾਣੀ ਦਾ ਪਤਾ ਲੱਗ ਜਾਏਗਾ... ਲਾਗੇ ਹੀ ਇਕ ਬੇਕਾਰ ਹੋ ਗਿਆ ਟੈਂਕ ਸੀ, ਵੱਡਾ ਸਾਰਾ ਦਾਗ਼ਾਂ ਵਾਲ਼ਾ, ਜਿਸ ਦੇ ਪਹੀਆਂ ਦਾ ਪਟਾ ਟੁੱਟ ਗਿਆ ਸੀ ਅਤੇ ਇੰਜਨ ਹਾਲ਼ੇ ਵੀ ਚਲਦਾ ਪਿਆ ਸੀ।

"ਮੈਂ ਹਰ ਕਿਸਮ ਦੇ ਟੈਂਕ ਵੇਖੇ ਹੋਏ ਸਨ: ਕਾਲੇ ਜਿਸ ਤਰ੍ਹਾਂ ਦੇ ਸ਼ਾਇਦ ਇਹ ਬਣ ਕੇ ਕਾਰਖਾਨੇ ਵਿਚੋਂ ਨਿਕਲਣ ਵੇਲ਼ੇ ਹੁੰਦੇ ਹਨ, ਅਤੇ ਚਿੱਟੇ, ਜਿਨ੍ਹਾਂ ਉੱਤੇ ਚੂਨਾ ਛਿੜਕਿਆ ਹੁੰਦਾ ਹੈ..." ਇਸ ਉੱਤੇ ਦਾਗ ਸਨ ਜਿਵੇਂ ਜਾਸੂਸਾਂ ਦੀ ਕੈਮਾਫਲਾਜ਼ ਕੀਤੀ ਕੇਪ ਹੁੰਦੀ ਹੈ। ਇਸ ਦਾ ਬਕਤਰ ਜਿਵੇਂ ਕੋਈ ਨਕਸ਼ਾ ਹੋਵੇ: ਕਾਲੀ ਜ਼ਮੀਨ, ਪੀਲ਼ੇ ਰੇਗਿਸਤਾਨ, ਅਤੇ ਪਰਬਤ ਮਾਲ਼ਾ ਦੀਆਂ ਭੂਰੀਆਂ ਵਿੰਗਿਆਂ ਟੇਢੀਆਂ ਲਕੀਰਾਂ ਤੇ ਪਰਬਤ ਮਾਲ਼ਾ ਦੇ ਉੱਪਰ — ਕਾਲ਼ਾ ਸਵਾਸਤਿਕਾ, ਮੌਤ ਦਾ ਬੈਜ ਜਿਸ ਦੀਆਂ ਮੱਕੜੀ ਵਰਗੀਆਂ ਲੱਤਾਂ ਹੇਠਾਂ ਵਾਦੀਆਂ ਤੱਕ ਜਾਂਦੀਆਂ ਸਨ... ਹੋ ਸਕਦਾ ਹੈ, ਝਰੋਖੇ ਵਾਲ਼ੀ ਬੁਰਜੀ ਉੱਤੇ ਸੱਚਮੁਚ ਹੀ ਪੰਜ ਮਹਾਦੀਪਾਂ ਦਾ ਨਕਸ਼ਾ ਬਣਿਆ ਹੋਵੇ ਜਿਸ ਤੋਂ ਜਰਮਨੀ Lebens raum* ਦੀ ਜਾਨੂੰਨੀ ਧਾਰਨਾ ਪ੍ਰਗਟ ਹੁੰਦੀ ਹੈ, ਪਾਗ਼ਲਾਨਾ ਵਿਚਾਰ ਜਿਹੜਾ ਕਈ ਪੀੜ੍ਹੀਆਂ ਤੋਂ ਜਰਮਨਾਂ ਨੇ ਕਿਸੇ ਜੀਵਨ-ਅੰਮ੍ਰਿਤ ਵਾਂਗ ਆਪਣੇ ਦਿਮਾਗ਼ਾਂ ਵਿਚ ਭਰਿਆ ਹੋਇਆ ਹੈ, ਉਹ ਵਿਚਾਰ ਜਿਸ ਨੂੰ ਹਿਟਲਰ ਨੇ **ਸੰਸਾਰ ਉੱਤੇ ਗਲਬੇ** ਦੇ ਨਿਰਪੇਖ ਸੰਕਲਪ ਵਿਚ ਢਾਲ ਦਿੱਤਾ। ਹੋ ਸਕਦਾ ਹੈ ਕਿ ਟੈਂਕਾਂ ਦੀ ਝਰੋਖੇ ਵਾਲ਼ੀ ਘੁੰਮਦੀ ਬੁਰਜੀ ਉੱਤੇ, ਸਵਾਸਤਿਕਾ ਵਲੋਂ ਕੁਚਲਿਆ, ਘੋਪਿਆ ਖੁਦ ਜਰਮਨੀ ਹੀ ਦਰਜਨ ਕੁ ਵਾਰ ਵਿਖਾਇਆ ਗਿਆ ਹੋਵੇ; ਜਾਂ ਹੋ ਸਕਦਾ ਹੈ ਇਹ ਮਹਿਜ਼ ਬੇਸ਼ਕਲ ਪੀਲੇ, ਹਰੇ ਤੇ ਭੂਰੇ ਦਾਗ ਹੀ ਹੋਣ ਜਿਹੜੇ ਕਿਸੇ ਬੇਪ੍ਰਵਾਹ ਪੇਂਟਰ ਨੇ ਕਾਮੋਫਲਾਜ਼ ਵਾਸਤੇ ਪਾ ਦਿੱਤੇ ਹੋਣ। ਤੇ ਇਹ ਟੈਂਕ ਅੱਗੇ ਆ ਰਿਹਾ ਸੀ, ਦਾਗਾਂ ਵਾਲ਼ਾ ਇਕ ਧੜਵੈਲ ਆਕਾਰ, ਦੂਰੋਂ ਨੇੜਿਓਂ ਸਪਸ਼ਟ ਨਜ਼ਰ ਆਉਂਦਾ (ਜਿਸ ਆਦਮੀ ਨੇ ਇਸ ਦਾ ਕਾਮੋਫਲਾਜ਼ ਕੀਤਾ ਸੀ ਉਸ ਨੂੰ ਰੂਸ ਦੇ ਕੁਦਰਤੀ ਦ੍ਰਿਸ਼ਾਂ ਦਾ ਗਿਆਨ ਨਹੀਂ ਸੀ); ਬੰਦੂਕਾਂ ਤੇ ਤੋਪਾਂ ਦੇ ਗੋਲ਼ਿਆ ਦੇ ਨਿਸ਼ਾਨ ਪਏ ਹੋਏ। ਇਹ ਸਿੱਧਾ ਮੋਰਚੇ ਵੱਲ ਆ ਰਿਹਾ ਸੀ। ਇਹ ਰ੍ਹਾਈਨ ਤੋਂ ਏਥੇ ਆਇਆ ਸੀ, ਇਹ ਡੱਬ-ਖੜੱਬਾ 'ਟਾਈਗਰ' ਜਿਹੜਾ ਕਰੁਪ ਫੈਕਟਰੀਆਂ ਵਿਚ ਪੈਦਾ ਹੋਇਆ ਸੀ। ਜਦੋਂ ਇਸ ਨੂੰ ਮਾਲ ਗੱਡੀ ਦੇ ਖੁੱਲ੍ਹੇ ਡੱਬੇ ਉੱਤੇ ਲੱਦਿਆ ਗਿਆ ਸੀ ਤਾਂ ਫੌਜ ਦੇ ਕੂਚ ਦੀ ਧੁਨ ਵਜਾਈ ਗਈ ਸੀ, ਹਜ਼ਾਰਾਂ ਹੱਥਾਂ ਨੇ ਇਸ ਦੇ ਠੰਡੇ ਬਕਤਰ ਨੂੰ ਛੂਹਿਆ ਸੀ, ਹਜ਼ਾਰਾਂ ਬਰਗਰਾਂ ਤੇ ਉਹਨਾਂ ਦੀਆਂ ਗਦਰਾਈਆਂ ਤੀਵੀਆਂ ਨੇ, ਜਿਨ੍ਹਾਂ ਦੇ ਦਿਮਾਗਾਂ ਤੇ Lebens raum ਦਾ ਉਹੋ ਪਾਗ਼ਲਪਨ ਸਵਾਰ ਸੀ ਜਿਹੜਾ ਫਿਊਰਰ ਦੇ ਦਿਮਾਗ਼ ਵਿਚ ਸੀ, ਬੜੀ ਸ਼ਰਧਾ ਤੇ ਆਸ ਨਾਲ਼ ਇਸ ਵੱਲ਼ ਵੇਖਿਆ ਸੀ ਜਦੋਂ ਗੱਡੀ ਨੇ ਪੂਰਬ ਵੱਲ ਆਪਣਾ ਸਫ਼ਰ ਸ਼ੁਰੂ ਕੀਤਾ ਸੀ; ਇਸ ਨੂੰ ਹਜ਼ਾਰਾਂ ਲਾਅਨਤਾਂ ਭੇਜੀਆਂ ਗਈਆਂ ਜਦੋਂ, ਤਰਪਾਲਾਂ ਵਿਚ ਕੱਜਿਆ, ਇਹ ਪੋਲੈਂਡ ਦੀ ਧਰਤੀ ਤੋਂ ਲੰਘਿਆ ਸੀ ਜਦੋਂ ਰੂਸ ਦੀ ਸਰਹੱਦ ਪਾਰ ਕਰ ਰਿਹਾ ਸੀ ਤਾਂ ਉੱਥੇ ਇਕ ਸੰਤਰੀ ਆ ਗਿਆ; ਸਮੋਲੇਨਸਕ ਦੇ ਨੇੜੇ ਇਸ ਦੇ ਅੱਗੇ ਅੱਗੇ ਆਉਂਦੀ ਗੱਡੀ ਦੇ ਤੂੰਬੇ ਉਡਾ ਦਿੱਤੇ ਗਏ ਸਨ; ਬੇਲਗੋਰੋਦ ਸਟੇਸ਼ਨ ਦਾ ਮਾਲ ਲਾਹੁਣ ਲੱਦਣ ਵਾਲ਼ੇ ਹਾਤੇ ਵਿਚ ਪਲੇਟਫਾਰਮ ਦੀਆਂ ਅੱਧ-ਚੀਰੀਆਂ ਥੰਮੀਆਂ ਇਸ ਦੇ ਭਾਰ ਹੇਠ ਬਹਿ ਗਈਆਂ ਸਨ; ਤਾਮਾਰੋਵਕਾ ਦੇ ਨੇੜੇ ਇਕ ਪਿੰਡ ਵਿਚ, ਇਕ ਮੁੰਡੇ ਦੇ ਹੱਥ ਨੇ ਇਕ ਪੁਰਾਣਾ ਪਿਆਦਾ ਫ਼ੌਜ ਦਾ ਦਸਤੀ-ਗੋਲ਼ਾ ਇਸ ਦੇ ਪਟਿਆਂ

* ਰਿਹਾਇਸ਼ਗਾਹ। **—ਸੰਪਾ:**

ਹੇਠ ਤਿਲਕਾ ਦਿੱਤਾ; ਇਸ ਤੋਂ ਪਹਿਲਾਂ ਕਿ ਇਹ ਇਕ ਵੀ ਗੋਲ਼ਾ ਚਲਾਉਂਦਾ, ਆਪਣੇ ਸੈਂਕੜੇ ਡੱਬ–ਖੜੱਬੇ ਭਰਾਵਾਂ ਵਾਂਗ, ਇਸ ਨੇ ਰ੍ਹਾਈਨ ਤੋਂ ਉਤਰੀ ਦੋਨੇਤਸ ਦਰਿਆ ਤੱਕ ਆਪਣੇ ਰਾਹ ਵਿਚ ਲੋਥਾਂ ਹੀ ਲੋਥਾਂ ਵਿੱਛਾ ਦਿੱਤੀਆਂ ਸਨ — ਜਿਹੜੇ ਵੀ, ਚਾਹੁੰਦਿਆਂ ਜਾਂ ਨਾ–ਚਾਹੁੰਦਿਆਂ, ਗੱਡੀ ਦੇ ਨੇੜੇ ਸਨ ਉਹਨਾਂ ਨੂੰ ਫੜ ਲਿਆ ਗਿਆ, ਫਾਹੇ ਲਾਇਆ ਗਿਆ, ਗੋਲ਼ੀ ਨਾਲ਼ ਉਡਾਇਆ ਗਿਆ, ਨਜ਼ਰਬੰਦੀ ਕੈਂਪਾਂ ਵਿਚ ਡੱਕ ਦਿੱਤਾ ਗਿਆ ਸੀ। ਇਸ ਦੇ ਬਕਤਰ ਉੱਤੇ ਲਹੂ ਦੇ ਛਿੱਟੇ ਸਨ ਅਤੇ ਪੇਂਟਰ ਨੇ ਗਲਤੀ ਕੀਤੀ ਸੀ ਜਦੋਂ ਉਸ ਨੇ ਇਸ ਉੱਤੇ ਪੀਲਾ, ਹਰਿਆ ਤੇ ਭੂਰਾ ਰੰਗ ਮਲ ਦਿੱਤਾ ਸੀ। ਇਹ "ਟਾਈਗਰ" ਹੁਣ ਮੋਰਚੇ ਵੱਲ ਸਰਕਦਾ ਆਉਂਦਾ ਸੀ ਅਤੇ ਦੋ ਮੋਰੀਆਂ ਵਿਚੋਂ ਦੋ ਨਜ਼ਰਾਂ, ਡਰਾਈਵਰ ਦੀ ਤੇ ਕਮਾਂਡਰ ਦੀ, ਸਿੱਧਾ ਪਾਸ਼ੇਨਤਸੇਵ ਵੱਲ ਝਾਕ ਰਹੀਆਂ ਸਨ। ਇਹਨਾਂ ਮੋਰੀਆਂ ਦੇ ਪਿੱਛੇ ਕੌਣ ਸੀ ? ਟੈਂਕ ਨੂੰ ਕੌਣ ਚਲਾ ਰਿਹਾ ਸੀ ? ਕੋਈ ਕੱਟੜ ਨਾਜ਼ੀ ਜਾਂ ਝਾਸੇ ਵਿਚ ਆਇਆ ਹੋਇਆ ਬਰਗਰ, ਜਿਸ ਦੀ ਆਪਣੇ ਦੇਸ਼ ਵਿਚ ਹੀ Lebens raum ਬਰਚੇ ਦੀ ਸਲੀਬ ਵਾਲ਼ੀ ਉਸ ਤੰਗ ਕਬਰ ਨਾਲ਼ੋਂ ਕਿਤੇ ਵਧੇਰੇ ਮੋਕਲੀ ਹੈ ਜਿਹੜੀ ਰੂਸ ਵਿਚ ਉਸ ਦੀ ਇੰਤਜ਼ਾਰ ਕਰਦੀ ਸੀ ? ਜਾਂ ਇਸ ਨੂੰ ਉਹ ਕਵੀ ਚਲਾਉਂਦਾ ਸੀ ਜਿਹੜਾ ਨਾ ਆਪ ਮਰਨਾ ਚਾਹੁੰਦਾ ਸੀ ਨਾ ਕਿਸੇ ਹੋਰ ਦੀ ਮੌਤ ਦਾ ਇੱਛਕ ਸੀ, ਉਹ ਮੁਸਕ੍ਰਾਉਦਾ ਹੋਇਆ ਐਨ.ਸੀ.ਓ. ਰੇਮੁੰਡ ਬਾਖ਼, ਜਿਸ ਬਾਰੇ ਪੰਦਰਾਂ ਸਾਲ ਮਗਰੋਂ ਗੈਨਰਿਖ ਬੋਲ੍ਹ ਨੇ ਦਰਦਭਰੇ ਅੰਦਾਜ਼ ਨਾਲ਼ ਲਿਖਣਾ ਸੀ, "ਉਹ ਇਕ ਟੈਂਕ ਵਿਚ ਸੜ ਮਰਿਆ, ਇਕ ਝੁਲਸੀ ਹੋਈ ਮੰਮੀ ਬਣ ਗਿਆ..." ਪੰਦਰਾਂ ਸਾਲ ਬਾਅਦ ਬੋਲ੍ਹ ਤੇ ਰੇਮਾਰਕ ਦਾ ਬਿਆਨ ਕੀਤਾ ਹੋਇਆ ਜਰਮਨੀ ਉਹਨਾਂ ਦੇ ਦਿਲਾਂ ਵਿਚ ਹਮਦਰਦੀ ਪਾਏਗਾ ਜਿਨ੍ਹਾਂ ਨੇ ਕਦੇ ਬੰਬ ਪਾਟਦੇ, ਧਰਤੀ ਸੜਦੀ ਤੇ ਸੈਨਿਕ ਮਰਦੇ ਨਹੀਂ ਵੇਖੇ ਸਨ। "ਹਾਰੀ ਪੀੜ੍ਹੀ, ਹਾਰੀ ਪੀੜ੍ਹੀ!.." ਇਹ 1914 ਵਿਚ ਹਾਰੀ ਸੀ ਅਤੇ ਫੇਰ ਇਕਤਾਲੀ ਵਿਚ! ਜੰਗ ਤੋਂ ਪੰਦਰਾਂ ਸਾਲ ਬਾਅਦ ਮੂਰੋਮ ਦੇ ਪੁਰਾਣੇ ਸ਼ਹਿਰ ਵਿਚ, ਲਾਲ ਰੰਗ ਕੀਤੇ ਸਟੇਸ਼ਨ ਦੇ ਪਾਣੀ ਵਾਲ਼ੇ ਪੰਪ ਨੂੰ ਵੇਖਦਾ ਇਕ ਬਾਰੀ ਕੋਲ ਬੈਠਾ ਰਿਟਾਇਰਡ ਕਰਨਲ ਪਾਸ਼ੇਨਤਸੇਵ ਆਪਣੇ ਪੋਤਰੇ ਨੂੰ ਆਖੇਗਾ, "ਤੂੰ ਹਾਲੇ ਲਿਓ ਤਾਲਸਤਾਏ ਨੂੰ ਪੜ੍ਹਿਆ ਨਹੀਂ, ਅਤੇ ਰੇਮਾਰਕ ਨੂੰ ਫੜ ਲਿਆ ਹੈ। ਤੈਨੂੰ ਪਤਾ ਨਹੀਂ ਕਿ ਜੰਗ ਕੀ ਹੁੰਦੀ ਹੈ।" ਅਤੇ ਬਾਰੀ ਕੋਲ਼ ਖਲੋਤਾ ਉਸ ਪੰਪ ਨੂੰ ਵੇਖਦਾ ਹੋਇਆ ਉਹ ਸੋਚੇਗਾ, "ਬੋਨ ਦੀਆਂ ਸੜਕਾਂ ਉੱਤੇ ਫ਼ੌਜੀਆਂ ਦਾ ਹੜ੍ਹ ਆਇਆ ਹੋਇਆ ਹੈ, Lebens raum ਦਾ ਵਿਚਾਰ ਫੇਰ ਮੁਹਾਫਜ਼ਖਾਨੇ ਵਿਚੋਂ ਕੱਢ ਲਿਆ ਹੈ ਤੇ ਉਸ ਨੂੰ ਝਾੜ ਪੂੰਝ ਲਿਆ ਗਿਆ ਹੈ। ਇਕ ਵਾਰੀ ਫੇਰ ਜਰਮਨੀ ਵਿਚ ਪਾਗ਼ਲਪਨ ਵਧ ਰਿਹਾ ਹੈ ਅਤੇ ਸਾਰੇ ਯੂਰਪ ਵਿਚ ਨਗਾਰੇ ਗੂੰਜਦੇ ਹਨ। ਕਤਾਰਬੰਦ ਦਸਤੇ ਉਹਨਾਂ ਖਿੜਕੀਆਂ ਦੇ ਅੱਗੋਂ ਦੀ ਮਾਰਚ ਕਰਦੇ ਲੰਘਦੇ ਹਨ ਜਿਥੇ ਗੈਨਰਿਖ਼ ਬੋਲ੍ਹ ਆਪਣੇ ਨਾਵਲ ਲਿਖਦਾ ਹੈ। ਇਕ ਵਾਰੀ ਫੇਰ ਹਾਰੀ ਪੀੜ੍ਹੀ, ਜੰਗ ਨਾਲ਼ ਹੋਈਆਂ ਵਿਧਵਾਵਾਂ ਤੇ ਯਤੀਮ... ਪਰ ਬਰਵੇਨਕੀ ਦੀ ਲੜਾਈ ਦਾ ਕੀ ਬਣਿਆ ? ਤੇ ਕੁਰਸਕ ਦੀ ਲੜਾਈ ਦਾ ? ਇਹ ਕਦੋਂ ਮੁੱਕੇਗੀ ? ਕਿਸ ਦੇ ਬਾਪ ਇਸ ਨੂੰ ਖ਼ਤਮ ਕਰਨਗੇ ?..." ਉਹ ਬਾਰੀ ਅੱਗੇ ਖਲੋ ਜਾਂਦਾ ਤੇ ਲੰਘਦੀਆਂ ਗੱਡੀਆਂ ਨੂੰ ਵੇਖਦਾ; ਲੜਾਈ ਨਾਲ **ਉਹਦੇ ਘਰ ਕੋਈ ਮੌਤ ਨਹੀਂ ਹੋਈ ਸੀ।** ਉਸ ਦੀ ਬੀਵੀ ਸੀ ਤੇ ਇਕ ਪੋਤਰਾ ਸੀ, ਬੀਵੀ ਜਿਸ ਨੇ ਸਾਲ ਦੇ ਛੇ ਮਹੀਨੇ

ਤਪਦਿਕ ਦੇ ਹਸਪਤਾਲ ਵਿਚ ਗੁਜ਼ਾਰੇ ਸਨ ਤੇ ਪੋਤਰਾ ਜਿਹੜਾ ਰੇਮਾਰਕ ਪੜ੍ਹਨ ਦਾ ਸਵਾਦ ਲੈਂਦਾ ਸੀ... ਇਹ ਸਭ ਕੁਝ ਹੋਵੇਗਾ, ਅਤੇ ਰਿਟਾਇਰਡ ਕਰਨਲ ਆਪਣੀਆਂ ਯਾਦਾਂ ਲਿਖਣ ਬੈਠੇਗਾ, ਪਰ ਹਾਲੇ ਉਹਨੂੰ ਇਹ ਨਹੀਂ ਸੀ ਪਤਾ ਕਿ ਕੀ ਹੋਵੇਗਾ। ਟਾਈਗਰ ਖੰਦਕ ਦੀ ਬੰਨੀ ਤੋਂ ਸਿਰਫ ਪੰਜੇ ਮੀਟਰ ਦੂਰ ਸੀ, ਪਾਸ਼ੇਨਤਸੇਵ ਉਹਨਾਂ ਦੀਆਂ ਅੱਖਾਂ ਨੂੰ ਤਕਰੀਬਨ ਵੇਖ ਸਕਦਾ ਸੀ ਜਿਹੜੇ ਤੋਪ ਦੀ ਨਾਲ਼ੀ ਨਾਲ਼ ਨਿਸ਼ਾਨਾ ਬੰਨ੍ਹ ਕੇ ਇਸ ਗੜਗੜ ਕਰਦੇ ਦੈਂਤ ਨੂੰ ਉਹਦੇ ਮੋਰਚੇ ਵੱਲ ਲਈ ਆਉਂਦੇ ਸਨ। ਇਕ ਪਲ ਹੋਰ ਤੇ ਕਾਲ਼ਾ ਥੱਲਾ, ਕਾੜ ਕਰਦਾ ਮੋਰਚੇ ਉੱਤੇ ਆ ਵੱਜੇਗਾ ਅਤੇ ਇਕ ਪਲ ਹੋਰ ਤੇ ਸਭ ਕੁਝ ਧੂੜ ਤੇ ਕੌੜੇ ਧੂਏ ਵਿਚ ਦੱਬਿਆ ਜਾਵੇਗਾ। ਹਰ ਝੜਪ ਵਿਚ ਇਕ ਐਸਾ ਪਲ ਆਉਂਦਾ ਸੀ ਜਦੋਂ ਪਾਸ਼ੇਨਤਸੇਵ ਆਪਣੀ ਕੰਪਨੀ ਨੂੰ ਆਦੇਸ਼ ਨਹੀਂ ਸੀ ਦੇ ਸਕਦਾ ਕਿਉਂਕਿ ਸੱਜੇ-ਖੱਬੇ ਜਾਂ ਅੱਗੇ-ਪਿੱਛੇ ਕੁਝ ਨਜ਼ਰ ਨਹੀਂ ਸੀ ਆਉਂਦਾ। ਹਰ ਮੋਰਚਾ ਆਪਣੇ-ਆਪ ਵਿਚ ਇਕ ਛੋਟੀ ਜਿਹੀ ਗੜ੍ਹੀ ਬਣ ਜਾਂਦਾ ਸੀ; ਚੇਤਨਾ ਗ਼ਾਇਬ ਹੋ ਜਾਂਦੀ ਸੀ ਅਤੇ ਸਿਰਫ਼ ਵਡੇਰਿਆਂ ਤੋਂ ਮਿਲਿਆ ਹਜ਼ਾਰਾਂ ਵਰ੍ਹੇ ਪੁਰਾਣਾ ਸਹਿਜ-ਅਨੁਭਵ ਹੀ ਰਹਿ ਜਾਂਦਾ ਸੀ: "ਮੈਂ ਜਾਂ ਮੈਨੂੰ!.." ਪਾਸ਼ੇਨਤਸੇਵ ਨੂੰ ਏਨਾ ਵਕਤ ਮਿਲ ਗਿਆ ਸੀ ਕਿ ਮੋਰਚੇ ਉੱਤੇ ਨਜ਼ਰ ਮਾਰ ਸਕੇ, ਇਸ ਦੀਆਂ ਕੰਧਾਂ ਦੀ ਮਜ਼ਬੂਤੀ ਦਾ ਅੰਦਾਜ਼ਾ ਕਰ ਸਕੇ ਅਤੇ ਇਹ ਵੇਖ ਸਕੇ ਕਿ ਊਖ਼ਿਨ ਤੇ ਪਿਆਤਕਿਨ ਕੀ ਕਰ ਰਹੇ ਸਨ। ਸਾਰਜੈਂਟ-ਮੇਜਰ ਗਰਨੇਡਾਂ ਦਾ ਇਕ ਬੰਡਲ ਆਪਣੀ ਪੇਟੀ ਨਾਲ਼ ਬੰਨ੍ਹ ਰਿਹਾ ਸੀ, ਅਤੇ ਊਖ਼ਿਨ, ਜਿਸ ਦਾ ਚਿਹਰਾ ਪੀਲਾ ਜ਼ਰਦ ਹੋ ਗਿਆ ਸੀ, ਆਪਣੇ ਟੈਲੀਫੋਨ ਦੇ ਰਸੀਵਰ ਵਿਚ ਫੂਕਾਂ ਮਾਰ ਰਿਹਾ ਸੀ। ਉਸ ਨੂੰ ਇਹ ਸੋਚਣ ਦਾ ਵਕਤ ਮਿਲ਼ ਗਿਆ ਸੀ ਕਿ ਸਰਜੈਂਟ-ਮੇਜਰ ਹਮੇਸ਼ਾ ਹੀ ਇਕ ਬਹਾਦਰ ਲੜਾਕਾ ਰਿਹਾ ਹੈ ਅਤੇ ਉਹ ਲਾਜ਼ਮੀ ਹੀ ਗਰਨੇਡਾਂ ਦਾ ਬੰਡਲ ਸੁੱਟ ਦੇਵੇਗਾ ਤੇ ਟੈਂਕ ਉਡਾ ਦੇਵੇਗਾ, ਅਤੇ ਇਹ ਸੋਚਣ ਦਾ **ਇਸ ਤੋਂ ਪਹਿਲਾਂ ਵਾਲੀ** ਝੜਪ ਵਿਚ ਉਸ ਨੂੰ "ਸੂਰਬੀਰਤਾ" ਮੈਡਲ ਦੀ ਨਹੀਂ ਸਗੋਂ "ਤਾਰੇ" ਦੀ ਸਿਫਾਰਿਸ਼ ਕਰਨੀ ਚਾਹੀਦੀ ਸੀ, ਅਤੇ ਊਖ਼ਿਨ, ਉਹ ਬਹਾਦਰੀ ਦਾ ਕੋਈ ਕਾਰਨਾਮਾ ਨਹੀਂ ਕਰ ਕੇ ਵਿਖਾਵੇਗਾ, ਅਤੇ ਸਗੋਂ **ਇਸ ਤੋਂ ਪਹਿਲਾਂ ਵੀ** ਉਸ ਨੂੰ ਪਿਸਤੌਲ ਦੀ ਨਾਲ਼ੀ ਵਿਖਾ ਕੇ ਲਾਈਨ ਦੀ ਮੁਰੰਮਤ ਕਰਨ ਲਈ ਭੇਜਿਆ ਗਿਆ ਸੀ; ਪਾਸ਼ੇਨਤਸੇਵ ਨੂੰ ਇਹ ਵੀ ਯਾਦ ਆ ਗਿਆ, "ਪਿਤਾ ਪਹਿਲੀ ਸੰਸਾਰ ਜੰਗ ਵਿਚ ਮਾਰਿਆ ਗਿਆ ਸੀ। ਮਾਂ ਨੂੰ ਉਸ ਦਿਨ ਤੇ ਪਲ ਦਾ ਪਤਾ ਸੀ ਜਦੋਂ ਉਹ ਮਰਿਆ ਸੀ, ਉਸ ਨੂੰ ਤਾਂ ਸਰਕਾਰੀ ਚਿੱਠੀ ਆਉਣ ਤੋਂ ਪਹਿਲਾਂ ਹੀ ਇਹ ਪਤਾ ਸੀ। ਉਸ ਦਿਨ ਉਹ ਖੇਤਾਂ ਵਿਚ ਸੀ, ਵਾਢੀ ਕਰ ਰਹੀ ਸੀ; ਉਹ ਭੁੰਜੇ ਢੇਰੀ ਹੋ ਗਈ ਸੀ ਤੇ ਆਪਣੇ ਦਿਲ ਉੱਤੇ ਹੱਥ ਰੱਖਿਆ ਹੋਇਆ ਸੀ। ਗੁਆਢੀਆਂ ਨੇ ਉਸ ਨੂੰ ਪਾਣੀ ਪਿਆਇਆ ਤਾਂ ਹੋਸ਼ ਆਈ ਸੀ। ਮਗਰੋਂ ਮਾਂ ਸਾਰੀ ਉਮਰ ਇਹ ਗੱਲ ਕਰਦੀ ਰਹੀ ਕਿ ਉਸ ਦਾ ਮੱਥਾ ਠਣਕਿਆ ਸੀ..."ਮੇਰੀ ਬੀਵੀ ਤੇ ਆਂਦਰੀਊਸ਼ਕਾ ਨਾਲ਼ ਕੀ ਵਾਪਰੇਗਾ ਜੇ ਇਸ ਟੈਂਕ ਨੇ ਮੈਨੂੰ ਹੁਣੇ ਏਥੇ ਕੁਚਲ ਕੇ ਰੱਖ ਦਿੱਤਾ ?" ਉਸ ਨੂੰ ਇਹ ਸੋਚਣ ਦਾ ਅਤੇ ਆਪਣੇ ਘਰ ਦੀ ਤਸਵੀਰ ਅੱਖਾਂ ਅੱਗੇ ਲਿਆਉਣ ਦਾ ਵੀ ਵਕਤ ਮਿਲ ਗਿਆ, ਉਹ ਬਾਹਰ ਵਾਲ਼ਾ ਬੂਹਾ, ਉਹ ਕਮਰਾ ਜਿਸ ਵਿਚੋਂ ਪਾਣੀ ਦਾ ਪੰਪ ਨਜ਼ਰ ਆਉਂਦਾ ਹੈ, ਹੁਣ ਉੱਥੇ ਵੀ ਸਵੇਰ ਦਾ ਵੇਲਾ ਹੋਵੇਗਾ, ਆਂਦਰੀਊਸ਼ਕਾ ਬਾਰੀ ਵਿਚੋਂ ਬਾਹਰ ਵੇਖ ਰਿਹਾ

ਹੋਵੇਗਾ ਤੇ ਉਹਦੀ ਬੀਵੀ ਨੇ ਦਿਲ ਫੜ ਲਿਆ ਹੋਵੇਗਾ ਤੇ ਕੁਰਸੀ ਉੱਤੇ ਬਹਿ ਗਈ ਹੋਵੇਗੀ। "ਕੀ ਹੋਇਆ ਏ ਤੈਨੂੰ, ਮਾਂ ?" "ਕੁਝ ਨਹੀਂ, ਪੁੱਤਰ। ਖ਼ਬਰੇ ਤੇਰੇ ਪਿਓ ਨਾਲ਼ ਕੋਈ ਅਬੀ ਨਬੀ ਹੋਈ ਹੋਵੇ।" ਉਹ ਏਨੀ ਗੱਲ ਆਖੇਗੀ, ਤੇ ਫੇਰ ਸਾਰੀ ਉਮਰ ਮੱਥਾ ਠਣਕ ਜਾਣਾ ਯਾਦ ਰੱਖੇਗੀ... ਟਾਈਗਰ ਕੰਨ ਪਾੜਵੀਂ ਗ਼ਰਜ਼ ਨਾਲ਼ ਮੋਰਚੇ ਉੱਤੇ ਚੜ੍ਹ ਆਇਆ ਅਤੇ ਇਸ ਨੂੰ ਆਪਣੇ ਥੱਲੇ ਹੇਠਾਂ ਕੱਜ ਲਿਆ। ਇਸ ਤਰ੍ਹਾਂ ਲੱਗਾ ਜਿਵੇਂ ਕੋਈ ਰੇਲਗੱਡੀ ਪੂਰੀ ਰਫਤਾਰ ਨਾਲ਼ ਕਿਸੇ ਸੁਰੰਗ ਵਿਚ ਜਾ ਵੜਦੀ ਹੈ, ਪਰ ਵਧੇਰੇ ਉੱਚੀ-ਉੱਚੀ, ਵਧੇਰੇ ਘੁੱਟੀ-ਘੁੱਟੀ, ਅਤੇ ਉਹਦੇ ਚਾਰ ਚੁਫੇਰੇ ਇੰਜਨ ਦਾ ਧੂੰਆਂ ਹੈ ਅਤੇ ਸੁਰੰਗ ਦੀਆਂ ਬੱਤੀਆਂ ਦਾ ਪੀਲ਼ਾ ਚਾਨਣ ਉਹਦੀਆਂ ਅੱਖਾਂ ਅੱਗੇ ਟਿਮਟਿਮਾਉਂਦਾ ਹੈ ਅਤੇ ਖ਼ਤਰੇ ਦੀ ਭਾਵਨਾ ਜਾਗਦੀ ਹੈ — ਜੇ ਇਹ ਸੁਰੰਗ ਢਹਿ-ਢੇਰੀ ਹੋ ਗਈ ? ਪਰ ਇਹ ਖ਼ਤਰਾ ਬੇਹੂਦਾ ਪ੍ਰਤੀਤ ਹੁੰਦਾ ਹੈ ਕਿਉਂਕਿ ਇਹ ਸੁਰੰਗ ਕਦੇ ਨਹੀਂ ਸੀ ਢਹਿ ਢੇਰੀ ਹੋਈ, ਇਸ ਵਿਚੋਂ ਹਜ਼ਾਰਾਂ ਗੱਡੀਆਂ ਲੰਘੀਆਂ ਸਨ ਤੇ ਇਸੇ ਤਰ੍ਹਾਂ ਹਜ਼ਾਰਾਂ ਹੋਰ ਲੰਘ ਜਾਣਗੀਆਂ, ਕਿਉਂਕਿ – ਕਿੰਨੀ ਵਾਰੀ ਪਾਸ਼ੇਨਤਸੇਵ ਨੇ ਦੁਸ਼ਮਣ ਦੇ ਟੈਂਕ ਆਪਣੀ ਖੰਦਕ ਉਪਰੋਂ ਲੰਘ ਜਾਣ ਦਿੱਤੇ ਸਨ, ਤੇ ਫੇਰ ਉਹਨਾਂ ਦੇ ਪਿੱਛੇ ਗਰਨੇਡ ਸੁੱਟੇ ਸਨ। ਅਤੇ ਹੁਣ ਵੀ ਉਹ ਏਹੋ ਕੁਝ ਕਰਨ ਵਾਲ਼ਾ ਸੀ, ਪਰ ਸਾਰਜੈਂਟ-ਮੇਜਰ ਪਿਆਤਕਿਨ ਉਸ ਨੂੰ ਮਾਤ ਪਾ ਗਿਆ ਸੀ। ਸਾਰਜੈਂਟ-ਮੇਜਰ ਉਛਲ ਕੇ ਮੋਰਚੇ ਵਿਚੋਂ ਬਾਹਰ ਆ ਗਿਆ—ਪਾਸ਼ੇਨਤਸੇਵ ਨੇ ਉਸ ਨੂੰ ਉਛਲਦਿਆਂ ਅਤੇ ਗਰਨੇਡਾਂ ਦਾ ਬੰਡਲ ਸੁੱਟਣ ਲਈ ਆਪਣੀ ਬਾਂਹ ਨੂੰ ਉਲਾਰਦਿਆਂ ਵੇਖਿਆ ਅਤੇ ਫੇਰ ਉਹਨੇ ਵੇਖਿਆ ਕਿ ਉਹਨੇ ਇਕ ਗੋਡੇ ਦੇ ਭਾਰ ਹੋ ਕੇ ਗਰਨੇਡ ਸੁੱਟਣ ਦੀ ਕੋਸ਼ਿਸ਼ ਕੀਤੀ, ਪਰ ਫੇਰ ਉਹ ਬੜੀ ਲਾਚਾਰੀ ਨਾਲ਼ ਮਸਾਂ ਆਪਣੀ ਬਾਂਹ ਹੀ ਉੱਚੀ ਕਰ ਸਕਿਆ ਅਤੇ ਘਾਹ ਉੱਤੇ ਪਿਛਾਂਹ ਡਿਗ ਪਿਆ। "ਮਾਰਿਆ ਗਿਆ!" ਇਕ ਪਲ ਮਗ਼ਰੋਂ ਪਾਸ਼ੇਨਤਸੇਵ ਦੇ ਦਿਮਾਗ਼ ਵਿਚ ਇਹ ਲਫਜ਼ ਆਇਆ। "ਸਾਰਜੈਂਟ ਮੇਜਰ ਲੰਮਾ ਪੈ ਗਿਆ ਹੈ, ਟੈਂਕ ਨਿਕਲ ਜਾਵੇਗਾ!" ਇਹ ਖ਼ਿਆਲ ਆਉਂਦਿਆਂ ਹੀ ਉਹ ਇਕ ਛੱਲ ਵਾਂਗ ਖੰਦਕ ਵਿਚੋਂ ਬਾਹਰ ਆਇਆ, ਕੁਝ ਕਦਮ ਦੌੜਿਆ ਤੇ ਗਰਨੇਡ ਵਗਾਹ ਕੇ ਟੈਂਕ ਉੱਤੇ ਮਾਰਿਆ।

ਅਚਾਨਕ ਉਸ ਨੂੰ ਲੱਗਾ ਜਿਵੇਂ ਕਿਸੇ ਨੇ ਉਸ ਦੀ ਅਰਕ ਨੂੰ ਛੇੜਿਆ ਹੋਵੇ। ਫੇਰ ਉਸ ਨੇ ਸਖ਼ਤ ਜ਼ਮੀਨ ਉੱਤੇ ਛੋਟੀ ਮਸ਼ੀਨਗੰਨ ਦੀ ਖੜ-ਖੜ ਦੀ ਅਵਾਜ਼ ਸੁਣੀ ਅਤੇ ਇਸ ਦੇ ਨਾਲ਼ ਹੀ ਆਪਣੇ ਪੈਰਾਂ ਉੱਤੇ ਖੜੇ ਹੁੰਦੇ ਆਦਮੀ ਦੀ ਸਰਸਰ। ਉਸ ਨੇ ਆਪਣਾ ਸਿਰ ਚੁੱਕਿਆ ਤੇ ਵੇਖਿਆ, ਇਹ ਤਾਂ ਸਿਗਨਲ ਦੇਣ ਵਾਲਾ ਊਖ਼ਿਨ ਸੀ। ਉਹ ਇਉਂ ਝੁਕਿਆ ਖੜਾ ਸੀ ਜਿਵੇਂ ਦੌੜ ਸ਼ੁਰੂ ਕਰਨ ਵੇਲ਼ੇ ਦੌੜਾਕ ਖੜਾ ਹੁੰਦਾ ਹੈ ਤੇ ਉਸ ਦਾ ਭਾਰੀ ਭਰਕਮ ਸਰੀਰ ਸੂਰਜ ਦੀ ਚਮਕਦੀ ਧੁੱਪ ਵਿਚ ਡੁੱਬਾ ਹੋਇਆ ਸੀ। ਜਾਪਦਾ ਸੀ ਜਿਵੇਂ ਪ੍ਰਭਾਤ ਦੇ ਸੂਰਜ ਦੀਆਂ ਕਿਰਨਾਂ ਬੁੱਢੇ ਇਰਤਿਸ਼ ਮਲਾਹ ਦੇ ਧੌਲੇ, ਹਮੇਸ਼ਾ ਉਦਾਸ ਰਹਿੰਦੇ ਚਿਹਰੇ ਵਿਚ ਨਵੀਂ ਰੂਹ ਫੂਕ ਰਹੀਆਂ ਸਨ। ਪਾਸ਼ੇਨਤਸੇਵ ਦੰਗ ਰਹਿ ਗਿਆ ਸੀ। ਉਸ ਦੀ ਹੈਰਾਨੀ ਦਾ ਕਾਰਨ ਮੁੜ੍ਹਕੇ ਦੇ ਦਾਗਾਂ ਵਾਲ਼ੀ ਕਮੀਜ਼ ਨਹੀਂ ਸੀ ਜਿਹੜੀ ਧੁੱਪ ਵਿਚ ਅਚਾਨਕ ਨਵੀਂ ਜਾਪਣ ਲੱਗ ਪਈ ਸੀ, ਗੰਢਲ ਉਭਰਵੀਆਂ ਨਾੜਾਂ ਵਾਲੇ ਹੱਥ ਨਹੀਂ ਸਨ, ਨਾ ਹੀ ਉਹਨਾਂ ਵਿਚ ਫੜੀ ਛੋਟੀ ਮਸ਼ੀਨਗੰਨ ਦੀ ਚਮਕ ਸੀ, ਸਗੋਂ ਇਸ ਦਾ ਕਾਰਨ ਸੀ ਚਿਹਰਾ, ਊਖ਼ਿਨ ਦਾ ਚਿਹਰਾ ਜਿਸ ਉੱਤੋਂ ਵਿਚਾਰਾਂ ਦੀ

ਅਨੋਖੀ ਸਰਲਤਾ ਤੇ ਸਪਸ਼ਟਤਾ ਝਲਕਦੀ ਸੀ। ਅਜੇ ਥੋੜ੍ਹਾ ਚਿਰ ਪਹਿਲਾਂ ਹੀ ਤਾਂ ਸਿਗਨਲ ਵਾਲ਼ੇ ਦਾ ਰੰਗ ਫੱਕ ਹੋਇਆ ਤੇ ਉਹਦੀ ਹਾਲਤ ਤਰਸਯੋਗ ਜਾਪਦੀ ਸੀ, ਅਤੇ ਉਸ ਦੂਜੀ ਝੜਪ ਵਿਚ ਉਸ ਨੂੰ ਪਿਸਤੌਲ ਦੀ ਨਾਲ਼ੀ ਵਿਖਾ ਕੇ ਤਾਰਾਂ ਦੀ ਮੁਰੰਮਤ ਕਰਨ ਭੇਜਿਆ ਗਿਆ ਸੀ, ਪਰ ਇਹ ਤਾਂ ਦੂਜੀ ਝੜਪ ਦੀ ਗੱਲ ਸੀ ਜਦੋਂ ਊਖ਼ਿਨ ਅਜੇ ਸਿਖਾਂਦਰੂ ਸੀ, ਅਤੇ ਉਸ ਝੜਪ ਤੋਂ ਮਗਰੋਂ ਪਾਸ਼ੇਨਤਸੇਵ ਨੂੰ ਨਹੀਂ ਯਾਦ ਕਿ ਕਦੇ ਊਖ਼ਿਨ ਨੇ ਡਰ ਸਹਿਮ ਦਾ ਮੁਜ਼ਾਹਰਾ ਕੀਤਾ ਹੋਵੇ, ਉਸ ਦਾ ਚਿਹਰਾ ਬੱਗਾ ਪੂਣੀ ਹੋ ਗਿਆ ਸੀ ਪਰ ਉਹ ਤਾਰਾਂ ਦੀ ਮੁਰੰਮਤ ਕਰਨ ਗਿਆ ਸੀ। ਇਕ ਵਾਰੀ ਤਾਂ ਉਸ ਨੇ ਆਪਣੇ ਆਪ ਨੂੰ ਖ਼ੁਦ ਪੇਸ਼ ਕੀਤਾ ਸੀ। ਅਤੇ ਹੁਣ ਦੌੜ ਸ਼ੁਰੂ ਕਰਨ ਵਾਲ਼ੇ ਦੌੜਾਕ ਵਾਂਗ ਖੜੇ ਸਿਗਨਲ ਵਾਲ਼ੇ ਦੇ ਭਾਰੀ ਭਰਕਮ ਸਰੀਰ ਨੂੰ ਵੇਖ ਕਪਤਾਨ ਨੂੰ ਇਹ ਸਭ ਕੁਝ ਯਾਦ ਆ ਗਿਆ ਸੀ। ਊਖ਼ਿਨ ਦੀ ਨਜ਼ਰ ਉਸ ਜਰਮਨ ਉੱਤੇ ਟਿਕੀ ਹੋਈ ਸੀ ਜਿਹੜਾ ਟੈਂਕ ਵਿਚੋਂ ਬਾਹਰ ਨਿਕਲ ਆਇਆ ਸੀ (ਟੁੱਟੇ ਹੋਏ ਪਟੇ ਤੇ ਅਜੇ ਵੀ ਚਲ ਰਹੇ ਇੰਜਨ ਵਾਲ਼ਾ ਟੈਂਕ ਹੌਲੀ-ਹੌਲ਼ੀ ਭਾਂਬੜ ਦੀ ਲਪੇਟ ਵਿਚ ਆਉਂਦਾ ਜਾ ਰਿਹਾ ਸੀ) ਅਤੇ ਭੱਜ ਕੇ ਧੂੰਏਂ ਵਿਚ ਹੁੰਦਾ ਜਾ ਰਿਹਾ ਸੀ। ਪਾਸ਼ੇਨਤਸੇਵ ਨੂੰ ਇਸ ਬੁੱਢੇ ਮਲਾਹ ਦੀਆਂ ਭੀਚੀਆਂ ਹੋਈਆਂ ਅੱਖਾਂ ਵਿਚੋਂ, ਜੋ ਚਮਕਦੀ ਧੁੱਪ ਨਾਲੋਂ ਵੱਧ ਨਫ਼ਰਤ ਨਾਲ਼ ਭੀਚੀਆਂ ਹੋਈਆਂ ਸਨ, ਉਸ ਦੇ ਖੌਫ਼ਨਾਕ ਚਿਹਰੇ ਵਿਚੋਂ ਉਸ ਦੀ ਬਾਹਰ ਨੂੰ ਨਿਕਲੀ ਹੋਈ ਠੋਡੀ ਵਿਚੋਂ ਦ੍ਰਿੜ੍ਹਤਾ ਟਪਕਦੀ ਜਾਪੀ ਸੀ। ਊਖ਼ਿਨ ਉਸ ਜਰਮਨ ਦੇ ਮਗਰ ਜਾ ਕੇ ਉਹਨੂੰ ਜੱਫਾ ਮਾਰ ਲੈਣ ਲਈ ਤਿਆਰ ਸੀ। ਪਰ ਕਿਉਂਕਿ ਉਹ ਐਸਾ ਹੁਸ਼ਿਆਰ ਬੰਦਾ ਸੀ ਜਿਹੜਾ ਹਮੇਸ਼ਾ ਆਪਣੇ ਨਿਸ਼ਾਨੇ ਨੂੰ ਪੱਕ ਕਰ ਲੈਂਦਾ ਹੈ, ਉਹ ਧਾਵਾ ਬੋਲਣ ਦੇ ਠੀਕ ਪਲ ਦੀ ਇੰਤਜ਼ਾਰ ਵਿਚ ਸੀ। ਅਤੇ ਪਾਸ਼ੇਨਤਸੇਵ ਨੇ ਸਿਗਨਲ ਵਾਲ਼ੇ ਦੇ ਚਿਹਰੇ ਤੋਂ ਇਹ ਦ੍ਰਿੜ੍ਹ ਇਰਾਦਾ ਪੜ੍ਹ ਲਿਆ ਸੀ।

ਊਖ਼ਿਨ ਭੱਜ ਕੇ ਅੱਗੇ ਵਧਿਆ ਤੇ ਟੈਂਕ ਦੁਆਲੇ ਘੁੰਮਣ ਘੇਰੀਆਂ ਖਾ ਰਹੇ ਕਾਲੇ ਧੂੰਏਂ ਵਿਚ ਗ਼ਾਇਬ ਹੋ ਗਿਆ ਅਤੇ ਜ਼ਮੀਨ ਤੋਂ ਰਤਾ ਕੁ ਉੱਪਰ ਧੂੰਏਂ ਦੇ ਪਰਦੇ ਹੇਠਾਂ ਉਸ ਦੇ ਬੂਟਾਂ ਦੀ ਇਕ ਝਲਕ ਵਿਖਾਈ ਦਿੱਤੀ ਅਤੇ ਉਹਨਾਂ ਤੋਂ ਥੋੜਾ ਹੇਠਾਂ, ਭੱਜੇ ਜਾਂਦੇ ਜਰਮਨ ਦੇ ਬੂਟਾਂ ਦੀ। ਮੁੱਖ ਖੰਦਕ ਦੇ ਪਾਰੋਂ ਜਿਸ ਵਿਚੋਂ ਫੌਜੀ ਮੁੜ ਉੱਠ ਖੜੇ ਹੋਏ ਸਨ ਜਰਮਨ ਹਾਲੇ ਵੀ ਹਮਲਾ ਕਰ ਰਹੇ ਸਨ ਅਤੇ ਹੁਣ ਆਪਣੀਆਂ ਛੋਟੀਆਂ ਮਸ਼ੀਨਗੰਨਾਂ ਖ਼ਾਲੀ ਕਰੀ ਜਾਂਦੇ ਸਨ ਅਤੇ ਗੋਲ਼ੀਆਂ ਭੂੰਡਾਂ ਵਾਂਗ ਭੀਂ-ਭੀਂ ਕਰਦੀਆਂ ਸੁੱਕੇ ਘਾਹ ਉੱਤੇ ਆ ਕੇ ਡਿੱਗ ਰਹੀਆਂ ਸਨ। ਘਮਸਾਨ ਦੀ ਲੜਾਈ ਹੋ ਰਹੀ ਸੀ। ਪਾਸ਼ੇਨਤਸੇਵ ਨੇ ਪਿੱਛੇ ਮੁੜ ਕੇ ਵੇਖਿਆ ਤੇ ਧੂੰਆਂ ਛੱਡਦੇ ਖੇਤ ਉੱਤੇ ਨਜ਼ਰ ਮਾਰੀ, ਪੂਰੀ ਖੰਦਕ, ਬਰਚੇ ਦੀ ਝਿੜੀ ਤੋਂ ਲੈ ਕੇ ਖੇਡਾਂ ਵਾਲ਼ੇ ਸਟੇਡੀਅਮ ਤੱਕ ਇਸ ਦੀ ਪੂਰੀ ਪੀਲ਼ੀ ਲੰਬਾਈ ਦੇ ਨਾਲ਼-ਨਾਲ਼, ਸਾਰੇ ਮੋਰਚੇ ਤੇ ਸੌੜੀਆਂ ਖੰਦਕਾਂ, ਗੋਲ਼ਿਆਂ ਨਾਲ਼ ਤਬਾਹ ਹੋ ਗਈ ਖੰਦਕ ਦੀ ਬੰਨੀ ਵਿਚ ਜਾਨ ਸੀ ਤੇ ਗੋਲ਼ੀ ਚਲ ਰਹੀ ਸੀ, ਵਰ੍ਹਦੀ ਅੱਗ ਦੀਆਂ ਚਿੱਟੀਆਂ ਲਾਟਾਂ ਨਾਲ਼ ਗੜ੍ਹਕਾਂ ਮਾਰ ਰਹੀ ਸੀ।

"ਡਟੇ ਹੋਏ ਨੇ!" ਪਾਸ਼ੇਨਤਸੇਵ ਨੇ ਫੁਸਰ-ਫੁਸਰ ਕੀਤਾ। ਉਸ ਦਾ ਭਾਵ ਇਕੋ ਹੀ ਵੇਲ਼ੇ ਰਾਖਵੇਂ ਮੋਰਚਿਆਂ ਤੋਂ ਜਿਹੜੇ ਉਸ ਦੇ ਖ਼ਿਆਲ ਅਨੁਸਾਰ ਉਸ ਦੇ ਓਥੇ ਭੇਜੇ ਲੈਫਟੀਨੈਂਟ ਦੀ ਕਮਾਂਡ ਹੇਠ ਸਨ, ਗੋਲ਼ੀ ਚਲਾ ਰਹੀਆਂ ਹਲਕੀਆਂ ਮਸ਼ੀਨਗੰਨਾਂ ਤੋਂ, ਅਤੇ ਸੱਜੀ ਬਾਹੀ ਤੋਂ

ਜਿਹੜੀ ਵਧ ਰਹੇ ਜਰਮਨਾਂ ਦਾ ਡੱਟ ਤੇ ਮੁਕਾਬਲਾ ਕਰ ਰਹੀ ਸੀ, ਅਤੇ ਖੱਬੇ ਪਾਸੇ ਤੋਂ, ਪੂਰੀ ਕੰਪਨੀ, ਪੂਰੇ ਸੋਲੋਮਕੀ ਸੁਰੱਖਿਆ ਮੋਰਚੇ ਤੋਂ ਸੀ।

"ਡਟੇ ਹੋਏ ਨੇ!"
"ਡਟੇ ਹੋਏ ਨੇ!"
"ਡਟੇ ਹੋਏ ਨੇ!"

ਭਾਵੇਂ ਇਹ ਕਦੇ ਕਿਸੇ ਨੇਮਾਵਲੀ ਵਿਚ ਨਹੀਂ ਲਿਖੇ ਗਏ ਸਨ, ਪਰ ਉਸ ਦਿਨ ਇਹ ਲਫਜ਼ ਹਰ ਇਕ ਦੀ ਜ਼ੁਬਾਨ ਉੱਤੇ ਸਨ, ਇਕ ਸੈਨਿਕ ਤੋਂ ਲੈ ਕੇ ਜਰਨਲ ਦੀ ਜ਼ੁਬਾਨ ਤੱਕ, ਸਭਨਾਂ ਯੂਨਿਟਾਂ ਵਿਚ, ਪਿਆਦਾ ਫ਼ੌਜ, ਤੋਪਖਾਨਾ, ਹਵਾਈ ਸੈਨਾ, ਵੋਰੋਨੇਜ਼, ਤੇ ਕੇਂਦਰੀ ਮੋਰਚਿਆਂ ਦੇ ਸਭਨਾਂ ਹਲਕਿਆਂ ਵਿਚ। ਇਹ ਉਡਾਈਆਂ ਹੋਈਆਂ ਖੰਦਕਾਂ ਵਿਚ, ਬਲ ਰਹੇ ਟੈਂਕਾਂ ਵਿਚ, ਤੋਪਾਂ ਦੇ ਗੋਲ਼ਿਆਂ ਨਾਲ਼ ਬਣੇ ਟੋਇਆਂ ਵਿਚ ਦੁਹਰਾਏ ਗਏ ਸਨ। ਕਮਾਂਡ ਚੌਕੀਆਂ ਅਤੇ ਹੈਡ-ਕੁਆਟਰ ਵਿਚ ਬੇਸਬਰੀ ਨਾਲ਼ ਇਹ ਲਫਜ਼ ਉਡੀਕੇ ਗਏ ਸਨ, ਮਹਿਜ਼ ਇਹ ਤਿੰਨ ਲਫਜ਼ — "ਡਟੇ ਹੋਏ ਨੇ!" ਮੂੰਹੋਂ ਮੂੰਹ ਇਹ ਧੂੜ ਲੱਦੀਆਂ ਸੜਕਾਂ ਉੱਤੇ ਅੱਗੇ ਤੁਰਦੇ ਗਏ ਸਨ। ਆਪਣੇ ਯੂਨਿਟਾਂ ਦੀਆਂ ਲੜਾਈ ਦੀਆਂ ਰਿਪੋਰਟਾਂ ਪੜ੍ਹ ਕੇ ਮੁਹਾਜ਼ ਦੇ ਕਮਾਂਡਰਾਂ ਨੇ ਇਹ ਲਫਜ਼ ਦੁਹਰਾਏ ਸਨ; ਇਹ ਤਿੰਨ ਸੰਖੇਪ ਲਫਜ਼ ਜਿਹੜੇ ਪੂਰੀਆਂ ਦੀਆਂ ਪੂਰੀਆਂ ਰੈਜਮੈਂਟਾਂ, ਡਿਵੀਜ਼ਨਾਂ ਤੇ ਆਰਮੀਆਂ ਦੀ ਹੋਣੀ ਦਾ ਸਰੂਪ ਸਨ, ਉਸ ਦਿਨ, ਕੁਰਸਕ ਦੀ ਲੜਾਈ ਦੇ ਪਹਿਲੇ ਦਿਨ, ਸੱਚੀ ਸੂਰਮਗਤੀ ਤੇ ਮਹਿਮਾ ਦਾ ਮਾਪ ਸਨ।

• • •

ਲਿਓਨਿਦ ਸੋਬੋਲੇਵ

ਸੋਬੋਲੇਵ (1898–1971) ਦਾ ਸਾਰਾ ਜੀਵਨ ਸਮੁੰਦਰੀ ਬੇੜੇ ਨਾਲ਼ ਜੁੜਿਆ ਰਿਹਾ ਜਿੱਥੇ ਉਸ ਨੇ ਵੀਹ ਸਾਲ ਤੋਂ ਵੀ ਵੱਧ ਸਮਾਂ ਕੰਮ ਕੀਤਾ। ਉਹਦੀਆਂ ਸਾਰੀਆਂ ਰਚਨਾਵਾਂ ਵਿਚ ਰੂਸੀ ਤੇ ਸੋਵੀਅਤ ਬੇੜੇ ਅਤੇ ਉਹਦੇ ਇਤਿਹਾਸ ਦੀਆਂ ਵੀਰਤਾਪੂਰਨ ਘਟਨਾਵਾਂ ਦਾ ਬਿਰਤਾਂਤ ਮਿਲਦਾ ਹੈ।

ਮਹਾਨ ਦੇਸ਼ਭਗਤਕ ਜੰਗ ਦੇ ਸਾਲਾਂ ਵਿਚ ਇਕ ਫ਼ੌਜੀ ਪੱਤਰਪ੍ਰੇਰਕ ਵਜੋਂ ਪਹਿਲਾਂ ਬਾਲਟਿਕ ਤੇ ਮਗਰੋਂ ਕਾਲੇ ਸਾਗਰ ਦੇ ਬੇੜਿਆਂ 'ਤੇ ਕੰਮ ਕੀਤਾ। ਤਤਕਾਲੀ ਘਟਨਾਵਾਂ ਬਾਰੇ ਉਹਦੀ ਕਹਾਣੀਆਂ ਦੀ ਕਿਤਾਬ "ਸਮੁੰਦਰ ਦੀ ਰੂਹ" ਨੂੰ ਸੋਵੀਅਤ ਯੂਨੀਅਨ ਦਾ ਰਾਜਕੀ ਪੁਰਸਕਾਰ ਮਿਲਿਆ ਹੋਇਆ ਹੈ ਅਤੇ ਉਹ ਸੋਵੀਅਤ ਸਾਹਿਤ ਦੀ ਇਕ ਬੇਹੱਦ ਮਸ਼ਹੂਰ ਵੰਨਗੀ ਹੈ। ਇਸ ਵਿਚੋਂ ਇਕ ਕਹਾਣੀ ਤੁਹਾਡੀ ਸੇਵਾ ਵਿਚ ਹਾਜ਼ਰ ਹੈ।

ਬੁਲਬੁਲ

ਜਲ ਸੈਨਾ ਦੇ ਜਾਸੂਸੀ ਵਿਭਾਗ ਦਾ ਇਕ ਦਸਤਾ ਓਦੇਸਾ ਦੇ ਨੇੜੇ ਮੁਹਾਜ਼ ਲਾਗੇ ਸਰਗਰਮ ਸੀ। ਰਾਤ ਵੇਲ਼ੇ ਇਹ ਜਵਾਨ ਰੁਮਾਨੀਅਨਾਂ ਵਾਲ਼ੇ ਪਿਛਵਾੜੇ ਜਾ ਕੇ, ਸੁਰੰਗਾਂ ਵਿਛੇ ਮੈਦਾਨਾਂ ਵਿਚਕਾਰ ਆਪਣੇ ਢਿੱਡਾਂ ਪਰਨੇ ਰੀਂਗਦੇ, ਪਤਝੜ ਦੇ ਠੰਡੇ, ਲੱਕ-ਲੱਕ ਡੂੰਘੇ ਪਾਣੀਆਂ ਵਾਲ਼ੀਆਂ ਖਾੜੀਆਂ ਗਾਹੁੰਦੇ, ਦੁਸ਼ਮਣ ਦੀਆਂ ਸਫਾਂ ਦੇ ਬਹੁਤ ਪਿੱਛੇ ਆਪਣੀਆਂ ਕਿਸ਼ਤੀਆਂ ਨੂੰ ਲੈ ਜਾਂਦੇ, ਜਾਸੂਸੀ ਕਰਦੇ ਸਨ। ਸੰਤਰੀਆਂ ਨੂੰ ਸੰਗੀਨ ਜਾਂ ਛੁਰੀ ਖੋਭ ਕੇ ਪਾਰ ਬੁਲਾਉਂਦੇ, ਦੁਸ਼ਮਣ ਦੇ ਹੈਡ-ਕੁਆਟਰ ਦੀਆਂ ਝੁੱਗੀਆਂ ਉੱਤੇ ਦਸਤੀ ਗੋਲ਼ਿਆਂ ਦਾ ਮੀਂਹ ਵਰ੍ਹਾਉਂਦੇ, ਆਪਣੇ ਤੋਪਖ਼ਾਨੇ ਦੀਆਂ ਵਰ੍ਹਦੀਆਂ ਗੋਲ਼ੀਆਂ ਹੇਠ, ਜਿਸ ਦੇ ਨਿਸ਼ਾਨੇ ਦਾ ਨਿਰਦੇਸ਼ ਉਹ ਆਪ ਕਰਦੇ ਸਨ, ਮੌਕੇ ਅਨੁਸਾਰ ਬੈਠੇ ਰਹਿੰਦੇ। ਇਹ ਝਕਾਨੀ ਦੇ ਜਾਣ ਵਾਲ਼ੇ, ਨਿਡਰ ਤੇ ਫੁਰਤੀ ਨਾਲ਼ ਕੰਮ ਕਰਨ ਵਾਲ਼ੇ "ਕਾਲ਼ੇ ਦੈਂਤ" ਜਾਂ "ਕਾਲੇ ਕਮੀਸਾਰ" ਸਨ ਜਿਵੇਂ ਕਿ ਡਰਦੇ ਮਾਰੇ ਰੁਮਾਨੀਅਨ ਇਹਨਾਂ ਨੂੰ ਆਖਦੇ ਸਨ।

ਇਹਨਾਂ ਵਿਚ ਹੀ "ਫਰੂੰਜ਼ੇ" ਨਾਂ ਦੇ ਜੰਗੀ ਜਹਾਜ਼ ਦਾ ਇਕ ਅਲੈਕਟ੍ਰੀਸ਼ਨ ਸੀ। ਸੋਹਣਾ ਸੁਨੱਖਾ ਉੱਚਾ ਲੰਮਾ ਜਹਾਜ਼ੀ ਜਿਸ ਨੇ ਬੜੇ ਮਾਣ ਨਾਲ਼ ਮੁੱਛਾਂ ਨੂੰ ਵੱਟ ਚਾੜ੍ਹਿਆ ਹੁੰਦਾ। ਇਹਨਾਂ ਮੁੱਛਾਂ ਤੇ ਰਸਾਲੇ ਦੀ ਉਹਦੀ ਬਿਰਜਸ ਕਰਕੇ ਉਹਦਾ ਨਾਂ ਹੀ "ਹੁਸਾਰ" ਪੈ ਗਿਆ ਹੋਇਆ ਸੀ। ਬਿਰਜਸਾਂ, ਫ਼ੌਜੀਆਂ ਵਾਲ਼ੀਆਂ ਕਮੀਜ਼ਾਂ ਤੇ ਕਿਸ਼ਤੀਨੁਮਾ ਟੋਪੀਆਂ ਅਤਿ ਦੀ ਲੋੜ ਕਰਕੇ ਪਾਈਆਂ ਜਾਂਦੀਆਂ ਸਨ। ਖੁੱਲ੍ਹੀ ਮੋਹਰੀ ਵਾਲ਼ੀਆਂ ਜਹਾਜ਼ੀਆਂ ਦੀਆਂ ਪਤਲੂਣਾਂ ਅਤੇ ਜਲ-ਸੈਨਿਕਾਂ ਵਾਲ਼ੇ ਬੂਟਾਂ ਨਾਲ਼ ਦਲਦਲੀ ਜ਼ਮੀਨ ਉੱਤੇ ਰੀਂਗਣ ਵਿਚ ਬੜੀ ਦਿੱਕਤ ਹੁੰਦੀ ਸੀ। ਜਲ-ਸੈਨਿਕ ਜਾਸੂਸਾਂ ਨੇ ਆਪਣੀਆਂ ਵਰਦੀਆਂ ਤਾਂ ਭਾਵੇਂ ਬਦਲ ਲਈਆਂ ਸਨ ਪਰ ਉਹਨਾਂ ਦੇ ਦਿਲ ਜਹਾਜ਼ੀਆਂ ਵਾਲ਼ੇ ਹੀ ਸਨ। ਉਹ ਜਲ ਸੈਨਿਕਾਂ ਵਾਲ਼ੀਆਂ ਧਾਰੀਦਾਰ ਬੰਡੀਆਂ ਕੱਪੜਿਆਂ ਦੇ ਹੇਠਾਂ ਪਾ ਕੇ ਖੁਸ਼ ਰਹਿੰਦੇ ਸਨ ਤੇ ਉਹਨਾਂ ਦੀਆਂ ਟੋਪੀਆਂ ਉੱਤੇ ਤਾਰੇ ਦੇ ਐਨ ਹੇਠਾਂ ਕਰਕੇ, ਜਲ ਸੈਨਾ ਦਾ ਛੋਟਾ ਜਿਹਾ ਲੰਗਰ ਡਲ੍ਹਕਾਂ ਮਾਰ ਰਿਹਾ ਹੁੰਦਾ ਸੀ।

ਗਰਮੀ ਤੇ ਹੁਸੜ ਵਾਲ਼ੇ ਇਕ ਦਿਨ ਛੇ ਜਾਸੂਸ ਹਮਾਮ ਤੋਂ ਮੁੜਦੇ ਹੋਏ ਓਦੇਸਾ ਵਿਚੋਂ ਲੰਘ ਰਹੇ ਸਨ। ਉਹਨਾਂ ਨੂੰ ਡਾਢੀ ਪਿਆਸ ਲੱਗੀ ਹੋਈ ਸੀ। ਪਰ ਪਿਆਸ ਤਾਂ ਸ਼ਹਿਰ ਦੇ ਬਾਕੀ ਸਭ ਲੋਕਾਂ ਨੂੰ ਵੀ ਲੱਗੀ ਹੋਈ ਸੀ ਅਤੇ ਸੜਕ ਉੱਤੇ ਠੰਡਾ ਵੇਚਣ ਵਾਲ਼ੇ ਖੋਖਿਆਂ ਅੱਗੇ ਕਤਾਰਾਂ ਲੱਗੀਆਂ ਹੋਈਆਂ ਸਨ। ਆਪਣੀ ਕਿਸਮਤ ਨੂੰ ਕੋਸਦੇ ਹੋਏ ਉਹ ਤਾਂਘਦੀਆਂ ਨਜ਼ਰਾਂ ਨਾਲ਼ ਘੜੀਆਂ ਵੇਖਦੇ ਤਿੰਨ ਖੋਖਿਆਂ ਅੱਗੋਂ ਦੀ ਲੰਘ ਗਏ। ਉਹਨਾਂ ਕੋਲ਼ ਕਤਾਰ ਵਿਚ ਖੜੇ ਹੋਣ

ਦਾ ਵਕਤ ਨਹੀਂ ਸੀ। ਅਚਾਨਕ ਹੀ ਉਹਨਾਂ ਨੂੰ ਅਸਮਾਨ ਚੀਰਦੀ ਸੁਰੰਗ ਦੀ ਘੂੰ-ਘੂੰ ਦੀ ਅਵਾਜ਼ ਸੁਣਾਈ ਦਿੱਤੀ। ਇਹ ਸ਼ਹਿਰ ਦੇ ਬਾਹਰ-ਵਾਰ ਦਾ ਇਲਾਕਾ ਸੀ ਜਿੱਥੇ ਅਕਸਰ ਸੁਰੰਗਾਂ ਫਟ ਕੇ ਡਿੱਗਦੀਆਂ ਰਹਿੰਦੀਆਂ ਸਨ, ਅਤੇ ਇਹਨਾਂ ਦੀ ਲੰਮੀ, ਘਿਣਾਉਣੀ ਅਵਾਜ਼ ਤੋਂ ਓਦੇਸਾ ਦੇ ਵਸਨੀਕ ਚੰਗੀ ਤਰ੍ਹਾਂ ਜਾਣੂ ਸਨ। ਲਾਈਨ ਟੁੱਟ ਗਈ। ਲੋਕ ਮਕਾਨਾਂ ਦੀਆਂ ਪੱਥਰ ਦੀਆਂ ਕੰਧਾਂ ਓਹਲੇ ਲੁਕ ਗਏ।

ਪਰ ਸੁਰੰਗ ਨਾਲ਼ ਕੋਈ ਧਮਾਕਾ ਨਹੀਂ ਹੋਇਆ। ਆਪਣੀ ਮਨਹੂਸ ਸੁਰ ਵਿਚ ਗਾਉਂਦੀ ਹੋਈ, ਉਹ ਕਿਧਰੇ ਲੋਪ ਹੋ ਗਈ। ਅੱਖ ਪਲਕਾਰੇ ਵਿਚ, "ਹੁਸਾਰ" ਖ਼ਾਲੀ ਖੋਖੇ ਵੱਲ ਸ਼ੂਟ ਵੱਟ ਗਿਆ। ਖੋਖੇ ਵਾਲਾ, ਜਿਹੜਾ ਹਰ ਕਿਸਮ ਦੇ ਖ਼ਤਰੇ ਦਾ ਆਦੀ ਹੋ ਗਿਆ ਸੀ, ਆਪਣੀ ਥਾਂ ਤੋਂ ਹਿਲ ਕੇ ਕਿਤੇ ਨਹੀਂ ਸੀ ਗਿਆ। ਖੁਸ਼ੀ-ਖੁਸ਼ੀ ਸੋਡੇ ਦੀਆਂ ਚੁਸਕੀਆਂ ਲੈਂਦਿਆਂ, ਹੁਸਾਰ ਨੇ ਹੱਥ ਹਿਲਾ ਕੇ ਆਪਣੇ ਸਾਥੀਆਂ ਨੂੰ ਵੀ ਆ ਜਾਣ ਦਾ ਇਸ਼ਾਰਾ ਕੀਤਾ।

ਪਤਾ ਲੱਗਾ ਕਿ "ਹੁਸਾਰ" ਹਰ ਕਿਸਮ ਦੀ ਅਵਾਜ਼ ਦੀ ਨਕਲ ਕਰਨ ਦਾ ਉਸਤਾਦ ਸੀ। ਉਹ ਆਪਣੇ ਭਰਵੇਂ ਗੁਲਾਬੀ ਬੁੱਲ੍ਹਾਂ ਵਿਚੋਂ ਉੱਕਾ ਹੀ ਅਣਕਿਆਸੀਆਂ ਅਵਾਜ਼ਾਂ ਕੱਢਦਾ ਸੀ: ਸ਼ੂੰ ਕਰ ਕੇ ਜਾਂਦੇ ਗੋਲੇ ਦੀ ਅਵਾਜ਼, ਕੁੱਕੜੀ ਦੇ ਕੁੜ-ਕੁੜ ਕਰਨ ਦੀ ਅਵਾਜ਼, ਤੇ ਆਰੇ ਦੇ ਚੀਕਣ ਦੀ ਅਵਾਜ਼, ਸੁਰੰਗ ਦੀ ਘੂੰ-ਘੂੰ ਕਰਨ ਦੀ ਅਵਾਜ਼, ਬੁਲਬੁਲ ਦੇ ਗਾਉਣ ਦੀ ਅਵਾਜ਼, ਗਰਨੇਡ ਦੀ ਸ਼ੂਕਰ ਦੀ ਅਵਾਜ਼, ਕਤੂਰੇ ਦੇ ਭੌਂਕਣ ਦੀ ਅਵਾਜ਼ ਅਤੇ ਦੂਰ ਆਉਂਦੇ ਹਵਾਈ ਜਹਾਜ਼ ਦੀ ਗੂੰਜ ਦੀ ਅਵਾਜ਼। ਪਤਾ ਲੱਗਣ ਦੀ ਦੇਰ ਸੀ ਕਿ ਉਸ ਵਿਚ ਇਹ ਗੁਣ ਹੈ ਓਸੇ ਵੇਲ਼ੇ ਉਸ ਤੋਂ ਲਾਭ ਉਠਾਉਣਾ ਸ਼ੁਰੂ ਕਰ ਦਿੱਤਾ ਗਿਆ।

"ਹੁਸਾਰ" ਨੂੰ "ਝੰਡਾਬਰਦਾਰ ਜਹਾਜ਼ ਉੱਤੇ ਸਿਗਨਲ ਦੇਣ ਵਾਲ਼ਾ" ਲਾ ਦਿੱਤਾ ਗਿਆ। ਅਵਾਜ਼ਾਂ ਦੀ ਸੰਕੇਤਾਵਲੀ ਤਿਆਰ ਕਰ ਲਈ ਗਈ ਤੇ ਮਨਜ਼ੂਰੀ ਵਾਸਤੇ ਕਮਾਂਡਿੰਗ ਅਫਸਰ ਅੱਗੇ ਪੇਸ਼ ਕਰ ਦਿੱਤੀ ਗਈ। ਇਸ ਵਿਚ ਕੁੜ-ਕੁੜ ਦਾ ਮਤਲਬ ਸੀ ਕਿ ਦੁਸ਼ਮਣ ਦਾ ਇਕ ਸੰਤਰੀ ਪਹਿਰਾ ਦੇ ਰਿਹਾ ਹੈ ਤੇ ਬਤਖ਼ ਦੀ ਕੈਂ-ਕੈਂ ਦਾ ਮਤਲਬ ਸੀ ਦੋ ਸੰਤਰੀ। ਸੋਨਚਿੜੀ ਦੀ ਸੋਗਮਈ ਚੀਂ-ਚੀਂ ਇਸ ਗੱਲ ਦਾ ਸੰਕੇਤ ਸੀ ਕਿ ਦੁਸ਼ਮਣ ਨੇ ਮਸ਼ੀਨਗੰਨ ਕੈਮਾਫਲਾਜ ਕਰ ਕੇ ਝਾੜੀਆਂ ਵਿਚ ਰੱਖੀ ਹੋਈ ਹੈ। ਝਿੜੀ ਵਿਚ ਜਾਂ ਉਡੀਕ ਵਿਚ ਖੜੀ ਕਿਸ਼ਤੀ ਦੇ ਨੇੜਿਓਂ, ਕਲਾਕਾਰ ਵਾਂਗ ਨਕਲ ਕੀਤੇ, ਬੁਲਬੁਲ ਦੇ ਤਰੰਨਮ ਰੁਮਾਨੀਅਨ ਪਿਛਵਾੜੇ ਵਿਚ ਰਾਤ ਗੁਜ਼ਾਰਨ ਮਗਰੋਂ ਜਵਾਨਾਂ ਨੂੰ ਸਹੀ ਸਲਾਮਤ ਨਿਕਲ ਜਾਣ ਦਾ ਇਸ਼ਾਰਾ ਸੀ।

ਤਰਕਾਲਾਂ ਵੇਲੇ, ਜਦੋਂ ਜਾਸੂਸ ਬੀਤੀ ਰਾਤ ਦੇ ਖ਼ਤਰਨਾਕ ਧਾਵਿਆਂ ਮਗਰੋਂ ਆਰਾਮ ਕਰ ਰਹੇ ਹੁੰਦੇ ਸਨ, "ਹੁਸਾਰ" ਉਹਨਾਂ ਦਾ ਮਨੋਰੰਜਨ ਕਰ ਰਿਹਾ ਹੁੰਦਾ ਸੀ। ਉਹ ਆਪਣੀ ਝੁੱਗੀ ਦੇ ਅੰਦਰ ਪਰਾਲੀ ਦੇ ਢੇਰ ਉੱਤੇ ਲੱਤਾਂ ਬਾਹਾਂ ਪਸਾਰ ਕੇ ਪਏ ਰਹਿੰਦੇ ਅਤੇ ਉਹ ਆਪਣੇ ਸਿਰ ਪਿੱਛੇ ਬਾਹਾਂ ਦੇ ਕੇ ਵੱਖ-ਵੱਖ ਤਰ੍ਹਾਂ ਦੀਆਂ ਅਵਾਜ਼ਾਂ ਕੱਢ ਕੇ ਵਿਖਾ ਰਿਹਾ ਹੁੰਦਾ ਸੀ।

ਹਨੇਰੀ ਝੁੱਗੀ ਵਿਚ ਜਿੱਥੇ ਪਰਾਲੀ ਦੀ ਸਵੱਛ ਤੇ ਮਿੱਠੀ ਮਹਿਕ ਆ ਰਹੀ ਸੀ, ਉਹ ਸੀਟੀਆਂ ਵਜਾਉਂਦਾ ਆਪਣੇ ਪਾਸਿਓਂ ਤੇ ਦੁਸ਼ਮਣ ਵਲੋਂ ਵਰ੍ਹਾਏ ਜਾਂਦੇ ਗੋਲ਼ਿਆਂ ਦੀਆਂ ਅਵਾਜ਼ਾਂ ਦੇ ਨਾਲ਼-ਨਾਲ਼ ਗੁੰਜਵੀਆਂ ਤੇ ਹੂ-ਬ-ਹੂ ਸਹੀ ਸੁਰਾਂ (ਓਦੇਸਾ ਦੇ ਚਾਰ ਚੁਫੇਰੇ ਇਕ

ਸੁਰ-ਸੰਗੀਤ ਦੀ ਸਥਾਈ ਅਵਾਜ਼) ਅਤੇ ਅਮਨ ਦੇ, ਜਗਮਗਾਉਂਦੀਆਂ ਸੜਕਾਂ ਤੇ ਸੰਗੀਤ ਹਾਲਾਂ ਦੇ, ਖ਼ੂਬਸੂਰਤ ਚਿੱਟੀਆਂ ਫਰਾਕਾਂ ਦੇ, ਸੁਹਣੇ ਸਾਂਭੇ ਹੋਏ ਹੱਥਾਂ ਅਤੇ ਚਿਰੋਕਣੀਆਂ ਵਿਸਰੀਆਂ ਘਰੇਲੂ ਖੁਸ਼ੀਆਂ ਦੇ ਧੁੰਦਲੇ-ਧੁੰਦਲੇ ਸੁਪਨੇ ਜਗਾ ਰਿਹਾ ਸੀ। ਜਹਾਜ਼ੀ ਚੁੱਪ ਕੇ ਸੁਣ ਰਹੇ ਸਨ। ਤੇ ਜਦੋਂ ਲਹਿਰ ਵਾਂਗ ਉੱਠਦੀ ਬਹਿੰਦੀ ਆਖਰੀ ਸੁਰ ਵਾਤਾਵਰਣ ਵਿਚ ਘੁਲ਼ ਜਾਂਦੀ ਤਾਂ ਇਕ ਵਾਰ ਪ੍ਰਸ਼ੰਸਾਮਈ ਤੇ ਸਾਵਧਾਨ ਖ਼ਾਮੋਸ਼ੀ ਛਾ ਜਾਂਦੀ ਤੇ ਫੇਰ ਉਸ ਕਿਸਮ ਦੀ ਖਰਵੀਂ ਅਵਾਜ਼ ਵਿਚ ਜਿਸ ਤਰ੍ਹਾਂ ਦੀ ਕਈ ਵਾਰੀ ਜੰਗੀ ਜਹਾਜ਼ ਦੀ ਵੱਡੀ ਸਾਰੀ ਧੂੰਏਂ ਦੀ ਚਿਮਨੀ ਵਿਚੋਂ ਨਿਕਲਦੀ ਸੁਣਦੀ ਹੈ, ਇਕ ਦਿਓਕੱਦ ਜਹਾਜ਼ੀ ਤੋਪਚੀ ਦੇ ਬੁੱਲ੍ਹਾਂ ਵਿਚੋਂ ਨਿਕਲਦੀ।

"ਹੋਰ ਸੁਣਾ... ਬੜੀਆਂ ਵਧੀਆ ਅਵਾਜ਼ਾਂ ਕੱਢਦਾ ਏਂ।"

ਤੇ ਜਲ-ਸੈਨਿਕ ਪਰਾਲੀ ਉੱਤੇ ਲੰਮੇ ਪਏ ਰਹਿੰਦੇ ਅਤੇ ਜੰਗ ਬਾਰੇ, ਹੋਣੀ ਤੇ ਜਿੱਤ ਬਾਰੇ ਅਤੇ ਇਸ ਬਾਰੇ ਸੋਚਦੇ ਰਹਿੰਦੇ ਕਿ ਹੋਰ ਕੀ ਕੁਝ ਹੋਵੇਗਾ — ਯਕੀਨੀ ਤੌਰ 'ਤੇ ਇਹ ਹੋਵੇਗਾ! ਇਸ ਤਰ੍ਹਾਂ ਦੀ ਸੁੱਖ-ਆਰਾਮ ਤੇ ਸੁਪਨਿਆਂ ਭਰੀ ਜ਼ਿੰਦਗੀ ਹੋਵੇਗੀ ਜਿਸ ਤਰ੍ਹਾਂ ਦੀ ਇਸ ਗੀਤ ਨੇ ਬਖ਼ਸ਼ੀ ਸੀ। ਓਧਰ ਉਹਨਾਂ ਦੀ ਝੁੱਗੀ ਦੇ ਬਾਹਰ ਉਹਨਾਂ ਲੋਕਾਂ ਉੱਤੇ ਗੋਲ਼ਿਆਂ ਦਾ ਮੀਂਹ ਵਰ੍ਹ ਰਿਹਾ ਹੁੰਦਾ ਜਿਹੜੇ ਸਾਡੀ ਅਮਨ ਭਰੀ ਜ਼ਿੰਦਗੀ ਲਈ ਲੜਾਈ ਵਿਚ ਝੋਕ ਦਿੱਤੇ ਗਏ ਸਨ।

ਰੁਮਾਨੀਅਨਾਂ ਦੇ ਪਿਛਵਾੜੇ ਵਿਚ ਆਪਣੇ ਅਗਲੇ ਧਾਵੇ ਸਮੇਂ, "ਹੁਸਾਰ" ਸਰਕੜੇ ਵਿਚ ਆਪਣੀ ਕਿਸ਼ਤੀ ਦੇ ਨਾਲ਼ ਪਿੱਛੇ ਹੀ ਅਟਕ ਗਿਆ ਤਾਂ ਜੋ ਭੱਜ ਕੇ ਆਪਣੀਆਂ ਸਫਾਂ ਵਿਚ ਪਹੁੰਚਣ ਦੇ ਇਕੋ-ਇਕ ਸਾਧਨ ਦੀ ਰਾਖੀ ਕਰ ਸਕੇ ਤੇ ਆਪਣੇ ਸਿਗਨਲਾਂ ਨਾਲ਼ ਆਪਣੇ ਸਾਥੀਆਂ ਨੂੰ ਚੌਕਸ ਕਰ ਸਕੇ ਤੇ ਆਦੇਸ਼ ਦੇ ਸਕੇ। ਰਾਤ ਭਰ ਉਹਨਾਂ ਪਿਛਵਾੜੇ ਦੁਸ਼ਮਣ ਨੂੰ ਭਾਜੜ ਪਾਈ ਰੱਖੀ ਸੀ। ਜਾਸੂਸਾਂ ਨੇ ਦੋ ਮਸ਼ੀਨਗੰਨਾਂ ਚੁੱਪ ਕਰਾ ਦਿੱਤੀਆਂ ਸਨ ਤੇ ਇਕ ਝੁੱਗੀ ਉੱਡਾ ਦਿੱਤੀ ਸੀ ਜਿਸ ਵਿਚ ਰੁਮਾਨੀਅਨਾਂ ਦਾ ਹੈਡ-ਕੁਆਟਰ ਸੀ। ਅਤੇ ਵੱਡੇ ਤੜਕੇ ਉਹ ਕਿਸ਼ਤੀ ਵੱਲ, ਸਰਕੜੇ ਦੀ ਓਟ ਵੱਲ਼ ਵਾਪਸ ਮੁੜ ਪਏ ਸਨ। ਉਹਨਾਂ ਦੇ ਦੋ ਸਾਥੀ ਮਾਰੇ ਗਏ ਸਨ ਅਤੇ ਇਕ ਨੂੰ ਉਹ ਚੁੱਕੀ ਲਈ ਆਉਂਦੇ ਸਨ ਜਿਸ ਨੂੰ ਧਮਾਕੇ ਵਾਲ਼ਾ ਗੋਲ਼ਾ ਲੱਗਣ ਨਾਲ਼ ਚਿੱਤੜਾਂ ਉੱਤੇ ਜ਼ਖ਼ਮ ਹੋ ਗਿਆ ਸੀ। ਸਰਕੜੇ ਵਿਚ ਉਹ ਆਰਾਮ ਕਰਨ ਲੱਗ ਪਏ ਅਤੇ ਰਾਤ ਦੀਆਂ ਅਵਾਜ਼ਾਂ ਸੁਣਨ ਲੱਗੇ ਤਾਂ ਜੋ ਉਹਨਾਂ ਨੂੰ ਇਹ ਪਤਾ ਲੱਗ ਜਾਏ ਕਿ ਕਿਸ਼ਤੀ ਕਿਹੜੀ ਥਾਂ ਉਡੀਕ ਵਿਚ ਹੈ।

ਇਕ ਬੁਲਬੁਲ ਗਾ ਰਹੀ ਸੀ। ਸੀਟੀਆਂ ਵਜਾਉਂਦੀ ਸੀ ਤੇ ਚਹਿਕਦੀ ਸੀ ਪਰ ਉਹਦੀ ਅਵਾਜ਼ ਉੱਖੜ-ਉੱਖੜ ਜਾਂਦੀ ਸੀ ਤੇ ਵਿਚ-ਵਿਚ ਉਹ ਖਾਮੋਸ਼ ਹੋ ਜਾਂਦੀ ਸੀ। ਇਸ ਤੋਂ ਬਾਅਦ ਜਦੋਂ ਉਸ ਨੇ ਫੇਰ ਗਾਉਣਾ ਸ਼ੁਰੂ ਕੀਤਾ ਤਾਂ ਉਸ ਦੀ ਅਵਾਜ਼ ਵਿਚ ਐਸੀ ਮਾਯੂਸੀ ਤੇ ਤੌਖ਼ਲਾ ਸੀ ਕਿ ਜਲ-ਸੈਨਿਕ ਆਪਣੇ ਸਾਥੀ ਨੂੰ ਕਿਸੇ ਦੀ ਨਿਗਰਾਨੀ ਹੇਠ ਛੱਡ ਕੇ, ਅਵਾਜ਼ ਦੀ ਸੇਧ ਵੱਲ਼ ਭੱਜ ਉੱਠੇ।

"ਹੁਸਾਰ" ਕਿਸ਼ਤੀ ਵਿਚ ਪਿੱਠ ਦੇ ਭਾਰ ਚੁਫਾਲ ਪਿਆ ਸੀ। ਹਨੇਰੇ ਵਿਚ ਉਸ ਦਾ ਚਿਹਰਾ ਨਜ਼ਰ ਨਹੀਂ ਸੀ ਆਉਂਦਾ, ਪਰ ਉਹਦੀ ਛਾਤੀ ਵਿਚੋਂ ਲਹੂ ਰਿਸ ਰਿਹਾ ਸੀ। ਉਸ ਦੀ

ਟਾਮੀ-ਗੰਨ ਉਹਦੇ ਹੱਥੋਂ ਡਿੱਗ ਪਈ ਹੋਈ ਸੀ। ਕਾਰਤੂਸਾਂ ਦੀ ਪੇਟੀ ਖ਼ਾਲੀ ਹੋ ਗਈ ਸੀ। ਸਰਕੜੇ ਵਿਚ, ਇਹਨਾਂ ਜਾਸੂਸਾਂ ਨੂੰ ਰੁਮਾਨੀਅਨ ਸੈਨਿਕਾਂ ਦੀਆਂ ਲਾਸ਼ਾਂ ਨਾਲ਼ ਠੇਡੇ ਲੱਗੇ ਸਨ ਜਿਨ੍ਹਾਂ ਨੂੰ ਇਸ ਕਿਸ਼ਤੀ ਦਾ ਪਤਾ ਲੱਗ ਗਿਆ ਹੋਵੇਗਾ ਅਤੇ ਇਥੇ ਅਸਾਵੀਂ ਲੜਾਈ ਲੜੀ ਗਈ ਸੀ।

"ਹੁਸਾਰ" ਨੇ ਆਪਣੇ ਆਸ-ਪਾਸ ਕਿਸੇ ਦੀ ਅਵਾਜ਼ ਨਹੀਂ ਪਛਾਣੀ। ਉਹ ਪਿੱਠ ਪਰਨੇ ਅਹਿਲ ਪਿਆ ਸੀ ਤੇ ਉਸ ਨੂੰ ਉਖੜਵਾਂ ਤੇ ਔਖਾ ਸਾਹ ਆ ਰਿਹਾ ਸੀ। ਉਸ ਨੇ ਫੇਰ ਹਿੰਮਤ ਜੁਟਾ ਕੇ, ਆਪਣੇ ਠੰਡੇ ਤੇ ਆਕੜਦੇ ਜਾਂਦੇ ਬੁੱਲ੍ਹਾਂ ਵਿਚੋਂ ਇਕ ਹਲਕੀ ਜਿਹੀ ਸੀਟੀ ਵਜਾਈ। ਉਹ ਨਾ ਵੇਖ ਰਿਹਾ ਸੀ ਤੇ ਨਾ ਹੀ ਉਹਨੂੰ ਪਤਾ ਸੀ ਕਿ ਜਿਹੜੇ ਬੰਦਿਆਂ ਨੂੰ ਉਹ ਬਚਾਓ ਦੇ ਸਿਗਨਲ ਦੇ ਰਿਹਾ ਸੀ, ਉਹ ਸਹੀ ਸਲਾਮਤ ਕਿਸ਼ਤੀ ਵਿਚ ਆ ਪਹੁੰਚੇ ਸਨ। ਇਸ ਲਈ ਉਹ ਸੀਟੀਆਂ ਵਜਾਈ ਜਾ ਰਿਹਾ ਸੀ। ਉਸ ਨੇ ਸੀਟੀਆਂ ਵਜਾਉਣੀਆਂ ਓਦੋਂ ਵੀ ਬੰਦ ਨਹੀਂ ਕੀਤੀਆਂ ਜਦੋਂ ਉਹ ਸਾਰੇ ਜਣੇ ਕਿਸ਼ਤੀ ਵਿਚ ਬਹਿ ਗਏ ਸਨ ਅਤੇ ਮਲਕੜੇ ਜਿਹੇ ਚੱਪੂ ਚੜ੍ਹਾ ਕੇ, ਹਨੇਰੇ ਤੇ ਖ਼ਾਮੋਸ਼ ਸਾਗਰ ਵਿਚ ਕਿਸ਼ਤੀ ਚਲਾ ਰਹੇ ਸਨ।

ਸਮੁੰਦਰ ਦੇ ਉੱਪਰ ਬੁਲਬੁਲ ਦੇ ਚਹਿਕਣ ਦੀ ਅਵਾਜ਼ ਸੁਣ ਰਹੀ ਸੀ ਜਿਹੜਾ ਜੰਗਲਾਂ ਬੇਲਿਆਂ ਦਾ ਪੰਛੀ ਹੈ। ਕਿਸ਼ਤੀ ਵਿਚ ਖ਼ਾਮੋਸ਼ੀ ਛਾਈ ਹੋਈ ਸੀ ਜਿਹੜੀ ਕਿਸੇ-ਕਿਸੇ ਵੇਲ਼ੇ ਉੱਚੇ ਲੰਮੇ ਜਹਾਜ਼ੀ ਦੇ ਉੱਚੀ-ਉੱਚੀ ਤੇ ਲੰਮੇ-ਲੰਮੇ ਹੌਕਿਆਂ ਨਾਲ਼ ਟੁਟਦੀ ਸੀ ਜਿਹੜਾ "ਹੁਸਾਰ" ਦੇ ਨਾਲ ਲੰਮਾ ਪਿਆ ਹੋਇਆ ਸੀ।

"ਰੁਕ-ਰੁਕ ਕੇ, ਔਖੇ-ਔਖੇ ਸਾਹ ਲੈਂਦਾ ਹੋਇਆ ਵੀ "ਹੁਸਾਰ" ਸੀਟੀਆਂ ਵਜਾਈ ਜਾ ਰਿਹਾ ਸੀ, ਅਤੇ ਜਦੋਂ ਸਮੁੰਦਰ ਉੱਤੇ ਅਸਮਾਨ ਦਾ ਰੰਗ ਗੁਲਾਬੀ ਹੋ ਗਿਆ ਤਾਂ ਬੁਲਬੁਲ ਦਾ ਚਹਿਕਣਾ ਇਸ ਸੁਰੀਲੇ ਗੀਤ ਵਿਚ ਬਦਲ ਗਿਆ।

ਉਸ ਜਿਸਮ ਵਾਂਗ ਜਿਸ ਵਿਚੋਂ ਇਹ ਨਿਕਲਦੀ ਸੀ ਟੁੱਟੀ-ਟੁੱਟੀ ਤੇ ਲੀਰ-ਲੀਰ ਇਹ ਸੁਰੀਲੀ ਅਵਾਜ਼ ਪੀਲ਼ੇ ਪੈ ਗਏ ਸਮੁੰਦਰ ਉੱਤੇ ਥਿਰਕ ਰਹੀ ਸੀ ਤੇ ਇਸ ਨੂੰ ਸੁਣਦੇ ਜਲ-ਸੈਨਿਕ ਤੇਜ਼-ਤੇਜ਼ ਤੇ ਅੰਨ੍ਹੇ ਵਾਹ ਚੱਪੂ ਮਾਰਦੇ ਜਾ ਰਹੇ ਸਨ।

• • •

ਅਲੇਕਸੇਈ ਤਾਲਸਤਾਏ

ਅਲੇਕਸੇਈ ਤਾਲਸਤਾਏ (1883–1945) ਨੇ ਵੋਲਗਾ ਦਰਿਆ ਕੰਢੇ ਸਮਾਰਾ ਨੇੜੇ (ਅੱਜਕਲ੍ਹ ਕੂਈਬੀਸ਼ੇਵ) ਵਾਕਿਆ ਇਕ ਛੋਟੇ ਜਿਹੇ ਕਸਬੇ ਵਿਚ ਜਨਮ ਲਿਆ।

ਪਹਿਲੀ ਸੰਸਾਰ ਜੰਗ ਸਮੇਂ ਮੁਹਾਜ਼ 'ਤੇ ਪੱਤਰਪ੍ਰੇਰਕ ਵਜੋਂ ਕੰਮ ਕੀਤਾ। ਓਦੋਂ ਲੇਖਕ ਅਕਤੂਬਰ ਇਨਕਲਾਬ ਨੂੰ ਨਾ ਸਮਝ ਤੇ ਨਾ ਹੀ ਪ੍ਰਵਾਨ ਕਰ ਸਕਿਆ। ਤੇ ਜਿਉਂ ਹੀ ਉਹਨੂੰ ਇਨਕਲਾਬ ਦੀ ਮਹਾਨਤਾ ਤੇ ਨਿਆਂਸ਼ੀਲਤਾ ਦਾ ਅਹਿਸਾਸ ਹੋ ਗਿਆ, ਆਪਣੇ ਹੁਨਰ ਨੂੰ ਨਵੀਂ ਹਕੀਕਤ ਦੇ ਚਿਤਰਣ ਤੇ ਉਹਦੀ ਪੱਕੀ ਸਥਾਪਤੀ ਦੇ ਲੇਖੇ ਲਾ ਦਿੱਤਾ। ਤਿੱਕੜੀ–ਰਚਨਾ "ਕਰੜੀ ਪ੍ਰੀਖਿਆ" ਤੇ ਇਤਿਹਾਸਕ ਨਾਵਲ "ਪਿਓਤਰ ਮਹਾਨ" ਸੋਵੀਅਤ ਸਾਹਿਤ ਦੇ ਕਲਾਸਿਕ, ਅਕਾਦਮੀਸ਼ਨ ਅਲੇਕਸੇਈ ਤਾਲਸਤਾਏ ਦੀ ਕਲਮ ਵਿਚੋਂ ਹੀ ਨਿਕਲੇ ਹਨ, ਜਿਹੜੇ ਦੁਨੀਆਂ ਦੀਆਂ ਕਈ ਭਾਸ਼ਾਵਾਂ ਵਿਚ ਉਲਥਾਏ ਗਏ ਹਨ। ਇਸ ਤੋਂ ਇਲਾਵਾ ਕੁਝ ਛੋਟੇ ਨਾਵਲ, ਕਹਾਣੀਆਂ ਤੇ ਨਾਟਕ ਵੀ ਇਸੇ ਲੇਖਕ ਦੀ ਦੇਣ ਹਨ। ਕਹਾਣੀ "ਰੂਸੀ ਚਰਿੱਤਰ" ਫਾਸਿਜ਼ਮ ਵਿਰੁੱਧ ਜਦੋ ਜਹਿਦ ਦੇ ਸਾਲਾਂ ਦੌਰਾਨ ਲਿਖੀ ਗਈ ਜੰਗ ਬਾਰੇ ਕਹਾਣੀ–ਮਾਲਾ "ਇਵਾਨ ਸੂਦਾਰੇਵ ਦੀਆਂ ਬਾਤਾਂ" ਵਿਚੋਂ ਲਈ ਗਈ ਹੈ।

ਰੂਸੀ ਚਰਿੱਤਰ

ਰੂਸੀ ਚਰਿੱਤਰ! ਇਕ ਐਸੀ ਕਹਾਣੀ ਵਾਸਤੇ ਜਿਹੜੀ ਬਹੁਤੀ ਲੰਮੀ ਨਹੀਂ, ਇਹ ਕੁਝ ਜਿਆਦਾ ਹੀ ਮਹੱਤਵਪੂਰਨ ਸਿਰਲੇਖ ਹੈ। ਪਰ ਕੀ ਕੀਤਾ ਜਾਏ, ਮੈਂ ਤੁਹਾਡੇ ਨਾਲ਼ ਰੂਸੀ ਚਰਿੱਤਰ ਬਾਰੇ ਹੀ ਗੱਲ ਕਰਨਾ ਚਾਹੁੰਦਾ ਹਾਂ।

ਰੂਸੀ ਚਰਿੱਤਰ! ਜੇ ਉਲੀਕਿਆ ਜਾ ਸਕਦਾ ਹੋਵੇ ਤਾਂ... ਉਸ ਦੀ ਬਹਾਦਰੀ ਦੇ ਕਾਰਨਾਮਿਆਂ ਬਾਰੇ ਬਹੁਤ ਕੁਝ ਆਖਿਆ ਜਾ ਸਕਦਾ ਹੈ। ਪਰ ਇਹ ਕਾਰਨਾਮੇ ਏਨੇ ਬਹੁਤੇ ਹਨ ਕਿ ਇਹ ਫੈਸਲਾ ਕਰਨਾ ਮੁਸ਼ਕਿਲ ਹੈ: ਕਿਹੜੇ ਦੱਸੇ ਜਾਣ ਤੇ ਕਿਹੜੇ ਨਾ ਦੱਸੇ ਜਾਣ? ਪਰ ਖੁਸ਼ਕਿਸਮਤੀ ਨਾਲ਼ ਮੇਰਾ ਇਕ ਦੋਸਤ ਆਪਣੀ ਜ਼ਿੰਦਗੀ ਦੀ ਇਕ ਕਹਾਣੀ ਲੈ ਕੇ ਮੇਰੀ ਮਦਦ ਲਈ ਆ ਬਹੁੜਿਆ। ਉਹ ਫਾਸਿਸ਼ਟਾਂ ਨਾਲ਼ ਕਿਵੇਂ ਲੜਿਆ, ਮੈਂ ਤੁਹਾਨੂੰ ਇਸ ਬਾਰੇ ਨਹੀਂ ਕੁਝ ਦੱਸਣਾ ਭਾਵੇਂ ਉਹ ਸੁਨਹਿਰੀ ਤਾਰਾ ਵੀ ਲਾਉਂਦਾ ਹੈ ਤੇ ਉਸ ਦੀ ਛਾਤੀ ਮੈਡਲਾਂ ਨਾਲ਼ ਵੀ ਭਰੀ ਹੁੰਦੀ ਹੈ। ਉਹ ਇਕ ਸਿੱਧਾ ਸਾਦਾ, ਖਾਮੋਸ਼ ਜਿਹਾ ਸਾਧਾਰਨ ਆਦਮੀ ਹੈ, ਸਾਰਾਤੋਵ ਇਲਾਕੇ ਵਿਚ ਵੋਲਗਾ ਦੇ ਕੰਢੇ ਇਕ ਪਿੰਡ ਦੇ ਸਾਂਝੇ ਫਾਰਮ ਦਾ ਕਿਸਾਨ। ਪਰ ਉਹ ਆਪਣੇ ਤਕੜੇ ਜੁੱਸੇ ਤੇ ਸੋਹਣੀ ਸ਼ਕਲ ਸੂਰਤ ਸਦਕਾ ਦੂਜੇ ਲੋਕਾਂ ਵਿਚ ਬਹੁਤ ਨਿਖੜਵਾਂ ਦਿਸਦਾ ਸੀ। ਜਦੋਂ ਉਹ ਆਪਣੇ ਟੈਂਕ-ਲੜਾਈ ਦੇ ਅਸਲੀ ਦੇਵਤੇ — ਦੀ ਬੁਰਜੀ ਜਿਹੀ ਦੇ ਝਰੋਖੇ ਵਿਚੋਂ ਬਾਹਰ ਨਿਕਲਦਾ ਤਾਂ ਨਜ਼ਰਾਂ ਬਦੋਬਦੀ ਉਹਦੇ ਵੱਲ ਖਿੱਚੀਆਂ ਜਾਂਦੀਆਂ ਸਨ। ਉਹ ਜ਼ਮੀਨ ਉੱਤੇ ਛਾਲ ਮਾਰਦਾ, ਆਪਣਾ ਟੋਪ ਲਾਹ ਲੈਂਦਾ, ਮੁੜ੍ਹਕੇ ਨਾਲ਼ ਗੜੁਚ ਹੋਏ ਆਪਣੇ ਸੰਘਣੇ ਵਾਲ਼ਾਂ ਵਿਚ ਹੱਥ ਫੇਰਦਾ, ਕਿਸੇ ਪਾਟੇ ਪੁਰਾਣੇ ਕੱਪੜੇ ਨਾਲ਼ ਆਪਣਾ ਲਿਬੜਿਆ ਮੂੰਹ ਪੂੰਝਦਾ ਤੇ ਫੇਰ ਇਸ ਯਕੀਨ ਦੀ ਖੁਸ਼ੀ ਵਿਚ ਆ ਕੇ ਹੱਸ ਪੈਂਦਾ ਕਿ ਉਹ ਅਜੇ ਜਿਊਂਦਾ ਹੈ।

ਜਦੋਂ ਆਦਮੀ ਲੜਾਈ ਦੇ ਮੈਦਾਨ ਵਿਚ ਹੁੰਦਾ ਹੈ ਤੇ ਮੌਤ ਹਰ ਵੇਲ਼ੇ ਉਹਦੇ ਸਾਮ੍ਹਣੇ ਹੁੰਦੀ ਹੈ ਤਾਂ ਉਹ ਆਪਣੇ ਸਾਧਾਰਨ ਆਪੇ ਤੋਂ ਉੱਪਰ ਉੱਠ ਜਾਂਦਾ ਹੈ। ਹਰ ਕਿਸਮ ਦੀ ਊਲ-ਜਲੂਲ ਚੀਜ਼ ਇਉਂ ਝੜ ਜਾਂਦੀ ਹੈ ਜਿਵੇਂ ਧੁੱਪ ਨਾਲ਼ ਝੁਲਸੀ ਚਮੜੀ ਝੜ ਜਾਂਦੀ ਹੈ, ਅਤੇ ਸਿਰਫ਼ ਗਿਰੀ, ਅਸਲ ਮਨੁੱਖ, ਬਾਕੀ ਰਹਿ ਜਾਂਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈਆਂ ਵਿਚਲੀ ਇਹ ਗਿਰੀ ਬਹੁਤੀ ਸਖ਼ਤ ਹੁੰਦੀ ਹੈ ਤੇ ਕਈਆਂ ਵਿਚਲੀ ਘੱਟ ਸਖ਼ਤ, ਪਰ ਜਿਨ੍ਹਾਂ ਵਿਚ ਕੁਝ ਖ਼ਰਾਬੀਆਂ ਵੀ ਹੁੰਦੀਆਂ ਹਨ ਉਹ ਵੀ ਬੜੀ ਸਖ਼ਤ ਕੋਸ਼ਿਸ ਕਰਦੇ ਹਨ ਕਿਉਂਕਿ ਹਰ ਕੋਈ ਇਕ ਚੰਗਾ ਤੇ ਵਫ਼ਾਦਾਰ ਸਾਥੀ ਬਣਨਾ ਚਾਹੁੰਦਾ ਹੈ। ਪਰ ਮੇਰਾ ਦੋਸਤ, ਯੇਗੋਰ

ਦਰੀਓਮੋਵ, ਜੰਗ ਤੋਂ ਪਹਿਲਾਂ ਵੀ ਆਪਣੇ ਵਰਤ-ਵਰਤਾਓ ਵਿਚ ਸਖ਼ਤ ਬੰਦਾ ਸੀ। ਉਹ ਆਪਣੀ ਮਾਂ, ਮਾਰੀਆ ਪੋਲੀਕਾਰਪੋਵਨਾ ਅਤੇ ਆਪਣੇ ਪਿਓ, ਯੇਗੋਰ ਯੇਗੋਰੋਵਿਚ ਦੀ ਬਹੁਤ ਇੱਜ਼ਤ ਕਰਦਾ ਸੀ। "ਮੇਰਾ ਪਿਓ ਸੰਜੀਦਾ ਆਦਮੀ ਹੈ। ਪਹਿਲੀ ਗੱਲ, ਉਹ ਬੜਾ ਅਣਖੀ ਹੈ। ਉਹ ਕਹਿੰਦਾ ਹੈ, 'ਤੂੰ ਪੁੱਤਰਾ ਦੁਨੀਆਂ ਵਿਚ ਬਹੁਤ ਕੁਝ ਵੇਖੇਂਗਾ, ਤੇ ਬਦੇਸ਼ ਵੀ ਜਾਏਂਗਾ, ਪਰ ਹਮੇਸ਼ਾ ਇਕ ਗੱਲ ਧਿਆਨ ਵਿਚ ਰੱਖੀ ਕਿ ਰੂਸੀ ਹੋਣ ਦਾ ਫ਼ਖ਼ਰ ਕਰੀ।' "

ਵੋਲਗਾ ਕੰਢੇ ਓਸੇ ਹੀ ਪਿੰਡ ਵਿਚ ਯੇਗੋਰ ਦੀ ਮੰਗੇਤਰ ਸੀ। ਸਾਡੇ ਗੱਭਰੂ ਆਪਣੀਆਂ ਮੰਗਤੇਰਾਂ ਤੇ ਆਪਣੀਆਂ ਬੀਵੀਆਂ ਦੀਆਂ ਬਹੁਤ ਗੱਲਾਂ ਕਰਦੇ ਰਹਿੰਦੇ ਹਨ, ਖਾਸ ਕਰਕੇ ਜਦੋਂ ਮੁਹਾਜ਼ ਉੱਤੇ ਠੰਡ-ਠਰ੍ਹੰਮਾ ਹੁੰਦਾ ਹੈ ਅਤੇ ਪਾਲ਼ਾ ਹੁੰਦਾ ਹੈ ਅਤੇ ਰੋਟੀ-ਪਾਣੀ ਤੋਂ ਵਿਹਲੇ ਹੋ ਕੇ ਉਹ ਛੱਤੇ ਹੋਏ ਮੋਰਚਿਆਂ ਵਿਚ ਅੱਗ ਦੁਆਲੇ ਬੈਠੇ ਹੁੰਦੇ ਹਨ। ਕਈ ਵਾਰੀ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਕਿ ਬੰਦਾ ਕੰਨ ਵਲ੍ਹੇਟ ਕੇ ਸੁਣਦਾ ਰਹਿੰਦਾ ਹੈ। ਮਿਸਾਲ ਵਾਸਤੇ, ਕੋਈ ਗੱਲ ਸ਼ੁਰੂ ਕਰਦਾ ਹੈ "ਪਿਆਰ ਕੀ ਹੁੰਦੈ ?" ਇਕ ਬੋਲਦਾ ਹੈ: "ਪਿਆਰ ਦੀ ਬੁਨਿਆਦ ਸਤਿਕਾਰ ਹੁੰਦਾ ਏ।" ਤੇ ਦੂਜਾ ਆਖੇਗਾ: "ਏਹੋ ਜਿਹੀ ਕੋਈ ਗੱਲ ਨਹੀਂ। ਪਿਆਰ-ਇਹ ਤਾਂ ਆਦਤ ਹੁੰਦੀ ਏ। ਬੰਦਾ ਸਿਰਫ਼ ਆਪਣੀ ਬੀਵੀ ਨੂੰ ਹੀ ਪਿਆਰ ਨਹੀਂ ਕਰਦਾ, ਮਾਂ ਪਿਓ ਨੂੰ ਵੀ ਪਿਆਰ ਕਰਦਾ ਏ, ਜਾਨਵਰਾਂ ਨੂੰ ਵੀ ਪਿਆਰ ਕਰਦਾ ਏ।" "ਹੂੰ, ਬੇਸਿਰ ਪੈਰ ਗੱਲਾਂ!" ਤੀਜਾ ਕਹਿੰਦਾ ਹੈ। "ਜਦੋਂ ਪਿਆਰ ਹੋ ਜਾਏ ਤਾਂ ਬੰਦਾ ਅੰਦਰੋਂ ਝੂਣਿਆ ਜਾਂਦਾ ਹੈ। ਇਉਂ ਤੁਰਿਆ ਫਿਰਦਾ ਹੈ ਜਿਵੇਂ ਸ਼ਰਾਬੀ ਹੋਵੇ।" ਤੇ ਘੰਟਾ-ਘੰਟਾ, ਦੋ-ਦੋ ਘੰਟੇ ਇਸ ਤਰ੍ਹਾਂ ਗੱਲੀਂ ਲੱਗੇ ਰਹਿੰਦੇ ਹਨ ਜਿੰਨੀਂ ਦੇਰ ਤੱਕ ਸਾਰਜੈਂਟ — ਮੇਜਰ ਆਪਣੀ ਰੋਹਬਦਾਰ ਅਵਾਜ਼ ਨਾਲ਼ ਗੱਲ ਦਾ ਸਿਰਾ ਨਹੀਂ ਸੀ ਫੜ ਲੈਂਦਾ।

ਯੇਗੋਰ ਦਰੀਓਮੋਵ ਇਸ ਤਰ੍ਹਾਂ ਦੀਆਂ ਬਹਿਸਾਂ ਤੋਂ ਸ਼ਰਮਾਉਂਦਾ ਸੀ, ਇਸ ਲਈ ਉਹਨੇ ਆਪਣੀ ਮੰਗੇਤਰ ਬਾਰੇ ਮੇਰੇ ਨਾਲ ਸਿਰਫ਼ ਇਸ਼ਾਰੇ ਮਾਤਰ ਹੀ ਗੱਲ਼ ਕੀਤੀ ਸੀ। ਉਸ ਨੇ ਮੈਨੂੰ ਦੱਸਿਆ ਕਿ ਉਹ ਬਹੁਤ ਹੀ ਪਿਆਰੀ ਤੇ ਨੇਕ ਕੁੜੀ ਸੀ ਅਤੇ ਜੇ ਉਸ ਨੇ ਆਖਿਆ ਸੀ ਕਿ ਉਹ ਉਸ ਨੂੰ ਉਡੀਕੇਗੀ ਤਾਂ ਇਸ ਦਾ ਮਤਲਬ ਸੀ ਕਿ ਉਹ ਉਡੀਕੇਗੀ ਭਾਵੇਂ ਯੇਗੋਰ ਦਰੀਓਮੋਵ ਇਕੋ ਲੱਤ ਲੈ ਕੇ ਹੀ ਵਾਪਸ ਮੁੜੇ...

ਆਪਣੇ ਲੜਾਈ ਦੇ ਕਾਰਨਾਮਿਆਂ ਬਾਰੇ ਵੀ ਬਹੁਤੀਆਂ ਗੱਲਾਂ ਕਰਨਾ ਉਸ ਨੂੰ ਚੰਗਾ ਨਹੀਂ ਸੀ ਲੱਗਦਾ। "ਮੈਂ ਨਹੀਂ ਇਹਨਾਂ ਗੱਲਾਂ ਦਾ ਚੇਤਾ ਕਰਨਾ ਚਾਹੁੰਦਾ," ਉਹ ਤਿਊੜੀ ਚਾੜ੍ਹ ਕੇ ਆਖਦਾ ਤੇ ਸਿਗਰਟ ਦਾ ਲੰਮਾ ਸਾਰਾ ਘੁੱਟ ਭਰਦਾ। ਅਸੀਂ ਲੜਾਈ ਵਿਚ ਉਸ ਦੇ ਟੈਂਕ ਦੇ ਕਾਰਨਾਮਿਆਂ ਦੀਆਂ ਗੱਲਾਂ ਅਮਲੇ ਕੋਲੋਂ ਸੁਣੀਆਂ ਸਨ। ਡਰਾਈਵਰ ਚੂਵੀਲੀਓਵ ਨੇ ਇਕ ਖਾਸ ਤੌਰ 'ਤੇ ਟੁੰਬਵੀਂ ਕਹਾਣੀ ਸੁਣਾਈ ਸੀ।

"...ਅਸੀਂ ਅਜੇ ਪਿੱਛੇ ਮੁੜੇ ਹੀ ਸਾਂ ਕਿ ਮੈਂ ਵੇਖਿਆ, ਪਹਾੜੀ ਤੋਂ ਹੇਠਾਂ ਉੱਤਰ ਰਿਹਾ ਸੀ... ਮੈਂ ਚਿੱਲਾਇਆ, 'ਕਾਮਰੇਡ ਲੈਫਟੀਨੈਂਟ, ਟਾਈਗਰ!' 'ਵਧ ਚੱਲ ਅੱਗੇ!' ਉਸ ਨੇ ਕੜਕਵਾਂ ਜਵਾਬ ਦਿੱਤਾ। ਮੈਂ ਫਰ ਦੇ ਰੁੱਖਾਂ ਵਿਚੋਂ ਸੱਜੇ-ਖੱਬੇ ਹੁੰਦਾ, ਜੋ ਕੁਝ ਵੀ ਸੀ ਉਸ ਦੀ ਆੜ ਲੈਂਦਾ ਅਗਾਂਹ ਵਧ ਗਿਆ। ਟਾਈਗਰ ਦੀ ਨਾਲ਼ੀ ਇਉਂ ਟੋਹਣ ਲੱਗਾ ਜਿਵੇਂ ਕੋਈ ਅੰਨ੍ਹਾ ਟੋਹਦਾ

ਹੈ, ਫੇਰ ਗੋਲ਼ਾ ਦਾਗ਼ਿਆ ਪਰ ਨਿਸ਼ਾਨੇ ਉੱਤੇ ਨਾ ਬੈਠਾ। ਪਰ ਕਾਮਰੇਡ ਲੈਫਟੀਨੈਂਟ ਨੇ ਉਸ ਦੀ ਵੱਖੀ ਵਿਚ ਮਾਰੀ–ਕੈਸੀ ਚੋਟ ਸੀ! ਫੇਰ ਉਸ ਨੇ ਝਰੋਖੇ ਵਾਲ਼ੀ ਬੁਰਜੀ ਉੱਤੇ ਇਕ ਗੋਲ਼ਾ ਦਾਗ਼ਿਆ ਤੇ ਉਸ ਦੀ ਸੁੰਡ ਟੁੱਟ ਗਈ। ਤੇ ਤੀਜਾ ਗੋਲ਼ਾ ਲੱਗਣ ਨਾਲ਼ ਹਰ ਝੀਤ ਵਿਚੋਂ ਧੂੰਆਂ ਨਿਕਲਣ ਲੱਗ ਪਿਆ ਤੇ ਫੇਰ ਤਿੰਨ–ਤਿੰਨ ਸੌ ਫੁੱਟ ਉੱਚੀਆਂ ਲਾਟਾਂ ਉੱਠ ਪਈਆਂ। ਬਚਾਓ ਵਾਲ਼ੇ ਝਰੋਖੇ ਵਿਚੋਂ ਅਮਲਾ ਬਾਹਰ ਆ ਗਿਆ ਤੇ ਇਵਾਨ ਲਾਪਸ਼ਿਨ ਨੇ ਆਪਣੀ ਮਸ਼ੀਨਗੰਨ ਨਾਲ਼ ਸਾਰਿਆਂ ਦੇ ਆਹੂ ਲਾਹ ਸੁੱਟੇ।... ਖੈਰ, ਇਸ ਨਾਲ਼ ਸਾਡੇ ਵਾਸਤੇ ਰਾਹ ਸਾਫ਼ ਹੋ ਗਿਆ ਤੇ ਪੰਜਾਂ ਮਿੰਟਾਂ ਵਿਚ ਅਸੀਂ ਪਿੰਡ ਵਿਚ ਆ ਵੜੇ। ਕੇਡਾ ਸਵਾਦ ਆਇਆ! ਨਾਜ਼ੀਆਂ ਨੂੰ ਹਰ ਪਾਸੇ ਭਾਜੜਾਂ ਪੈ ਗਈਆਂ। ਤੇ ਵੇਖੋ ਨਾ, ਚਿੱਕੜ ਬੜਾ ਸੀ, ਸੋ ਕਈਆਂ ਦੇ ਬੂਟ ਲੱਥ ਕੇ ਗੁਆਚ ਗਏ ਤੇ ਜੁਰਾਬਾਂ ਵਿਚ ਹੀ ਟਪਦੇ ਫਿਰਨ ਤੇ ਢਾਰਿਆਂ ਵਿਚ ਲੁਕਦੇ ਫਿਰਨ। ਸੋ ਕਾਮਰੇਡ ਲੈਫਟੀਨੈਂਟ ਨੇ ਮੈਨੂੰ ਹੁਕਮ ਦਿੱਤਾ 'ਢਾਰਿਆਂ 'ਤੇ ਟੁੱਟ ਪਓ।' ਅਸੀਂ ਗੰਨਾਂ ਦੇ ਮੂੰਹ ਮੋੜੇ ਤੇ ਹਵਾ ਦੇ ਬੁੱਲੇ ਵਾਂਗ ਢਾਰਿਆਂ ਉੱਤੇ ਟੁੱਟ ਪਏ... ਓਏ ਮੇਰਿਆ ਰੱਬਾ! ਕੜੀਆਂ ਬਾਲ਼ੇ, ਇੱਟਾਂ ਤੇ ਫੱਟੇ ਸਾਡੇ ਉੱਤੇ ਅਤੇ ਨਾਜ਼ੀਆਂ ਉੱਤੇ ਜਿਹੜੇ ਛੱਤਾਂ ਹੇਠਾਂ ਲੁਕੇ ਬੈਠੇ ਸਨ ਖਾੜ–ਖਾੜ ਡਿੱਗ ਰਹੇ ਸਨ। ਤੇ ਮੈਂ ਇਕ ਵਾਰੀ ਫੇਰ ਝੂਮਦਾ ਹੋਇਆ ਅੰਦਰ ਜਾ ਵੜਿਆ ਤਾਂ ਜੋ ਕੋਈ ਅੰਦਰ ਲੁਕਿਆ ਨਾ ਰਹਿ ਜਾਏ। ਜਿਹੜੇ ਅੰਦਰ ਰਹਿ ਗਏ ਸਨ ਉਹਨਾਂ ਨੇ ਹੱਥ ਖੜੇ ਕਰ ਦਿੱਤੇ ਤੇ ਚਾਂਗਰ ਮਾਰੀ: 'Hitler Kaputt!'*"

ਲੈਫਟੀਨੈਂਟ ਯੇਗੋਰ ਦਰੀਓਮੋਵ ਓਨਾ ਚਿਰ ਇਸ ਤਰ੍ਹਾਂ ਹੀ ਲੜਿਆ ਜਿੰਨਾ ਚਿਰ ਖੋਟੀ ਕਿਸਮਤ ਦਾ ਉਹਦੇ ਉੱਤੇ ਵਾਰ ਨਹੀਂ ਹੋਇਆ। ਕੁਰਸਕ ਦੀ ਲੜਾਈ ਦੇ ਆਖਰੀ ਪੜਾਵਾਂ ਵੇਲ਼ੇ, ਜਦੋਂ ਜਰਮਨਾਂ ਦਾ ਘਾਣ ਹੋ ਰਿਹਾ ਸੀ ਤੇ ਉਹਨਾਂ ਦੇ ਪੈਰ ਉੱਖੜ ਗਏ ਸਨ ਉਸ ਦੇ ਟੈਂਕ ਉੱਤੇ, ਜਿਹੜਾ ਪਹਾੜੀ ਉੱਤੇ ਇੱਕ ਕਣਕ ਦੇ ਖੇਤ ਵਿਚ ਖੜਾ ਸੀ, ਗੋਲ਼ਾ ਵੱਜਾ ਜਿਸ ਨਾਲ਼ ਅਮਲੇ ਦੇ ਦੋ ਬੰਦੇ ਥਾਂ 'ਤੇ ਹੀ ਮਰ ਗਏ। ਅਗਲਾ ਗੋਲ਼ਾ ਵੱਜਾ ਤਾਂ ਟੈਂਕ ਨੇ ਅੱਗ ਫੜ ਲਈ। ਡਰਾਈਵਰ ਚੂਵੀਲੀਓਵ, ਜਿਹੜਾ ਅਗਲੇ ਝਰੋਖੇ ਵਿਚ ਬਚ ਨਿਕਲਿਆ ਸੀ, ਬੁਰਜੀ ਉੱਤੇ ਚੜ੍ਹ ਗਿਆ ਤੇ ਉਹਨੇ ਕਿਸੇ ਤਰ੍ਹਾਂ ਲੈਫਟੀਨੈਂਟ ਨੂੰ ਖਿੱਚ ਕੇ ਬਾਹਰ ਕੱਢ ਲਿਆ। ਲੈਫਟੀਨੈਂਟ ਬੇਹੋਸ਼ ਸੀ ਤੇ ਉਹਦੇ ਕੱਪੜਿਆ ਨੂੰ ਅੱਗ ਲੱਗੀ ਹੋਈ ਸੀ। ਚੂਵੀਲੀਓਵ ਨੇ ਅਜੇ ਮਸਾਂ ਉਹਨੂੰ ਬਾਹਰ ਕੱਢਿਆ ਹੀ ਸੀ ਕਿ ਇਕ ਧਮਾਕੇ ਨਾਲ਼ ਟੈਂਕ ਟੋਟੇ ਟੋਟੇ ਹੋ ਗਿਆ ਤੇ ਬੁਰਜੀ ਉੱਡ ਕੇ ਤਕਰੀਬਨ ਪੰਜਾਹ ਗਜ ਦੂਰ ਜਾ ਪਈ। ਉਸ ਨੇ ਅੱਗ ਬੁਝਾਉਣ ਲਈ ਲੈਫਟੀਨੈਂਟ ਦੇ ਸਿਰ ਉੱਤੇ ਅਤੇ ਕੱਪੜਿਆਂ ਉੱਤੇ ਕੁਝ ਮਿੱਟੀ ਪਾਈ। ਅਤੇ ਫੇਰ ਉਸ ਨੂੰ ਖਿੱਚ–ਖਿੱਚ ਕੇ ਗੋਲ਼ਿਆਂ ਨਾਲ਼ ਪੈ ਗਏ ਟੋਇਆਂ ਵਿਚ ਲਿਆਉਂਦਾ ਹੋਇਆ ਮੁੱਢਲੀ ਡਾਕਟਰੀ ਸਹਾਇਤਾ ਵਾਲ਼ੀ ਚੌਂਕੀ ਵਿਚ ਲੈ ਆਇਆ। "ਮੈਂ ਇਸ ਤਰ੍ਹਾਂ ਕਿਉਂ ਕੀਤਾ ?" ਚੂਵੀਲੀਓਵ ਨੇ ਮਗਰੋਂ ਦੱਸਿਆ। "ਕਿਉਂਕਿ ਮੈਨੂੰ ਹਾਲੇ ਵੀ ਉਸ ਦੇ ਦਿਲ ਦੀ ਧੜਕਣ ਸੁਣ ਰਹੀ ਸੀ..."

ਯੇਗੋਰ ਦਰੀਓਮੋਵ ਦੀ ਜਾਨ ਵੀ ਬਚ ਗਈ ਅਤੇ ਉਹਦੀ ਅੱਖਾਂ ਦੀ ਜੋਤ ਵੀ ਬਚ ਗਈ ਭਾਵੇਂ ਉਹਦਾ ਚਿਹਰਾ ਇਉਂ ਬੁਰੀ ਤਰ੍ਹਾਂ ਸੜ ਗਿਆ ਸੀ ਕਿ ਥਾਂ–ਥਾਂ ਤੋਂ ਹੱਡੀਆਂ ਨਜ਼ਰ

---

* ਹਿਟਲਰ ਮੁਰਦਾਬਾਦ। **—ਸੰਪਾ:**

ਆਉਣ ਲੱਗ ਪਈਆਂ ਸਨ। ਉਹ ਅੱਠ ਮਹੀਨੇ ਹਸਪਤਾਲ ਵਿਚ ਰਿਹਾ। ਉਹਦੇ ਨੱਕ, ਬੁੱਲ੍ਹ, ਅੱਖਾਂ ਦੇ ਛੱਪਰ ਤੇ ਕੰਨ ਪਲਾਸਟਿਕ ਸਰਜਰੀ ਨਾਲ਼ ਠੀਕ ਕਰ ਦਿੱਤੇ ਗਏ। ਅੱਠ ਮਹੀਨੇ ਮਗਰੋਂ ਜਦੋਂ ਉਸ ਦੀਆਂ ਪੱਟੀਆਂ ਖੋਹਲੀਆਂ ਗਈਆਂ, ਤਾਂ ਸ਼ੀਸ਼ੇ ਵਿਚ ਉਸ ਨੇ ਆਪਣਾ ਮੂੰਹ ਵੇਖਿਆ ਜਿਹੜਾ ਆਪਣਾ ਹੋ ਕੇ ਵੀ ਉਹਦਾ ਆਪਣਾ ਨਹੀਂ ਸੀ। ਜਿਹੜੀ ਨਰਸ ਨੇ ਆਪਣਾ ਛੋਟਾ ਜਿਹਾ ਜੇਬੀ ਸ਼ੀਸ਼ਾ ਉਹਨੂੰ ਦਿੱਤਾ ਸੀ ਉਹ ਦੂਜੇ ਪਾਸੇ ਮੂੰਹ ਕਰਕੇ ਰੋ ਪਈ। ਉਸ ਨੇ ਸ਼ੀਸ਼ਾ ਵਾਪਸ ਕਰ ਦਿੱਤਾ।

"ਇਸ ਤੋਂ ਵੀ ਮਾੜਾ ਹੋ ਜਾਂਦੈ," ਉਸ ਨੇ ਆਖਿਆ, "ਜ਼ਿੰਦਗੀ ਕੱਟੀ ਜਾ ਸਕਦੀ ਏ।"

ਪਰ ਉਸ ਨੇ ਨਰਸ ਕੋਲ਼ੋਂ ਮੁੜਕੇ ਉਹਦਾ ਸ਼ੀਸ਼ਾ ਨਹੀਂ ਮੰਗਿਆ। ਇਸ ਦੀ ਥਾਂ ਉਹ ਆਪਣੇ ਚਿਹਰੇ ਉੱਤੇ ਹੱਥ ਫੇਰਦਾ ਜਿਵੇਂ ਇਸ ਦਾ ਆਦੀ ਹੋ ਜਾਣ ਦੀ ਕੋਸ਼ਿਸ਼ ਕਰਦਾ ਹੋਵੇ। ਜਦੋਂ ਡਾਕਟਰਾਂ ਦੇ ਬੋਰਡ ਨੇ ਉਸ ਨੂੰ ਲੜਾਈ ਵਿਚ ਹਿੱਸਾ ਨਾ ਲੈ ਸਕਣ ਵਾਲ਼ਾ ਫ਼ੌਜੀ ਕਰਾਰ ਦੇ ਦਿੱਤਾ ਤਾਂ ਉਹ ਸਿੱਧਾ ਆਪਣੇ ਜਨਰਲ ਕੋਲ਼ ਗਿਆ ਤੇ ਆਖਿਆ, "ਮੈਂ ਬੇਨਤੀ ਕਰਦਾ ਹਾਂ ਕਿ ਮੈਨੂੰ ਮੇਰੀ ਰੈਜਮੈਂਟ ਵਿਚ ਵਾਪਸ ਭੇਜ ਦਿੱਤਾ ਜਾਵੇ।" "ਪਰ ਤੁਸੀਂ ਅਪਾਹਜ ਸੈਨਿਕ ਹੋ," ਜਨਰਲ ਨੇ ਆਖਿਆ। "ਨਹੀਂ, ਮੈਂ ਅਪਾਹਜ ਨਹੀਂ। ਮੇਰੀ ਸ਼ਕਲ ਜ਼ਰੂਰ ਵਿਗੜ ਗਈ ਪਰ ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ। ਮੈਂ ਛੇਤੀ ਹੀ ਪਹਿਲਾਂ ਵਾਂਗ ਲੜਨ ਦੇ ਲਾਇਕ ਹੋ ਜਾਣਾ ਏ।" (ਯੇਗੋਰ ਨੇ ਮਹਿਸੂਸ ਕੀਤਾ ਕਿ ਗੱਲਬਾਤ ਸਮੇਂ ਜਨਰਲ ਉਹਦੇ ਵੱਲ ਵੇਖਣ ਤੋਂ ਕਤਰਾਉਂਦਾ ਸੀ ਤੇ ਇਸ ਨਾਲ਼ ਯੇਗੋਰ ਦੇ ਮੂੰਹ ਉੱਤੇ ਇਕ ਬਨਫਸ਼ੀ ਜਿਹੀ ਲੀਕ, ਅਰਥਾਤ ਉਹਦੇ ਬੁੱਲ੍ਹਾਂ ਉੱਤੇ ਇਕ ਗੰਭੀਰ ਮੁਸਕਾਨ ਆ ਬੈਠੀ)। ਉਸ ਨੂੰ ਵੀਹ ਦਿਨ ਦੀ ਛੁੱਟੀ ਦਿੱਤੀ ਗਈ ਤਾਂ ਜੋ ਉਹ ਪੂਰੀ ਤਰਾਂ ਸਿਹਤਯਾਬ ਹੋ ਜਾਏ ਤੇ ਉਹ ਆਪਣੇ ਮਾਂ ਪਿਓ ਨੂੰ ਮਿਲਣ ਘਰ ਚਲਾ ਗਿਆ। ਇਹ ਪਿਛਲੇ ਮਾਰਚ ਦੀ ਗੱਲ ਹੈ।

ਉਸ ਨੂੰ ਉਮੀਦ ਹੈ ਕਿ ਸਟੇਸ਼ਨ ਤੋਂ ਕੋਈ ਛਕੜਾ ਵਗੈਰਾ ਮਿਲ ਜਾਏਗਾ ਪਰ ਉਸ ਨੂੰ ਆਪਣੇ ਪਿੰਡ ਤੱਕ ਅਠਾਰਾਂ ਵੇਰਸਤ ਤੁਰ ਕੇ ਹੀ ਜਾਣਾ ਪਿਆ। ਧਰਤੀ ਅਜੇ ਵੀ ਬਰਫ਼ ਨਾਲ਼ ਕੱਜੀ ਹੋਈ ਸੀ। ਸਿਲ੍ਹ ਸੀ ਤੇ ਹਰ ਪਾਸੇ ਸੁੰਨ-ਮਸਾਣ ਸੀ। ਹੱਡਾਂ ਵਿਚ ਵੜਦੀ ਜਾਂਦੀ ਹਵਾ ਉਹਦੇ ਫ਼ੌਜੀ ਕੋਟ ਦੇ ਫਲੈਪ ਖਿੱਚ-ਖਿੱਚ ਖੋਹਲ ਦੇਂਦੀ ਸੀ ਤੇ ਉਹਦੇ ਕੰਨਾਂ ਵਿਚ ਇਕੱਲ ਹਵਾਂਕਦੀ ਸੀ। ਜਿਸ ਵੇਲ਼ੇ ਉਹ ਪਿੰਡ ਪੁੱਜਾ ਹਨੇਰਾ ਉਤਰਨ ਲੱਗ ਪਿਆ ਸੀ। ਹਾਂ, ਓਥੇ ਇਕ ਖੂਹ ਸੀ ਜਿਸ ਦੀ ਭੌਣੀ ਹਵਾ ਨਾਲ਼ ਹਿਚਕੋਲ਼ੇ ਖਾਂਦੀ ਤੇ ਚੀਂ ਚੀਂ ਕਰਦੀ ਸੀ। ਗਲ਼ੀ ਦੀ ਛੇਵੀਂ ਝੁੱਗੀ ਉਹਦੇ ਪਿਓ ਦਾ ਘਰ ਸੀ। ਅਚਾਨਕ ਉਸ ਦੇ ਕਦਮ ਰੁਕ ਗਏ। ਉਸ ਨੇ ਆਪਣੇ ਹੱਥ ਜੇਬਾਂ ਵਿਚ ਪਾ ਲਏ ਤੇ ਆਪਣਾ ਸਿਰ ਛੰਡਿਆ। ਉਹ ਮਕਾਨ ਦੇ ਅਗਲੇ ਬੂਹੇ ਵੱਲ ਜਾਣ ਦੀ ਥਾਂ, ਮਕਾਨ ਉੱਤੋਂ ਦੀ ਵਲਾ ਪਾ ਕੇ ਗੋਡੇ-ਗੋਡੇ ਬਰਫ਼ ਲੰਘਦਾ ਨੀਵੀਂ ਜਿਹੀ ਬਾਰੀ ਕੋਲ਼ ਦਬਕ ਕੇ ਆ ਖਲੋਤਾ ਅਤੇ ਅੰਦਰ ਆਪਣੀ ਮਾਂ ਨੂੰ ਝਾਕ ਕੇ ਵੇਖਿਆ। ਤੇਲ ਦੇ ਦੀਵੇ ਦੇ ਨਿੰਮ੍ਹੇ ਜਿਹੇ ਚਾਨਣ ਵਿਚ ਉਹ ਮੇਜ਼ ਉੱਤੇ ਰਾਤ ਦਾ ਖਾਣਾ ਟਿਕਾ ਰਹੀ ਸੀ। ਉਸ ਨੇ ਅਜੇ ਵੀ, ਆਪਣੇ ਸਿਰ ਉੱਤੇ ਓਹੋ ਗੂੜ੍ਹੇ ਰੰਗ ਦੀ ਸ਼ਾਲ ਲਈ ਹੋਈ ਸੀ, ਹਾਲੇ ਵੀ ਪਹਿਲਾਂ ਵਾਂਗ ਹੀ ਉਹ ਸੁਹਿਰਦ ਤੇ ਠਰ੍ਹੰਮੇ ਵਾਲ਼ੀ ਜਾਪਦੀ ਸੀ ਜਿਸ ਨੂੰ ਕੋਈ ਕਾਹਲੀ ਨਾ ਹੋਵੇ। ਪਰ ਉਹ ਵਧੇਰੇ

ਬੁੱਢੀ ਹੋ ਗਈ ਸੀ ਤੇ ਉਹਦੇ ਮੋਢੇ ਬੜੇ ਪਤਲੇ ਜਿਹੇ ਹੋ ਗਏ ਸਨ। "ਕਾਸ਼! ਮੈਨੂੰ ਪਤਾ ਹੁੰਦਾ," ਉਸ ਨੇ ਸੋਚਿਆ, "ਤਾਂ ਮੈਂ ਉਸ ਨੂੰ ਰੋਜ਼ ਚਿੱਠੀ ਲਿਖਦਾ, ਭਾਵੇਂ ਕੁਝ ਸਤਰਾਂ ਦੀ ਹੀ ਚਿੱਠੀ ਹੁੰਦੀ।" ਉਸ ਨੇ ਆਪਣਾ ਸਾਦਾ ਜਿਹਾ ਖਾਣਾ ਮੇਜ਼ ਉੱਤੇ ਲਿਆ ਰੱਖਿਆ ਸੀ — ਦੁੱਧ ਦਾ ਪਿਆਲਾ, ਰੋਟੀ ਦਾ ਟੁਕੜਾ, ਦੋ ਚਮਚੇ ਤੇ ਲੂਣਦਾਨੀ — ਤੇ ਫੇਰ ਉਹ ਦੋਵੇਂ ਹੱਥ ਜੋੜ ਕੇ ਮੇਜ਼ ਕੋਲ਼ ਖਲੋਤੀ ਜਿਵੇਂ ਸੋਚਾਂ ਵਿਚ ਗੁਆਚ ਗਈ ਹੋਵੇ। ਬਾਰੀ ਵਿਚੋਂ ਆਪਣੀ ਮਾਂ ਨੂੰ ਵੇਖਦਿਆਂ, ਯੇਗੋਰ ਦਰੀਓਮੋਵ ਨੂੰ ਮਹਿਸੂਸ ਹੋਇਆ ਕਿ ਮਾਂ ਦਾ ਤ੍ਰਾਹ ਨਹੀਂ ਕੱਢਿਆ ਜਾ ਸਕਦਾ,ਕਿ ਉਸ ਵਿਚਾਰੀ ਦੇ ਚਿਹਰੇ ਨੂੰ ਘੋਰ ਨਿਰਾਸ਼ਾ ਨਾਲ਼ ਭੰਨਿਆ ਨਹੀਂ ਜਾ ਸਕਦਾ ।

ਖੈਰ, ਠੀਕ ਹੈ! ਉਸ ਨੇ ਫਾਟਕ ਖੋਹਲਿਆ, ਵਿਹੜੇ ਵਿਚ ਆਇਆ ਤੇ ਬੂਹਾ ਖੜਕਾਇਆ। ਮਾਂ ਨੇ ਅੰਦਰੋਂ ਅਵਾਜ਼ ਦੇ ਕੇ ਪੁੱਛਿਆ "ਕੌਣ ਏ ?" ਉਸ ਨੇ ਜਵਾਬ ਦਿੱਤਾ, "ਲੈਫਟੀਨੈਂਟ ਗਰੋਮੋਵ, ਸੋਵੀਅਤ ਯੂਨੀਅਨ ਦਾ ਹੀਰੋ।"

ਉਹਦਾ ਦਿਲ਼ ਏਨੇ ਜ਼ੋਰ ਨਾਲ਼ ਧੱਕ-ਧੱਕ ਕਰ ਰਿਹਾ ਸੀ ਕਿ ਉਸ ਨੂੰ ਬੂਹੇ ਦੀ ਚੁਗਾਠ ਨਾਲ਼ ਢਾਸਣਾ ਲਾਉਣਾ ਪਿਆ। ਹਾਂ, ਉਹਦੀ ਮਾਂ ਨੇ ਉਸ ਦੀ ਅਵਾਜ਼ ਨਹੀਂ ਸੀ ਪਛਾਣੀ। ਉਸ ਨੂੰ ਆਪ ਵੀ ਇਸ ਤਰ੍ਹਾਂ ਲੱਗਾ ਸੀ ਜਿਵੇਂ ਉਸ ਨੇ ਇਹ ਅਵਾਜ਼ ਪਹਿਲੀ ਵਾਰੀ ਸੁਣੀ ਹੋਵੇ। ਸਾਰੇ ਅਪ੍ਰੇਸ਼ਨਾਂ ਤੋਂ ਮਗਰੋਂ ਅਵਾਜ਼ ਬਹੁਤ ਬਦਲ ਗਈ ਸੀ। ਇਹ ਅਵਾਜ਼ ਮੋਟੀ ਤੇ ਖਰ੍ਹਵੀ ਸੀ।

"ਕੀ ਚਾਹੀਦੈ, ਪੁੱਤਰਾ ?" ਉਸ ਨੇ ਪੁੱਛਿਆ।

"ਤੁਹਾਡੇ ਪੁੱਤਰ, ਸੀਨੀਅਰ ਲੈਫਟੀਨੈਂਟ ਦਰੀਓਮੋਵ ਨੇ ਸ਼ੁਭ ਕਾਮਨਾਵਾਂ ਭੇਜੀਆਂ ਨੇ, ਮਾਰੀਆ ਪੋਲੀਕਾਰਪੋਵਨਾ।"

ਇਹ ਸੁਣ ਕੇ ਉਹਨੇ ਬੂਹਾ ਖੋਹਲਿਆ, ਵਾਹੋਦਾਹੀ ਬਾਹਰ ਆਈ ਤੇ ਉਹਦੇ ਹੱਥ ਫੜ ਲਏ।

"ਜਿਊਂਦਾ ਏ ਯੇਗੋਰ ਮੇਰਾ ? ਤੰਦਰੁਸਤ ਏ ? ਅੰਦਰ ਆ ਜਾ, ਬੀਬਾ।"

ਯੇਗੋਰ ਦਰੀਓਮੋਵ ਮੇਜ਼ ਦੇ ਕੋਲ ਬੈਂਚ ਉੱਤੇ ਠੀਕ ਉਸ ਥਾਂ ਬੈਠ ਗਿਆ ਜਿੱਥੇ ਉਹ ਓਦੋਂ ਬਹਿੰਦਾ ਹੁੰਦਾ ਸੀ ਜਦੋਂ ਉਸ ਦੀਆਂ ਲੱਤਾਂ ਏਨੀਆਂ ਛੋਟੀਆਂ ਹੁੰਦੀਆਂ ਸਨ ਕਿ ਫਰਸ਼ ਨੂੰ ਨਹੀਂ ਸੀ ਲੱਗਦੀਆਂ, ਜਦੋਂ ਉਹਦੀ ਮਾਂ ਕਈ ਵਾਰੀ ਉਹਦੇ ਕੁੰਡਲ ਪਲੋਸਦੀ ਤੇ ਕਹਿੰਦੀ ਹੁੰਦੀ ਸੀ: "ਖਾ ਲੈ, ਮੇਰਾ ਸੁਹਣਾ!" ਉਹ ਉਹਦੇ ਨਾਲ਼ ਉਸ ਦੇ ਪੁੱਤਰ ਦੀਆਂ, ਆਪਣੀਆਂ ਗੱਲਾਂ ਕਰਨ ਲੱਗ ਪਿਆ। ਉਸ ਨੇ ਉਹਨੂੰ ਵਿਸਥਾਰ ਨਾਲ਼ ਦੱਸਿਆ ਕਿ ਉਹ ਕੀ ਖਾਂਦਾ ਹੈ, ਕੀ ਪੀਂਦਾ ਹੈ, ਕਦੇ ਕੋਈ ਔਖ ਨਹੀਂ ਹੁੰਦੀ, ਬੜਾ ਤੰਦਰੁਸਤ ਹੈ, ਖੁਸ਼ ਹੈ ਅਤੇ ਬਹੁਤ ਹੀ ਸੰਖੇਪ ਵਿਚ ਉਹਨੇ ਆਪਣੀਆਂ ਟੈਂਕਾਂ ਦੀਆਂ ਲੜਾਈਆਂ ਦਾ ਜ਼ਿਕਰ ਕੀਤਾ।

"ਪਰ ਏਹ ਦੱਸ ਮੈਨੂੰ, ਲੜਾਈ ਤੋਂ ਡਰ ਨਹੀਂ ਲੱਗਦਾ ?" ਉਸ ਨੇ ਉਹਦੇ ਚਿਹਰੇ ਉੱਤੇ ਅੱਖਾਂ ਗੱਡ ਕੇ ਪੁੱਛਿਆ ਜਿਹੜੀਆਂ ਵੇਖ ਕਿਸੇ ਹੋਰ ਪਾਸੇ ਰਹੀਆਂ ਸਨ।

"ਹਾਂ, ਬੇਬੇ, ਜ਼ਰੂਰ। ਡਰ ਲੱਗਦਾ ਏ," ਉਸ ਨੇ ਜਵਾਬ ਦਿੱਤਾ, "ਪਰ ਫੇਰ ਬੰਦਾ ਗਿੱਝ ਜਾਂਦਾ ਏ।"

ਉਸ ਦਾ ਪਿਓ, ਯੇਗੋਰ ਯੇਗੋਰੋਵਿਚ, ਅੰਦਰ ਆ ਗਿਆ। ਇਹਨਾਂ ਵਰ੍ਹਿਆਂ ਵਿਚ ਉਹ ਵੀ ਬੁੱਢਾ ਹੋ ਗਿਆ ਸੀ। ਉਹਦੀ ਦਾੜ੍ਹੀ ਇਉਂ ਲੱਗਦੀ ਸੀ ਜਿਵੇਂ ਇਸ ਉੱਤੇ ਆਟਾ ਧੂੜਿਆ ਹੋਵੇ। ਉਸ ਨੇ ਮਹਿਮਾਨ ਵੱਲ਼ ਵੇਖਿਆ, ਬਰੂਹਾਂ ਨਾਲ਼ ਆਪਣੇ ਨਮਦੇ ਦੇ ਖੁਸੜ ਬੂਟਾਂ ਨਾਲ਼ੋਂ ਬਰਫ਼ ਝਾੜੀ, ਹੌਲ਼ੀ-ਹੌਲ਼ੀ ਆਪਣਾ ਗੁਲੂਬੰਦ ਖੋਹਲਿਆ, ਵੱਡਾ ਕੋਟ ਲਾਹਿਆ ਤੇ ਮੇਜ਼ ਕੋਲ਼ ਆ ਕੇ ਉਹਦੇ ਨਾਲ਼ ਹੱਥ ਮਿਲਾਇਆ — ਹਾਏ, ਯੇਗੋਰ ਆਪਣੇ ਪਿਓ ਦੇ ਇਹਨਾਂ ਚੌੜੇ ਤੇ ਨਿਆਈਂ ਹੱਥਾਂ ਨੂੰ ਕਿਵੇਂ ਚੰਗੀ ਤਰ੍ਹਾਂ ਜਾਣਦਾ ਸੀ! ਉਸ ਨੇ ਕੋਈ ਸਵਾਲ ਨਹੀਂ ਪੁੱਛਿਆ ਕਿਉਂਕਿ ਇਸ ਤੋਂ ਬਗ਼ੈਰ ਹੀ ਉਹ ਸਮਝਦਾ ਸੀ ਕਿ ਇਹ ਤਮਗ਼ਿਆ ਵਾਲ਼ਾ ਮਹਿਮਾਨ ਕਿਵੇਂ ਆਇਆ ਹੈ। ਉਹ ਵੀ ਬਹਿ ਗਿਆ ਤੇ ਅੱਧ-ਮੀਟੀਆਂ ਅੱਖਾਂ ਨਾਲ਼ ਉਹਦੀਆਂ ਗੱਲਾਂ ਸੁਣਨ ਲੱਗ ਪਿਆ।

ਲੈਫਟੀਨੈਂਟ ਦਰੀਓਮੋਵ ਜਿੰਨਾ ਬਹੁਤਾ ਚਿਰ ਓਥੇ ਅਣ-ਪਛਾਤਾ ਬੈਠਾ ਰਿਹਾ ਤੇ ਆਪਣੇ ਬਾਰੇ ਇਉਂ ਗੱਲਾਂ ਕਰਦਾ ਰਿਹਾ ਜਿਵੇਂ ਉਹ ਕਿਸੇ ਹੋਰ ਦੀਆਂ ਗੱਲਾਂ ਕਰਦਾ ਹੋਵੇ, ਓਨਾ ਹੀ ਬਹੁਤਾ ਇਸ ਭੇਤ ਨੂੰ ਖੋਹਲਣਾ ਤੇ ਖੜੇ ਹੋ ਕੇ ਇਹ ਆਖਣਾ ਅਸੰਭਵ ਹੁੰਦਾ ਗਿਆ "ਮਾਂ, ਬਾਪੂ, ਤੁਸੀਂ ਇਸ ਕਰੂਪ ਸ਼ਕਲ ਵਾਲੇ ਨੂੰ ਪਛਾਣਿਆ ਨਹੀਂ!" ਮਾਤਾ ਪਿਤਾ ਦੇ ਖਾਣੇ ਵਾਲੇ ਮੇਜ਼ ਕੋਲ ਬੈਠਾ ਉਹ ਖੁਸ਼ ਵੀ ਸੀ ਤੇ ਦੁਖੀ ਵੀ।

"ਲਿਆ ਭਲੀਏ ਲੋਕੇ, ਰੋਟੀ ਖਾਈਏ। ਸਾਡੇ ਮਹਿਮਾਨ ਵਾਸਤੇ ਕੁਝ ਲਿਆ ਕੇ ਦੇ ਸਾਨੂੰ।" ਯੇਗੋਰ ਯੇਗੋਰੋਵਿਚ ਨੇ ਪੁਰਾਣੀ ਅਲਮਾਰੀ ਖੋਹਲੀ। ਮੱਛੀਆਂ ਫੜਨ ਵਾਲ਼ੀਆਂ ਕੁੰਡੀਆਂ ਨਾਲ਼ ਭਰੀ ਡੱਬੀ ਓਥੇ ਹੀ ਪਈ ਸੀ ਤੇ ਚਿੱਪਰ ਲੱਥੀ ਟੂਟੀ ਵਾਲ਼ੀ ਚਾਹਦਾਨੀ ਵੀ ਅਤੇ ਅਲਮਾਰੀ ਵਿਚੋਂ ਰੋਟੀ ਦੇ ਭੋਰਿਆਂ ਤੇ ਗੰਢਿਆਂ ਦੀਆਂ ਛਿਲਾਂ ਦੀ ਅਜੇ ਵੀ ਮੁਸ਼ਕ ਆ ਰਹੀ ਸੀ। ਯੇਗੋਰ ਯੇਗੋਰੋਵਿਚ ਨੇ ਵੋਦਕਾ ਵਾਲ਼ੀ ਇਕ ਛੋਟੀ ਜਿਹੀ ਸੁਰਾਹੀ ਕੱਢੀ ਜਿਸ ਵਿਚ ਮਸਾਂ ਦੋ ਕੁ ਗਲਾਸੀਆਂ ਵੋਦਕਾ ਹੀ ਸੀ ਤੇ ਉਸ ਹੌਂਕਾ ਲਿਆ ਕਿਉਂਕਿ ਹੋਰ ਨਹੀਂ ਸੀ ਮਿਲ ਸਕਦੀ। ਉਹ ਰੋਟੀ ਖਾਣ ਬਹਿ ਗਏ ਜਿਵੇਂ ਬੀਤੇ ਵਰ੍ਹਿਆਂ ਵਿਚ ਬਹਿੰਦੇ ਹੁੰਦੇ ਸਨ। ਅਤੇ ਥੋੜ੍ਹਾ ਕੁ ਚਿਰ ਮਗਰੋਂ ਹੀ ਲੈਫਟੀਨੈਂਟ ਦਰੀਓਮੋਵ ਦਾ ਧਿਆਨ ਇਸ ਗੱਲ਼ ਵੱਲ਼ ਗਿਆ ਕਿ ਉਹਦੀ ਮਾਂ ਉਸ ਦੇ ਚਿਮਚੇ ਵਾਲ਼ੇ ਹੱਥ ਦੀ ਹਰ ਹਰਕਤ ਨੂੰ ਬੜੇ ਗਹੁ ਨਾਲ ਵੇਖ ਰਹੀ ਸੀ। ਉਹ ਮੁਸਕ੍ਰਾ ਪਿਆ, ਮਾਂ ਨੇ ਨਜ਼ਰਾਂ ਉਤਾਂਹ ਕੀਤੀਆਂ ਤੇ ਉਹਦਾ ਚਿਹਰਾ ਪੀੜ ਨਾਲ਼ ਕੰਬਣ ਲੱਗ ਪਿਆ।

ਉਹ ਏਧਰ ਓਧਰ ਦੀਆਂ ਗੱਲਾਂ ਕਰਦੇ ਰਹੇ। ਬਹਾਰ ਦਾ ਮੌਸਮ ਕਿਸ ਤਰ੍ਹਾਂ ਦਾ ਹੋਵੇਗਾ, ਕਿਸਾਨ ਵੇਲ਼ੇ ਸਿਰ ਬਿਜਾਈ ਕਰ ਲੈਣਗੇ ਜਾਂ ਨਹੀਂ ਤੇ ਯੇਗੋਰ ਯੇਗੋਰੋਵਿਚ ਨੇ ਆਖਿਆ ਕਿ ਇਹਨਾਂ ਗਰਮੀਆਂ ਵਿਚ ਲੜਾਈ ਖਤਮ ਹੋ ਜਾਣੀ ਚਾਹੀਦੀ ਹੈ।

"ਤੁਸੀਂ ਇਹ ਕਿਉਂ ਸੋਚਦੇ ਹੋ, ਯੇਗੋਰ ਯੇਗੋਰੋਵਿਚ, ਕਿ ਇਹਨਾਂ ਗਰਮੀਆਂ ਵਿਚ ਲੜਾਈ ਖ਼ਤਮ ਹੋ ਜਾਣੀ ਚਾਹੀਦੀ ਏ?"

"ਲੋਕਾਂ ਦਾ ਪਾਰਾ ਚੜ੍ਹਿਆ ਹੋਇਐ," ਯੇਗੋਰ ਯੇਗੋਰੋਵਿਚ ਨੇ ਜਵਾਬ ਦਿੱਤਾ। "ਉਹ ਮੌਤ ਦੇ ਮੂੰਹ ਵਿਚੋਂ ਲੰਘੇ ਨੇ। ਹੁਣ ਉਹਨਾਂ ਨੂੰ ਕੋਈ ਰੋਕ ਨਹੀਂ ਸਕਦਾ। ਫਾਸੀਆਂ ਦਾ ਫਸਤਾ ਵੱਢਿਆ ਜਾਣੈ।"

ਮਾਰੀਆ ਪੋਲੀਕਾਰਪੋਵਨਾ ਨੇ ਪੁਛਿਆ:

"ਤੁਸੀਂ ਇਹ ਨਹੀਂ ਦੱਸਿਆ ਕਿ ਉਹ ਛੁੱਟੀ ਕਦੋਂ ਆਵੇਗਾ, ਸਾਨੂੰ ਮਿਲਣ ਵਾਸਤੇ। ਤਿੰਨ ਵਰ੍ਹੇ ਹੋ ਗਏ ਉਹਦਾ ਮੂੰਹ ਵੇਖਿਆਂ। ਹੁਣ ਤਾਂ ਸੁੱਖ ਨਾਲ਼ ਬਹੁਤ ਵੱਡਾ ਹੋ ਗਿਆ ਹੋਣੈ, ਤੇ ਮੁੱਛਾਂ ਵੀ ਆ ਗਈਆਂ ਹੋਣੀਆਂ ਨੇ। ਤੇ ਰੋਜ਼ ਦਿਹਾੜੀ ਮੌਤ ਦੇ ਨੇੜੇ ਤੁਰੇ ਫਿਰਨਾ, ਜ਼ਰੂਰ ਉਹਦੀ ਆਵਾਜ਼ ਵੀ ਖਰ੍ਹਵੀ ਹੋ ਗਈ ਹੋਣੀ ਏ।"

"ਹਾਂ, ਜਦੋਂ ਮੁੜਿਆ, ਖ਼ਬਰੇ ਤੁਹਾਥੋਂ ਪਛਾਣਿਆ ਹੀ ਨਾ ਜਾਏ," ਲੈਫਟੀਨੈਂਟ ਨੇ ਆਖਿਆ।

ਤੰਦੂਰ ਦੇ ਵਾਧੇ ਉੱਤੇ ਉਹਦਾ ਬਿਸਤਰਾ ਵਿਛਾ ਦਿੱਤਾ ਗਿਆ, ਜਿਥੋਂ ਦੀ ਉਸ ਨੂੰ ਇਕ-ਇਕ ਇੱਟ ਦਾ, ਗੇਲ਼ੀਆਂ ਦੀ ਦੀਵਾਰ ਵਿਚਲੀ ਇਕ-ਇਕ ਝਰੀ ਦਾ, ਛੱਤ ਦੀ ਇਕ-ਇਕ ਕੜੀ ਦਾ ਚੇਤਾ ਸੀ। ਹਰ ਪਾਸੇ ਤੋਂ ਭੇਡ ਦੀ ਖੱਲ੍ਹ ਤੇ ਰੋਟੀ ਦੀ ਮਹਿਕ ਆ ਰਹੀ ਸੀ, ਘਰ ਦੇ ਉਸ ਸੁਖ-ਆਰਾਮ ਦੀ ਮਹਿਕ ਜਿਸ ਨੂੰ ਬੰਦਾ ਕਦੇ ਵੀ, ਮੌਤ ਦੀ ਘੜੀ ਵੀ ਭੁੱਲ ਨਹੀਂ ਸਕਦਾ। ਛੱਜਿਆਂ ਹੇਠਾਂ ਮਾਰਚ ਮਹੀਨੇ ਦੀਆਂ ਹਵਾਵਾਂ ਦੀ ਖੜ-ਖੜ, ਸੀਟੀਆਂ ਦੀ ਅਵਾਜ਼ ਆਉਂਦੀ ਸੀ। ਲੱਕੜ ਦੀ ਪਾਰਟੀਸ਼ਨ ਦੇ ਓਹਲੇ ਉਹਦਾ ਪਿਓ ਪੋਲੇ-ਪੋਲੇ ਘੁਰਾੜੇ ਮਾਰ ਰਿਹਾ ਸੀ। ਪਰ ਉਹਦੀ ਮਾਂ ਡੂੰਘੇ-ਡੂੰਘੇ ਸਾਹ ਲੈਂਦੀ ਤੇ ਬਿਸਤਰੇ ਉੱਤੇ ਪਾਸੇ ਮਾਰੀ ਜਾਂਦਾ ਸੀ। ਉਹ ਸੁੱਤੀ ਨਹੀਂ ਸੀ। ਲੈਫਟੀਨੈਂਟ ਆਪਣੇ ਚਿਹਰੇ ਅੱਗੇ ਬਾਹਵਾਂ ਕਰ ਕੇ ਅਹਿਲ ਪਿਆ ਸੀ। "ਉਸ ਨੇ ਪਛਾਣਿਆ ਕਿਉਂ ਨਹੀਂ ?" ਉਹ ਸੋਚ ਰਿਹਾ ਸੀ। "ਕਿਉਂ ਨਹੀਂ ਪਛਾਣਿਆ ? ਮਾਂ... ਮਾਂ..."

ਸਵੇਰੇ ਬਲਦੀਆਂ ਲਕੜਾਂ ਦੀ ਤਿੜ-ਤਿੜ ਨੇ ਉਸ ਨੂੰ ਜਗਾ ਦਿੱਤਾ। ਉਸ ਦੀ ਮਾਂ ਮਲਕੜੇ ਤੰਦੂਰ ਭਖ਼ਾ ਰਹੀ ਸੀ। ਉਸ ਦੀਆਂ ਪੈਰ-ਪੱਟੀਆਂ, ਜਿਹੜੀਆਂ ਮਾਂ ਨੇ ਧੋ ਦਿੱਤੀਆਂ ਸਨ, ਕੰਧਾਂ ਨਾਲ਼ ਬੱਝੀ ਰੱਸੀ ਉੱਤੇ ਲਟਕ ਰਹੀਆਂ ਸਨ। ਉਸ ਦੇ ਬੂਟ ਸਾਫ਼ ਕਰ ਕੇ ਬੂਹੇ ਕੋਲ ਰੱਖੇ ਹੋਏ ਸਨ।

"ਬਾਜਰੇ ਦੇ ਪੂੜੇ ਖਾਵੇਂਗਾ ਤੂੰ ?" ਉਸ ਨੇ ਪੁੱਛਿਆ।

ਉਹਨੇ ਓਸੇ ਵੇਲੇ ਹੀ ਜਵਾਬ ਨਹੀਂ ਦਿੱਤਾ। ਉਹ ਤੰਦੂਰ ਤੋਂ ਉੱਤਰਿਆ, ਕਮੀਜ਼ ਪਾਈ ਤੇ ਪੇਟੀ ਬੰਨ੍ਹੀ ਤੇ ਨੰਗੇ ਪੈਰੀਂ ਹੀ ਬੈਂਚ ਉੱਤੇ ਬਹਿ ਗਿਆ।

"ਇਹ ਦੱਸੋ ਕਿ ਤੁਹਾਡੇ ਪਿੰਡ ਕੋਈ ਕਾਤਿਯਾ ਮਾਲੀਸ਼ੇਵਾ ਰਹਿੰਦੀ ਏ ? ਆਂਦਰੇਈ ਮਾਲੀਸ਼ੇਵ ਦੀ ਧੀ ?"

"ਉਹਨੇ ਪਿਛਲੇ ਸਾਲ ਹੀ ਆਪਣਾ ਕੋਰਸ ਪੂਰਾ ਕੀਤਾ ਸੀ। ਹੁਣ ਸਾਡੇ ਪਿੰਡ ਦੇ ਸਕੂਲ ਵਿਚ ਪੜ੍ਹਾਉਂਦੀ ਏ। ਮਿਲਣਾ ਏ ਤੂੰ ਉਹਨੂੰ ?"

"ਤੁਹਾਡੇ ਪੁੱਤਰ ਨੇ ਆਖਿਆ ਸੀ ਕਿ ਉਹਨੂੰ ਸਲਾਮ ਜ਼ਰੂਰ ਆਖਾਂ ਉਹਦੇ ਵੱਲੋਂ।"

ਉਸ ਦੀ ਮਾਂ ਨੇ ਗੁਆਢੀਆਂ ਦੀ ਕੁੜੀ ਨੂੰ ਭੇਜਿਆ ਕਿ ਕਾਤਿਯਾ ਨੂੰ ਸੱਦ ਲਿਆਵੇ। ਅਜੇ ਲੈਫਟੀਨੈਂਟ ਨੇ ਬੂਟ ਵੀ ਨਹੀਂ ਸੀ ਪਾਏ ਕਿ ਕਾਤਿਯਾ ਮਾਲੀਸ਼ੇਵਾ ਪਹੁੰਚ ਗਈ। ਉਸ ਦੀਆਂ ਹੱਕੀਆਂ-ਬੱਕੀਆਂ ਭੂਰੀਆਂ ਅੱਖਾਂ ਵਿਚ ਚਮਕ ਸੀ, ਉਸ ਦੀਆਂ ਭੰਵਾਂ ਤਣੀਆਂ

ਹੋਈਆਂ ਸਨ ਤੇ ਖੁਸ਼ੀ ਨਾਲ਼ ਉਹਦੀਆਂ ਗੱਲ੍ਹਾਂ ਦਗ-ਦਗ ਕਰ ਰਹੀਆਂ ਸਨ। ਜਦੋਂ ਉਸ ਨੇ ਆਪਣੇ ਚੌੜੇ ਮੋਢਿਆਂ ਉੱਤੇ ਸ਼ਾਲ ਪਿਛਾਂਹ ਵੱਲ ਸੁੱਟਿਆ ਤਾਂ ਲੈਫਟੀਨੈਂਟ ਜਿਵੇਂ ਥਾਂ 'ਤੇ ਹੀ ਜੰਮ ਗਿਆ ਹੋਵੇ। ਕਾਸ਼ ਉਹ ਉਸ ਦੇ ਨਿੱਘੇ-ਨਿੱਘੇ ਕੱਕੇ ਕੇਸ ਚੁੰਮ ਸਕਦਾ!.. ਬਿਲਕੁਲ ਉਸ ਤਰ੍ਹਾਂ ਹੀ ਸੀ ਜਿਵੇਂ ਉਸ ਨੇ ਕਲਪਨਾ ਕੀਤੀ ਸੀ। ਟਹਿਕੀ ਹੋਈ, ਕੋਮਲ, ਖੁਸ਼, ਸੁਹਿਰਦ ਤੇ ਸੋਹਣੀ — ਏਡੀ ਸੋਹਣੀ ਕਿ ਉਹਦੇ ਅੰਦਰ ਪੈਰ ਰੱਖਦਿਆਂ ਹੀ ਜਿਵੇਂ ਸਾਰੀ ਝੁੱਗੀ ਸੋਨੇ ਵਾਂਗ ਚਮਕਾਂ ਮਾਰਨ ਲੱਗ ਪਈ ਹੋਵੇ।

"ਯੇਗੋਰ ਦਾ ਸਲਾਮ ਲਿਆਂਦਾ ਤੁਸੀਂ ?" (ਉਹ ਚਾਨਣ ਵੱਲ਼ ਪਿੱਠ ਕਰ ਕੇ ਖੜਾ ਸੀ ਅਤੇ ਉਸ ਨੇ ਸਿਰਫ਼ ਸਿਰ ਹੀ ਹਿਲਾਇਆ ਸੀ ਕਿਉਂਕਿ ਉਹ ਬੋਲ ਨਹੀਂ ਸੀ ਸਕਿਆ) "ਉਹਨੂੰ ਆਖਿਓ ਕਿ ਮੈਨੂੰ ਉਹਦੀ ਅੱਠੇ ਪਹਿਰ ਉਡੀਕ ਰਹਿੰਦੀ ਏ।"

ਉਹ ਉਸ ਦੇ ਹੋਰ ਨੇੜੇ ਆ ਗਈ। ਦੋਹਾਂ ਦੀਆਂ ਇਕ ਦੂਜੇ ਨਾਲ਼ ਅੱਖਾਂ ਮਿਲੀਆਂ ਤਾਂ ਉਹ ਇਕ ਕਦਮ ਇਉਂ ਪਿੱਛੇ ਹਟ ਗਈ ਜਿਵੇਂ ਉਹਦੀ ਹਿੱਕ ਵਿਚ ਕਿਸੇ ਨੇ ਕੁਝ ਚੋਭਿਆ ਹੋਵੇ। ਉਹ ਡਰ ਗਈ ਸੀ। ਓਸੇ ਵੇਲ਼ੇ ਉਹਨੇ ਮਨ ਬਣਾ ਲਿਆ— ਉਹ ਅੱਜ ਹੀ ਚਲਿਆ ਜਾਵੇਗਾ।

ਉਸ ਦੀ ਮਾਂ ਨੇ ਕੜ੍ਹਿਆ ਹੋਇਆ ਦੁੱਧ ਪਾ ਕੇ ਬਾਜਰੇ ਦੇ ਪੂੜੇ ਬਣਾਏ। ਉਹਨੇ ਫੇਰ ਲੈਫਟੀਨੈਂਟ ਦਰੀਓਮੋਵ ਦੀਆਂ ਗੱਲਾਂ ਛੇੜ ਲਈਆਂ। ਇਸ ਵਾਰੀ ਉਹ ਉਸ ਦੀ ਬਹਾਦਰੀ ਦੇ ਕਾਰਨਾਮੇ ਦੱਸਦਾ ਰਿਹਾ। ਉਹ ਖਰਵੀਂ ਅਵਾਜ਼ ਵਿਚ ਬੋਲ ਰਿਹਾ ਸੀ ਤੇ ਕਾਤਿਯਾ ਵੱਲ ਨਹੀਂ ਸੀ ਵੇਖ ਰਿਹਾ, ਮਤੇ ਉਸ ਦੇ ਪਿਆਰੇ ਜਿਹੇ ਚਿਹਰੇ ਵਿਚੋਂ ਉਸ ਨੂੰ ਆਪਣੀ ਕੁਰੂਪਤਾ ਦੀ ਝਲਕ ਆ ਜਾਏ। ਯੇਗੋਰ ਯੇਗੋਰੋਵਿਚ ਜਾਣਾ ਚਾਹੁੰਦਾ ਸੀ ਤਾਂ ਜੋ ਸਾਝੇ ਫਾਰਮ ਤੋਂ ਇਕ ਘੋੜਾ ਲੈ ਆਵੇ, ਪਰ ਲੈਫਟੀਨੈਂਟ ਜਿਵੇਂ ਆਇਆ ਸੀ ਉਵੇਂ ਹੀ ਪੈਦਲ ਸਟੇਸ਼ਨ ਨੂੰ ਚਲਾ ਗਿਆ। ਜੋ ਕੁਝ ਹੋਇਆ ਵਾਪਰਿਆ ਸੀ ਉਸ ਦਾ ਉਹਦੇ ਮਨ ਉੱਤੇ ਏਨਾ ਅਸਰ ਸੀ ਕਿ ਉਹ ਬਾਰ-ਬਾਰ ਖੜਾ ਹੋ ਕੇ ਆਪਣੇ ਚਿਹਰੇ ਉੱਤੇ ਹੱਥ ਫੇਰਦਾ ਰਿਹਾ ਤੇ ਭਰੜਾਈ ਹੋਈ ਅਵਾਜ਼ ਵਿਚ ਆਪਣੇ-ਆਪ ਨੂੰ ਕਹਿੰਦਾ ਰਿਹਾ: "ਹੁਣ ਕੀ ਕਰਾਂਗਾ ਮੈਂ ?"

ਉਹ ਆਪਣੀ ਰੈਜਮੈਂਟ ਵਿਚ ਵਾਪਸ ਆ ਗਿਆ ਜਿਸ ਨੂੰ ਕੁਮਕ ਵਾਸਤੇ ਪਿਛਵਾੜੇ ਲੈ ਆਂਦਾ ਗਿਆ ਸੀ। ਓਥੇ ਉਹਦੇ ਸਾਥੀਆਂ ਨੇ ਉਸ ਦਾ ਇਸ ਤਰ੍ਹਾਂ ਸਵਾਗਤ ਕੀਤਾ ਕਿ ਉਹਦੇ ਮਨ ਦਾ ਸਾਰਾ ਭਾਰ ਲਹਿ ਗਿਆ। ਉਹਨੇ ਆਪਣੇ ਮਨ ਵਿਚ ਸੋਚਿਆ ਕਿ ਉਹਦੀ ਮਾਂ ਨੂੰ ਹਾਲ਼ੇ ਕੁਝ ਚਿਰ ਉਸ ਦੀ ਬਦਨਸੀਬੀ ਦਾ ਪਤਾ ਨਹੀਂ ਲੱਗਣਾ ਚਾਹੀਦਾ। ਤੇ ਜਿਥੋਂ ਤੱਕ ਕਾਤਿਯਾ ਦਾ ਸਵਾਲ ਹੈ—ਇਹ ਕੰਡਾ ਉਹ ਆਪਣੇ ਦਿਲ਼ ਵਿਚੋਂ ਕੱਢ ਦੇਵੇਗਾ।

ਕੋਈ ਦੋ ਹਫਤਿਆਂ ਬਾਅਦ ਉਸ ਨੂੰ ਆਪਣੀ ਮਾਂ ਦੀ ਚਿੱਠੀ ਮਿਲੀ।

"ਮੇਰੇ ਲਾਡਲੇ ਪੁੱਤਰ! ਤੈਨੂੰ ਚਿੱਠੀ ਲਿਖਣ ਤੋਂ ਡਰਦੀ ਹਾਂ ਕਿਉਂਕਿ ਸਮਝ ਨਹੀਂ ਆਉਂਦੀ ਕਿ ਕੀ ਸੋਚਾਂ। ਸਾਡੇ ਘਰ ਇਕ ਬੰਦਾ ਆਇਆ ਸੀ ਜਿਹੜਾ ਕਹਿੰਦਾ ਸੀ ਕਿ ਉਹ ਤੇਰੇ ਕੋਲੋਂ ਆਇਆ ਹੈ। ਬੰਦਾ ਬੜਾ ਚੰਗਾ ਸੀ ਪਰ ਉਹਦਾ ਚਿਹਰਾ ਬੜਾ ਕੁਰੂਪ ਹੋ ਗਿਆ ਹੋਇਆ ਸੀ। ਪਹਿਲਾਂ ਤਾਂ ਉਹ ਕੁਝ ਚਿਰ ਸਾਡੇ ਕੋਲ਼ ਅਟਕਣਾ ਚਾਹੁੰਦਾ ਸੀ ਪਰ ਫੇਰ ਉਸ ਨੇ ਸਲਾਹ ਬਦਲ

ਲਈ ਤੇ ਚਾਣਚੱਕ ਹੀ ਚਲਾ ਗਿਆ। ਤੇ ਓਦੋਂ ਤੋਂ ਹੀ, ਮੇਰੇ ਬੱਚੇ, ਰਾਤ ਨੂੰ ਇਕ ਪਲ਼ ਵੀ ਮੇਰੀ ਅੱਖ ਨਹੀਂ ਲੱਗਦੀ ਕਿਉਂਕਿ ਮੈਨੂੰ ਲੱਗਦਾ ਹੈ ਕਿ ਉਹ ਤੇ ਤੂੰ ਸੀ। ਯੇਗੋਰ ਯੇਗੋਰੋਵਿਚ ਇਸ ਗੱਲੋਂ ਮੈਨੂੰ ਝਿੜਕਦਾ ਹੈ। ਕਹਿੰਦਾ ਹੈ, "ਤੇਰੀ ਮੱਤ ਮਾਰੀ ਗਈ ਏ, ਬੁੱਢੀਏ। ਜੇ ਉਹ ਸਾਡਾ ਪੁੱਤ ਹੁੰਦਾ ਤਾਂ ਉਹ ਸਾਨੂੰ ਦੱਸਦਾ ਕਿਉਂ ਨਾ ? ਜੇ ਉਹ ਹੁੰਦਾ ਤਾਂ ਉਸ ਨੂੰ ਇਹ ਗੱਲ ਲੁਕਾਉਣ ਦੀ ਕੀ ਲੋੜ ਸੀ ? ਜਿਸ ਤਰ੍ਹਾਂ ਦਾ ਚਿਹਰਾ ਸੀ ਉਸ ਦਾ, ਉਹਦੇ ਉੱਤੇ ਤਾਂ ਬੰਦੇ ਨੂੰ ਮਾਣ ਹੋਣਾ ਚਾਹੀਦਾ ਹੈ।" ਯੇਗੋਰ ਯੇਗੋਰੋਵਿਚ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਪਰ ਮੇਰਾ ਮਾਂ ਦਾ ਦਿਲ ਏਹੋ ਕਹਿੰਦਾ ਹੈ: "ਇਹ ਤਾਂ ਉਹ ਸੀ ਜਿਹੜਾ ਸਾਡੇ ਘਰ ਆਇਆ ਸੀ ਓਹੋ ਸੀ। ਉਹ ਬੰਦਾ ਸਾਡੇ ਤੰਦੂਰ ਉੱਤੇ ਸੁੱਤਾ ਹੋਇਆ ਸੀ ਤੇ ਮੈਂ ਉਹਦਾ ਵੱਡਾ ਕੋਟ ਸਾਫ਼ ਕਰਨ ਵਾਸਤੇ ਵਿਹੜੇ ਵਿਚ ਲੈ ਗਈ ਤੇ ਮੈਂ ਉਸ ਨੂੰ ਆਪਣੀ ਹਿੱਕ ਨਾਲ਼ ਲਾਇਆ ਤੇ ਰੋ ਪਈ ਕਿਉਂਕਿ ਮੈਂ ਜਾਣਦੀ ਸਾਂ ਕਿ ਇਹ ਤੂੰ ਸੀ। ਯੇਗੋਰੂਸ਼ਕਾ, ਈਸਾ ਦੇ ਵਾਸਤੇ, ਮੈਨੂੰ ਚਿੱਠੀ ਲਿਖ, ਮੈਨੂੰ ਦੱਸ ਕਿ ਕੀ ਹੋਇਆ ਸੀ। ਜਾਂ ਫੇਰ ਇਹ ਗੱਲ ਹੀ ਸੱਚ ਹੈ ਕਿ ਮੇਰੀ ਮੱਤ ਮਾਰੀ ਗਈ ਹੈ।"

ਯੇਗੋਰ ਦਰੀਓਮੋਵ ਨੇ ਮੈਨੂੰ, ਇਵਾਨ ਸੁਦਾਰੋਵ ਨੂੰ ਇਹ ਚਿੱਠੀ ਵਿਖਾਈ ਅਤੇ ਆਪਣੀ ਇਹ ਕਹਾਣੀ ਸੁਣਾਉਂਦਿਆ ਆਪਣੀ ਕਮੀਜ਼ ਦੀਆਂ ਬਾਹਵਾਂ ਨਾਲ਼ ਆਪਣੀਆਂ ਅੱਖਾਂ ਪੂੰਝੀਆਂ। ਮੈਂ ਉਸ ਨੂੰ ਆਖਿਆ: "ਗੱਲ ਇਹ ਹੈ ਕਿ ਚਰਿੱਤਰ ਟਕਰਾ ਗਏ! ਤੂੰ ਮੂਰਖ ਏਂ, ਮੂਰਖ। ਹੁਣ ਲਿਖ ਚਿੱਠੀ ਮਾਂ ਨੂੰ ਤੇ ਮਾਫ਼ੀ ਮੰਗ ਉਹਦੇ ਕੋਲੋਂ। ਉਹਨੂੰ ਪਾਗ਼ਲ ਨਾ ਕਰ... ਤੇਰੀ ਸ਼ਕਲ ਦੀ ਉਹਨੂੰ ਬਹੁਤ ਲੋੜ ਏ! ਇਸ ਸੂਰਤ ਵਿਚ ਤਾਂ ਉਹ ਤੈਨੂੰ ਹੋਰ ਵੀ ਬਹੁਤਾ ਪਿਆਰ ਕਰੇਗੀ।"

ਉਹਨੇ ਓਸੇ ਦਿਨ ਚਿੱਠੀ ਲਿਖ ਦਿੱਤੀ: "ਮੇਰੀ ਪਿਆਰੀ ਮਾਂ, ਮਾਰੀਆ ਪੋਲੀਕਾਰਪੋਵਨਾ! ਮੇਰੇ ਪਿਆਰੇ ਪਿਤਾ, ਯੇਗੋਰ ਯੇਗੋਰੋਵਿਚ! ਮੈਨੂੰ ਮੇਰੀ ਬੇਅਕਲੀ ਦੀ ਮਾਫ਼ੀ ਦੇ ਦਿਓ। ਅਸਲ ਵਿਚ ਤੁਹਾਡੇ ਕੋਲ਼ ਮੈਂ ਹੀ ਆਇਆ ਸਾਂ, ਤੁਹਾਡਾ ਪੁੱਤਰ..." ਆਦਿ ਆਦਿ। ਤੇ ਉਸ ਨੇ ਬਰੀਕ ਲਿਖਾਈ ਨਾਲ਼ ਚਾਰ ਸਫ਼ੇ ਭਰ ਦਿੱਤੇ। ਜੇ ਉਹਦੇ ਕੋਲ਼ ਵਿਹਲ ਹੁੰਦੀ ਤਾਂ ਉਸ ਨੇ ਵੀਹ ਸਫ਼ੇ ਲਿਖ ਦਿੱਤੇ ਹੁੰਦੇ।

ਕੁਝ ਹਫ਼ਤਿਆਂ ਬਾਦ ਅਸੀਂ ਮਸ਼ਕਾਂ ਕਰ ਰਹੇ ਸਾਂ ਕਿ ਇਕ ਸੈਨਿਕ ਭੱਜਾ-ਭੱਜਾ ਆਇਆ ਤੇ ਯੇਗੋਰ ਦਰੀਓਮੋਵ ਨੂੰ ਕਹਿਣ ਲੱਗਾ "ਕੋਈ ਤੁਹਾਨੂੰ ਮਿਲਣ ਆਇਐ, ਕਾਮਰੇਡ ਕਪਤਾਨ।" ਭਾਵੇਂ ਉਹ ਤਣ ਕੇ ਸਾਵਧਾਨ ਖੜਾ ਸੀ ਤਾਂ ਵੀ ਸੈਨਿਕ ਇਉਂ ਵੇਖ ਰਿਹਾ ਸੀ ਜਿਵੇਂ ਹੁਣੇ ਕੋਈ ਉਸ ਨੂੰ ਕੁਝ ਪੀਣ ਵਾਸਤੇ ਦੇਵੇਗਾ। ਅਸੀਂ ਉਸ ਝੁੱਗੀ ਵੱਲ਼ ਤੁਰ ਪਏ ਜਿੱਥੇ ਮੈਂ ਤੇ ਦਰੀਓਮੋਵ ਰਹਿੰਦੇ ਸਾਂ। ਮੈਂ ਵੇਖ ਰਿਹਾ ਸਾਂ ਕਿ ਉਹ ਕੁਝ ਬੇਚੈਨ ਜਿਹਾ ਸੀ—ਖੰਘ ਰਿਹਾ ਸੀ ਤੇ ਗਲ਼ਾ ਸਾਫ਼ ਕਰ ਰਿਹਾ ਸੀ। ਮੈਂ ਸੋਚਿਆ, "ਹੋ ਸਕਦਾ ਹੈ ਟੈਂਕ ਸੈਨਿਕ ਹੋਵੇ, ਪਰ ਉਹ ਘਬਰਾਇਆ ਹੋਇਆ ਸੀ।" ਉਹ ਮੇਰੇ ਅੱਗੇ ਅੱਗੇ ਝੁੱਗੀ ਵਿਚ ਦਾਖ਼ਲ ਹੋਇਆ ਹੈ ਤੇ ਮੈਨੂੰ ਉਹਦੀ ਅਵਾਜ਼ ਆਈ:

"ਸਲਾਮ ਆਖਦਾਂ, ਮਾਂ, ਮੈਂ ਆਂ!" ਤੇ ਮੈਂ ਵੇਖਿਆ, ਇਕ ਮਧਰੀ ਜਿਹੀ ਬੁੱਢੀ ਔਰਤ ਉਹਦੀ ਛਾਤੀ ਨਾਲ਼ ਚੰਬੜੀ ਹੋਈ ਸੀ। ਚੁਫੇਰੇ ਨਜ਼ਰ ਮਾਰੀ ਤਾਂ ਵੇਖਿਆ ਕਿ ਕਮਰੇ ਵਿਚ ਇਕ ਹੋਰ ਔਰਤ ਵੀ ਸੀ। ਕੋਈ ਹੋਰ ਵੀ ਖ਼ੂਬਸੂਰਤ ਔਰਤ ਹੋਵੇਗੀ, ਸਿਰਫ ਉਹ ਇਕੱਲੀ ਹੀ ਸੁਹਣੀ

ਨਹੀਂ, ਪਰ ਇਹ ਪੱਕੀ ਗੱਲ਼ ਹੈ ਕਿ ਮੈਂ ਕਦੇ ਉਹਦੇ ਵਰਗੀ ਸੋਹਣੀ ਔਰਤ ਨਹੀਂ ਵੇਖੀ।

ਉਹ ਆਪਣੀ ਮਾਂ ਦੇ ਕਲਾਵੇ ਵਿਚੋਂ ਨਿਕਲਿਆ ਤੇ ਉਸ ਕੁੜੀ ਵੱਲ਼ ਵਧਿਆ। ਜਿਵੇਂ ਮੈਂ ਪਹਿਲਾਂ ਆਖਿਆ ਸੀ, ਆਪਣੇ ਗੱਠਵੇਂ ਪੀਢੇ ਸਰੀਰ ਤੋਂ ਉਹ ਲੜਾਈ ਦਾ ਦੇਵਤਾ ਲੱਗਦਾ ਸੀ। "ਕਾਤਿਯਾ!" ਉਹਨੇ ਆਖਿਆ। "ਕਾਤਿਯਾ, ਤੁਸੀਂ ਕਿਉਂ ਆਏ ਹੋ ? ਤੁਸੀਂ ਕਿਸੇ ਦੂਜੇ ਨਾਲ਼ ਉਡੀਕਣ ਦਾ ਕੌਲ਼ ਕੀਤਾ ਸੀ, ਇਸ ਨਾਲ ਨਹੀਂ..."

ਤੇ ਮੈਂ ਅਜੇ ਬਾਹਰ ਡਿਉੜੀ ਵਿਚ ਨਹੀਂ ਸੀ ਪੁੱਜਾ ਕਿ ਮੈਂ ਸੁਣਿਆ, ਖ਼ੂਬਸੂਰਤ ਕਾਤਿਯਾ ਨੇ ਉਸ ਨੂੰ ਜਵਾਬ ਦਿੱਤਾ: "ਯੇਗੋਰ, ਮੈਂ ਤੁਹਾਡੇ ਨਾਲ਼ ਉਮਰ ਗੁਜ਼ਾਰਾਂਗੀ। ਮੈਂ ਤੁਹਾਨੂੰ ਸੱਚੇ ਦਿਲੋਂ ਪਿਆਰ ਕਰਾਂਗੀ, ਬੇਹੱਦ ਪਿਆਰ ਕਰਾਂਗੀ... ਮੈਨੂੰ ਆਪਣੇ ਤੋਂ ਦੂਰ ਨਾ ਕਰੋ..."

ਹਾਂ, ਇਹ ਸਭ ਰੂਸੀ ਚਰਿੱਤਰ ਦੇ ਨਮੂਨੇ ਹਨ! ਹੋ ਸਕਦਾ ਹੈ ਕੋਈ ਆਦਮੀ ਬਿਲਕੁਲ ਮਾਮੂਲੀ ਜਿਹਾ ਹੋਵੇ, ਪਰ ਜਦੋਂ ਮੁਸੀਬਤ ਆਉਂਦੀ ਹੈ ਤਾਂ ਉਹਦੇ ਅੰਦਰ ਇਕ ਬਲਵਾਨ ਸ਼ਕਤੀ ਜਾਗ ਪੈਂਦੀ ਹੈ — ਮਨੁੱਖੀ ਆਤਮਾ ਦਾ ਸੁਹੱਪਣ।

•••

ਗਰੀਗੋਰੀ ਬਾਕਲਾਨੋਵ

ਗਰੀਗੋਰੀ ਬਾਕਲਾਨੋਵ (ਜਨਮ 1923) ਉਹਨਾਂ ਸੋਵੀਅਤ ਲਿਖਾਰੀਆਂ ਵਿਚੋਂ ਹੈ ਜਿਨ੍ਹਾਂ ਨੇ ਸਕੂਲ ਦੀ ਪੜ੍ਹਾਈ ਛੱਡ ਕੇ ਮਹਾਨ ਦੇਸ਼ਭਗਤਕ ਜੰਗ ਦੀਆਂ ਖੰਦਕਾਂ ਵਿਚ ਪ੍ਵੇਸ਼ ਕੀਤਾ ਸੀ। ਬਾਕਲਾਨੋਵ ਰਾਈਫਲ ਪਲਟਣ, ਤੋਪਚੀ ਰੈਜੀਮੈਂਟ ਤੇ ਛਾਪਾਮਾਰ ਦਸਤੇ ਦੀਆਂ ਸਫ਼ਾਂ ਵਿਚ ਜੰਗ ਦੇ ਬਿਖੜੇ ਰਾਹਾਂ ਥਾਣੀ ਲੰਘਿਆ। ਜੰਗ ਮਗਰੋਂ ਵਿੱਦਿਆ ਪ੍ਰਾਪਤ ਕੀਤੀ ਤੇ ਸਾਹਿਤ ਰਚਣ ਲੱਗ ਪਿਆ। ਹੁਣ ਤੱਕ ਉਹ ਪੰਜ ਨਾਵਲ ਤੇ ਕੁਝ ਕਹਾਣੀ ਸੰਗ੍ਰਹਿ ਲਿਖ ਚੁੱਕਾ ਹੈ। ਬਾਕਲਾਨੋਵ ਨੂੰ ਸੋਵੀਅਤ ਯੂਨੀਅਨ ਦਾ ਰਾਜਕੀ ਪੁਰਸਕਾਰ ਮਿਲਿਆ ਹੋਇਆ ਹੈ। ਲੇਖਕ ਦੀਆਂ ਰਚਨਾਵਾਂ ਦਾ ਮੁੱਖ ਵਿਸ਼ਾ–ਫਾਸਿਸ਼ਟ ਕਾਬਜ਼ਾਂ ਵਿਰੁੱਧ ਸੋਵੀਅਤ ਜਨਤਾ ਦੀ ਮਹਾਨ ਦੇਸ਼ਭਗਤਕ ਜੰਗ ਹੈ।

ਜੰਗ ਦੀ ਕੀਮਤ

ਮਈ ਦਾ ਮਹੀਨਾ ਸੀ। ਲੜਾਈ ਖ਼ਤਮ ਹੋਈ ਨੂੰ ਛੇ ਦਿਨ ਹੋ ਗਏ ਸਨ, ਅਤੇ ਅਸੀਂ ਸਾਰੇ ਇਕ ਜਰਮਨ ਪਿੰਡ ਵਿਚ ਤਾਇਨਾਤ ਸੀ। ਅਸੀਂ ਪੰਜ ਜਣੇ ਸੀ, ਚਾਰ ਜਾਸੂਸ ਤੇ ਮੈਂ ਉਹਨਾਂ ਦੇ ਉੱਪਰ ਇਕ ਅਫ਼ਸਰ। ਇਹ ਪਿੰਡ ਸਾਡੇ ਪਿੰਡਾਂ ਨਾਲ਼ ਬਿਲਕੁਲ ਹੀ ਨਹੀਂ ਸੀ ਮਿਲਦਾ। ਬਾਰਾਂ ਪੱਕੇ ਮਜ਼ਬੂਤ ਮਕਾਨ ਸਨ ਅਤੇ ਹਰ ਮਕਾਨ ਦੇ ਹੇਠਾਂ ਸਾਫ਼-ਸੁਥਰਾ ਭੋਰਾ ਸੀ ਜਿਸ ਵਿਚ ਰੇਤ ਖਿਲਾਰੀ ਹੋਈ ਸੀ ਤੇ ਸਾਈਡਰ ਵਾਈਨ ਦੇ ਡਰੰਮ ਰੱਖੇ ਹੋਏ ਸਨ। ਹਰ ਵਿਹੜੇ ਵਿਚ ਮੁਰਗੀਆਂ ਤੇ ਗੁਲਾਬੀ ਸੂਰ ਸਨ, ਹਰ ਤਬੇਲੇ ਵਿਚ ਹਾਲੈਂਡੀ ਗਊਆਂ ਸਨ ਜਿਹੜੀਆਂ ਡੂੰਘੇ-ਡੂੰਘੇ ਸਾਹ ਲੈਂਦੀਆਂ ਰਹਿੰਦੀਆਂ ਅਤੇ ਮਕਾਨ ਦੇ ਪਿਛਵਾੜੇ ਬਹੁਤ ਚੰਗੀ ਤਰ੍ਹਾਂ ਵਾਹੇ ਬੀਜੇ ਅਨਾਜ ਦੇ ਖੇਤ ਸਨ। ਇਹਨਾਂ ਸਭਨਾਂ ਉੱਤੇ — ਛੋਟੇ ਛੋਟੇ ਖੇਤਾਂ, ਲਾਲ਼ ਟੈਲਾਂ ਵਾਲ਼ੀਆਂ ਛੱਤਾਂ, ਗੁਲਾਬੀ ਸੂਰਾਂ, ਤੇ ਕਿਸਾਨਾਂ ਉੱਤੇ ਜਿਹੜੇ ਰੋਜ਼ ਸਵੇਰੇ ਖੁਸ਼-ਖੁਸ਼ ਸਿਰ ਝੁਕਾ ਕੇ ਸਾਨੂੰ ਆਦਾਬ ਕਰਦੇ — ਬਸੰਤ ਰੁੱਤ ਦਾ ਸ਼ਾਂਤ ਸੂਰਜ ਆਪਣੀਆਂ ਕਿਰਨਾਂ ਸੁੱਟਦਾ। ਉਹਨਾਂ ਨੇ ਇਕਦਮ, ਬਿਨਾਂ ਕਿਸੇ ਮਾਨਸਿਕ ਪ੍ਰੇਸ਼ਾਨੀ ਦੇ, ਅਮਨ ਸਵੀਕਾਰ ਕਰ ਲਿਆ ਸੀ ਜਿਵੇਂ ਇਹਦੇ ਵਾਸਤੇ ਸਿਰਫ਼ ਇਕੋ ਗੱਲ ਦੀ ਲੋੜ ਸੀ—ਆਪਣੇ ਬੂਟ ਲਾਹ ਦੇਣੇ ਤੇ ਛੇ ਸਾਲ ਪਹਿਲਾਂ ਇਹ ਫ਼ੌਜੀ ਬੂਟ ਪਾਉਣ ਲਈ ਲਾਹ ਦਿੱਤੀ ਘਰ ਦੀ ਜੁੱਤੀ ਪਾ ਲੈਣੀ। ਲੜਾਈ ਬਾਰੇ ਗੱਲਬਾਤ ਕਰਨਾ ਉਹਨਾਂ ਨੂੰ ਚੰਗਾ ਨਹੀਂ ਸੀ ਲੱਗਦਾ। ਉਹ ਸਿਰਫ਼ ਉਦਾਸ ਜਿਹੇ ਆਪਣਾ ਸਿਰ ਮਾਰ ਦੇਂਦੇ ਅਤੇ ਹਿਟਲਰ ਦਾ ਨਾਂ ਲੈ ਕੇ ਬੁੜ-ਬੁੜ ਕਰਦੇ: ਸਾਰਾ ਓਸੇ ਦਾ ਕਸੂਰ ਹੈ, ਦੇਵੋ ਜਵਾਬ ਸਭ ਕੁਝ ਦਾ। ਤੇ ਅਸੀਂ, ਅਸੀਂ ਆਪਣੇ ਲੰਮੇ ਬੂਟ ਲਾਹ ਦਿੱਤੇ ਹਨ।

ਅਮਨ ਹੋ ਜਾਣ ਦੇ ਦੂਜੇ ਦਿਨ, ਪਿੰਡ ਦੇ ਬਾਹਰ ਖੇਤਾਂ ਵਿਚ ਲੁਕਿਆ ਇਕ ਜਰਮਨ ਕਾਰਪੋਰਲ ਸਾਡੇ ਕਾਬੂ ਆ ਗਿਆ। ਉੱਚਾ-ਲੰਮਾ ਆਦਮੀ, ਮਖ਼ਮਲ ਦੇ ਕਾਲਰ ਵਾਲ਼ੀ ਚਮਕਦਾਰ ਕਾਲ਼ੀ ਬਰਸਾਤੀ ਪਾਈ ਹੋਈ ਜਿਸ ਤਰ੍ਹਾਂ ਦੀ ਜਰਮਨ ਅਫ਼ਸਰ ਪਾਉਂਦੇ ਸਨ ਅਤੇ ਇਹ ਪਹਿਲੀ ਵਾਰ ਸੀ ਕਿ ਸਾਨੂੰ ਇਹ ਸਮਝ ਨਹੀਂ ਸੀ ਆਉਂਦੀ ਕਿ ਇਸ ਜਰਮਨ ਦਾ ਕੀ ਕਰੀਏ। ਜਦੋਂ ਮੈਂ ਉਹਦੇ ਤਿੱਖੇ ਮੋਢਿਆਂ ਵੱਲ ਵੇਖਿਆ ਜਿਹੜੇ ਚਮਕਦੀ ਬਰਸਾਤੀ ਹੇਠੋਂ ਬਾਹਰ ਨੂੰ ਉੱਭਰੇ ਹੋਏ ਸਨ, ਤਾਂ ਮੈਂ ਅਚਾਨਕ ਮਹਿਸੂਸ ਕੀਤਾ ਕਿਵੇਂ ਸਾਰੀਆਂ ਮਨੁੱਖੀ ਕਦਰਾਂ ਕੀਮਤਾਂ ਤੁਲਨਾਤਮਕ ਹੁੰਦੀਆਂ ਹਨ। ਦੋ ਦਿਨ ਪਹਿਲਾਂ ਉਹਨੇ ਸਾਡਾ ਦੁਸ਼ਮਣ ਹੋਣਾ ਸੀ। ਤੇ ਹੁਣ ਨਾ ਉਹ ਦੁਸ਼ਮਣ ਸੀ ਨਾ ਜੰਗੀ ਕੈਦੀ, ਪਰ ਤਾਂ ਵੀ ਉਸ ਨੂੰ ਛੱਡ ਦੇਣਾ ਅਜੀਬ ਲੱਗਦਾ ਸੀ।

ਜੁਲਾਈ ਉੱਨੀ ਸੌ ਇਕਤਾਲੀ ਦਾ ਇਕ ਦਿਨ ਯਾਦ ਆ ਗਿਆ। ਅਸੀਂ ਪਿੱਛੇ ਹਟ ਰਹੇ

ਸਾਂ ਤੇ ਬਹੁਤ ਸਾਰਾ ਜਾਨੀ ਨੁਕਸਾਨ ਹੋ ਚੁੱਕਾ ਸੀ ਕਿ ਅਸੀਂ ਇਕ ਜਰਮਨ ਨੂੰ ਕੈਦੀ ਬਣਾ ਲਿਆ। ਜਿਸ ਵੇਲ਼ੇ ਅਸੀਂ ਉਹਦੇ ਅੱਟਣਾਂ ਵਾਲੇ ਵੱਡੇ-ਵੱਡੇ ਹੱਥ ਵੇਖੇ ਜੋ ਇਕ ਕਾਮੇ ਦੇ ਹੱਥ ਸਨ, ਤਾਂ ਅਸੀਂ ਉਹਦੀ ਪਿੱਠ ਉੱਤੇ ਥਾਪੀ ਦਿੱਤੀ। ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਨ ਲੱਗੇ ਕਿ ਸਾਨੂੰ ਇਹਦੇ ਨਾਲ਼ ਇਸ ਵਾਸਤੇ ਹਮਦਰਦੀ ਹੋਈ ਹੈ ਕਿ ਇਹ ਮਜ਼ਦੂਰ ਹੈ ਤੇ ਹਿਟਲਰ ਨੇ ਇਹਦੇ ਨਾਲ਼ ਕੀ ਕੀਤਾ ਸੀ ਕਿ ਇਸ ਨੇ ਸਾਡੇ ਖਿਲਾਫ਼ ਹਥਿਆਰ ਚੁੱਕ ਲਏ। ਅਸੀਂ ਉਸ ਨੂੰ ਆਪਣੇ ਪਤੀਲੇ ਵਿਚੋਂ ਹੀ ਖਾ ਲੈਣ ਦਿੱਤਾ। ਇਹ ਲੜਾਈ ਦੇ ਸ਼ੁਰੂ ਦੀ ਗੱਲ ਸੀ। ਹੁਣ ਲੜਾਈ ਖ਼ਤਮ ਹੋ ਚੁੱਕੀ ਸੀ ਅਤੇ ਸਾਡੇ ਸਾਮ੍ਹਣੇ ਇਕ ਜਰਮਨ ਕਾਰਪੋਰਲ ਖੜਾ ਸੀ ਜਿਹੜਾ ਸਾਨੂੰ ਕਣਕ ਦੇ ਖੇਤ ਵਿਚ ਲੇਲ੍ਹੜੀਆਂ ਕੱਢਦਾ ਮਿਲਿਆ ਸੀ ਤੇ ਸਾਡੇ ਵਿਚੋਂ ਕਿਸੇ ਦਾ ਵੀ ਉਸ ਦੀ ਪਿੱਠ ਥਾਪੜਨ ਤੇ ਉਹਨੂੰ ਹੌਂਸਲਾ ਦੇਣ ਵਾਸਤੇ ਕੁਝ ਆਖਣ ਦਾ ਜੀਅ ਨਹੀਂ ਸੀ ਕਰਦਾ। ਅਸੀਂ ਹੁਣ ਇਕ ਦੂਜੇ ਨੂੰ ਉਹ ਕੁਝ ਨਹੀਂ ਆਖ ਸਕੇ ਜੋ ਸ਼ਾਇਦ, ਬੀਤੀਆਂ ਜੰਗਾਂ ਦੇ ਖ਼ਤਮ ਹੋਣ ਉੱਤੇ ਫ਼ੌਜੀ ਇਕ ਦੂਜੇ ਨੂੰ ਆਖਦੇ ਸਨ: "ਤੂੰ ਵੀ ਫ਼ੌਜੀ ਏਂ, ਮੈਂ ਵੀ ਫ਼ੌਜੀ ਆਂ, ਤੇ ਕਸੂਰਵਾਰ ਅਸੀਂ ਨਹੀਂ, ਉਹ ਨੇ ਜਿਨ੍ਹਾਂ ਨੇ ਸਾਨੂੰ ਇਕ ਦੂਜੇ ਉੱਤੇ ਗੋਲ਼ੀ ਚਲਾਉਣ ਲਈ ਮਜ਼ਬੂਰ ਕੀਤਾ। ਦੇਣ ਹੁਣ ਇਸ ਸਭ ਕੁਝ ਦਾ ਜਵਾਬ।" ਸਾਡੇ ਵਿਚਾਲੇ ਕੋਈ ਹੋਰ ਚੀਜ਼ ਸੀ। ਇਸ ਲੜਾਈ ਤੋਂ ਬਾਅਦ ਹਰ ਇਕ ਬੰਦੇ ਦਾ ਕਸੂਰ ਤੇ ਉਹਦੀ ਜਿੰਮੇਵਾਰੀ ਮਾਪਣ ਦੇ ਮਿਆਰ ਵੱਖਰੇ ਸਨ।

ਪਰ ਜਾਪਦਾ ਸੀ ਕਿ ਇਸ ਪਿੰਡ ਦੇ ਲੋਕ ਤੇ ਉਸ ਘਰ ਦੇ ਮਾਲਕ, ਜਿਸ ਵਿਚ ਅਸੀਂ ਡੇਰਾ ਲਾਇਆ ਹੋਇਆ ਸੀ, ਇਹ ਗੱਲ ਮਹਿਸੂਸ ਨਹੀਂ ਕਰਦੇ ਸਨ। ਰੋਜ਼ ਸਵੇਰੇ ਜਦੋਂ ਮੈਂ ਆਪਣੀ ਪੇਟੀ ਤੇ ਪਿਸਤੌਲ ਨੂੰ ਲੱਕੜ ਦੇ ਮੰਜੇ ਨਾਲ਼ ਲਟਕਾ ਕੇ, ਨਾਸ਼ਤਾ ਕਰਨ ਲੱਗਦਾ ਤਾਂ ਫਾਰਮ ਦਾ ਮਾਲਕ ਆਪਣੇ ਦੰਦਾਂ ਵਿਚ ਆਪਣਾ ਪਾਈਪ ਅੜਾਈ "Herr Ofizier" ਨੂੰ ਸਲਾਮ ਆਖਣ ਆ ਜਾਂਦਾ। ਸ਼ੁਰੂ ਵਿਚ ਉਹ ਸਿਰਫ ਬਰੂਹਾਂ ਤੱਕ ਆਇਆ, ਪਰ ਇਕ ਦੋ ਦਿਨਾਂ ਵਿਚ ਹੀ ਉਹ ਮੇਜ਼ ਦੇ ਕੋਲ ਕੁਰਸੀ ਉੱਤੇ ਬਹਿਣ ਲੱਗ ਪਿਆ। ਉਹ ਬਾਰੀ ਦੇ ਕੋਲ਼ ਚੜ੍ਹਦੇ ਸੂਰਜ ਦੀਆਂ ਤਿਰਛੀਆਂ ਕਿਰਨਾਂ ਵਿਚ ਆ ਬਹਿੰਦਾ, ਲੱਤ ਉੱਤੇ ਲੱਤ ਰੱਖ ਲੈਂਦਾ, ਤੇ ਪਾਈਪ ਵਿਚੋਂ ਸੂਟੇ ਭਰਦਾ ਜਾਂਦਾ ਜਿਸ ਦੇ ਧਾਤ ਦੇ ਢੱਕਣ ਉੱਤੇ ਨਿਕੋਟੀਨ ਦੇ ਕਾਲ਼ੇ ਦਾਗ਼ ਪੈ ਗਏ ਸਨ। ਜਾਪਦਾ ਸੀ ਜਿਵੇਂ ਉਹਨੂੰ "Herr Ofizier" ਨੂੰ ਨਾਸ਼ਤਾ ਕਰਦਿਆਂ ਵੇਖ ਕੇ ਬੜਾ ਮਜ਼ਾ ਆਉਂਦਾ ਸੀ। ਉਹ ਆਪ ਵੀ ਕਦੇ ਜਵਾਨ ਹੁੰਦਾ ਸੀ ਤੇ ਉਹਨੂੰ ਪਤਾ ਸੀ ਕਿ ਜਵਾਨ ਆਦਮੀ ਨੂੰ ਸਵੇਰ ਵੇਲ਼ੇ ਚੰਗਾ ਚੋਖਾ ਖਾਣ-ਪੀਣ ਦੀ ਲੋੜ ਹੁੰਦੀ ਹੈ। ਉਹਦੀਆਂ ਅੱਖਾਂ ਵਿਚ ਖੁਸ਼ੀ ਤੇ ਖੇੜੇ ਦੀ ਚਮਕ ਹੁੰਦੀ। ਬਾਹਰ ਵਿਹੜੇ ਵਿਚ ਉਹਦੀ ਬੀਵੀ ਦੇ ਛੋਹਲੇ-ਛੋਹਲੇ ਕਦਮਾਂ ਦੀ ਅਤੇ ਕਲ਼ੀ ਕੀਤੀਆਂ ਦੁੱਧ ਵਾਲ਼ੀਆਂ ਬਾਲਟੀਆਂ ਦੇ ਟੁਣਕਣ ਦੀ ਅਵਾਜ਼ ਸਾਡੇ ਕੰਨੀਂ ਪੈਂਦੀ ਰਹਿੰਦੀ। ਅਠਾਰਾਂ ਵਰ੍ਹਿਆਂ ਦੀ ਉਮਰ ਵਿਚ ਉਸ ਨੇ ਇਕ ਪੁੱਤਰ ਨੂੰ ਜਨਮ ਦਿੱਤਾ ਸੀ ਅਤੇ ਹੁਣ, ਬੱਤੀ ਸਾਲ ਦੀ ਉਮਰ ਵਿਚ, ਕਿਸੇ ਨੂੰ ਵਿਸ਼ਵਾਸ ਨਹੀਂ ਸੀ ਆਉਂਦਾ ਕਿ ਉਹ ਉਸ ਉੱਚੇ ਲੰਮੇ ਤੇ ਛੀਟਕੇ ਜਿਹੇ ਮੁੰਡੇ ਦੀ ਮਾਂ ਹੋ ਸਕਦੀ ਹੈ ਜਿਹੜਾ ਆਪਣੇ ਪਿਓ ਨਾਲ਼ੋਂ ਵੀ ਚੱਪਾ ਉੱਚਾ ਸੀ। ਕਈ ਵਾਰੀ ਸਾਨੂੰ ਇਸ ਤਰ੍ਹਾਂ ਜਾਪਦਾ ਕਿ ਉਹ ਇਸ ਆਦਮੀ ਦੀ ਕਿਸੇ

ਦੂਸਰੀ ਬੀਵੀ ਦੇ ਪੇਟੋਂ ਹੈ।

ਪਹਿਲੇ ਦਿਨ ਹੀ ਕਿਸਾਨ ਨੇ ਮੈਨੂੰ ਆਖਿਆ ਕਿ ਉਹਨੂੰ ਤੇ ਉਹਦੀ ਬੀਵੀ ਨੂੰ ਰਾਤ ਵੇਲ਼ੇ ਨਾਲ਼ ਦੇ ਪਿੰਡ ਆਪਣੇ ਰਿਸ਼ਤੇਦਾਰਾਂ ਕੋਲ਼ ਚਲੇ ਜਾਣ ਦੀ ਇਜਾਜ਼ਤ ਦੇ ਦਿੱਤੀ ਜਾਵੇ। ਉਸ ਨੇ ਆਖਿਆ ਕਿ ਉਹਦੀ ਬੀਵੀ ਹਾਲੇ ਜਵਾਨ ਹੈ ਤੇ ਆਸ-ਪਾਸ ਫੌਜੀ ਹਨ... ਇਹ ਕਿ ਮੈਨੂੰ ਕੋਈ ਸ਼ੱਕ ਸੁਬ੍ਹਾ ਹੋ ਸਕਦਾ ਹੈ ਇਸ ਨੂੰ ਦੂਰ ਕਰਨ ਲਈ ਉਸ ਨੇ ਇਕਰਾਰ ਕੀਤਾ ਕਿ ਉਹਦਾ ਪੁੱਤਰ ਸਾਡੇ ਕੋਲ਼ ਹੀ ਰਿਹਾ ਕਰੇਗਾ। ਕਿਉਂਕਿ ਉਸ ਨੇ ਆਪਣੇ ਘਰ ਦਾ ਸਾਰਾ ਸਾਜ਼-ਸਾਮਾਨ, ਮਾਲ਼ ਡੰਗਰ ਵਗੈਰਾ ਵੀ ਛੱਡ ਕੇ ਜਾਣਾ ਹੁੰਦਾ ਸੀ ਇਸ ਲਈ ਮੈਨੂੰ ਕੋਈ ਸ਼ੱਕ-ਸ਼ੁਬ੍ਹਾ ਕਿਵੇਂ ਹੋ ਸਕਦਾ ਸੀ ਜਿਸ ਲਈ ਮੁੰਡੇ ਨੂੰ ਰਾਤ ਵੇਲ਼ੇ ਪਿੱਛੇ ਰਹਿਣ ਦੀ ਲੋੜ ਹੋਵੇ।

ਕਿਸਾਨ ਤੇ ਉਹਦੀ ਬੀਵੀ ਆਮ ਕਰਕੇ ਸੂਰਜ ਡੁੱਬਦੇ ਨਾਲ਼ ਚਲੇ ਜਾਂਦੇ ਸਨ, ਅਤੇ ਉਹਨਾਂ ਦੇ ਚਲ਼ੇ ਜਾਣ ਤੋਂ ਢੇਰ ਚਿਰ ਮਗਰੋਂ ਤੱਕ ਤਬੇਲਿਆਂ ਤੇ ਢਾਰਿਆਂ ਵਿਚ ਮੁੰਡੇ ਦੀਆਂ ਕੁੰਜੀਆਂ ਛਣ-ਛਣ ਕਰਦੀਆਂ ਸੁਣਦੀਆਂ ਰਹਿੰਦੀਆਂ ਸਨ। ਅਸੀਂ ਉਹਦੇ ਵੱਲ ਕੋਈ ਧਿਆਨ ਨਹੀਂ ਸੀ ਦੇਂਦੇ। ਮੇਰੇ ਮਾਤਹਿਤ ਜਾਸੂਸ ਵਿਹੜੇ ਵਿਚ ਬੈਠੇ ਸੂਰਜ ਡੁੱਬਦਾ ਵੇਖਦੇ ਰਹਿੰਦੇ ਤੇ ਦੋ ਟੋਲ਼ੀਆਂ ਬਣਾ ਕੇ ਉਸ ਕਜ਼ਾਕ ਬਾਰੇ ਗੀਤ ਗਾਉਂਦੇ ਜਿਹੜਾ ਲਾਮ ਨੂੰ ਗਿਆ ਸੀ ਅਤੇ ਇਹ ਗੀਤ ਜਿਹੜਾ ਅਸੀਂ ਸੈਂਕੜੇ ਵਾਰ ਸੁਣਿਆਂ ਹੋਇਆ ਸੀ, ਏਥੇ ਜਰਮਨੀ ਬੈਠਿਆਂ ਸਿੱਧਾ ਸਾਡੇ ਦਿਲਾਂ ਵਿਚ ਉੱਤਰ ਜਾਂਦਾ।

ਵੱਡੇ ਤੜਕੇ ਹੀ, ਜਦੋਂ ਹਾਲੇ ਪਾਲ਼ਾ ਹੁੰਦਾ, ਉਹ ਮੀਆਂ ਬੀਵੀ ਵਾਪਸ ਆ ਜਾਂਦੇ। ਉਹ "Herr Ofizier" ਨੂੰ ਸ਼ੁਭ-ਪ੍ਰਭਾਤ ਕਹਿਣ ਆਉਂਦਾ ਤੇ ਉਹਦੀ ਬੀਵੀ ਆਉਂਦੀ ਹੀ ਵਿਹੜੇ ਵਿਚ ਆਪਣੇ ਕੰਮ ਕਾਰ ਵਿਚ ਰੁੱਝ ਜਾਂਦੀ, ਆਪਣੇ ਗੁਦਗੁਦੇ, ਫੁਰਤੀਲੇ ਤੇ ਸੁਚੱਜੇ ਹੱਥਾਂ ਨਾਲ ਸੂਰਾਂ ਵਾਸਤੇ ਚਾਰਾ ਤਿਆਰ ਕਰਦੀ। ਜਦੋਂ ਉਹ ਤਬੇਲੇ ਤੋਂ ਘਰ ਤੇ ਘਰ ਤੋਂ ਤਬੇਲੇ ਭੱਜੀ-ਭੱਜੀ ਆਉਂਦੀ-ਜਾਂਦੀ ਅਤੇ ਆਪਣੇ ਪਿੱਛੇ-ਪਿੱਛੇ ਖੁਰਲੀ, ਕੋਸੇ-ਕੋਸੇ ਦੁੱਧ ਤੇ ਮੁੜ੍ਹਕੇ ਦੀਆਂ ਮਹਿਕਾਂ ਖਿਲਾਰ ਜਾਂਦੀ ਓਦੋਂ ਮੇਰੇ ਵਿਹਲੜ ਮਾਤਹਿਤ ਧੁੱਪੇ ਬੈਠੇ ਸੁਸਤਾ ਰਹੇ ਹੁੰਦੇ। ਉਹ ਮੁੰਡਿਆਂ ਉੱਤੇ ਤਿੱਖੀਆਂ ਨਜ਼ਰਾਂ ਸੁੱਟਦੀ ਤੇ ਉਹਨਾਂ ਦੇ ਅੱਗੋਂ ਦੀ ਦੌੜਦੀ ਲੰਘਦੀ ਆਪਣੀ ਘੱਗਰੀ ਨੂੰ ਉਹਨਾਂ ਦੇ ਗੋਡਿਆਂ ਨਾਲ਼ ਛੁਹਾ ਜਾਣ ਦੀ ਕੋਸ਼ਿਸ਼ ਕਰਦੀ। ਤੇ ਜਦੋਂ ਉਹ ਆਪਣੀਆਂ ਢਾਕਾਂ ਉੱਤੇ ਹੱਥ ਰੱਖੀ, ਨੰਗੀਆਂ ਲੱਤਾਂ ਚੌੜੀਆਂ ਕਰ ਕੇ, ਜਿਹੜੀਆਂ ਖੁਰਲੀਆਂ ਦੁਆਲੇ ਤੁਰੇ ਫਿਰਦੇ ਤੇ ਘੀਂ ਘੀਂ ਕਰਦੇ ਸੂਰਾਂ ਸਦਕਾ ਅੱਧੀਆਂ ਲੁਕੀਆਂ ਹੁੰਦੀਆਂ, ਸੂਰਵਾੜੇ ਦੀਆਂ ਬਰੂਹਾਂ ਵਿਚ ਖਲੋਤੀ ਹੁੰਦੀ ਤਾਂ ਆਪਣੇ ਮੋਟੇ-ਮੋਟੇ ਪੱਟਾਂ, ਮਜ਼ਬੂਤ ਗੁਲਾਈਆਂ ਅਤੇ ਰੱਜੇ-ਪੁੱਜੇ ਬੱਚੇ ਵਰਗੇ ਵੱਟ ਚੜ੍ਹੇ ਭਰਵੱਟਿਆਂ ਤੋਂ ਸੰਤੋਖ ਤੇ ਬਹੁਲਤਾ ਦੀ ਮੂਰਤ ਜਾਪਦੀ ਸੀ। ਉਹਦਾ ਖਾਵੰਦ ਬੇਡੌਲ ਤੇ ਗਠਵੇਂ ਸਰੀਰ ਵਾਲ਼ਾ ਸੀ ਜਿਸ ਦੇ ਹੱਡਲ ਮੋਢੇ ਤੇ ਵੱਡੇ-ਵੱਡੇ ਹੱਥ ਸਨ ਤੇ ਮੂੰਹ ਵਿਚ ਹਰ ਵੇਲ਼ੇ ਪਾਈਪ ਅੜਾਈ ਰੱਖਦਾ ਸੀ। ਪਰ ਮੈਨੂੰ ਉਹਦੀ ਪੇਂਡੂਆਂ ਵਾਲ਼ੀ ਸੂਰਤ ਤੇ ਢਿਲੜਾਂ ਵਰਗੀ ਰਹਿਣੀ ਬਹਿਣੀ ਹੇਠ ਬੜੀ ਹੁਸ਼ਿਆਰੀ ਨਾਲ਼ ਲੁਕਾਇਆ ਹੋਇਆ ਫੌਜੀ ਤੌਰ-ਤਰੀਕਾ ਜਿਹਾ ਨਜ਼ਰ ਆਉਂਦਾ ਸੀ।

ਉਸ ਦਿਨ ਸਵੇਰ ਵੇਲ਼ੇ, ਜਦੋਂ ਮੈਂ ਨਾਸ਼ਤਾ ਕਰ ਰਿਹਾ ਸਾਂ, ਉਹ ਮੇਜ਼ ਕੋਲ ਆ ਬੈਠਾ ਤੇ

ਸਾਵਧਾਨੀ ਤੋਂ ਕੰਮ ਲੈਂਦਿਆਂ ਕਈ ਤਰ੍ਹਾਂ ਦੀਆਂ ਗੱਲਾਂ ਛੇੜੀ ਗਿਆ। ਆਪਣੇ ਗਲਾਸ ਦੇ ਕੰਢੇ ਉੱਤੋਂ ਦੀ ਮੈਂ ਉਹਦੇ ਵੱਲ ਵੇਖਿਆ ਤੇ ਅਚਾਨਕ ਹੀ ਮੈਨੂੰ ਘਰ ਦਾ ਓਦਰੇਵਾਂ ਮਹਿਸੂਸ ਹੋਣ ਲੱਗ ਪਿਆ ਜਿਵੇਂ ਅਸੀਂ ਇਸ ਸਾਫ-ਸੁਥਰੇ ਛੋਟੇ ਜਿਹੇ ਜਰਮਨ ਪਿੰਡ ਵਿਚ (ਜਿਹੜਾ ਕਿਸੇ ਚਮਤਕਾਰ ਨਾਲ਼ ਹੀ ਜੰਗ ਦੀ ਤਬਾਹੀ ਤੋਂ ਬਚ ਗਿਆ ਸੀ) ਸਿਰਫ਼ ਛੇ ਦਿਨ ਤੋਂ ਨਹੀਂ ਸਗੋਂ ਇਕ ਸੌ ਸਾਲ ਤੋਂ ਡੇਰੇ ਲਾਏ ਹੋਏ ਹੋਣ। ਅੱਜ ਮੇਰੇ ਵਾਸਤੇ ਖੁਸ਼ੀ ਦੀ ਗੱਲ਼ ਸਿਰਫ਼ ਇਹ ਹੀ ਸੀ। ਉਹ ਇਹ ਕਿ ਇਕ ਨਵਾਂ ਮੋਟਰ ਸਾਈਕਲ ਬਾਹਰ ਵਿਹੜੇ ਵਿਚ ਮੇਰੀ ਉਡੀਕ ਕਰ ਰਿਹਾ ਸੀ। ਤੜਕੇ ਸਵੇਰੇ ਖੁਫੀਆ ਮਹਿਕਮੇ ਦੇ ਸੈਨਿਕ ਇਸ ਨੂੰ ਲੈ ਕੇ ਆਏ ਸਨ ਅਤੇ ਮੈਂ ਹਾਲੇ ਇਸ ਨੂੰ ਵੇਖਿਆ ਵੀ ਨਹੀਂ ਸੀ।

ਮੈਂ ਵੇਖਿਆ ਕਿ ਮਾਗਦਾ ਮੋਟੇ ਤਲ਼ੇ ਵਾਲ਼ੇ ਫ਼ੌਜੀ ਬੂਟ ਪਾਈ ਬਾਰੀ ਅੱਗੋਂ ਦੀ ਲੰਘੀ। ਉਸ ਦੇ ਬੇਹਿਸ ਚਿਹਰੇ ਉੱਤੇ ਵੱਟ ਪਏ ਹੋਏ ਸਨ ਅਤੇ ਆਪਣੀਆਂ ਅਸਪਾਤ ਵਰਗੀਆਂ ਬਾਹਵਾਂ ਵਿਚ ਬਲੂਤ ਦਾ ਗਿੱਲਾ ਟੱਪ ਚੁੱਕਿਆ ਹੋਇਆ ਸੀ ਜੋ ਉਹਦੇ ਢਿੱਡ ਨਾਲ਼ ਲੱਗਾ ਹੋਇਆ ਸੀ। ਉਹ ਸਾਡੇ ਇਸ ਕਿਸਾਨ ਲਈ ਪਤਝੜ ਦੇ ਦਿਨਾਂ ਤੋਂ ਕੰਮ ਕਰ ਰਹੀ ਸੀ। ਲੱਗਦਾ ਸੀ ਕਿ ਇਸ ਪਿੰਡ ਵਿਚ ਉਹਦੇ ਨਸੀਬੇ ਵਿਚ ਅਮਨ ਨਹੀਂ ਸੀ, ਉਹਦਾ ਕੋਈ ਭਵਿੱਖ ਹੀ ਨਹੀਂ ਰਿਹਾ ਸੀ। ਜੋ ਕੁਝ ਵੀ ਉਸ ਕੋਲ਼ ਸੀ ਉਹ ਅਤੀਤ ਵਿਚ ਰਹਿ ਗਿਆ ਸੀ ਪਰ ਉਹਦੀ ਤਕੜੀ ਸਿਹਤ ਦੱਸਦੀ ਸੀ ਕਿ ਉਹ ਲੰਮੀ ਉਮਰ ਭੋਗੇਗੀ।

ਉਹਦਾ ਘਰ ਵਾਲ਼ਾ ਸੀ। ਇਕ ਕਮਿਊਨਿਸਟ। ਇਕ ਜਲਸੇ ਵਿਚ ਪਿੱਠ ਵਿਚ ਛੁਰਾ ਵੱਜਣ ਨਾਲ਼ ਉਹਦੀ ਮੌਤ ਹੋ ਗਈ ਸੀ। ਉਹਦਾ ਇਕ ਪੁੱਤਰ ਸੀ ਜਿਸ ਨੂੰ ਉਹਨੇ ਵਡੇਰੀ ਉਮਰ ਵਿਚ ਜਨਮ ਦਿੱਤਾ ਸੀ। ਉਹ ਸਿਰਫ਼ ਉਹਦੀ ਖ਼ਾਤਰ ਹੀ ਜਿਊਂਦੀ ਰਹੀ ਸੀ। ਉਹ ਉਨੀ ਸੌ ਚੁਤਾਲੀ ਵਿਚ ਮੁਹਾਜ਼ 'ਤੇ ਮਾਰਿਆ ਗਿਆ।

ਮੇਰੇ ਮਾਤਹਿਤ ਜਾਸੂਸਾਂ ਵਿਚੋਂ ਇਕ, ਸੁੱਤ-ਉਨੀਂਦੀਆਂ ਅੱਖਾਂ ਵਾਲ਼ਾ ਮਾਰਗੋਸਲਿਨ ਨੰਗੇ ਪੈਰ ਤੇ ਕਮੀਜ਼ ਉੱਤੇ ਪੇਟੀ ਬੰਨ੍ਹੇ ਬਗ਼ੈਰ ਲੜਖੜਾਉਂਦਾ ਹੋਇਆ ਅੱਗੇ ਵਧਿਆ ਤੇ ਟੱਪ ਫੜ ਲਿਆ। ਪਹਿਲਾਂ ਤਾਂ ਉਹ ਟੱਪ ਛੱਡਦੀ ਹੀ ਨਹੀਂ ਸੀ ਤੇ ਥੋੜ੍ਹਾ ਚਿਰ ਉਹਨਾਂ ਵਿਚ ਖਿੱਚ ਧੂਹ ਹੁੰਦੀ ਰਹੀ, ਪਰ ਅਖ਼ੀਰ ਉਹਨੇ ਟੱਪ ਫੜਾ ਦਿੱਤਾ। ਮਾਰਗੋਸਲਿਨ ਨੇ ਬੜੇ ਆਰਾਮ ਨਾਲ਼ ਉਸ ਨੂੰ ਮੋਢਿਆਂ ਉੱਤੇ ਚੁਕ ਲਿਆ ਤੇ ਮਾਗਦਾ ਉਹਦੇ ਮਗਰ-ਮਗਰ ਤੁਰ ਪਈ। ਧੁਪ ਵਿਚ ਉਹਦੇ ਚਿਹਰੇ ਦਾ ਰੰਗ ਕਾਲ਼ਾ-ਕਾਲ਼ਾ ਲੱਗਦਾ ਸੀ। ਜਿੰਨਾ ਚਿਰ ਉਹ ਢਾਰੇ ਦੇ ਓਹਲੇ ਨਹੀਂ ਹੋ ਗਏ ਮੈਂ ਉਹਨਾਂ ਵੱਲ ਵੇਖਦਾ ਰਿਹਾ।

ਮੈਂ ਇਸ ਤੋਂ ਪਹਿਲਾਂ ਕਦੇ ਵੀ ਨਹੀਂ ਸੀ ਵੇਖਿਆ ਕਿ ਮੇਰੇ ਜਵਾਨ ਉਸ ਪਰਵਾਰ ਦਾ ਹੱਥ ਵਟਾਉਣ ਜਿਸ ਦੇ ਘਰ ਅਸੀਂ ਠਹਿਰੇ ਹੋਏ ਸਾਂ — ਨਾ ਹੀ ਮਾਲਕਣ ਦਾ ਜਿਸ ਵਿਚ ਬੜੀ ਕਾਮੁਕ ਖਿੱਚ ਸੀ, ਤੇ ਨਾ ਹੀ ਮੁੰਡੇ ਦਾ। ਜੇ ਕਿਸੇ ਉੱਤੇ ਉਹਨਾਂ ਨੂੰ ਤਰਸ ਆਉਂਦਾ ਸੀ, ਇਹ ਸੋਚੇ ਬਗ਼ੈਰ ਕਿ ਕਿਉਂ, ਤਾਂ ਉਹ ਸੀ ਬੁੱਢੀ ਮਾਗਦਾ ਜਿਸ ਦਾ ਜੰਗ ਵਿਚ ਸਭ ਕੁਝ ਤਬਾਹ ਹੋ ਗਿਆ ਸੀ ਤੇ ਹੁਣ ਉਹਨਾਂ ਲੋਕਾਂ ਵਾਸਤੇ ਕੰਮ ਕਰਨਾ ਪੈਂਦਾ ਸੀ ਜਿਨ੍ਹਾਂ ਨੇ ਨੁਕਸਾਨ ਦੀ ਥਾਂ ਫਾਇਦਾ ਉਠਾਇਆ ਸੀ।

ਮੈਂ ਫਰਾਈ ਕੀਤੇ ਹੋਏ ਆਂਡੇ ਮੁਕਾਏ ਜਿਹੜੇ ਮੈਂ ਫਰਾਈਪੈਨ ਵਿਚ ਹੀ ਖਾ ਰਿਹਾ ਸਾਂ ਅਤੇ ਆਪਣੇ ਵਾਸਤੇ ਵਾਈਨ ਦਾ ਇਕ ਹੋਰ ਗਲਾਸ ਭਰਿਆ। ਵਾਈਨ ਦਾ ਰੰਗ ਪੀਲ਼ਾ ਸੀ ਤੇ ਇਹ ਪਾਰਦਰਸ਼ੀ ਸੀ ਅਤੇ ਏਨੀ ਠੰਡੀ ਕਿ ਖਾਲੀ ਕਰ ਕੇ ਰੱਖਿਆ ਗਲਾਸ ਬੜੀ ਦੇਰ ਤੱਕ ਮਗਰੋਂ ਵੀ ਠੰਡਾ ਹੀ ਰਿਹਾ। ਮੈਂ ਆਪਣੀ ਪਿਸਤੌਲ ਵਾਲ਼ੀ ਪੇਟੀ ਗਲ਼ ਵਿਚ ਪਾਈ (ਕਿਸਾਨ ਮੇਰੀ ਹਰ ਹਰਕਤ ਨੂੰ ਆਦਰ ਨਾਲ਼ ਵੇਖੀ ਜਾ ਰਿਹਾ ਸੀ) ਲੱਕ ਦੀ ਪੇਟੀ ਦਾ ਬਕਸੂਆ ਬੰਦ ਕੀਤਾ, ਆਪਣੇ ਪੱਠਿਆਂ ਨੂੰ ਤੇ ਢਾਕ ਨਾਲ਼ ਲੱਗੇ ਪਿਸਤੌਲ ਨੂੰ ਖਾਸ ਖੁਸ਼ੀ ਨਾਲ਼ ਟੋਹ ਕੇ ਵੇਖਿਆ, ਅਫਸਰਾਂ ਵਾਲ਼ੀ ਆਪਣੀ ਟੋਪੀ ਸਿਰ ਉੱਤੇ ਟਿਕਾਈ ਤੇ ਵਿਹੜੇ ਵਿਚ ਆ ਗਿਆ। ਇਸ ਜਰਮਨ ਦੇ ਸਾਹ੍ਮਣੇ ਇਸ ਤਰ੍ਹਾਂ ਦਾ ਵਿਖਾਵਾ ਕਰ ਕੇ ਜੋ ਖੁਸ਼ੀ ਮੈਨੂੰ ਮਿਲੀ, ਉਸ ਤੋਂ ਅੰਦਾਜ਼ਾ ਕੀਤਿਆਂ ਤਾਂ ਬਾਈ ਵਰ੍ਹਿਆ ਦੀ ਉਮਰ ਦਾ ਆਦਮੀ ਹਾਲੇ ਬੜਾ ਜਵਾਨ ਹੁੰਦਾ ਹੈ ਭਾਵੇਂ ਉਹ ਇਸ ਕਿਸਮ ਦੀ ਲੜਾਈ ਵਿਚੋਂ ਲੰਘ ਕੇ ਆਇਆ ਹੋਵੇ।

ਵਾਈਨ ਪੀਣ ਕਾਰਨ ਵਿਹੜੇ ਵਿਚ ਸੂਰਜ ਦੀ ਧੁੱਪ ਆਮ ਨਾਲੋਂ ਬਹੁਤੀ ਚੁੰਧਿਆਊ ਜਾਪਦੀ ਸੀ ਅਤੇ ਮਕਾਨ ਦੀ ਚਿੱਟੀ ਕੰਧ ਨਾਲ਼ ਲੱਗਾ ਮੋਟਰ ਸਾਈਕਲ ਨਿਕਲ ਤੇ ਕਾਲੀ ਅਨੈਮਲ ਦੇ ਰੋਗਨ ਸਦਕਾ ਲਿਸ਼ਕਾਂ ਮਾਰਦਾ ਸੀ। ਚਲਦੀ ਮੋਟਰ ਨਾਲ਼ ਡੋਲਦੇ ਕੰਬਦੇ ਤੇ ਫਿਟ ਫਿਟ ਕਰਦੇ ਮੋਟਰ ਸਾਈਕਲ ਨੂੰ ਮੈਂ ਰੇੜ੍ਹ ਕੇ ਵਿਹੜੇ ਵਿਚੋਂ ਬਾਹਰ ਲੈ ਆਂਦਾ ਅਤੇ ਅਜੇ ਮੈਂ ਪੈਡਲ ਉੱਤੇ ਪੈਰ ਰੱਖਿਆ ਹੀ ਸੀ ਕਿ ਉਹ ਉੱਛਲ ਕੇ ਅਗਾਂਹ ਵਧਿਆ ਤੇ ਅਸਮਾਨ ਦੀ ਚਮਕਦੀ ਨੀਲ਼ੀ ਕੰਧ ਵੱਲ਼ ਪਿੰਡ ਦੀ ਢਾਲਵੀਂ ਸੜਕ ਉੱਤੇ ਉੱਡ ਪਿਆ। ਇਸ ਵਿਚ ਕੋਈ ਸ਼ੱਕ ਨਹੀਂ ਸੀ ਹੋ ਸਕਦਾ ਕਿ ਲੜਾਈ ਬੰਦ ਹੋ ਗਈ ਸੀ ਅਤੇ ਅਸੀਂ ਜਰਮਨੀ ਵਿਚ ਸਾਂ — ਉਹਨਾਂ ਸਾਰਿਆਂ ਵਲ਼ੋਂ ਏਥੇ ਸਾਂ ਜਿਹੜੇ ਰਾਹ ਵਿਚ ਸ਼ਹੀਦ ਹੋ ਗਏ ਸਨ। ਮੈਂ ਆਪਣੇ ਮੋਟਰ ਸਾਈਕਲ ਨੂੰ ਜਿੰਨਾ ਵੀ ਤੇਜ਼ ਚਲਾ ਸਕਦਾ ਸੀ ਚਲਾ ਰਿਹਾ ਸਾਂ ਤੇ ਮੈਨੂੰ ਆਪਣੇ ਦੰਦਾਂ ਉੱਤੇ ਹਵਾ ਅਤੇ ਆਪਣੀ ਛਾਤੀ ਵਿਚ ਚੜ੍ਹੇ ਚਾਅ ਦੀ ਇਕ ਠੰਡੀ ਝਰਨਾਹਟ ਤੋਂ ਸਿਵਾਏ ਕੁਝ ਵੀ ਮਹਿਸੂਸ ਨਹੀਂ ਸੀ ਹੋ ਰਿਹਾ।

ਪਹਾੜੀ ਦੇ ਉੱਪਰ ਇਕ ਹੋਰ ਪਿੰਡ ਸੀ ਜਿੱਥੇ ਸਾਡੇ ਇਕ ਹੋਰ ਡਿਵੀਜ਼ਨ ਦੇ ਜਾਸੂਸਾਂ ਦਾ ਮੁਖੀ, ਵੋਲੋਦਿਯਾ ਯਾਕੋਵੇਨਕੋ ਠਹਿਰਿਆ ਹੋਇਆ ਸੀ। ਉਹਦੇ ਮਾਤਹਿਤ ਵੀ ਚਾਰ ਜਾਸੂਸ ਸਨ। ਜਦੋਂ ਮੈਂ ਜੰਗਲ ਵਿਚੋਂ ਦੀ ਪਥਰੀਲੀ ਸੜਕ ਉੱਤੇ ਮੋਟਰ ਸਾਈਕਲ ਭਜਾਉਂਦਾ ਪਹਾੜੀ ਦੀ ਚੋਟੀ ਉੱਤੇ ਪੁੱਜਾ ਤਾਂ ਮੈਂ ਮੋਟਰ ਦੇ ਧੂੰਆਂ ਛੱਡਣ ਵਾਲੇ ਪਾਈਪ ਦੀ ਕੰਨ-ਪਾੜਵੀਂ ਗੜਗੜ ਨਾਲ਼ ਮੋਟਰ ਸਾਈਕਲ ਨੂੰ ਅਚਾਨਕ ਹੇਠਾਂ ਪਿੰਡ ਨੂੰ ਜਾਂਦੇ ਰਾਹ ਉੱਤੇ ਮੋੜ ਲਿਆ। ਅੱਖਾਂ ਵਿਚ ਆਏ ਪਾਣੀ ਕਾਰਨ ਧੁੰਦਲੇ ਨਜ਼ਰ ਆਉਂਦੇ ਰੁੱਖ, ਸ਼ਟਰ, ਡਿਉੜੀਆਂ ਤੇ ਮਕਾਨਾਂ ਅਗਲੇ ਬਗ਼ੀਚੇ ਸੜਕ ਦੇ ਦੋਵੇਂ ਪਾਸੇ ਦੋ ਧੁਪੀਲੀਆਂ ਧਾਰੀਆਂ ਵਾਂਗ ਲਗਦੇ ਸਨ।

ਮੇਰੇ ਸਾਹ੍ਮਣੇ ਐਨ ਸੜਕ ਦੇ ਵਿਚਕਾਰ ਪੱਥਰ ਗੀਟਿਆਂ ਦਾ ਇਕ ਢੇਰ ਲੱਗਾ ਹੋਇਆ ਸੀ। ਯਾਕੋਵੇਨਕੋ ਦਾ ਮਕਾਨ ਸੱਜੇ ਪਾਸੇ ਸੀ। ਜਦੋਂ ਮੈਂ ਖ਼ਤਰਨਾਕ ਢੰਗ ਨਾਲ਼ ਮੋਟਰ ਸਾਈਕਲ ਨੂੰ ਉਲਾਰਦਿਆਂ ਤੇਜ਼ ਰਫ਼ਤਾਰ ਵਿਚ ਹੀ ਮੋੜ ਕੱਟਿਆ ਤਾਂ ਅੱਗੋਂ ਇਕ ਕਤੂਰਾ ਦੌੜਦਾ ਹੋਇਆ ਸਿੱਧਾ ਪਹੀਏ ਵੱਲ਼ ਆਇਆ। ਇਹ ਸਭ ਕੁਝ ਇਉਂ ਅੱਖ ਪਲਕਾਰੇ ਵਿਚ ਹੋਇਆ

ਕਿ ਮੇਰੇ ਹੱਥਾਂ ਨੇ ਮੇਰੇ ਦਿਮਾਗ਼ ਨਾਲੋਂ ਵੀ ਛੋਹਲਾ ਕੰਮ ਕੀਤਾ। ਮੈਂ ਇਕਦਮ ਬਰੇਕ ਲਾਈ ਤੇ ਹੈਂਡਲ ਨੂੰ ਇਕ ਪਾਸੇ ਵੱਲ ਮੋੜ ਦਿੱਤਾ। ਓਸੇ ਵੇਲ਼ੇ ਮੈਂ ਕਾਠੀ ਤੋਂ ਉੱਛਲ ਕੇ ਭੁੰਜੇ ਜਾ ਡਿੱਗਾ ਤੇ ਮਿੱਟੀ-ਘੱਟੇ ਨਾਲ਼ ਭਰ ਗਿਆ ਤੇ ਮੇਰੇ ਦੋਹਾਂ ਹੱਥਾਂ ਵਿਚ ਮੁੱਠ-ਮੁੱਠ ਮਿੱਟੀ ਆ ਗਈ ਸੀ।

ਮੈਂ ਉੱਛਲ ਕੇ ਖੜਾ ਹੋਇਆ। ਕੋਈ ਤਿੰਨ ਕੁ ਸਾਲ ਦਾ ਇਕ ਬੱਚਾ ਕਤੂਰੇ ਨੂੰ ਕੁੱਛੜ ਲਈ ਮਕਾਨ ਦੇ ਸਾਮ੍ਹਣੇ ਖੜਾ ਸੀ। ਉਹ ਭੱਜਾ ਨਹੀਂ ਸੀ, ਬਸ ਕਤੂਰੇ ਨੂੰ ਘੁੱਟ ਕੇ ਆਪਣੀ ਹਿੱਕ ਨਾਲ਼ ਲਾ ਕੇ ਅੱਖਾਂ ਪਾੜ-ਪਾੜ ਮੇਰੇ ਵੱਲ਼ ਝਾਕਦਾ ਰਿਹਾ ਸੀ।

ਡਿੱਗਣ ਨਾਲ਼ ਗੋਡਿਆਂ ਤੋਂ ਮੇਰੀ ਬਿਰਜਸ ਪਾਟ ਗਈ ਅਤੇ ਮੇਰੇ ਹੱਥ ਛਿੱਲੇ ਗਏ। ਮੋਟਰ ਸਾਈਕਲ ਪੱਥਰ ਗੀਟਿਆਂ ਦੇ ਢੇਰ ਉੱਤੇ ਟੇਢਾ ਹੋਇਆ ਪਿਆ ਸੀ ਤੇ ਉਸ ਦਾ ਪਿਛਲਾ ਪਹੀਆ ਘੁੰਮੀ ਜਾ ਰਿਹਾ ਸੀ। ਮੈਂ ਇਕ ਪੱਥਰ ਉੱਤੇ ਬਹਿ ਗਿਆ। ਮੇਰੀਆਂ ਲੱਤਾਂ ਕੰਬ ਰਹੀਆਂ ਸਨ। ਮੈਂ ਆਪਣੇ ਮੂੰਹ ਵਿਚੋਂ ਮਿੱਟੀ ਨੂੰ ਬਾਹਰ ਥੁੱਕਿਆ। ਮੇਰੇ ਦਿਮਾਗ਼ ਵਿਚ ਇਕ ਧੁੰਦਲਾ ਜਿਹਾ ਖ਼ਿਆਲ ਉਭਰਿਆ: “ਮੇਰੀ ਮੌਤ ਹੋ ਸਕਦੀ ਸੀ... ਹੁਣ... ਲੜਾਈ ਬੰਦ ਹੋਣ ਮਗਰੋਂ।” ਯਾਕੋਵੇਨਕੋ ਦੇ ਮਾਤਹਿਤ ਕੰਮ ਕਰਦੇ ਜਾਸੂਸ ਭੱਜੇ-ਭੱਜੇ ਮੇਰੇ ਵੱਲ਼ ਆਏ। ਉਹ ਮੈਨੂੰ ਖੰਡ-ਖੰਡ ਕਰਕੇ ਮਕਾਨ ਅੰਦਰ ਲੈ ਗਏ: ਪਹਿਲਾਂ ਮੈਨੂੰ ਤੇ ਫੇਰ ਮੇਰੀ ਟੋਪੀ ਨੂੰ ਜਿਹੜੀ ਇਕ ਮੁੰਡੇ ਨੂੰ ਸੜਕ ਦੇ ਦੂਜੇ ਪਾਸਿਓਂ ਲੱਭੀ।

ਜਿਸ ਵੇਲ਼ੇ ਉਹਨਾਂ ਮੇਰੇ ਬੂਟ ਲਾਹੇ ਯਾਕੋਵੇਨਕੋ ਵੋਦਕਾ ਦਾ ਗਲਾਸ ਹੱਥ ਵਿਚ ਫੜੀ ਮੇਰੇ ਕੋਲ਼ ਖੜਾ ਸੀ।

“ਪੀ ਲੈ,” ਉਸ ਨੇ ਆਖਿਆ। “ਕੋਈ ਹੱਡੀ ਤਾਂ ਨਹੀਂ ਟੁੱਟੀ ? ਹੱਡੀਆਂ ਟੋਹ ਕੇ ਵੇਖੋ, ਜਵਾਨੋ।”

“ਪੀੜ ਹੁੰਦੀ ਏ ? ਏਥੇ ? ਨੌਂ ਬਰ ਨੌਂ ਏਂ! ਸੋ ਤੂੰ ਪੀ ਸਕਦਾ ਏ।”

ਜਦੋਂ ਬਾਕੀ ਸਭ ਚਲੇ ਗਏ ਤਾਂ ਉਹ ਮੰਜੇ ਉਤੇ ਮੇਰੇ ਕੋਲ਼ ਹੀ ਬਹਿ ਗਿਆ। ਸਿਰਫ਼ ਤਦੋਂ ਹੀ ਮੈਂ ਵੇਖਿਆ ਕਿ ਉਹਦਾ ਚਿਹਰਾ ਬੀਮਾਰਾਂ ਵਰਗਾ ਸੀ। ਉਹਦੇ ਕੋਲੋਂ ਸ਼ਰਾਬ ਦੀ ਮੁਸ਼ਕ ਆਉਂਦੀ ਸੀ।

“ਪਤਾ ਈ,” ਉਸ ਨੇ ਆਖਿਆ, “ਮੈਂ ਨਜ਼ਰਬੰਦੀ ਕੈਂਪ ਗਿਆ ਸਾਂ। ਪਤਾ ਲੱਗਾ ਕਿ ਏਥੇ ਇਕ ਨਜ਼ਰਬੰਦੀ ਕੈਂਪ ਹੈ। ਏਥੋਂ ਤਿੰਨ ਕਿਲੋਮੀਟਰ ਦੂਰ। ਮੈਂ ਕੱਲ੍ਹ ਗਿਆ ਸਾਂ ਓਥੇ।”

ਉਸ ਨੇ ਆਪਣੇ ਮੱਥੇ ਉੱਤੇ ਹੱਥ ਫੇਰਿਆ।

ਮੈਨੂੰ ਪਤਾ ਸੀ ਕਿ ਉਹਦਾ ਪਿਓ, ਜਿਹੜਾ ਟੈਂਕ ਬਟਾਲੀਅਨ ਦਾ ਕੁਮੀਸਾਰ ਸੀ, 1941 ਵਿਚ ਕੀਵ ਦੇ ਨੇੜੇ ਮਾਰਿਆ ਗਿਆ ਸੀ, ਦੋ ਸਾਲ ਮਗਰੋਂ ਇਕ ਆਦਮੀ ਉਹਦੀ ਮਾਂ ਨੂੰ ਮਿਲਣ ਆਇਆ ਤੇ ਕਹਿਣ ਲੱਗਾ ਕਿ ਉਹ ਉਸ ਦੇ ਖਾਵੰਦ ਨਾਲ਼ ਇਕ ਨਜ਼ਰਬੰਦੀ ਕੈਂਪ ਵਿਚ ਰਿਹਾ ਸੀ। ਉਹ ਆਦਮੀ ਜਰਮਨੀ ਵਿਚੋਂ ਬਚ ਕੇ ਭੱਜ ਨਿਕਲਿਆ ਸੀ ਪਰ ਯਾਕੋਵੇਨਕੋ ਦਾ ਪਿਓ ਏਨਾ ਕਮਜ਼ੋਰ ਸੀ ਕਿ ਉਹ ਇਹ ਹਿੰਮਤ ਨਹੀਂ ਸੀ ਕਰ ਸਕਿਆ। ਉਸ ਨੇ ਇਸ ਆਦਮੀ ਨੂੰ ਕਿਹਾ ਸੀ ਕਿ ਉਹਦੇ ਟੱਬਰ ਨੂੰ ਦੱਸ ਦੇਵੇ ਕਿ ਉਹ ਜਿਊਂਦਾ ਹੈ। ਯਾਕੋਵੇਨਕੋ ਦੀ ਮਾਂ ਨੇ ਇਸ ਬਾਰੇ ਮੁਹਾਜ਼ ਉੱਤੇ ਉਸਨੂੰ ਚਿੱਠੀ ਲਿਖੀ ਸੀ ਕਿ ਉਸ ਨੂੰ ਸਮਝ ਨਹੀਂ ਆਉਂਦੀ

ਕਿ ਉਹ ਵਿਸ਼ਵਾਸ ਕਰੇ, ਆਸ ਰੱਖੇ ?

ਓਦੋਂ ਤੋਂ ਹੀ ਯਾਕੋਵੇਨਕੋ ਨੇ ਇਕ ਗੁੱਝੀ ਆਸ ਲਾ ਰੱਖੀ ਸੀ ਕਿ ਜਦੋਂ ਉਹ ਜਰਮਨੀ ਗਿਆ ਤਾਂ ਆਪਣੇ ਪਿਓ ਦਾ ਕੁਝ ਪਤਾ ਥਹੁ ਲਾਵੇਗਾ। ਜਿਵੇਂ-ਜਿਵੇਂ ਲੜਾਈ ਦਾ ਅੰਤ ਨੇੜੇ ਆਉਂਦਾ ਗਿਆ ਇਹ ਆਸ ਬਲਵਾਨ ਹੁੰਦੀ ਗਈ।

ਕੱਲ੍ਹ ਉਹਨੇ ਪਹਿਲੀ ਵਾਰੀ ਇਕ ਨਜ਼ਰਬੰਦੀ ਕੈਂਪ ਵੇਖਿਆ ਸੀ। ਉਹ ਆਪ ਕੈਂਪ ਦੇ ਫਾਟਕ ਤੋਂ ਸ਼ਮਸ਼ਾਨ ਭੂਮੀ ਨੂੰ ਜਾਂਦੇ ਲਹੂ ਲਿਬੜੇ ਰਾਹ ਤੋਂ ਤੁਰਦਾ ਗਿਆ ਸੀ ਜਿਸ ਉੱਤੇ ਉਹਦੇ ਤੋਂ ਪਹਿਲਾਂ ਹਜ਼ਾਰਾਂ ਕੈਦੀ ਤੁਰਦੇ ਗਏ ਸਨ। ਅਤੇ ਉਹ ਜਾਣਦਾ ਸੀ ਕਿ ਜੇ ਉਹਦੇ ਪਿਓ ਦੀ ਪੈੜ ਵੀ ਇਹਨਾਂ ਸਭਨਾਂ ਦੀਆਂ ਪੈੜਾਂ ਵਿਚ ਹੋਈ ਤਾਂ ਇਸ ਬਾਰੇ ਕੋਈ ਵੀ ਉਹਨੂੰ ਕਦੇ ਕੁਝ ਨਹੀ ਦੱਸ ਸਕੇਗਾ।

"ਓਥੇ ਇਕ ਖਾਈ ਸੀ। ਸ਼ਮਸ਼ਾਨ ਦੇ ਪਿੱਛੇ।" ਅਚਾਨਕ ਉਹਦਾ ਚਿਹਰਾ ਹੋਰ ਵੀ ਬੱਗਾ ਹੋ ਗਿਆ। "ਇਸ ਉੱਤੇ ਮੱਖੀਆਂ ਭਿੰਨ-ਭਿੰਨਾ ਰਹੀਆਂ ਸਨ। ਪਹਿਲਾਂ ਮੈਨੂੰ ਸਮਝ ਨਹੀਂ ਸੀ ਆ ਸਕੀ... ਅਚਾਨਕ ਜਿਵੇ ਕੋਈ ਖ਼ੌਫ਼ ਦੀ ਲਹਿਰ ਉੱਠਦੀ ਹੈ। ਮੇਰਾ ਖਿਆਲ ਹੈ, ਇਹ ਮੁਸ਼ਕ ਸੀ। ਇਹ ਖਾਈ ਮਨੁੱਖੀ ਚਰਬੀ ਨਾਲ਼ ਭਰੀ ਹੋਈ ਸੀ। ਜਦੋਂ ਲੋਕਾਂ ਨੂੰ ਸਾੜਿਆ ਜਾਂਦਾ ਸੀ, ਉਹਨਾਂ ਦੀ ਚਰਬੀ ਰੁੜ੍ਹ ਕੇ ਖਾਈ ਵਿਚ ਚਲੀ ਜਾਂਦੀ ਸੀ..."

ਉਹ ਆਪਣੇ ਗੋਡੇ ਹੱਥਾਂ ਵਿਚ ਫੜ ਕੇ ਅੱਗੇ ਪਿੱਛੇ ਝੂਲਣ ਲੱਗਾ।

"ਪਤਾ ਈ," ਉਹਨੇ ਆਖਿਆ, "ਮੈਨੂੰ ਸਿਰਫ ਇਕੋ ਆਸ ਹੈ: ਮੇਰਾ ਪਿਓ ਕਮੀਸਾਰ ਸੀ ਤੇ ਉਹ ਕਮੀਸਾਰਾਂ ਨੂੰ ਕੈਦੀ ਨਹੀਂ ਬਣਾਉਂਦੇ। ਤੇ ਨਾਲ਼ੇ ਉਸ ਆਦਮੀ ਨੇ ਨਾਂ ਵੀ ਯਾਕੋਵਲੇਵ ਦੱਸਿਆ ਸੀ। ਯਾਕੋਵੇਨਕੋ ਨਹੀਂ, ਯਾਕੋਵਲੇਵ। ਹੋ ਸਕਦਾ ਹੈ, ਇਹ ਮੇਰਾ ਪਿਓ ਹੋਵੇ ਹੀ ਨਾ। ਮਾਂ ਨੇ ਉਸ ਆਦਮੀ ਨੂੰ ਫੇਰ ਕਦੇ ਨਹੀਂ ਵੇਖਿਆ।"

ਮੈਂ ਉਸ ਨੂੰ ਕੀ ਕਹਿ ਸਕਦਾ ਸੀ ? ਮੈਂ ਉਸ ਨੂੰ ਆਖਿਆ, ਕਿ ਇਸ ਤਰ੍ਹਾਂ ਬਿਲਕੁਲ ਹੋ ਸਕਦਾ ਹੈ, ਤੇ ਸੱਚਮੁੱਚ ਹੈ ਵੀ, ਕਿ ਮੈਂ ਇਸ ਕਿਸਮ ਦੇ ਢੇਰ ਸਾਰੇ ਕਿੱਸੇ ਸੁਣ ਚੁਕਿਆ ਸਾਂ। ਮਿਸਾਲ ਵਾਸਤੇ, ਜਦੋਂ ਸਾਡੀ ਰੈਜਮੈਂਟ ਨੇ ਜੂਝ ਕੇ ਦੁਸ਼ਮਣ ਦੇ ਮੁਹਾਸਰੇ ਵਿਚੋਂ ਰਾਹ ਬਣਾਇਆ...

ਯਾਕੋਵੇਨਕੋ ਬੈਠਾ ਝੂਲ ਰਿਹਾ ਸੀ। ਉਸ ਦੀਆਂ ਅੱਖਾਂ ਬੰਦ ਸਨ, ਗੱਲ੍ਹਾਂ ਦੀਆਂ ਹੱਡੀਆਂ ਤੋਂ ਚਮੜੀ ਚਿੱਟੀ ਸੀ, ਲਾਲ਼ ਹੋਈਆਂ ਪੁੜਪੁੜੀਆਂ ਤੇ ਮੱਥੇ ਉੱਤੇ ਪਸੀਨੇ ਦੀਆਂ ਬੂੰਦਾਂ ਸਨ।

ਉਸ ਰਾਤ ਮੈਨੂੰ ਜਾਗ ਆ ਗਈ ਤੇ ਮੈਨੂੰ ਛੱਤ ਉੱਤੇ ਇਕ ਬਹੁਤ ਵੱਡਾ ਪਰਛਾਵਾਂ ਨਜ਼ਰ ਆਇਆ। ਮੋਢੇ ਇਕ ਕੰਧ ਤੋਂ ਦੂਜੀ ਕੰਧ ਤੱਕ ਪਹੁੰਚਦੇ ਸਨ ਤੇ ਮੋਢਿਆਂ ਵਿਚ ਸਿਰ ਝੁਕਿਆ ਹੋਇਆ ਸੀ। ਯਾਕੋਵੇਨਕੋ ਮੇਜ਼ ਕੋਲ ਬੈਠਾ ਹੋਇਆ ਸੀ, ਸਿਰ ਦੋਵਾਂ ਹੱਥਾਂ ਵਿਚ ਫੜਿਆ ਹੋਇਆ ਸੀ, ਇਕ ਪਲੇਟ ਵਿਚ ਬਲਦੀਆਂ ਦੋ ਮੋਮਬੱਤੀਆਂ ਉਹਦੇ ਚਿਹਰੇ ਉੱਤੇ ਚਾਨਣ ਸੁੱਟ ਰਹੀਆਂ ਸਨ। ਇਹ ਵੇਖ ਕੇ ਕਿ ਮੈਂ ਜਾਗ ਪਿਆ ਉਸ ਨੇ ਪੈਰਾਂ ਵਿਚ ਸਲੀਪਰ ਅੜਾਏ ਤੇ ਮੇਰੇ ਮੰਜੇ ਦੀ ਬਾਹੀ ਉੱਤੇ ਆ ਬੈਠਾ। ਉਸ ਨੇ ਹਾਲੇ ਵੀ ਬਿਰਜਸ ਪਾਈ ਹੋਈ ਸੀ ਤੇ ਕਮੀਜ਼ ਉੱਤੋਂ ਪੇਟੀ ਲੱਥੀ ਹੋਈ ਸੀ।

"ਮੈਨੂੰ ਓਥੇ ਦੱਸਿਆ ਗਿਆ ਕਿ ਰਾਖ਼, ਸਾੜੇ ਗਏ ਲੋਕਾਂ ਦੀ ਰਾਖ਼ ਓਥੋਂ ਢੋ ਲਈ ਗਈ ਸੀ। ਖੇਤਾਂ ਵਿਚ ਰੂੜੀ ਪਾ ਲਈ ਗਈ।"

ਉਸ ਨੇ ਆਪਣਾ ਸੰਘ ਮਲਿਆ। ਉਹਦੇ ਬੁੱਲ੍ਹ ਸੁੱਕ ਗਏ ਸਨ ਤੇ ਅਵਾਜ਼ ਭਰੜਾਉਂਦੀ ਸੀ।

"ਮੈਂ ਵਾਪਸ ਆ ਗਿਆ ਤੇ ਉਨ੍ਹਾਂ ਨੂੰ ਪੁੱਛਿਆ: "ਇਸ ਸਭ ਕੁਝ ਬਾਰੇ ਜਾਣਦੇ ਹੋ ?" "Nein, Nein," ਉਹਨਾਂ ਆਖਿਆ। 'ਆਓ ਫੇਰ ਵੇਖੋ,' ਮੈਂ ਕਿਹਾ।" ਉਹਦੀ ਧੌਣ ਲਾਲ਼ ਸੀ ਤੇ ਸੁੱਜੀ ਹੋਈ ਸੀ। "ਉਹ ਨਹੀਂ ਆਏ। ਉਹ ਨਹੀਂ ਜਾਣਨਾ ਚਾਹੁੰਦੇ ਸਨ। ਸਮਝੇ ? ਉਹਨਾਂ ਦੇ ਸਾਮ੍ਹਣੇ ਲੋਕਾਂ ਨੂੰ ਸਾੜਿਆ ਗਿਆ ਸੀ। ਉਹਨਾਂ ਦੀ ਰਾਖ਼ ਰੂੜੀ ਦੀ ਥਾਂ ਉਹਨਾਂ ਦੇ ਖੇਤਾਂ ਵਿਚ ਪਾਈ ਹੋਈ ਸੀ। ਅਤੇ ਉਹ ਹਾਲੇ ਵੀ ਅਨਾਜ ਖਾਈ ਖਾਂਦੇ ਸਨ। ਮੈਂ ਉਹਨਾਂ ਦੀ ਸ਼ਕਲ ਨਹੀਂ ਵੇਖ ਸਕਦਾ ਸਾਂ।"

ਉਹ ਉੱਠਿਆ, ਮੋਮਬੱਤੀਆਂ ਦੀ ਤੜ-ਤੜ ਹੋਈ, ਤੇ ਕੰਧ ਉੱਤੇ ਅਲਮਾਰੀ ਤੱਕ ਉਸ ਦੀ ਬਾਂਹ ਦਾ ਪਰਛਾਵਾਂ ਪਿਆ। ਉਸ ਨੇ ਅਲਮਾਰੀ ਵਿਚੋਂ ਇਕ ਨਿੱਕਾ ਜਿਹਾ ਬੁੱਤ ਚੁੱਕਿਆ ਤੇ ਉਹਦੇ ਮਾਰਕੇ ਦਾ ਨਿਸ਼ਾਨ ਚਾਨਣ ਵੱਲ ਕੀਤਾ। "ਵੇਖਿਆ ?" ਫਰਾਂਸ ਦਾ ਮਾਰਕਾ ਸੀ। ਥਿਰਕਦੇ ਚਾਨਣ ਵਿਚ ਤਰ੍ਹਾਂ-ਤਰ੍ਹਾਂ ਦੀਆਂ ਵਸਤਾਂ, ਅਲਮਾਰੀ ਵਿਚੋਂ ਸਾਡੀ ਨਜ਼ਰ ਪਈਆਂ। ਇਕ ਤੋਂ ਇਕ ਵਿਲੱਖਣ ਚੀਜ਼ ਸੀ। ਇਹ ਚੀਜ਼ਾਂ ਲੋਕਾਂ ਦੇ ਘਰਾਂ ਵਿਚੋਂ ਲਿਆਂਦੀਆਂ ਹੋਈਆਂ ਸਨ ਅਤੇ ਇਹਨਾਂ ਦੇ ਅਸਲ ਮਾਲਕ ਸ਼ਾਇਦ ਮਾਰੇ ਗਏ ਸਨ, ਜਿਨ੍ਹਾਂ ਨੇ ਪਹਿਲਾਂ ਇਕ ਦੂਜੇ ਨੂੰ ਕਦੇ ਨਹੀਂ ਵੇਖਿਆ ਸੀ, ਜੋ ਵੱਖ-ਵੱਖ ਜ਼ੁਬਾਨਾਂ ਬੋਲਦੇ ਸਨ। ਬਾਹਰ ਪਸ਼ੂ ਡੰਗਰਾਂ ਦੇ ਵਾੜੇ ਵਿਚ ਹਾਲੈਂਡ ਦੀਆਂ ਗਊਆਂ, ਡੈਨਮਾਰਕ ਤੋਂ ਲਿਆਦੇ ਹੋਏ ਸੂਰ ਸਨ। ਅਤੇ ਕੁਝ ਇਕ ਕਿਲੋਮੀਟਰ ਦੂਰ ਨਜ਼ਰਬੰਦੀ ਕੈਂਪ ਸੀ। ਸ਼ਾਇਦ ਇਹਨਾਂ ਵਸਤਾਂ ਦੇ ਮਾਲਕ ਲੋਕ ਏਥੇ ਹੀ ਮਾਰੇ ਗਏ ਸਨ।

ਦੂਸਰੇ ਦਿਨ ਖੇਤਾਂ ਵੱਲ਼ ਮੇਰੇ ਕੋਲੋਂ ਵੇਖਿਆ ਨਹੀਂ ਸੀ ਜਾਂਦਾ। ਜਿਨ੍ਹਾਂ ਖੇਤਾਂ ਵਿਚ ਮਨੁੱਖੀ ਰਾਖ਼ ਦੀ ਰੂੜੀ ਪਾਈ ਗਈ ਸੀ। ਮੈਨੂੰ ਇਸ ਗੱਲ ਦਾ ਯਕੀਨ ਨਹੀਂ ਸੀ ਆਉਂਦਾ, ਤਾਂ ਵੀ ਮੈਂ ਇਸ ਖ਼ਿਆਲ ਨੂੰ ਦਿਮਾਗ਼ ਵਿਚੋਂ ਨਹੀਂ ਸੀ ਕੱਢ ਸਕਿਆ। ਮੈਂ ਸਮਝਦਾ ਸਾਂ ਕਿ ਜੇ ਚਾਹੀਏ ਤਾਂ ਇਕ ਜਣੇ ਦੇ ਕਸੂਰ ਨੂੰ ਕੁਝ ਜਣਿਆ ਉੱਤੇ ਮੜ੍ਹਿਆ ਜਾ ਸਕਦਾ ਹੈ ਪਰ ਸਾਰੇ ਚੁਪ ਰਹੇ। ਉਹ ਵੀ, ਜਿਹੜੇ ਜਾਣਦੇ ਸਨ ਤੇ ਉਹ ਵੀ ਜਿਹੜੇ ਅਟਕਲਾਂ ਹੀ ਲਾਉਂਦੇ ਸਨ ਅਤੇ ਇਥੋਂ ਤੱਕ ਕਿ ਉਹ ਵੀ ਜਿਹੜੇ ਸਹਿਮਤ ਨਹੀਂ ਸਨ।

ਅਸੀਂ ਪਹਾੜੀ ਤੋਂ ਹੇਠਾਂ ਉੱਤਰ ਰਹੇ ਸਾਂ, ਅਤੇ ਸੈਨਿਕ ਜਾਸੂਸ ਨੇ ਲਗਾਮਾਂ ਖਿੱਚ ਕੇ ਘੋੜਿਆਂ ਨੂੰ ਕਾਬੂ ਵਿਚ ਰੱਖਿਆ ਹੋਇਆ ਸੀ। ਮੈਂ ਥੋੜ੍ਹੀ ਜਿਹੀ ਪਰਾਲੀ ਉੱਤੇ ਲੰਮਾ ਪਿਆ ਹੋਇਆ ਸਾਂ, ਸੂਰਜ ਲਿਸ਼ਕਾਂ ਮਾਰ ਰਿਹਾ ਸੀ ਤੇ ਜ਼ੋਰ ਲਾ-ਲਾ ਕੇ ਗਰਮ ਹੋਏ ਘੋੜਿਆਂ ਕੋਲੋਂ ਮੁੜ੍ਹਕੇ ਦੀ ਮਹਿਕ ਆਉਂਦੀ ਸੀ। ਛਕੜੇ ਦੀ ਇਕ ਬਾਹੀ ਵਿਚੋਂ ਦੀ ਕੋਲੋਂ ਦੀ ਤਿਲਕਦੇ ਜਾਂਦੇ ਖੇਤਾਂ ਦਾ ਦ੍ਰਿਸ਼ ਨਜ਼ਰ ਆਉਂਦਾ ਸੀ। ਸਵਾਹ ਰੰਗੀ ਮਿੱਟੀ ਵਿਚੋਂ ਲਵੀਆਂ ਕਣਕਾਂ ਉੱਗ ਨਿਕਲੀਆਂ ਸਨ ਜਿਨ੍ਹਾਂ ਉੱਤੇ ਧੂੜ ਜੰਮੀ ਹੋਈ ਸੀ। ਧੁੱਪ ਵਿਚ ਸਿੱਟੇ ਲਿਸ਼ਕਾਂ ਮਾਰਦੇ ਸਨ।

ਤੇ ਮੇਰੇ ਕੋਲ਼ੋਂ ਇਸ ਧਰਤੀ ਵੱਲ਼, ਕਣਕ ਦੀਆਂ ਇਹਨਾਂ ਫਸਲਾਂ ਵੱਲ਼ ਵੇਖਿਆ ਨਹੀਂ ਸੀ ਜਾਂਦਾ।

ਜਰਮਨੀ ਦੇ ਪਿੰਡਾਂ ਦੇ ਅਲੋਹ ਨੀਲ਼ੇ ਆਕਾਸ਼ ਉੱਤੇ ਨਿਰੋਲ ਚਿੱਟੇ ਬੱਦਲ ਤਰਦੇ ਫਿਰਦੇ ਸਨ। ਧਰਤੀ ਉੱਤੇ ਉਹਨਾਂ ਦੇ ਪਰਛਾਵੇਂ ਰੀਂਗਦੇ ਜਾਂਦੇ ਸਨ। ਸਭ ਪਾਸੇ ਅਮਨ ਅਮਾਨ ਤੇ ਖ਼ਾਮੋਸ਼ੀ ਸੀ। ਪਰ ਸ਼ਾਂਤੀ ਦੇ ਇਸ ਨਵੇਂ ਸੰਸਾਰ ਵਿਚ ਕਿੰਨੇ ਲੋਕ ਸਨ ਜਿਨ੍ਹਾਂ ਨੇ ਆਪਣੇ ਮੁਰਦੇ ਇਸ ਲਈ ਸੁਰਜੀਤ ਕਰਨੇ ਸਨ ਕਿ ਉਹਨਾਂ ਨੂੰ ਫੇਰ ਦਫਨ ਕਰਨ, ਅਤੇ ਕੁਝ ਖ਼ੁਸ਼ਕਿਸਮਤ ਵੀ ਹੋਣਗੇ ਜਿਹੜੇ ਉਹਨਾਂ ਆਪਣਿਆਂ ਦਾ ਘਰਾਂ ਵਿਚ ਸਵਾਗਤ ਕਰਨਗੇ ਜਿਨ੍ਹਾਂ ਨੂੰ ਉਹਨਾਂ ਨੇ ਮਰ ਗਏ ਸਮਝ ਲਿਆ ਹੋਇਆ ਸੀ।

ਅਸੀਂ ਪਿੰਡ ਦੀ ਗਲੀ ਵਿਚੋਂ ਲੰਘੇ ਅਤੇ ਮੇਰੇ ਵਿਹੜੇ ਵੱਲ਼ ਮੁੜ ਪਏ ਅਤੇ ਫੇਰ ਮੈਨੂੰ ਏਥੇ ਲਿਆਉਣ ਵਾਲ਼ਾ ਸੈਨਿਕ ਜਾਸੂਸ ਆਪਣੇ ਸਾਥੀਆਂ ਨਾਲ਼ ਜਾ ਰਲਣ ਵਾਸਤੇ ਜਲਦੀ ਨਾਲ਼ ਪਿਛਾਂਹ ਮੁੜ ਗਿਆ। ਮੈਂ ਘਰ ਨੂੰ ਤੁਰ ਪਿਆ। ਮੇਰੇ ਜਵਾਨਾਂ ਵਿਚੋਂ ਕੋਈ ਵੀ ਘਰ ਨਹੀਂ ਸੀ ਅਤੇ ਕਿਸਾਨ ਤੇ ਉਹਦੀ ਬੀਵੀ ਮੈਨੂੰ ਵੇਖਦਿਆਂ ਹੀ ਤੇਬਲੇ ਵਿਚ ਜਾ ਵੜੇ। ਮੈਨੂੰ ਉਹਨਾਂ ਦੀ ਇਕ ਦੂਜੇ ਨਾਲ਼ ਘੁਸਰ-ਮੁਸਰ ਕਰਨ ਦੀ ਅਵਾਜ਼ ਸੁਣਦੀ ਸੀ ਅਤੇ ਕਿਸੇ ਵੇਲ਼ੇ ਮੈਨੂੰ ਨਜ਼ਰ ਆਉਂਦਾ ਕਿ ਉਹ ਬੇਤਾਬ ਹੋਏ ਮੇਰੇ ਵੱਲ਼ ਵੇਖਦੇ ਸਨ। ਮੇਰੀ ਗ਼ੈਰ-ਹਾਜ਼ਰੀ ਵਿਚ ਕੁਝ ਹੋ ਗਿਆ ਸੀ।

ਮੈਂ ਆਪਣੀ ਝਰੀਟਾਂ ਨਾਲ਼ ਭਰੀ ਲੱਤ ਪਸਾਰ ਕੇ ਬਾਰੀ ਹੇਠ ਇਕ ਬੈਂਚ ਉੱਤੇ ਬਹਿ ਗਿਆ ਅਤੇ ਇਕ ਸਿਗਰਟ ਕੱਢੀ। ਪਰ ਮੈਂ ਯਾਕੋਵੇਨਕੋ ਦੀ ਨੀਲ਼ੀ ਬਿਰਜਸ ਪਾਈ ਹੋਈ ਸੀ ਤੇ ਆਪਣਾ ਲਾਈਟਰ ਜੇਬ ਵਿਚ ਪਾਉਣਾ ਭੁੱਲ ਗਿਆ ਸਾਂ। ਕਿਸਾਨ ਮੇਰੇ ਕੋਲ਼ ਆ ਗਿਆ ਸੀ। ਮੈਂ ਆਪਣੀ ਉਂਗਲ ਚੱਟੀ ਤੇ ਆਪਣੀ ਪੇਟੀ ਉੱਤੇ ਇਕ ਝਰੀਟ ਪਾ ਦਿੱਤੀ।

ਕਿਸਾਨ ਨੇ ਹਮੇਸ਼ਾ ਨਾਲੋਂ ਕੁਝ ਜਿਆਦਾ ਖ਼ਲੂਸ ਵਿਖਾਇਆ। ਮੇਰੀਆਂ ਉਂਗਲਾਂ ਵਿਚ ਅਣਸੁਲਘਾਈ ਸਿਗਰਟ ਨੂੰ ਵੇਖ ਕੇ ਉਸ ਨੇ ਝੱਟ, ਪਰ ਬੜੇ ਆਰਾਮ ਨਾਲ਼, ਪੁਰਾਣੇ ਦੋਸਤ ਵਾਂਗ, ਮੇਰੀ ਸਿਗਰਟ ਸੁਲਘਾ ਦਿੱਤੀ। ਤੇ ਫੇਰ ਉਹ ਬੈਂਚ ਉੱਤੇ ਮੇਰੇ ਕੋਲ਼ ਇਉਂ ਬਹਿ ਗਿਆ ਜਿਵੇਂ ਕੋਈ ਲੰਗੋਟੀਆ ਯਾਰ ਬਹਿੰਦਾ ਹੈ।

ਸਿਗਰਟ ਸੁਲਘਾਉਂਦਿਆਂ ਮੈਂ ਕਿਸਾਨ ਦੀ ਬੀਵੀ ਨੂੰ ਦੌੜ ਕੇ ਸੂਰਖਾਨੇ ਵੱਲ਼ ਜਾਂਦਿਆਂ ਵੇਖਿਆ ਸੀ। ਉਸ ਦੇ ਚਿਹਰੇ ਤੋਂ ਗੁੱਸਾ ਟਪਕਦਾ ਸੀ, ਪਰ ਨਾਲ਼ ਹੀ ਡਰੀ ਹੋਈ ਵੀ ਜਾਪਦੀ ਸੀ, ਜਿਵੇਂ ਉਹ ਨਿਉਂ ਜਾਣ ਲਈ ਤਿਆਰ ਹੋਵੇ। ਉਸ ਦੇ ਖਾਵੰਦ ਦਾ ਇਸ ਪਾਸੇ ਧਿਆਨ ਨਹੀਂ ਸੀ ਗਿਆ। ਉਹ ਆਪਣਾ ਪਾਈਪ ਪੀਂਦਾ ਰਿਹਾ ਸੀ ਅਤੇ ਬਾਰੀ ਹੇਠਾਂ ਬੈਂਚ ਉੱਤੇ ਬੈਠਿਆਂ, ਸਾਡੇ ਦੋਹਾਂ ਉੱਤੇ ਧੁੱਪ ਪੈ ਰਹੀ ਸੀ। ਥੋੜ੍ਹੀ ਦੇਰ ਬਾਦ ਉਹਦਾ ਪੁੱਤਰ ਹੱਥ ਵਿਚ ਇਕ ਕਾਪੀ ਤੇ ਪੈਨਸਿਲ ਫੜੀ ਸਾਡੇ ਕੋਲ਼ ਆਇਆ। ਉਹ ਮੇਰੇ ਸਾਮ੍ਹਣੇ ਆ ਖਲੌਤਾ ਅਤੇ ਕਾਪੀ ਉੱਤੇ ਨਜ਼ਰ ਟਿਕਾ ਕੇ ਗਲਾ ਸਾਫ਼ ਕੀਤਾ ਜਿਵੇਂ ਉਹ ਕੋਈ ਗੀਤ ਗਾਉਣ ਲੱਗਾ ਹੋਵੇ। ਮੈਂ ਨਜ਼ਰ ਚੁੱਕ ਕੇ ਉਹਦੇ ਵੱਲ਼ ਵੇਖਿਆ। ਜਦੋਂ ਉਹਨੇ ਬੋਲਣਾ ਸ਼ੁਰੂ ਕੀਤਾ ਤਾਂ ਉਹਨੇ ਆਪਣੇ ਮੋਢੇ ਢਿੱਲ਼ੇ ਛੱਡ ਦਿੱਤੇ ਤੇ ਉਹਦੀ ਧੌਣ ਬਾਹਰ ਨਿਕਲ ਆਈ।

ਉਹ ਏਨਾ ਕਾਹਲੀ-ਕਾਹਲੀ ਬੋਲਿਆ ਕਿ ਮੈਂ ਕੋਈ-ਕੋਈ ਲਫਜ਼ ਹੀ ਸਮਝ ਸਕਿਆ, ਪਰ ਇਹ ਲਫਜ਼ ਬਾਰ-ਬਾਰ ਦੁਹਰਾਏ ਗਏ ਸਨ। ਜਾਪਦਾ ਸੀ ਕਿ ਮੇਰੇ ਇਕ ਸੈਨਿਕ ਜਾਸੂਸ ਨੇ ਇਕ ਸੂਰ ਨੂੰ ਗੋਲ਼ੀ ਮਾਰ ਦਿੱਤੀ ਸੀ।

"ਐਰਸ਼ੋਸ, ਐਰਸ਼ੋਸ!" ਉਹ ਬੋਲਦਾ ਗਿਆ ਤੇ ਦਰਸਾਉਂਦਾ ਗਿਆ ਕਿ ਇਹ ਸਭ ਕੁਝ ਕਿਵੇਂ ਕੀਤਾ ਗਿਆ ਸੀ।

ਮਾਰਗੋਸਲਿਨ ਚਮੜੇ ਦੀ ਨਵੀਂ ਚਮਕਦਾਰ ਜੈਕਟ ਪਾਈ ਵਿਹੜੇ ਵਿਚੋਂ ਲੰਘਿਆ। ਉਹ ਮਾੜਾ ਜਿਹਾ ਝੂਮ-ਝੂਮ ਕੇ ਤੁਰਦਾ ਸੀ ਜਿਸ ਤੋਂ ਪਤਾ ਲੱਗਦਾ ਸੀ ਕਿ ਉਹ ਹਾਲਾਤ ਦਾ ਜਾਇਜ਼ਾ ਲੈਣ ਗਿਆ ਸੀ ਤੇ ਉਹਨੂੰ ਆਪਣੀ ਅਹਿਮੀਅਤ ਦਾ ਅਹਿਸਾਸ ਸੀ। ਮੁੰਡੇ ਨੇ ਉਸ ਨੂੰ ਨਹੀਂ ਸੀ ਵੇਖਿਆ। ਘਬਰਾਹਟ ਸਦਕਾ ਉਹਦੇ ਚਿਹਰੇ ਉੱਤੇ ਚਟਾਕ ਉੱਭਰੇ ਹੋਏ ਸਨ। ਉਹ ਬੋਲਿਆ:

"ਬੜਾ ਵਧੀਆ ਸੂਰ ਸੀ। ਤੀਹ ਕਿਲੋਗ੍ਰਾਮ ਭਾਰਾ ਹੋ ਗਿਆ ਸੀ ਤੇ ਹਾਲੇ ਵੱਧਦਾ ਜਾਂਦਾ ਸੀ। ਤੀਹ ਕਿਲੋਂ ਅਵਲ ਦਰਜੇ ਦਾ ਸੂਰ ਦਾ ਮਾਸ। ਤੇ ਫੀ ਕਿਲੋਗ੍ਰਾਮ..."

"ਕੋਸਤਤ"* ਲਫਜ਼ ਨੂੰ ਉਹ ਬਾਰ-ਬਾਰ ਦੁਹਰਾਏ ਜਾਂਦਾ ਸੀ। ਇਹ ਲਫਜ਼ ਮੈਨੂੰ ਬਚਪਨ ਤੋਂ ਹੀ ਯਾਦ ਸੀ।

ਪੈਰ ਬੈਂਚ ਦੇ ਹੇਠਾਂ ਕਰ ਕੇ ਤੇ ਆਪਣੇ ਹੱਥਾਂ ਉੱਤੇ ਭਾਰ ਪਾ ਕੇ ਕਿਸਾਨ ਅੱਗੇ ਪਿੱਛੇ ਝੂਮੀ ਜਾਂਦਾ ਸੀ। ਉਸ ਦੇ ਹੱਡਲ ਮੋਢੇ ਬਾਹਰ ਨੂੰ ਨਿਕਲੇ ਹੋਏ ਸਨ ਤੇ ਉਹਦਾ ਸਿਰ ਅੰਦਰ ਨੂੰ ਵੜਿਆ ਹੋਇਆ ਸੀ। ਉਸ ਨੇ ਇਕ ਲਫਜ਼ ਵੀ ਮੂੰਹੋਂ ਨਹੀਂ ਸੀ ਕੱਢਿਆ। ਬਸ ਅੱਖਾਂ ਬੰਦ ਕਰ ਕੇ ਸੁਣਦਾ ਰਿਹਾ ਸੀ ਅਤੇ ਆਪਣੇ ਤਮਾਕੂ ਵਾਲ਼ੇ ਪਾਈਪ ਨੂੰ ਦੰਦਾਂ ਵਿਚ ਹਿਲਾਉਂਦਾ ਰਿਹਾ ਸੀ। ਮੈਂ ਉਹਨਾਂ ਹੱਥਾਂ ਵੱਲ਼ ਵੇਖਿਆ ਜਿਨ੍ਹਾਂ ਨੇ ਬੈਂਚ ਦੇ ਸਿਰੇ ਨੂੰ ਘੁੱਟ ਕੇ ਫੜਿਆ ਹੋਇਆ ਸੀ। ਇਹ ਇਕ ਕਾਮੇ ਦੇ ਹੱਥ ਸਨ, ਵੱਡੇ-ਵੱਡੇ ਤੇ ਖਰ੍ਹਵੇ ਅਤੇ ਇਸ ਦੀਆਂ ਲਕੀਰਾਂ ਤੇ ਨਹੁੰਆਂ ਅੰਦਰ ਮਿੱਟੀ ਫਸੀ ਹੋਈ ਸੀ। ਮਿੱਟੀ? ਹੋ ਸਕਦਾ ਹੈ, ਰਾਖ਼ ਹੀ ਹੋਵੇ?

ਕਿਸਾਨ ਦੰਦਾਂ ਵਿਚ ਅੜਾਇਆ ਆਪਣਾ ਪਾਈਪ ਹਿਲਾਉਂਦਾ ਰਿਹਾ ਤੇ ਮੁੰਡਾ ਉਹ ਲੇਖਾ ਮੁੜ-ਮੁੜ ਪੜ੍ਹ ਕੇ ਸੁਣਾਉਂਦਾ ਗਿਆ ਜਿਹੜਾ ਸਾਰੇ ਟੱਬਰ ਨੇ ਰਲ਼ ਕੇ ਤਿਆਰ ਕੀਤਾ ਸੀ। ਮੈਨੂੰ ਯਕੀਨ ਆ ਜਾਣਾ ਚਾਹੀਦਾ ਸੀ ਅਤੇ ਮੈਂ ਆਪ ਵੇਖਿਆ ਸੀ ਕਿ ਉਹ ਮੇਰੇ ਨਾਲ਼ ਠੱਗੀ ਨਹੀਂ ਸੀ ਕਰ ਰਹੇ, ਕਿ ਉਹ ਐਸੇ ਵਧੀਆ ਸੂਰ ਦੇ ਮਾਸ ਦੀ ਬਹੁਤ ਵਾਜਿਬ ਕੀਮਤ ਮੰਗ ਰਹੇ ਸਨ। ਮੁੰਡੇ ਦੀਆਂ ਨਾਸਾਂ ਤੱਕ ਬੱਗੀਆਂ ਹੋ ਗਈਆਂ ਸਨ ਤੇ ਉਹਦੀਆਂ ਹਰਕਤਾਂ ਵਿਚ ਘਬਰਾਹਟ ਸ। ਝਟਕੇ ਨਾਲ਼ ਕਾਪੀ ਨੂੰ ਆਪਣੀਆਂ ਅੱਖਾਂ ਕੋਲ ਕਰ ਕੇ, ਉਸ ਨੇ ਉਸ ਜਾਸੂਸ ਸੈਨਿਕ ਦਾ ਨਾਂ ਪੜ੍ਹਿਆ ਜਿਸ ਨੇ ਸੂਰ ਮਾਰਿਆ ਸੀ। "ਜ਼ੋਲਦਾਤ ਮਾਕਾਰੂਸ਼ਕਾ!" ਫੇਰ ਉਸ ਨੇ ਮੇਰੇ ਵੱਲ਼ ਵੇਖਿਆ। ਪਹਿਲਾਂ ਮੈਨੂੰ ਸਮਝ ਨਹੀਂ ਆਈ ਕਿ ਇਹ "ਜ਼ੋਲਦਾਤ ਮਾਕਾਰੂਸ਼ਕਾ" ਕੌਣ ਹੈ। ਉਸ ਦੇ ਉਚਾਰਨ ਵਿਚ ਇਹ ਨਾਂ ਬੜਾ ਓਪਰਾ ਲੱਗਦਾ ਸੀ। ਨਿਰਸੰਦੇਹ, ਇਹ ਸਾਡੇ ਮਾਕਾਰੂਸ਼ਕਾ ਤੋਂ ਬਿਨਾਂ ਹੋਰ ਕੋਈ ਨਹੀਂ ਸੀ ਜਿਹੜਾ ਸਾਡੇ ਜਾਸੂਸਾਂ

* ਕੀਮਤ। **—ਸੰਪਾ:**

ਵਿਚੋਂ ਸਭ ਤੋਂ ਛੋਟਾ ਸੀ।

ਇਕ ਦਿਨ ਉਹ ਸਾਡੇ ਕੋਲ਼ ਆਇਆ ਸੀ, ਨੰਗੇ ਪੈਰ ਫਟੀਚਰ ਜਿਹਾ ਜਿਸ ਦੀਆਂ ਅੱਖਾਂ ਕਹਿੰਦੀਆਂ ਸਨ ਕਿ ਭੁੱਖ ਨਾਲ਼ ਉਹਦੀ ਜਾਨ ਨਿਕਲਦੀ ਜਾ ਰਹੀ ਹੈ। ਤਾਂ ਉਹਨੇ ਆਖਿਆ ਕਿ ਅਸੀਂ ਉਹਨੂੰ ਮੁਹਾਜ਼ 'ਤੇ ਆਪਣੇ ਨਾਲ਼ ਲੈ ਚੱਲੀਏ। ਪਿੰਡ ਵਿਚ ਉਹਨੂੰ ਕੋਈ ਵੀ ਨਹੀਂ ਸੀ ਜਾਣਦਾ। ਉਹ ਬਹਾਰ ਵਿਚ ਆਇਆ ਸੀ ਜਦੋਂ ਹਾਲੇ ਬਰਫ਼ ਢਲੀ ਨਹੀਂ ਸੀ। ਉਸ ਵੇਲੇ ਵੀ ਉਹ ਪੈਰੋਂ ਨੰਗਾ ਹੀ ਸੀ ਤੇ ਉਹਦੀ ਪਤਲੂਣ ਦੀਆਂ ਮੋਰੀਆਂ ਵਿਚੋਂ ਨੀਲੇ ਲੂੰ-ਕੰਡੇ ਨਜ਼ਰ ਆਉਂਦੇ ਸਨ। ਪਿੰਡ ਦੀਆਂ ਔਰਤਾਂ ਉਹਦੇ ਵੱਲ ਇਉਂ ਵੇਖਦੀਆਂ ਸਨ ਜਿਵੇਂ ਉਹ ਨੀਮ-ਪਾਗ਼ਲ ਹੋਵੇ ਤੇ ਕਿਸੇ-ਕਿਸੇ ਵੇਲ਼ੇ ਉਹਨੂੰ ਖਾਣ ਨੂੰ ਦੇ ਦੇਂਦੀਆਂ ਸਨ। ਉਹਦੇ ਬਾਰੇ ਇਹ ਮਸ਼ਹੂਰ ਹੋਣ ਕਾਰਨ ਕਿ ਨੀਮ-ਪਾਗ਼ਲ ਹੈ, ਉਹ ਜਰਮਨੀ ਭੇਜੇ ਜਾਣ ਤੋਂ ਬਚ ਗਿਆ ਸੀ।

ਉਹ ਤੁਰੰਤ ਹੀ ਜਾਸੂਸ ਸੈਨਿਕਾਂ ਨਾਲ਼ ਰਚਮਿਚ ਗਿਆ ਸੀ, ਪਰ ਢੇਰ ਚਿਰ ਤੱਕ ਸਾਨੂੰ "ਰੂਸੀ" ਹੀ ਕਹਿੰਦਾ ਰਿਹਾ ਜਿਵੇਂ ਜਰਮਨ ਤੇ ਕਬਜ਼ੇ ਹੇਠਲੇ ਇਲਾਕਿਆਂ ਦੇ ਲੋਕ ਸਾਡੀ ਫ਼ੌਜ ਨੂੰ ਕਹਿੰਦੇ ਸਨ। ਉਹ ਚੁੱਪ ਰਹਿਣ ਵਾਲ਼ਾ ਤੇ ਕੋਈ ਨੁਕਸਾਨ ਕਰਨ ਵਾਲ਼ਾ ਨਹੀਂ ਸੀ, ਅਤੇ ਰੱਜ ਕੇ ਢਿੱਡ ਭਰ ਲੈਣ ਮਗਰੋਂ, ਬੇਹੱਦ ਤਕੜਾ ਵੀ ਹੁੰਦਾ ਸੀ। ਮੈਨੂੰ ਇਹ ਯਾਦ ਨਹੀਂ ਕਿ ਉਹਨਾਂ ਨਾਂ "ਮਾਕਾਰੂਸ਼ਕਾ" ਸਭ ਤੋਂ ਪਹਿਲਾਂ ਕਿਸ ਨੇ ਰੱਖਿਆ ਸੀ, ਪਰ ਕਿਉਂਕਿ ਉਹ ਸੰਗਾਊ ਤੇ ਤਕੜਾ ਬੰਦਾ ਸੀ, ਇਸ ਲਈ ਨਾਂ ਉਹਨੂੰ ਜਚਨਾ ਸੀ ਤੇ ਉਹਦਾ ਅਸਲੀ ਨਾਂ ਕਿਸੇ ਨੂੰ ਵੀ ਯਾਦ ਨਹੀਂ ਸੀ। ਇਕ ਵਾਰ ਜਦੋਂ ਅਸੀਂ ਇਕੱਠੇ ਨਿਗਰਾਨ ਚੌਂਕੀ ਉੱਤੇ ਡਿਊਟੀ ਦੇ ਰਹੇ ਸਾਂ, ਤਾਂ ਉਸ ਨੇ ਮੈਨੂੰ ਆਪਣੇ ਆਪ ਬਾਰੇ ਦੱਸਿਆ ਸੀ। ਉਹ ਇਕ ਛਾਪਾਮਾਰਾਂ ਦੇ ਪਿੰਡ ਦਾ ਰਹਿਣ ਵਾਲ਼ਾ ਸੀ। ਲਗਪਗ ਸਾਰੇ ਹੀ ਮਰਦ, ਉਸ ਦੇ ਪਿਓ ਸਮੇਤ, ਜੰਗਲ ਵਿਚ ਚਲੇ ਗਏ ਹੋਏ ਸਨ, ਪਰ ਪਤਾ ਨਹੀਂ ਕਿਉਂ ਜਰਮਨਾਂ ਨੇ ਤੁਰੰਤ ਹੀ ਉਹਨਾਂ ਦੇ ਟੱਬਰਾਂ ਨੂੰ ਸਜ਼ਾ ਨਹੀਂ ਸੀ ਦਿੱਤੀ। ਫੇਰ ਇਕ ਰਾਤ ਛਾਪਾ ਮਾਰ ਕੇ ਸਭ ਨੂੰ ਫੜ ਲਿਆ ਗਿਆ। ਉਹ ਸਾਰੇ ਪਿੰਡ ਵਾਸੀਆਂ ਨੂੰ ਧੱਕ ਕੇ ਇਕ ਸਕੂਲ ਦੀ ਇਮਾਰਤ ਅੰਦਰ ਲੈ ਗਏ, ਦਰਵਾਜ਼ਿਆਂ ਨੂੰ ਜੰਦਰੇ ਮਾਰ ਦਿੱਤੇ ਤੇ ਅੱਗ ਲਾ ਦਿੱਤੀ। ਜਿਨ੍ਹਾਂ ਨੇ ਖਿੜਕੀਆਂ ਵਿਚੋਂ ਛਾਲਾਂ ਮਾਰਕੇ ਬਚ ਨਿਕਲਣ ਦੀ ਕੋਸ਼ਿਸ਼ ਕੀਤੀ ਉਹਨਾਂ ਨੂੰ ਗੋਲ਼ੀ ਮਾਰ ਦਿੱਤੀ ਗਈ। ਉਹਦੀ ਮਾਂ ਵੀ ਅੱਗ ਵਿਚ ਸੜ ਮਰਨ ਵਾਲ਼ਿਆਂ ਵਿਚ ਸੀ। ਬਾਵਜੂਦ ਇਸ ਦੇ ਕਿ ਛਾਪਾ ਅਚਨਚੇਤ ਹੀ ਮਾਰਿਆ ਗਿਆ ਸੀ, ਕੁਝ ਮਾਵਾਂ ਨੇ ਆਪਣੇ ਬੱਚੇ ਲੁਕਾ ਦਿੱਤੇ ਸਨ। ਪਿੰਡ ਦੇ ਕੁਝ ਲੋਕ ਵੀ ਲੁਕਣ ਵਿਚ ਕਾਮਯਾਬ ਹੋ ਗਏ ਸਨ। ਭੋਰਿਆਂ ਵਿਚ ਤੇ ਬਾਹਰ ਵਾਲ਼ੇ ਘਰਾਂ ਵਿਚ ਉਹਨਾਂ ਦੀ ਖੋਜ-ਭਾਲ ਕੀਤੀ ਗਈ ਤੇ ਜਿਹੜੇ ਲੱਭ ਪਏ ਉਹਨਾਂ ਨੂੰ ਰਾਤ ਵੇਲ਼ੇ ਗੋਲ਼ੀ ਮਾਰ ਦਿੱਤੀ ਗਈ। ਮਾਕਾਰੂਸ਼ਕਾ ਨੇ ਆਪਣੀ ਦੋ ਸਾਲਾਂ ਦੀ ਭੈਣ ਕੁੱਛੜ ਚੁੱਕੀ ਹੋਈ ਸੀ। ਉਹਨਾਂ ਨੂੰ ਇਕ ਖਾਈ ਦੇ ਕੰਢੇ ਖੜੇ ਕੀਤਾ ਗਿਆ। ਮਾਕਾਰੂਸ਼ਕਾ ਆਪਣੀ ਭੈਣ ਨੂੰ ਕੁੱਛੜ ਚੁੱਕੀ ਰੱਖਣ ਲਈ ਆਪਣੇ ਆਪ ਨੂੰ ਕਦੇ ਮਾਫ ਨਹੀਂ ਕਰ ਸਕਿਆ।

"ਜੇ ਮੈਂ ਉਹਨੂੰ ਭੁੰਜੇ ਪਾ ਦੇਦਾ ਤਾਂ ਸ਼ਾਇਦ ਉਹਨਾਂ ਨੂੰ ਉਹਦਾ ਪਤਾ ਹੀ ਨਾ ਲੱਗਦਾ। ਬਹੁਤ ਛੋਟੀ ਜਿਹੀ ਤਾਂ ਸੀ ਤੇ ਨਾਲੇ ਰਾਤ ਦਾ ਹਨੇਰਾ ਸੀ। ਪਰ ਉਹ ਸਹਿਮੀ ਹੋਈ ਸੀ ਤੇ ਇਉਂ

ਘੁੱਟ ਕੇ ਮੇਰੇ ਗਲ਼ ਨੂੰ ਚੰਬੜੀ ਹੋਈ ਸੀ ਕਿ ਮੈਂ ਉਸ ਨੂੰ ਆਪਣੇ ਨਾਲ਼ੋਂ ਲਾਹ ਹੀ ਨਾ ਸਕਿਆ। ਉਹਨੇ ਤਾਂ ਨਹੁੰਦਰਾਂ ਖੋਭੀਆਂ ਹੋਈਆਂ ਸਨ। ਏਸ ਥਾਂ।" ਉਸ ਨੇ ਆਪਣੀ ਗਰਦਨ ਵੱਲ ਇਸ਼ਾਰਾ ਕੀਤਾ। ਮੈਂ ਓਦੋਂ ਸੋਚਦਾ ਸਾਂ ਕਿ ਜਿੰਨਾ ਚਿਰ ਇਹ ਜਿਊਂਦਾ ਰਹੇਗਾ, ਇਸ ਨੂੰ ਦੋ ਸਾਲ ਦੇ ਬੱਚੇ ਦੀਆਂ ਨਹੁੰਦਰਾਂ ਮਹਿਸੂਸ ਹੁੰਦੀਆਂ ਰਹਿਣਗੀਆਂ ਜਿਸ ਦੇ ਨਿੱਕੇ ਜਿਹੇ ਬਦਨ ਨੂੰ ਮੌਤ ਦੀ ਮੌਜੂਦਗੀ ਦਾ ਅਹਿਸਾਸ ਸੀ।

"ਹਾਲੇ ਉਹ ਵਧਦਾ ਜਾਂਦਾ ਸੀ," ਨੌਜਵਾਨ ਜਰਮਨ ਮੁੰਡੇ ਨੇ ਉਸ ਛੋਟੇ ਜਿਹੇ ਸੂਰ ਬਾਰੇ ਆਖਿਆ ਸੀ ਜਿਸ ਦਾ ਭਾਰ ਤੀਹ ਕਿਲੋਗ੍ਰਾਮ ਸੀ। ਇਹ ਉਹਦਾ ਸੂਰ ਸੀ ਤੇ ਕਿਸੇ ਨੂੰ ਹੱਕ ਨਹੀਂ ਸੀ ਕਿ ਇਸ ਨੂੰ ਗੋਲ਼ੀ ਮਾਰੇ। ਅਤੇ ਕਿਸਾਨ, ਆਪਣੇ ਸਲੀਪਰ ਪਾਈ ਬੈਂਚ ਉੱਤੇ ਬੈਠਾ ਤੇ ਆਪਣੇ ਦੰਦਾਂ ਵਿਚ ਪਾਈਪ ਨੂੰ ਹਿਲਾਉਂਦਾ ਝੁਲਉਂਦਾ, ਆਪਣੇ ਪੁੱਤਰ ਉੱਤੇ ਪ੍ਰਸੰਨ ਸੀ।

ਮੈਂ ਨਜ਼ਰ ਚੁੱਕ ਕੇ ਗੱਭਰੂ ਜਰਮਨ ਵੱਲ਼ ਵੇਖਿਆ। ਉਹ ਚੌਦਾਂ ਵਰ੍ਹਿਆਂ ਦਾ ਸੀ, ਉਸ ਦੀ ਅਵਾਜ਼ ਬਦਲ ਰਹੀ ਸੀ, ਗੱਲ ਕਰਨ ਲੱਗਿਆ ਅਵਾਜ਼ ਪਾਟਦੀ ਸੀ। ਮਾਕਾਰੂਸ਼ਕਾ ਏਸੇ ਹੀ ਉਮਰ ਦਾ ਸੀ ਜਦੋਂ ਜਰਮਨਾਂ ਨੇ, ਉਹਦੇ ਕੁੱਛੜ ਉਹਦੀ ਭੈਣ ਸਮੇਤ ਗੋਲ਼ੀ ਮਾਰਨ ਲਈ ਅੱਗੇ ਲਾ ਲਿਆ ਸੀ, ਜਦੋਂ ਉਹ ਸਾਂਝੀ ਕਬਰ ਵਿਚੋਂ ਰੀਂਗ ਕੇ ਬਾਹਰ ਆਇਆ ਸੀ ਤੇ ਬਚ ਕੇ ਜੰਗਲ ਨੂੰ ਨਿਕਲ ਗਿਆ ਸੀ ਜਿੱਥੇ, ਜੰਗਲੀ ਜਾਨਵਰ ਵਾਂਗ, ਉਸ ਨੂੰ ਆਪਣੇ ਜ਼ਖਮਾਂ ਦੇ ਇਲਾਜ ਲਈ ਜੜੀਆਂ ਬੂਟੀਆਂ ਲੱਭ ਗਈਆਂ ਸਨ।

ਚੌਦਾਂ ਸਾਲਾਂ ਦੇ ਇਸ ਕਿਸਾਨ ਮੁੰਡੇ ਨੂੰ ਲੜਾਈ ਦੀ ਕੀਮਤ ਦਾ ਕੋਈ ਅਨੁਭਵ ਨਹੀਂ ਸੀ ਪਰ ਉਹ ਇਕ ਕਿਲੋਗ੍ਰਾਮ ਸੂਰ ਦੇ ਮਾਸ ਦੀ ਕੀਮਤ ਬਹੁਤ ਚੰਗੀ ਤਰ੍ਹਾਂ ਜਾਣਦਾ ਸੀ। ਅਤੇ ਉਹ ਆਪਣੇ ਹੱਥ ਵਿਚ ਬਿੱਲ ਲੈ ਕੇ ਮੇਰੇ ਸਾਮ੍ਹਣੇ ਖੜਾ ਸੀ, ਇਸ ਵਿਸ਼ਵਾਸ ਨਾਲ਼ ਕਿ ਮੇਰੇ ਅੱਗੇ ਇਹ ਬਿੱਲ ਪੇਸ਼ ਕਰਨ ਦਾ ਉਸ ਨੂੰ ਹੱਕ ਹੈ।

ਉਸ ਦਿਨ ਸ਼ਾਮ ਨੂੰ ਸਾਡੇ ਖਾਣੇ ਵਿਚ ਸੂਰ ਦਾ ਮਾਸ ਸੀ। ਕਿਸਾਨ ਤੇ ਉਹਦੀ ਬੀਵੀ, ਜਿਵੇਂ ਹਮੇਸ਼ਾ ਕਰਦੇ ਸਨ, ਚਲੇ ਗਏ ਸਨ ਅਤੇ ਸਾਡੇ ਨਾਲ਼ ਬੜੇ ਨਾਖੁਸ਼ ਸਨ। ਉਹ ਸਾਡੇ ਤੋਂ ਨਜ਼ਰਾਂ ਚੁਰਾਉਂਦੇ ਸਨ ਅਤੇ ਔਰਤ ਦਾ ਮੂੰਹ ਰੋ ਰੋ ਕੇ ਲਾਲ਼ ਹੋਇਆ ਪਿਆ ਸੀ। ਉਹਨਾਂ ਦਾ ਪੁੱਤਰ ਘਰ ਹੀ ਰਿਹਾ ਅਤੇ ਆਪਣੇ ਨਿੱਤ ਦਿਹਾੜੀ ਦੇ ਕੰਮ ਵਿਚ ਲੱਗਾ ਰਿਹਾ।

ਸੋਹਣੀ ਤਰ੍ਹਾਂ ਵਾਹੇ ਬੀਜੇ ਖੇਤਾਂ ਦੇ ਓਹਲੇ ਸੂਰਜ ਹੇਠਾਂ ਲਹਿਰ ਗਿਆ ਤੇ ਨੋਕਦਾਰ ਛੱਤਾਂ ਇਸ ਦੀਆਂ ਕਿਰਨਾਂ ਨੂੰ ਚੀਰ ਪਾ ਰਹੀਆਂ ਸਨ। ਬਾਹਰ ਪਾਰਦਰਸ਼ੀ ਵਾਤਾਵਰਣ ਵਿਚ ਡੁਬਦੇ ਸੂਰਜ ਦੀ ਲਾਲੀ ਥਿਰਕ ਰਹੀ ਸੀ, ਪਰ ਕਮਰਿਆਂ ਵਿਚ ਘੁਸਮੁਸਾ ਹੋ ਗਿਆ ਸੀ।

ਮੈਂ ਸੁਣਿਆ ਕਿਵੇਂ ਬਾਹਰ ਫਾਟਕ ਉੱਤੇ ਠੱਕ-ਠੱਕ ਹੋਈ। ਤੇ ਫੇਰ ਕਦਮਾਂ ਦੀ ਅਣਪਛਾਤੀ ਘਸਰ-ਘਸਰ ਕਰਦੀ ਆਹਟ। ਜਿੱਥੇ ਮੈਂ ਬੈਠਾ ਹੋਇਆ ਸੀ ਉਸ ਥਾਂ ਤੋਂ ਮੈਂ ਵਿਹੜੇ ਦੀ ਇਕ ਨੁੱਕਰ ਹੀ ਵੇਖ ਸਕਦਾ ਸੀ। ਥੋੜ੍ਹੇ ਚਿਰ ਬਾਅਦ ਇਕ ਆਦਮੀ ਮੇਰੀ ਨਜ਼ਰ ਦੇ ਦਾਇਰੇ ਵਿਚ ਆਇਆ। ਉਹ ਕਮਜ਼ੋਰ ਜਿਹਾ ਲੱਗਦਾ ਸੀ ਤੇ ਪੈਰ ਘਸੀਟ ਕੇ ਤੁਰਿਆ ਆਉਂਦਾ ਸੀ। ਪਰ ਜਿਸ ਅੰਦਾਜ਼ ਨਾਲ਼ ਵਿਹੜੇ ਵਿਚੋਂ ਲੰਘ ਰਿਹਾ ਸੀ, ਉਸ ਤੋਂ ਮੈਨੂੰ ਮਹਿਸੂਸ ਹੋਇਆ ਕਿ ਉਹ ਪਹਿਲਾਂ ਵੀ ਏਥੇ ਜ਼ਰੂਰ ਆਇਆ ਹੋਵੇਗਾ। ਸੂਰਵਾੜੇ ਅੱਗੇ ਜਾ ਕੇ, ਉਹ

ਖੜ੍ਹਾ ਹੋ ਕੇ ਹਨੇਰੇ ਵਿਚ ਧੁਰ ਅੰਦਰ ਤੱਕ ਝਾਕਣ ਲੱਗਾ। ਉਸ ਨੇ ਨਹੀਂ ਸੀ ਵੇਖਿਆ ਕਿ ਕਿਸਾਨ ਦੇ ਪੁੱਤਰ ਨੇ ਵਿਹੜੇ ਵਿਚ ਪਈਆਂ ਲੱਕੜਾਂ ਦੇ ਢੇਰ ਪਿਛੋਂ ਉਹਨੂੰ ਤਾੜ ਲਿਆ ਸੀ। ਇਕ ਪਲ਼ ਆਇਆ ਜਦੋਂ ਮੁੰਡਾ ਉੱਚੀ ਸਾਰੀ ਵਾਜ ਮਾਰਨ ਲੱਗਾ ਸੀ, ਪਰ ਅਚਾਨਕ ਹੀ ਉਹਦੇ ਚਿਹਰੇ ਦਾ ਰੰਗ ਢੰਗ ਬਦਲ ਗਿਆ ਤੇ ਉਹਨੇ ਆਪਣੇ ਆਪ ਨੂੰ ਰੋਕ ਲਿਆ। ਉਸ ਨੇ ਉਹਨੂੰ ਪਛਾਣ ਲਿਆ ਸੀ।

ਮੈਂ ਡਿਉੜੀ ਵਿਚ ਆ ਗਏ ਕਦਮਾਂ ਦੀ ਆਹਟ ਸੁਣੀ। ਖਿੜਕੀ ਦੇ ਪਰਦੇ ਕਾਰਨ ਮੈਨੂੰ ਉਸ ਦੇ ਜਿਸਮ ਦਾ ਉੱਤਲਾ ਹਿੱਸਾ ਨਜ਼ਰ ਨਹੀਂ ਸੀ ਆਉਂਦਾ, ਸਿਰਫ ਲੱਤਾਂ ਹੀ ਵਿਖਾਈ ਦੇਂਦੀਆਂ ਸਨ ਜਿਨ੍ਹਾਂ ਉੱਤੇ ਮੁਰੰਮਤ ਕੀਤੇ ਬੂਟ ਚੜ੍ਹਾਏ ਹੋਏ ਸਨ। ਜ਼ਾਹਿਰ ਸੀ ਕਿ ਉਸ ਆਦਮੀ ਨੂੰ ਸੱਜਾ ਕਦਮ ਪੁੱਟਣ ਲੱਗਿਆਂ ਬਹੁਤ ਪੀੜ ਹੁੰਦੀ ਸੀ ਕਿਉਂਕਿ ਉਹ ਫੌਰਨ ਆਪਣਾ ਭਾਰ ਖੱਬੇ ਪੈਰ ਉੱਤੇ ਪਾ ਦੇਂਦਾ ਸੀ ਤੇ ਸੱਜੇ ਪੈਰ ਨੂੰ ਬਸ ਘਸੀਟੀ ਆਉਂਦਾ ਸੀ।

ਕੁਝ ਚਿਰ ਉਹ ਹੱਥ ਮਾਰ ਕੇ ਦਰਵਾਜ਼ੇ ਦਾ ਕੁੰਡਾ ਲੱਭਦਾ ਰਿਹਾ ਤੇ ਓਨਾ ਚਿਰ ਮੈਨੂੰ ਉਹਦੇ ਬੋਝਲ ਸਾਹਾਂ ਦੀ ਆਵਾਜ਼ ਸੁਣਦੀ ਰਹੀ। ਅਖੀਰ ਦਰਵਾਜ਼ਾ ਖੁੱਲ੍ਹਾ ਤੇ ਉਹਨੇ ਅੰਦਰ ਕਦਮ ਰੱਖਿਆ। ਉਹ ਇਕ ਬੁੱਢਾ ਆਦਮੀ ਸੀ ਜਿਸ ਨੇ ਘਸੇ ਹੋਏ ਕੱਪੜੇ ਪਾਏ ਹੋਏ ਸਨ ਜਿਨ੍ਹਾਂ ਦਾ ਰੰਗ ਉੱਡ ਗਿਆ ਹੋਇਆ ਸੀ ਤੇ ਜਿਹੜੇ ਉਸ ਦੇ ਮੇਚ ਵੀ ਨਹੀਂ ਸਨ ਜਿਵੇਂ ਇਹ ਉਹਦੇ ਲਈ ਬਣਾਏ ਹੀ ਨਹੀਂ ਸਨ ਗਏ। ਜਿਸ ਢੰਗ ਨਾਲ਼ ਉਹਨੇ ਕਮਰੇ ਵਿਚ ਏਧਰ ਓਧਰ ਵੇਖਿਆ ਉਸ ਤੋਂ ਮੈਨੂੰ ਫੇਰ ਏਹੋ ਅਹਿਸਾਸ ਹੋਇਆ ਕਿ ਉਹ ਪਹਿਲਾਂ ਵੀ ਏਥੇ ਆ ਚੁੱਕਾ ਸੀ।

"ਸਲਾਮ ਏ," ਮੈਂ ਹਨੇਰੇ ਵਿਚ ਬੈਠਿਆਂ ਹੀ ਆਖਿਆ।

ਉਹ ਤ੍ਰਭਕਿਆ ਤੇ ਉਹਨੇ ਅਜੀਬ ਜਿਹੀਆਂ ਨਜ਼ਰਾਂ ਨਾਲ਼ ਮੇਰੇ ਵੱਲ ਵੇਖਿਆ। ਇਹਨਾਂ ਨਜ਼ਰਾਂ ਵਿਚ ਡਰ ਦਾ ਅਹਿਸਾਸ ਨਹੀਂ ਸੀ। ਜਦੋਂ ਉਹਨੇ ਘੋਖ ਕੇ ਵੇਖ ਲਿਆ ਕਿ ਉਹਦੇ ਸਾਮ੍ਹਣੇ ਕੌਣ ਹੈ, ਤਾਂ ਉਹਨੇ ਮੇਰੀ ਸਲਾਮ ਦਾ ਜਵਾਬ ਦਿੱਤਾ ਤੇ ਗੋਲ਼ ਟੋਪੀ ਲਾਹੀ ਜਿਹੜੀ ਨਜ਼ਰਬੰਦੀ ਕੈਂਪਾਂ ਵਿਚ ਕੈਦੀਆਂ ਨੂੰ ਦਿੱਤੀ ਜਾਂਦੀ ਸੀ, ਅਤੇ ਪੋਲਿਸ਼ ਭਾਸ਼ਾ ਵਿਚ ਮੈਨੂੰ ਕੁਝ ਪੁੱਛਿਆ। ਮੈਂ ਆਪਣੇ ਮੋਢੇ ਛੰਡ ਦਿੱਤੇ। ਉਸ ਨੇ ਹੱਥ ਮਾਰ ਕੇ ਕੋਈ ਇਸ਼ਾਰਾ ਕੀਤਾ ਤੇ ਮੈਨੂੰ ਫੇਰ ਪੋਲਿਸ਼ ਤੇ ਜਰਮਨ ਵਿਚ ਸਵਾਲ ਕੀਤਾ। ਉਹ ਕਿਸਾਨ ਬਾਰੇ ਪੁੱਛ ਰਿਹਾ ਸੀ। ਮੈਂ ਉਸ ਨੂੰ ਦੱਸਿਆ ਕਿ ਉਹ ਏਥੇ ਹੀ ਰਹਿੰਦਾ ਹੈ ਪਰ ਰਾਤ ਵੇਲੇ ਚਲਾ ਜਾਂਦਾ ਹੈ। ਜਿਸ ਤਾਂਘ ਨਾਲ਼ ਉਹਨੇ ਮੇਰੇ ਜਵਾਬ ਦੀ ਉਡੀਕ ਕੀਤੀ, ਉਸ ਤੋਂ ਮੈਂ ਦੰਗ ਸਾਂ।

"Hier,"* ਉਸ ਨੇ ਸੁਖ ਦਾ ਸਾਹ ਲੈਂਦਿਆਂ ਦੁਹਰਾਇਆ ਤੇ ਫੇਰ ਪੋਲਿਸ਼ ਵਿਚ ਹੀ ਮੈਨੂੰ ਸ਼ੁਕਰੀਆ ਆਖਿਆ।

"ਮੈਂ ਉਸ ਨੂੰ ਬਲੂਤ ਦੀ ਇਕ ਭਾਰੀ ਜਿਹੀ ਕੁਰਸੀ ਪੇਸ਼ ਕੀਤੀ ਤੇ ਜਦੋਂ ਉਹ ਬਹਿ ਗਿਆ ਤਾਂ ਮੈ ਵੇਖਿਆ ਉਹਦੇ ਗੋਡਿਆਂ ਦੀਆਂ ਚੱਪਣੀਆਂ ਬਾਹਰ ਨਿਕਲੀਆਂ ਹੋਈਆਂ ਸਨ। ਹੁਣ ਜਦੋਂ ਮੈਂ ਉਸ ਨੂੰ ਨੇੜਿਓਂ ਵੇਖ ਰਿਹਾ ਸਾਂ, ਮੈਂ ਵੇਖਿਆ ਕਿ ਉਹ ਬੁੱਢਾ ਬਿਲਕੁਲ ਨਹੀਂ ਸੀ, ਸਗੋਂ ਐਸਾ ਆਦਮੀ ਲੱਗਦਾ ਸੀ ਜਿਸ ਨੇ ਬੜੀਆਂ ਦੁੱਖ-ਮੁਸੀਬਤਾਂ ਝਲੀਆਂ ਹੋਣ। ਉਹਦੀਆਂ

* ਏਥੇ। **—ਸੰਪਾ:**

ਪੁੜਪੜੀਆਂ ਵਿਚ ਡੂੰਘ ਪੈਂਦੇ ਸਨ ਤੇ ਉਹਦੇ ਚਿਹਰੇ ਵਿਚ ਜਿਵੇਂ ਲਹੂ ਹੀ ਨਹੀਂ ਸੀ। ਗਰਮ ਤੇ ਸਵਾਦੀ ਭੁੰਨੇ ਹੋਏ ਸੂਰ ਦੇ ਮਾਸ ਤੇ ਆਲੂਆਂ ਦੀ ਪਲੇਟ ਅਜੇ ਮੈਨੂੰ ਫੜਾਈ ਹੀ ਗਈ ਸੀ ਅਤੇ ਮੈਂ ਵੇਖ ਰਿਹਾ ਸਾਂ ਕਿ ਇਸ ਦੀ ਮਹਿਕ ਨਾਲ਼ ਉਹਦੇ ਮੂੰਹ ਵਿਚ ਪਾਣੀ ਆ ਗਿਆ ਸੀ।

"ਮੈਂ ਮਾਕਾਰੂਸ਼ਕਾ ਨੂੰ ਜਾਣ ਦਿੱਤਾ, ਫਰਾਈ-ਪੈਨ ਵਿਚੋਂ ਅੱਧਾ ਮਾਸ ਤੇ ਆਲੂ ਇਕ ਪਲੇਟ ਵਿਚ ਪਾ ਕੇ ਉਹਨੂੰ ਫੜਾਈ। ਉਹ ਡਰੀਆਂ ਹੋਈਆਂ ਅੱਖਾਂ ਨਾਲ਼ ਪਲੇਟ ਵੱਲ ਵੇਖ ਰਿਹਾ ਸੀ।

"Nein, Nein,", ਉਸ ਨੇ ਜ਼ੋਰ ਨਾਲ਼ ਆਪਣਾ ਸਿਰ ਮਾਰਦਿਆਂ ਆਖਿਆ।

"ਖਾ ਲਓ, ਖਾ ਲਓ," ਮੈਂ ਜ਼ੋਰ ਦੇ ਕੇ ਆਖਿਆ। "ਮੈਂ ਹੁਣੇ ਹੋਰ ਮੰਗਵਾ ਲਵਾਂਗਾ।"

ਉਸ ਨੇ ਨਿਸੱਤੇ ਜਿਹੇ ਹੱਥ ਨਾਲ਼ ਪਲੇਟ ਪਰੇ ਧੱਕ ਦਿੱਤੀ। ਮੈਂ ਹੋਰ ਜ਼ੋਰ ਨਹੀਂ ਪਾਇਆ, ਪਰ ਮੈਨੂੰ ਕੁਝ ਸਮਝ ਨਹੀਂ ਸੀ ਆਉਂਦੀ। ਕੁਝ ਕੁਝ ਬੇਚੈਨੀ ਜਿਹੀ ਨਾਲ਼, ਮੈਂ ਉਹਨੂੰ ਵਾਈਨ ਦਾ ਇਕ ਗਲਾਸ ਭਰ ਦਿੱਤਾ। ਉਸ ਨੇ ਨਜ਼ਰਾਂ ਨਜ਼ਰਾਂ ਨਾਲ਼ ਹੀ ਮੇਰਾ ਸ਼ੁਕਰੀਆ ਅਦਾ ਕੀਤਾ ਅਤੇ ਸ਼ੌਂਕ ਨਾਲ਼ ਪੀ ਲਿਆ। ਜਦੋਂ ਉਹ ਪੀ ਰਿਹਾ ਸੀ ਤਾਂ ਉਹਦੀਆਂ ਪੁੜਪੜੀਆਂ ਦੇ ਡੂੰਘ ਫੁਲਦੇ ਤੇ ਪਿਚਕਦੇ ਰਹੇ ਸਨ ਤੇ ਜਿਹੜੇ ਹੱਥ ਵਿਚ ਉਹਨੇ ਗਲਾਸ ਫੜਿਆ ਹੋਇਆ ਸੀ ਉਹਦੇ ਗੁੱਟ ਦੀਆਂ ਨਾੜਾਂ ਤਕਰੀਬਨ ਨਜ਼ਰ ਆਉਂਦੀਆਂ ਸਨ ਤੇ ਉਂਗਲਾਂ ਤੱਕ ਹੱਡੀਆਂ ਫੜਫੜਾਉਂਦੀਆਂ ਸਨ। ਉਹਦੀ ਬਾਹਰ ਨਿਕਲੀ ਹੋਈ ਘੰਡੀ ਹੇਠਾਂ ਉੱਤੇ ਜਾਂਦੀ ਵੇਖ ਕੇ ਖ਼ੌਫ ਆਉਂਦਾ ਸੀ।

ਗਲਾਸ ਅਜੇ ਪੂਰਾ ਪੀਤਾ ਨਹੀਂ ਸੀ ਕਿ ਉਸ ਨੂੰ ਆਂਦਰਾਂ ਖਿੱਚ ਲੈਣ ਵਾਲ਼ੀ ਖੰਘ ਛਿੜ ਪਈ ਜਿਸ ਨਾਲ਼ ਉਹਦਾ ਚਿਹਰਾ ਨੀਲਾ ਹੋ ਗਿਆ, ਸਾਹ ਉਖੜ ਗਿਆ, ਅੱਖਾਂ ਵਿਚੋਂ ਪਾਣੀ ਆ ਗਿਆ ਤੇ ਹੱਥ ਕੰਬਣ ਲੱਗ ਪਏ।

"ਤੁਸੀਂ ਪਹਿਲਾਂ ਏਥੇ ਰਹਿੰਦੇ ਸੀ ?" ਮੈਂ ਇਹ ਭਾਂਪ ਕੇ ਪੁੱਛਿਆ ਕਿ ਉਸ ਨੂੰ ਇਸ ਤਰ੍ਹਾਂ ਬੀਮਾਰ ਹੋਣ ਦੀ ਸ਼ਰਮ ਆ ਰਹੀ ਸੀ। "ਤੁਸੀਂ ਪਹਿਲਾਂ ਵੀ ਇਸ ਮਕਾਨ ਵਿਚ ਆਏ ਹੋ ?"

ਉਸ ਨੇ ਗੁੰਗਿਆਂ ਵਾਂਗ ਮੇਰੇ ਵੱਲ ਵੇਖਿਆ ਤੇ ਉਹ ਮੇਰੇ ਹਿਲਦੇ ਬੁੱਲ੍ਹਾਂ ਤੋਂ ਇਹ ਅੰਦਾਜ਼ਾ ਲਾ ਰਿਹਾ ਸੀ ਕਿ ਉਸ ਨੂੰ ਕੀ ਕਿਹਾ ਜਾ ਰਿਹਾ ਹੈ।

"ਤੁਸੀਂ ਰੂਸੀ ਬੋਲੀ ਨਹੀਂ ਸਮਝਦੇ ?"

"ਕੁਝ, ਕੁਝ," ਉਹਨੇ ਸਿਰ ਹਿਲਾਇਆ। "ਕੁਝ ਕੁਝ ਸਮਝਦਾ ਹਾਂ !"

"ਮੈਂ ਪੁਛਦਾਂ, ਤੁਸੀਂ ਪਹਿਲਾਂ ਵੀ ਇਸ ਘਰ ਵਿਚ ਆਏ ?"

ਉਸ ਨੇ ਆਪਣਾ ਸਿਰ ਹਿਲਾ ਛੱਡਿਆ।

ਅਚਾਨਕ ਮੈਨੂੰ ਲੱਗਾ ਕਿ ਉਹ ਕੁਝ ਪਾਗਲ ਸੀ: ਉਹਦੀਆਂ ਅੱਖਾਂ ਤੋਂ ਇੰਜ ਹੀ ਲੱਗਦਾ ਸੀ। ਉਹ ਫਿਰ ਕਮਰੇ ਵਿਚ ਨਜ਼ਰ ਦੌੜਾਉਣ ਲੱਗ ਪਿਆ।

"ਪੋਲ," ਉਸ ਨੇ ਆਖਿਆ। ਉਸ ਨੇ ਮੈਨੂੰ ਸਮਝਾਇਆ ਕਿ ਉਹਨੂੰ ਮਾਤਭੂਮੀ ਤੋਂ ਜ਼ਬਰਦਸਤੀ ਧੱਕ ਕੇ ਇੱਥੇ ਲਿਆਂਦਾ ਗਿਆ ਹੈ।

"ਮੇਰੀ ਬੀਵੀ ਏਥੇ ਰਹਿੰਦੀ ਸੀ। ਏਥੇ।" ਉਸ ਨੇ ਖਿੜਕੀ ਵਿਚੋਂ ਤਬੇਲੇ ਵੱਲ ਇਸ਼ਾਰਾ ਕੀਤਾ। ਆਪਣਾ ਹੱਥ ਉਤਾਂਹ ਕਰਨ ਵਾਸਤੇ ਉਹਨੂੰ ਬੜਾ ਜ਼ੋਰ ਲਾਉਣ ਪਿਆ ਸੀ। "ਮੇਰੇ

ਏਥੇ ਇਕ ਪੁੱਤਰ ਵੀ ਸੀ।" ਉਸ ਨੇ ਇਕ ਵਾਰੀ ਫੇਰ ਮੇਰੇ ਵੱਲ ਵੇਖਿਆ। "ਜਦੋਂ ਉਹਨੇ ਜਨਮ ਲਿਆ ਤੇ ਚੀਕ ਮਾਰੀ ਮੇਰੀ ਬੀਵੀ ਨੇ ਉਹਦੇ ਮੂੰਹ ਉੱਤੇ ਹੱਥ ਰੱਖ ਦਿੱਤਾ ਸੀ ਤਾਂ ਜੋ ਕੋਈ ਸੁਣ ਨਾ ਲਵੇ। ਪਰ ਸਿਰਫ਼ ਲਾਸ਼ਾਂ ਹੀ ਲੁਕਾਈਆਂ ਜਾ ਸਕਦੀਆਂ ਨੇ। ਇਕ ਦਿਨ ਜਦੋਂ ਉਹ ਬੱਚੇ ਨੂੰ ਦੁੱਧ ਚੁੰਘਾ ਰਹੀ ਸੀ ਤਾਂ ਜਰਮਨ ਅੰਦਰ ਆ ਗਿਆ। ਉਹ ਬੋਲਿਆ ਕੁਝ ਨਹੀਂ ਸੀ, ਬਸ ਖਲੋਤਾ ਰਿਹਾ ਤੇ ਉਹਨੂੰ ਵੇਖਦਾ ਰਿਹਾ। ਉਹ ਮੈਨੂੰ ਸਮਝਾ ਨਹੀਂ ਸੀ ਸਕੀ ਕਿ ਉਸ ਨੇ ਕਿਸ ਤਰ੍ਹਾਂ ਵੇਖਿਆ ਸੀ, ਪਰ ਜਦੋਂ ਉਹਨੇ ਮੈਨੂੰ ਇਹ ਗੱਲ ਦੱਸੀ ਉਹ ਕੰਬੀ ਜਾਂਦੀ ਸੀ ਤੇ ਰੋਈ ਜਾਂਦੀ ਸੀ। ਮੈਂ ਕੀ ਕਰ ਸਕਦਾ ਸਾਂ ? ਮੈਂ ਨਾਲ਼ ਦੇ ਪਿੰਡ ਇਕ ਜਰਮਨ ਵਾਸਤੇ ਕੰਮ ਕਰਦਾ ਸੀ। ਮੈਂ ਕੀ ਕਰ ਸਕਦਾ ਸਾਂ ? ਮੈਂ ਲਾਚਾਰ ਸਾਂ..."

ਉਹਦੇ ਖੁਸ਼ਕ ਸਲੇਟੀ ਬੁੱਲ੍ਹ ਹੌਲ਼ੀ-ਹੌਲ਼ੀ ਹਿਲਦੇ ਸਨ ਜਿਵੇਂ ਪਾਲੇ ਨਾਲ਼ ਸੁੰਨ ਹੋ ਗਏ ਹੋਣ। ਖਿੜਕੀ ਵਿਚੋਂ ਆਉਂਦਾ ਮੱਧਮ ਜਿਹਾ ਚਾਨਣ ਉਹਦੀਆਂ ਪਥਰਾਈਆਂ ਜਿਹੀਆਂ ਅੱਖਾਂ ਵਿਚ ਪੈਂਦਾ ਸੀ ਜਿਨ੍ਹਾਂ ਅੱਖਾਂ ਦੀ ਨਜ਼ਰ ਅੰਦਰ ਵੱਲ ਮੁੜ ਗਈ ਸੀ।

"ਹੁਣ ਮੈਨੂੰ ਪਤਾ ਹੈ ਕਿ ਉਹ ਮੇਰੀ ਬੀਵੀਂ ਵੱਲ ਕਿਵੇਂ ਵੇਖਦਾ ਸੀ। ਉਹ ਉਸ ਨੂੰ ਚੋਗਾ ਸੁੱਟ ਰਿਹਾ ਸੀ ਤਾਂ ਜੋ ਉਹ ਉਹਦੇ ਵਾਸਤੇ ਕੰਮ ਕਰਦੀ ਅਤੇ ਬੱਚਾ ਉਹਦੀ ਸੱਤਿਆ ਖਿਚ ਰਿਹਾ ਸੀ। ਉਸ ਤੋਂ ਮਗਰੋਂ ਉਹ ਹਮੇਸ਼ਾ ਹੀ ਖੇਤਾਂ ਨੂੰ ਜਾਣ ਤੋਂ ਪਹਿਲਾਂ ਬੱਚੇ ਨੂੰ ਲੁਕਾ ਜਾਂਦੀ ਸੀ। ਉਹ ਕਹਿੰਦੀ ਸੀ ਕਿ ਜਦੋਂ ਉਹ ਬਾਹਰ ਹੁੰਦੀ ਸੀ ਓਦੋਂ ਵੀ ਉਹਨੂੰ ਰੋਂਦੇ ਬੱਚੇ ਦੀ ਅਵਾਜ਼ ਸੁਣਦੀ ਸੀ, ਪਰ ਮੈਂ ਸਮਝਦਾ ਹਾਂ ਕਿ ਇਹ ਚੀਕ ਹਮੇਸ਼ਾ ਹੀ ਉਹਦੇ ਕੰਨਾਂ ਵਿਚ ਗੂੰਜਦੀ ਰਹਿੰਦੀ ਸੀ। ਇਕ ਵਾਰੀ ਉਹਨੂੰ ਇਹ ਅਵਾਜ਼ ਸੁਣਨ ਦਾ ਏਨਾ ਪੱਕਾ ਯਕੀਨ ਹੋ ਗਿਆ ਕਿ ਉਹ ਭੱਜੀ-ਭੱਜੀ ਵਾਪਸ ਆ ਗਈ ਸੀ। ਜਰਮਨ ਵਿਹੜੇ ਵਿਚ ਬਾਹਰ ਜਾਣ ਲਈ ਆਪਣੇ ਘੋੜੇ ਜੋੜ ਰਿਹਾ ਸੀ। ਸੂਰਖਾਨੇ ਦੇ ਬੂਹੇ ਅੱਗੇ ਇਕ ਫੱਟਾ ਰੱਖਿਆ ਹੋਇਆ ਸੀ। ਉਹ ਵਾਹੋਦਾਹੀ ਓਧਰ ਗਈ: ਉਹਦਾ ਮੱਥਾ ਠਣਕ ਗਿਆ ਸੀ। ਜਦੋਂ ਉਹਨੇ ਸੂਰਾਂ ਦੇ ਜਮਘਟੇ ਨੂੰ ਧੱਕ ਕੇ ਪਰੇ ਕੀਤਾ ਤਾਂ ਓਥੇ ਸਾਡਾ ਬੱਚਾ ਪਿਆ ਸੀ। ਉਸ ਤੋਂ ਬਾਅਦ ਉਹ ਕਦੇ ਕੁਝ ਵੇਖ ਨਹੀ ਸਕੀ। ਜਦੋਂ ਉਹ ਉੱਕੀ ਹੀ ਪਾਗਲ ਹੋ ਗਈ ਤਾਂ ਜਰਮਨ ਉਸ ਨੂੰ ਪਹਾੜੀ ਉੱਤੇ ਕੈਂਪ ਵਿਚ ਲੈ ਗਿਆ। ਸ਼ਮਸ਼ਾਨ ਵੱਲ। ਉਸ ਨੂੰ ਕੁਝ ਸਮਝ ਨਹੀਂ ਸੀ ਆਉਂਦਾ, ਅਤੇ ਏਹੋ ਕਿਸਮਤ ਸੀ।"

ਮੇਰੇ ਜਾਸੂਸ ਸੈਨਿਕ ਬਾਹਰ ਵਿਹੜੇ ਵਿਚ ਹੌਲ਼ੀ-ਹੌਲ਼ੀ ਗਾ ਰਹੇ ਸਨ ਤੇ ਉਸਨੇ ਜਰਮਨ ਤੇ ਪੋਲਿਸ਼ ਜਬਾਨ ਦੇ ਮਿਲਗੋਭੇ ਵਿਚ ਮੈਨੂੰ ਆਪਣੀ ਕਹਾਣੀ ਸੁਣਾ ਦਿੱਤੀ। ਘੁਸਮੁਸੇ ਵਿਚ ਮੈਨੂੰ ਉਹਦਾ ਚਿਹਰਾ ਚੰਗੀ ਤਰ੍ਹਾਂ ਨਜ਼ਰ ਨਹੀਂ ਸੀ ਆਉਂਦਾ — ਸਿਰਫ਼ ਉਹਦੀਆਂ ਅੰਦਰ ਨੂੰ ਧਸੀਆਂ ਗੱਲ੍ਹਾਂ ਦੇ ਗੂੜ੍ਹੇ ਪਰਛਾਵੇਂ ਅਤੇ ਡੂੰਘੀਆਂ ਅੱਖਾਂ ਦੀ ਝਲਕ ਹੀ ਪੈਂਦੀ ਸੀ।

"ਮੈਂ ਡੇਢ੍ਹ ਸਾਲ ਕੈਂਪ ਵਿਚ ਰਿਹਾ, ਤੇ ਇਹ ਸਭ ਕੁਝ ਝੱਲਿਆਂ ਤਾਂ ਜੋ ਏਥੇ ਵਾਪਸ ਆ ਸਕਾਂ," ਉਸ ਨੇ ਆਖਿਆ।

ਮੈਨੂੰ ਯਾਦ ਆਇਆ ਕਿ ਕਿਸਾਨ ਮਾਲਕ ਦਾ ਮੁੰਡਾ, ਲੱਕੜਾਂ ਦੇ ਢੇਰ ਓਹਲੇ ਖਲੋਤਾ ਉਹਨੂੰ ਕਿਵੇਂ ਵੇਖ ਰਿਹਾ ਸੀ। ਮੈਂ ਖਿੜਕੀ ਕੋਲ ਆਇਆ ਤੇ ਮਾਗੋਸਲਿਨ ਨੂੰ ਬੁਲਾਇਆ। ਗੀਤ ਅਚਾਨਕ ਬੰਦ ਹੋ ਗਿਆ ਅਤੇ ਮੈਨੂੰ ਨੇੜੇ ਆਉਂਦੀ ਚਮੜੇ ਦੀ ਜੈਕਟ ਦੀ ਚਰਚਰ ਚੀਂ

ਚੀਂ ਸੁਣਾਈ ਦਿੱਤੀ। ਮਾਰਗੋਸਲਿਨ ਬਾਰੀ ਹੇਠ ਆ ਖੜਾ ਹੋਇਆ ਤੇ ਮੂੰਹ ਉਪਰ ਕਰ ਕੇ ਵੇਖਿਆ।

"ਏਧਰ ਸੱਦ ਲਿਆ ਮੁੰਡੇ ਨੂੰ," ਮੈਂ ਆਖਿਆ।

ਤਕਰੀਬਨ ਦਸ ਮਿੰਟ ਤੱਕ ਮੈਨੂੰ ਵਿਹੜੇ ਵਿਚ, ਢਾਰਿਆਂ ਦੇ ਪਿੱਛੇ, ਮਕਾਨ ਦੇ ਲਾਗੇ-ਚਾਗੇ ਕਦਮਾਂ ਦੀ ਆਹਟ ਤੇ ਅਵਾਜ਼ਾਂ ਸੁਣਦੀਆਂ ਰਹੀਆਂ।

ਇਚਰ ਨੂੰ ਕਮਰੇ ਵਿਚ ਪੂਰੀ ਤਰ੍ਹਾਂ ਹਨੇਰਾ ਹੋ ਗਿਆ ਸੀ। ਸਿਰਫ਼ ਦੋ ਖਿੜਕੀਆਂ ਦੀ ਸਾਮ੍ਹਣੀ ਕੰਧ ਤੇ ਨੁੱਕਰ ਵਿਚ ਪਏ ਸ਼ੀਸ਼ੇ ਉੱਤੇ ਹੀ ਚਾਨਣ ਰਹਿ ਗਿਆ ਸੀ।

"ਓਥੇ ਇਕ ਵੱਡੀ ਸਾਰੀ ਕੋਠੜੀ ਸੀ... ਵੱਡੀ ਸਾਰੀ। ਇਹਨਾਂ ਹੱਥਾਂ ਨੇ ਹੀ ਬਣਾਈ ਸੀ।"

ਉਹਨੇ ਆਪਣੇ ਹੱਥ ਮੈਨੂੰ ਵਿਖਾਏ ਤੇ ਆਪ ਵੀ ਵੇਖਿਆ।

"ਉਥੇ ਲੋਕਾਂ ਨੂੰ ਡੱਕਿਆ ਜਾਂਦਾ ਸੀ। ਕੀ ਔਰਤਾਂ ਕੀ ਬੱਚੇ। ਬੱਚੇ, ਖਿੜਾਉਣਿਆਂ ਸਮੇਤ... ਉਹਨਾਂ ਨੂੰ ਆਖਣ ਓਥੇ ਹਮਾਮ ਹੈ। ਤੇ ਲੋਕ ਤੁਰੇ ਜਾਂਦੇ। ਬੱਚੇ ਵੀ ਓਥੇ," ਉਸ ਨੇ ਛੱਤ ਵੱਲ ਇਸ਼ਾਰਾ ਕਰ ਕੇ ਕਿਹਾ, "ਏਡੀ ਵੱਡੀ ਖਿੜਕੀ ਸੀ। ਉਸ ਰਾਹੀ ਗੈਸ ਛੱਡੀ ਜਾਂਦੀ ਸੀ। ਗੈਸ...। ਮੇਰੀ ਕਾਤਾਜ਼੍ਹੀਨਾ ਨੇ ਵੇਖਿਆ ਵੀ ਨਾ ਕਿ ਉਹਨੂੰ ਕਿੱਥੇ ਲਈ ਜਾਂਦੇ ਸਨ। ਤੇ ਉਹਦੀ ਕਿਸਮਤ ਹੀ ਇਹੋ ਸੀ...। ਏਨੀ ਜਵਾਨ, ਏਨੀ ਸੁਣੱਖੀ...।"

ਤੇ ਇਕ ਵਾਰੀ ਫਿਰ ਉਹਦੀਆਂ ਅੱਖਾਂ 'ਚੋਂ ਪਾਗਲਪਨ ਝਲਕਿਆ। ਪਰ ਉਹ ਪਾਗ਼ਲ ਬਿਲਕੁਲ ਨਹੀਂ ਸੀ।

ਸਿਰਫ਼ ਸਾਵਧਾਨੀ ਸਦਕਾ ਹੀ, ਮੈਂ ਪੋਲ ਨੂੰ ਪੁੱਛਿਆ ਕਿ ਉਸ ਨੂੰ ਓਸ ਪਿੰਡ ਦੀ ਜਾਣਕਾਰੀ ਹੈ ਜਿੱਥੇ ਕਿਸਾਨ ਤੇ ਉਹਦੀ ਬੀਵੀ ਗਏ ਸਨ ਅਤੇ ਕੀ ਉਹ ਸਾਨੂੰ ਓਥੇ ਲਿਜਾ ਸਕਦਾ ਹੈ। ਫੇਰ ਅਸੀਂ ਚੁੱਪ ਕਰ ਕੇ ਬੈਠੇ ਉਡੀਕਦੇ ਰਹੇ।

ਅਖੀਰ ਮਾਰਗੋਸਲਿਨ ਆਇਆ। ਜਿਵੇਂ ਮੈਨੂੰ ਆਸ ਸੀ, ਉਹਨੇ ਦੱਸਿਆ ਕਿ ਮੁੰਡਾ ਤਾਂ ਓਥੇ ਕਿਧਰੇ ਵੀ ਨਹੀਂ।

ਅਸੀਂ ਚਾਰ ਜਣੇ — ਪੋਲ, ਮਾਰਗੋਸਲਿਨ, ਮਾਕਾਰੂਸ਼ਕਾ ਤੇ ਮੈਂ — ਜੰਗਲ ਵਿਚੋਂ ਦੀ ਤੁਰ ਪਏ। ਦੁਮੇਲ 'ਤੇ ਚੰਨ ਦਾ ਉਪਰਲਾ ਅੱਧਾ ਹਿੱਸਾ ਨਜ਼ਰ ਆ ਰਿਹਾ ਸੀ, ਹੇਠਲਾ ਹਿੱਸਾ ਪ੍ਰਤੱਖ ਤੌਰ 'ਤੇ ਉੱਚੀਆਂ ਨੀਵੀਆਂ ਪਹਾੜੀਆਂ ਦੇ ਓਹਲੇ ਸੀ। ਬੜਾ ਵੱਡਾ ਚੰਨ ਸੀ, ਤਾਂਬੇ ਦੇ ਰੰਗ ਦਾ ਅਤੇ ਪਹਾੜੀਆਂ ਗੂੜ੍ਹੀਆਂ ਕਾਲ਼ੀਆਂ। ਜਦੋਂ ਆਖ਼ਰ ਚੰਨ ਪਹਾੜੀਆਂ ਦੇ ਚੁੰਗਲ ਵਿਚੋਂ ਨਿਕਲਿਆ ਤਾਂ ਇਕਦਮ ਸਾਡੇ ਸੱਜੇ ਪਾਸੇ ਅਸਮਾਨ ਉੱਤੇ ਆ ਗਿਆ, ਤੇ ਜਿਵੇਂ-ਜਿਵੇਂ ਉੱਚਾ ਹੁੰਦਾ ਗਿਆ, ਛੋਟਾ ਹੁੰਦਾ ਗਿਆ। ਚੰਨ ਬਹੁਤ ਉੱਚਾ ਹੋ ਗਿਆ ਸੀ, ਤੇ ਇਸ ਨੇ ਆਪਣੀ ਚਿੱਟੀ ਚਾਨਣੀ ਨਾਲ਼ ਦੁਨੀਆਂ ਹੀ ਬਦਲ ਕੇ ਰੱਖ ਦਿੱਤੀ ਸੀ, ਜਦੋਂ ਪਿੰਡ ਉੱਤੇ ਸਾਡੀ ਪਹਿਲੀ ਨਜ਼ਰ ਪਈ-ਮਕਾਨਾਂ ਦੀਆਂ ਕੰਧਾਂ ਨੀਲ਼ੀ ਭਾਹ ਮਾਰਦੀਆਂ ਸਨ, ਟੈਲਾਂ ਦੀਆਂ ਢਾਲਵੀਆਂ ਛੱਤਾਂ ਉੱਤੇ ਸਿਲ੍ਹੀ ਚਮਕ ਸੀ, ਹਨੇਰੀਆਂ ਖਿੜਕੀਆਂ ਦੇ ਰੰਗਦਾਰ ਸ਼ੀਸ਼ੇ ਸਨ। ਅਸੀਂ ਪਿਛਲੇ ਪਾਸੇ ਦਾ ਰਾਹ ਫੜਿਆ। ਹਾਤਿਆਂ ਵਿਚੋਂ ਖੁਰਲੀਆਂ ਤੇ ਖਾਦ ਦੀ ਨਿੱਘੀ ਤੱਰਕੀ ਹੋਈ ਮੁਸ਼ਕ ਆਉਂਦੀ ਸੀ। ਹੇਠੋਂ, ਜਿੱਥੇ ਪੱਥਰਾਂ ਵਿਚਾਲੇ ਇਕ ਕਾਲੀ ਨਦੀ ਚਮਕਦੀ

ਸੀ, ਸਿਲ੍ਹ ਦੀ ਮੁਸ਼ਕ ਆਉਂਦੀ ਸੀ। ਤ੍ਰੇਲ ਭਿੱਜੀਆਂ ਪੱਥਰ ਦੀਆਂ ਪੌੜੀਆਂ ਹੇਠਾਂ ਨਦੀ ਵੱਲ਼ ਜਾਂਦੀਆਂ ਸਨ।

ਸਾਡੇ ਵਿਚੋਂ ਦੋ ਮਕਾਨ ਤੇ ਢਾਰੇ ਉੱਤੇ ਨਿਗਾਹ ਰੱਖਣ ਲੱਗੇ ਤੇ ਦੂਜੇ ਦੋ ਜਣੇ ਮਲਕੜੇ ਜਿਹੇ ਚੁੱਪ ਕਰ ਕੇ ਵਿਹੜੇ ਵਿਚ ਚਲੇ ਗਏ ਜਿਹੜਾ, ਚੰਨ ਚਾਨਣੀ ਵਿਚ, ਹੂੰਝਿਆ ਬੁਹਾਰਿਆ ਲੱਗਦਾ ਸੀ। ਅਸੀਂ ਇਕ ਲੱਕੜ ਦੀ ਪੌੜੀ ਚੜ੍ਹ ਕੇ ਘਾਹ ਵਾਲੀ ਪੜਛੱਤੀ ਵਿਚ ਚਲੇ ਗਏ। ਜਿੰਨਾ ਚਿਰ ਸੰਘ ਨਹੀਂ ਬਹਿ ਗਿਆ ਕੁੱਤਾ ਭੌਂਕਦਾ ਰਿਹਾ ਤੇ ਆਪਣੀ ਸੰਗਲੀ ਨੂੰ ਖਿੱਚਦਾ ਛਣਕਾਉਂਦਾ ਰਿਹਾ, ਪਰ ਮਕਾਨ ਦੀ ਕਿਸੇ ਖਿੜਕੀ ਵਿਚ ਚਾਨਣ ਨਹੀਂ ਹੋਇਆ ਤੇ ਕੋਈ ਬੂਹਾ ਨਹੀਂ ਖੁਲ੍ਹਿਆ।

ਦੋ ਖੰਭਾਂ ਦੀਆਂ ਚਿੱਟੀਆਂ ਤਲਾਈਆਂ ਹਨੇਰੇ ਵਿਚ ਪਰਾਲੀ ਉੱਤੇ ਚਮਕਦੀਆਂ ਸਨ। ਇਹਨਾਂ ਉੱਤੇ ਅਜੇ ਤੱਕ ਜਿਸਮਾਂ ਦੇ ਨਿਸ਼ਾਨ ਸਨ। ਅਸੀਂ ਆਪਣੀਆਂ ਜੇਬੀ ਬੈਟਰੀਆਂ ਨਾਲ਼ ਪੜਛੱਤੀ ਦੀਆਂ ਨੁੱਕਰਾਂ ਵਿਚ, ਢਾਰੇ ਵਿਚ, ਮਕਾਨ ਵਿਚ, ਹਾਤੇ ਵਿਚ ਚਾਨਣ ਸੁੱਟਿਆ ਪਰ ਸਾਨੂੰ ਉਹ ਕਿਤੇ ਵਿਖਾਈ ਨਾ ਦਿੱਤੇ ਜਿਨ੍ਹਾਂ ਨੂੰ ਅਸੀਂ ਲੱਭਦੇ ਸਾਂ। ਸਾਨੂੰ ਉਹ ਅਗਲੇ ਦਿਨ ਵੀ ਨਹੀਂ ਲੱਭੇ। ਮਗਰੋਂ ਸਾਨੂੰ ਪਤਾ ਲੱਗਾ ਕਿ ਉਹ ਭੱਜ ਗਏ ਸਨ। ਤਿੰਨੇ ਦੇ ਤਿੰਨੇ। ਉਹਨਾਂ ਨੇ ਪੱਛਮ ਵੱਲ ਜਾਂਦੀ ਸੜਕ ਫੜੀ ਸੀ।

ਗੁਆਢੀਆਂ ਨੇ ਸਾਨੂੰ ਦੱਸਿਆ ਕਿ ਉਹ ਬੜੇ ਭੈੜੇ ਲੋਕ ਸਨ। ਕੁਝ ਲੋਕ ਤਾਂ ਇਹ ਵੀ ਕਹਿੰਦੇ ਸਨ ਕਿ ਘਰਵਾਲਾ ਨਾਜ਼ੀ ਸੀ ਜਾਂ ਫਿਰ ਉਸ ਦਾ ਭਰਾ ਨਾਜ਼ੀ ਸੀ। ਪਰ ਇਹ ਉਹ ਪਹਿਲਾਂ ਨਹੀਂ ਕਹਿੰਦੇ ਸਨ।

"ਤੁਸੀਂ ਪਹਿਲਾਂ ਕਿਉਂ ਨਾ ਦੱਸਿਆ ?" ਅਸੀਂ ਪੁੱਛਿਆ।

ਉਹਨਾਂ ਨੇ ਆਪਣੇ ਮੋਢੇ ਛੰਡ ਦਿੱਤੇ।

"ਅਸੀਂ ਡਰਦੇ ਸਾਂ," ਉਹਨਾਂ ਆਖਿਆ।

ਸਿਰਫ਼ ਮਾਗਦਾ ਹੀ ਸੀ ਜਿਹੜੀ ਉਹਨਾਂ ਬਾਰੇ ਕੁਝ ਨਹੀਂ ਬੋਲੀ, ਨਾ ਚੰਗਾ ਨਾ ਮਾੜਾ। ਉਸ ਨੇ ਕੁਝ ਆਖਿਆ ਹੀ ਨਹੀਂ ਸੀ। ਕਈ ਹੋਰ ਦਿਨ ਉਹ ਹਮੇਸ਼ਾ ਸਵੇਰੇ ਸਵੱਖਤੇ ਆਉਂਦੀ ਰਹੀ ਸੀ। ਸੂਰਾਂ ਨੂੰ ਚਾਰਾ ਪਾਉਂਦੀ, ਵਿਹੜਾ ਹੂੰਝਦੀ, ਗਊਆਂ ਦੀ ਧਾਰ ਕੱਢਦੀ, ਉਹ ਸਾਰੇ ਫਰਜ਼ ਪੂਰੇ ਕਰਦੀ ਜਿਨ੍ਹਾਂ ਨੇ ਮਸ਼ੀਨੀ ਢੰਗ ਨਾਲ਼ ਉਸ ਨੂੰ ਜਿੰਦਗੀ ਨਾਲ਼ ਜੋੜਿਆ ਹੋਇਆ ਸੀ। ਸਭ ਬਾਲਟੀਆਂ ਤੇ ਵਲਟੋਹੀਆਂ ਦੁੱਧ ਨਾਲ਼ ਭਰੀਆਂ ਰਹਿੰਦੀਆਂ ਜਿਹੜਾ ਹੌਲ਼ੀ-ਹੌਲ਼ੀ ਖੱਟਾ ਹੋ ਜਾਂਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਨਾਂ ਕੁਝ ਦਿਨਾਂ ਦਾ ਚੇਤਾ ਆ ਜਾਣ ਨਾਲ਼ ਕਿਸਾਨ ਪਰਵਾਰ ਕੰਬ ਉੱਠਦਾ ਸੀ। ਮੁੰਡਾ ਓਦੋਂ ਸਿਰਫ ਚੌਦਾਂ ਵਰ੍ਹਿਆ ਦਾ ਸੀ ਤੇ ਉਹਦੀ ਅਵਾਜ਼ ਬਦਲ ਰਹੀ ਸੀ। ਹੁਣ ਉਸ ਦੀ ਆਵਾਜ਼ ਭਾਰੀ ਤੇ ਮਜ਼ਬੂਤ ਹੋ ਗਈ ਸੀ ਅਤੇ ਇਸ ਭਾਰੀ ਅਵਾਜ਼ ਵਿਚ ਉਹ ਤੇ ਉਹਦੇ ਵਰਗੇ ਕਈ ਹੋਰ ਗਿਲੇ ਸ਼ਿਕਵੇ ਕਰਦੇ ਸਨ।

ਲੜਾਈ ਬੰਦ ਹੋਣ ਤੋਂ ਛੇਤੀ ਹੀ ਬਾਅਦ ਮਈ ਦੀ ਇਕ ਸਵੇਰ ਚੌਦਾਂ ਵਰ੍ਹਿਆਂ ਦਾ ਇਕ ਲਿੱਸਾ ਜਿਹਾ ਗਭਰੇਟ ਆਪਣੇ ਹੱਥ ਵਿਚ ਬਿੱਲ ਫੜੀ ਮੇਰੇ ਸਾਮ੍ਹਣੇ ਖੜਾ ਸੀ। ਅੱਜ ਵੀ ਉਹ

ਮੈਨੂੰ ਦਿਸਦਾ ਹੈ – ਨਾਸਾਂ ਚਿੱਟੀਆਂ ਤੇ ਅੰਦਰ ਮੱਚੀ ਹਲਚਲ ਦੇ ਚਿਹਰੇ ਉੱਤੇ ਚਟਾਕ। ਉਸ ਨੂੰ ਇਸ ਗੱਲ ਵਿਚ ਕੋਈ ਦਿਲਚਸਪੀ ਨਹੀਂ ਕਿ ਉਹਦੇ ਦੇਸ਼ ਨੇ ਕੀ ਕੀਤਾ ਸੀ। ਉਹ ਨਹੀਂ ਜਾਣਨਾ ਚਾਹੁੰਦਾ, ਉਹ ਸਿਰਫ ਸੂਰ ਦੇ ਪੈਸੇ ਲੈਣਾ ਚਾਹੁੰਦਾ ਸੀ। ਅਤੇ ਇਹ ਬਿੱਲ ਪੇਸ਼ ਕਰਨ ਦੇ ਆਪਣੇ ਹੱਕ ਬਾਰੇ ਉਹਨੂੰ ਪੂਰਾ ਪੂਰਾ ਯਕੀਨ ਸੀ।

•••

ਫਿਓਦਰ ਅਬਰਾਮੋਵ

ਫਿਓਦੋਰ ਅਬਰਾਮੋਵ ਦਾ ਜਨਮ ਉੱਤਰੀ ਰੂਸ ਦੇ ਇਕ ਛੋਟੇ ਜਿਹੇ ਪਿੰਡ ਵਿਚ ਹੋਇਆ। ਲੈਨਿਨਗ੍ਰਾਦ ਯੂਨੀਵਰਸਿਟੀ ਵਿਚ ਦਾਖ਼ਲਾ ਲਿਆ ਪਰ ਜੰਗ ਛਿੜ ਪਈ। ਸਵੈ-ਇੱਛਾ ਨਾਲ਼ ਮੁਹਾਜ਼ 'ਤੇ ਚਲਾ ਗਿਆ। ਕੁਝ ਮੌਕਿਆਂ ਤੇ ਜ਼ਖ਼ਮੀ ਹੋਇਆ, ਦੋ ਵਾਰੀ ਗੰਭੀਰ ਰੂਪ ਵਿਚ। ਜੰਗ ਮਗਰੋਂ ਵਿਦਿਆ ਪ੍ਰਾਪਤ ਕੀਤੀ, ਲੈਨਿਨਗ੍ਰਾਦ ਰਾਜਕੀ ਯੂਨੀਵਰਸਿਟੀ ਦੇ ਸੋਵੀਅਤ ਸਾਹਿਤ ਵਿਭਾਗ ਦਾ ਮੁਖੀ ਰਿਹਾ। 1960 ਤੋਂ ਪੇਸ਼ਾਵਾਰ ਲੇਖਕ ਰਿਹਾ। ਉਹਨੇ ਵੀਹ ਤੋਂ ਵਧ ਨਾਵਲ, ਨਾਵਲੈਟ ਤੇ ਕਹਾਣੀਆਂ ਦੇ ਸੰਗ੍ਰਹਿ ਪਾਠਕਾਂ ਨੂੰ ਦਿੱਤੇ ਹਨ। ਆਲੋਚਕਾਂ ਦੀ ਇਤਫ਼ਾਕ ਰਾਏ ਅਨੁਸਾਰ ਅਬਰਾਮੋਵ ਦੀਆਂ ਰਚਨਾਵਾਂ ਵਿਚ "ਜੰਗ ਅਤੇ ਜੰਗ ਮਗਰਲੇ ਸੋਵੀਅਤ ਪਿੰਡਾਂ ਦੇ ਜੀਵਨ ਦਾ ਸਭ ਤੋਂ ਵਧ ਬਾਹਰਮੁਖੀ ਕਲਾਤਮਕ ਚਿਤਰਣ ਮਿਲਦਾ ਹੈ।"

ਖ਼ੁਸ਼ਨਸੀਬ ਔਰਤ

ਜਦੋਂ ਪਿਓ ਪੂਰਾ ਹੋਇਆ ਘਰ ਨਿਆਣਿਆਂ ਨਾਲ਼ ਭਰਿਆ ਹੋਇਆ ਸੀ। ਤੇ ਸਾਰੀਆਂ ਹੀ ਕੁੜੀਆਂ। ਬਸ ਇਕ ਤਿਖ਼ੋਨ ਹੀ ਮਰਦ ਸੀ। ਤੇ ਪੀਪੇ ਵਿਚ ਆਟੇ ਦੀ ਮੁੱਠ ਵੀ ਨਹੀਂ ਸੀ। ਮਾਂ ਦਿਨ ਰਾਤ ਮਿਹਨਤ ਮੁਸ਼ੱਕਤ ਕਰਦੀ। ਸਾਰਾ ਲਹੂ ਮੁੜ੍ਹਕਾ ਬਣ ਕੇ ਚੋ ਜਾਂਦਾ ਤੇ ਪੱਲੇ ਫੇਰ ਵੀ ਕੁਝ ਨਾ ਪੈਂਦਾ। ਰੋਟੀ ਵਾਲ਼ਾ ਡੱਬਾ ਖਾਲੀ ਮੂੰਹ ਟੱਡੀ ਝਾਕਦਾ ਰਹਿੰਦਾ।

ਖੈਰ, ਕਿੱਸਾ ਕੋਤਾਹ ਇਹ ਕਿ ਸਾਨੂੰ ਆਪਣਾ ਢਿੱਡ ਭਰਨ ਲਈ ਥਾਂ-ਥਾਂ ਟੱਕਰਾਂ ਮਾਰਨੀਆਂ ਪੈਂਦੀਆਂ ਸਨ। ਤਿਖ਼ੋਨ ਸ਼ਹਿਰ ਚਲਾ ਗਿਆ ਤੇ ਮੈਂ, ਓਦੋਂ ਬਾਰਾਂ ਵਰ੍ਹਿਆਂ ਦੀ ਸਾਂ, ਇਕ ਮੱਠ ਵਿਚ ਕੰਮ ਕਰਨ ਲੱਗ ਪਈ। ਹਾਏ ਹਾਏ, ਨੌਂ ਸਾਲ ਮੈਂ ਉਸ ਨਰਕ ਵਿਚ ਰਹੀ। ਨੌਂ ਵਰ੍ਹੇ ਉਹਨਾਂ ਦਾੜ੍ਹੀਆਂ ਵਾਲ਼ੇ ਸੈਤਾਨਾਂ ਦੇ ਕੱਪੜੇ ਲੱਤੇ ਧੋਂਦੀ ਰਹੀ।

ਉਹ ਮੈਨੂੰ ਵੱਡੇ ਤੜਕੇ ਤਿੰਨ ਵਜੇ ਜਗਾ ਦੇਂਦੇ ਸਨ ਤੇ ਮੈਂ ਰਾਤ ਦੇ ਅੱਠ ਵਜੇ ਤੱਕ ਧੁਆਈਆਂ ਵਿਚ ਲੱਗੀ ਰਹਿੰਦੀ। ਅਖ਼ੀਰ ਇਹ ਹਾਲ ਹੋ ਜਾਂਦਾ ਕਿ ਮੈਥੋਂ ਸਿੱਧਾ ਸਾਮ੍ਹਣੇ ਵੇਖਿਆ ਨਾ ਜਾਂਦਾ ਤੇ ਹੱਥ ਪੈਰ ਜਿਵੇਂ ਨਾਲ਼ ਹੀ ਨਾ ਹੋਣ। ਸੋਡੇ ਨਾਲ਼ ਮੇਰੇ ਹੱਥਾਂ ਦਾ ਮਾਸ ਉੱਚੜ ਜਾਂਦਾ, ਲਾਲ਼ ਹੋ ਜਾਂਦੇ ਜਿਵੇਂ ਕਬੂਤਰਾਂ ਦੇ ਪੈਰ ਹੁੰਦੇ ਨੇ। ਮੱਠ ਦੇ ਮਹੰਤ ਸਰਫੇ ਦਾ ਜਿਹੜਾ ਸਾਬਣ ਦੇਂਦੇ ਸਨ ਉਹ ਨਿਰਾ ਸੋਡਾ ਹੀ ਹੁੰਦਾ ਸੀ। ਤੇ ਫੇਰ ਸਿਆਲ ਵਿਚ ਦਰਿਆ ਉੱਤੇ ਬਰਫ ਵਿਚ ਮੋਰੀ ਕਰਕੇ ਕੱਪੜਿਆਂ ਨੂੰ ਹੰਗਾਲਣਾ! ਨੇਕ ਮਾਲਕ ਓਸ ਕੱਕਰ ਵਿਚ ਆਪਣੇ ਕੁੱਤੇ ਨੂੰ ਵੀ ਘਰੋਂ ਬਾਹਰ ਨਹੀਂ ਕੱਢਦਾ, ਤੇ ਮੈਂ ਪੰਝੀ ਬਾਟੇ ਕੱਪੜਿਆਂ ਦੇ ਦਰਿਆ ’ਤੇ ਹੰਗਾਲਣ ਜਾਂਦੀ ਸਾਂ। ਤੇ ਮਹੀਨੇ ਦੇ ਅਖ਼ੀਰ ਮੈਨੂੰ ਮਿਲਦਾ ਕੀ, ਇਕ ਰੂਬਲ।

ਓਸ ਪੂਜਣ ਯੋਗ ਥਾਂ ’ਤੇ ਇਸ ਤਰ੍ਹਾਂ ਦਾ ਸਲੂਕ ਕਰਦੇ ਸੀ ਉਹ ਮੇਰੇ ਨਾਲ਼। ਕਈ ਵਾਰੀ ਮਾਂ ਆਉਂਦੀ, ਬਥੇਰਾ ਰੋਂਦੀ ਕੁਰਲਾਉਂਦੀ ਪਰ ਕਰ ਕੁਝ ਨਾ ਸਕਦੀ। ਤੇ ਜਿਹੜੇ ਪੈਰੀਂ ਆਉਂਦੀ ਓਹਨੀਂ ਪੈਰੀਂ ਮੁੜ ਜਾਂਦੀ ਕਿਉਂਕਿ ਮੇਰੇ ਘਰ ਜਾਣ ਦਾ ਕੋਈ ਸਵਾਲ ਹੀ ਨਹੀਂ ਸੀ ਉੱਠਦਾ।

ਪਰ ਇਕ ਗੱਲ ਹੈ। ਹਾਲਤ ਭਾਵੇ ਕੇਡੀ ਵੀ ਮਾੜੀ ਹੋਵੇ, ਜਵਾਨੀ ਆਖ਼ਰ ਜਵਾਨੀ ਹੁੰਦੀ ਹੈ। ਐਤਵਾਰ ਦਾ ਦਿਨ ਆਉਂਦਾ ਤਾਂ ਮੈਂ ਕਿਸੇ ਨਾ ਕਿਸੇ ਪਾਸੇ ਨਿਕਲ ਜਾਂਦੀ। ਹੁਣ ਵੇਖੋ ਤਾਂ ਸਹੀ ਮੇਰੇ ਵੱਲ, ਕੇਡੀ ਸੁਹਣੀ ਆਂ ਮੈ, ਮਜਾਲ ਏ ਕਿਸੇ ਦੀ ਅੱਖ ਚੁੱਕ ਕੇ ਵੇਖੇ। ਪਰ ਉਹਨਾਂ ਦਿਨਾਂ ਵਿਚ ਇਹ ਗੱਲ ਨਹੀਂ ਸੀ। ਜਿਧਰ ਵੀ ਮੈਂ ਜਾਂਦੀ, ਮਜ਼ਦੂਰ ਅੱਖਾਂ ਪਾੜ-ਪਾੜ ਮੇਰੇ ਵੱਲ਼ ਵੇਖਦੇ, ਤੇ ਬਰਾਂਡਿਆਂ ਵਿਚੋਂ ਲੰਘਦੇ ਆਉਂਦੇ ਇਹ ਮਹੰਤ ਮੇਰੀਆਂ ਮੰਮੀਆਂ ਪੁੱਟਣ ਦੀ ਕੋਸ਼ਿਸ਼ ਕਰਦੇ। ਕਈ ਵਾਰੀ ਮੈਂ ਉਹਨਾਂ ਦੀ ਦਾੜ੍ਹੀ ਖੋਹ ਛਡਦੀ ਤੇ ਉਹ ਖੁੱਲ੍ਹੀ ਹੋਈ ਪੰਡ ਵਰਗੀ ਸ਼ਕਲ

ਲੈ ਕੇ ਨਿਕਲ ਜਾਂਦੇ।

ਬੜੀ ਹੱਟੀ-ਕੱਟੀ ਮੁਟਿਆਰ ਹੁੰਦੀ ਸਾਂ ਮੈਂ। ਰੱਬ ਨੇ ਤੰਦਰੁਸਤੀ ਬਖ਼ਸ਼ਣ ਲੱਗਿਆਂ ਕੰਜੂਸੀ ਨਹੀਂ ਸੀ ਵਰਤੀ। ਸੱਠਾਂ ਦੀ ਹੋ ਕੇ ਵੀ ਮੈਂ ਆਟੇ ਦੀ ਬੋਰੀ ਚੁੱਕ ਸਕਦੀ ਸਾਂ। ਪਰ ਮੈਂ ਆਪਣੇ ਬੁੱਢੜੇ ਅੱਗੇ ਨਹੀਂ ਸਾਂ ਡਟੀ ਰਹਿ ਸਕਦੀ। ਓਦੋਂ ਉਹ ਬੁੱਢਾ ਨਹੀਂ ਸੀ ਹੁੰਦਾ, ਬੜਾ ਸੋਹਣਾ ਗੱਭਰੂ ਹੁੰਦਾ ਸੀ ਉਹ। ਬਸ ਇਕ ਨਜ਼ਰ ਵੇਖ ਕੇ ਉਹਨੇ ਮੈਨੂੰ ਜਿੱਤ ਲਿਆ ਸੀ। ਬਾਕੀ ਸਾਰਿਆਂ ਨੂੰ, ਮਹੰਤਾਂ ਨੂੰ, ਮਜ਼ਦੂਰਾਂ ਨੂੰ ਮੈਂ ਇਉਂ ਭਜਾ ਦੇਂਦੀ ਸਾਂ ਜਿਵੇਂ ਕੋਈ ਕਤੂਰਿਆਂ ਨੂੰ ਭਜਾ ਦੇਵੇ, ਪਰ ਉਹ, ਉਹ ਬਸ ਮੇਰੇ ਵੱਲ਼ ਵੇਖਦਾ ਤੇ ਮੈਂ ਉਹਦੀ ਹੋ ਜਾਂਦੀ। ਨਾ ਹੱਥ ਹਿਲਾ ਸਕਦੀ ਨਾ ਪੈਰ।

ਮੈਂ ਗਰਭਵਤੀ ਹੋ ਗਈ।

ਪਰ ਕੀ ਕਰਦੀ, ਮੇਰਾ ਆਪਣਾ ਕਸੂਰ ਸੀ। ਮੈਂ ਤੇ ਮਾਂ ਬੈਠੀਆਂ ਰੋਂਦੀਆਂ ਰਹਿੰਦੀਆਂ। ਨਸੀਬਾਂ ਦੀ ਗੱਲ। ਜਿਥੋਂ ਤੱਕ ਅਲੈਕਸੇਈ ਨਾਲ਼, ਮਤਲਬ ਮੇਰੇ ਬੁਢੜੇ ਨਾਲ਼, ਗੱਲ ਕਰਨ ਦਾ ਸਵਾਲ ਸੀ, ਇਹ ਕਦੇ ਮੇਰੇ ਦਿਮਾਗ਼ ਵਿਚ ਹੀ ਨਾ ਆਈ। ਉਹ ਖਾਂਦੇ ਪੀਂਦੇ ਘਰੋਂ ਸੀ, ਪਿੰਡ ਦਾ ਸਭ ਤੋਂ ਵਧੀਆ ਗੱਭਰੂ, ਓਲੇਨਾ ਦੀ ਧੀ ਕੋਲੋਂ ਉਹਨੇ ਕੀ ਲੈਣਾ ਸੀ ? ਉਸ ਨੂੰ ਕੋਈ ਦਾਜ-ਦੌਣ ਨਹੀਂ ਸੀ ਮਿਲਣਾ, ਤੇ ਨਾਲ਼ੇ ਉਹ ਆਪਣਾ ਬੂਹਾ ਵੀ ਬੰਦ ਕਰਕੇ ਨਹੀਂ ਸੀ ਬਹਿ ਸਕਦੀ। ਪੁਰਾਣੇ ਵੇਲ਼ਿਆਂ ਵਿਚ ਕੁੜੀਆਂ ਦੀ ਇੱਜ਼ਤ ਆਬਰੂ ਵੱਲ ਬੜੀ ਸਖ਼ਤੀ ਨਾਲ਼ ਧਿਆਨ ਦਿੱਤਾ ਜਾਂਦਾ ਸੀ, ਅੱਜ ਵਰਗੀ ਗੱਲ਼ ਨਹੀਂ ਸੀ ਹੁੰਦੀ।

ਪਰ ਅਲੇਕਸੇਈ ਨੇ ਰਾਹ ਲੱਭ ਲਿਆ ਤੇ ਆਪਣੇ ਮਾਪਿਆਂ ਕੋਲ ਗਿਆ: "ਗੱਲ ਇਹ ਹੈ, ਪਿਤਾ ਜੀ ਤੇ ਮਾਂ ਜੀ, ਮੈਂ ਓਲੇਨਾ ਦੀ ਧੀ ਤੋਂ ਬਗੈਰ ਹੋਰ ਕੋਈ ਨਹੀਂ ਲੈਣੀ।"

ਉਹਨਾਂ ਨੇ ਉਸ ਨੂੰ ਸਮਝਾਉਣ ਦੀ ਕੋਸ਼ਿਸ ਕੀਤੀ ਤੇ ਉਹਦੇ ਪਿਓ ਨੇ ਸੋਟੀ ਫੜ ਲਈ- ਉਹ ਗਰਮ ਸੁਭਾ ਦਾ ਬੰਦਾ ਸੀ-ਪਰ ਅਲੈਕਸੇਈ ਆਪਣੀ ਗੱਲ 'ਤੇ ਅੜਿਆ ਰਿਹਾ। ਕੋਈ ਵੀ ਹੋਰ ਨਹੀਂ ਜਿਸ ਦਾ ਮੈਂ ਹੱਥ ਫੜਾਂ, ਸਿਵਾਏ ਅਕੂਲਕਾ ਦੇ।

ਉਹਦਾ ਪਿਓ ਤੈਸ਼ ਵਿਚ ਆ ਗਿਆ।

"ਹੱਛਾ, ਇਹ ਗੱਲਾਂ ਕਰਦਾ ਏ ? ਤੂੰ ਮਾਂ ਪਿਓ ਦੇ ਆਖੇ ਨਹੀਂ ਲੱਗਣਾ ? ਜਾ ਤੁਰਿਆ ਫਿਰ, ਜਿੱਥੇ ਜੀਅ ਕਰੇ। ਮੈਂ ਇਕ ਕੌਡੀ ਵੀ ਨਹੀਂ ਦਵਾਂਗਾ ਤੈਨੂੰ।"

ਉਸ ਨੇ ਦਿੱਤਾ ਵੀ ਕੱਖ ਨਹੀਂ ਸੀ। ਤਿੰਨ ਵਰ੍ਹੇ ਅਸੀਂ ਇਕ ਧੁਆਂਖੇ ਹੋਏ ਹਮਾਮ ਵਿਚ ਰਹੇ। ਤਿੰਨ ਵਰ੍ਹੇ ਧੂੰਏਂ ਵਿਚ ਸਾਡਾ ਸਾਹ ਘੁਟਦਾ ਰਿਹਾ। ਪਤਾ ਜੇ, ਮੈਂ ਆਟਾ ਕਾਹਦੇ ਵਿਚ ਗੁੰਨ੍ਹਦੀ ਹੁੰਦੀ ਸਾਂ ? ਕੱਪੜੇ ਧੋਣ ਵਾਲੇ ਟੱਪ ਵਿਚ।

ਸੌਣ ਤੋਂ ਪਹਿਲਾਂ ਅਲੇਕਸੇਈ ਨੇ ਕਹਿਣਾ: "ਗੀਤ ਸੁਣਾ, ਬੀਵੀ।" ਤੇ ਯਕੀਨ ਕਰੋਗੇ, ਸਾਰੀ ਉਮਰ ਮੇਰੇ ਕੋਲ ਉਸ ਤਰ੍ਹਾਂ ਦੇ ਗੀਤ ਨਹੀਂ ਫੇਰ ਗਾਏ ਗਏ। ਸਾਰਾ ਪਿੰਡ ਸੁਣਨ ਨਿਕਲ ਤੁਰਦਾ ਸੀ। "ਇਸ ਗੱਲ ਦੀ ਹੈਰਾਨੀ ਨਹੀਂ," ਉਹ ਕਹਿੰਦੇ, "ਕਿ ਅਕੂਲਕਾ ਗਾਉਂਦੀ ਏ। ਗਾਵੇ ਕਿਉਂ ਨਾ, ਉਹ ਕੋਈ ਐਵੇਂ ਕੈਵੇਂ ਨਹੀਂ, ਛੋਟੀ ਹੁੰਦੀ ਹੀ ਲੋਕਾਂ ਵਿਚ ਕੰਮ ਕਰਦੀ ਰਹੀ ਏ। ਪਰ ਅਲੇਕਸੇਈ ਨੂੰ ਕਿਸ ਗੱਲ ਦੀ ਖ਼ੁਸ਼ੀ ਏ ?"

ਅਲੇਕਸੇਈ ਤੇ ਮੈਂ ਛੇਤੀ ਹੀ ਆਪਣੇ ਪੈਰਾਂ ਉੱਤੇ ਖਲੋ ਗਏ। ਅਸੀਂ ਆਪਣੇ ਵਾਸਤੇ ਮਕਾਨ ਖੜਾ ਕੀਤਾ। ਆਪਣੇ ਹੱਥਾਂ ਨਾਲ਼ ਜਿਸ ਨੂੰ ਵੇਖਿਆਂ ਭੁੱਖ ਲਹਿੰਦੀ। ਮੈਂ ਉਹਦੇ ਨਾਲ਼ ਰਲਕੇ ਕੰਮ ਕਰਦੀ ਸਾਂ-ਗੇਲੀਆਂ ਦੇ ਹੇਠਾਂ ਤੇ ਗੇਲੀਆਂ ਦੇ ਉੱਪਰ। ਹਾਂ, ਮੈਂ ਅਲੇਕਸੇਈ ਨਾਲ਼ ਰਲਕੇ ਗੇਲੀਆਂ ਚੁੱਕਦੀ ਤੇ ਕੁਹਾੜਾ ਫੜੀ ਨੁੱਕਰਾਂ ਵਿਚ ਉਹਦੇ ਨਾਲ਼ ਬੈਠੀ ਹੁੰਦੀ। ਤੇ ਸਾਰਾ ਪਿੰਡ ਅੱਖਾਂ ਪਾੜ-ਪਾੜ ਕੇ ਵੇਖਦਾ। ਏਹੋ ਜਿਹੀ ਗੱਲ ਜ਼ਿੰਦਗੀ ਵਿਚ ਨਾ ਕਦੇ ਕਿਸੇ ਵੇਖੀ, ਨਾ ਕਿਸੇ ਕੋਲੋਂ ਸੁਣੀ ਕਿ ਔਰਤ ਕੁਹਾੜਾ ਚਲਾਉਂਦੀ ਹੋਵੇ।

ਖੈਰ, ਅਸੀਂ ਮਕਾਨ ਉਸਾਰ ਲਿਆ ਤੇ ਸੁਹਣਾ ਵਕਤ ਲੰਘ ਰਿਹਾ ਸੀ ਕਿ ਇਕ ਦਿਨ ਬੁੱਢਾ, ਮਤਲਬ ਅਲੇਕਸੇਈ ਦਾ ਪਿਓ, ਸਾਡੇ ਵੱਲ਼ ਆ ਗਿਆ।

ਉਹ ਪਹਿਲਾਂ ਨਾਲੋਂ ਬੜਾ ਕਮਜ਼ੋਰ ਹੋ ਗਿਆ ਸੀ ਤੇ ਉਹਦੀਆਂ ਅੱਖਾਂ ਵੀ ਨਹੀਂ ਸੀ ਰਹੀਆਂ। ਤੇ ਏਹੋ ਜਿਹਾਂ ਦੀ ਕੀਹਨੂੰ ਲੋੜ ਹੁੰਦੀ ਏ ? ਤਿੰਨਾਂ ਹੀ ਪੁੱਤਰਾਂ ਨੇ ਘਰੋਂ ਕੱਢ ਦਿੱਤਾ। ਅਖੇ, ਜਾ ਅਲੇਕਸੇਈ ਕੋਲ ਰਹਿ ਜਾ ਕੇ। ਤੂੰ ਹਾਲੇ ਕਦੇ ਉਹਦੇ ਕੋਲ਼ ਰਿਹਾ ਹੀ ਨਹੀਂ। ਪਰ ਅਲੇਕਸੇਈ ਨੂੰ ਉਹ ਕਿਵੇਂ ਕਹਿੰਦਾ ਕਿ ਰੱਖ ਲਵੇ, ਜਦੋਂ ਉਹਨੇ ਆਪ ਉਹਨੂੰ ਘਰੋਂ ਕੱਢ ਛੱਡਿਆ ਸੀ ਤੇ ਦਿੱਤਾ ਵੀ ਕੱਖ ਨਹੀਂ ਸੀ ?

ਸਵੇਰੇ ਮੈਂ ਬਾਹਰ ਨਿਕਲੀ-ਤੇ ਵੇਖਿਆ ਇਹ ਬਰੂਹਾਂ ਵਿਚ ਕੌਣ ਬੈਠਾ ਹੋਇਐ ? ਸਹੁਰਾ ਮੇਰਾ। ਬੂਹਾ ਖੜਕਾਉਣ ਦੀ ਵੀ ਹਿੰਮਤ ਨਾ ਪਈ ਉਹਦੀ ਤੇ ਡਿਊੜੀ ਅੱਗੇ ਹੀ ਬੈਠਾ ਰਿਹਾ। ਪਾਲਾ ਬੜਾ ਸੀ। ਸਿਆਲ ਦੇ ਦਿਨ। ਡਾਢੇ ਕੱਕਰ ਦਾ ਵੇਲ਼ਾ।

ਮੈਂ ਬਾਹੋਂ ਫੜਿਆ ਤੇ ਅੰਦਰ ਲੈ ਆਂਦਾ ਤੇ ਅੱਗ ਅੱਗੇ ਲਿਆ ਬਿਠਾਇਆ। ਤੇ ਫੇਰ ਉਹਨੂੰ ਕੁਝ ਖਾਣ ਪੀਣ ਨੂੰ ਦਿੱਤਾ ਤੇ ਉਹਦੇ ਨਹਾਉਣ ਧੋਣ ਦਾ ਇੰਤਜ਼ਾਮ ਕੀਤਾ ਕਿਉਂਕਿ ਉਹਨੂੰ ਜੂੰਆਂ ਪੈ ਗਈਆਂ ਹੋਈਆਂ ਸਨ। ਤੇ ਉਹ ਇਉਂ ਰੋਇਆ ਜਿਵੇਂ ਕੋਈ ਬਾਲ ਰੋਂਦਾ ਹੋਵੇ।

"ਮਾਫ਼ ਕਰ ਦੇ, ਮਾਫ਼ ਕਰ ਦੇ, ਅਕੂਲੀਨਾ। ਮੈਂ ਤੇਰੇ ਨਾਲ਼ ਵਧੀਕੀ ਕੀਤੀ ਸੀ। ਤੇਰੀ ਨੇਕੀ ਦਾ ਮੈਂ ਬਦਲਾ ਨਹੀਂ ਚੁੱਕਾ ਸਕਦਾ, ਰੱਬ ਹੀ ਚੁਕਾਊ ਇਹਦਾ ਬਦਲਾ।"

ਮੈਨੂੰ ਨਹੀਂ ਪਤਾ ਕਿ ਬੁੱਢੇ ਦੀਆਂ ਦੁਆਵਾਂ ਨੇ ਹੀ ਮੇਰੀ ਝੋਲੀ ਭਰ ਦਿੱਤੀ ਖੁਸ਼ੀਆਂ ਨਾਲ਼ (ਧਰਮੀ ਬੰਦਾ ਸੀ ਬੁੱਢਾ, ਮੇਰੇ ਵਰਗਾ ਨਹੀਂ ਸੀ, ਮੱਠ ਦੀ ਚਾਕਰ, ਜਿਵੇਂ ਪਿੰਡ ਵਾਲ਼ੇ ਮੈਨੂੰ ਕਹਿੰਦੇ ਸਨ) ਜਾਂ ਖਬਰੇ ਮੇਰਾ ਨਸੀਬਾ ਹੀ ਏਦਾਂ ਦਾ ਸੀ, ਮੈਂ ਪਿੰਡ ਵਿਚ ਸਭ ਤੋਂ ਵੱਧ ਖੁਸ਼ਨਸੀਬ ਔਰਤ ਆਂ। ਮੇਰੇ ਘਰੋਂ ਲੜਾਈ ਵਿਚ ਚਾਰ ਮਰਦ ਗਏ-ਇਕ ਮੇਰਾ ਖਾਵੰਦ, ਤਿੰਨ ਮੇਰੇ ਪੁੱਤ, ਤੇ ਚਾਰੇ ਦੇ ਚਾਰੇ ਬਚ ਗਏ। ਪਰ ਅਲੇਕਸੇਈ ਦੇ ਸਾਰੇ ਭਰਾਵਾਂ ਵਿਚੋਂ ਕੋਈ ਨਹੀਂ ਮੁੜਿਆ। ਦਸੋ ਹੋਰ ਕੀ ਆਖਾਂ ? ਸਾਰੇ ਪਿੰਡ ਦੇ ਥੋੜ੍ਹੇ ਜਿਹੇ ਬੰਦੇ ਹੀ ਮੁੜੇ, ਪਰ ਮੇਰੇ ਚਾਰੇ ਦੇ ਚਾਰੇ। ਫੇਰ ਹੋਈ ਨਾ ਮੈਂ ਖੁਸ਼ਨਸੀਬ ਔਰਤ ?

• • •

ਮਿਖਾਈਲ ਸ਼ੋਲੋਖੋਵ

ਵੀਹਵੀਂ ਸਦੀ ਦੇ ਚੋਟੀ ਦੇ ਨਾਵਲਕਾਰ, ਲੈਨਿਨ ਪੁਰਸਕਾਰ ਵਿਜੇਤਾ ਮਿਖ਼ਾਈਲ ਸ਼ੋਲੋਖੋਵ (1905–1984) ਦੀ ਲੰਬੀ ਕਹਾਣੀ "ਮਨੁੱਖ ਦੀ ਹੋਣੀ", ਜਿਹੜੀ ਹਥਲੇ ਸੰਗ੍ਰਹਿ ਵਿੱਚ ਸ਼ਾਮਿਲ ਕੀਤੀ ਗਈ ਹੈ, ਲੇਖਕ ਦੀ ਇੱਕ ਬੇਹੱਦ ਵਲਵਲੇ ਜਗਾਊ ਰਚਨਾ ਹੈ। "ਡਾਨ ਵਹਿੰਦਾ ਰਿਹਾ" ਤੇ "ਨਵੀਂ ਧਰਤੀ ਨਵੇਂ ਸਿਆੜ" ਦਾ ਕਰਤਾ ਜੁਲਾਈ 1941 ਵਿੱਚ ਸਵੈਇੱਛਾ ਨਾਲ਼ ਮੁਹਾਜ਼ 'ਤੇ ਚਲਾ ਗਿਆ। ਫੌਜੀ ਪੱਤਰ–ਪ੍ਰੇਰਕ ਮਿਖ਼ਾਈਲ ਸ਼ੋਲੋਖੋਵ ਉਨ੍ਹਾਂ ਚਹੁੰ ਸਾਲਾਂ ਵਿੱਚ ਵਾਪਰੀਆਂ ਕਈ ਘਟਨਾਵਾਂ ਦਾ ਚਸ਼ਮਦੀਦ ਗਵਾਹ ਸੀ। ਉਸ ਦਾ ਜੱਦੀ ਪਿੰਡ ਵੀ ਜੰਗ ਦੀ ਮਾਰ ਤੋਂ ਨਾ ਬਚਿਆ। ਫਾਸਿਸ਼ਟਾਂ ਦੇ ਬੰਬ ਨਾਲ਼ ਸ਼ੋਲੋਖੋਵ ਦੀ ਮਾਂ ਮਾਰੀ ਗਈ ਤੇ ਵੇਸ਼ੇਨਸਕਾਯਾ ਪਿੰਡ ਵਿੱਚ ਉਹਦਾ ਘਰ ਸੜ ਕੇ ਸਵਾਹ ਹੋ ਗਿਆ। ਲੇਖਕ ਨੇ ਜੰਗ ਦਾ ਦੁਖ ਆਪ ਹੰਢਾਇਆ ਸੀ, ਤੇ ਸ਼ਾਇਦ ਇਸੇ ਕਰਕੇ ਉਹ ਦੀਆਂ ਉਹ ਰਚਨਾਵਾਂ ਪਾਠਕ ਦੀ ਰੂਹ ਝੰਜੋੜ ਕੇ ਰੱਖ ਦਿੰਦੀਆਂ ਨੇ, ਜਿਨ੍ਹਾਂ ਵਿੱਚ ਹਿਟਲਰੀ ਹਮਲੇ ਦੇ ਬੇਹੱਦ ਔਖੇ ਦਿਨਾਂ ਤੇ ਸੋਵੀਅਤ ਲੋਕਾਂ ਦੀ ਅਜਿੱਤ ਦ੍ਰਿੜ੍ਹਤਾ ਦਾ ਵਰਨਣ ਕੀਤਾ ਗਿਆ ਹੈ।

ਮਨੁੱਖ ਦੀ ਹੋਣੀ

1903 ਤੋਂ ਸੋਵੀਅਤ ਯੂਨੀਅਨ ਦੀ
ਕਮਿਊਨਿਸਟ ਪਾਰਟੀ ਦੀ ਮੈਂਬਰ
ਯੇਵਗੇਨੀਆ ਗ੍ਰਿਗੋਰੀਯੇਵਨਾ ਲੇਵੀਤਸਕਾਯਾ ਲਈ।

ਜੰਗ ਤੋਂ ਪਿੱਛੋਂ ਦੇ ਪਹਿਲੇ ਵਰ੍ਹੇ ਦੋਨ ਦੇ ਉਤਾੜ੍ਹ ਵਿੱਚ ਜਿਹੜੀ ਬਸੰਤ ਆਈ ਉਸ ਵਿੱਚ ਇੱਕ ਅਨੋਖਾ ਜ਼ੋਰ ਤੇਜ਼ੀ ਸੀ। ਮਾਰਚ ਦੇ ਅਖ਼ੀਰ ਤੇ ਅਜ਼ੋਵ ਸਾਗਰ ਦੇ ਤੱਟਾਂ ਤੋਂ ਗਰਮ ਹਵਾਵਾਂ ਚੱਲੀਆਂ ਅਤੇ ਦੋ ਦਿਨਾਂ ਵਿੱਚ ਦਰਿਆ ਦਾ ਖੱਬਾ ਰੇਤਲਾ ਕੰਡਾ ਨੰਗਾ ਹੋ ਗਿਆ ; ਸਤੈਪੀ ਵਿੱਚ ਬਰਫ਼ ਨਾਲ ਅੱਟੇ ਦਰੁਗ ਅਤੇ ਖੱਡਾਂ ਉੱਬਲ ਪਈਆਂ, ਨਦੀਆਂ ਨੇ ਬਰਫ਼ ਨੂੰ ਤੋੜ ਦਿੱਤਾ ਅਤੇ ਉਹਨਾਂ ਵਿੱਚ ਝਲਿਆਇਆ ਹੜ੍ਹ ਆ ਗਿਆ ਅਤੇ ਸੜਕਾਂ ਲੱਗਭਗ ਉੱਕਾ ਹੀ ਅਲੰਘ ਹੋ ਗਈਆਂ।

ਸਾਲ ਦੇ ਇਸ ਕਸੂਤੇ ਸਮੇਂ ਮੈਨੂੰ ਬੂਕਾਨੋਵਸਕਾਯਾ ਦੇ ਪਿੰਡ ਤੱਕ ਸਫ਼ਰ ਕਰਨਾ ਪਿਆ। ਫ਼ਾਸਲਾ ਕੋਈ ਬਹੁਤਾ ਨਹੀਂ ਸੀ— ਬਸ ਲਗਭਗ ਸੱਠ ਕਿਲੋਮੀਟਰ—ਪਰ ਰਾਹ ਔਖਾ ਸਾਬਤ ਹੋਇਆ। ਮੈਂ ਅਤੇ ਮੇਰਾ ਮਿੱਤਰ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਚੱਲ ਪਏ। ਚੰਗੇ ਪਲ਼ੇ ਘੋੜੇ ਜੋਤਰਿਆਂ ਤੇ ਜ਼ੋਰ ਲਾਉਂਦੇ ਅਤੇ ਭਾਰੀ ਗੱਡੀ ਨੂੰ ਮਸਾਂ ਹੀ ਖਿੱਚਦੇ। ਪਹੀਏ ਧੁਰਿਆਂ ਤੱਕ ਕੱਚੀ ਅਤੇ ਪੱਕੀ ਬਰਫ਼ ਅਤੇ ਰੇਤ ਦੇ ਮਿਲੇ ਜੁਲੇ ਗਿੱਲੇ ਮਿਲਗੋਭੇ ਵਿੱਚ ਧਸ ਗਏ ਅਤੇ ਇੱਕ ਘੰਟੇ ਦੇ ਅੰਦਰ ਅੰਦਰ ਘੋੜਿਆਂ ਦੇ ਪਾਸਿਆਂ ਅਤੇ ਢੱਕਾਂ ਉੱਤੇ ਅਤੇ ਪਤਲੇ ਤੰਗਾਂ ਹੇਠ ਝੱਗ ਦੇ ਮਲਾਈ ਜਿਹੇ ਚਿੱਟੇ ਗੋੜ੍ਹੇ ਦਿਸਣ ਲੱਗ ਪਏ ਅਤੇ ਸਵੇਰ ਦੀ ਸੱਜਰੀ ਪੌਣ ਵਿਚ ਪਸੀਨੇ ਅਤੇ ਖ਼ੂਬ ਕੋਲਤਾਰ ਮਲੇ ਸਾਜ਼ ਦੀ ਤਿੱਖੀ, ਨਸ਼ੀਲੀ ਬੋ ਘੁਸ ਆਈ।

ਜਿਥੇ ਗੱਡੀ ਖਿੱਚਣ ਵਿੱਚ ਘੋੜਿਆਂ ਨੂੰ ਖ਼ਾਸ ਤੌਰ 'ਤੇ ਔਖ ਹੁੰਦੀ, ਉਥੇ ਅਸੀਂ ਹੇਠਾਂ ਲਹਿ ਜਾਂਦੇ ਅਤੇ ਪੈਦਲ ਚਲਦੇ। ਕਿਰਚ-ਕਿਰਚ ਕਰਦੀ ਬਰਫ਼ ਵਿੱਚ ਚੱਲਣਾ ਔਖਾ ਸੀ, ਜਿਹੜੀ ਸਾਡੇ ਬੂਟਾਂ ਹੇਠਾਂ ਪਚ-ਪਚ ਕਰਦੀ ਪਰ ਸੜਕ ਦੇ ਕੰਢੇ ਉੱਤੇ ਪੱਕੀ ਬਰਫ਼ ਦੀ ਲਿਸ਼ਕਦੀ ਤਹਿ ਜੰਮੀ ਹੋਈ ਸੀ ਅਤੇ ਉੱਥੇ ਚੱਲਣਾ ਹੋਰ ਵੀ ਔਖਾ ਸੀ। ਦਰਿਆ ਯੇਲਾਨਕਾ ਦੇ ਪੱਤਣ ਤੱਕ ਤੀਹ ਕਿਲੋਮੀਟਰ ਦਾ ਪੈਂਡਾ ਮਾਰਨ ਵਿੱਚ ਸਾਨੂੰ ਲੱਗਭਗ ਛੇ ਘੰਟੇ ਲੱਗੇ।

ਮੋਖੋਵਸਕੀ ਦੇ ਪਿੰਡ ਕੋਲ ਨਿੱਕੇ ਦਰਿਆ ਨੇ, ਜਿਹੜਾ ਹੁਨਾਲ ਵਿੱਚ ਲੱਗਭਗ ਸੁੱਕਾ ਹੁੰਦਾ ਸੀ, ਹੁਣ ਆਪਣੇ ਆਪ ਨੂੰ ਜਿੱਲ੍ਹਣ ਵਾਲੀਆਂ ਪਨਿਆਲੀਆਂ ਜੂਹਾਂ ਦੇ ਪੂਰੇ ਇੱਕ ਕਿਲੋਮੀਟਰ

ਤੱਕ ਫੈਲਾ ਲਿਆ ਸੀ, ਜਿਨ੍ਹਾਂ ਉੱਤੇ ਆਲਡਰ ਦੀਆਂ ਝਾੜੀਆਂ ਦੇ ਝੁੰਡ ਸਨ। ਸਾਨੂੰ ਦਰਿਆ ਇੱਕ ਚੌਂਦੀ ਸਪਾਟ ਤਲੇ ਵਾਲੀ ਬੇੜੀ ਵਿਚ ਪਾਰ ਕਰਨਾ ਪਿਆ, ਜਿਸ ਵਿੱਚ ਵੱਧ ਤੋਂ ਵੱਧ ਤਿੰਨ ਬੰਦੇ ਜਾ ਸਕਦੇ ਸਨ। ਅਸਾਂ ਗੱਡੀ ਅਤੇ ਘੋੜੇ ਘਰ ਮੋੜ ਦਿੱਤੇ। ਪਾਰਲੇ ਕੰਢੇ, ਇੱਕ ਸਾਂਝੇ ਫ਼ਾਰਮ ਦੇ ਢਾਰੇ ਹੇਠ ਇੱਕ ਘਸੀ ਘਸਾਈ ਜੀਪ, ਜਿਹੜੀ ਸਿਆਲ ਦਾ ਵਧੇਰੇ ਹਿੱਸਾ ਉੱਥੇ ਖੜੀ ਰਹੀ ਸੀ, ਸਾਨੂੰ ਉਡੀਕ ਰਹੀ ਸੀ। ਕੁੱਝ-ਕੁੱਝ ਵਸਵਸੇ ਨਾਲ ਡਰਾਈਵਰ ਅਤੇ ਮੈਂ ਇਸ ਡਾਵਾਂਡੋਲ ਬੇੜੀ ਵਿੱਚ ਸਵਾਰ ਹੋ ਗਏ। ਮੇਰਾ ਮਿੱਤਰ ਸਾਡੇ ਸਾਮਾਨ ਦੇ ਨਾਲ ਕੰਢੇ ਉਤੇ ਹੀ ਰਿਹਾ। ਸਾਡੀ ਬੇੜੀ ਚੱਲੀ ਹੀ ਸੀ ਕਿ ਗਲ਼ੇ ਸੜੇ ਤਖ਼ਤਿਆਂ ਵਿੱਚੋਂ ਪਾਣੀ ਦੇ ਨਿੱਕੇ-ਨਿੱਕੇ ਫ਼ੁਹਾਰੇ ਸ਼ਰਲਾਟੇ ਮਾਰ ਕੇ ਨਿਕਲਣ ਲੱਗ ਪਏ। ਜੋ ਕੁੱਝ ਸਾਡੇ ਹੱਥ ਆਇਆ ਉਸ ਨਾਲ ਅਸਾਂ ਤਰੇੜਾਂ ਭਰੀਆਂ ਅਤੇ ਪਾਰਲੇ ਕੰਢੇ ਅਪੜਨ ਤੱਕ ਪਾਣੀ ਬਾਹਰ ਕੱਢਦੇ ਰਹੇ। ਇੱਕ ਘੰਟੇ ਪਿੱਛੋਂ ਅਸੀਂ ਯੇਲਾਨਕਾ ਦੇ ਦੂਜੇ ਕੰਢੇ 'ਤੇ ਪੁੱਜ ਗਏ। ਡਰਾਈਵਰ ਪਿੰਡੋਂ ਜੀਪ ਲਿਆਇਆ ਅਤੇ ਬੇੜੀ ਵੱਲ ਮੁੜ ਗਿਆ।

"ਜੇ ਇਹ ਬੁੱਢੀ ਬੇੜੀ ਪਾਣੀ ਵਿੱਚ ਟੋਟੇ-ਟੋਟੇ ਨਾ ਹੋ ਗਈ ਤਾਂ ਮੈਂ ਤੇਰੇ ਮਿੱਤਰ ਨੂੰ ਲੈ ਕੇ ਦੋ ਕੁ ਘੰਟਿਆਂ ਵਿੱਚ ਆ ਜਾਵਾਂਗਾ। ਇਸ ਤੋਂ ਪਹਿਲਾਂ ਤਾਂ ਹੋਣਾ ਨਹੀਂ", ਡਰਾਈਵਰ ਨੇ ਇੱਕ ਚੱਪੂ ਚੁੱਕਦੇ ਹੋਏ ਕਿਹਾ।

ਪਿੰਡ ਦਰਿਆ ਤੋਂ ਚੋਖਾ ਦੂਰ ਸੀ ਅਤੇ ਪਾਣੀ ਦੇ ਨੇੜੇ ਉਹ ਸ਼ਾਂਤੀ ਸੀ ਜਿਹੜੀ ਲੁਗੀਆਂ ਥਾਵਾਂ ਉੱਤੇ ਸਿਰਫ਼ ਪੱਤਝੜ ਦੇ ਅੰਤ ਦੇ ਨੇੜੇ ਜਾਂ ਬਸੰਤ ਦੇ ਐਨ ਸ਼ੁਰੂ ਵਿੱਚ ਹੀ ਹੁੰਦੀ ਹੈ। ਪਾਣੀ ਦੇ ਉੱਪਰ ਹਵਾ ਸਿੱਲ੍ਹੀ ਸੀ ਅਤੇ ਗਲ਼ ਸੜ ਰਹੀਆਂ ਆਲਡਰ ਦੀਆਂ ਝਾੜੀਆਂ ਦੀ ਬੋ ਨਾਲ ਕੌੜੀ, ਪਰ ਧੁੰਦ ਦੇ ਡੇਕ ਰੰਗੇ ਧੁੰਦਲਕੇ ਵਿੱਚ ਨਹਾਤੇ ਦੁਰਾਡੇ ਸਤੈਪੀ ਵਿੱਚੋਂ ਨਿੰਮ੍ਹੀ ਸੁਮੀਰ ਥੋੜ੍ਹਾ ਚਿਰ ਪਹਿਲਾਂ ਹੀ ਬਰਫ਼ ਤੋਂ ਮੁਕਤ ਹੋਈ ਭੋਂ ਦੀ ਸਦਾ ਜਵਾਨ, ਮਸਾਂ ਹੀ ਪਛਾਣੀ ਜਾਂਦੀ ਸੁਗੰਧ ਲਿਆਉਂਦੀ।

ਨੇੜੇ ਹੀ, ਪਾਣੀ ਦੇ ਕੰਢੇ ਰੇਤ ਉੱਤੇ ਇੱਕ ਸਿਰਕੀ ਦਾ ਟੁੱਟਾ ਜੰਗਲਾ ਪਿਆ ਸੀ। ਮੈਂ ਦੋ ਸੂਟੇ ਲਾਉਣ ਲਈ ਉਸ ਉੱਤੇ ਬਹਿ ਗਿਆ ਪਰ ਜਦੋਂ ਮੈਂ ਜੇਬ੍ਹ ਵਿਚ ਹੱਥ ਪਾਇਆ ਤਾਂ ਮੈਨੂੰ ਇਹ ਵੇਖ ਕੇ ਬਹੁਤ ਨਿਰਾਸ਼ਾ ਹੋਈ ਕਿ ਮੇਰੀ ਜੇਬ ਵਿਚਲੀ ਸਿਗਰਟਾਂ ਦੀ ਡੱਬੀ ਗੜੁੱਚ ਹੋਈ ਪਈ ਸੀ। ਆਉਂਦੇ ਹੋਏ ਇੱਕ ਲਹਿਰ ਬਲਿਦਦੀ ਬੇੜੀ ਦੀ ਬਾਹੀ ਉੱਤੋਂ ਛਲਕ ਕਰਕੇ ਆਈ ਸੀ ਅਤੇ ਮੇਰੇ ਉਤੇ ਕਮਰ ਤੱਕ ਪਣਿਆਲਾ ਪਾਣੀ ਸੁੱਟ ਦਿੱਤਾ ਸੀ। ਉਦੋਂ ਕਿਉਂਕਿ ਮੈਨੂੰ ਆਪਣਾ ਚੱਪੂ ਸੁੱਟਣਾ ਅਤੇ ਸਾਨੂੰ ਡੁੱਬਣੋਂ ਬਚਾਉਣ ਲਈ ਵਾਹੋ ਦਾਹੀ ਪਾਣੀ ਬਾਹਰ ਕੱਢਣਾ ਪਿਆ ਸੀ, ਪਰ ਹੁਣ ਖੁਦ ਆਪਣੀ ਲਾਪ੍ਰਵਾਹੀ ਤੇ ਖਿੱਝੇ ਹੋਏ ਮੈਂ ਬੜੇ ਧਿਆਨ ਨਾਲ ਗੜੁੱਚੀ ਡੱਬੀ ਜੇਬ੍ਹ ਵਿਚੋਂ ਕੱਢੀ, ਪੈਰਾਂ ਭਾਰ ਬਹਿ ਗਿਆ ਅਤੇ ਇੱਕ ਇੱਕ ਕਰਕੇ ਗਿੱਲੀਆਂ, ਬਦਾਮੀ-ਰੰਗੀਆਂ ਸਿਗਰਟਾਂ ਜੰਗਲੇ ਉੱਤੇ ਰੱਖਣੀਆਂ ਸ਼ੁਰੂ ਕਰ ਦਿੱਤੀਆਂ।

ਦੁਪਹਿਰਾ ਹੋ ਗਿਆ ਸੀ। ਸੂਰਜ ਮਈ ਵਾਂਗ ਗਰਮੀ ਨਾਲ ਚਮਕ ਰਿਹਾ ਸੀ। ਮੈਨੂੰ ਆਸ ਸੀ ਕਿ ਸਿਗਰਟਾਂ ਛੇਤੀ ਹੀ ਸੁੱਕ ਜਾਣਗੀਆਂ। ਇੰਨੀ ਗਰਮੀ ਸੀ ਕਿ ਮੈਨੂੰ ਇਸ ਸਫ਼ਰ ਲਈ ਆਪਣੀ ਭਰਤੀ ਵਾਲੀ ਫ਼ੌਜੀ ਪਤਲੂਨ ਅਤੇ ਕੋਟ ਪਹਿਨਣ 'ਤੇ ਅਫ਼ਸੋਸ ਹੋਣ ਲੱਗ ਪਿਆ।

ਇਹ ਵਰ੍ਹੇ ਦਾ ਪਹਿਲਾ ਅਸਲੀ ਗਰਮ ਦਿਨ ਸੀ। ਪਰ ਇੱਥੇ ਇੱਕਲੇ ਬਹਿਣਾ, ਆਪਣੇ ਆਪ ਨੂੰ ਪੂਰੀ ਤਰ੍ਹਾਂ ਸ਼ਾਂਤੀ ਅਤੇ ਚੁੱਪ ਦੇ ਹਵਾਲੇ ਕਰ ਦੇਣਾ, ਆਪਣੀ ਪੁਰਾਣੀ ਫ਼ੌਜੀ ਟੋਪੀ ਲਾਹ ਦੇਣਾ ਅਤੇ ਚੱਪੂ ਚਲਾਉਣ ਦੇ ਭਾਰੇ ਕੰਮ ਪਿੱਛੋਂ ਹਵਾ ਨੂੰ ਆਪਣੇ ਵਾਲ ਸੁਕਾਉਣ ਦੇਣਾ ਅਤੇ ਵਿਹਲੜ ਢੰਗ ਨਾਲ ਉੱਤੇ ਉੱਡਦੇ ਨੀਲੇ ਰੰਗ ਵਿਚ ਵੱਡੀਆਂ ਛਾਤੀਆਂ ਵਾਲੇ ਬੱਦਲਾਂ ਨੂੰ ਤੈਰਦੇ ਵੇਖਣਾ, ਚੰਗਾ ਚੰਗਾ ਲੱਗਦਾ ਸੀ।

ਥੋੜ੍ਹਾ ਚਿਰ ਪਿੱਛੋਂ ਮੈਂ ਪਿੰਡ ਦੇ ਅਖ਼ੀਰੀ ਮਕਾਨਾਂ ਪਿੱਛੋਂ ਆਉਂਦੀ ਸੜਕ ਉੱਤੇ ਇੱਕ ਬੰਦੇ ਨੂੰ ਆਉਂਦੇ ਤੱਕਿਆ। ਇੱਕ ਨਿੱਕੇ ਮੁੰਡੇ ਨੇ ਉਹਦੀ ਉਂਗਲੀ ਫੜੀ ਹੋਈ ਸੀ, ਪੰਜਾ ਜਾਂ ਛਿਆਂ ਸਾਲਾਂ ਦਾ ਹੋਣੈਂ, ਮੈਂ ਅੰਦਾਜ਼ਾ ਲਾਇਆ, ਵੱਧ ਦਾ ਨਹੀਂ ਹੋਣਾ। ਉਹ ਥੱਕੇ ਪੈਰੀਂ ਪੱਤਣ ਵੱਲ ਗਏ, ਜੀਪ ਕੋਲ ਅੱਪੜ ਕੇ ਮੁੜੇ ਅਤੇ ਮੇਰੇ ਵੱਲ ਆਏ। ਲੰਬਾ ਅਤੇ ਕੁੱਝ ਕੁ ਕੁੱਬਾ ਬੰਦਾ ਐਨ ਮੇਰੇ ਕੋਲ ਆਇਆ ਅਤੇ ਡੂੰਘੀ, ਭਾਰੀ ਆਵਾਜ਼ ਵਿੱਚ ਕਿਹਾ:

"ਹੈਲੋ,ਮਿੱਤਰ।"

"ਹੈਲੋ," ਮੈਂ ਉਹ ਵੱਡਾ ਖਰ੍ਹਵਾ ਹੱਥ ਲਿਆ ਜਿਹੜਾ ਉਹਨੇ ਵਧਾਇਆ ਸੀ।

ਉਹ ਬੰਦਾ ਨਿੱਕੇ ਮੁੰਡੇ ਵੱਲ ਝੁਕਿਆ ਅਤੇ ਕਿਹਾ: "ਪੁੱਤਰ, ਚਾਚੇ ਨੂੰ ਹੈਲੋ ਕਹਿ। ਜਾਪਦੈ ਉਹ ਵੀ ਤੇਰੇ ਅੱਬਾ ਵਾਂਗ ਡਰਾਈਵਰ ਏ। ਬਸ ਤੂੰ ਤੇ ਮੈਂ ਲਾਰੀ ਚਲਾਇਆ ਕਰਦੇ ਸਾਂ, ਹੈਂ ਨਾ ਅਤੇ ਉਹ ਉਥੇ ਖੜੀ ਨਿੱਕੀ ਜਿਹੀ ਬੱਸ ਚਲਾਉਂਦੈ"।

ਮੇਰੇ ਵੱਲ ਆਕਾਸ਼ ਵਾਂਗ ਲਿਸ਼ਕਦੀਆਂ ਅਤੇ ਸਾਫ਼ ਅੱਖਾਂ ਨਾਲ ਵੇਖਦੇ ਹੋਏ, ਮੁੰਡੇ ਨੇ ਦਲੇਰੀ ਨਾਲ ਆਪਣਾ ਗੁਲਾਬੀ, ਠੰਡਾ, ਹੱਥ ਅੱਗੇ ਵਧਾਇਆ। ਮੈਂ ਉਹਦੇ ਨਾਲ ਹੌਲੀ ਜਿਹੇ ਹੱਥ ਮਿਲਾਇਆ ਅਤੇ ਪੁੱਛਿਆ:

"ਬੁੱਢਿਆ, ਠੰਡ ਲੱਗ ਰਹੀ ਏ ? ਅਜਿਹੇ ਗਰਮ ਦਿਨ ਤੇਰਾ ਹੱਥ ਇੰਨਾ ਠੰਡਾ ਕਿਉਂ ਏ ?"

ਖਿੱਚ-ਪਾਊ ਬਚਗਾਨਾ ਵਿਸਾਹੀ ਢੰਗ ਨਾਲ ਮੁੰਡਾ ਮੇਰੇ ਗੋਡੇ ਨਾਲ ਲੱਗ ਗਿਆ ਅਤੇ ਹੈਰਾਨੀ ਨਾਲ ਆਪਣੇ ਨਿੱਕੇ ਕੱਕੇ ਭਰਵਟੇ ਉਪਰ ਚੁੱਕੇ।

"ਪਰ ਚਾਚਾ, ਮੈਂ ਬੁੱਢਾ ਤਾਂ ਉਕਾ ਨਹੀਂ। ਮੈਂ ਤਾਂ ਮੁੰਡਾ ਆਂ ਤੇ ਮੈਨੂੰ ਠੰਡ ਵੀ ਨਹੀਂ ਲੱਗ ਰਹੀ। ਮੇਰੇ ਹੱਥ ਠੰਡੇ ਨੇ ਕਿਉਂਕਿ ਮੈਂ ਬਰਫ਼ ਦੇ ਗੋਲੇ ਬਣਾਉਂਦਾ ਰਿਹਾਂ।"

ਅੱਧਾ ਖ਼ਾਲੀ ਪਿੱਠੂ ਆਪਣੀ ਪਿੱਠ ਤੋਂ ਲਾਹ ਕੇ ਪਿਉ ਧੜਾਮ ਕਰਕੇ ਮੇਰੇ ਕੋਲ ਬਹਿ ਗਿਆ ਅਤੇ ਬੋਲਿਆ:

"ਮੇਰਾ ਇਹ ਮੁਸਾਫ਼ਰ, ਪੂਰੀ ਨਿੱਕੀ ਮੁਸੀਬਤ ਏ, ਸੱਚੀਂ। ਉਹਨੇ ਮੈਨੂੰ ਵੀ ਥਕਾ ਮਾਰਿਐ ਤੇ ਆਪਣੇ ਆਪ ਨੂੰ ਵੀ। ਜੇ ਮੈਂ ਲੰਬੇ ਡੱਗ ਭਰਾਂ ਤਾਂ ਨੱਠਣ ਲੱਗ ਪੈਂਦੈ, ਜ਼ਰਾ ਉਹਦੇ ਜਿਹੇ ਪੈਰ ਘਸੀਟਣ ਵਾਲੇ ਨਾਲ ਤੁਰਨ ਦਾ ਯਤਨ ਤਾਂ ਕਰੋ। ਜਿਥੇ ਮੈਂ ਇੱਕ ਕਦਮ ਪੁੱਟ ਸਕਦਾਂ, ਉੱਥੇ ਮੈਨੂੰ ਤਿੰਨ ਪੁੱਟਣੇ ਪੈਂਦੇ ਨੇ ਤੇ ਸੋ ਅਸੀਂ ਚਲੇ ਜਾਂਦੇ ਆਂ, ਘੋੜੇ ਤੇ ਕੱਛੂ ਵਾਂਗ। ਤੇ ਉਹਦੇ ਉੱਤੇ ਨਿਗਾਹ ਰੱਖਣ ਲਈ ਸਿਰ ਦੇ ਪਿੱਛੇ ਅੱਖਾਂ ਦੀ ਲੋੜ ਏ। ਜਿਉਂ ਹੀ ਤੁਸੀਂ ਪਿੱਠ ਮੋੜੋ, ਉਹ ਕਿਸੇ ਚਲ੍ਹੇ ਵਿਚ ਛੱਪ ਛੱਪ ਕਰਨ ਲੱਗ ਪੈਂਦੈ ਜਾਂ ਕੋਈ ਕਕਰੋਟਾ ਤੋੜ ਕੇ ਉਹਨੂੰ ਚੂਸਣੀ ਵਾਂਗ

ਚੂਸਣ ਲੱਗ ਪੈਂਦੈ। ਨਹੀਂ, ਇਹੋ ਜਿਹੇ ਨਾਲ ਸਫ਼ਰ ਕਰਨਾ ਮਰਦ ਦਾ ਕੰਮ ਨਹੀਂ, ਘੱਟੋ ਘੱਟ ਪੈਦਲ ਤਾਂ ਉੱਕਾ ਨਹੀਂ।" ਉਹ ਇੱਕ ਛਿਣ ਚੁੱਪ ਰਿਹਾ, ਫਿਰ ਪੁੱਛਣ ਲੱਗਾ : "ਤੇ ਤੂੰ ਕੀ ਕਰ ਰਿਹੈਂ, ਸਾਥੀ ? ਆਪਣੇ ਅਫ਼ਸਰ ਨੂੰ ਉਡੀਕ ਰਿਹੈਂ ? "

ਮੈਂ ਉਹਨੂੰ ਇਹ ਨਹੀਂ ਸਾਂ ਕਹਿਣਾ ਚਾਹੁੰਦਾ ਕਿ ਮੈਂ ਡਰਾਈਵਰ ਨਹੀਂ, ਸੋ ਮੈਂ ਜਵਾਬ ਦਿੱਤਾ:

"ਜਾਪਦੈ ਮੈਨੂੰ ਉਡੀਕਣਾ ਹੀ ਪਵੇਗਾ।"

"ਉਹ ਦੂਜੇ ਕੰਢਿਉਂ ਆ ਰਿਹੈ ? "

"ਹਾਂ, ਆਵੇਗਾ।"

"ਪਤਾ ਈ ਬੇੜੀ ਕਿੰਨੀ ਕੁ ਦੇਰ ਨੂੰ ਆਵੇਗੀ ? "

"ਦੋ ਕੁ ਘੰਟਿਆਂ ਤੱਕ।"

"ਇਹ ਤਾਂ ਬੜਾ ਚਿਰ ਏ। ਚਲੋ, ਥੋੜ੍ਹਾ ਸਾਹ ਕੱਢ ਲਈਏ, ਮੈਨੂੰ ਕੋਈ ਕਾਹਲ ਨਹੀਂ। ਇੱਥੋਂ ਲੰਘਦਿਆਂ ਤੈਨੂੰ ਵੇਖਿਆ, ਸੋ ਮੈਂ ਮਨ ਵਿੱਚ ਸੋਚਿਆ, ਸਾਡੇ ਜਿਹਾ ਇੱਕ ਡਰਾਈਵਰ ਧੁੱਪ ਸੇਕ ਰਿਹੈ। ਚੱਲ ਕੇ ਉਹਦੇ ਨਾਲ ਦੋ ਸੂਟੇ ਲਾਈਏ। ਇੱਕਲੀਆਂ ਪੀਣ ਵਿਚ ਕੋਈ ਮਜ਼ਾ ਨਹੀਂ। ਮੈਂ ਵੇਖਨਾ, ਤੂੰ ਤਾਂ ਮੌਜਾਂ ਮਾਣ ਰਿਹੈਂ, ਸਿਗਰਟਾਂ ਪੀ ਰਿਹੈਂ। ਗਿੱਲੀਆਂ ਹੋ ਗਈਆਂ ਨੇ, ਹੈਂ ? ਸੱਚੀਂ ਮਿੱਤਰਾ, ਗਿੱਲੀਆਂ ਸਿਗਰਟਾਂ ਫੂਕਾਂ ਕੀਤੇ ਘੋੜੇ ਵਾਂਗ ਨੇ, ਦੋਵੇਂ ਕਿਸੇ ਕੰਮ ਦੇ ਨਹੀਂ ਹੁੰਦੇ। ਆ ਫਿਰ ਮੇਰੇ ਧਗੜੇ ਤੰਬਾਕੂ ਉੱਤੇ ਹੀ ਹੱਥ ਫੇਰੀਏ।"

ਉਹਨੇ ਆਪਣੀ ਪਤਲੀ ਖ਼ਾਕੀ ਪਤਲੂਨ ਦੀ ਜੇਬ ਵਿਚੋਂ ਇੱਕ ਘਸੀ ਹੋਈ ਰੇਸ਼ਮੀ ਗੁੱਥੀ ਕੱਢੀ ਅਤੇ ਜਦੋਂ ਉਹਨੇ ਇਹ ਖੋਹਲੀ ਤਾਂ ਮੈਂ ਵੇਖਿਆ ਕਿ ਇੱਕ ਨੁੱਕਰੇ ਕਸ਼ੀਦਾ ਕੀਤਾ ਹੋਇਆ ਸੀ : "ਸਾਡੇ ਪਿਆਰੇ ਫ਼ੌਜ਼ੀਆਂ ਵਿੱਚੋਂ ਇੱਕ ਨੂੰ, ਲੇਬੇਦਿਆਂਸਕਾਯਾ ਸੈਕੰਡਰੀ ਦੇ ਇੱਕ ਵਿਦਿਆਰਥੀ ਵੱਲੋਂ।"

ਅਸੀਂ ਘਰ ਦਾ ਉਗਾਇਆ ਕੌੜਾ ਤੰਬਾਕੂ ਪੀਂਦੇ ਰਹੇ ਅਤੇ ਬੜਾ ਚਿਰ ਸਾਡੇ ਵਿੱਚੋਂ ਕੋਈ ਨਾ ਬੋਲਿਆ। ਮੈਂ ਉਸ ਤੋਂ ਪੁੱਛਣ ਹੀ ਲੱਗਾ ਸਾਂ ਕਿ ਉਹ ਮੁੰਡੇ ਨਾਲ ਕਿੱਥੇ ਜਾ ਰਿਹੈ ਅਤੇ ਕਿਹੜੀ ਗੱਲ ਉਹਨੂੰ ਇੰਨੀਆਂ ਭੈੜੀਆਂ ਸੜਕਾਂ 'ਤੇ ਲਿਆਈ, ਪਰ ਉਹਨੇ ਪਹਿਲਾਂ ਸਵਾਲ ਪੁੱਛ ਲਿਆ :

"ਜੰਗ ਦਾ ਸਾਰਾ ਸਮਾਂ ਚੱਕਾ ਘੁਮਾਉਂਦਾ ਰਿਹੈਂ ਹੈਂ ਨਾ ? "

"ਲੱਗਭਗ ਸਾਰਾ ਸਮਾਂ।"

"ਮੋਰਚੇ 'ਤੇ ? "

"ਹਾਂ।"

"ਹਾਂ, ਮੈਂ ਵੀ ਉਥੇ ਭਰਪੂਰ ਦੁੱਖ ਝੱਲੇ, ਮਿੱਤਰਾ। ਲੋੜੋਂ ਵੱਧ ਈ।"

ਉਹਨੇ ਆਪਣੇ ਵੱਡੇ, ਸੰਵਲਾਏ ਹੱਥ ਆਪਣੇ ਗੋਡਿਆਂ ਉੱਤੇ ਰੱਖੇ ਅਤੇ ਆਪਣੇ ਮੋਢੇ ਢਿਲਕ ਜਾਣ ਦਿੱਤੇ। ਜਦੋਂ ਮੈਂ ਕਾਣੀ ਅੱਖ ਨਾਲ ਉਹਦੇ ਵੱਲ ਵੇਖਿਆ ਤਾਂ ਮੈਨੂੰ ਅਨੋਖੀ ਜਿਹੀ ਉਲਝਣ ਹੋਈ। ਕੀ ਤੁਸਾਂ ਕਦੀ ਅਜਿਹੀਆਂ ਅੱਖਾਂ ਵੇਖੀਆਂ ਹਨ ਜਿਨ੍ਹਾਂ ਉੱਤੇ ਸੁਆਹ ਧੂੜੀ ਹੋਵੇ, ਅੱਖਾਂ, ਜਿਹੜੀਆਂ ਅਜਿਹੀ ਅਮੁੱਕ ਪੀੜਾਂ ਅਤੇ ਦੁੱਖਾਂ ਨਾਲ ਭਰੀਆਂ ਹੋਈਆਂ ਹੋਣ

ਕਿ ਉਹਨਾਂ ਵਿੱਚ ਝਾਕਣਾ ਔਖਾ ਹੋਵੇ ? ਮੈਨੂੰ ਸਬੱਬੀ ਮਿਲੇ ਇਸ ਬੰਦੇ ਦੀਆਂ ਅੱਖਾਂ ਅਜਿਹੀਆਂ ਸਨ।

ਉਹਨੇ ਜੰਗਲੇ ਵਿਚੋਂ ਇੱਕ ਸੁੱਕੀ, ਟੇਢੀ ਮੇਢੀ ਟਹਿਣੀ ਤੋੜੀ ਅਤੇ ਲੱਗਭਗ ਇੱਕ ਮਿੰਟ ਇਹਦੇ ਨਾਲ ਰੇਤ ਉਤੇ ਇੱਕ ਅਜੀਬ ਜਿਹਾ ਨਕਸ਼ਾ ਵਾਹੁੰਦਾ ਰਿਹਾ, ਫਿਰ ਉਹ ਬੋਲਿਆਂ :

"ਕਈ ਵਾਰ ਮੈਨੂੰ ਰਾਤੀਂ ਨੀਂਦ ਨਹੀਂ ਆਉਂਦੀ। ਮੈਂ ਹਨੇਰੇ ਵਿੱਚ ਤਾੜੀ ਲਾਕੇ ਵੇਖਦਾ ਰਹਿੰਨਾਂ ਅਤੇ ਸੋਚਦਾਂ : 'ਜ਼ਿੰਦਗੀ ਤੂੰ ਅਜਿਹਾ ਕਿਉਂ ਕੀਤਾ ? ਤੂੰ ਮੈਨੂੰ ਇਉਂ ਸਜ਼ਾ ਕਿਉਂ ਦਿੱਤੀ ? ' ਤੇ ਮੈਨੂੰ ਕੋਈ ਜਵਾਬ ਨਹੀਂ ਮਿਲਦਾ, ਨਾ ਹਨੇਰੇ ਵਿੱਚ ਅਤੇ ਨਾ ਉਦੋਂ ਜਦੋਂ ਸੂਰਜ ਭਰਪੂਰ ਲਿਸ਼ਕ ਰਿਹਾ ਹੋਵੇ।... ਨਹੀਂ ਮੈਨੂੰ ਕੋਈ ਜਵਾਬ ਨਹੀਂ ਮਿਲਦਾ ਤੇ ਮੈਨੂੰ ਕਦੀ ਮਿਲਣ ਨਹੀਂ ਲੱਗਾ!" ਉਹਨੇ ਆਪਣੇ ਆਪ ਨੂੰ ਰੋਕਿਆ, ਆਪਣੇ ਨਿੱਕੇ ਪੁੱਤਰ ਨੂੰ ਪਿਆਰ ਨਾਲ ਠਹੋਕਾ ਮਾਰਿਆ ਅਤੇ ਕਿਹਾ : "ਜਾ,ਬੇਟਾ, ਜਾ ਕੇ ਪਾਣੀ ਦੇ ਕੋਲ ਖੇਡ, ਵੱਡੇ ਦਰਿਆ ਦੇ ਕੰਢੇ ਨਿੱਕੇ ਬੱਚਿਆਂ ਦੇ ਕਰਨ ਲਈ ਚੋਖਾ ਕੁੱਝ ਹੁੰਦੈ। ਬਸ ਇੰਨਾ ਧਿਆਨ ਰੱਖੀਂ, ਪੈਰ ਗਿਲੇ ਨਾ ਕਰ ਲਵੀਂ।"

ਜਦੋਂ ਅਸੀਂ ਇੱਕਠੇ ਚੁੱਪ ਚਾਪ ਤੰਬਾਕੂ ਪੀ ਰਹੇ ਸਾਂ ਤਾਂ ਮੈਂ ਪਿਉ ਅਤੇ ਪੁੱਤਰ ਉੱਤੇ ਕਾਹਲੀ ਇੱਕ ਨਿਗਾਹ ਮਾਰੀ ਸੀ ਅਤੇ ਉਹਨਾਂ ਬਾਰੇ ਇੱਕ ਗੱਲ ਮੈਨੂੰ ਅਜੀਬ ਲੱਗੀ ਸੀ। ਮੁੰਡੇ ਨੇ ਸਾਦੇ ਪਰ ਚੰਗੇ, ਹੰਢਣਸਾਰ ਕੱਪੜੇ ਪਹਿਨੇ ਹੋਏ ਸਨ। ਜਿਵੇਂ ਉਹਦਾ ਲੰਬੇ ਘੇਰੇ ਵਾਲਾ, ਬੀਵਰ ਦੇ ਲੇਲੇ ਦੇ ਘਸੇ ਚਰੂ ਦੇ ਅਸਤਰ ਵਾਲਾ ਕੋਟ ਉਹਨੂੰ ਪੂਰਾ ਆਉਂਦਾ ਸੀ, ਜਿਵੇਂ ਉਹਦੇ ਨਿੱਕੇ ਬੂਟ ਉਹਦੀਆਂ ਗਰਮ ਜੁਰਾਬਾਂ ਉੱਤੇ ਐਨ ਮੇਚੇ ਦੇ ਸਨ, ਉਹਦੇ ਕੋਟ ਦੀ ਆਸਤੀਨ ਦੇ ਇੱਕ ਪੁਰਾਣੇ ਲੰਗਾਰ ਨੂੰ ਬੜੀ ਸੋਹਣੀ ਤਰ੍ਹਾਂ ਠੀਕ ਕਰਨ ਵਾਲਾ ਟਾਂਕਾ, ਇਹ ਸਭ ਕੁਝ ਕਿਸੇ ਇਸਤ੍ਰੀ ਦੇ ਹੱਥ ਦੀ ਸ਼ਾਹਦੀ ਭਰਦਾ ਸੀ, ਕਿਸੇ ਮਾਂ ਦੇ ਚਤੁਰ ਹੱਥ ਦੀ ਸ਼ਾਹਦੀ ਭਰਦਾ ਸੀ। ਪਰ ਪਿਉ ਦੀ ਦਿੱਖ ਉਕਾ ਹੀ ਵੱਖਰੀ ਸੀ। ਉਹਦੀ ਮਿਰਜ਼ਾਈ ਕਈ ਥਾਵਾਂ ਤੋਂ ਲੂਹੀ ਹੋਈ ਅਤੇ ਨਗੰਦੇ ਮਾਰ ਕੇ ਸਿਉਂਤੀ ਹੋਈ ਸੀ, ਉਹਦੀ ਘਸੀ ਖ਼ਾਕੀ ਪਤਲੂਨ ਉੱਤੇ ਲੱਗੀ ਟਾਕੀ ਠੀਕ ਤਰ੍ਹਾਂ ਸਿਉਂਤੀ ਹੋਈ ਨਹੀਂ ਸੀ ਸਗੋਂ ਵੱਡੇ-ਵੱਡੇ ਮਰਦਾਵੇਂ ਟਾਂਕਿਆਂ ਨਾਲ ਜੋੜੀ ਹੋਈ ਸੀ, ਉਹਨੇ ਲੱਗਭਗ ਨਵੇਂ ਫ਼ੌਜੀ ਬੂਟ ਪਹਿਨੇ ਹੋਏ ਸਨ ਪਰ ਉਹਦੀਆਂ ਮੋਟੀਆਂ ਊਨੀ ਜੁਰਾਬਾਂ ਵਿੱਚ ਥਾਂ-ਥਾਂ ਮੋਰੀਆਂ ਸਨ। ਉਹਨਾਂ ਨੂੰ ਕਦੀ ਜ਼ਨਾਨੀ ਛੁਹ ਨਹੀਂ ਸੀ ਲੱਗੀ। ਮੈਂ ਇਸ ਸਿੱਟੇ ਉੱਤੇ ਅਪੜਿਆ, ਜਾਂ ਤਾਂ ਉਹ ਰੰਡਾ ਹੈ ਜਾਂ ਉਹਦੇ ਅਤੇ ਉਹਦੀ ਘਰਵਾਲੀ ਵਿਚਕਾਰ ਕੁੱਝ ਗੜਬੜ ਹੈ।

ਉਹਨੇ ਆਪਣੇ ਪੁੱਤਰ ਨੂੰ ਨੱਠ ਕੇ ਪਾਣੀ ਤੱਕ ਜਾਂਦੇ ਤੱਕਿਆ, ਫਿਰ ਖੰਘੂਰਾ ਮਾਰਿਆ ਅਤੇ ਬੋਲਣ ਲੱਗ ਪਿਆ ਅਤੇ ਮੈਂ ਪੂਰੀ ਤਰ੍ਹਾਂ ਇਕਾਗਰ ਹੋ ਕੇ ਸੁਣਨ ਲੱਗ ਪਿਆ।

"ਸ਼ੁਰੂ ਵਿਚ ਮੇਰੀ ਜ਼ਿੰਦਗੀ ਬੜੀ ਆਮ ਜਿਹੀ ਸੀ। ਮੈਂ ਵੋਰੋਨੇਜ਼ ਸੂਬੇ ਤੋਂ ਸਾਂ, ਉਥੇ 1900 ਵਿਚ ਜੰਮਿਆ। ਖ਼ਾਨਾ ਜੰਗੀ ਦੇ ਦਿਨੀਂ ਮੈਂ ਲਾਲ ਫ਼ੌਜ ਵਿੱਚ ਸਾਂ, ਕਿਕਵੀਦਜ਼ੇ ਦੀ ਡਵੀਯਨ ਵਿਚ। ਬਾਈ ਦੇ ਕਾਲ ਸਮੇਂ ਮੈਂ ਕੂਬਾਨ ਵੱਲ ਚੱਲ ਪਿਆ ਅਤੇ ਕੁਲਾਕਾਂ* ਲਈ ਖੋਤੇ ਵਾਂਗ

* ਧਨੀ ਕਿਸਾਨ। **—ਅਨੁ:**

ਕੰਮ ਕੀਤਾ, ਜੇ ਨਾ ਕੀਤਾ ਹੁੰਦਾ ਤਾਂ ਅੱਜ ਜਿਉਂਦਾ ਨਾ ਹੁੰਦਾ। ਪਰ ਪਿੱਛੇ ਪਿੰਡ ਵਿਚ ਮੇਰਾ ਸਾਰਾ ਟੱਬਰ—ਪਿਉ, ਮਾਂ ਤੇ ਭੈਣ—ਭੋਖੜੇ ਦਾ ਸ਼ਿਕਾਰ ਹੋਕੇ ਮਰ ਗਏ। ਸੋ ਮੈਂ ਕੱਲਾ ਕਾਰ੍ਹਾ ਰਹਿ ਗਿਆ। ਤੇ ਹੋਰ ਥਾਈਂ, ਰਿਸ਼ਤੇਦਾਰ ਮੇਰਾ ਤਾਂ ਕੋਈ ਨਹੀਂ ਸੀ, ਇੱਕ ਜੀਅ ਵੀ ਨਹੀਂ। ਸੋ, ਇੱਕ ਵਰ੍ਹੇ ਪਿੱਛੋਂ ਮੈਂ ਕੂਬਾਨ ਤੋਂ ਮੁੜਿਆ, ਆਪਣਾ ਘਰ ਵੇਚ ਦਿੱਤਾ ਅਤੇ ਵੋਰੋਨੇਜ਼੍ਹ ਚਲਾ ਗਿਆ। ਪਹਿਲਾਂ ਮੈਂ ਤਰਖਾਣ ਦਾ ਕੰਮ ਕਰਦਾ ਰਿਹਾ, ਫਿਰ ਮੈਂ ਇੱਕ ਕਾਰਖ਼ਾਨੇ ਵਿੱਚ ਗਿਆ ਅਤੇ ਫ਼ਿੱਟਰ ਦਾ ਕੰਮ ਸਿੱਖ ਲਿਆ। ਮੈਂ ਛੇਤੀ ਹੀ ਵਿਆਹ ਕਰ ਲਿਆ। ਮੇਰੀ ਘਰਵਾਲੀ ਇੱਕ ਯਤੀਮਖ਼ਾਨੇ ਵਿਚ ਪਲੀ ਸੀ। ਉਹ ਯਤੀਮ ਸੀ। ਹਾਂ, ਮੈਨੂੰ ਇੱਕ ਚੰਗੀ ਤੀਵੀਂ ਮਿਲ ਗਈ! ਚੰਗੇ ਸੁਭਾਅ ਵਾਲੀ, ਖੁਸ਼-ਰਹਿਣੀ, ਹਰ ਸਮੇਂ ਖੁਸ਼ ਕਰਨ ਲਈ ਫ਼ਿਕਰਮੰਦ। ਅਤੇ ਚੁਸਤ ਵੀ ਸੀ ਉਹ—ਮੇਰਾ ਤਾਂ ਉਹਦੇ ਨਾਲ ਕੋਈ ਮੁਕਾਬਲਾ ਨਹੀਂ। ਉਹਨੇ ਬਚਪਨ ਤੋਂ ਅਸਲੀ ਮੁਸੀਬਤ ਸਹਾਰੀ ਸੀ। ਪੱਕੀ ਗੱਲ ਏ ਇਹਦਾ ਉਹਦੇ ਸੁਭਾਅ ਉੱਤੇ ਅਸਰ ਹੋਇਆ। ਤੁਸੀਂ ਕਹਿ ਸਕਦੇ ਹੋ ਕਿ ਉਹਦੇ ਵੱਲ ਇੱਕ ਪਾਸਿਉਂ ਤੱਕੀਏ ਤਾਂ ਉਹ ਕੋਈ ਬਹੁਤ ਸੋਹਣੀ ਨਹੀਂ ਸੀ, ਪਰ, ਵੇਖੋ ਨਾ, ਮੈਂ ਉਹਦੇ ਵੱਲ ਇੱਕ ਪਾਸਿਉਂ ਤਾਂ ਵੇਖ ਨਹੀਂ ਸਾਂ ਰਿਹਾ, ਮੈਂ ਤਾਂ ਉਹਦੇ ਵੱਲ ਸਿੱਧਾ ਵੇਖ ਰਿਹਾ ਸਾਂ। ਤੇ ਮੇਰੇ ਲਈ ਸਾਰੀ ਦੁਨੀਆਂ ਵਿਚ ਉਸ ਤੋਂ ਸੋਹਣੀ ਤੀਵੀਂ ਕੋਈ ਨਹੀਂ ਸੀ ਤੇ ਕਦੀ ਹੋਵੇਗੀ ਵੀ ਨਹੀਂ।

"ਮੈਂ ਕੰਮ ਤੋਂ ਥੱਕਿਆ ਹੋਇਆ ਤੇ ਅਕਸਰ ਬਹੁਤ ਹੀ ਭੈੜੇ ਰੌਂ ਵਿੱਚ ਮੁੜਦਾ। ਪਰ ਨਹੀਂ, ਉਹ ਤੁਹਾਡੇ ਭੈੜੇ ਰੌਂਅ ਦਾ ਜਵਾਬ ਭੈੜੇ ਰੌਂਅ ਨਾਲ ਨਾ ਦੇਂਦੀ। ਉਹ ਬਹੁਤ ਹੀ ਨਰਮ ਅਤੇ ਚੁੱਪ ਸੀ, ਤੁਹਾਡੇ ਲਈ ਕੁੱਝ ਕਰਦਿਆਂ ਰੱਜਦੀ ਹੀ ਨਾ, ਹਮੇਸ਼ਾ ਕੁੱਝ ਚੰਗਾ ਖਾਣ ਨੂੰ ਬਨਾਉਣ ਦਾ ਯਤਨ ਕਰਦੀ ਰਹਿੰਦੀ, ਉਦੋਂ ਵੀ ਜਦੋਂ ਖਾਣ ਲਈ ਚੋਖਾ ਨਾ ਹੁੰਦਾ। ਮੇਰਾ ਤਾਂ ਬਸ ਉਹਨੂੰ ਵੇਖ ਕੇ ਹੀ ਦਿਲ ਹੌਲਾ ਹੋ ਜਾਂਦਾ। ਕੁੱਝ ਚਿਰ ਪਿੱਛੋਂ ਮੈਂ ਉਹਨੂੰ ਜੱਫ਼ੀ ਪਾ ਲੈਂਦਾ ਅਤੇ ਕਹਿੰਦਾ: 'ਮੇਰੀ ਜਾਨ ਇਰੀਨਾ, ਮਾਫ਼ ਕਰੀਂ, ਮੈਂ ਤੇਰੇ ਨਾਲ ਬੜੀ ਰੁੱਖੀ ਤਰ੍ਹਾਂ ਪੇਸ਼ ਆਇਆਂ। ਅੱਜ ਕੰਮ ਤੇ ਮੇਰਾ ਦਿਨ ਬੜਾ ਭੈੜਾ ਲੰਘਿਆ।' ਤੇ ਸਾਡੇ ਵਿਚਕਾਰ ਫਿਰ ਅਮਨ ਹੋ ਜਾਂਦਾ ਅਤੇ ਮੇਰੇ ਦਿਲ ਵਿਚ ਚੈਨ ਆ ਜਾਂਦਾ। ਤੇ ਪਤਾ ਈ, ਮਿੱਤਰਾ, ਬੰਦੇ ਦੇ ਕੰਮ ਲਈ ਇਹਦੀ ਕਿੰਨੀ ਮਹੱਤਤਾ ਏ। ਸਵੇਰੇ ਮੈਂ ਬਿਸਤਰੇ ਵਿੱਚੋਂ ਛਾਲ ਮਾਰਕੇ ਉਠਦਾ ਅਤੇ ਕਾਰਖ਼ਾਨੇ ਚਲਾ ਜਾਂਦਾ ਤੇ ਜਿਹੜਾ ਕੰਮ ਮੈਂ ਹੱਥ ਵਿਚ ਲੈਂਦਾ ਉਹ ਦੁੜਕੀ ਚਾਲ ਚੱਲੀਂ ਜਾਂਦਾ। ਜੇ ਸੱਚ ਮੁੱਚ ਚੁਸਤ ਕੁੜੀ ਤੁਹਾਡੀ ਘਰਵਾਲੀ ਹੋਵੇ ਤਾਂ ਅਜਿਹਾ ਹੁੰਦੈ।

"ਕਦੀ-ਕਦੀ ਤਨਖ਼ਾਹ ਦੇ ਦਿਨ ਮੈਂ ਮੁੰਡਿਆਂ ਨਾਲ ਦੋ ਘੁੱਟ ਪੀ ਲੈਂਦਾ। ਤੇ ਕਦੀ-ਕਦੀ, ਜਦੋਂ ਮੈਂ ਉਖੜੇ ਕਦਮਾਂ ਨਾਲ ਲੜਖੜਾਉਂਦਾ ਘਰ ਆਉਂਦਾ ਤਾਂ ਮੈਨੂੰ ਵੇਖ ਕੇ ਜ਼ਰੂਰ ਹੀ ਡਰ ਲਗਦਾ ਹੋਣੈ। ਬਸਤੀ ਦੀ ਵੱਡੀ ਸੜਕ ਮੇਰੇ ਲਈ ਕਾਫ਼ੀ ਚੌੜੀ ਨਾ ਹੁੰਦੀ, ਛੋਟੀਆਂ ਗਲੀਆਂ ਦੀ ਤਾਂ ਗੱਲ ਹੀ ਛੱਡੋ। ਉਹਨੀਂ ਦਿਨੀਂ ਮੈਂ ਸਖ਼ਤ ਅਤੇ ਤਕੜਾ ਹੁੰਦਾ ਸਾਂ ਤੇ ਹਮੇਸ਼ਾ ਆਪਣੇ ਪੈਰੀਂ ਘਰ ਅੱਪੜਦਾ। ਪਰ, ਤੂੰ ਜਾਣ, ਕਈ ਵਾਰ ਸੜਕ ਦਾ ਅਖ਼ੀਰੀ ਹਿੱਸਾ, ਹੇਠਲੇ ਗੀਅਰ ਵਿੱਚ ਹੀ ਹੁੰਦਾ। ਮੈਂ ਹੱਥਾਂ ਗੋਡਿਆਂ ਭਾਰ ਹੀ ਇਹ ਖ਼ਤਮ ਕਰਦਾ। ਪਰ ਮੈਂ ਕਦੀ ਸ਼ਕੈਤ ਦੀ ਗੱਲ ਨਾ ਸੁਣਦਾ, ਕੋਈ ਮਿਹਣੇ ਨਹੀਂ, ਕੋਈ ਖੱਪ ਨਹੀਂ। ਮੇਰੀ ਇਰੀਨਾ, ਉਹ ਤਾਂ ਮੈਨੂੰ ਵੇਖ

ਕੇ ਹੱਸ ਹੀ ਛੱਡਦੀ, ਤੇ ਉਹ ਵੀ ਇੰਨੇ ਧਿਆਨ ਨਾਲ ਕਿ ਸ਼ਰਾਬੀ ਹੋਇਆ ਵੀ ਮੈਂ ਇਹਦਾ ਬੁਰਾ ਨਾ ਮਨਾਉਂਦਾ। ਉਹ ਮੇਰੇ ਬੂਟ ਲਾਹ ਦੇਂਦੀ ਅਤੇ ਮੇਰੇ ਕੰਨ ਵਿੱਚ ਕਹਿੰਦੀ : 'ਆਂਦਰੇਈ, ਅੱਜ ਤੂੰ ਕੰਧ ਵੱਲ ਸੌਂ, ਨਹੀਂ ਤਾਂ ਸ਼ੈਦ ਤੂੰ ਸੁੱਤਾ ਸੁੱਤਾ ਬਿਸਤਰੇ ਤੋਂ ਹੇਠਾਂ ਡਿੱਗ ਪਵੇਂ।' ਤੇ ਮੈਂ ਬਸ ਜਵਾਂ ਦੀ ਬੋਰੀ ਵਾਂਗ ਧੜੱਮ ਕਰਕੇ ਡਿੱਗ ਪੈਂਦਾ ਤੇ ਮੇਰੀਆਂ ਅੱਖਾਂ ਸਾਹਮਣੇ ਸਭ ਕੁੱਝ ਘੁੰਮਣ ਲੱਗ ਪੈਂਦਾ। ਤੇ ਸੌਂਦੇ ਸੌਂਦੇ ਮੈਂ ਉਹਨੂੰ ਆਪਣਾ ਸਿਰ ਪਲੋਸਦੇ ਤੇ ਹੌਲੀ ਹੌਲੀ ਮਿਹਰਬਾਨ ਗੱਲਾਂ ਕਹਿੰਦੇ ਮਹਿਸੂਸ ਕਰਦਾ ਅਤੇ ਮੈਨੂੰ ਜਾਪਦਾ ਕਿ ਉਹਨੂੰ ਮੇਰੇ ਉੱਤੇ ਤਰਸ ਆ ਰਿਹੈ।

"ਸਵੇਰੇ ਉਹ ਮੈਨੂੰ ਕੰਮ 'ਤੇ ਜਾਣ ਦੇ ਵਕਤ ਤੋਂ ਦੋ ਕੁ ਘੰਟੇ ਪਹਿਲਾਂ ਜਗਾ ਦੇਂਦੀ ਤਾਂ ਜੋ ਮੈਨੂੰ ਪੂਰੀ ਤਰ੍ਹਾਂ ਹੋਸ਼ ਵਿੱਚ ਆਉਣ ਲਈ ਸਮਾਂ ਮਿਲ ਜਾਵੇ। ਉਹ ਜਾਣਦੀ ਸੀ ਕਿ ਸ਼ਰਾਬੀ ਹੋਣ ਪਿੱਛੋਂ ਮੈ ਕੁਝ ਖਾ ਨਹੀਂ ਸਕਦਾ, ਸੋ ਉਹ ਮੈਨੂੰ ਇੱਕ ਲੂਣਾ ਖੀਰਾ ਦੇਂਦੀ ਜਾਂ ਅਜਿਹੀ ਹੀ ਕੋਈ ਹੋਰ ਸ਼ੈ ਅਤੇ ਮੈਨੂੰ ਵੋਦਕਾ ਦਾ ਚੰਗਾ ਗਿਲਾਸ ਭਰ ਕੇ ਦੇਂਦੀ—ਵਿਸ ਦਾ ਇਲਾਜ ਵਿਸ, ਤੂੰ ਜਾਣਦੈਂ। 'ਔਹ ਲੈ ਆਂਦਰੇਈ, ਪਰ ਮੁੜਕੇ ਅਜਿਹਾ ਨਾ ਕਰੀਂ, ਮੇਰੀ ਜਾਨ'। ਬੰਦਾ ਆਪਣੇ ਵਿੱਚ ਅਜਿਹਾ ਭਰੋਸਾ ਰੱਖਣ ਵਾਲੇ ਨੂੰ ਭਲਾ ਕਿਵੇਂ ਧੋਖਾ ਦੇ ਸਕਦੈ ? ਮੈਂ ਉਹ ਪੀ ਲੈਂਦਾ, ਕੁਝ ਕਹੇ ਬਿਨਾਂ ਉਹਦਾ ਧੰਨਵਾਦ ਕਰਦਾ, ਬਸ ਇੱਕ ਨਿਗਾਹ ਤੇ ਚੁੰਮੀ ਨਾਲ ਤੇ ਕਿਸੇ ਲੇਲੇ ਵਾਂਗ ਕੰਮ ਤੇ ਚਲਾ ਜਾਂਦਾ। ਪਰ ਜਦੋਂ ਮੈਂ ਸ਼ਰਾਬੀ ਹੋਇਆ ਘਰ ਮੁੜਦਾ ਤਾਂ ਜੇ ਉਹ ਮੇਰੇ ਨਾਲ ਗ਼ੁੱਸੇ ਹੁੰਦੀ, ਜੇ ਉਹ ਮੈਨੂੰ ਵੱਢੂੰ ਖਾਊਂ ਕਰਦੀ ਤਾਂ, ਯਕੀਨ ਰੱਖ, ਮੈਂ ਮੁੜ ਸ਼ਰਾਬੀ ਹੋਇਆ ਵਾਪਸ ਆਉਂਦਾ। ਕੁੱਝ ਟੱਬਰਾਂ ਵਿਚ ਇਸ ਤਰ੍ਹਾਂ ਹੁੰਦੈ, ਜਿੱਥੇ ਘਰਵਾਲੀ ਮੂਰਖ ਹੁੰਦੀ ਏ। ਮੈਂ ਅਜਿਹਾ ਬਹੁਤ ਵਾਰ ਹੁੰਦਾ ਵੇਖਿਐ ਤੇ ਮੈਂ ਜਾਣਦਾਂ।

"ਸੋ, ਛੇਤੀ ਹੀ ਬੱਚੇ ਆਉਣੇ ਸ਼ੁਰੂ ਹੋ ਗਏ। ਪਹਿਲਾਂ ਇੱਕ ਨਿੱਕਾ ਜਿਹਾ ਮੁੰਡਾ ਹੋਇਆ ਤੇ ਫ਼ਿਰ ਦੋ ਕੁੜੀਆਂ। ਤੇ ਉਸ ਪਿੱਛੋਂ ਮੈਂ ਆਪਣੇ ਬੇਲੀਆਂ ਦਾ ਸਾਥ ਛੱਡ ਦਿੱਤਾ। ਮੈਂ ਆਪਣੀ ਸਾਰੀ ਤਨਖ਼ਾਹ ਆਪਣੀ ਘਰਵਾਲੀ ਕੋਲ ਲਿਜਾਣ ਲੱਗ ਪਿਆ, ਉਦੋਂ ਤੱਕ ਸਾਡਾ ਚੋਖਾ ਟੱਬਰ ਹੋ ਗਿਆ ਸੀ ਤੇ ਮੈਂ ਪੀਣ ਦਾ ਖ਼ਰਚਾ ਨਹੀਂ ਸਾਂ ਕਰ ਸਕਦਾ। ਛੁੱਟੀ ਵਾਲੇ ਦਿਨ ਮੈਂ ਬਸ ਬੀਅਰ ਦਾ ਇੱਕ ਗਿਲਾਸ ਪੀਂਦਾ ਤੇ ਉਸ ਤੇ ਹੀ ਬਸ ਕਰ ਦੇਂਦਾ।

"ਉਨੱਤੀਵੇਂ ਵਰ੍ਹੇ ਮੇਰਾ ਮਨ ਮੋਟਰਾਂ ਵੱਲ ਲੱਗ ਪਿਆ। ਮੈਂ ਇਹ ਕੰਮ ਸਿੱਖ ਲਿਆ ਤੇ ਇੱਕ ਲਾਰੀ ਚਲਾਉਣ ਲੱਗ ਪਿਆ। ਤੇ ਜਦੋਂ ਮੈਂ ਇਸ ਕੰਮ ਦਾ ਆਦੀ ਹੋ ਗਿਆ ਤਾਂ ਮੇਰਾ ਕਾਰਖ਼ਾਨੇ ਨੂੰ ਮੁੜਨ ਨੂੰ ਜੀਅ ਹੀ ਨਾ ਕੀਤਾ। ਡਰਾਈਵਰੀ ਵਿੱਚ ਵਧੇਰੇ ਮਜ਼ਾ ਆਉਂਦਾ ਸੀ। ਸੋ ਮੈਂ ਜਿਊਂਦਾ ਰਿਹਾ ਤੇ ਪਤਾ ਹੀ ਨਾ ਲੱਗਾ ਦਸ ਵਰ੍ਹੇ ਕਦੋਂ ਲੰਘ ਗਏ। ਉਹ ਤਾਂ ਸੁਪਨੇ ਵਾਂਗ ਸਨ। ਪਰ ਦਸ ਵਰ੍ਹੇ ਕੀ ਹੁੰਦੇ ਨੇ ? ਚਾਲ੍ਹੀਆਂ ਤੋਂ ਵੱਧ ਦੇ ਕਿਸੇ ਬੰਦੇ ਕੋਲੋਂ ਪੁੱਛ ਕੇ ਵੇਖ ਕੀ ਉਹਨੇ ਕਦੀ ਇਸ ਗੱਲ ਵੱਲ ਧਿਆਨ ਦਿੱਤੈ ਕਿ ਵਰ੍ਹੇ ਕਿਵੇਂ ਖਿਸਕਦੇ ਜਾਂਦੇ ਨੇ। ਤੈਨੂੰ ਪਤਾ ਲੱਗੇਗਾ ਕਿ ਉਹਨੇ ਕਿਸੇ ਸਹੁਰੀ ਗੱਲ ਵੱਲ ਧਿਆਨ ਤੱਕ ਨਹੀਂ ਦਿੱਤਾ! ਬੀਤਿਆਂ ਦੁਰਾਡੇ ਧੁੰਦ ਵਿਚ ਗੁਆਚੇ ਸਤੈਪੀ ਵਾਂਗ ਏ। ਅੱਜ ਸਵੇਰੇ ਮੈਂ ਇਹ ਪਾਰ ਕਰ ਰਿਹਾ ਸਾਂ ਤੇ ਇਹ ਚਾਰੇ ਪਾਸੇ ਬਿਲਕੁਲ ਸਾਫ਼ ਸੀ, ਪਰ ਹੁਣ ਮੈਂ ਵੀਹ ਕਿਲੋਮੀਟਰ ਮਾਰ ਲਏ ਨੇ ਤਾਂ ਇਹਦੇ ਉਤੇ ਧੁੰਦ ਏ, ਤੇ ਤੁਸੀਂ ਰੁੱਖਾਂ ਤੇ ਘਾਹ, ਵਾਹੀ ਭੋਂ ਤੇ ਜੂਹ ਨੂੰ ਵੱਖ-ਵੱਖ ਨਹੀਂ ਦੱਸ ਸਕਦੇ।

"ਉਹ ਦਸ ਵਰ੍ਹੇ ਮੈਂ ਦਿਨ ਰਾਤ ਕੰਮ ਕੀਤਾ। ਮੈਂ ਚੰਗੇ ਪੈਸੇ ਕਮਾ ਲੈਂਦਾ ਤੇ ਸਾਡਾ ਗੁਜ਼ਾਰਾ ਹੋਰਨਾਂ ਨਾਲੋਂ ਮਾੜਾ ਨਹੀਂ ਸੀ ਹੋ ਰਿਹਾ। ਤੇ ਬੱਚੇ ਸਾਡੇ ਲਈ ਖ਼ੁਸ਼ੀ ਦਾ ਭੰਡਾਰ ਸਨ। ਤਿੰਨੇ ਸਕੂਲ ਵਿੱਚ ਸੋਹਣੀ ਤਰ੍ਹਾਂ ਪੜ੍ਹ ਰਹੇ ਸਨ, ਤੇ ਸਾਰਿਆਂ ਤੋਂ ਵੱਡਾ, ਅਨਾਤੋਲੀ, ਹਿਸਾਬ ਵਿਚ ਇੰਨਾ ਲਾਇਕ ਨਿਕਲਿਆ ਕਿ ਉਹਦਾ ਨਾਂ ਮਾਸਕੋ ਦੇ ਅਖ਼ਬਾਰਾਂ ਵਿਚੋਂ ਇੱਕ ਵਿੱਚ ਛਪ ਗਿਆ। ਉਹਨੂੰ ਇਹ ਗੁਣ ਵਿਰਸੇ ਵਿਚ ਕਿਸ ਤੋਂ ਮਿਲਿਆ ਸੀ ਇਹ ਮੈਂ ਤੈਨੂੰ ਨਹੀਂ ਦੱਸ ਸਕਦਾ, ਮਿੱਤਰਾ। ਪਰ ਇਹਦੇ ਤੇ ਖ਼ੁਸ਼ੀ ਹੁੰਦੀ ਸੀ, ਤੇ ਮੈਂ ਉਹਦੇ 'ਤੇ ਮਾਣ ਕਰਦਾ; ਬਹੁਤ ਮਾਣ ਕਰਦਾ ਸਾਂ ਮੈਂ!

"ਦਸਾਂ ਵਰ੍ਹਿਆਂ ਵਿੱਚ ਅਸਾਂ ਕੁਝ ਪੈਸੇ ਬਚਾ ਲਏ ਸਨ ਤੇ ਜੰਗ ਤੋਂ ਪਹਿਲਾਂ ਅਸਾਂ ਆਪਣੇ ਲਈ ਇੱਕ ਮਕਾਨ ਬਣਾ ਲਿਆ, ਜਿਸ ਵਿੱਚ ਦੋ ਕਮਰੇ, ਇੱਕ ਸਟੋਰ ਤੇ ਇੱਕ ਛੱਤੀ ਹੋਈ ਡਿਉਢੀ ਸੀ। ਇਰੀਨਾ ਨੇ ਦੋ ਬੱਕਰੀਆਂ ਖ਼ਰੀਦ ਲਈਆਂ। ਸਾਨੂੰ ਹੋਰ ਕੀ ਚਾਹੀਦਾ ਸੀ? ਬੱਚਿਆਂ ਦੇ ਦਲੀਏ ਲਈ ਦੁੱਧ ਸੀ, ਸਾਡੇ ਸਿਰ ਉੱਤੇ ਛੱਤ ਸੀ, ਸਰੀਰ ਤੇ ਕੱਪੜੇ ਸਨ ਤੇ ਪੈਰੀਂ ਬੂਟ, ਸੋ ਸੱਭ ਕੁੱਝ ਠੀਕ-ਠਾਕ ਸੀ। ਬਸ ਇੱਕੋ ਮਾੜੀ ਗੱਲ ਸਾਡੇ ਮਕਾਨ ਦੀ ਥਾਂ ਸੀ, ਇਹ ਮਕਾਨ ਬਣਾਉਣ ਲਈ ਚੰਗੀ ਥਾਂ ਨਹੀਂ ਸੀ। ਮੈਨੂੰ ਜਿਹੜਾ ਖੱਤਾ ਮਿਲਿਆ ਉਹ ਹਵਾਈ ਜਹਾਜ਼ਾਂ ਦੇ ਕਾਰਖ਼ਾਨੇ ਤੋਂ ਬਹੁਤਾ ਦੂਰ ਨਹੀਂ ਸੀ। ਜੇ ਮੇਰਾ ਘਰ ਕਿਸੇ ਹੋਰ ਥਾਂ ਹੁੰਦਾ ਮੇਰੀ ਜ਼ਿੰਦਗੀ ਹੋਰ ਤਰ੍ਹਾਂ ਚਲਦੀ।

"ਤੇ ਫਿਰ ਇਹ ਆ ਗਈ—ਜੰਗ। ਅਗਲੇ ਦਿਨ ਮੈਨੂੰ ਬੁਲਾਵਾ ਆ ਗਿਆ ਤੇ ਉਸ ਤੋਂ ਅਗਲੇ ਦਿਨ ਹੁਕਮ ਸੀ : 'ਸਟੇਸ਼ਨ ਤੇ ਹਾਜ਼ਰ ਹੋ ਜਾਓ'। ਮੇਰੇ ਚਾਰੇ ਇੱਕਠੇ ਮੈਨੂੰ ਵਿਦਿਆ ਕਰਨ ਆਏ: ਇਰੀਨਾ, ਅਨਾਤੋਲੀ ਤੇ ਮੇਰੀਆਂ ਧੀਆਂ ਨਾਸਤੇਨਕਾ ਅਤੇ ਓਲਿਊਸ਼ਕਾ। ਬੱਚਿਆਂ ਹਿੰਮਤ ਨਾ ਹਾਰੀ, ਭਾਵੇਂ ਕੁੜੀਆਂ ਇੱਕ ਅੱਧ ਹੰਝੂ ਕੇਰੇ ਬਿਨਾਂ ਨਾ ਰਹਿ ਸਕੀਆਂ। ਅਨਾਤੋਲੀ ਬਸ ਥੋੜ੍ਹਾ ਜਿਹਾ ਕੰਬਿਆ, ਜਿਵੇਂ ਠੰਢ ਹੋਵੇ, ਉਹ ਉਦੋਂ ਸਤਾਰਾਂ ਦਾ ਹੋ ਚੱਲਿਆ ਸੀ। ਪਰ ਮੇਰੀ ਇਰੀਨਾ।...ਸਤਾਰਾਂ ਵਰ੍ਹੇ ਇੱਕਠੇ ਰਹਿੰਦੇ ਹੋਏ ਮੈਂ ਅਜਿਹੀ ਕੋਈ ਗੱਲ ਨਹੀਂ ਸੀ ਵੇਖੀ। ਮੇਰੀ ਕਮੀਜ਼ ਤੇ ਛਾਤੀ ਸਾਰੀ ਰਾਤ ਉਹਦੇ ਹੰਝੂਆਂ ਨਾਲ ਗਿੱਲੇ ਰਹੇ ਸਨ ਤੇ ਸਵੇਰੇ ਉਹ ਫਿਰ ਸ਼ੁਰੂ ਹੋ ਗਈ। ਅਸੀਂ ਸਟੇਸ਼ਨ ਤੇ ਗਏ ਤੇ ਮੈਨੂੰ ਉਹਦੇ ਤੇ ਇੰਨਾ ਤਰਸ ਆਇਆ ਕਿ ਮੈਂ ਉਹਦੇ ਮੂੰਹ ਵੱਲ ਨਾ ਵੇਖ ਸਕਿਆ। ਉਹਦੇ ਬੁੱਲ੍ਹ ਸੁੱਜੇ ਹੋਏ ਸਨ, ਉਹਦੇ ਵਾਲ ਉਹਦੀ ਸ਼ਾਲ ਹੇਠੋਂ ਨਿਕਲੇ ਹੋਏ ਸਨ ਤੇ ਉਹਦੀਆਂ ਅੱਖਾਂ ਕਿਸੇ ਪਾਗਲ ਵਾਂਗ ਪਥਰਾਈਆਂ ਅਤੇ ਪਾਟੀਆਂ ਸਨ। ਅਫ਼ਸਰਾਂ ਨੇ ਗੱਡੀ ਚੜ੍ਹਨ ਦਾ ਹੁਕਮ ਦਿੱਤਾ ਤੇ ਉਹ ਧਾਅ ਕੇ ਮੇਰੀ ਛਾਤੀ ਉੱਤੇ ਪੈ ਗਈ ਤੇ ਆਪਣੀਆਂ ਬਾਹਾਂ ਮੇਰੀ ਗਰਦਨ ਦੁਆਲੇ ਵਲ ਲਈਆਂ। ਉਹ ਕਿਸੇ ਵੱਢੇ ਜਾ ਰਿਹੇ ਰੁੱਖ ਵਾਂਗ ਕੰਬ ਰਹੀ ਸੀ। ਬੱਚਿਆਂ ਨੇ ਗੱਲਾਂ ਕਰਕੇ ਉਹਨੂੰ ਵਰਚਾਉਣ ਦਾ ਯਤਨ ਕੀਤਾ ਤੇ ਮੈਂ ਵੀ, ਪਰ ਕੋਈ ਅਸਰ ਨਾ ਹੋਇਆ। ਹੋਰ ਤੀਵੀਆਂ ਆਪਣੇ ਘਰਵਾਲਿਆਂ ਤੇ ਪੁੱਤਰਾਂ ਨਾਲ ਗੱਲਾਂ ਕਰ ਰਹੀਆਂ ਸਨ ਪਰ ਮੇਰੀ ਕਿਸੇ ਟਹਿਣੀ ਨਾਲ ਲੱਗੇ ਪੱਤੇ ਵਾਂਗ ਮੈਨੂੰ ਚੰਬੜੀ ਹੋਈ ਸੀ ਤੇ ਸਾਰਾ ਸਮਾਂ ਕੰਬੀ ਜਾਂਦੀ ਤੇ ਉਹਦੇ ਮੂੰਹੋ ਗੱਲ ਤੱਕ ਨਾ ਨਿੱਕਲਦੀ। 'ਆਪਣੇ ਆਪ ਉੱਤੇ ਕਾਬੂ ਕਰ, ਇਰੀਨਾ, ਮੇਰੀ ਜਾਨ,' ਮੈਂ ਕਿਹਾ। 'ਮੇਰੇ ਜਾਣ ਤੋਂ ਪਹਿਲਾਂ ਘੱਟੋ ਘੱਟ

ਮੈਨੂੰ ਕੁੱਝ ਤਾਂ ਕਹਿ।' ਤੇ ਉਹਨੇ ਇਹ ਕਿਹਾ, ਹਰ ਬੋਲ ਵਿਚਕਾਰ ਹਟਕੋਰਾ ਲੈਂਦੇ ਹੋਏ, 'ਆਂਦਰੇਈ...ਮੇਰੇ ਪਿਆਰੇ...ਅਸੀਂ ਇੱਕ ਦੂਜੇ ਨੂੰ ਮੁੜ ਕਦੀ ਨਹੀਂ ਮਿਲਾਂਗੇ... ਇਸ ਦੁਨੀਆਂ ਵਿੱਚ ਨਹੀਂ।...'

"ਮੇਰਾ ਦਿਲ ਉਹਦੇ ਲਈ ਤਰਸ ਨਾਲ ਘਟਦਾ ਜਾ ਰਿਹਾ ਸੀ ਤੇ ਉਹਨੇ ਮੈਨੂੰ ਅਜਿਹੀ ਗੱਲ ਕਹੀ। ਉਹਨੂੰ ਸਮਝਣਾ ਚਾਹੀਦਾ ਸੀ ਕਿ ਉਸ ਤੋਂ ਵਿਛੜਨਾ ਮੇਰੇ ਲਈ ਸੌਖਾ ਨਹੀਂ ਸੀ। ਮੈਂ ਕਿਧਰੇ ਜੰਞੇ ਤਾਂ ਨਹੀਂ ਸਾਂ ਜਾ ਰਿਹਾ। ਮੈਨੂੰ ਗੁੱਸਾ ਆ ਗਿਆ। ਮੈਂ ਉਹਦੀਆਂ ਬਾਹਾਂ ਧੂਹ ਸੁਟੀਆਂ ਅਤੇ ਉਹਨੂੰ ਧੱਕਾ ਦਿੱਤਾ। ਮੈਨੂੰ ਤਾਂ ਇਹ ਮਾਮੂਲੀ ਜਿਹਾ ਧੱਕਾ ਜਾਪਿਆ, ਪਰ ਉਦੋਂ ਮੈਂ ਸਾਨ੍ਹ ਵਾਂਗ ਤਕੜਾ ਸਾਂ ਅਤੇ ਉਹ ਤਿੰਨ ਕਦਮ ਲੜਖੜਾਈ ਤੇ ਨਿੱਕੇ ਨਿੱਕੇ ਕਦਮ ਪੁਟਦੀ ਫਿਰ ਮੇਰੇ ਵੱਲ ਆਈ, ਉਹਦੀਆਂ ਬਾਹਾਂ ਖਿੱਲਰੀਆਂ ਹੋਈਆਂ ਸਨ ਤੇ ਮੈਂ ਕੜਕ ਕੇ ਉਹਨੂੰ ਕਿਹਾ : 'ਵਿੱਦਿਆ ਹੋਣ ਦਾ ਇਹ ਕਿਹੜਾ ਢੰਗ ਏ ? ਮਰਨ ਤੋਂ ਪਹਿਲਾਂ ਹੀ ਮੈਨੂੰ ਕਿਉਂ ਦਫ਼ਨ ਕਰਨਾ ਚਾਹੁੰਦੀ ਏਂ ? ' ਪਰ ਫਿਰ ਮੈਂ ਉਹਨੂੰ ਮੁੜਕੇ ਆਪਣੀਆਂ ਬਾਹਾਂ ਵਿੱਚ ਲੈ ਲਿਆ ਕਿਉਂਕਿ ਮੈਂ ਵੇਖ ਰਿਹਾ ਸਾਂ ਕਿ ਉਹਦੀ ਹਾਲਤ ਮਾੜੀ ਸੀ।"

ਉਹ ਇੱਕ ਦਮ ਚੁੱਪ ਕਰ ਗਿਆ ਅਤੇ ਉਸ ਤੋਂ ਪਿੱਛੋਂ ਛਾਈ ਚੁੱਪ ਵਿੱਚ ਮੈਂ ਹਟਕੋਰੇ ਦੀ ਨਿੰਮ੍ਹੀ ਜਿਹੀ ਆਵਾਜ਼ ਸੁਣੀ। ਉਹਦੀ ਇਹ ਭਾਵਨਾ ਮੇਰੇ ਉਤੇ ਵੀ ਛਾ ਗਈ। ਮੈਂ ਕਾਣੀ ਅੱਖ ਨਾਲ ਉਹਦੇ ਵੱਲ ਤੱਕਿਆ, ਪਰ ਉਹਨਾਂ ਬੇਜਾਨ, ਸੁਆਹ ਰੰਗੀਆਂ ਅੱਖਾਂ ਵਿੱਚ ਮੈਨੂੰ ਇੱਕ ਵੀ ਹੰਝੂ ਨਾ ਦਿਸਿਆ। ਉਹ ਦੇ ਨਿੰਮੋਝੂਣਾ ਹੋਏ ਵੱਡੇ ਹੱਥ ਥੋੜ੍ਹੇ ਥੋੜ੍ਹੇ ਹਿੱਲ ਰਹੇ ਸਨ; ਉਹਦੀ ਠੋਡੀ ਕੰਬ ਰਹੀ ਸੀ ਅਤੇ ਉਹਦੇ ਉਹ ਦ੍ਰਿੜ੍ਹ ਬੁੱਲ੍ਹ ਵੀ।

"ਇਸ ਗੱਲ ਨੂੰ ਬਹੁਤਾ ਪ੍ਰੇਸ਼ਾਨ ਨਾ ਕਰਨ ਦੇ, ਮਿੱਤਰਾ, ਇਹਦੇ ਬਾਰੇ ਨਾ ਸੋਚ," ਮੈਂ ਠਰ੍ਹੰਮੇ ਨਾਲ ਕਿਹਾ, ਪਰ ਜਾਪਦਾ ਸੀ ਉਹਨੇ ਮੇਰੀ ਗੱਲ ਸੁਣੀ ਹੀ ਨਹੀਂ। ਬੜਾ ਯਤਨ ਕਰਕੇ ਆਪਣੇ ਜਜ਼ਬੇ ਉੱਤੇ ਕਾਬੂ ਪਾਕੇ, ਉਹਨੇ ਅਚਾਨਕ ਘੱਗੀ, ਅਜੀਬ ਤਰ੍ਹਾਂ ਤਬਦੀਲ ਹੋਈ ਆਵਾਜ਼ ਵਿੱਚ ਕਿਹਾ :

"ਮਰਦੇ ਦਮ ਤੱਕ, ਆਪਣੀ ਜ਼ਿੰਦਗੀ ਦੀ ਅਖ਼ੀਰੀ ਘੜੀ ਤੱਕ ਮੈਂ ਉਹਨੂੰ ਇਉਂ ਧੱਕਾ ਦੇਣ ਲਈ ਆਪਣੇ ਆਪ ਨੂੰ ਮਾਫ਼ ਨਹੀਂ ਕਰਨ ਲੱਗਾ!"

ਉਹ ਫਿਰ ਚੁੱਪ ਕਰ ਗਿਆ ਤੇ ਬਹੁਤ ਦੇਰ ਚੁੱਪ ਰਿਹਾ। ਉਹਨੇ ਸਿਗਰਟ ਬਨਾਉਣ ਦਾ ਯਤਨ ਕੀਤਾ, ਪਰ ਅਖ਼ਬਾਰੀ ਕਾਗਜ਼ ਦਾ ਟੋਟਾ ਉਹਦੇ ਹੱਥਾਂ ਵਿੱਚ ਫਟ ਗਿਆ ਤੇ ਤੰਬਾਕੂ ਉਹਦੇ ਗੋਡਿਆਂ ਉੱਤੇ ਖਿੰਡ ਗਿਆ। ਅਖ਼ੀਰ ਉਹਨੇ ਕਾਗਜ਼ 'ਤੇ ਤੰਬਾਕੂ ਦੀ ਇੱਕ ਭੱਦੀ ਜਿਹੀ ਬੱਤੀ ਬਣਾ ਲਈ, ਕੁਝ ਹਾਬੜੇ ਹੋਏ ਸੂਟੇ ਲਾਏ, ਫਿਰ ਖੰਘੂਰਾ ਮਾਰਕੇ ਗੱਲ ਜਾਰੀ ਰੱਖੀ:

"ਮੈਂ ਆਪਣੇ ਆਪ ਨੂੰ ਇਰੀਨਾ ਤੋਂ ਧੂਹ ਲਿਆ, ਫਿਰ ਉਹਦਾ ਮੂੰਹ ਆਪਣੇ ਹੱਥਾਂ ਵਿਚ ਲਿਆ ਤੇ ਉਹਨੂੰ ਚੁੰਮਿਆ। ਉਹਦੇ ਬੁੱਲ੍ਹ ਬਰਫ਼ ਵਾਂਗ ਠੰਡੇ ਸਨ। ਮੈਂ ਬੱਚਿਆਂ ਤੋਂ ਵਿੱਦਿਆ ਹੋਇਆ ਅਤੇ ਡੱਬੇ ਵੱਲ ਨੱਠਿਆ, ਚੱਲਦੀ ਗੱਡੀ ਦੀਆਂ ਪੌੜੀਆਂ ਉੱਤੇ ਛਾਲ ਮਾਰਕੇ ਚੜ੍ਹਨ ਵਿਚ ਸਫ਼ਲ ਹੋ ਗਿਆ। ਗੱਡੀ ਬਹੁਤ ਹੌਲੀ ਚੱਲਣ ਲੱਗੀ ਤੇ ਇਹ ਇੱਕ ਵਾਰ ਫਿਰ ਮੈਨੂੰ ਮੇਰੇ ਟੱਬਰ ਸਾਹਮਣਿਉਂ ਲੈ ਕੇ ਲੰਘੀ। ਮੈਂ ਆਪਣੇ ਵਿਚਾਰੇ ਨਿੱਕੇ ਯਤੀਮ ਹੋਏ ਬੱਚਿਆਂ ਨੂੰ ਵੇਖ

ਸਕਦਾ ਸਾਂ, ਜਿਹੜੇ ਹੱਥ ਹਿਲਾ ਰਹੇ ਤੇ ਮੁਸਕਰਾਉਣ ਦਾ ਯਤਨ ਕਰ ਰਹੇ ਸਨ, ਪਰ ਮੁਸਕਰਾ ਨਹੀਂ ਸਨ ਸਕਦੇ। ਤੇ ਇਰੀਨਾ ਨੇ ਆਪਣੇ ਹੱਥ ਆਪਣੀ ਛਾਤੀ ਉਤੇ ਜੋੜੇ ਹੋਏ ਸਨ, ਉਹ ਦੇ ਬੁੱਲ੍ਹ ਚਾਕ ਵਾਂਗ ਚਿੱਟੇ ਸਨ ਤੇ ਅੱਖਾਂ ਪਾੜ-ਪਾੜ ਕੇ ਮੇਰੇ ਵੱਲ ਵੇਖਦੀ ਉਹ ਕੁੱਝ ਬੁੜਬੁੜਾ ਰਹੀ ਸੀ, ਉਹਦੀ ਸਾਰੀ ਦੇਹ ਅੱਗੇ ਵੱਲ ਝੁਕੀ ਹੋਈ ਸੀ, ਜਿਵੇਂ ਉਹ ਤੇਜ਼ ਹਵਾ ਵਿੱਚ ਚੱਲਣ ਦਾ ਯਤਨ ਕਰ ਰਹੀ ਹੋਵੇ।...ਤੇ ਆਪਣੀ ਬਾਕੀ ਦੀ ਸਾਰੀ ਉਮਰ ਮੈਂ ਆਪਣੀ ਯਾਦ ਵਿਚ ਉਹਨੂੰ ਇਸੇ ਤਰ੍ਹਾਂ ਵੇਖਾਂਗਾ— ਉਹਦੇ ਹੱਥ ਛਾਤੀ ਉੱਤੇ ਜੁੜੇ ਹੋਏ, ਉਹ ਚਿੱਟੇ ਬੁੱਲ੍ਹ ਤੇ ਉਹਦੀਆਂ ਅੱਖਾਂ ਚੌੜ ਚੁਪੱਟ ਖੁੱਲ੍ਹੀਆਂ ਤੇ ਹੰਝੂਆਂ ਭਰੀਆਂ। ਆਪਣੇ ਸੁਪਨਿਆਂ ਵਿੱਚ ਵਧੇਰੇ ਮੈਂ ਉਹਨੂੰ ਇਸੇ ਤਰ੍ਹਾਂ ਵੇਖਦਾਂ। ਮੈਂ ਉਹਨੂੰ ਇਉਂ ਧੱਕਾ ਕਿਉਂ ਦਿੱਤਾ ? ਹੁਣ ਵੀ, ਜਦੋਂ ਮੈਂ ਇਹ ਗੱਲ ਯਾਦ ਕਰਦਾਂ, ਮੈਨੂੰ ਇਉਂ ਜਾਪਦੈ ਜਿਵੇਂ ਮੇਰੇ ਦਿਲ ਵਿੱਚ ਖੁੰਢਾ ਚਾਕੂ ਮੁੜ ਰਿਹੈ।

"ਸਾਨੂੰ ਯੂਕਰੇਨ ਵਿਚ ਬੇਲਾਯਾ ਤਸੇਰਕੋਵ ਵਿਖੇ ਸਾਡੇ ਦਸਤਿਆਂ ਵਿੱਚ ਭਰਤੀ ਕਰ ਲਿਆ ਗਿਆ। ਮੈਨੂੰ ਤਿੰਨ ਟਨ ਦਾ ਟਰੱਕ ਦਿੱਤਾ ਗਿਆ ਤੇ ਉਸ ਉੱਤੇ ਮੈਂ ਮੋਰਚੇ ਵੱਲ ਗਿਆ। ਭਲਾ ਤੈਨੂੰ ਜੰਗ ਬਾਰੇ ਦੱਸਣ ਦੀ ਕੀ ਲੋੜ ਏ, ਤੂੰ ਇਹ ਆਪ ਵੇਖੀ ਏ ਤੇ ਤੈਨੂੰ ਆਪ ਪਤੈ ਮੁੱਢ ਵਿੱਚ ਇਹ ਕਿਹੋ ਜਿਹੀ ਸੀ। ਮੈਨੂੰ ਘਰੋਂ ਬਹੁਤ ਖ਼ਤ ਆਏ ਪਰ ਮੈਂ ਬਹੁਤੇ ਨਾ ਲਿਖੇ। ਕਦੀ ਕਦਾਈਂ ਮੈਂ ਲਿਖ ਦੇਂਦਾ ਕਿ ਸਭ ਕੁੱਝ ਠੀਕ ਠਾਕ ਏ ਤੇ ਅਸੀ ਥੋੜ੍ਹਾ ਬਹੁਤ ਦੇਰ ਨਹੀਂ ਲੱਗਣੀ ਅਸੀਂ ਆਪਣੀ ਤਾਕਤ ਇੱਕਠੀ ਕਰ ਲਵਾਂਗੇ ਅਤੇ ਫ਼ਰਿਟਜ਼ੀਆਂ* ਨੂੰ ਉਹ ਕੁੱਝ ਦਿਆਂਗੇ ਜਿਹੜਾ ਉਹ ਭੁੱਲ ਨਹੀਂ ਸਕਣ ਲੱਗੇ। ਤੇ ਬੰਦਾ ਹੋਰ ਲਿੱਖਦਾ ਵੀ ਕੀ ? ਉਹ ਕਰੜੇ ਦਿਨ ਸਨ ਤੇ ਬੰਦੇ ਦਾ ਲਿਖਣ ਨੂੰ ਜੀਅ ਹੀ ਨਹੀਂ ਸੀ ਕਰਦਾ। ਤੇ ਇੱਕ ਗੱਲ ਮੈਂ ਕਹਿ ਦਿਆਂ ਮੈਨੂੰ ਤਰਸਯੋਗ ਸੁਰ ਬਹੁਤੀ ਵਜਾਉਣੀ ਕਦੀ ਆਈ ਹੀ ਨਹੀਂ। ਮੈਨੂੰ ਉਹ ਬੁਸ ਬੁਸ ਕਰਨ ਵਾਲੇ ਲੋਕ ਉਕਾ ਚੰਗੇ ਨਾ ਲੱਗਦੇ ਜਿਹੜੇ ਰੋਜ਼ ਆਪਣੀਆਂ ਘਰਵਾਲੀਆਂ ਜਾਂ ਸਹੇਲੀਆਂ ਨੂੰ ਖ਼ਤ ਲਿਖਦੇ, ਬਗ਼ੈਰ ਕਿਸੇ ਕਾਰਨ ਦੇ, ਬਸ ਕਾਗ਼ਜ਼ ਉੱਤੇ ਆਪਣਾ ਨੱਕ ਰਗੜਨ ਲਈ—ਉਹ ਜ਼ਿੰਦਗੀ ਬੜੀ ਕਰੜੀ ਏ, ਉਹ ਹੋ ਸਕਦੈ ਮੈਂ ਮਾਰਿਆ ਜਾਵਾਂ ! ਤੇ ਇਉਂ ਉਹ ਲਿਖੀ ਜਾਂਦੇ, ਉਹ ਕੁੱਤੀ ਦੇ ਪੁੱਤਰ, ਰੋਣੇ-ਰੋਂਦੇ ਤੇ ਹਮਦਰਦੀ ਭਾਲਦੇ, ਬਕ-ਬਕ ਕਰਕੇ, ਇਹ ਨਾ ਸਮਝ ਸਕਦੇ ਕਿ ਘਰੇ ਉਹਨਾਂ ਵਿਚਾਰੀਆਂ ਤੀਵੀਆਂ ਤੇ ਬੱਚਿਆਂ ਦਾ ਹਾਲ ਉਸੇ ਤਰ੍ਹਾਂ ਮਾੜਾ ਸੀ ਜਿਵੇਂ ਸਾਡਾ। ਲੈ, ਉਹਨਾਂ ਤਾਂ ਸਾਰਾ ਦੇਸ ਆਪਣੇ ਮੋਢਿਆਂ ਉਤੇ ਚੁੱਕਿਆ ਹੋਇਆ ਸੀ। ਤੇ ਅਜਿਹੇ ਭਾਰ ਹੇਠਾਂ ਨਾ ਝੁੱਕਣ ਲਈ ਸਾਡੀਆਂ ਤੀਵੀਆਂ ਤੇ ਬੱਚਿਆਂ ਦੇ ਮੋਢੇ ਕਿਹੋ ਜਿਹੇ ਹੋਣੇ ਨੇ ! ਪਰ ਉਹਨਾਂ ਗੋਡੇ ਨਾ ਟੇਕੇ, ਉਹ ਡਟੇ ਰਹੇ ! ਤੇ ਫਿਰ ਉਹਨਾਂ ਰੀਂ-ਰੀਂ ਕਰਨਿਆਂ ਵਿੱਚੋਂ ਕੋਈ ਅਜਿਹਾ ਖ਼ਤ ਲਿਖ ਦੇਂਦਾ ਅਤੇ ਆਪਣੀ ਜਾਨ ਹੂਲ ਕੇ ਕੰਮ ਕਰਦੀ ਤੀਵੀਂ ਥਿੜਕ ਜਾਂਦੀ। ਅਜਿਹੇ ਖ਼ਤ ਪਿੱਛੋਂ ਉਸ ਵਿਚਾਰੀ ਨੂੰ ਅਹੁੜਦਾ ਹੀ ਨਾ ਕਿ ਆਪਣੇ ਨਾਲ ਕੀ ਕਰੇ ਜਾਂ ਆਪਣੇ ਕੰਮ ਨਾਲ ਕਿਵੇਂ ਨਿੱਬੜੇ। ਨਹੀਂ ! ਇਹੋ ਤਾਂ ਮਰਦਾਂ ਦਾ ਕੰਮ ਏ, ਇਸੇ ਲਈ ਤੁਸੀਂ ਫੌਜੀ ਹੋ—ਜੇ ਲੋੜ ਪਵੇ ਤਾਂ ਸੱਭ ਕੁੱਝ ਸਹਾਰਨ ਲਈ। ਪਰ ਜੇ ਤੁਹਾਡੇ ਵਿੱਚ ਮਰਦ ਨਾਲੋਂ ਤੀਵੀਂ ਜਾਪਣ ਲੱਗ ਪਵੇ, ਘੱਟੋ ਘੱਟ ਪਿੱਛਲੇ ਪਾਸਿਉਂ, ਤੇ ਜਾ ਕੇ ਚਕੰਦਰ ਦੀ ਗੋਡੀ ਕਰੋ ਜਾਂ ਗਊਆਂ

* ਜਰਮਨਾਂ ਨੂੰ ਵਿਅੰਗ ਅਤੇ ਘਿਰਣਾ ਨਾਲ ਫ਼ਰਿਟਜ਼ੀ ਕਿਹਾ ਜਾਂਦਾ ਸੀ। **—ਅਨੁ:**

ਚੋਓ, ਕਿਉਂਕਿ ਤੁਹਾਡੇ ਜਿਹਾਂ ਦੀ ਮੋਰਚੇ ਉੱਤੇ ਲੋੜ ਨਹੀਂ। ਤੁਹਾਡੇ ਬਿਨਾਂ ਹੀ ਉੱਥੇ ਬਹੁਤ ਬੋ ਏ!

"ਪਰ ਮੈਂ ਪੂਰਾ ਸਾਲ ਵੀ ਲੜਾਈ ਨਾ ਲੜੀ।... ਮੈਂ ਦੋ ਵਾਰ ਜ਼ਖ਼ਮੀ ਹੋਇਆ, ਪਰ ਦੋਵੇਂ ਵਾਰ ਮਾਮੂਲੀ ਜਿਹਾ, ਪਹਿਲੀ ਵਾਰ ਬਾਂਹ ਵਿੱਚ ਤੇ ਦੂਜੀ ਵਾਰ ਲੱਤ ਵਿੱਚ। ਪਹਿਲੀ ਵਾਰ ਇਹ ਇੱਕ ਹਵਾਈ ਜ਼ਹਾਜ਼ ਤੋਂ ਚੱਲੀ ਗੋਲੀ ਸੀ ਤੇ ਦੂਜੀ ਵਾਰ ਤੋਪ ਦੇ ਗੋਲੇ ਦਾ ਟੋਟਾ। ਜਰਮਨਾਂ ਨੇ ਮੇਰੀ ਲਾਰੀ ਵਿੱਚ ਮਘੋਰੇ ਕਰ ਦਿੱਤੇ, ਛੱਤ ਵਿੱਚ ਵੀ ਤੇ ਪਾਸਿਆਂ ਵਿੱਚ ਵੀ, ਪਰ ਪਹਿਲਾਂ ਪਹਿਲ ਮੇਰੀ ਕਿਸਮਤ ਚੰਗੀ ਸੀ, ਮਿੱਤਰਾ। ਹਾਂ, ਸਾਰਾ ਸਮਾਂ ਮੇਰੀ ਕਿਸਮਤ ਚੰਗੀ ਰਹੀ, ਉਸ ਸਮੇਂ ਤੱਕ ਜਦੋਂ ਇਹ ਸੱਚ ਮੁੱਚ ਭੈੜੀ ਹੋ ਗਈ।... ਬਿਆਲੀ ਦੀ ਮਈ ਵਿੱਚ ਮੈਂ ਲੋਜ਼ੋਵੇਨਕੀ ਵਿਖੇ ਕੈਦੀ ਬਣਾ ਲਿਆ ਗਿਆ। ਬੜਾ ਅਵੈੜ ਮਾਮਲਾ ਸੀ ਉੱਥੇ। ਜਰਮਨ ਹਮਲਾ ਕਰ ਰਹੇ ਸਨ ਅਤੇ ਸਾਡੀਆਂ ਹੋਜ਼ੀਟਰ ਬਾਹਤਰੀਆਂ ਵਿੱਚੋਂ ਇੱਕ ਕੋਲ ਗੋਲੇ ਲੱਗਭਗ ਖ਼ਤਮ ਹੋ ਗਏ। ਅਸਾਂ ਮੇਰੀ ਲਾਰੀ ਗੋਲੀਆਂ ਨਾਲ ਨੱਕੋ ਨੱਕ ਭਰ ਦਿੱਤੀ। ਮੈਂ ਕੰਮ ਕਰਦਾ ਰਿਹਾ, ਇਥੋਂ ਤੱਕ ਕਿ ਮੇਰੀ ਕਮੀਜ਼ ਮੇਰੀ ਪਿੱਠ ਨਾਲ ਚੰਬੜ ਗਈ। ਸਾਨੂੰ ਫੁਰਤੀ ਕਰਨੀ ਪਈ ਕਿਉਂਕਿ ਉਹ ਸਾਡੇ ਵੱਲ ਵੱਧਦੇ ਚਲੇ ਆ ਰਹੇ ਸਨ ਖੱਬੇ ਹੱਥ ਅਸੀਂ ਟੈਂਕਾਂ ਦੀ ਗੜ੍ਹਕ ਸੁਣ ਸਕਦੇ ਸਾਂ ਅਤੇ ਸੱਜੇ ਤੇ ਸਾਹਮਣੇ ਗੋਲੀਆਂ ਚੱਲਣ ਦੀ ਆਵਾਜ਼ ਤੇ ਹਾਲਤ ਕੋਈ ਬਹੁਤੀ ਚੰਗੀ ਨਹੀਂ ਸੀ ਜਾਪਦੀ।

"ਸੋਕੋਲੋਵ, ਤੂੰ ਅੱਪੜ ਸਕਦੈਂ ?" ਸਾਡੀ ਕੰਪਨੀ ਦਾ ਕਮਾਂਡਰ ਪੁੱਛਣ ਲੱਗਾ। ਉਹਨੂੰ ਪੁੱਛਣ ਦੀ ਲੋੜ ਹੀ ਨਹੀਂ ਸੀ। ਆਪਣੇ ਸਾਥੀਆਂ ਨੂੰ ਮਰਦਾ ਵੇਖ ਕੇ ਕੀ ਮੈਂ ਨਿਕੰਮਾ ਬਹਿ ਸਕਦਾ ਸਾਂ ? 'ਕੀ ਗੱਲ ਪਿਆ ਕਰਦੈਂ! ਮੈਨੂੰ ਅੱਪੜਨਾ ਹੀ ਪਵੇਗਾ, ਤੇ ਬਸ।' ਮੈਂ ਉਹਨੂੰ ਕਿਹਾ। 'ਤਾਂ ਵਗਦਾ ਹੋ,' ਉਹ ਕਹਿਣ ਲੱਗਾ, ਤੇ ਜ਼ਰਾ ਛੇਤੀ ਕਰ!'

"ਤੇ ਮੈਂ ਛੇਤੀ ਕੀਤੀ। ਆਪਣੀ ਹਯਾਤੀ ਵਿੱਚ ਮੈਂ ਪਹਿਲਾਂ ਕਦੀ ਇੰਨੀ ਤੇਜ਼ ਗੱਡੀ ਨਹੀਂ ਸੀ ਚਲਾਈ। ਮੈਨੂੰ ਪਤਾ ਸੀ ਕਿ ਮੈਂ ਆਲੂ ਤਾਂ ਲੱਦੇ ਨਹੀਂ ਸਨ ਹੋਏ, ਮੈਨੂੰ ਪਤਾ ਸੀ ਕਿ ਅਜਿਹੇ ਭਾਰ ਨਾਲ ਬਹੁਤ ਧਿਆਨ ਵਰਤਣਾ ਚਾਹੀਦਾ ਹੈ, ਪਰ ਜਦੋਂ ਸਾਡੇ ਜਵਾਨ ਲੱਗਭਗ ਨੰਗੇ ਲੜ ਰਹੇ ਸਨ, ਅਤੇ ਸਾਰੀ ਸੜਕ ਤੋਪਖ਼ਾਨੇ ਦੀ ਮਾਰ ਵਿੱਚ ਸੀ, ਤਾਂ ਮੈਂ ਧਿਆਨ ਨਾਲ ਗੱਡੀ ਕਿਵੇਂ ਚਲਾ ਸਕਦਾ ਸਾਂ। ਮੈਂ ਛੇ ਕਿਲੋਮੀਟਰ ਵਾਟ ਮਾਰ ਲਈ ਤੇ ਥਾਂ ਦੇ ਚੋਖਾ ਨੇੜ ਅੱਪੜ ਗਿਆ। ਮੈਂ ਸੜਕ ਤੋਂ ਹੇਠਾਂ ਉੱਤਰ ਕੇ ਉਸ ਡੂੰਘ ਵੱਲ ਜਾਣਾ ਸੀ ਜਿੱਥੇ ਬਾਹਤਰੀ ਬੀੜੀ ਹੋਈ ਸੀ ਤੇ ਫਿਰ ਮੈਂ ਕੀ ਤੱਕਿਆ ? ਰੱਬ ਦੀ ਮਾਰ, ਜੇ ਦੁਹਾਂ ਪਾਸਿਆਂ ਤੋਂ ਖੇਤਾਂ ਵਿਚੋਂ ਸਾਡੀ ਪੈਦਲ ਫ਼ੌਜ ਦੇ ਸਿਪਾਹੀ ਨੱਠਦੇ ਨਹੀਂ ਸਨ ਆ ਰਹੇ ਤੇ ਉਹਨਾਂ ਵਿਚਕਾਰ ਗੋਲੇ ਫੱਟੀ ਜਾਂਦੇ ? ਮੈਂ ਕੀ ਕਰ ਸਕਦਾਂ ਸਾਂ ? ਮੈਂ ਮੁੜ ਤਾਂ ਸਕਦਾ ਨਹੀਂ ਸਾਂ, ਕਿ ਮੁੜ ਸਕਦਾ ਸਾਂ ? ਸੋ ਮੈਂ ਗੱਡੀ ਪੂਰੀ ਰਫ਼ਤਾਰ ਨਾਲ ਚੱਲਾ ਦਿੱਤੀ। ਬਾਹਤਰੀ ਤੱਕ ਹੁਣ ਬਸ ਇੱਕ ਕਿਲੋਮੀਟਰ ਕੁ ਰਹਿ ਗਿਆ ਸੀ, ਮੈਂ ਸੜਕ ਤੋਂ ਉਤਰ ਪਿਆ ਸਾਂ ਪਰ, ਮਿੱਤਰਾ, ਮੈਂ ਉਹਨਾਂ ਤੱਕ ਨਾ ਅੱਪੜਿਆ। ਜ਼ਰੂਰ ਕੋਈ ਦੂਰ-ਮਾਰ ਤੋਪ ਹੋਣੀ ਏ, ਜਿਸ ਨੇ ਮੇਰੀ ਲਾਰੀ ਦੇ ਨੇੜੇ ਇੱਕ ਭਾਰਾ ਗੋਲਾ ਸੁੱਟਿਆ। ਮੈਂ ਧਮਾਕਾ ਜਾਂ ਹੋਰ ਕੁੱਝ ਨਾ ਸੁਣਿਆ, ਬਸ ਮੇਰੇ ਸਿਰ ਵਿੱਚ ਕੁੱਝ ਫੱਟਿਆ ਤੇ ਫਿਰ ਮੈਨੂੰ ਕੁੱਝ ਯਾਦ ਨਹੀਂ।

ਮੈਂ ਕਿਵੇਂ ਜਿਉਂਦਾ ਬਚ ਗਿਆ ਪਤਾ ਨਹੀਂ। ਮੈਂ ਅੱਖਾਂ ਖੋਹਲੀਆਂ ਪਰ ਮੈਂ ਉੱਠ ਨਾ ਸਕਿਆ ਮੇਰਾ ਸਿਰ ਹੇਠਾਂ ਉੱਤੇ ਹਿੱਲੀ ਜਾਂਦਾ ਤੇ ਮੈਂ ਇਉਂ ਕੰਬ ਰਿਹਾ ਸਾਂ ਜਿਵੇਂ ਮੈਨੂੰ ਤਾਪ ਚੜ੍ਹਿਆ ਹੋਵੇ। ਹਰ ਪਾਸੇ ਹਨੇਰਾ ਜਾਪਦਾ ਸੀ, ਮੇਰੇ ਖੱਬੇ ਮੋਢੇ ਨਾਲ ਕੁੱਝ ਰਗੜ ਅਤੇ ਖਹਿ ਰਿਹਾ ਸੀ ਤੇ ਮੇਰੀ ਸਾਰੀ ਦੇਹ ਵਿੱਚ ਪੀੜ ਸੀ, ਜਿਵੇਂ ਕੋਈ ਲਗਾਤਾਰ ਦੋ ਦਿਨ ਜੋ ਕੁੱਝ ਹੱਥ ਆਇਆ ਉਹਦੇ ਨਾਲ ਮੇਰੀ ਖੁੰਬ ਠੱਪਦਾ ਰਿਹਾ ਹੋਵੇ। ਮੈਂ ਢਿੱਡ ਭਾਰ ਬਹੁਤ ਦੇਰ ਤੱਕ ਲਿਟਦਾ ਰਿਹਾ ਤੇ ਅਖ਼ੀਰ ਖੜ੍ਹਾ ਹੋ ਹੀ ਗਿਆ। ਪਰ ਮੈਨੂੰ ਇਹ ਪਤਾ ਨਹੀਂ ਸੀ ਮੈਂ ਕਿੱਥੇ ਸਾਂ ਜਾਂ ਮੇਰੇ ਨਾਲ ਕੀ ਵਾਪਰੀ ਸੀ। ਮੇਰੀ ਯਾਦ ਉਕਾ ਹੀ ਜਾਂਦੀ ਰਹੀ ਸੀ। ਪਰ ਮੈਂ ਲੇਟਣੋਂ ਡਰਦਾ। ਮੈਨੂੰ ਡਰ ਸੀ ਕਿ ਮੈਂ ਦੁਬਾਰਾ ਖੜ੍ਹਾ ਨਹੀਂ ਹੋ ਸਕਣ ਲੱਗਾ, ਸੋ ਮੈਂ ਖੜਾ ਰਿਹਾ ਤੇ ਝੱਖੜ ਵਿੱਚ ਝੂਲਦੇ ਕਿਸੇ ਸਫ਼ੈਦੇ ਵਾਂਗ ਹਿਲਦਾ ਰਿਹਾ।

"ਜਦੋਂ ਮੇਰੀ ਸੁਰਤ ਟਿਕਾਣੇ ਆਈ ਤੇ ਮੈਂ ਆਲੇ ਦੁਆਲੇ ਤੱਕਿਆ ਤਾਂ ਮੇਰਾ ਦਿਲ ਇਉਂ ਮਸੋਸਿਆ ਗਿਆ ਜਿਵੇਂ ਕਿਸੇ ਨੇ ਇਹਨੂੰ ਸੰਨ੍ਹੀ ਵਿੱਚ ਜਕੜ ਦਿੱਤਾ ਹੋਵੇ। ਮੈਂ ਜਿਹੜੇ ਗੋਲੇ ਲਿਆ ਰਿਹਾ ਸਾਂ ਉਹ ਮੇਰੇ ਆਲੇ ਦੁਆਲੇ ਖਿੱਲਰੇ ਹੋਏ ਸਨ। ਮੇਰੀ ਲਾਰੀ ਵੀ ਨੇੜੇ ਹੀ ਸੀ, ਸਾਰੀ ਮਰੁੰਡੀ ਹੋਈ, ਉਹਦੇ ਪਹੀਏ ਹਵਾ ਵਿੱਚ ਸਨ। ਅਤੇ ਲੜਾਈ ? ਲੜਾਈ ਮੇਰੀ ਪਿੱਠ ਵੱਲ ਹੋ ਰਹੀ ਸੀ। ਹਾਂ, ਮੇਰੀ ਪਿੱਠ ਵੱਲ!

"ਜਦੋਂ ਮੈਨੂੰ ਇਸ ਗੱਲ ਦੀ ਸਮਝ ਆਈ, ਤੇ ਇਹ ਕਹਿੰਦਿਆਂ ਮੈਨੂੰ ਸ਼ਰਮ ਨਹੀਂ ਆਉਂਦੀ, ਮੇਰੀਆਂ ਲੱਤਾਂ ਲਿਫ਼ ਗਈਆਂ ਤੇ ਮੈਂ ਇਉਂ ਡਿੱਗ ਪਿਆ ਜਿਵੇਂ ਕੁਹਾੜਾ ਮਾਰ ਕੇ ਵੱਢ ਦਿੱਤਾ ਗਿਆ ਹੋਵਾਂ, ਕਿਉਂਕਿ ਮੈਂ ਸਮਝ ਲਿਆ ਕਿ ਮੈਂ ਮੋਰਚੇ ਤੋਂ ਪਿੱਛੇ ਰਹਿ ਗਿਆ ਸਾਂ, ਜਾਂ ਸਾਫ਼-ਸਾਫ਼ ਗੱਲ ਕਰਦਿਆਂ, ਮੈਂ ਪਹਿਲਾਂ ਹੀ ਨਾਜ਼ੀਆਂ ਦਾ ਕੈਦੀ ਬਣ ਗਿਆ ਸਾਂ।"

"ਨਹੀਂ ਮਿੱਤਰਾ, ਇਹ ਸਹਾਰਨਾ ਸੌਖਾ ਕੰਮ ਨਹੀਂ ਸੀ, ਇਹ ਸਮਝ ਲੈਣਾ ਕੋਈ ਸੌਖੀ ਗੱਲ ਨਹੀਂ ਸੀ ਕਿ ਤੁਸੀਂ ਕੋਈ ਕਸੂਰ ਕੀਤੇ ਬਿਨਾਂ ਕੈਦੀ ਹੋ। ਤੇ ਜਿਹੜੇ ਬੰਦੇ ਤੇ ਅਜਿਹੀ ਨਾ ਬੀਤੀ ਹੋਵੇ ਉਹਨੂੰ ਇਹ ਗੱਲ ਸਮਝਾਉਣ ਤੇ ਸਮਾਂ ਲਗਦੈ।"

"ਸੋ ਮੈਂ ਉੱਥੇ ਲੇਟਿਆ ਰਿਹਾ ਤੇ ਛੇਤੀ ਹੀ ਮੈਂ ਟੈਂਕਾਂ ਦੀ ਗੜ੍ਹਕ ਸੁਣੀ। ਚਾਰ ਦਰਮਿਆਨੇ ਜਰਮਨ ਟੈਂਕ ਪੂਰੀ ਰਫ਼ਤਾਰ ਨਾਲ ਉਸ ਪਾਸੇ ਗਏ ਜਿਸ ਪਾਸਿਉਂ ਮੈਂ ਆਇਆ ਸਾਂ। ਕੀ ਸਮਝਦੈਂ ਮੈਨੂੰ ਕਿਹੋ ਜਿਹਾ ਲੱਗਾ ? ਫਿਰ ਤੋਪਾਂ ਖਿੱਚਦੇ ਟਰੈਕਟਰ ਆਏ, ਅਤੇ ਇੱਕ ਚਲਦੀ ਫ਼ਿਰਦੀ ਰਸੋਈ, ਫਿਰ ਆਪਣਾ ਮੂੰਹ ਭੌਂ ਨਾਲ ਲਾ ਲੈਂਦਾ ਉਹਨਾਂ ਨੂੰ ਵੇਖ ਕੇ ਮੈਨੂੰ ਘਿਣ ਆਉਂਦੀ, ਇੰਨੀ ਕਿ ਮੈਂ ਬਿਆਨ ਨਹੀਂ ਕਰ ਸਕਦਾ।"

"ਜਦੋਂ ਮੈਂ ਸੋਚਿਆ ਕਿ ਉਹ ਸਾਰੇ ਮੇਰੇ ਕੋਲੋਂ ਲੰਘ ਗਏ ਨੇ ਤਾਂ ਮੈਂ ਸਿਰ ਚੁੱਕਿਆ ਅਤੇ ਸਾਹਮਣੇ ਛੇ ਸਬ-ਮਸ਼ੀਨਗੰਨਰ ਮੈਥੋਂ ਸੋ ਕੁ ਕਦਮਾਂ ਦੇ ਫਾਸਲੇ ਤੇ ਜਾ ਰਹੇ ਸਨ। ਜਦੋਂ ਮੈਂ ਸਿਰ ਚੱਕਿਆ ਤਾਂ ਉਹ ਸੜਕ ਤੋਂ ਉੱਤਰੇ ਤੇ ਸਿੱਧੇ ਮੇਰੇ ਵੱਲ ਆਏ, ਛੇ ਦੇ ਛੇ, ਬਿਲਕੁਲ ਚੁੱਪ।"

"ਮੈਂ ਸੋਚਿਆ, ਖੇਡ ਖ਼ਤਮ ਹੋ ਗਈ। ਸੋ ਮੈਂ ਬਹਿ ਗਿਆ — ਮੈਂ ਲੇਟਿਆ ਹੋਇਆ ਮਰਨਾ ਨਹੀਂ ਸਾਂ ਚਾਹੁੰਦਾ — ਤੇ ਫ਼ਿਰ ਮੈਂ ਖੜਾ ਹੋ ਗਿਆ। ਉਹਨਾਂ ਵਿੱਚੋਂ ਇੱਕ ਮੈਥੋਂ ਕੁੱਝ ਕਦਮਾਂ ਦੀ ਵਿੱਥ ਉੱਤੇ ਖੜਾ ਹੋ ਗਿਆ ਅਤੇ ਆਪਣੀ ਸਬ-ਮਸ਼ੀਨਗੰਨ ਮੋਢੇ ਤੋ ਧਰੂਹ ਕੇ ਲਾਹੀ। ਅਤੇ

ਮਨੁੱਖ ਦੀ ਬਣਤਰ ਵੀ ਬੜੀ ਵਚਿੱਤਰ ਏ, ਉਸ ਛਿਣ ਨਾ ਤਾਂ ਮੈਂ ਘਾਬਰਿਆ ਤੇ ਨਾ ਮੇਰੇ ਦਿਲ ਵਿੱਚ ਕੰਬਣੀ ਛਿੜੀ। ਮੈਂ ਬਸ ਉਹਦੇ ਵੱਲ ਤੱਕਿਆ ਤੇ ਸੋਚਿਆ : 'ਛੋਟੀ ਜਿਹੀ ਬਾੜ੍ਹ ਹੀ ਹੋਣੀ ਏ। ਇਹ ਪਤਾ ਨਹੀਂ ਉਹ ਕਿੱਥੇ ਮਾਰੇਗਾ ? ਮੇਰੇ ਸਿਰ ਵਿੱਚ ਜਾਂ ਛਾਤੀ ਵਿੱਚ ?' ਤੇ ਇਸ ਗੱਲ ਨਾਲ ਮੈਨੂੰ ਕੌਡੀ ਭਰ ਫ਼ਰਕ ਨਹੀਂ ਸੀ ਪੈਂਦਾ ਕਿਉਂ ਕੋਈ ਮੇਰੀ ਦੇਹ ਦੇ ਕਿਹੜੇ ਹਿੱਸੇ ਵਿੱਚ ਮੋਰੀਆਂ ਕਰਦਾ।''

''ਜੁਆਨ ਜਣਾ ਸੀ ਉਹ, ਚੋਖਾ ਗੱਠਿਆ ਹੋਇਆ, ਕਾਲੇ ਵਾਲਾਂ ਵਾਲਾ, ਪਰ ਉਹਦੇ ਬੁੱਲ੍ਹ ਧਾਗੇ ਵਾਂਗ ਪੱਤਲੇ ਸਨ ਤੇ ਉਹਦੀਆਂ ਅੱਖਾਂ ਵਿੱਚ ਖੋਰੀ ਜਿਹੀ ਲਿਸ਼ਕ ਸੀ। ਇਹਨੇ ਤਾਂ ਮੈਨੂੰ ਗੋਲੀ ਮਾਰਨ ਲੱਗਿਆ ਦੂਜੀ ਵਾਰ ਸੋਚਣਾ ਵੀ ਨਹੀਂ, ਮੈਂ ਮਨ ਹੀ ਮਨ ਵਿੱਚ ਕਿਹਾ। ਤੇ ਪੱਕੀ ਗੱਲ ਏ, ਉਹਨੇ ਸਬ-ਮਸ਼ੀਨਗੰਨ ਉੱਪਰ ਚੁੱਕੀ। ਮੈਂ ਸਿੱਧਾ ਉਹਦੇ ਵੱਲ ਵੇਖੀ ਗਿਆ ਤੇ ਕੁੱਝ ਨਾ ਕਿਹਾ। ਪਰ ਇੱਕ ਹੋਰ, ਉਹ ਕਾਰਪੋਰਲ, ਜਾਂ ਕੁਝ ਹੋਰ ਸੀ, ਉਹ ਵਡੇਰੀ ਉਮਰ ਦਾ ਸੀਸ਼ ਵੇਖਣ ਨੂੰ ਲਗਭਗ ਬੁੱਢਾ ਜਾਪਦਾ, ਉਹਨੇ ਉੱਚੀ ਜਿਹੇ ਕੁੱਝ ਕਿਹਾ, ਉਸ ਦੂਜੇ ਬੰਦੇ ਨੂੰ ਧੱਕਾ ਦੇਕੇ ਇੱਕ ਪਾਸੇ ਕੀਤਾ ਅਤੇ ਮੇਰੇ ਵੱਲ ਆਇਆ। ਉਹਨੇ ਆਪਣੀ ਬੋਲੀ ਵਿੱਚ ਕੁਝ ਬੜਬੜ ਕੀਤੀ ਅਤੇ ਮੇਰੀ ਸੱਜੀ ਆਰਕ ਮੋੜੀ। ਮੇਰੇ ਡੌਲੇ ਟੋਹ ਰਿਹਾ ਸੀ ਉਹ। 'ਉ-ਹ ! ਉਹਨੇ ਕਿਹਾ, ਤੇ ਉਸ ਪਾਸੇ ਸੜਕ ਵਲ ਇਸ਼ਾਰਾ ਕੀਤਾ ਜਿਧਰ ਸੂਰਜ ਛੁਪ ਰਿਹਾ ਸੀ, ਜਿਵੇਂ ਉਹ ਕਹਿ ਰਿਹਾ ਹੋਵੇ : 'ਚਲ ਵੱਗਦਾ ਹੋ ਖ਼ੱਚਰ, ਤੇ ਸਾਡੀ ਰਾਈਖ਼* ਲਈ ਕੰਮ ਕਰ।' ਸੰਜਮੀ ਬੰਦਾ ਸੀ ਉਹ, ਕੁੱਤੀ ਦਾ ਪੁੱਤਰ !''

''ਪਰ ਕਾਲੇ ਵਾਲਾਂ ਵਾਲੇ ਦੀ ਨਿਗਾਹ ਮੇਰੇ ਬੂਟਾਂ ਉੱਤੇ ਸੀ, ਉਹ ਵਾਹਵਾ ਸੋਹਣਾ ਜੋੜਾ ਜਾਪਦੇ ਸਨ। ਉਹਨੇ ਮੈਨੂੰ ਬੂਟ ਲਾਹੁਣ ਦਾ ਇਸ਼ਾਰਾ ਕੀਤਾ। ਮੈਂ ਭੁੰਜੇ ਬਹਿ ਗਿਆ, ਬੂਟ ਲਾਹੇ ਤੇ ਉਹ ਉਹਨੂੰ ਦੇ ਦਿੱਤੇ। ਉਹਨੇ ਤਾਂ ਉਹ ਮੇਰੇ ਹੱਥੋਂ ਖੋਹ ਹੀ ਲਏ, ਸੱਚੀਂ। ਸੋ ਮੈਂ ਆਪਣੀਆਂ ਪੱਟੀਆਂ ਲਾਹੀਆਂ ਤੇ ਭੁੰਜੇ ਬੈਠੇ ਉਹਦੇ ਵੱਲ ਵੇਖਦੇ ਹੋਏ ਉਹ ਵੀ ਉਹਦੇ ਵੱਲ ਕੀਤੀਆਂ। ਉਹ ਕੂਕਿਆ ਤੇ ਗਾਲ੍ਹਾਂ ਕੱਢੀਆਂ ਤੇ ਉਹਦੀ ਸਬ-ਮਸ਼ੀਨਗੰਨ ਫਿਰ ਉਲਰ ਗਈ। ਪਰ ਬਾਕੀ ਬਸ ਜ਼ੋਰ ਜ਼ੋਰ ਦੀ ਹੱਸੀ ਗਏ। ਫਿਰ ਉਹ ਉਥੋਂ ਚਲੇ ਗਏ। ਕਾਲੇ ਵਾਲਾਂ ਵਾਲੇ ਨੇ ਸੜਕ ਉੱਤੇ ਅੱਪੜਨ ਤੋਂ ਪਹਿਲਾਂ ਦੋ ਤਿੰਨ ਵਾਰ ਮੇਰੇ ਵਲ ਵੇਖਿਆ ਤੇ ਉਹਦੀਆਂ ਅੱਖਾਂ ਤਿੱਖੇ ਗ਼ੁਸੇ ਨਾਲ ਕਿਸੇ ਬਘਿਆੜ ਦੇ ਬੱਚੇ ਦੀਆਂ ਅੱਖਾਂ ਵਾਂਗ ਲਿਸ਼ਕ ਰਹੀਆਂ ਸਨ। ਵੇਖਣ ਵਾਲੇ ਨੂੰ ਜਾਪਦਾ ਕਿ ਉਹਦੇ ਮੇਰੇ ਬੂਟ ਲੈਣ ਦੀ ਥਾਂ ਮੈਂ ਉਹਦੇ ਬੂਟ ਲੈ ਲਏ ਨੇ।''

''ਸੋ, ਮਿੱਤਰਾ, ਹੋਰ ਕੋਈ ਚਾਰਾ ਵੀ ਨਹੀਂ ਸੀ। ਮੈਂ ਸੜਕ ਤੇ ਗਿਆ ਤੇ ਮੈਨੂੰ ਜਿਹੜੀ ਲੰਬੀ ਤੋਂ ਲੰਬੀ ਤੇ ਸਭ ਤੋਂ ਡਾਢੀ ਵੋਰੋਨੇਂਜ਼ੀ ਗਾਲ੍ਹ ਚੇਤੇ ਆਈ, ਉਹ ਕੱਢੀ ਤੇ ਪੱਛਮ ਵੱਲ ਟੁਰ ਪਿਆ—ਕੈਦੀ ! ਪਰ ਉਦੋਂ ਤੱਕ ਮੈਂ ਕੋਈ ਬਹੁਤਾ ਟੁਰਨ ਜੋਗਾ ਨਹੀਂ ਸਾਂ ਹੋਇਆ, ਬਸ ਇੱਕ ਘੰਟੇ ਵਿੱਚ ਇੱਕ ਕਿਲੋਮੀਟਰ ਹੀ ਟੁਰ ਸਕਿਆ, ਵੱਧ ਨਹੀਂ। ਇਉਂ ਸੀ ਜਿਵੇਂ ਮੈਂ ਨਸ਼ਈ ਹੋਵਾਂ। ਮੈਂ ਸਿੱਧੇ ਜਾਣ ਦਾ ਯਤਨ ਕਰਦਾ ਤੇ ਕੋਈ ਸ਼ੈਅ ਮੈਨੂੰ ਸੜਕ ਦੇ ਇੱਕ ਜਾਂ ਦੂਜੇ ਪਾਸੇ ਧੱਕ ਦੇਂਦੀ। ਮੈਂ ਥੋੜੀ ਦੂਰ ਗਿਆ ਤੇ ਫਿਰ ਸਾਡੇ ਜਾਣਿਆਂ ਦਾ ਦਸਤਾ, ਉਸੇ ਡਵੀਜ਼ਨ ਤੋਂ ਜਿਸ ਤੇ ਮੈਂ ਸਾਂ,

* ਜਰਮਨ ਸਲਤਨਤ। **—ਸੰਪਾ:**

ਮੇਰੇ ਨਾਲ ਆ ਰਲਿਆ। ਕੋਈ ਦਸ ਕੁ ਜਰਮਨ ਸਬ-ਮਸ਼ੀਨਗੰਨਰ ਉਹਨਾਂ ਉੱਤੇ ਪਹਿਰਾ ਦੇ ਰਹੇ ਸਨ। ਦਸਤੇ ਦੇ ਅੱਗੇ ਅੱਗੇ ਜਿਹੜਾ ਚੱਲ ਰਿਹਾ ਸੀ, ਉਹ ਮੇਰੇ ਵੱਲ ਆਇਆ ਤੇ ਕੁੱਝ ਕਹੇ ਬਿਨਾਂ ਆਪਣੀ ਸਬ-ਮਸ਼ੀਨਗੰਨ ਨਾਲ ਮੇਰੇ ਸਿਰ ਤੇ ਇੱਕ ਜੜੀ। ਜੇ ਮੈਂ ਡਿੱਗ ਪੈਂਦਾ ਤਾਂ ਉਹਨੇ ਬਾੜ੍ਹ ਮਾਰਕੇ ਮੈਨੂੰ ਭੋਂ ਨਾਲ ਹੀ ਸਿਊਂ ਦੇਣਾ ਸੀ, ਪਰ ਮੇਰੇ ਡਿੱਗਦੇ ਡਿੱਗਦੇ ਸਾਡੇ ਜਣੇ ਮੇਰੇ ਤੱਕ ਅੱਪੜ ਗਏ ਤੇ ਮੈਨੂੰ ਧੱਕ ਕੇ ਦਸਤੇ ਦੇ ਵਿਚਕਾਰ ਕਰ ਦਿੱਤਾ ਅਤੇ ਕੁੱਝ ਚਿਰ ਮੈਨੂੰ ਲਗਭਗ ਚੁੱਕੀਂ ਲਈਂ ਗਏ। ਤੇ ਜਦੋਂ ਮੈਨੂੰ ਹੋਸ਼ ਆਈ ਤਾਂ ਉਹਨਾਂ ਵਿੱਚੋਂ ਇੱਕ ਨੇ ਮੇਰੇ ਕੰਨ ਵਿੱਚ ਕਿਹਾ: 'ਰੱਬ ਦਾ ਵਾਸਤਾ ਈ, ਡਿੱਗੀਂ ਨਾ! ਜਿੰਨਾ ਚਿਰ ਸਾਹ ਸਤ ਹੈ ਈ ਟੁਰੀਂ ਚੱਲ, ਨਹੀਂ ਤਾਂ ਉਹ ਤੈਨੂੰ ਮਾਰ ਦੇਣਗੇ!' ਤੇ ਭਾਵੇਂ ਮੈਂ ਉਕਾ ਹੀ ਨਿਤਾਣਾ ਹੋ ਗਿਆ ਸਾਂ, ਮੈਂ ਕਿਸੇ ਨਾ ਕਿਸੇ ਤਰ੍ਹਾਂ ਟੁਰੀ ਗਿਆ।

"ਸੂਰਜ ਡੁੱਬਣ ਨਾਲ ਜਰਮਨਾਂ ਆਪਣਾ ਪਹਿਰਾ ਤਕੜਾ ਦਿੱਤਾ। ਉਹ ਇੱਕ ਲਾਰੀ ਵਿੱਚ ਵੀਹ ਹੋਰ ਸਬ-ਮਸ਼ੀਨਗੰਨਰ ਲੈ ਆਏ ਤੇ ਸਾਨੂੰ ਤਿਖੇਰੀ ਚਾਲ ਹੱਕਣ ਲੱਗ ਪਏ। ਡਾਢੇ ਫੱਟੜ, ਜਿਹੜੇ ਬਾਕੀਆਂ ਦੇ ਨਾਲ ਨਹੀਂ ਸਨ ਚੱਲ ਸਕਦੇ, ਉਹਨਾਂ ਸੜਕ ਦੇ ਕੰਢੇ ਗੋਲੀ ਨਾਲ ਉਡਾ ਦਿੱਤੇ। ਦੋ ਨੇ ਨੱਠ ਜਾਣ ਦਾ ਯਤਨ ਕੀਤਾ, ਪਰ ਉਹ ਇਹ ਭੁੱਲ ਗਏ ਕਿ ਚਾਨਣੀ ਰਾਤ ਨੂੰ ਖੁੱਲ੍ਹੇ ਮੈਦਾਨ ਵਿੱਚ ਬੰਦਾ ਮੀਲ ਦੀ ਵਿੱਥ ਤੇ ਵੀ ਦਿਸਦੈ, ਤੇ ਪੱਕੀ ਗੱਲ, ਉਹ ਵੀ ਮਾਰੇ ਗਏ। ਅੱਧੀ ਰਾਤੀਂ ਅਸੀਂ ਇੱਕ ਪਿੰਡ ਅੱਪੜੇ, ਜਿਹੜਾ ਅੱਧਾ ਸੜਿਆ ਪਿਆ ਸੀ। ਉਹਨਾਂ ਸਾਨੂੰ ਟੁੱਟੇ ਗੁੰਬਦ ਵਾਲੇ ਇੱਕ ਗਿਰਜੇ ਵਿੱਚ ਹੱਕ ਦਿੱਤਾ। ਸਾਨੂੰ ਰਾਤ ਪਰਾਲੀ ਦੀ ਇੱਕ ਨੜ ਤੋਂ ਵੀ ਬਿਨਾਂ ਪੱਥਰ ਦੇ ਫ਼ਰਸ਼ ਉੱਤੇ ਕੱਟਣੀ ਪਈ। ਕਿਸੇ ਕੋਲ ਵੱਡਾ ਕੋਟ ਨਹੀਂ ਸੀ, ਸੋ ਵਿਛਾਉਣ ਲਈ ਕੁੱਝ ਹੈ ਹੀ ਨਹੀਂ ਸੀ। ਕੁੱਝ ਜਵਾਨਾਂ ਕੋਲ ਤਾਂ ਕੁੜਤੀਆਂ ਵੀ ਨਹੀਂ ਸਨ, ਬਸ ਸੂਤੀ ਬੁਨੈਣਾਂ। ਉਹ ਵਧੇਰੇ ਨਾਨ-ਕਮੀਸ਼ਨ ਅਫ਼ਸਰ ਸਨ, ਉਹਨਾਂ ਆਪਣੀਆਂ ਕੁੜਤੀਆਂ ਲਾਹ ਸੁੱਟੀਆਂ ਸਨ ਤਾਂ ਜੋ ਉਹ ਵੀ ਆਮ ਜਵਾਨ ਸਮਝੇ ਜਾਣ। ਤੇ ਤੋਪਾਂ ਦੇ ਅਮਲੇ ਕੋਲ ਵੀ ਕੁੜਤੀਆਂ ਨਹੀਂ ਸਨ। ਉਹਨਾਂ ਤੋਪਾਂ ਚਲਾਉਂਦੇ ਹੋਏ ਉਹ ਲਾਹ ਦਿੱਤੀਆਂ ਸਨ। "ਉਸ ਰਾਤ ਰੱਜ ਕੇ ਮੇਘਲਾ ਵਰਿਆ ਤੇ ਅਸੀਂ ਉਕਾ ਹੀ ਗੜੁੱਚ ਹੋ ਗਏ। ਛੱਤ ਦਾ ਇੱਕ ਹਿੱਸਾ ਇੱਕ ਭਾਰੇ ਗੋਲੇ ਨੇ ਤੋੜ ਦਿੱਤਾ ਸੀ ਤੇ ਬਾਕੀ ਸਰੈਪਨਲ ਨੇ ਉਡਾ ਦਿੱਤੀ ਸੀ ਇਥੋਂ ਤੱਕ ਕਿ ਮਿੰਬਰ ਉੱਤੇ ਵੀ ਉਂਗਲ ਭਰ ਸੁੱਕੀ ਨਹੀਂ ਸੀ। ਹਾਂ, ਅਸੀਂ ਸਾਰੀ ਰਾਤ ਗਿਰਜੇ ਵਿਚ ਖੜੇ ਰਹੇ, ਵਾੜੇ ਵਿੱਚ ਡੱਕੀਆਂ ਭੇਡਾਂ ਵਾਂਗ। ਅੱਧੀ ਰਾਤੀਂ ਕਿਸੇ ਨੇ ਮੇਰੀ ਬਾਂਹ ਛੂਹੀ ਤੇ ਪੁੱਛਿਆ : 'ਕਿਉਂ ਮਿੱਤਰਾ, ਫੱਟੜ ਹੈਂ ?' 'ਮਿੱਤਰਾ, ਤੂੰ ਕਿਉਂ ਪੁੱਛਨੈ ?' 'ਮੈਂ ਡਾਕਟਰ ਹਾਂ। ਸ਼ਾਇਦ ਮੈਂ ਤੇਰੀ ਕਿਸੇ ਤਰ੍ਹਾਂ ਮਦਦ ਕਰ ਸਕਾਂ ? ' ਮੈਂ ਉਹਨੂੰ ਦੱਸਿਆ ਕਿ ਮੇਰਾ ਖੱਬਾ ਮੋਢਾ ਚੀਕਦਾ ਸੀ, ਸੁੱਜਿਆ ਹੋਇਆ ਸੀ ਤੇ ਬਹੁਤ ਹੀ ਪੀੜ ਕਰਦਾ ਸੀ। ਉਹਨੇ ਪੀਡੀ ਆਵਾਜ਼ ਵਿੱਚ ਕਿਹਾ। 'ਆਪਣੀ ਕੁੜਤੀ ਅਤੇ ਬੁਨੈਣ ਲਾਹ ਦੇ।' ਮੈਂ ਸਭ ਕੁੱਝ ਲਾਹ ਦਿੱਤਾ ਤੇ ਉਹ ਪਤਲੀਆਂ ਉਂਗਲਾਂ ਨਾਲ ਮੇਰੇ ਮੋਢੇ ਨੂੰ ਟੋਹਣ ਲੱਗ ਪਿਆ। ਤੇ ਕੋਈ ਪੀੜ ਹੋਈ! ਮੈ ਆਪਣੇ ਦੰਦ ਕਰੀਚ ਲਏ ਤੇ ਉਹਨੂੰ ਕਿਹਾ: 'ਤੂੰ ਸਲੋਤਰੀ ਹੋਣੈ, ਡਾਕਟਰ ਨਹੀਂ। ਤੂੰ ਐਨ ਉਥੇ ਕਿਉਂ ਦਬਦੈਂ ਜਿੱਥੇ ਸਭ ਤੋਂ ਵੱਧ ਪੀੜ ਹੁੰਦੀ ਏ, ਨਿਰਦਈ ਭੂਤਨੇ ?' ਪਰ 'ਤੇਰਾ ਕੰਮ ਚੁੱਪ ਰਹਿਣਾ ਹੈ। ਮੈਂ ਤੈਨੂੰ ਅੱਗੋਂ ਇਉਂ ਬੋਲਣ ਦੀ

ਇਜਾਜ਼ਤ ਨਹੀਂ ਦੇ ਸਕਦਾ! ਜ਼ਰਾ ਡੱਟ ਜਾ, ਹੁਣ ਅਸਲੀ ਪੀੜ ਹੋਵੇਗੀ।' ਤੇ ਉਹਨੇ ਮੇਰੀ ਬਾਂਹ ਇਉਂ ਮਰੋੜੀ ਕਿ ਮੇਰੀਆਂ ਅੱਖਾਂ ਸਾਹਮਣੇ ਤਾਰੇ ਨੱਚਣ ਲੱਗ ਪਏ।

"ਜਦੋਂ ਮੇਰੀ ਸੁਰਤ ਪਰਤੀ ਤਾਂ ਮੈਂ ਉਹਨੂੰ ਕਿਹਾ : 'ਕੀ ਪਿਆ ਕਰਨੈਂ, ਉਏ ਗੰਦੇ ਨਾਜ਼ੀ ? ਮੇਰੀ ਬਾਂਹ ਟੋਟੇ-ਟੋਟੇ ਹੋਈ ਹੋਈ ਏ ਤੇ ਤੂੰ ਉਹਨੂੰ ਇਉਂ ਪਿਆ ਖਿੱਚਦੈਂ।' ਮੈਂ ਉਹਨੂੰ ਠਹਾਕਾ ਮਾਰ ਕੇ ਹੱਸਦੇ ਹੋਏ ਸੁਣਿਆ, ਫਿਰ ਉਹਨੇ ਕਿਹਾ : 'ਮੈਂ ਤਾਂ ਸੋਚਿਆ ਸੀ ਮੇਰੇ ਇਹ ਕੰਮ ਕਰਦੇ ਹੋਏ ਤੂੰ ਸੱਜੇ ਹੱਥ ਨਾਲ ਮੈਨੂੰ ਇੱਕ ਜੜੇਂਗਾ, ਪਰ ਜਾਪਦੈ ਤੂੰ ਚੰਗੇ ਸੁਭਾ ਵਾਲਾ ਜਣਾ ਹੈਂ। ਤੇਰੀ ਬਾਂਹ ਟੁੱਟੀ ਨਹੀਂ, ਤੇਰਾ ਮੋਢਾ ਲਹਿ ਗਿਆ ਸੀ ਤੇ ਮੈਂ ਇਹਨੂੰ ਮੁੜਕੇ ਗੁੱਚੀ ਵਿੱਚ ਟਿੱਕਾ ਦਿੱਤੈ। ਹੁਣ ਪੀੜ ਕੁੱਝ ਘੱਟ ਹੈ ?' ਤੇ ਪੱਕੀ ਗੱਲ ਏ ਮੈਨੂੰ ਜਾਪ ਰਿਹਾ ਸੀ, ਜਿਵੇਂ ਪੀੜ ਮੇਰੇ ਅੰਦਰੋਂ ਨਿਕੱਲਦੀ ਜਾ ਰਹੀ ਹੋਵੇ। ਮੈਂ ਉਹਦਾ ਇਉਂ ਧੰਨਵਾਦ ਕੀਤਾ ਕਿ ਉਹ ਸਮਝ ਲਵੇ ਕਿ ਮੈਂ ਸੱਚੇ ਦਿਲੋਂ ਬੋਲ ਰਿਹਾਂ ਤੇ ਉਹ ਹਨੇਰੇ ਵਿੱਚ ਚਲਦਾ ਗਿਆ, ਹੌਲੀ-ਹੌਲੀ ਪੁੱਛਦਾ : 'ਕੋਈ ਫੱਟੜ ?' ਉਹ ਸੀ ਅਸਲੀ ਡਾਕਟਰ। ਇਉਂ ਡੱਕੇ ਹੋਏ ਵੀ, ਘੁੱਪ ਹਨੇਰੇ ਵਿੱਚ, ਉਹ ਆਪਣਾ ਵੱਡਾ ਕੰਮ ਕਰੀਂ ਗਿਆ।

"ਉਹ ਬੜੀ ਬੇਚੈਨ ਰਾਤ ਸੀ। ਉਹ ਤਾਂ ਸਾਨੂੰ ਪੇਟ ਖ਼ਾਲੀ ਕਰਨ ਲਈ ਵੀ ਬਾਹਰ ਨਹੀਂ ਸਨ ਕੱਢਦੇ। ਜਦੋਂ ਉਹਨਾਂ ਜੋੜੀਆਂ ਬਣਾਕੇ ਸਾਨੂੰ ਗਿਰਜੇ ਵਿਚ ਹੱਕਿਆ ਤਾਂ ਗਾਰਦ ਦੇ ਅਫ਼ਸਰ ਨੇ ਸਾਨੂੰ ਕਹਿ ਦਿੱਤਾ ਸੀ ਕਿ ਉਹ ਅਜਿਹਾ ਨਹੀਂ ਕਰਨ ਲੱਗੇ। ਤੇ ਕਰਨਾ ਰੱਬ ਦਾ, ਸਾਡੇ ਵਿਚੋਂ ਇਸਾਈਆਂ ਵਿਚੋਂ ਇੱਕ ਨੂੰ ਬਹੁਤ ਜ਼ੋਰ ਦਾ ਪਿਸ਼ਾਬ ਆਇਆ। ਉਹਨੇ ਇਹ ਰੋਕੀਂ ਰੱਖਿਆ ਪਰ ਅਖ਼ੀਰ ਫੁੱਟ-ਫੁੱਟ ਕੇ ਰੋ ਪਿਆ। 'ਮੈਂ ਪਵਿੱਤਰ ਥਾਂ ਨੂੰ ਗੰਦਾ ਨਹੀਂ ਕਰ ਸਕਦਾ!' ਉਹਨੇ ਕਿਹਾ। 'ਮੈਂ ਆਸਤਕ ਵਾਂ, ਮੈਂ ਇਸਾਈ ਵਾਂ। ਦੱਸੋ, ਮੁੰਡਿਓ ਮੈਂ ਕੀ ਕਰਾਂ!' ਤੇ ਪਤਾ ਈ ਅਸੀਂ ਕਿਹੋ ਜਿਹੇ ਜਣੇ ਸਾਂ। ਕੁੱਝ ਹੱਸ ਪਏ, ਕੁੱਝ ਨੇ ਗਾਹਲਾਂ ਕੱਢੀਆਂ ਤੇ ਕੁੱਝ ਹੋਰ ਹਰ ਤਰ੍ਹਾਂ ਦੀ ਸਲਾਹ ਦੇ ਕੇ ਉਹਨੂੰ ਛੇੜਨ ਲੱਗ ਪਏ। ਸਾਡਾ ਸਾਰਿਆਂ ਦਾ ਰੌਂਅ ਠੀਕ, ਉਹਨੇ ਕਰ ਹੀ ਦਿੱਤਾ, ਪਰ ਅੰਤ ਮਾੜਾ ਹੋਇਆ। ਉਹ ਦਰਵਾਜ਼ੇ ਨਾਲ ਟੱਕਰਾਂ ਮਾਰਨ ਲੱਗ ਪਿਆ ਤੇ ਬਾਹਰ ਕੱਢੇ ਜਾਣ ਲਈ ਕਹਿਣ ਲੱਗ ਪਿਆ। ਤੇ ਉਹਨੂੰ ਜਵਾਬ ਮਿਲ ਗਿਆ। ਇੱਕ ਨਾਜ਼ੀ ਨੇ ਦਰਵਾਜ਼ੇ ਵਿੱਚੋਂ ਆਪਣੀ ਸਬ-ਮਸ਼ੀਨਗੰਨ ਨਾਲ ਲੰਬੀ ਬਾੜ੍ਹ ਮਾਰੀ। ਇਹਨੇ ਇਸਾਈ ਤੇ ਤਿੰਨ ਹੋਰਨਾਂ ਨੂੰ ਮਾਰ ਦਿੱਤਾ ਤੇ ਇੱਕ ਹੋਰ ਇੰਨਾ ਸਖ਼ਤ ਫੱਟੜ ਹੋਇਆ ਕਿ ਸਵੇਰ ਹੁੰਦੇ ਹੁੰਦੇ ਉਹ ਮਰ ਗਿਆ।

"ਅਸਾਂ ਮੁਰਦਿਆਂ ਨੂੰ ਖਿੱਚ ਕੇ ਇੱਕ ਨੁੱਕਰੇ ਕਰ ਦਿੱਤਾ ਤੇ ਚੁੱਪ ਕਰਕੇ ਬਹਿ ਗਏ ਤੇ ਦਿਲ ਵਿੱਚ ਸੋਚਣ ਲੱਗ ਪਏ, ਇਹ ਕੋਈ ਚੰਗਾ ਮੁੱਢ ਨਹੀਂ। ਤੇ ਛੇਤੀ ਹੀ ਅਸੀਂ ਘੁਸਰ-ਮੁਸਰ ਸ਼ੁਰੂ ਕਰ ਦਿੱਤੀ, ਇੱਕ ਦੂਜੇ ਤੋਂ ਪੁੱਛਣ ਲੱਗ ਪਏ ਕਿ ਅਸੀਂ ਕਿੱਥੋਂ ਦੇ ਸਾਂ ਤੇ ਕਿਵੇਂ ਕੈਦੀ ਬਣੇ। ਜਿਹੜੇ ਜਣੇ ਇੱਕੋ ਪਲਾਟੂਨ ਜਾਂ ਕੰਪਨੀ ਦੇ ਸਨ ਉਹਨਾਂ ਹਨੇਰੇ ਵਿੱਚ ਹੌਲੀ-ਹੌਲੀ ਇੱਕ ਦੂਜੇ ਨੂੰ ਵਾਜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਤੇ ਮੈਂ ਆਪਣੇ ਨੇੜੇ ਹੀ ਦੋ ਆਵਾਜ਼ਾਂ ਨੂੰ ਗੱਲਾਂ ਕਰਦੇ ਸੁਣਿਆ। ਉਹਨਾਂ ਵਿੱਚੋਂ ਇੱਕ ਨੇ ਕਿਹਾ : 'ਕੱਲ ਜੇ ਉਹਨਾਂ ਸਾਨੂੰ ਇੱਥੋਂ ਅੱਗੇ ਲਿਜਾਣ ਤੋਂ ਪਹਿਲਾਂ ਕਤਾਰਾਂ ਬਣਾਈਆਂ ਤੇ ਕੁਮੀਸਾਰਾਂ, ਕਮਿਊਨਿਸਟਾਂ ਤੇ ਯਹੂਦੀਆਂ ਨੂੰ ਬਾਹਰ ਸੱਦਣਾ

ਸ਼ੁਰੂ ਕੀਤਾ ਤਾਂ, ਪਲਾਟੂਨ ਕਮਾਂਡਰ, ਲੁਕਣ ਦੀ ਕੋਸ਼ਿਸ਼ ਨਾ ਕਰੀਂ। ਤੂੰ ਇਉਂ ਬਚਣਾ ਨਹੀਂ। ਤੇਰਾ ਖ਼ਿਆਲ ਏ ਤੂੰ ਕੁੜਤੀ ਲਾਹ ਦਿੱਤੀ ਤੇ ਤੂੰ ਆਮ ਜਵਾਨ ਬਣ ਕੇ ਬੱਚ ਜਾਵੇਂਗਾ ? ਇਹ ਗੱਲ ਚੱਲਣੀ ਨਹੀਂ ! ਤੇਰੀ ਖ਼ਾਤਰ ਮੈਂ ਦੁੱਖ ਨਹੀਂ ਸਹਿਣ ਲੱਗਾ। ਮੈਂ ਸਭ ਤੋਂ ਪਹਿਲਾਂ ਤੇਰੇ ਵੱਲ ਇਸ਼ਾਰਾ ਕਰ ਦੇਣੈਂ। ਮੈਨੂੰ ਪਤੈ ਤੂੰ ਕਮਿਊਨਿਸਟ ਏਂ, ਮੈਨੂੰ ਯਾਦ ਏ ਕਿਵੇਂ ਤੂੰ ਮੈਨੂੰ ਪਾਰਟੀ ਵਿਚ ਭਰਤੀ ਕਰਨ ਦਾ ਯਤਨ ਕੀਤਾ ਸੀ। ਤੇ ਹੁਣ ਤੈਨੂੰ ਉਹਦਾ ਮੁੱਲ ਤਾਰਨਾ ਪਵੇਗਾ।' ਇਹ ਮੇਰੇ ਸਭ ਤੋਂ ਨੇੜੇ ਬੈਠੇ ਹੋਏ ਨੇ ਕਿਹਾ, ਮੇਰੇ ਖੱਬੇ, ਤੇ ਉਹਦੇ ਦੂਜੇ ਬੰਨਿਉਂ ਇੱਕ ਜਵਾਨ ਆਵਾਜ਼ ਨੇ ਜਵਾਬ ਦਿੱਤਾ : 'ਮੈਨੂੰ ਹਮੇਸ਼ਾ ਸ਼ੱਕ ਸੀ ਤੇਰੇ ਵਿੱਚ ਕੁੱਝ ਮਾੜਾ ਏ, ਕ੍ਰਿਜ਼ਨੇਵ। ਖ਼ਾਸ ਤੌਰ ਤੇ ਜਦੋਂ ਤੂੰ ਅਨਪੜ੍ਹ ਹੋਣ ਦਾ ਪੱਜ ਬਣਾ ਕੇ ਪਾਰਟੀ ਵਿੱਚ ਸ਼ਾਮਲ ਹੋਣੋ ਨਾਂਹ ਕਰ ਦਿੱਤੀ। ਪਰ ਮੈਂ ਇਹ ਕਦੀ ਨਹੀਂ ਸੀ ਸੋਚਿਆ ਕਿ ਤੂੰ ਗ਼ੱਦਾਰ ਵੀ ਬਣ ਜਾਵੇਂਗਾ। ਤੂੰ ਚੌਦਾਂ ਵਰ੍ਹਿਆਂ ਦੀ ਉਮਰ ਤੱਕ ਸਕੂਲੇ ਗਿਆ ਸਾਏਂ, ਹੈਂ ਨਾ ?' ਦੂਜੇ ਨੇ ਅਲਗਰਜ਼ੀ ਜਿਹੀ ਨਾਲ ਜਵਾਬ ਦਿੱਤਾ, 'ਹਾਂ ਗਿਆ ਸਾਂ। ਤਾਂ ਕੀ ਹੋਇਆ ?' ਉਹ ਕਾਫ਼ੀ ਦੇਰ ਚੁੱਪ ਰਹੇ, ਫਿਰ ਪਲਾਟੂਨ ਕਮਾਂਡਰ ਨੇ — ਮੈਂ ਉਹਦੀ ਆਵਾਜ਼ ਤੋਂ ਉਹਨੂੰ ਪਛਾਣ ਲਿਆ ਸੀ — ਨਰਮੀ ਨਾਲ ਕਿਹਾ : 'ਮੇਰਾ ਭੇਤ ਨਾ ਖੋਹਲੀਂ, ਸਾਥੀ ਕ੍ਰਿਜ਼ਨੇਵ।' ਤੇ ਦੂਜਾ ਠਰ੍ਹੰਮੇਂ ਨਾਲ ਹੱਸਿਆ। 'ਤੇਰੇ ਸਾਥੀ ਪਿੱਛੇ ਰਹਿ ਗਏ ਨੇ, ਮੋਰਚੇ ਦੇ ਦੂਜੇ ਪਾਸੇ,' ਉਹਨੇ ਕਿਹਾ। 'ਮੈਂ ਤੇਰਾ ਕੋਈ ਸਾਥੀ ਨਹੀਂ, ਸੋ ਮੇਰੀਆਂ ਮਿੰਨਤਾਂ ਨਾ ਕਰ। ਇਹਦੇ ਬਾਵਜੂਦ ਮੈਂ ਤੇਰੇ ਵੱਲ ਇਸ਼ਾਰਾ ਕਰ ਈ ਦੇਣੈ। ਮੈਨੂੰ ਆਪਣੀ ਚਮੜੀ ਤੇਰੇ ਨਾਲੋਂ ਪਿਆਰੀ ਏ।"

"ਉਹਨਾਂ ਗੱਲਾਂ ਕਰਨੀਆਂ ਬੰਦ ਕਰ ਦਿੱਤੀਆਂ, ਪਰ ਮੈਂ ਜਿਹੜੀ ਨੀਚਤਾ ਸੁਣੀ ਉਹਨੇ ਮੈਨੂੰ ਕੰਬਾ ਦਿੱਤਾ। 'ਨਹੀਂ,' ਮੈਂ ਦਿਲ ਵਿੱਚ ਕਿਹਾ, 'ਕੁੱਤੀ ਦਿਆ ਪੁੱਤਰਾ, ਮੈਂ ਤੈਨੂੰ ਪਲਾਟੂਨ ਕਮਾਂਡਰ ਨਾਲ ਗ਼ੱਦਾਰੀ ਨਹੀਂ ਕਰਨ ਦੇਣ ਲੱਗਾ। ਤੂੰ ਆਪਣੇ ਪੈਰੀਂ ਇਸ ਗਿਰਜੇ ਵਿਚੋਂ ਬਾਹਰ ਨਹੀਂ ਜਾਣ ਲੱਗਾ, ਉਹ ਤਾਂ ਤੈਨੂੰ ਲੱਤਾਂ ਤੋਂ ਧੂਹ ਕੇ ਲਿਜਾਣਗੇ !' ਫਿਰ ਲੋਅ ਹੋਣ ਲੱਗ ਪਈ ਤੇ ਮੈਂ ਇੱਕ ਜਣੇ ਨੂੰ ਵੇਖਿਆ, ਉਹਦਾ ਵੱਡਾ ਮਾਸਲ ਮੂੰਹ ਸੀ, ਉਹ ਆਪਣੇ ਹੱਥ ਸਿਰ ਹੇਠ ਰੱਖ ਕੇ ਪਿੱਠ ਭਾਰ ਲੇਟਿਆ ਹੋਇਆ ਸੀ, ਉਹਦੇ ਕੋਲ ਹੀ ਇੱਕ ਫਿੱਡੇ ਨੱਕ ਵਾਲਾ ਮੁੰਡਾ ਬੈਠਾ ਸੀ, ਜਿਸਨੇ ਆਪਣੀਆਂ ਬਾਹਾਂ ਆਪਣੇ ਗੋਡਿਆਂ ਦੁਆਲੇ ਵਲੀਆਂ ਹੋਈਆਂ ਸਨ ਤੇ ਉਹ ਬਹੁਤ ਪੀਲਾ ਪਿਆ ਹੋਇਆ ਸੀ। 'ਇਹ ਮੁੰਡਾ ਤਾਂ ਇਸ ਵੱਡੇ ਮੋਟੇ ਵਹਿੜਕੇ ਨਾਲ ਨਿਬੱੜ ਨਹੀਂ ਸਕਣ ਲੱਗਾ,' ਮੈਂ ਸੋਚਿਆ, 'ਇਹਦੀ ਅਲਖ ਤਾਂ ਮੈਨੂੰ ਹੀ ਮੁਕਾਣੀ ਪਵੇਗੀ।'

"ਮੈਂ ਮੁੰਡੇ ਦੀ ਬਾਂਹ ਛੂਹੀ ਅਤੇ ਉਹਦੇ ਕੰਨ ਵਿੱਚ ਕਿਹਾ : 'ਤੂੰ ਪਲਾਟੂਨ ਕਮਾਂਡਰ ਏ ?' ਉਹਨੇ ਕੁੱਝ ਨਾ ਕਿਹਾ, ਬਸ ਸਿਰ ਹਿਲਾ ਦਿੱਤਾ। 'ਤੇ ਔਹ ਜਿਹੜੈ, ਉਹ ਤੇਰਾ ਭੇਤ ਖੋਹਲਣਾ ਚਾਹੁੰਦੈ ?' ਮੈਂ ਪਿੱਠ ਭਾਰ ਲੇਟੇ ਬੰਦੇ ਵੱਲ ਇਸ਼ਾਰਾ ਕੀਤਾ। ਉਹਨੇ ਫਿਰ ਸਿਰ ਹਿਲਾਇਆ। 'ਚੰਗਾ ਫਿਰ,' ਮੈਂ ਕਿਹਾ, 'ਉਹਦੀਆਂ ਲੱਤਾਂ ਫੜ ਤਾਂ ਜੋ ਉਹ ਠੇਡੇ ਨਾ ਮਾਰੇ ! ਤੇ ਛੇਤੀ ਕਰ !' ਤੇ ਮੈਂ ਛਾਲ ਮਾਰਕੇ ਉਸ ਬੰਦੇ ਉੱਤੇ ਚੜ੍ਹ ਗਿਆ ਤੇ ਆਪਣੀਆਂ ਉਂਗਲਾਂ ਉਹਦੀ ਗਰਦਨ ਵਿੱਚ ਗੱਡ ਦਿੱਤੀਆਂ। ਉਹਨੂੰ ਤਾਂ ਕੂਕਣ ਦਾ ਸਮਾਂ ਵੀ ਨਾ ਮਿਲਿਆ। ਮੈਂ ਉਹਨੂੰ ਕੁੱਝ ਮਿੰਟ ਦਬਾਈ ਰੱਖਿਆ, ਤੇ ਫਿਰ ਪਕੜ ਕੁੱਝ ਢਿੱਲੀ ਕਰ ਦਿੱਤੀ। ਸੋ, ਜੀਭ ਬਾਹਰ ਕੱਢੀ, ਇੱਕ ਗ਼ੱਦਾਰ

ਘੱਟ ਹੋ ਗਿਆ।

"ਪਰ ਪਿਛੋਂ ਜਾ ਕੇ ਮੇਰਾ ਰੌਂਅ ਬਹੁਤ ਖ਼ਰਾਬ ਹੋ ਗਿਆ, ਮੈਂ ਆਪਣੇ ਹੱਥ ਧੋਣਾ ਚਾਹੁੰਦਾ ਸਾਂ, ਬਹੁਤ ਬੁਰੀ ਤਰ੍ਹਾਂ, ਜਿਵੇਂ ਮੈਂ ਕਿਸੇ ਬੰਦੇ ਨੂੰ ਨਹੀਂ ਸਗੋਂ ਰੀਂਗਦੇ ਸੱਪ ਨੂੰ ਮਾਰਿਆ ਸੀ। ਆਪਣੀ ਜ਼ਿੰਦਗੀ ਵਿੱਚ ਮੈਂ ਪਹਿਲੀ ਵਾਰ ਕਿਸੇ ਨੂੰ ਮਾਰਿਆ ਸੀ ਤੇ ਜਿਸ ਬੰਦੇ ਨੂੰ ਮੈਂ ਮਾਰਿਆ ਸੀ, ਉਹ ਸਾਡਾ ਆਪਣਾ ਸੀ। ਉਹ ਤਾਂ ਦੁਸ਼ਮਨ ਨਾਲੋਂ ਵੀ ਭੈੜਾ ਸੀ, ਉਹ ਗ਼ੱਦਾਰ ਸੀ। ਮੈਂ ਉੱਠਿਆ ਤੇ ਪਲਾਟੂਨ ਕਮਾਂਡਰ ਨੂੰ ਕਿਹਾ : 'ਚੱਲ ਸਾਥੀ ਇੱਥੋਂ ਪਰ੍ਹਾਂ ਹੋ ਜਾਈਏ, ਗਿਰਜਾ ਵੱਡੀ ਥਾਂ ਏ।'

"ਸਵੇਰੇ, ਜਿਵੇਂ ਕ੍ਰਿਜ਼ਨੇਵ ਨੇ ਕਿਹਾ ਸੀ, ਗਿਰਜੇ ਤੋਂ ਬਾਹਰ ਸਾਨੂੰ ਸਾਰਿਆਂ ਨੂੰ ਪਾਲਾਂ ਵਿੱਚ ਖੜਾ ਕਰ ਦਿੱਤਾ ਗਿਆ, ਸਬ-ਮਸ਼ੀਨਗੰਨਰਾਂ ਨੇ ਸਾਡੇ ਦੁਆਲੇ ਘੇਰਾ ਪਾ ਲਿਆ ਤੇ ਐਸਐਸ* ਤੇ ਤਿੰਨ ਅਫ਼ਸਰਾਂ ਨੇ ਸਾਡੇ ਵਿੱਚੋਂ ਉਹਨਾਂ ਨੂੰ ਚੁਣਨ ਦਾ ਯਤਨ ਕਰਨਾ ਸ਼ੁਰੂ ਕਰ ਦਿੱਤਾ ਜਿਹੜੇ ਉਹਨਾਂ ਦੇ ਖ਼ਿਆਲ ਵਿੱਚ ਖ਼ਤਰਨਾਕ ਸਨ — ਕਮਿਊਨਿਸਟ, ਅਫ਼ਸਰ ਤੇ ਕੁਮੀਸਾਰ। ਪਰ ਉਹਨਾਂ ਨੂੰ ਕੋਈ ਅਜਿਹਾ ਬੰਦਾ ਨਾ ਲੱਭਿਆ ਜਿਹੜਾ ਇੰਨਾ ਨੀਚ ਸੂਰ ਹੋਵੇ ਕਿ ਕਿਸੇ ਦਾ ਭੇਤ ਖੋਹਲੇ, ਕਿਉਂਕਿ ਸਾਡੇ ਵਿਚੋਂ ਅਧੇ ਕੁ ਕਮਿਊਨਿਸਟ ਸਨ ਤੇ ਬਹੁਤ ਸਾਰੇ ਅਫ਼ਸਰ ਵੀ ਸਨ ਤੇ ਕੁਮੀਸਾਰ। ਦੋ ਸੌ ਤੋਂ ਵੱਧ ਲੋਕਾਂ ਵਿੱਚੋਂ ਉਹਨਾਂ ਬਸ ਚਾਰ ਹੀ ਚੁਣੇ। ਜਵਾਨਾਂ ਵਿਚੋਂ ਇੱਕ ਯਹੂਦੀ ਤੇ ਤਿੰਨ ਰੂਸੀ ਜਵਾਨ। ਰੂਸੀ ਮੁਸੀਬਤ ਵਿੱਚ ਫਸ ਗਏ ਕਿਉਂਕਿ ਉਹਨਾਂ ਸਭਨਾਂ ਦੇ ਰੰਗ ਸਾਂਵਲੇ ਤੇ ਵਾਲ ਘੁੰਗਰਿਆਲੇ ਸਨ। ਐਸਐਸ ਦੇ ਬੰਦੇ ਬਸ ਉਹਨਾਂ ਕੋਲ ਆਏ ਤੇ ਕਿਹਾ: 'ਯੂਦੇ ?'** ਜਿਸ ਤੋਂ ਉਹਨਾਂ ਪੁੱਛਿਆ, ਉਹਨੇ ਕਿਹਾ ਉਹ ਰੂਸੀ ਸੀ, ਪਰ ਉਹ ਤਾਂ ਸੁਣਨ ਹੀ ਨਾ। 'ਪਾਲ ਵਿੱਚੋਂ ਬਾਹਰ ਨਿਕਲ !' ਤੇ ਬਸ ਗੱਲ ਮੁੱਕ ਗਈ।"

"ਉਹਨਾਂ ਨੇ ਉਹਨਾਂ ਵਿਚਾਰਿਆਂ ਨੂੰ ਗੋਲੀ ਮਾਰ ਦਿੱਤੀ ਤੇ ਸਾਨੂੰ ਹੋਰ ਅੱਗੇ ਧੱਕਣ ਲੱਗ ਪਏ। ਜਿਹੜੇ ਕਮਾਂਡਰ ਨੇ ਗ਼ੱਦਾਰ ਦਾ ਗਲਾ ਘੁੱਟਣ ਵਿਚ ਮੇਰਾ ਹੱਥ ਵਟਾਇਆ ਸੀ ਉਹ ਤੋੜ ਪੋਜ਼ਨਾਨ ਤੱਕ ਮੇਰੇ ਨਾਲ ਰਿਹਾ। ਮਾਰਚ ਦੇ ਪਹਿਲੇ ਦਿਨ ਉਹ ਘੜੀ ਮੁੜੀ ਮੇਰੇ ਕੋਲ ਆਉਂਦਾ, ਅਸੀਂ ਚਲਦੇ ਜਾਂਦੇ, ਤੇ ਉਹ ਮੇਰਾ ਹੱਥ ਘੁੱਟਦਾ। ਪੋਜ਼ਨਾਨ ਅੱਪੜ ਕੇ ਅਸੀਂ ਵਿੱਛੜ ਗਏ। ਇਹ ਇਉਂ ਹੋਇਆ।"

"ਵੇਖੇਂ ਨਾ, ਮਿੱਤਰਾ, ਜਿਸ ਦਿਨ ਮੈਂ ਫੜਿਆ ਗਿਆ, ਉਸ ਦਿਨ ਤੋਂ ਮੈਂ ਨੱਠ ਜਾਣ ਬਾਰੇ ਸੋਚਦਾ ਰਿਹਾ ਸਾਂ। ਪਰ ਮੈਂ ਪੱਕੀ ਗੱਲ ਬਣਾਉਣੀ ਚਾਹੁੰਦਾ ਸਾਂ। ਪੋਜ਼ਨਾਨ ਵਿੱਚ ਉਹਨਾਂ ਸਾਨੂੰ ਠੀਕ ਤਰ੍ਹਾਂ ਦੇ ਕੈਂਪ ਵਿੱਚ ਰੱਖਿਆ, ਉੱਥੋਂ ਤੱਕ ਸਾਰਾ ਰਾਹ ਮੇਰਾ ਠੀਕ ਤਰ੍ਹਾਂ ਦਾ ਦਾਅ ਨਾ ਲੱਗਾ। ਪਰ ਪੋਜ਼ਨਾਨ ਦੇ ਕੈਂਪ ਵਿੱਚ ਇਉਂ ਜਾਪਿਆ ਕਿ ਮੇਰੀ ਮਰਜ਼ੀ ਦੀ ਗੱਲ ਬਣ ਗਈ ਏ। ਮਈ ਦੇ ਅਖ਼ੀਰ ਤੇ ਉਹਨਾਂ ਸਾਨੂੰ ਕੈਂਪ ਦੇ ਨੇੜੇ ਮਰ ਗਏ ਕੈਦੀਆਂ ਲਈ ਕਬਰਾਂ ਪੁੱਟਣ ਇੱਕ ਨਿੱਕੇ ਜਿਹੇ ਜੰਗਲ ਦੇ ਕੰਢੇ ਭੇਜਿਆ — ਸਾਡੇ ਬਹੁਤ ਸਾਰੇ ਜਣੇ ਪੇਚਸ਼ ਕਰਕੇ ਮਰ ਗਏ ਸਨ। ਤੇ ਪੋਜ਼ਨਾਨ ਦੀ ਚੀਕਣੀ ਮਿੱਟੀ ਵਿੱਚ ਕਬਰਾਂ ਪੁੱਟਦੇ ਹੋਏ ਮੈਂ ਆਲੇ ਦੁਆਲੇ ਨਿਗਾਹ

* ਸ਼ਟਡਜ਼ ਸਟਾਫ਼ਲ — ਹਿਟਲਰ ਅਧੀਨ ਜਰਮਨੀ ਵਿੱਚ ਖਾਸ ਦਸਤੇ ਜਿਹੜੇ ਆਪਣੇ ਜੁਲਮਾਂ ਲਈ ਪ੍ਰਸਿੱਧ ਸਨ। —**ਅਨੁ:**

** ਤੂੰ ਯਹੂਦੀ ਏਂ ? ਹਿਟਲਰ ਅਧੀਨ ਜਰਮਨੀ ਅਤੇ ਜਰਮਨੀ ਦੇ ਕਬਜ਼ੇ ਹੇਠ ਆਏ ਇਲਾਕਿਆਂ ਵਿੱਚ ਹਰ ਯਹੂਦੀ ਨੂੰ ਸਿਰਫ ਯਹੂਦੀ ਹੋਣ ਕਾਰਨ ਮਾਰ ਦੇਣ ਦਾ ਹੁਕਮ ਸੀ। — **ਅਨੁ:**

ਮਾਰੀ ਤੇ ਮੈਂ ਵੇਖਿਆ ਕਿ ਸਾਡੇ ਉੱਤੇ ਪਹਿਰਾ ਦੇ ਰਹੇ ਦੋ ਫ਼ੌਜੀ ਕੁੱਝ ਖਾਣ ਲਈ ਬਹਿ ਗਏ ਸਨ ਤੀਜਾ ਧੁੱਪ ਵਿੱਚ ਊਂਘ ਰਿਹਾ ਸੀ। ਸੋ ਮੈਂ ਆਪਣਾ ਬੇਲਚਾ ਸੁੱਟਿਆ ਤੇ ਕਾਹਲੀ ਕਾਹਲੀ ਇੱਕ ਝਾੜੀ ਪਿੱਛੇ ਚਲਾ ਗਿਆ। ਫਿਰ ਮੈਂ ਵਾਹੋ-ਦਾਹੀ ਨੱਠਿਆ, ਸਿੱਧਾ ਉਗਦੇ ਸੂਰਜ ਵੱਲ।

"ਉਹਨਾਂ ਨੂੰ ਮੇਰੇ ਨੱਠ ਜਾਣ ਦਾ ਕੋਈ ਪਤਾ ਨਾ ਲੱਗਾ, ਉਹਨਾਂ ਪਹਿਰੇਦਾਰਾਂ ਨੂੰ। ਪਤਾ ਨਹੀਂ ਮੇਰੇ ਵਿੱਚ ਇੱਕ ਦਿਨ ਵਿੱਚ ਚਾਲ੍ਹੀ ਕਿਲੋਮੀਟਰ ਚੱਲਣ ਦੀ ਤਾਕਤ ਕਿੱਥੋਂ ਆ ਗਈ, ਸੁਕੜੂ ਜਿਹਾ ਤਾਂ ਮੈਂ ਸਾਂ, ਮੈਂ ਆਪ ਨਹੀਂ ਜਾਣਦਾ। ਪਰ ਮੇਰੇ ਯਤਨ ਦਾ ਕੋਈ ਸਿੱਟਾ ਨਾ ਨਿਕਲਿਆ। ਚੌਥੇ ਦਿਨ ਜਦੋਂ ਮੈਂ ਕੈਂਪ ਤੋਂ ਬਹੁਤ ਦੂਰ ਸਾਂ, ਉਹਨਾਂ ਮੈਨੂੰ ਫੜ ਲਿਆ। ਸ਼ਿਕਾਰੀ ਕੁੱਤੇ ਮੇਰੀ ਪੈੜ ਫੜਦੇ ਆ ਰਹੇ ਸਨ ਤੇ ਉਹਨਾਂ ਜਵੀ ਦੇ ਇੱਕ ਖੇਤ ਵਿੱਚ ਮੇਰੀ ਸੂਹ ਕੱਢ ਲਈ।"

"ਪਹੁ-ਫੁਟਾਲੇ ਸਮੇਂ ਮੈਂ ਖੁਲ੍ਹੀ ਥਾਂ ਫਸ ਗਿਆ ਤੇ ਜੰਗਲ ਉੱਥੋਂ ਤਿੰਨ ਕਿਲੋਮੀਟਰ ਦੂਰ ਸੀ। ਮੈਂ ਦਿਨੇ ਚਲਣੋ ਡਰਦਾ ਸਾਂ, ਸੋ ਮੈਂ ਦਿਨ ਲਈ ਜਵੀ ਦੇ ਖੇਤ ਵਿਚ ਲੇਟ ਗਿਆ। ਮੈਂ ਅਨਾਜ ਦੇ ਕੁੱਝ ਸਿੱਟੇ ਆਪਣੀ ਤਲੀ ਉੱਤੇ ਮਲੇ ਅਤੇ ਆਪਣੀਆਂ ਜੇਬਾਂ ਉਹਨਾਂ ਨਾਲ ਭਰ ਰਿਹਾ ਸਾਂ, ਕਿ ਮੈਂ ਕੁਤਿੱਆਂ ਦੇ ਭੌਂਕਣ ਤੇ ਮੋਟਰ ਸਾਈਕਲ ਦੀ ਗੜ੍ਹਕ ਸੁਣੀ। ਮੇਰਾ ਦਿਲ ਡੁੱਬਣ ਲੱਗ ਪਿਆ ਕਿਉਂਕਿ ਸ਼ਿਕਾਰੀ ਕੁੱਤੇ ਨੇੜੇ ਹੀ ਆਉਂਦੇ ਗਏ। ਮੈਂ ਚੁਫਾਲ ਲੇਟ ਗਿਆ ਅਤੇ ਆਪਣੇ ਸਿਰ ਆਪਣੀਆਂ ਬਾਹਾਂ ਨਾਲ ਕੱਜ ਲਿਆ ਤਾਂ ਜੋ ਉਹ ਮੇਰੀ ਗਿੱਚੀ ਤੇ ਨਾ ਵੱਢਣ। ਸੋ, ਉਹ ਮੇਰੇ ਕੋਲ ਆਏ ਤੇ ਉਹਨਾਂ ਨੂੰ ਮੇਰੇ ਲਿੰਗਾਰ ਧੂਹ ਲੈਣ ਵਿੱਚ ਬਸ ਇੱਕ ਮਿੰਟ ਹੀ ਲੱਗਾ। ਮੈਂ ਅਲਫ਼-ਨੰਗਾ ਹੋ ਗਿਆ। ਉਹਨਾਂ ਮੈਨੂੰ ਜਵੀ ਵਿੱਚ ਇੱਧਰ ਉੱਧਰ ਧਰੂਹਿਆ ਤੇ ਫਿਰ ਇੱਕ ਵੱਡੇ ਕੁੱਤੇ ਨੇ ਆਪਣੇ ਅਗਲੇ ਪੰਜੇ ਮੇਰੀ ਛਾਤੀ ਉੱਤੇ ਰੱਖ ਦਿੱਤੇ ਅਤੇ ਝਈਆਂ ਲੈ ਲੈ ਮੇਰੀ ਗਿੱਚੀ ਤੇ ਪੈਣ ਲੱਗਾ, ਪਰ ਉਹਨੇ ਇੱਕ ਦਮ ਨਾ ਵੱਢਿਆ।"

"ਦੋ ਜਰਮਨ ਮੋਟਰ-ਸਾਈਕਲ ਉੱਤੇ ਆਏ। ਪਹਿਲਾਂ ਉਹਨਾਂ ਮੈਨੂੰ ਰੱਜਕੇ ਕੁੱਟਿਆ, ਫਿਰ ਕੁੱਤੇ ਮੇਰੇ ਉੱਤੇ ਛੱਡ ਦਿੱਤੇ। ਤੇ ਕੁਤਿਆਂ ਮੇਰੇ ਲੰਗਾਰ ਲਾਹ ਦਿੱਤੇ। ਤੇ ਉਸੇ ਤਰ੍ਹਾਂ ਨੰਗਾ ਤੇ ਲਹੂ ਲਿਬੜਿਆ, ਉਹ ਮੈਨੂੰ ਵਾਪਸ ਕੈਂਪ ਵਿੱਚ ਲੈ ਗਏ। ਉਹਨਾਂ ਨੱਠਣ ਦਾ ਯਤਨ ਕਰਨ ਲਈ ਮੈਨੂੰ ਇੱਕ ਮਹੀਨਾ ਚੱਕੀ-ਬੰਦ ਕਰ ਦਿੱਤਾ, ਪਰ ਮੈਂ ਅਜੇ ਜਿਊਂਦਾ ਰਿਹਾ।"

"ਮਿੱਤਰਾਂ, ਤੈਨੂੰ ਦੱਸਣ ਦੀ ਤਾਂ ਗੱਲ ਹੀ ਛੱਡ, ਜੋ ਕੁੱਝ ਕੈਦ ਵਿੱਚ ਮੇਰੇ ਨਾਲ ਵਾਪਰੀ, ਉਹਦੇ ਬਾਰੇ ਸੋਚਣਾ ਹੀ ਬਹੁਤ ਭਿਆਨਕ ਏ। ਜਦੋਂ ਮੈਂ ਸੋਚਦਾਂ ਅਸਾਂ ਉੱਥੇ, ਜਰਮਨੀ ਵਿੱਚ, ਕਿਹੜੇ-ਕਿਹੜੇ ਤਸੀਹੇ ਸਹੇ, ਜਦੋਂ ਮੈਂ ਆਪਣੇ ਉਹਨਾਂ ਸਾਰੇ ਸਾਥੀਆਂ ਨੂੰ ਯਾਦ ਕਰਦਾਂ ਜਿਹੜੇ ਉਹਨਾਂ ਕੈਂਪਾਂ ਵਿੱਚ ਮਾਰੇ ਗਏ ਤਾਂ ਕਲੇਜਾ ਮੂੰਹ ਨੂੰ ਆਉਂਦੈ ਤੇ ਸਾਹ ਲੈਣਾ ਔਖਾ ਹੋ ਜਾਂਦੈ।"

"ਜਦੋਂ ਮੈਂ ਕੈਦੀ ਸਾਂ ਤਾਂ ਕਿਵੇਂ ਉਹ ਮੈਨੂੰ ਥਾਉਂ ਥਾਈਂ ਭੁਵਾਉਂਦੇ ਰਹੇ! ਮੇਰਾ ਖ਼ਿਆਲ ਏ ਮੈਂ ਅੱਧਾ ਜਰਮਨੀ ਗਾਹ ਮਾਰਿਆ ਹੋਣੈ। ਮੈਂ ਸੈਕਸੋਨੀ ਵਿੱਚ ਰਿਹਾ, ਇੱਕ ਸਿਲੀਕੇਟ ਦੇ ਕਾਰਖ਼ਾਨੇ ਵਿੱਚ, ਰੂਹਰ ਵਿੱਚ, ਇੱਕ ਖਾਣ ਵਿੱਚੋਂ ਕੋਲਾ ਢੋਂਦਾ। ਬਵੇਰੀਆ ਵਿਚ ਮੈਂ ਬੇਲਚਾ ਲੈਕੇ ਹੱਡ ਭੰਨੇ, ਕੁੱਝ ਚਿਰ ਮੈਂ ਥੂਰਿੰਗਨ ਵਿਖੇ ਰਿਹਾ, ਤੇ ਰੱਬ ਹੀ ਜਾਣੇ ਮੈਂ ਜਰਮਨੀ ਦੀ ਕਿਹੜੀ

ਭੋਂ ਨਹੀਂ ਗਾਹੀ। ਉਥੇ ਚੋਖੇ ਵੱਖ-ਵੱਖ ਤਰ੍ਹਾਂ ਦੇ ਨਜ਼ਾਰੇ ਨੇ, ਪਰ ਜਿਵੇਂ ਉਹ ਸਾਡੇ ਜਣਿਆਂ ਨੂੰ ਕੁੱਟਦੇ ਤੇ ਗੋਲੀਆਂ ਨਾਲ ਉਡਾਉਂਦੇ ਉਹ ਹਰ ਥਾਂ ਇੱਕੋ ਜਿਹਾ ਸੀ। ਉਹ ਸਰਾਪੇ ਹਰਾਮਜ਼ਾਦੇ ਜਿਵੇਂ ਸਾਨੂੰ ਫੁੰਡਦੇ, ਉਸ ਤਰ੍ਹਾਂ ਕਦੀ ਕਿਸੇ ਨੇ ਕਿਸੇ ਪਸ਼ੂ ਨੂੰ ਵੀ ਨਹੀਂ ਕੁੱਟਿਆ ਹੋਣਾ। ਉਹ ਸਾਨੂੰ ਮੁੱਕੇ ਮਾਰਦੇ, ਠੁੱਡੇ ਮਾਰਦੇ, ਰਬੜ ਦੇ ਹੰਟਰਾਂ ਨਾਲ ਕੁੱਟਦੇ ਜਾਂ ਜੇ ਉਹ ਹੱਥ ਆ ਜਾਂਦੀਆਂ ਲੋਹੇ ਦੀਆਂ ਸੀਖ਼ਾਂ ਨਾਲ, ਰਫ਼ਲਾਂ ਦੇ ਕੁੰਦਿਆਂ ਤੇ ਸੋਟੀਆਂ ਦੀ ਤਾਂ ਗੱਲ ਹੀ ਨਾ ਕਰੋ।"

"ਉਹ ਸਾਨੂੰ ਕੁੱਟਦੇ, ਬਸ ਇਸ ਲਈ ਕਿ ਅਸੀਂ ਰੂਸੀ ਸਾਂ, ਕਿ ਅਸੀਂ ਅਜੇ ਇਸ ਦੁਨੀਆਂ ਵਿੱਚ ਜਿਊਂਦੇ ਸਾਂ, ਬਸ ਇਸ ਲਈ ਕਿ ਅਸੀਂ ਉਹਨਾਂ ਲਈ ਕੰਮ ਕਰਦੇ। ਤੇ ਉਹ ਸਾਨੂੰ ਉਹਨਾਂ ਵੱਲ ਕੈਰੀ ਅੱਖ ਨਾਲ ਵੇਖਣ ਲਈ ਕੁੱਟਦੇ, ਪੈਰ ਪੁੱਠਾ ਧਰਨ ਲਈ ਕੁਟੱਦੇ ਜਾਂ ਜਿਵੇਂ ਉਹ ਚਾਹੁੰਦੇ ਉਸ ਤਰ੍ਹਾਂ ਨਾ ਮੁੜਨ ਲਈ। ਉਹ ਸਾਨੂੰ ਇਸ ਤਰ੍ਹਾਂ ਕੁੱਟਦੇ ਕਿ ਇੱਕ ਦਿਨ ਕੁੱਟ-ਕੁੱਟ ਕੇ ਸਾਡੀ ਜਾਨ ਕੱਢ ਲੈਣ, ਤਾਂ ਜੋ ਸਾਡਾ ਗਲਾ ਸਾਡੇ ਆਪਣੇ ਲਹੂ ਨਾਲ ਹੀ ਘੁੱਟਿਆ ਜਾਵੇ ਤੇ ਅਸੀਂ ਮਾਰ ਕਰਕੇ ਮਰ ਜਾਈਏ। ਸ਼ੈਦ ਜਰਮਨੀ ਵਿੱਚ ਸਾਡੇ ਸਾਰਿਆਂ ਲਈ ਚੋਖੀਆਂ ਭੱਠੀਆਂ ਨਹੀਂ ਸਨ ਹੋਣੀਆਂ"।

"ਤੇ ਜਿਥੇ ਕਿਧਰੇ ਅਸੀਂ ਜਾਂਦੇ ਉਹ ਸਾਨੂੰ ਇੱਕੋ ਜਿਹਾ ਖਾਣਾ ਦੇਂਦੇ—ਡੇਢ ਸੋ ਗ੍ਰਾਮ ਨਕਲੀ ਰੋਟੀ, ਜਿਸ ਵਿੱਚ ਅੱਧਾ ਲਕੜੀ ਦਾ ਬੂਰਾ ਹੁੰਦਾ ਤੇ ਠਿਪਰਾਂ ਦੀ ਪੱਤਲੀ ਜਿਹੀ ਸਬਜ਼ੀ। ਕਈ ਥਾਈਂ ਉਹ ਸਾਨੂੰ ਪੀਣ ਲਈ ਗਰਮ ਪਾਣੀ ਦੇਂਦੇ ਤੇ ਕਈ ਥਾਈਂ ਨਾ ਦੇਂਦੇ। ਪਰ ਗੱਲਾਂ ਕੀਤਿਆਂ ਕੀ ਬਣਦੈ, ਤੂੰ ਆਪੇ ਹਿਸਾਬ ਲਾ ਲੈ। ਜੰਗ ਸ਼ੁਰੂ ਹੋਣ ਤੋਂ ਪਹਿਲਾਂ ਮੇਰਾ ਭਾਰ ਛਿਆਸੀ ਕਿੱਲੋ ਸੀ ਤੇ ਪੱਤਝੜ ਤੱਕ ਮੇਰਾ ਧੜਾ ਪੰਜਾਹਾਂ ਤੋਂ ਵੱਧ ਨਹੀਂ ਹੋਣ ਲੱਗਾ। ਬਸ ਚਮੜੀ ਤੇ ਹੱਡੀਆਂ ਤੇ ਇੰਨਾ ਬਲ ਵੀ ਨਹੀਂ ਸੀ ਕਿ ਹੱਡੀਆਂ ਚੁੱਕੀ ਫਿਰਾਂ। ਪਰ ਸਾਨੂੰ ਕੰਮ ਕਰਨਾ ਹੀ ਪੈਂਦਾ, ਬਸ ਕੰਮ ਕਰਨਾ ਤੇ ਕੁੱਝ ਨਾ ਕਹਿਣਾ ਤੇ ਮੇਰਾ ਖ਼ਿਆਲ ਏ ਅਸੀਂ ਜਿਹੜਾ ਕੰਮ ਕਰਦੇ ਉਹ ਗਾਡੀ ਘੋੜੇ ਲਈ ਵੀ ਬਹੁਤਾ ਹੁੰਦਾ"।

"ਸਤੰਬਰ ਦੇ ਸ਼ੁਰੂ ਵਿੱਚ ਉਹਨਾਂ ਸਾਡੇ ਸੋਵੀਅਤ ਜੰਗੀ ਕੈਦੀਆਂ ਵਿੱਚੋਂ ਇੱਕ ਸੋ ਬਤਾਲੀ ਨੂੰ ਕੂਸਟਰਿਨ ਦੇ ਨੇੜੇ ਕੈਂਪ ਤੋਂ ਬ-14 ਕੈਂਪ ਵਿੱਚ ਭੇਜ ਦਿੱਤਾ, ਜਿਹੜਾ ਡਰੈਸਡਨ ਤੋਂ ਬਹੁਤਾ ਦੂਰ ਨਹੀਂ ਸੀ। ਉਦੋਂ, ਕੈਂਪ ਵਿੱਚ ਦੋ ਕੁ ਹਜ਼ਾਰ ਸਨ। ਅਸੀਂ ਸਾਰੇ ਇੱਕ ਖੁਣਾਹੀ ਵਿੱਚ ਕੰਮ ਕਰਦੇ, ਉਹਨਾਂ ਦਾ ਜਰਮਨ ਪੱਥਰ ਹੱਥਾਂ ਨਾਲ ਕੱਢਦੇ ਤੇ ਤੋੜਦੇ। ਤੇ ਕੰਮ ਸੀ ਹਰ ਬੰਦੇ ਪਿੱਛੇ ਚਾਰ ਘਣ ਮੀਟਰ ਰੋਜ਼ ਤੇ ਉਸ ਬੰਦੇ ਲਈ, ਯਾਦ ਰੱਖ, ਜਿਹੜਾ ਉਂਞ ਵੀ ਮਸਾਂ ਹੀ ਜਿਊਂ ਰਿਹਾ ਸੀ। ਤੇ ਫਿਰ ਪਰਲੋ ਹੀ ਆ ਗਈ। ਸਾਡੇ ਇੱਕ ਸੋ ਬਤਾਲੀ ਬੰਦਿਆਂ ਵਿਚੋਂ ਬਸ ਸਤਵੰਜਾ ਰਹਿ ਗਏ। ਸਮਝਿਐਂ, ਮਿੱਤਰਾ ? ਜ਼ਿੰਦਗੀ ਔਖੀ ਸੀ, ਹੈ ? ਸਾਨੂੰ ਆਪਣੇ ਮੁਰਦੇ ਦਬਣੋਂ ਹੀ ਵਿਹਲ ਨਾ ਮਿਲਦੀ ਤੇ ਫਿਰ ਕੈਂਪ ਵਿੱਚ ਅਵਾਈ ਫੈਲ ਗਈ ਸੀ ਕਿ ਜਰਮਨਾਂ ਸਟਾਲਿਨਗਰਾਦ ਉੱਤੇ ਕਬਜ਼ਾ ਕਰ ਲਿਐ ਤੇ ਸਾਇਬੇਰੀਆ ਵੱਲ ਵੱਧ ਰਹੇ ਨੇ। ਇਹ ਇੱਕ ਤੋਂ ਪਿੱਛੋਂ ਦੂਜੀ ਪੈਣ ਵਾਂਗ ਸੀ। ਉਹਨਾਂ ਸਾਨੂੰ ਇਉਂ ਦਬਾ ਦਿੱਤਾ ਕਿ ਅਸੀਂ ਅੱਖਾਂ ਭੋਂ ਤੋਂ ਚੁੱਕ ਹੀ ਨਾ ਸਕੀਏ, ਜਿਵੇਂ ਅਸੀਂ ਉਸ ਵਿੱਚ, ਜਰਮਨ ਭੋਂ ਵਿੱਚ ਗੱਡੇ ਜਾਣ ਲਈ ਮਿੰਨਤ ਕਰ ਰਹੇ ਹੋਈਏ। ਤੇ ਹਰ ਰੋਜ਼ ਕੈਂਪ ਦੇ ਪਹਿਰੇਦਾਰ ਪੀਂਦੇ ਤੇ ਆਪਣੇ ਗੀਤ ਭੌਂਕਦੇ, ਪੂਰਾ ਜ਼ੋਰ ਲਾ ਕੇ ਖ਼ੁਸ਼ੀ ਮਨਾਉਂਦੇ"।

"ਇੱਕ ਦਿਨ ਅਸੀਂ ਕੰਮ ਤੋਂ ਆਪਣੇ ਢਾਰੇ ਵਿੱਚ ਵਾਪਸ ਮੁੜੇ। ਸਾਰਾ ਦਿਨ ਮੀਂਹ ਵਰ੍ਹਦਾ ਰਿਹਾ ਸੀ ਤੇ ਸਾਡੀਆਂ ਪਾਟੀਆਂ ਲੀਰਾਂ ਗੜੁੱਚ ਹੋਈਆਂ ਪਈਆਂ ਸਨ ਠੰਡੀ ਹਵਾ ਕਰਕੇ ਅਸੀਂ ਸਾਰੇ ਕੰਬ ਰਹੇ ਸਾਂ ਤੇ ਅਸੀਂ ਦੰਦੋੜਿਕੀ ਨਾ ਰੋਕ ਸਕੇ। ਕਿਧਰੇ ਸੁੱਕੇ ਜਾਂ ਨਿੱਘੇ ਲਈ ਥਾਂ ਨਹੀਂ ਸੀ ਤੇ ਅਸੀਂ ਮੌਤ ਵਾਂਗ ਭੁੱਖੇ ਸਾਂ। ਪਰ ਸ਼ਾਮੀਂ ਸਾਨੂੰ ਕੁੱਝ ਖਾਣ ਲਈ ਦਿੱਤਾ ਹੀ ਨਹੀਂ ਸੀ ਜਾਂਦਾ"।

"ਸੋ, ਮੈਂ ਆਪਣੀਆਂ ਗਿੱਲੀਆਂ ਲੀਰਾਂ ਲਾਹੀਆਂ, ਆਪਣੇ ਫੱਟੇ ਉੱਤੇ ਸੁੱਟ ਦਿੱਤੀਆਂ ਤੇ ਕਿਹਾ: 'ਉਹ ਚਾਹੁੰਦੇ ਨੇ ਅਸੀਂ ਰੋਜ਼ ਚਾਰ ਘਣ ਮੀਟਰ ਕਰੀਏ ਪਰ ਸਾਡੇ ਵਿੱਚੋਂ ਕਿਸੇ ਨੂੰ ਵੀ ਦੱਬਣ ਲਈ ਇੱਕ ਘਣ ਮੀਟਰ ਬਹੁਤਾ ਏ'। ਮੈਂ ਇੰਨਾ ਹੀ ਕਿਹਾ, ਪਰ ਤੂੰ ਪੱਕ ਜਾਣ, ਸਾਡੇ ਆਪਣੇ ਜਣਿਆਂ ਵਿੱਚ ਇੱਕ ਗੰਦਾ ਕੁੱਤਾ ਸੀ ਜਿਹੜਾ ਗਿਆ ਤੇ ਮੇਰੀ ਕੌੜੀ ਗੱਲ ਦੀ ਕੈਂਪ ਦੇ ਕਮਾਂਡੈਂਟ ਅੱਗੇ ਸ਼ਕਾਇਤ ਕਰ ਦਿੱਤੀ"।

"ਕੈਂਪ ਕਮਾਂਡੈਂਟ ਜਾਂ Lagerfuhrer (ਲੈਗਰਫ਼ਿਊਹਰਰ – ਕੈਂਪ ਦਾ ਮੁੱਖੀ), ਜਿਵੇਂ ਉਹ ਉਹਨੂੰ ਸੱਦਦੇ ਸਨ, ਇੱਕ ਜਰਮਨ ਸੀ ਜਿਸਦਾ ਨਾਂ ਮੂਲਰ ਸੀ। ਬਹੁਤਾ ਲੰਬਾ ਨਹੀਂ, ਭਾਰੇ ਸਰੀਰ ਦਾ, ਸਿਣੀ ਜਿਹੇ ਵਾਲ ਜਿਵੇਂ ਸਾਰੇ ਦਾ ਸਾਰਾ ਖੁੰਬ ਕੀਤਾ ਹੋਵੇ। ਉਹਦੇ ਸਿਰ ਦੇ ਵਾਲ, ਉਹਦੀਆਂ ਝਿੰਮਣੀਆਂ, ਇੱਥੋਂ ਤੱਕ ਕਿ ਉਹਦੀਆਂ ਅੱਖਾਂ ਉੱਡੇ ਹੋਏ ਰੰਗ ਦੀਆਂ ਸਨ ਤੇ ਹੋਰ ਤਾਂ ਹੋਰ ਉਹਦੀਆਂ ਅੱਖਾਂ ਬਾਹਰ ਨਿਕਲੀਆਂ ਹੋਈਆਂ ਸਨ। ਤੇਰੇ ਤੇ ਮੇਰੇ ਵਾਂਗ ਰੂਸੀ ਬੋਲਦਾ, ਇਥੋਂ ਤੱਕ ਕਿ ਕੁੱਝ-ਕੁੱਝ ਵੋਲਗਾ ਦੇ ਲੋਕਾਂ ਵਾਂਗ ਬੋਲਦਾ, ਜਿਵੇਂ ਉਥੋਂ ਦਾ ਹੀ ਜੰਮ ਪਲ ਹੋਵੇ। ਤੇ ਉਹ ਕੋਈ ਗਾਲ੍ਹਾਂ ਕੱਢਦਾ! ਇਸ ਪੱਖੋ ਤਾਂ ਉਹ ਭਿਆਨਕ ਸੀ। ਕਈ ਵਾਰ ਮੈਂ ਹੈਰਾਨ ਹੁੰਨਾਂ ਕਿ ਉਸ ਹਰਾਮੀ ਨੇ ਆਪਣਾ ਇਹ ਕੰਮ ਕਿੱਥੇ ਸਿੱਖਿਆ। ਉਹ ਸਾਨੂੰ ਬਲਾਕ ਦੇ ਸਾਹਮਣੇ ਪਾਲਾਂ ਬੰਨ੍ਹ ਕੇ ਖੜਾ ਕਰ ਲੈਂਦਾ- ਢਾਰੇ ਨੂੰ ਉਹ ਬਲਾਕ ਕਹਿੰਦੇ ਸਨ-ਤੇ ਆਪਣਾ ਸੱਜਾ ਹੱਥ ਪਿੱਠ ਪਿੱਛੇ ਕਰਕੇ ਆਪਣੇ ਐਸਐਸ ਬੰਦਿਆਂ ਦੀ ਢਾਣੀ ਨਾਲ ਘਿਰਿਆ ਉਹ ਪਾਲ ਦੇ ਸਾਹਮਣਿਉਂ ਲੰਘਦਾ। ਉਹਨੇ ਚਮੜੇ ਦਾ ਦਸਤਾਨਾ ਪਾਇਆ ਹੁੰਦਾ ਤੇ ਚਮੜੇ ਦੇ ਹੇਠਾਂ ਉਂਗਲਾਂ ਬਚਾਉਣ ਲਈ ਉਹਨੇ ਸਿੱਕੇ ਦਾ ਇੱਕ ਟੋਟਾ ਰੱਖਿਆ ਹੁੰਦਾ। ਉਹ ਪਾਲ ਦੇ ਨਾਲ-ਨਾਲ ਚਲਦਾ ਤੇ ਹਰ ਦੂਜੇ ਜਣੇ ਦਾ ਨੱਕ ਲਹੂ-ਲੁਹਾਨ ਕਰ ਦੇਂਦਾ। 'ਫ਼ਲੂ ਦਾ ਟੀਕਾ,' ਉਹ ਇਸ ਕੰਮ ਨੂੰ ਕਿਹਾ ਕਰਦਾ। ਕੈਂਪ ਵਿੱਚ ਕੁਲ ਚਾਰ ਬਲਾਕ ਸਨ ਤੇ ਇੱਕ ਦਿਨ ਉਹ ਪਹਿਲੇ ਬਲਾਕ ਨੂੰ ਟੀਕਾ ਲਾਉਂਦਾ, ਅਗੱਲੇ ਦਿਨ ਦੂਜੇ ਨੂੰ ਅਤੇ ਇਉਂ ਹੀ ਚੱਕਰ ਪੂਰਾ ਕਰਦਾ। ਉਹ ਹਰਾਮੀ ਨੇਮ ਨਾਲ ਕੰਮ ਕਰਦਾ, ਕਦੀ ਛੁੱਟੀ ਨਾ ਕਰਦਾ। ਇੱਕ ਗੱਲ ਸੀ ਜਿਹੜੀ ਉਹ ਨਹੀਂ ਸੀ ਸਮਝਦਾ, ਉਹ ਬੇਵਕੂਫ਼; ਆਪਣਾ ਦੌਰਾ ਸ਼ੁਰੂ ਕਰਨ ਤੋਂ ਪਹਿਲਾਂ ਉਹ ਉਥੇ ਸਾਹਮਣੇ ਖੜਾ ਹੋ ਜਾਂਦਾ ਅਤੇ ਆਪਣੇ ਆਪ ਨੂੰ ਖ਼ੂਬ ਗ਼ੁਸਾ ਚਾੜ੍ਹਨ ਲਈ ਗਾਹਲਾਂ ਕੱਢਦਾ ਤੇ ਪਤਾ ਈ ਇਸ ਨਾਲ ਸਾਡਾ ਰੌਂਅ ਚੰਗਾ ਹੋ ਜਾਂਦਾ। ਪਤਾ ਈ, ਉਹ ਬੋਲ ਸਾਡੇ ਆਪਣੇ ਬੋਲਾਂ ਜਿਹੇ ਲਗਦੇ ਤੇ ਇਹ ਵਤਨੋਂ ਆਈ ਪੌਣ ਦੇ ਬੁਲ੍ਹੇ ਜਿਹੇ ਜਾਪਦੇ। ਜੇ ਉਹਨੂੰ ਪਤਾ ਹੁੰਦਾ ਕਿ ਉਹਦੇ ਮੰਦਾ ਚੰਗਾ ਬੋਲਣ ਤੇ ਗਾਲ੍ਹਾਂ ਕੱਢਣ ਤੇ ਸਾਨੂੰ ਖ਼ੁਸ਼ੀ ਹੁੰਦੀ ਏ ਤਾਂ ਉਹ ਰੂਸੀ ਵਿੱਚ ਅਜਿਹਾ ਨਾ ਕਰਦਾ, ਆਪਣੀ ਬੋਲੀ ਹੀ ਬੋਲੀ ਜਾਂਦਾ। ਬਸ ਸਾਡੇ ਜਣਿਆਂ ਵਿਚੋਂ ਇੱਕ, ਮਾਸਕੋ ਤੋਂ ਮੇਰਾ

ਇੱਕ ਮਿੱਤਰ ਉਹਨੂੰ ਸੁਣ ਕੇ ਝਲਿਆ ਜਾਂਦਾ। 'ਜਦੋਂ ਉਹ ਇਉਂ ਗਾਲ੍ਹਾਂ ਕੱਢਦੈ,' ਉਹ ਕਹਿੰਦਾ, 'ਮੈਂ ਅੱਖਾਂ ਮੀਟ ਲੈਂਦਾਂ ਅਤੇ ਆਪਣੇ ਦਿਲ ਵਿਚ ਸੋਚਦਾ ਮੈਂ ਮਾਸਕੋ ਵਿੱਚ ਹਾਂ, ਤੇ ਗਵਾਂਢਲੇ ਸ਼ਰਾਬਖ਼ਾਨੇ ਵਿੱਚ ਬੈਠਾ ਇੱਕ ਗਲਾਸ ਪੀ ਰਿਹਾਂ ਤੇ ਮੈਨੂੰ ਚੱਕਰ ਆ ਜਾਂਦੇ ਨੇ ਜਿਵੇਂ ਮੈਂ ਬੀਅਰ ਦਾ ਗਿਲਾਸ ਪੀਤਾ ਹੋਵੇ।"

"ਸੋ ਜਿਸ ਦਿਨ ਮੈਂ ਘਣ ਮੀਟਰਾਂ ਬਾਰੇ ਗੱਲ ਕੀਤੀ, ਉਸ ਤੋਂ ਅੱਗਲੇ ਦਿਨ ਕਮਾਂਡੈਂਟ ਨੇ ਮੈਨੂੰ ਤੱਪੜ ਤੇ ਖੜਾ ਕਰ ਲਿਆ। ਸ਼ਾਮੀ ਇੱਕ ਦੁਭਾਸ਼ੀਆ ਤੇ ਦੋ ਪਹਿਰੇਦਾਰ ਆਏ। 'ਸੋਕੋਲੋਵ ਆਂਦਰੇਈ ?' ਮੈਂ ਜਵਾਬ ਦਿੱਤਾ। 'ਬਾਹਰ ਚੱਲ ! ਤਿੱਖੀ ਚਾਲ ! Her Lagerfuhrer ਤੇਰੇ ਨਾਲ ਗੱਲ ਕਰਨੀ ਚਾਹੁੰਦੈ।' ਮੈਂ ਸਮਝ ਗਿਆ ਉਹਨੇ ਮੈਨੂੰ ਕਿਉਂ ਬੁਲਾਇਐ। ਮੇਰਾ ਤਾਂ ਬਿਸਤਰਾ ਗੋਲ ਹੋ ਗਿਆ ਸੀ। ਸੋ ਮੈਂ ਆਪਣੇ ਮਿੱਤਰਾਂ ਤੋਂ ਵਿੱਦਿਆ ਹੋਇਆ—ਉਹ ਜਾਣਦੇ ਸਨ ਮੈਂ ਮਰਨ ਜਾ ਰਿਹਾਂ। ਫਿਰ ਮੈਂ ਲੰਬਾ ਸਾਹ ਲਿਆ ਤੇ ਪਹਿਰੇਦਾਰਾਂ ਦੇ ਪਿੱਛੇ ਚੱਲ ਪਿਆ। ਮੈਂ ਕੈਂਪ ਦੇ ਵਿਹੜੇ ਦੇ ਪਾਰ ਗਿਆ, ਉੱਪਰ ਤਾਰਿਆਂ ਵੱਲ ਵੇਖਿਆ ਤੇ ਉਹਨਾਂ ਤੋਂ ਵੀ ਵਿਦਿਆ ਹੋਇਆ ਤੇ ਮਨ ਹੀ ਮਨ ਵਿੱਚ ਸੋਚਿਆ: 'ਲੈ ਭਾਈ ਆਂਦਰੇਈ ਸੋਕੋਲੋਵ, ਨੰ. 331, ਤੂੰ ਜ਼ੁਲਮ ਦਾ ਭਰਿਆ ਪਿਆਲਾ ਪੀ ਲਿਐ।' ਮੈਨੂੰ ਇਰੀਨਾ ਤੇ ਬੱਚਿਆਂ ਉੱਤੇ ਕੁਝ ਕੁੱਝ ਤਰਸ ਆਇਆ, ਫਿਰ ਮੈਂ ਇਸ ਉੱਤੇ ਕਾਬੂ ਪਾ ਲਿਆ ਤੇ ਝੇਪੇ ਬਿਨਾਂ ਪਿਸਤੋਲ ਦੀ ਨਾਲੀ ਦਾ ਸਾਹਮਣਾ ਕਰਨ ਲਈ ਹਿੰਮਤ ਬੰਨ੍ਹਣੀ ਸ਼ੁਰੂ ਕਰ ਦਿੱਤੀ, ਜਿਵੇਂ ਕਿ ਫੌਜੀ ਨੂੰ ਕਰਨਾ ਚਾਹੀਦਾ ਏ ਤਾਂ ਜੋ ਦੁਸ਼ਮਣ ਨੂੰ ਇਹ ਪਤਾ ਨਾ ਲੱਗੇ ਕਿ ਅਖ਼ੀਰੀ ਘੜੀ ਮੇਰੇ ਲਈ ਜ਼ਿੰਦਗੀ ਤੋਂ ਵਿੱਛੜਨਾ ਕਿੰਨਾ ਔਖਾ ਸੀ, ਭਾਵੇਂ ਇਹ ਭੈੜੀ ਹੀ ਸੀ।"

'ਕਮਾਂਡੰਟ ਦੇ ਕਮਰੇ ਵਿੱਚ ਬਾਰੀ ਦੀ ਮੁਹਾਠ ਉੱਤੇ ਫੁੱਲ ਸਨ। ਇਹ ਸੋਹਣੀ, ਸਾਫ ਥਾਂ ਸੀ, ਸਾਡੇ ਕਲੱਬਾਂ ਜਿਹੀ। ਮੇਜ਼ ਕੋਲ ਕੈਂਪ ਦੇ ਸਾਰੇ ਅਫ਼ਸਰ ਬੈਠੇ ਸਨ। ਪੰਜੇ ਦੇ ਪੰਜੇ, ਉੱਥੇ ਬੈਠੇ, ਉਹ ਸ਼ਨੈਪਸ* ਚਾੜ੍ਹ ਰਹੇ ਸਨ ਤੇ ਚਰਬੀ ਵਾਲਾ ਬੇਕਨ** ਚੱਬਦੇ। ਮੇਜ਼ ਉੱਤੇ ਇੱਕ ਵੱਡੀ ਬੋਤਲ ਸੀ, ਪਹਿਲਾਂ ਹੀ ਖੁੱਲ੍ਹੀ,ਢੇਰਾਂ ਡੱਬਲ ਰੋਟੀ, ਚਰਬੀ ਵਾਲ ਬੇਕਨ, ਲੂਣੇ ਸੇਬ, ਤੇ ਕਈ ਤਰ੍ਹਾਂ ਦੀ ਖੁੱਲ੍ਹੇ ਡੱਬੇ। ਮੈਂ ਉਸ ਸਾਰੇ ਖਾਣੇ ਉੱਤੇ ਨਿਗਾਹ ਮਾਰੀ, ਤੂੰ ਮੰਨਣਾ ਨਹੀਂ, ਮੈਨੂੰ ਇੰਨੀ ਘੇਰੀ ਆਈ ਕਿ ਮੈਂ ਲੱਗਭਗ ਕੈ ਕਰ ਦਿੱਤੀ। ਵੇਖੋਂ ਨਾ, ਮੈਂ ਬਘਿਆੜ ਵਾਂਗ ਭੁੱਖਾ ਸਾਂ, ਤੇ ਮੈਨੂੰ ਲੱਗਭਗ ਭੁੱਲ ਹੀ ਗਿਆ ਸੀ ਕਿ ਮਨੁੱਖਾਂ ਦਾ ਖਾਣਾ ਕਿਹੋ ਜਿਹਾ ਹੁੰਦੈ ਇਹ ਸਾਰੇ ਪਦਾਰਥ ਮੇਰੇ ਸਾਹਮਣੇ ਪਏ ਸਨ। ਜ਼ੋਰ ਲਾ ਕੇ ਮੈਂ ਆਪਣੀ ਘੇਰੀ ਰੋਕੀ ਪਰ ਮੇਜ਼ ਤੋਂ ਅੱਖਾਂ ਹਟਾਉਣ ਲਈ ਮੈਨੂੰ ਬਹੁਤ ਯਤਨ ਕਰਨਾ ਪਿਆ"।

ਮੇਰੇ ਐਨ ਸਾਹਮਣੇ ਮੂਲਰ ਬੈਠਾ ਸੀ, ਅੱਧਾ ਸ਼ਰਾਬੀ ਹੋਇਆ, ਉਹ ਆਪਣਾ ਪਿਸਤੋਲ ਇੱਕ ਹੱਥ ਤੋਂ ਦੂਜੇ ਵਿੱਚ ਸੁੱਟਦਾ, ਇਹਦੇ ਨਾਲ ਖੇਡ ਰਿਹਾ ਸੀ। ਉਹ ਦੀਆਂ ਅੱਖਾਂ ਸੱਪ ਵਾਂਗ ਮੇਰੇ ਉੱਤੇ ਗੱਡੀਆਂ ਹੋਈਆਂ ਸਨ। ਸੋ, ਮੈਂ ਤਣ ਕੇ ਖੜਾ ਹੋ ਗਿਆ, ਆਪਣੀਆਂ ਅੱਧੀਆਂ ਟੁੱਟੀਆਂ ਅੱਡੀਆਂ ਵਜਾਈਆਂ ਅਤੇ ਉੱਚੀ ਆਵਾਜ਼ ਵਿੱਚ ਕਿਹਾ: ਜੰਗੀ ਕੈਦੀ ਆਂਦਰੇਈ

---

* ਜਰਮਨ ਜਿਨ। **—ਅਨੁ:**

** ਸੂਰ ਦੇ ਪਿੱਠ ਤੇ ਪਾਸਿਆਂ ਦਾ ਲੂਣ ਲੱਗਾ ਮਾਸ। **—ਅਨੁ:**

ਸੋਕੋਲੋਵ ਤੁਹਾਡੀ ਸੇਵਾ ਵਿੱਚ ਹਾਜ਼ਰ ਹੈ, Her Kommandant।*' ਤੇ ਉਹਨੇ ਮੈਨੂੰ ਕਿਹਾ: 'ਸੋ, ਰੂਸੀ ਈਵਾਨ**, ਚਾਰ ਘਣ ਮੀਟਰ ਪੱਥਰ ਪੁੱਟਣਾ ਤੇਰੇ ਲਈ ਬਹੁਤ ਹੈ, ਹੈ ?' 'ਹਾਂ, Her Kommandant, ਇਹ ਬਹੁਤ ਏ,' ਮੈਂ ਕਿਹਾ। 'ਤੇ ਇੱਕ ਮੀਟਰ ਤੇਰੀ ਕਬਰ ਲਈ ਕਾਫ਼ੀ ਹੋਵੇਗਾ ? 'ਹਾਂ, Her Kommandant, ਬਹੁਤ ਕਾਫ਼ੀ, ਤੇ ਥਾਂ ਬੱਚ ਰਹੇਗੀ'।

"ਉਹ ਖੜਾ ਹੋ ਗਿਆ ਤੇ ਕਹਿਣ ਲੱਗਾ, 'ਮੈਂ ਤੈਨੂੰ ਪਤਾ ਵੱਡਾ ਮਾਣ ਬਖ਼ਸ਼ਾਂਗਾ। ਇਹ ਗੱਲ ਕਹਿਣ ਬਦਲੇ ਮੈਂ ਤੈਨੂੰ ਆਪਣੇ ਹੱਥੀ ਗੋਲੀ ਮਾਰਾਂਗਾ। ਇੱਥੇ ਤਾਂ ਗੰਦ ਪੈ ਜਾਵੇਗਾ, ਸੋ ਅਸੀਂ ਬਾਹਰ ਵਿਹੜੇ ਵਿੱਚ ਚੱਲਾਂਗੇ। ਉੱਥੇ ਤੂੰ ਆਪਣਾ ਅਖ਼ੀਰੀ ਗੀਤ ਗਾ ਲਵੀਂ।' 'ਜਿਵੇਂ ਤੁਹਾਡੀ ਮਰਜ਼ੀ,' ਮੈਂ ਉਹਨੂੰ ਕਿਹਾ। ਉਹ ਇੱਕ ਮਿੰਟ ਸੋਚਦਾ ਹੋਇਆ ਖੜਾ ਰਿਹਾ, ਫਿਰ ਆਪਣਾ ਪਿਸਤੌਲ ਉਹਨੇ ਮੇਜ਼ ਉੱਤੇ ਸੁੱਟ ਦਿੱਤਾ ਤੇ ਪੂਰਾ ਗਿਲਾਸ ਸ਼ਨੈਪਸ ਦਾ ਭਰ ਦਿੱਤਾ, ਡੱਬਲ ਰੋਟੀ ਦਾ ਇੱਕ ਟੋਟਾ ਲਿਆ, ਚਰਬੀ ਦਾ ਇੱਕ ਟੋਟਾ ਉਹਦੇ ਉੱਤੇ ਰੱਖਿਆ, ਸਭ ਕੁੱਝ ਮੇਰੇ ਵੱਲ ਵਧਾਇਆ ਤੇ ਕਿਹਾ: 'ਰੂਸੀ ਈਵਾਨ, ਲੈ, ਮਰਨ ਤੋਂ ਪਹਿਲਾਂ ਜਰਮਨ ਹਥਿਆਰਾਂ ਦੀ ਜਿੱਤ ਦਾ ਜਾਮ ਪੀ।'

"ਮੈਂ ਗਲਾਸ ਤੇ ਰੋਟੀ ਉਹਦੇ ਹੱਥੋਂ ਲੈ ਲਈ ਸੀ ਪਰ ਜਦੋਂ ਮੈਂ ਉਹਦੀ ਗੱਲ ਸੁਣੀ ਤਾਂ ਅੰਦਰੋਂ ਅੰਦਰ ਮੈਨੂੰ ਕੁੱਝ ਲੂਹ ਗਿਆ। ਮੈਂ ਸੋਚਿਆ, ਮੈ, ਇੱਕ ਰੂਸੀ ਫੌਜੀ ਜਰਮਨ ਹਥਿਆਰਾਂ ਦੀ ਜਿੱਤ ਦਾ ਜਾਮ ਪੀਵਾਂ। Her Kommandant, ਤੂੰ ਪਤਾ ਨਹੀਂ ਹੋਰ ਕੀ ਮੰਗੇਂਗਾ ? ਮੇਰਾ ਬਿਸਤਰਾ ਤਾਂ ਗੋਲ ਹੋ ਹੀ ਗਿਆ ਸੀ। ਜਹਨਮ ਵਿੱਚ ਜਾਓ, ਤੂੰ ਤੇ ਤੇਰੀ ਸ਼ਨੈਪਸ।

"ਮੈਂ ਗਲਾਸ ਮੇਜ਼ ਉੱਤੇ ਰੱਖ ਦਿੱਤਾ ਤੇ ਉਹਦੇ ਨਾਲ ਹੀ ਰੋਟੀ ਵੀ, ਤੇ ਮੈਂ ਕਿਹਾ: 'ਪ੍ਰਾਹੁਣਚਾਰੀ ਤੁਹਾਡੀ ਮਿਹਰਬਾਨੀ, ਪਰ ਮੈਂ ਪੀਂਦਾ ਨਹੀਂ।' ਉਹ ਮੁਸਕਰਾਇਆ ਤੇ ਕਹਿਣ ਲੱਗਾ: 'ਸੋ ਤੂੰ ਸਾਡੀ ਜਿੱਤ ਦਾ ਜਾਮ ਨਹੀਂ ਪੀਂਦਾ ? ਤਾਂ ਫਿਰ ਆਪਣੀ ਮੌਤ ਦਾ ਜਾਮ ਪੀ ਲੈ।' ਇਹਦੇ ਵਿੱਚ ਮੇਰਾ ਕੀ ਜਾਣਾ ਸੀ। 'ਮੇਰੀ ਮੌਤ ਤੇ ਇੱਥੋਂ ਦੇ ਤਸੀਹਾਂ ਤੋ ਛੁਟਕਾਰੇ ਦੇ ਨਾਂ,' ਮੈਂ ਕਿਹਾ। ਇਹ ਕਹਿ ਕੇ ਮੈਂ ਗਿਲਾਸ ਲਿਆ ਤੇ ਦੋ ਘੁੱਟਾਂ ਵਿੱਚ ਅੰਦਰ ਸੁੱਟ ਲਿਆ। ਪਰ ਮੈਂ ਰੋਟੀ ਨਾ ਛੂਹੀ, ਮੈਂ ਬੜੀ ਸੁਲਗਤਾ ਨਾਲ ਆਪਣੇ ਬੁੱਲ੍ਹ ਆਪਣੇ ਹੱਥ ਨਾਲ ਪੂੰਝੇ ਤੇ ਕਿਹਾ: 'ਪ੍ਰਾਹੁਣਾਚਾਰੀ ਲਈ ਤੁਹਾਡੀ ਮਿਹਰਬਾਨੀ। ਮੈਂ ਤਿਆਰ ਹਾਂ, Herr Kommandant, ਹੁਣ ਤੁਸੀਂ ਮੇਰਾ ਫਸਤਾ ਵੱਢ ਸਕਦੇ ਹੋ।'

"ਪਰ ਉਹ ਬੜੀ ਤਿੱਖੀ ਤਰ੍ਹਾਂ ਮੇਰੇ ਵੱਲ ਵੇਖ ਰਿਹਾ ਸੀ: 'ਮਰਨ ਤੋਂ ਪਹਿਲਾਂ ਥੋੜ੍ਹੀ ਰੋਟੀ ਖਾ ਲੈ,' ਉਹਨੇ ਕਿਹਾ। ਪਰ ਮੈਂ ਕਿਹਾ: 'ਮੈਂ ਪਹਿਲੇ ਗਿਲਾਸ ਤੋਂ ਪਿੱਛੋਂ ਕੁੱਝ ਨਹੀਂ ਖਾਂਦਾ।' ਉਹਨੇ ਇੱਕ ਵਾਰ ਫਿਰ ਗਿਲਾਸ ਭਰਿਆ ਤੇ ਮੇਰੇ ਵੱਲ ਵਧਾਇਆ। ਮੈਂ ਦੂਜਾ ਗਿਲਾਸ ਪੀ ਗਿਆ ਪਰ ਮੈਂ ਖਾਧਾ ਕੁੱਝ ਨਾ। ਵੇਖੇਂ ਨਾ, ਮੈਂ ਪੂਰਾ ਦਾਅ ਦਲੇਰੀ ਉੱਤੇ ਲਾ ਰਿਹਾ ਸਾਂ। ਮੈਂ ਸੋਚਿਆ, ਕੁੱਝ ਵੀ ਹੋਵੇ, ਵਿਹੜੇ ਵਿੱਚ ਜਾ ਕੇ ਮਰਨ ਤੋਂ ਪਹਿਲਾਂ ਮੈਂ ਧੁੱਤ ਹੋ ਜਾਵਾਂਗਾ।

---

* ਸ਼੍ਰੀਮਾਨ ਕਮਾਂਡਰ। **—ਸੰਪਾ:**

** ਵਿਅੰਗ ਨਾਲ਼ ਜਰਮਨ ਹਰ ਰੂਸੀ ਨੂੰ ਈਵਾਨ ਸਦਦੇ ਸਨ, ਜਿਵੇਂ ਰੂਸੀ ਹਰ ਜਰਮਨ ਨੂੰ ਫਰਿਟਜ਼ ਆਖਦੇ ਸਨ। **—ਅਨੁ:**

ਕਮਾਂਡੰਟ ਦੇ ਬੱਗੇ ਭਰਵਟੇ ਉੱਠੇ। 'ਤੂੰ ਖਾਂਦਾ ਕਿਉਂ ਨਹੀਂ, ਰੂਸੀ ਈਵਾਨ ? ਸ਼ਰਮਾ ਨਹੀਂ।' ਪਰ ਮੈਂ ਡਟਿਆ ਰਿਹਾ: ਮਾਫ਼ ਕਰਨਾ, Herr Kommandant ਪਰ ਮੈਂ ਦੂਜੇ ਗਿਲਾਸ ਪਿਛੋਂ ਵੀ ਕੁੱਝ ਨਹੀਂ ਖਾਂਦਾ।' ਉਹਨੇ ਆਪਣੀਆਂ ਗੱਲ੍ਹਾਂ ਫੁਲਾ ਲਈਆਂ ਤੇ ਬੁਣਕਿਆ ਤੇ ਫਿਰ ਇੰਨੇ ਜ਼ੋਰ ਦਾ ਠਹਾਕਾ ਮਾਰਕੇ ਹੱਸਿਆ ਤੇ ਹੱਸਦੇ ਹੋਏ ਉਹਨੇ ਕਾਹਲੀ ਕਾਹਲੀ ਜਰਮਨ ਵਿੱਚ ਕੁੱਝ ਕਿਹਾ, ਜ਼ਰੂਰ ਮੇਰੀ ਗੱਲ ਸਮਝਾ ਰਿਹਾ ਹੋਣੈ। ਬਾਕੀ ਦੇ ਵੀ ਹੱਸੇ, ਆਪਣੀਆਂ ਕੁਰਸੀਆਂ ਪਿੱਛੇ ਹਟਾਈਆਂ ਤੇ ਆਪਣੇ ਵੱਡੇ ਬੂਥੇ ਮੇਰੇ ਵੱਲ ਮੋੜੇ ਤੇ ਮੈਂ ਉਹਨਾਂ ਦੀਆਂ ਅੱਖਾਂ ਵਿੱਚ ਕੁਝ ਹੋਰ ਤੱਕਿਆ, ਕੁੱਝ ਕੁ ਨਰਮ।

"ਕਮਾਂਡੰਟ ਨੇ ਮੈਨੂੰ ਤੀਜੀ ਵਾਰ ਗਿਲਾਸ ਭਰ ਦਿੱਤਾ ਤੇ ਉਹਦੇ ਹੱਥ ਹਾਸੇ ਕਰਕੇ ਕੰਬ ਰਹੇ ਸਨ। ਮੈਂ ਗਿਲਾਸ ਹੌਲੀ-ਹੌਲੀ ਪੀਤਾ, ਰੋਟੀ ਨੂੰ ਇੱਕ ਚੱਕ ਮਾਰਿਆ ਤੇ ਬਾਕੀ ਦੀ ਮੇਜ਼ ਉੱਤੇ ਰੱਖ ਦਿੱਤੀ। ਮੈਂ ਉਹਨਾਂ ਹਰਾਮੀਆਂ ਨੂੰ ਵਿਖਾਉਣਾ ਚਾਹੁੰਦਾ ਸੀ ਕਿ ਭਾਵੇਂ ਮੈਂ ਭੁੱਖ ਨਾਲ ਅਧ-ਮੋਇਆ ਹੋਇਆ ਪਿਆ ਸਾਂ, ਮੈਂ ਉਹਨਾਂ ਵਲੋਂ ਸੁੱਟੇ ਟੁਕੜੇ ਡੱਫਣ ਨਹੀਂ ਸਾਂ ਲੱਗਾ, ਕਿ ਮੇਰਾ ਆਪਣਾ, ਰੂਸੀ ਕੁਰਬ ਤੇ ਸ਼ਾਨ ਸੀ ਤੇ ਉਹਨਾਂ ਉਸ ਤਰ੍ਹਾਂ ਮੈਨੂੰ ਪਸ਼ੂ ਨਹੀਂ ਸੀ ਬਣਾ ਦਿੱਤਾ, ਜਿਵੇਂ ਉਹ ਬਣਾਉਣਾ ਚਾਹੁੰਦੇ ਸਨ।

"ਇਸ ਪਿੱਛੋਂ ਕਮਾਂਡੰਟ ਦੇ ਮੂੰਹ ਉੱਤੇ ਗੰਭੀਰ ਦਿੱਖ ਆ ਗਈ, ਉਹਨੇ ਆਪਣੇ ਸੀਨੇ ਤੇ ਲੱਗੇ ਦੋ ਆਇਰਨ ਕਰਾਸ ਤਮਗ਼ੇ ਸਿੱਧੇ ਕੀਤੇ ਤੇ ਨਿਹੱਥਾ ਮੇਜ਼ ਪਿੱਛੋਂ ਅੱਗੇ ਆ ਗਿਆ ਤੇ ਕਹਿਣ ਲੱਗਾ: 'ਵੇਖ ਸੋਕੋਲੋਵ, ਤੂੰ ਇੱਕ ਅਸਲੀ ਰੂਸੀ ਫੌਜੀ ਹੈਂ। ਤੂੰ ਸ਼ਾਨਦਾਰ ਫੌਜੀ ਹੈਂ। ਮੈਂ ਵੀ ਫੌਜੀ ਹਾਂ ਤੇ ਮੈਂ ਯੋਗ ਦੁਸ਼ਮਣ ਦੀ ਕਦਰ ਕਰਦਾਂ। ਮੈਂ ਤੈਨੂੰ ਗੋਲੀ ਨਹੀਂ ਮਾਰਾਂਗਾ। ਨਾਲੇ ਇੱਕ ਹੋਰ ਗੱਲ ਹੈ, ਅੱਜ ਸਾਡੀਆਂ ਬਹਾਦਰ ਫ਼ੌਜਾਂ ਵੋਲਗਾ ਤੱਕ ਅੱਪੜ ਗਈਆਂ ਨੇ ਤੇ ਉਹਨਾਂ ਸਟਾਲਿਨਗਰਾਦ ਉੱਤੇ ਪੂਰਾ ਕਬਜ਼ਾ ਕਰ ਲਿਐ। ਇਹ ਸਾਡੇ ਲਈ ਮਹਾਨ ਖੁਸ਼ੀ ਹੈ, ਸੋ ਮੈਂ ਮਿਹਰਬਾਨੀ ਕਰਕੇ ਤੇਰੀ ਜਾਨ ਬਖ਼ਸ਼ਦਾਂ। ਵਾਪਸ ਆਪਣੇ ਬਲਾਕ ਵਿੱਚ ਮੁੜ ਜਾ ਤੇ ਆਪਣੀ ਦਲੇਰੀ ਲਈ ਐਹ ਲੈ ਜਾ।' ਉਹਨੇ ਮੇਜ਼ ਤੋਂ ਮੈਨੂੰ ਇੱਕ ਨਿੱਕੀ ਡਬਲ ਰੋਟੀ ਅਤੇ ਚਰਬੀ ਵਾਲੇ ਬੇਕਨ ਦਾ ਇੱਕ ਟੋਟਾ ਦਿੱਤਾ।

"ਮੈਂ ਰੋਟੀ ਪੂਰੀ ਤਰ੍ਹਾਂ ਘੁੱਟ ਕੇ ਆਪਣੀ ਛਾਤੀ ਨਾਲ ਲਾ ਲਈ ਤੇ ਚਰਬੀ ਆਪਣੇ ਖੱਬੇ ਹੱਥ ਨਾਲ ਘੁੱਟ ਕੇ ਫੜ ਲਈ। ਮੈਂ ਘਟਨਾਵਾਂ ਦੇ ਇਉਂ ਆਸੋਂ ਉਲਟ ਮੋੜ ਕੱਟਣ ਤੇ ਇੰਨਾ ਸ਼ੀਸ਼ਦਾਰ ਰਹਿ ਗਿਆ ਕਿ ਮੈਂ ਇਹ ਵੀ ਨਾ ਕਿਹਾ, ਤੁਹਾਡੀ ਮਿਹਰਬਾਨੀ, ਬਸ ਖੱਬੇ ਦਾਅ ਮੁੜਿਆ ਤੇ ਦਰਵਾਜ਼ੇ ਵੱਲ ਚੱਲ ਪਿਆ। ਤੇ ਸਾਰਾ ਵਕਤ ਮੈਂ ਸੋਚਦਾ ਰਿਹਾ ਕਿ ਹੁਣ ਉਹਨੇ ਮੇਰੇ ਸਾਥੀਆਂ ਤੱਕ ਨਹੀਂ ਪੁਚਾ ਸਕਣ ਲੱਗਾ। ਪਰ ਨਹੀਂ, ਕੁੱਝ ਨਾ ਹੋਇਆ। ਇੱਕ ਵਾਰ ਫਿਰ ਮੌਤ ਮੇਰੇ ਕੋਲੋਂ ਲੰਘ ਗਈ ਤੇ ਮੈਨੂੰ ਬਸ ਉਹਦਾ ਠੰਡਾ ਸਾਹ ਹੀ ਲੱਗਾ।

"ਮੈਂ ਪੈਰ ਥਿੜਕਾਏ ਬਿਨਾਂ ਕਮਾਂਡੰਟ ਦੇ ਦਫ਼ਤਰੋਂ ਬਾਹਰ ਆ ਗਿਆ ਪਰ ਬਾਹਰ ਆ ਕੇ ਮੈਂ ਹਰ ਪਾਸੇ ਰਿੜ੍ਹ ਰਿਹਾਂ ਸਾਂ। ਮੈਂ ਝੱਫ ਖਾ ਕੇ ਢਾਰੇ ਵਿੱਚ ਵੜਿਆ ਤੇ ਚੁਫ਼ਾਲ ਸੀਮਿੰਟ ਦੇ ਫਰਸ਼ ਉੱਤੇ ਡਿੱਗ ਪਿਆ, ਬੇਹੋਸ਼। ਅਗੱਲੇ ਦਿਨ ਜਵਾਨਾਂ ਮੈਨੂੰ ਜਗਾਇਆ, ਅਜੇ ਹਨੇਰਾ ਹੀ ਸੀ। 'ਸਾਨੂੰ ਦੱਸ ਕੀ ਹੋਇਆ !' ਤਾਂ ਮੈਨੂੰ ਯਾਦ ਆਇਆ ਕਮਾਂਡੰਟ ਦੇ ਦਫ਼ਤਰ ਵਿੱਚ ਕੀ ਹੋਇਆ

ਸੀ ਤੇ ਮੈਂ ਉਹਨਾਂ ਨੂੰ ਦੱਸਿਆ। 'ਅਸੀਂ ਇਹ ਖਾਣਾ ਕਿਵੇਂ ਵੰਡਾਂਗੇ ? ' ਮੇਰੇ ਨਾਲ ਦੇ ਫੱਟੇ ਉੱਤੇ ਲੇਟੇ ਬੰਦੇ ਨੇ ਕਿਹਾ ਤੇ ਉਹਦੀ ਆਵਾਜ਼ ਕੰਬ ਰਹੀ ਸੀ। 'ਸਭ ਲਈ ਬਰਾਬਰ ਹਿੱਸੇ,' ਮੈਂ ਕਿਹਾ। ਅਸਾਂ ਲੋਅ ਹੋਣ ਤੱਕ ਉਡੀਕਿਆ। ਅਸਾਂ ਰੋਟੀ ਇੱਕ ਧਾਗੇ ਨਾਲ ਕਟੀ। ਸਾਡੇ ਵਿੱਚੋਂ ਹਰ ਇੱਕ ਨੂੰ ਮਾਚਸ ਦੀ ਡੱਬੀ ਜਿੰਨਾ ਟੋਟਾ ਮਿਲਿਆ, ਇੱਕ ਭੋਰਾ ਵੀ ਅਜਾਈਂ ਨਾ ਗੁਆਇਆ ਗਿਆ। ਤੇ ਜਿੱਥੋਂ ਤੱਕ ਚਰਬੀ ਦੀ ਗੱਲ ਏ— ਹਾਂ, ਪੱਕੀ ਗੱਲ ਏ, ਬਸ ਬੁੱਲ੍ਹ ਥਿੰਧੇ ਕਰਨ ਜੋਗੀ ਹੀ ਸੀ ਇਹ, ਪਰ ਅਸਾਂ ਇਹ ਵੀ ਵੰਡੀ, ਸਭ ਲਈ ਸਾਵੇਂ ਹਿੱਸੇ।

"ਛੇਤੀ ਹੀ ਸਾਡੇ ਵਿੱਚੋਂ ਤਿੰਨ ਸੌ ਸਭ ਤੋਂ ਤਕੜਿਆਂ ਨੂੰ ਇੱਕ ਜਿੱਲ੍ਹਣ ਸੁਕਾਉਣ ਦੇ ਕੰਮ ਲਾ ਦਿੱਤਾ, ਫਿਰ ਅਸੀਂ ਰੂਹਰ ਦੇ ਇਲਾਕੇ ਵਿੱਚ ਚਲੇ ਗਏ, ਖਾਣਾਂ ਵਿੱਚ ਕੰਮ ਕਰਨ। ਤੇ ਚੁਤਾਲੀ ਤੱਕ ਮੈਂ ਉੱਥੇ ਰਿਹਾ। ਉਦੋਂ ਤੱਕ ਸਾਡੇ ਜਵਾਨਾਂ ਨੇ ਜਰਮਨੀ ਦੀ ਆਕੜ ਚੋਖੀ ਭੰਨ ਦਿੱਤੀ ਸੀ ਤੇ ਨਾਜ਼ੀਆਂ ਨੇ ਸਾਡੇ ਵੱਲ ਘਿਰਣਾ ਨਾਲ ਵੇਖਣਾ ਬੰਦ ਕਰ ਦਿੱਤਾ ਸੀ। ਇੱਕ ਦਿਨ ਉਹਨਾਂ ਸਾਨੂੰ ਪਾਲਾਂ ਵਿੱਚ ਖੜ੍ਹਾ ਕੀਤਾ, ਦਿਨ ਦੀ ਸਾਰੀ ਸ਼ਿਫ਼ਟ ਨੂੰ, ਤੇ ਇੱਕ ਬਾਹਰੋਂ ਆਏ Oberleutenant* ਨੇ ਇੱਕ ਦੁਭਾਸ਼ੀਏ ਰਾਹੀਂ ਕਿਹਾ: 'ਜਿਸ ਕਿਸੇ ਨੇ ਫ਼ੌਜ ਵਿੱਚ ਜਾਂ ਜੰਗ ਤੋਂ ਪਹਿਲਾਂ ਡਰਾਈਵਰ ਦਾ ਕੰਮ ਕੀਤਾ ਹੋਵੇ— ਇੱਕ ਕਦਮ ਅੱਗੇ ਹੋ ਜਾਵੇ'। ਸਾਡੇ ਵਿਚੋਂ ਸੱਤ ਕੁ, ਜਿਹੜੇ ਪਹਿਲਾਂ ਡਰਾਈਵਰ ਰਹੇ ਸਨ ਅੱਗੇ ਵਧੇ। ਉਹਨਾਂ ਸਾਨੂੰ ਕੁੱਝ ਪੁਰਾਣੇ ਉਤੇਰਨ ਦਿੱਤੇ ਤੇ ਪਹਿਰੇ ਹੇਠ ਸਾਨੂੰ ਪੋਸਟਡਾਮ ਲੈ ਗਏ। ਜਦੋਂ ਅਸੀਂ ਉਥੇ ਗਏ ਤਾਂ ਸਾਨੂੰ ਵੱਖ-ਵੱਖ ਕਰ ਦਿੱਤਾ ਗਿਆ। ਮੈਨੂੰ 'ਟੋਡਟ' ਵਿੱਚ ਕੰਮ ਕਰਨ ਲਾ ਦਿੱਤਾ ਗਿਆ। ਜਰਮਨਾਂ ਨੇ ਸੜਕਾਂ ਤੇ ਮੋਰਚੇ ਬਣਾਉਣ ਲਈ ਜਿਹੜਾ ਬੰਦੋਬਸਤ ਖੜ੍ਹਾ ਕੀਤਾ ਸੀ, ਉਹਦਾ ਉਹਨਾਂ ਇਹ ਨਾਂ ਰੱਖਿਆ ਸੀ।

ਮੈਂ ਇੰਜੀਨੀਅਰਾਂ ਦੇ ਇੱਕ ਮੇਜਰ ਨੂੰ ਇੱਕ 'ਓਪਲ-ਐਡਮਿਰਲ' ਗੱਡੀ ਵਿੱਚ ਇੱਧਰ ਉੱਧਰ ਲਿਜਾਂਦਾ। ਉਹ ਅਸਲੀ ਨਾਜ਼ੀ ਸੂਰ ਸੀ। ਨਿੱਕਾ ਜਿਹਾ, ਮੋਟੇ ਢਿੱਡ ਵਾਲਾ, ਜਿੰਨਾ ਉੱਚਾ ਉਨਾ ਹੀ ਚੌੜਾ ਅਤੇ ਚਿਤੱੜ, ਜ਼ਨਾਨੀਆਂ ਵਾਂਗਰ ਭਾਰੇ। ਸਾਹਮਣੇ ਉਹਦੇ ਕਾਲਰ ਉਤੇ ਤਿੰਨ ਠੋਡੀਆਂ ਲਟੱਕਦੀਆਂ ਸਨ ਤੇ ਉਹਦੀ ਪਿੱਠ ਵੱਲ ਗਰਦਨ ਉਤੇ ਮਾਸ ਦੇ ਤਿੰਨ ਬਹੁਤ ਮੋਟੇ ਵੱਲ ਪੈਂਦੇ। ਉਹਦੀ ਦੇਹ ਤੇ ਘੱਟੋ ਘੱਟ ਸਵਾ ਮਣ ਪੱਕਾ ਖ਼ਾਲਸ ਚਰਬੀ ਹੋਣੀ ਏ। ਟੁਰਦਿਆਂ ਉਹ ਰੇਲ ਇੰਜਣ ਵਾਂਗ ਸ਼ੂੰ ਸ਼ੂੰ ਕਰਦਾ ਤੇ ਜਦੋਂ ਉਹ ਖਾਣ ਬਹਿੰਦਾ—ਤਾਂ ਕੁਝ ਨਾ ਪੁੱਛੋ ! ਉਹ ਸਾਰਾ ਦਿਨ ਚਰੀ ਜਾਂਦਾ, ਚੱਬਦਾ ਤੇ ਆਪਣੀ ਬਰਾਂਡੀ ਦੀ ਬੋਤਲ ਵਿਚੋਂ ਘੁੱਟ ਭਰਦਾ। ਕਦੀ ਕਦੀ ਮੈਨੂੰ ਵੀ ਕੁੱਝ ਨਾ ਕੁੱਝ ਮਿਲ ਜਾਂਦਾ। ਉਹ ਸੜਕ ਕੰਢੇ ਰੁਕਦਾ, ਕੁੱਝ ਸਾਸੇਜ ਜਾਂ ਪਨੀਰ ਕੱਟਦਾ ਤੇ ਘੁੱਟ ਕੁ ਪੀਂਦਾ ਤੇ ਜਦੋਂ ਉਹਦਾ ਰੌ ਚੰਗਾ ਹੁੰਦਾ ਤਾਂ ਇੱਕ ਅੱਧ ਬੁਰਕੀ ਮੈਨੂੰ ਵੀ ਸੁੱਟ ਦੇਂਦਾ, ਜਿਵੇਂ ਕੁੱਤੇ ਨੂੰ ਸੁੱਟੀਂਦੀ ਏ। ਉਹ ਮੈਨੂੰ ਕਦੀ ਹੱਥ ਵਿੱਚ ਨਾ ਫੜਾਉਂਦਾ। ਨਹੀਂ, ਇਹਨੂੰ ਉਹ ਆਪਣੀ ਸ਼ਾਨ ਦੇ ਖ਼ਿਲਾਫ਼ ਸਮਝਦਾ। ਪਰ ਭਾਵੇਂ ਕੁੱਝ ਹੋਵੇ, ਇਹ ਕੈਂਪ ਦੀ ਜ਼ਿੰਦਗੀ ਨਾਲੋਂ ਤਾਂ ਚੰਗੀ ਸੀ, ਤੇ ਹੌਲੀ ਹੌਲੀ ਇੱਕ ਵਾਰ ਫਿਰ ਮੇਰੀ ਸ਼ਕਲ ਮਨੁੱਖਾਂ ਜਿਹੀ ਜਾਪਣ ਲੱਗ ਪਈ। ਇੱਥੋਂ ਤੱਕ ਕਿ ਮੇਰਾ ਭਾਰ ਵੱਧਣ ਲੱਗ ਪਿਆ।

---

* ਵੱਡਾ (ਫ਼ਰਸਟ) ਲੈਫ਼ਟੀਨੈਂਟ। **—ਅਨੁ:**

“ਦੋ ਕੁ ਹਫ਼ਤੇ ਮੈਂ ਮੇਜਰ ਨੂੰ ਪੋਸਟਡਾਮ ਤੋਂ ਬਰਲਿਨ ਲਿਜਾਂਦਾ ਲਿਔਂਦਾ ਰਿਹਾ, ਫਿਰ ਉਹਨੂੰ ਲੜਾਈ ਦੇ ਇਲਾਕੇ ਵਿੱਚ ਫ਼ੌਜਾਂ ਲਈ ਮੋਰਚੇ ਬਣਾਉਣ ਭੇਜ ਦਿੱਤਾ ਗਿਆ। ਤੇ ਫਿਰ ਮੈਨੂੰ ਨੀਂਦ ਭੁੱਲ ਗਈ। ਸਾਰੀ ਰਾਤ ਮੈਂ ਸੋਚਦਾ ਰਹਿੰਦਾ ਆਪਣੀ ਧਿਰ ਵੱਲ ਕਿਵੇਂ ਨੱਠ ਜਾਵਾਂ, ਆਪਣੇ ਦੇਸ।

“ਅਸੀਂ ਪੋਲੋਤਸਕ ਦੇ ਸ਼ਹਿਰ ਅੱਪੜੇ। ਪਹੁ ਫੁਟਦਿਆਂ, ਦੋ ਵਰ੍ਹਿਆਂ ਵਿੱਚ ਪਹਿਲੀ ਵਾਰ ਮੈਂ ਆਪਣੇ ਤੋਪਖ਼ਾਨੇ ਦੀ ਗੂੰਜ ਸੁਣੀ, ਤੇ ਤੂੰ ਅੰਦਾਜ਼ਾ ਲਾ ਸਕਦੈਂ ਕਿ ਮੇਰਾ ਦਿਲ ਕਿਵੇਂ ਧੜਕਣ ਲੱਗ ਪਿਆ। ਲੈ, ਮਿੱਤਰਾ, ਜਦੋਂ ਮੈਂ ਪਹਿਲਾਂ ਪਹਿਲ ਇਰੀਨਾ ਨੂੰ ਰਿਝਾਉਣਾ ਸ਼ੁਰੂ ਕੀਤਾ ਤਾਂ ਵੀ ਇਹ ਇਉਂ ਨਹੀਂ ਸੀ ਧੜਕਿਆ! ਲੜਾਈ ਪੋਲੋਤਸਕ ਤੋਂ ਚੜ੍ਹਦੇ ਵਲ ਹੋ ਰਹੀ ਸੀ, ਅਠਾਰਾਂ ਕੁ ਕਿਲੋਮੀਟਰ ਦੂਰ। ਸ਼ਹਿਰ ਵਿਚਲੇ ਜਰਮਨ ਦੁਖੀ ਸਨ ਤੇ ਘਾਬਰੇ ਹੋਏ ਤੇ ਮੇਰੇ ਢਿੱਡਲ ਨੇ ਹੋਰ ਤੇ ਹੋਰ ਪੀਣੀ ਸ਼ੁਰੂ ਕਰ ਦਿੱਤੀ। ਦਿਨੇ ਉਹ ਮੋਟਰ ਉੱਤੇ ਇੱਧਰ ਉੱਧਰ ਜਾਂਦਾ ਤੇ ਮੋਰਚੇ ਬਣਾਉਣ ਬਾਰੇ ਹਦਾਇਤਾਂ ਦੇਂਦਾ ਤੇ ਰਾਤੀਂ ਉਹ ਇੱਕਲਾ ਬਹਿ ਕੇ ਪੀਂਦਾ। ਉਹ ਤਾਂ ਫੁੱਲ ਗਿਆ ਤੇ ਉਹਦੀਆਂ ਅੱਖਾਂ ਹੇਠ ਵੱਡੇ-ਵੱਡੇ ਕਾਲੇ ਘੇਰੇ ਆ ਗਏ।

“ਸੋ ਮੈਂ ਸੋਚਿਆ ਹੋਰ ਉਡੀਕਣ ਦੀ ਲੋੜ ਨਹੀਂ, ਇਹ ਮੇਰੇ ਲਈ ਮੌਕਾ ਏ। ਤੇ ਮੈਂ ਇੱਕਲਾ ਨਹੀਂ ਨੱਠਣ ਲੱਗਾ, ਮੈਂ ਢਿਡਲ ਨੂੰ ਆਪਣੇ ਨਾਲ ਲਿਜਾਵਾਂਗਾ, ਉੱਥੇ ਉਹ ਕੰਮ ਆਵੇਗਾ!

“ਮਲਬੇ ਦੇ ਇੱਕ ਢੇਰ ਵਿੱਚੋਂ ਮੈਨੂੰ ਲੋਹੇ ਦਾ ਇੱਕ ਭਾਰਾ ਵੱਟਾ ਲੱਭਿਆ ਤੇ ਮੈਂ ਇਹਦੇ ਦੁਆਲੇ ਕੱਪੜਾ ਲਪੇਟ ਦਿੱਤਾ ਤਾਂ ਜੋ ਜਦੋਂ ਮੈਂ ਉਹਨੂੰ ਮਾਰਾਂ ਤਾਂ ਲਹੂ ਨਾ ਵਗੇ। ਮੈਂ ਥੋੜ੍ਹੀ ਜਿਹੀ ਟੈਲੀਫ਼ੋਨ ਦੀ ਤਾਰ ਸੜਕ ਦੇ ਕੰਢਿਉਂ ਚੁੱਕ ਲਈ, ਮੈਂ ਹਰ ਲੋੜੀਂਦੀ ਸ਼ੈ ਤਿਆਰ ਕਰ ਲਈ ਤੇ ਅਗਲੀ ਸੀਟ ਹੇਠ ਲੁਕਾ ਦਿੱਤੀ। ਜਰਮਨਾਂ ਤੋਂ ਵਿਦਿਆ ਹੋਣ ਤੋਂ ਦੋ ਦਿਨ ਪਹਿਲਾਂ ਇੱਕ ਸ਼ਾਮ ਮੈਂ ਪੈਟਰੋਲ ਪੰਪ ਤੋਂ ਮੁੜ ਰਿਹਾ ਸਾਂ ਤੇ ਮੈਂ ਇੱਕ under* ਨੂੰ ਧੁੱਤ ਲੜਖੜਾਉਂਦੇ, ਕੰਧ ਦਾ ਸਹਾਰਾ ਲੈਂਦਿਆਂ ਵੇਖਿਆ। ਮੈਂ ਗੱਡੀ ਰੋਕੀ, ਉਹਨੂੰ ਇੱਕ ਟੁੱਟੇ ਮਕਾਨ ਵਿੱਚ ਲੈ ਗਿਆ, ਉਹਦੀ ਵਰਦੀ ਉਹਦੇ ਤੋਂ ਛੰਡ ਲਈ ਤੇ ਉਹਦੀ ਟੋਪੀ ਉਹਦੇ ਸਿਰ ਤੋਂ ਲਾਹੀ। ਫਿਰ ਮੈਂ ਸਭ ਕੁੱਝ ਸੀਟ ਹੇਠ ਲੁਕਾ ਦਿੱਤਾ ਤੇ ਹੁਣ ਮੈਂ ਤਿਆਰ ਸਾਂ।

“29 ਜੂਨ ਦੀ ਸਵੇਰ ਨੂੰ ਮੇਰੇ ਮੇਜਰ ਨੇ ਮੈਨੂੰ ਕਿਹਾ ਮੈਂ ਉਹਨੂੰ ਸ਼ਹਿਰੋਂ ਬਾਹਰ ਤਰੋਸਤਨੀਤਸਾ ਵੱਲ ਲੈ ਚੱਲਾਂ। ਉਹ ਉੱਥੇ ਬਣਾਏ ਜਾ ਰਹੇ ਕੁੱਝ ਮੋਰਚਿਆਂ ਦਾ ਇੰਚਾਰਜ ਸੀ। ਅਸੀਂ ਚੱਲ ਪਏ। ਮੇਜਰ ਪਿਛੱਲੀ ਸੀਟ ਉੱਤੇ ਬੈਠਾ ਠੌਂਕਾ ਲਾ ਰਿਹਾ ਸੀ ਤੇ ਮੈਂ ਅਗਲੀ ਸੀਟ ਉੱਤੇ ਬੈਠਾ ਸਾਂ, ਮੇਰਾ ਦਿਲ ਉੱਛਲ ਕੇ ਮੇਰੇ ਮੂੰਹ ਵਿੱਚ ਆਈਂ ਜਾ ਰਿਹਾ ਸੀ। ਮੈਂ ਤੇਜ਼ ਤੇਜ਼ ਗੱਡੀ ਚਲਾਈ ਪਰ ਸ਼ਹਿਰੋਂ ਬਾਹਰ ਆ ਕੇ ਮੈਂ ਰਫ਼ਤਾਰ ਧੀਮੀ ਕਰ ਦਿੱਤੀ, ਫਿਰ ਮੈਂ ਰੁਕ ਗਿਆ ਤੇ ਬਾਹਰ ਨਿਕਲਿਆ ਤੇ ਆਲੇ ਦੁਆਲੇ ਵੇਖਿਆ ਬਹੁਤ ਦੂਰ ਪਿੱਛੇ ਦੋ ਲਾਰੀਆਂ ਹੌਲੀ-ਹੌਲੀ ਆ ਰਹੀਆਂ ਸਨ। ਮੈਂ ਆਪਣਾ ਲੋਹੇ ਦਾ ਵੱਟਾ ਕੱਢਿਆ ਤੇ ਦਰਵਾਜ਼ਾ ਪੂਰਾ ਖੋਲ੍ਹ ਦਿੱਤਾ। ਢਿੱਡਲ ਸੀਟ ਉੱਤੇ ਨਿਸਲਿਆ ਹੋਇਆ ਸੀ, ਇਉਂ ਘੁਰਾੜੇ ਮਾਰ ਰਿਹਾ ਸੀ ਜਿਵੇਂ ਉਹਦੀ ਘਰਵਾਲੀ ਉਹਦੇ ਨਾਲ ਲੇਟੀ ਹੋਵੇ। ਸੋ, ਮੈਂ ਆਪਣੇ ਵੱਟੇ ਨਾਲ ਉਹਦੀ ਖੱਬੀ ਪੁੜਪੁੜੀ

* ਨਾਨ-ਕਮੀਸ਼ਨਡ ਅਫ਼ਸਰ। **—ਅਨੁ:**

ਉੱਤੇ ਇੱਕ ਜੜੀ। ਉਹਦਾ ਸਿਰ ਉਹਦੀ ਛਾਤੀ ਉੱਤੇ ਡਿੱਗ ਪਿਆ। ਮੈਂ ਉਹਨੂੰ ਇੱਕ ਹੋਰ ਜੜੀ, ਬਸ ਪੱਕ ਕਰਨ ਲਈ, ਪਰ ਮੈਂ ਉਹਨੂੰ ਜਾਨੋਂ ਮਾਰਨਾ ਨਹੀਂ ਸਾਂ ਚਾਹੁੰਦਾ। ਮੈਂ ਉਹਨੂੰ ਉੱਧਰ ਜਿਊਂਦਾ ਲਿਜਾਣਾ ਚਾਹੁੰਦਾ ਸਾਂ। ਉਹਨੇ ਸਾਡੇ ਜਵਾਨਾਂ ਨੂੰ ਬਹੁਤ ਕੁੱਝ ਦੱਸਣ ਜੋਗਾ ਹੋਣਾ ਸੀ। ਸੋ ਮੈਂ ਉਹਦੇ ਪਿਸਤੌਲ ਦੇ ਖ਼ਾਨੇ ਵਿਚੋਂ ਉਹਦਾ ਪਿਸਤੌਲ ਕੱਢਿਆ ਤੇ ਆਪਣੀ ਜੇਬ ਵਿੱਚ ਪਾ ਲਿਆ। ਫਿਰ ਮੈਂ ਇੱਕ ਕਮਾਨੀ ਪਿੱਛਲੀ ਸੀਟ ਦੇ ਪਿੱਛੇ ਅੜਾਈ, ਟੈਲੀਫ਼ੋਨ ਦੀ ਤਾਰ ਮੇਜਰ ਦੀ ਗਰਦਨ ਦੁਆਲੇ ਵਲੀ ਤੇ ਕਮੀਨੀ ਨਾਲ ਬੰਨ੍ਹ ਦਿੱਤੀ। ਇਹ ਇਸ ਲਈ ਕਿ ਜਦੋਂ ਮੈਂ ਗੱਡੀ ਤੇਜ਼ ਚਲਾਵਾਂ ਤਾਂ ਉਹ ਇੱਕ ਪਾਸੇ ਢਿਲਕ ਨਾ ਜਾਵੇ। ਮੈਂ ਜਰਮਨ ਵਰਦੀ ਤੇ ਟੋਪੀ ਪਹਿਨ ਲਈ ਤੇ ਕਾਰ ਸਿੱਧੀ ਉਧਰ ਲੈ ਟੁਰਿਆ ਜਿੱਥੇ ਧਰਤੀ ਦਹਿਲ ਰਹੀ ਸੀ, ਜਿੱਥੇ ਲੜਾਈ ਹੋ ਰਹੀ ਸੀ।

"ਮੈਂ ਦੋ ਸੀਮਿੰਟੀ ਮੋਰਚਿਆਂ ਵਿਚਕਾਰੋਂ ਜਰਮਨਾਂ ਦੀ ਮੂਹਰਲੀ ਸਫ਼ ਪਾਰ ਕੀਤੀ। ਸਬ-ਮਸ਼ੀਨਗੰਨਾਂ ਚਲਾਉਣ ਵਾਲਿਆਂ ਦੀ ਇੱਕ ਟੋਲੀ ਭੁੜਕ ਕੇ ਇੱਕ ਭੋਂ ਹੇਠਲੇ ਮੋਰਚੇ ਵਿੱਚੋਂ ਨਿੱਕਲੀ ਤੇ ਮੈਂ ਜਾਣ ਕੇ ਧੀਮਾ ਹੋ ਗਿਆ ਤਾਂ ਜੋ ਉਹ ਵੇਖ ਲੈਣ ਕਿ ਮੇਰੇ ਨਾਲ ਇੱਕ ਮੇਜਰ ਸੀ। ਉਹਨਾਂ ਖੱਪ ਪਾਉਣੀ ਤੇ ਆਪਣੇ ਹੱਥ ਹਿਲਾਉਣੇ ਸ਼ੁਰੂ ਕਰ ਦਿੱਤੇ ਤਾਂ ਜੋ ਮੈਨੂੰ ਵਿਖਾ ਸਕਣ ਕਿ ਮੈਂ ਅੱਗੇ ਨਹੀਂ ਜਾਣਾ, ਪਰ ਮੈਂ ਨਾ ਸਮਝਣ ਦਾ ਪੱਜ ਬਣਾਇਆ ਤੇ ਅੱਸੀਆਂ ਦੀ ਰਫ਼ਤਾਰ ਤੇ ਗਰਜਦਾ ਗਿਆ। ਉਹਨਾਂ ਦੇ ਇਹ ਸਮਝਣ ਤੋਂ ਪਹਿਲੋਂ ਕਿ ਕੀ ਹੋ ਰਿਹਾ ਹੈ। ਮੈਂ ਮੋਰਚਿਆਂ ਦੇ ਵਿਚਕਾਰਲੀ ਥਾਂ ਅੱਪੜ ਗਿਆ ਸਾਂ ਤੇ ਗੋਲੇ ਫਟੱਣ ਕਾਰਨ ਪਏ ਟੋਇਆਂ ਦੁਆਲੇ ਕਿਸੇ ਖ਼ਰਗੋਸ਼ ਨਾਲੋਂ ਘੱਟ ਚੁਸਤੀ ਨਾਲ ਵਲੇਵੇਂ ਨਹੀਂ ਸਾਂ ਕੱਟ ਰਿਹਾ।

"ਜਰਮਨ ਪਿੱਛੋਂ ਗੋਲੀ ਚਲਾ ਰਹੇ ਸਨ, ਫਿਰ ਸਾਡੇ ਆਪਣੇ ਬਹੁਤ ਗੁੱਸੇ ਵਿੱਚ ਆ ਗਏ ਤੇ ਉਹਨਾਂ ਸਾਹਮਣਿਉਂ ਮੇਰੇ ਉੱਤੇ ਦੋ ਹੱਥ ਮਾਰੇ। ਉਹਨਾਂ ਸਾਹਮਣੇ ਦੇ ਸ਼ੀਸ਼ੇ ਵਿੱਚੋਂ ਚਾਰ ਗੋਲੀਆਂ ਲੰਘਾ ਦਿੱਤੀਆਂ ਤੇ ਰੇਡੀਏਟਰ ਨੂੰ ਛੇਕੋ ਛੇਕ ਕਰ ਦਿੱਤਾ। ਪਰ ਮੈਂ ਨੇੜੇ ਹੀ ਇੱਕ ਛੰਭ ਕੋਲ ਇੱਕ ਨਿੱਕਾ ਜੰਗਲ ਵੇਖਿਆ ਤੇ ਕੁੱਝ ਆਪਣੇ ਜਵਾਨ ਕਾਰ ਵੱਲ ਨੱਠਦੇ ਆਉਂਦੇ ਵੇਖੇ, ਸੋ ਮੈਂ ਕਾਰ ਜੰਗਲ ਵਿੱਚ ਲੈ ਗਿਆ ਤੇ ਬਾਹਰ ਨਿਕਲਿਆ। ਫਿਰ ਮੈਂ ਭੋਂ ਉੱਤੇ ਡਿੱਗ ਪਿਆ ਤੇ ਇਹਨੂੰ ਚੁੰਮਿਆ।

"ਇੱਕ ਜਵਾਨ, ਜਿਸ ਦੀ ਕੁੜਤੀ ਉੱਤੇ ਖ਼ਾਕੀ ਕੰਨ੍ਹ-ਪੱਟੀਆਂ ਸਨ, ਜਿਹੜੀਆਂ ਮੈਂ ਪਹਿਲਾਂ ਕਦੀ ਨਹੀਂ ਸਨ ਵੇਖੀਆਂ ਸਭ ਤੋਂ ਪਹਿਲਾਂ ਮੇਰੇ ਤੱਕ ਅੱਪੜਿਆ ਤੇ ਕਹਿਣ ਲੱਗਾ: 'ਅਹਾ, ਸਾਲੇ ਗੰਦੇ ਫ਼ਰਿਟਜ਼, ਰਾਹ ਭੁਲ ਗਿਐ, ਹੈਂ?' ਮੈਂ ਆਪਣੀ ਜਰਮਨ ਕੁੜਤੀ ਲਾਹੀ, ਜਰਮਨ ਟੋਪੀ ਆਪਣੇ ਪੈਰਾਂ ਵਿੱਚ ਸੁੱਟੀ ਤੇ ਉਹਨੂੰ ਕਿਹਾ: 'ਉਏ ਮੇਰੇ ਸੋਹਣੇ ਜਵਾਨ! ਮੇਰੇ ਰਾਜੇ ਬੇਟੇ! ਮੈਂ ਫ਼ਰਿਟਜ਼, ਜਦੋਂ ਮੈਂ ਵੋਰੋਨੇਜ੍ਹ ਵਿੱਚ ਜੰਮਿਆਂ ਪਲਿਆ! ਮੈਂ ਜੰਗੀ ਕੈਦੀ ਸਾਂ, ਸਮਝਿਐਂ? ਤੇ ਹੁਣ ਕਾਰ ਵਿੱਚ ਬੈਠੇ ਉਸ ਮੋਟੇ ਸੂਰ ਨੂੰ ਖੋਹਲੇ, ਉਹਦਾ ਥੈਲਾ ਸਾਂਭ ਲਓ ਤੇ ਮੈਨੂੰ ਆਪਣੇ ਕਮਾਂਡਰ ਕੋਲ ਲੈ ਚੱਲੋ।' ਮੈਂ ਆਪਣਾ ਪਿਸਤੌਲ ਉਹਦੇ ਹਵਾਲੇ ਕਰ ਦਿੱਤਾ ਤੇ ਹੱਥੋਂ ਹੱਥ ਲੰਘਦਾ ਅਖ਼ੀਰ ਸ਼ਾਮ ਨੂੰ ਡਵੀਯਨ ਦੀ ਕਮਾਨ ਕਰਨ ਵਾਲੇ ਕਰਨਲ ਸਾਹਮਣੇ ਪੇਸ਼ ਹੋਇਆ। ਉਦੋਂ ਤੱਕ ਮੈਨੂੰ ਖਾਣਾ ਖੁਆਇਆ ਤੇ ਹਮਾਮ ਲਿਜਾਇਆ ਗਿਆ ਸੀ ਤੇ ਪੁੱਛ ਪੜਤਾਲ

ਕੀਤੀ ਗਈ ਸੀ ਤੇ ਨਵੀਂ ਯੂਨੀਫ਼ਾਰਮ ਦਿੱਤੀ ਗਈ ਸੀ, ਸੋ ਮੈਂ ਬਿਲਕੁਲ ਠੀਕ ਠਾਕ ਹਾਲਤ ਵਿੱਚ ਕਰਨਲ ਦੇ ਭੋਰੇ ਵਿੱਚ ਗਿਆ, ਰੂਹ ਤੇ ਦੇਹ ਵਿੱਚ ਸਾਫ਼ ਤੇ ਠੀਕ ਤਰ੍ਹਾਂ ਕੱਪੜੇ ਪਹਿਨਕੇ। ਕਰਨਲ ਆਪਣੇ ਮੇਜ਼ ਤੋਂ ਉਠਿਆ ਤੇ ਮੇਰੇ ਕੋਲ ਆਇਆ ਤੇ ਉਥੇ ਖੜੇ ਸਾਰੇ ਅਫ਼ਸਰਾਂ ਦੇ ਸਾਹਮਣੇ ਮੈਨੂੰ ਚੁੰਮਿਆਂ ਤੇ ਕਿਹਾ: 'ਜਵਾਨ, ਤੂੰ ਜਿਹੜੀ ਇੰਨੀ ਸੋਹਣੀ ਸੁਗ਼ਾਤ ਲਿਆਐਂ ਉਹਦੇ ਲਈ ਧੰਨਵਾਦ। ਤੇਰੇ ਮੇਜਰ ਤੇ ਉਹਦੇ ਥੈਲੇ ਨੇ ਸਾਨੂੰ ਜੋ ਕੁੱਝ ਦੱਸਿਐ ਜੇ ਅਸੀਂ ਮੋਰਚੇ ਤੇ ਵੀਹ ਬੰਦੇ ਵੀ ਫੜ ਲੈਂਦੇ ਤਾਂ ਇੰਨਾ ਪਤਾ ਨਾ ਚੱਲਦਾ। ਮੈਂ ਤੇਰੀ ਤਮਗ਼ੇ ਲਈ ਸਿਫ਼ਾਰਸ਼ ਕਰਾਂਗਾ'। ਹਨੇ ਜਿਹੜੀ ਗੱਲ ਕਹੀ ਸੀ ਤੇ ਉਹਨੇ ਜਿਹੜਾ ਹੇਜ ਵਿਖਾਇਆ, ਉਹਨੇ ਮੇਰੇ ਤੇ ਇੰਨਾ ਅਸਰ ਕੀਤਾ ਕਿ ਮੈਂ ਆਪਣੇ ਬੁਲ੍ਹ ਫਰਕਣੋ ਨਾ ਰੋਕ ਸਕਿਆ ਤੇ ਬਸ ਮੈਂ ਇੰਨਾ ਹੀ ਕਹਿ ਸਕਿਆ: 'ਸਾਥੀ ਕਰਨੈਲ, ਮੇਰੀ ਅਰਜ਼ ਏ ਮੈਨੂੰ ਕਿਸੇ ਪੈਦਲ ਦਸਤੇ ਵਿੱਚ ਭਰਤੀ ਕਰ ਲਓ।'

"ਪਰ ਕਰਨੈਲ ਹੱਸਿਆ ਤੇ ਮੇਰੇ ਮੋਢੇ ਉੱਤੇ ਥਾਪੀ ਦਿੱਤੀ। 'ਤੂੰ ਕਿਹੋ ਜਿਹਾ ਫ਼ੌਜੀ ਬਣੇਂਗਾ, ਜਦੋਂ ਤੇਰੇ ਕੋਲੋ ਖੜਾ ਤਾਂ ਹੋਇਆ ਨਹੀਂ ਜਾਂਦਾ ? ਮੈਂ ਤੈਨੂੰ ਸਿੱਧਾ ਹਸਪਤਾਲ ਭੇਜ ਰਿਹਾਂ। ਉਥੇ ਉਹ ਤੇਰੀ ਮੁਰੰਮਤ ਕਰ ਦੇਣਗੇ ਤੇ ਤੇਰੇ ਅੰਦਰ ਕੁੱਝ ਖ਼ੁਰਾਕ ਪਾਉਣਗੇ, ਫਿਰ ਤੂੰ ਇੱਕ ਮਹੀਨੇ ਦੀ ਛੁੱਟੀ ਆਪਣੇ ਟੱਬਰ ਨੂੰ ਮਿਲਣ ਜਾਈਂ, ਤੇ ਜਦੋਂ ਤੂੰ ਮੁੜ ਕੇ ਆਵੇਂਗਾ, ਤਾਂ ਅਸੀਂ ਸੋਚਾਂਗੇ ਤੈਨੂੰ ਕਿਥੇ ਰੱਖੀਏ।'

"ਕਰਨਲ ਨੇ ਤੇ ਉਹਦੇ ਨਾਲ ਭੋਰੇ ਵਿੱਚ ਮੌਜੂਦ ਸਾਰੇ ਅਫ਼ਸਰਾਂ ਨੇ ਮੇਰੇ ਨਾਲ ਹੱਥ ਮਿਲਾਏ ਤੇ ਮੈਨੂੰ ਵਿਦਿਆ ਕੀਤਾ ਤੇ ਮੈਂ ਬਾਹਰ ਆਇਆ ਤਾਂ ਮੇਰਾ ਸਿਰ ਚਕਰਾ ਰਿਹਾ ਸੀ ਕਿਉਂਕਿ ਦੋ ਵਰ੍ਹਿਆਂ ਵਿੱਚ ਮੈਨੂੰ ਇਹ ਭੁੱਲ ਹੀ ਗਿਆ ਸੀ ਕਿ ਮਨੁੱਖ ਵਾਂਗ ਵਰਤਿਆ ਜਾਣਾ ਕੀ ਹੁੰਦੈ। ਤੇ, ਮਿੱਤਰਾ, ਪਤਾ ਈ, ਬੜਾ ਚਿਰ ਪਿੱਛੋਂ ਹੀ ਮੇਰੀ ਅਫ਼ਸਰਾਂ ਨਾਲ ਗੱਲ ਕਰਦੇ ਹੋਏ ਆਪਣਾ ਸਿਰ ਮੋਢਿਆਂ ਵਿੱਚ ਨਿਵਾ ਲੈਣ ਦੀ ਆਦਤ ਹੱਟੀ, ਕਿਉਂਕਿ ਮੈਨੂੰ ਅਜੇ ਵੀ ਕੁੱਟ ਪੈਣ ਦਾ ਡਰ ਰਹਿੰਦਾ। ਨਾਜ਼ੀ ਕੈਂਪਾਂ ਵਿੱਚ ਸਾਨੂੰ ਅਜਿਹੀ ਸਿਖਲਾਈ ਮਿਲੀ।

"ਜਿਉਂ ਹੀ ਮੈਂ ਹਸਪਤਾਲ ਅੱਪੜਿਆ, ਮੈਂ ਇਰੀਨਾ ਨੂੰ ਖ਼ਤ ਲਿਖਿਆ। ਮੈਂ ਉਹਨੂੰ ਦੱਸਿਆ ਕਿਵੇਂ ਮੈਂ ਜੰਗੀ ਕੈਦੀ ਬਣ ਗਿਆ ਸਾਂ ਤੇ ਕਿਵੇਂ ਮੈਂ ਇੱਕ ਜਰਮਨ ਮੇਜਰ ਨੂੰ ਫੜ ਕੇ ਨੱਠ ਆਇਆ ਸਾਂ। ਮੈਂ ਕਿਸੇ ਬੱਚੇ ਵਾਂਗ ਫੜ ਕਿਉਂ ਮਾਰੀ, ਮੈਂ ਤੈਨੂੰ ਦੱਸ ਨਹੀਂ ਸਕਦਾ। ਲੈ, ਮੈਂ ਤਾਂ ਇਹ ਵੀ ਕਹਿਣੋ ਨਾ ਰਹਿ ਸਕਿਆ ਕਿ ਕਰਨਲ ਨੇ ਤਮਗ਼ੇ ਲਈ ਮੇਰੀ ਸਿਫਾਰਸ਼ ਕਰਨ ਦਾ ਇਕਰਾਰ ਕੀਤੈ।...

"ਦੋ ਹਫ਼ਤੇ ਮੈਂ ਬਸ ਸੌਂਦਾ ਤੇ ਖਾਂਦਾ ਰਿਹਾ। ਉਹ ਮੈਨੂੰ ਥੋੜ੍ਹਾ-ਥੋੜ੍ਹਾ, ਪਰ ਅਕਸਰ ਖਾਣ ਲਈ ਦੇਂਦੇ ਡਾਕਟਰ ਨੇ ਕਿਹਾ ਕਿ ਜੇ ਉਹ ਮੈਨੂੰ ਓਂਨਾ ਖਾਣਾ ਦੇਂਦੇ ਜਿੰਨਾ ਮੈਂ ਖਾਣਾ ਚਾਹੁੰਦਾ ਸਾਂ ਤਾਂ ਮੇਰੀ ਮੌਤ ਹੀ ਹੋ ਜਾਂਦੀ। ਪਰ ਜਦੋਂ ਦੋ ਹਫ਼ਤੇ ਲੰਘ ਗਏ ਤਾਂ ਮੇਰਾ ਖਾਣੇ ਵੱਲ ਵੇਖਣ ਨੂੰ ਜੀਅ ਹੀ ਨਾ ਕਰੇ। ਘਰੋਂ ਕੋਈ ਜਵਾਬ ਨਹੀਂ ਸੀ ਆਇਆ ਤੇ, ਮੈਂ ਮੰਨਦਾਂ, ਮੈਂ ਉਦਾਸ ਰਹਿਣ ਲੱਗ ਪਿਆ। ਖਾਣ ਨੂੰ ਜੀਅ ਨਾ ਕਰੇ, ਨੀਂਦ ਮੇਰੇ ਨੇੜੇ ਨਾ ਆਵੇ ਤੇ ਹਰ ਤਰ੍ਹਾਂ ਦੇ ਭੈੜੇ ਖ਼ਿਆਲ ਮੇਰੇ ਮਨ ਵਿੱਚ ਚੱਕਰ ਕੱਟਦੇ ਰਹਿਣ। ਤੀਜੇ ਹਫ਼ਤੇ ਮੈਨੂੰ ਵੋਰੋਨੋਜ਼੍ਹ ਤੋਂ ਖ਼ਤ ਆਇਆ। ਪਰ ਇਹ ਇਰੀਨਾ ਦਾ ਨਹੀਂ ਸੀ, ਇਹ ਮੇਰੇ ਇੱਕ ਗੁਆਂਢੀ ਦਾ ਸੀ। ਇੱਕ ਖਾਤੀ ਵੱਲੋਂ ਸੀ। ਰੱਬ ਨਾ

ਕਰੇ ਕਿਸੇ ਨੂੰ ਅਜਿਹਾ ਖ਼ਤ ਮਿਲੇ। ਉਹਨੇ ਲਿਖਿਆ ਕਿ ਜਰਮਨਾਂ ਨੇ ਹਵਾਈ ਜਹਾਜ਼ਾਂ ਦੇ ਕਾਰਖ਼ਾਨੇ ਉੱਤੇ ਬੰਬਾਰੀ ਕੀਤੀ ਸੀ ਤੇ ਮੇਰੇ ਘਰ ਉੱਤੇ ਇੱਕ ਭਾਰਾ ਬੰਬ ਸਿੱਧਾ ਡਿੱਗਾ ਸੀ। ਜਿਸ ਸਮੇਂ ਬੰਬ ਡਿੱਗਾ ਇਰੀਨਾ ਤੇ ਕੁੜੀਆਂ ਘਰੇ ਸਨ।... ਜਿੱਥੇ ਮਕਾਨ ਸੀ, ਉੱਥੇ ਇੱਕ ਡੂੰਘੇ ਟੋਏ ਤੋਂ ਬਿਨਾਂ ਕੁੱਝ ਨਹੀਂ ਸੀ ਰਹਿ ਗਿਆ।...ਪਹਿਲਾਂ ਤਾਂ ਮੈਂ ਖ਼ਤ ਪੜ੍ਹ ਹੀ ਨਾ ਸਕਿਆ। ਮੇਰੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਤੇ ਮੇਰਾ ਦਿਲ ਸੁਕੜ ਕੇ ਨਿੱਕਾ ਜਿਹਾ ਗੋਲਾ ਬਣ ਗਿਆ ਤੇ ਮੈਂ ਸੋਚਿਆ ਕਿ ਹੁਣ ਇਹ ਕਦੀ ਖੁੱਲ੍ਹਣ ਹੀ ਨਹੀਂ ਲੱਗਾ। ਮੈਂ ਬਿਸਤਰੇ ਉੱਤੇ ਲੇਟ ਗਿਆ ਤੇ ਜਦੋਂ ਕੁੱਝ ਜਾਨ ਪਈ ਤਾਂ ਖ਼ਤ ਅਖ਼ੀਰ ਤੱਕ ਪੜ੍ਹਿਆ। ਮੇਰੇ ਗੁਆਂਢੀ ਨੇ ਲਿਖਿਆ ਸੀ ਕਿ ਬੰਬ ਪੈਣ ਸਮੇਂ ਅਨਾਤੋਲੀ ਸ਼ਹਿਰ ਗਿਆ ਹੋਇਆ ਸੀ। ਉਹ ਸ਼ਾਮੀਂ ਮੁੜਿਆ, ਉਹਨੇ ਉਸ ਟੋਏ ਤੇ ਇੱਕ ਨਿਗਾਹ ਮਾਰੀ ਜਿਹੜਾ ਉਸ ਥਾਂ ਸੀ ਜਿੱਥੇ ਪਹਿਲਾਂ ਮਕਾਨ ਹੁੰਦਾ ਸੀ ਤੇ ਉਸੇ ਰਾਤ ਸ਼ਹਿਰ ਮੁੜ ਗਿਆ। ਜਾਣ ਤੋਂ ਪਹਿਲਾਂ ਮੇਰੇ ਗੁਆਂਢੀ ਨੂੰ ਉਹਨੇ ਇੰਨਾ ਹੀ ਕਿਹਾ ਕਿ ਉਹ ਮੋਰਚੇ ਲਈ ਭਰਤੀ ਹੋਣ ਸ਼ਹਿਰ ਚੱਲਿਐ।

"ਜਦੋਂ ਮੇਰੇ ਦਿਲ ਤੋਂ ਭਾਰ ਕੁੱਝ ਹੌਲਾ ਹੋਇਆ ਤੇ ਖ਼ੂਨ ਨੱਠਦਾ ਹੋਇਆ ਮੇਰੇ ਕੰਨਾਂ ਤੱਕ ਆਇਆ ਤਾਂ ਮੈਨੂੰ ਚੇਤੇ ਆਇਆ ਕਿ ਜਦੋਂ ਅਸੀਂ ਸਟੇਸ਼ਨ ਉੱਤੇ ਵੱਖ ਹੋਏ ਸਾਂ ਤਾਂ ਇਰੀਨਾ ਕਿਵੇਂ ਮੈਨੂੰ ਚੰਬੜੀ ਰਹੀ ਸੀ। ਉਹਦੇ ਤੀਵੀਂ ਦੇ ਦਿਲ ਨੂੰ ਸਾਰਾ ਸਮਾਂ ਪਤਾ ਹੋਣੈ ਕਿ ਅਸਾਂ ਇਸ ਦੁਨੀਆਂ ਵਿੱਚ ਮੁੜ ਨਹੀਂ ਮਿਲਣਾ। ਤੇ ਮੈਂ ਉਹਨੂੰ ਧੱਕਾ ਦੇ ਦਿੱਤਾ ਸੀ।...ਇੱਕ ਸਮਾਂ ਸੀ ਜਦੋਂ ਮੇਰਾ ਟੱਬਰ ਸੀ, ਮੇਰਾ ਆਪਣਾ ਘਰ ਸੀ, ਇਹਨੂੰ ਉਸਾਰਨ ਵਿੱਚ ਕਦੀ ਵਰ੍ਹੇ ਲੱਗੇ ਸਨ ਤੇ ਇਹ ਅੱਖ ਦੇ ਫੋਰ ਵਿੱਚ ਤਬਾਹ ਹੋ ਗਿਆ ਸੀ ਤੇ ਮੈਂ ਹੁਣ ਇੱਕਲਾ ਰਹਿ ਗਿਆ ਸਾਂ। ਮੈਂ ਸੋਚਿਆ ਇਹ ਜ਼ਰੂਰ ਹੀ ਸੁਪਨਾ ਹੋਣੈ, ਇਹ ਮੇਰੀ ਮਰੁੰਡੀ ਜ਼ਿੰਦਗੀ। ਕਿਉਂ, ਜਦੋਂ ਮੈਂ ਕੈਦੀ ਸਾਂ, ਲੱਗਭਗ ਹਰ ਰਾਤ, ਭਾਵੇਂ ਆਪਣੇ ਮਨ ਵਿੱਚ ਹੀ ਸਹੀ, ਮੈਂ ਇਰੀਨਾ ਤੇ ਬੱਚਿਆਂ ਨਾਲ ਗੱਲਾਂ ਕਰਦਾ, ਉਹਨਾਂ ਦਾ ਹੌਸਲਾ ਵਧਾਉਣ ਦਾ ਯਤਨ ਕਰਦਾ, ਉਹਨਾਂ ਨਾਲ ਇਹ ਇਕਰਾਰ ਕਰਕੇ ਕਿ ਮੈਂ ਘਰ ਮੁੜ ਆਵਾਂਗਾ, ਤੇ ਉਹ ਰੋਣ ਨਹੀਂ। ਮੈਂ ਕਰੜਾ ਆਂ, ਮੈਂ ਕਿਹਾ, ਮੈਂ ਇਹ ਸਹਾਰ ਸਕਦਾਂ, ਅਸੀਂ ਇੱਕ ਦਿਨ ਫਿਰ ਇੱਕਠੇ ਹੋਵਾਂਗੇ। ਦੋ ਸਾਲ ਮੈਂ ਮੁਰਦਿਆਂ ਨਾਲ ਗੱਲਾਂ ਕਰਦਾ ਰਿਹਾ ਸਾਂ!"

ਉਹ ਵੱਡਾ ਸਾਰਾ ਬੰਦਾ ਚੁੱਪ ਕਰ ਗਿਆ। ਜਦੋਂ ਉਹ ਫਿਰ ਬੋਲਿਆ ਤਾਂ ਉਹਦੀ ਆਵਾਜ਼ ਕੰਬ ਰਹੀ ਸੀ।

"ਚੱਲ, ਮਿੱਤਰਾ, ਦੋ ਸੂਟੇ ਨਾ ਲਈਏ, ਮੈਨੂੰ ਇੰਞ ਜਾਪਦੈ ਜਿਵੇਂ ਮੇਰਾ ਗਲਾ ਘੁੱਟਿਆ ਜਾ ਰਿਹਾ ਹੋਵੇ।"

ਅਸਾਂ ਸਿਗਰਟਾਂ ਲਾ ਲਈਆਂ। ਹੜ੍ਹੇ ਜੰਗਲ ਵਿੱਚ ਚੱਕੀਰਾਹੇ ਦੀ ਆਵਾਜ਼ ਬੜੀ ਉੱਚੀ ਆ ਰਹੀ ਸੀ। ਨਿੱਘੀ ਸ਼ਮੀਰ ਅਜੇ ਵੀ ਆਲਡਰ ਦੇ ਸੁੱਕੇ ਫੁੱਲਾਂ ਦੇ ਗੁੱਛਿਆਂ ਨੂੰ ਹਿਲਾ ਰਹੀ ਸੀ, ਬਦੱਲ ਅਜੇ ਵੀ ਉਚੇ ਨੀਲੇ ਆਕਾਸ਼ ਵਿੱਚ ਤੈਰ ਰਹੇ ਸਨ, ਜਿਵੇਂ ਤਣੇ ਪਾਲਾਂ ਹੇਠ ਹੋਣ, ਪਰ ਉਹਨਾਂ ਮਿੰਟਾਂ ਵਿੱਚ ਬਸੰਤ ਦੀ ਮਹਾਨ ਪੂਰਨਤਾ ਲਈ ਤਿਆਰੀ ਕਰਦੀ, ਜਿਊਂਦੀ ਜ਼ਿੰਦਗੀ ਦੇ ਸਦੀਵੀ ਦ੍ਰਿੜ੍ਹਾਉਣ ਲਈ ਤਿਆਰੀ ਕਰਦੀ ਇਹ ਅਸੀਮ ਦੁਨੀਆਂ, ਮੈਨੂੰ ਉੱਕਾ

ਹੀ ਵਖਰੀ ਜਾਪਦੀ।

ਚੁੱਪ ਰਹਿਣਾ ਬਹੁਤ ਸੰਤਾਪਣ ਵਾਲੀ ਗੱਲ ਸੀ ਤੇ ਮੈਂ ਪੁਛਿਆ:

"ਫਿਰ ਕੀ ਹੋਇਆ?"

"ਫਿਰ ਕੀ ਹੋਇਆ?" ਬ੍ਰਿਤਾਂਤ ਦੱਸਣ ਵਾਲੇ ਨੇ ਅਰੁਚੀ ਨਾਲ ਹੁੰਗਾਰਾ ਭਰਿਆ। "ਫਿਰ ਮੈਂ ਕਰਨਲ ਤੋਂ ਇੱਕ ਮਹੀਨੇ ਦੀ ਛੁੱਟੀ ਲਈ ਤੇ ਇੱਕ ਹਫ਼ਤਾ ਪਿੱਛੋਂ ਮੈਂ ਵੋਰੋਨੋਜ਼ ਅੱਪੜ ਗਿਆ। ਮੈਂ ਪੈਦਲ ਉਸ ਥਾਂ ਗਿਆ ਜਿੱਥੇ ਮੈਂ ਆਪਣੇ ਟੱਬਰ ਨਾਲ ਰਹਿੰਦਾ ਸਾਂ। ਉੱਥੇ ਗੰਧਲੇ ਪਾਣੀ ਦਾ ਭਰਿਆ ਇੱਕ ਡੂੰਘਾ ਟੋਆ ਸੀ। ਸਾਰੇ ਪਾਸੇ ਉੱਗਿਆ ਝਾੜ ਬੂਟ ਲਕ-ਲਕ ਉੱਚਾ ਸੀ। ਉਹ ਥਾਂ ਕਬਰਿਸਤਾਨ ਵਾਂਗ ਸੱਖਣੀ ਤੇ ਚੁੱਪ ਸੀ। ਮਿੱਤਰਾ, ਉਦੋਂ ਮੇਰਾ ਹਾਲ ਬਹੁਤ ਬੁਰਾ ਹੋਇਆ, ਤੈਨੂੰ ਸੱਚ ਦਸਾਂ! ਮੈਂ ਗ਼ਮ ਦਾ ਮਾਰਿਆ ਉੱਥੇ ਖੜਾ ਸਾਂ, ਫਿਰ ਮੈਂ ਸਟੇਸ਼ਨ ਵੱਲ ਮੁੜ ਗਿਆ। ਮੈਂ ਕੁੱਲ ਮਿਲਾਕੇ ਉੱਥੇ ਇੱਕ ਘੰਟੇ ਤੋਂ ਵੱਧ ਨਾ ਰਿਹਾ। ਮੈਂ ਉਸੇ ਦਿਨ ਡਵੀਯਨ ਵਿੱਚ ਮੁੜ ਗਿਆ।

"ਪਰ ਤਿੰਨ ਕੁ ਮਹੀਨੇ ਪਿੱਛੋਂ ਮੈਨੂੰ ਖੁਸ਼ੀ ਦਾ ਇੱਕ ਝਲਕਾਰਾ ਮਿਲਿਆ, ਬੱਦਲਾਂ ਵਿੱਚੋਂ ਆਈ ਸੂਰਜ ਦੀ ਕਿਰਨ ਵਾਂਗ। ਮੈਨੂੰ ਅਨਾਤਲੀ ਦੀ ਖ਼ਬਰ ਮਿਲ ਗਈ। ਉਹਨੇ ਮੈਨੂੰ ਇੱਕ ਹੋਰ ਮੋਰਚੇ ਤੋਂ ਖ਼ਤ ਲਿਖਿਆ। ਉਹਨੇ ਮੇਰੇ ਉਸ ਗੁਆਂਢੀ ਤੋਂ ਮੇਰਾ ਪਤਾ ਲੈ ਲਿਆ ਸੀ। ਪਤਾ ਲੱਗਾ ਕਿ ਮੁੱਢ ਵਿੱਚ ਉਹ ਤੋਪਖ਼ਾਨੇ ਦੇ ਇੱਕ ਸਕੂਲ ਗਿਆ ਸੀ ਹਿਸਾਬ ਦੀ ਉਹਦੀ ਲਿਆਕਤ ਉਹਦੇ ਕੰਮ ਆਈ ਸੀ। ਸਾਲ ਪਿਛੋਂ ਉਹਨੇ ਬੜੇ ਚੰਗੇ ਨੰਬਰ ਲੈ ਕੇ ਇਮਤਿਹਾਨ ਪਾਸ ਕੀਤਾ ਤੇ ਮੋਰਚੇ ਤੇ ਚਲਾ ਗਿਆ ਤੇ ਹੁਣ ਉਹਨੇ ਲਿਖਿਆ ਸੀ ਕਿ ਉਹਨੂੰ ਤਰੱਕੀ ਦੇ ਕੇ ਕਪਤਾਨ ਬਣਾ ਦਿੱਤਾ ਗਿਐ, ਉਹ "ਪੰਜਤਾਲੀਆਂ"* ਦੀ ਇੱਕ ਬਾਹਤਰੀ ਦਾ ਕਮਾਂਡਰ ਸੀ, ਤੇ ਉਹਨੂੰ ਛੇ ਤਮਗੇ ਮਿਲ ਚੁੱਕੇ ਸਨ। ਮੁੱਕਦੀ ਗੱਲ ਉਹ ਆਪਣੇ ਬੁੱਢੇ ਪਿਉ ਨੂੰ ਬਹੁਤ ਪਿੱਛੇ ਛੱਡ ਗਿਆ ਸੀ। ਤੇ ਮੈਂ ਸੱਚਮੁੱਚ ਉਹਦੇ ਤੇ ਮਾਣ ਕਰਦਾ ਸਾਂ। ਭਾਵੇਂ ਕੁੱਝ ਕਹੋ, ਪਰ ਮੇਰਾ ਆਪਣਾ ਪੁੱਤਰ ਕਪਤਾਨ ਸੀ ਤੇ ਇੱਕ ਬਾਹਤਰੀ ਦੀ ਕਮਾਨ ਕਰ ਰਿਹਾ ਸੀ। ਇਹ ਗੱਲ ਕੁੱਝ ਹੈ ਸੀ! ਤੇ ਉਹ ਸਾਰੇ ਤਮਗ਼ੇ ਵੀ। ਇਹਦੇ ਨਾਲ ਕੋਈ ਫ਼ਰਕ ਨਹੀਂ ਸੀ ਪੈਂਦਾ ਕਿ ਉਹਦਾ ਪਿਉ ਸਟੁਡੀਬੇਕਰ ਵਿੱਚ ਗੋਲੇ ਤੇ ਹੋਰ ਸਾਮਾਨ ਇੱਧਰ ਉੱਧਰ ਲਿਜਾ ਰਿਹਾ ਸੀ। ਉਹਦੇ ਅੱਬਾ ਦਾ ਸਮਾਂ ਵਿਹਾ ਚੁੱਕਾ ਸੀ, ਪਰ ਉਹਦੇ ਲਈ, ਇੱਕ ਕਪਤਾਨ ਲਈ, ਸਭ ਕੁੱਝ ਅਜੇ ਭਵਿੱਖ ਵਿੱਚ ਸੀ।

"ਰਾਤਾਂ ਨੂੰ ਹੁਣ ਮੈਂ ਬੁੱਢਿਆਂ ਵਾਲੇ ਸੁਪਨੇ ਗੁੰਦਣੇ ਸ਼ੁਰੂ ਕਰ ਦਿੱਤੇ। ਜੰਗ ਮੁੱਕਣ ਤੇ ਮੈਂ ਆਪਣੇ ਪੁੱਤਰ ਨੂੰ ਵਿਆਹ ਦਿਆਂਗਾ ਤੇ ਉਹਨਾਂ ਨਾਲ ਰਹਾਂਗਾ। ਮੈਂ ਕੁੱਝ ਤਰਖਾਣਾ ਕੰਮ ਕਰਾਂਗਾ ਤੇ ਬੱਚਿਆਂ ਦਾ ਧਿਆਨ ਰਖਾਂਗਾ। ਮੈਂ ਉਹ ਸਾਰੇ ਕੰਮ ਕਰਾਂਗਾ ਜਿਹੜੇ ਬੁੱਢੇ ਕਰਦੇ ਨੇ। ਪਰ ਇਹ ਸਭ ਕੁੱਝ ਵੀ ਫਟ ਹੋ ਗਿਆ। ਸਿਆਲੇ ਅਸੀਂ ਬਿਨਾਂ ਰੁੱਕੇ ਵੱਧਦੇ ਗਏ ਤੇ ਇੱਕ ਦੂਜੇ ਨੂੰ ਬਹੁਤ ਵਾਰ ਖ਼ਤ ਲਿਖਣ ਦਾ ਸਮਾਂ ਵੀ ਨਾ ਮਿਲਿਆ, ਪਰ ਜੰਗ ਮੁੱਕਣ ਦੇ ਨੇੜੇ, ਐਨ ਬਰਲਿਨ ਦੇ ਕੋਲ ਅੱਪੜ ਕੇ ਮੈਂ ਇੱਕ ਸਵੇਰ ਅਨਾਤੋਲੀ ਨੂੰ ਖ਼ਤ ਲਿਖਿਆ ਤੇ ਐਨ ਅਗਲੇ

* ਪੰਜਤਾਲੀ ਮਿਲੀਮੀਟਰ ਮੂੰਹ ਵਾਲ਼ੀਆਂ ਤੋਪਾਂ। **—ਅਨੁ:**

ਦਿਨ ਮੈਨੂੰ ਜਵਾਬ ਮਿਲ ਗਿਆ। ਪਤਾ ਲੱਗਾ ਕਿ ਉਹ ਤੇ ਮੈਂ ਵੱਖ ਵੱਖ ਰਾਹਾਂ ਤੋਂ ਜਰਮਨੀ ਦੀ ਰਾਜਧਾਨੀ ਅਪੜੇ ਸਾਂ ਤੇ ਹੁਣ ਇੱਕ ਦੂਜੇ ਦੇ ਬਹੁਤ ਨੇੜੇ ਸਾਂ। ਮੈਂ ਉਸ ਛਿਣ ਦੀ ਉਡੀਕ ਵਿੱਚ ਉਤਾਵਲਾ ਹੋ ਗਿਆ ਜਦੋਂ ਅਸੀਂ ਆਪੋ ਵਿੱਚ ਮਿਲਦੇ। ਸੋ, ਸਮਾਂ ਆ ਗਿਆ।... ਐਨ ਨੌਂ ਮਈ ਨੂੰ, ਜਿੱਤ ਦਿਵਸ ਦੀ ਸਵੇਰੇ, ਇੱਕ ਛਹਿੜ ਕੇ ਗੋਲੀ ਚਲਾਉਣ ਵਾਲੇ ਜਰਮਨ ਨੇ ਮੇਰੇ ਅਨਾਤੋਲੀ ਨੂੰ ਕਤਲ ਕਰ ਦਿੱਤਾ।

"ਤਿਪਹਿਰੇ ਕੰਪਨੀ ਕਮਾਂਡਰ ਨੇ ਮੈਨੂੰ ਬੁਲਾਇਆ। ਮੈਂ ਵੇਖਿਆ ਉਹਦੇ ਨਾਲ ਤੋਪਖ਼ਾਨੇ ਦਾ ਇੱਕ ਓਪਰਾ ਅਫ਼ਸਰ ਬੈਠਾ ਸੀ। ਮੈਂ ਕਮਰੇ ਵਿੱਚ ਗਿਆ ਤੇ ਉਹ ਇਉਂ ਖੜਾ ਹੋਇਆ ਜਿਵੇਂ ਕਿਸੇ ਆਪਣੇ ਤੋਂ ਵੱਡੇ ਅਫ਼ਸਰ ਨੂੰ ਮਿਲ ਰਿਹਾ ਹੋਵੇ। ਮੇਰੇ ਕਮਾਨ ਅਫ਼ਸਰ ਨੇ ਕਿਹਾ: 'ਸੋਕੋਲੋਵ, ਕਰਨਲ ਤੈਨੂੰ ਮਿਲਣ ਆਇਐ,' ਤੇ ਮੂੰਹ ਬਾਰੀ ਵੱਲ ਮੋੜ ਲਿਆ। ਬਿਜਲੀ ਦੇ ਝੱਟਕੇ ਦੀ ਤੇਜ਼ੀ ਨਾਲ ਕੁੱਝ ਮੇਰੇ ਵਿਚੋਂ ਲੰਘ ਗਿਆ। ਮੈਨੂੰ ਪਤਾ ਸੀ ਮੁਸੀਬਤ ਆਉਣ ਵਾਲੀ ਏ। ਛੋਟਾ ਕਰਨਲ ਮੇਰੇ ਕੋਲ ਆਇਆ ਤੇ ਕਹਿਣ ਲੱਗਾ: 'ਅੱਬਾ ਹੌਸਲਾ ਕਰੀਂ। ਤੇਰੇ ਪੁੱਤਰ, ਕਪਤਾਨ ਸੋਕੋਲੋਵ ਅੱਜ ਆਪਣੀ ਬਾਹਤਰੀ ਤੇ ਮਾਰਿਆ ਗਿਆ। ਚੱਲ ਮੇਰੇ ਨਾਲ।'

ਮੈਂ ਝੂਲ ਗਿਆ ਪਰ ਆਪਣੇ ਪੈਰਾਂ ਉੱਤੇ ਖੜਾ ਰਿਹਾ। ਜਿਵੇਂ ਛੋਟਾ ਕਰਨਲ ਤੇ ਮੈਂ ਮਲਬਾ ਖਿੱਲਰੀਆਂ ਉਹਨਾਂ ਸੜਕਾਂ ਤੋਂ ਵੱਡੀ ਕਾਰ ਵਿੱਚ ਗਏ ਉਹ ਹੁਣ ਵੀ ਗ਼ੈਰ-ਅਸਲੀ ਜਾਪਦੈ। ਮੇਰੇ ਮਨ ਵਿੱਚ ਪਾਲ ਬਣਾ ਕੇ ਖੜੇ ਫ਼ੌਜੀਆਂ ਤੋਂ ਕੋਲ ਮਖ਼ਮਲ ਨਾਲ ਕੱਜੇ ਤਾਬੂਤ ਦੀ ਧੁੰਦਲੀ ਜਿਹੀ ਯਾਦ ਏ। ਪਰ ਆਪਣੇ ਅਨਾਤੋਲੀ ਨੂੰ ਮੈਂ ਇਉਂ ਸਾਫ਼ ਤਰ੍ਹਾਂ ਵੇਖਿਆ, ਮਿੱਤਰਾ, ਜਿਵੇਂ ਮੈਂ ਤੈਨੂੰ ਵੇਖ ਸਕਦਾਂ। ਮੈਂ ਤਾਬੂਤ ਤੱਕ ਗਿਆ ਹਾਂ, ਉੱਥੇ ਮੇਰਾ ਪੁੱਤਰ ਹੀ ਲੇਟਿਆ ਹੋਇਆ ਸੀ, ਤੇ ਨਹੀਂ ਵੀ ਸੀ। ਮੇਰਾ ਪੁੱਤਰ ਤਾਂ ਮੁੰਡਾ ਸੀ, ਸਦਾ ਹੰਸੂ-ਹੰਸੂ ਕਰਦਾ, ਤੰਗ ਮੋਢਿਆਂ ਵਾਲਾ ਜਿਸਦੀ ਤਿੱਖੀ ਘੰਡੀ ਉਹਦੀ ਪਤਲੀ ਗਰਦਨ ਵਿੱਚੋਂ ਬਾਹਰ ਨਿਕਲੀ ਹੁੰਦੀ, ਪਰ ਇੱਥੇ ਤਾਂ ਜਵਾਨ, ਚੌੜਿਆਂ ਮੋਢਿਆਂ ਵਾਲਾ, ਭਰ ਜਵਾਨ ਬੰਦਾ ਸੀ ਤੇ ਸੋਹਣਾ ਵੀ। ਉਹਦੀਆਂ ਅੱਖਾਂ ਅੱਧੀਆਂ ਬੰਦ ਸਨ ਜਿਵੇਂ ਉਹ ਮੈਥੋਂ ਪਰ੍ਹਾਂ ਦੂਰ ਵੇਖ ਰਿਹਾ ਹੋਵੇ। ਬਸ ਉਹਦੇ ਬੁੱਲ੍ਹਾਂ ਦੀਆਂ ਨੁੱਕਰਾਂ ਉੱਤੇ ਉਸ ਮੁਸਕਾਨ ਦਾ ਇੱਕ ਟੋਟਾ ਸੀ ਜਿਹੜੀ ਮੇਰਾ ਪੁੱਤਰ ਮੁਸਕਰਾਇਆ ਕਰਦਾ ਸੀ। ਜਿਹੜੇ ਅਨਾਤੋਲੀ ਨੂੰ ਮੈਂ ਕਦੀ ਜਾਣਦਾ ਸਾਂ, ਮੈਂ ਉਹਨੂੰ ਚੁੰਮਿਆਂ ਤੇ ਇੱਕ ਪਾਸੇ ਹੋ ਗਿਆ। ਛੋਟੇ ਕਰਨਲ ਨੇ ਤਕਰੀਰ ਕੀਤੀ। ਮੇਰੇ ਅਨਾਤੋਲੀ ਦੇ ਯਾਰ ਆਪਣੇ ਹੰਝੂ ਪੂੰਝ ਰਹੇ ਸਨ, ਪਰ ਮੈਂ ਰੋ ਨਾ ਸਕਿਆ। ਜਾਪਦੈ ਹੰਝੂ ਮੇਰੇ ਦਿਲ ਵਿੱਚ ਸੁੱਕ ਗਏ ਸਨ। ਸ਼ੈਦ ਇਸੇ ਲਈ ਉਹ ਇੰਵ ਦਰਦ ਕਰਦਾ ਹੈ।

"ਮੈਂ ਆਪਣੀ ਅਖ਼ੀਰੀ ਖ਼ੁਸ਼ੀ ਤੇ ਆਸ ਨੂੰ ਬਦੇਸੀ ਜਰਮਨ ਧਰਤੀ ਵਿੱਚ ਦੱਬਿਆ। ਬਾਹਤਰੀ ਨੇ ਆਪਣੇ ਕਮਾਂਡਰ ਨੂੰ ਵਿਦਿਆ ਕਰਨ ਲਈ ਇੱਕ ਬਾੜ੍ਹ ਚਲਾਈ ਤੇ ਮੇਰੇ ਅੰਦਰ ਕੁੱਝ ਟੁੱਟ ਗਿਆ ਜਾਪਿਆ। ਜਦੋਂ ਮੈਂ ਆਪਣੇ ਦਸਤੇ ਵਿੱਚ ਮੁੜਿਆ ਤਾਂ ਮੈਂ ਹੋਰ ਹੀ ਬੰਦਾ ਸਾਂ। ਉਸ ਤੋਂ ਛੇਤੀ ਹੀ ਪਿੱਛੋਂ ਮੈਨੂੰ ਛੁੱਟੀ ਮਿਲ ਗਈ। ਹੁਣ ਮੈਂ ਕਿੱਥੇ ਜਾਵਾਂ ? ਵੋਰੋਨੇਜ਼ ? ਉੱਕਾ ਹੀ ਨਹੀਂ ! ਮੈਨੂੰ ਯਾਦ ਆਇਆ ਕਿ ਮੇਰਾ ਇੱਕ ਯਾਰ ਸੀ, ਜਿਸਨੂੰ ਫੱਟੜ ਹੋਣ ਕਰਕੇ ਪਿੱਛਲੇ ਸਿਆਲ ਫ਼ੌਜ ਵਿੱਚੋਂ ਛੁੱਟੀ ਦੇ ਦਿੱਤੀ ਗਈ ਸੀ ਤੇ ਉਹ ਉਰੀਊਪਿੰਸਕ ਵਿਖੇ ਰਹਿ ਰਿਹਾ ਸੀ

ਉਹਨੇ ਮੈਨੂੰ ਕਿਹਾ ਸੀ ਕਿ ਮੈਂ ਜਾ ਕੇ ਉਹਦੇ ਕੋਲ ਰਹਾਂ। ਸੋ ਮੈਂ ਚਲਾ ਗਿਆ।

"ਮੇਰੇ ਯਾਰ ਦੇ ਉਹਦੀ ਘਰਵਾਲੀ ਦਾ ਕੋਈ ਬੱਚਾ ਨਹੀਂ ਸੀ। ਉਹ ਸ਼ਹਿਰ ਦੇ ਬਾਹਰਲੇ ਹਿੱਸੇ ਵਿੱਚ ਆਪਣੇ ਇੱਕ ਮਕਾਨ ਵਿੱਚ ਰਹਿੰਦੇ ਸਨ। ਉਹਨੂੰ ਨਿਰਯੋਗਤਾ ਦੀ ਪੈਨਸ਼ਨ ਮਿਲਦੀ ਸੀ ਪਰ ਉਹ ਲਾਰੀਆਂ ਦੇ ਇੱਕ ਡੀਪੂ ਵਿੱਚ ਡਰਾਈਵਰ ਦਾ ਕੰਮ ਕਰਦਾ ਸੀ ਤੇ ਮੈਂ ਵੀ ਉੱਥੇ ਹੀ ਨੌਕਰੀ ਕਰ ਲਈ। ਮੈਂ ਆਪਣੇ ਯਾਰ ਨਾਲ ਰਹਿਣ ਲੱਗ ਪਿਆ ਤੇ ਉਹਨਾਂ ਮੈਨੂੰ ਘਰ ਦਿੱਤਾ। ਅਸੀਂ ਹਰ ਤਰ੍ਹਾਂ ਦਾ ਭਾਰ ਆਲੇ ਦੁਆਲੇ ਦੇ ਇਲਾਕੇ ਵਿੱਚ ਲਿਜਾਇਆ ਕਰਦੇ ਸਾਂ ਤੇ ਪੱਤਝੜ ਦੀ ਰੁੱਤੇ ਅਸੀਂ ਅਨਾਜ ਪੁਚਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਉਦੋਂ ਹੀ ਮੈਂ ਆਪਣੇ ਨਵੇਂ ਪੁੱਤਰ ਦਾ ਜਾਣੂ ਹੋਇਆ, ਔਹ ਜਿਹੜਾ ਉੱਥੇ ਬਰੇਤੀ ਵਿੱਚ ਖੇਡ ਰਿਹੈ।

"ਲੰਬੇ ਪੰਧ ਪਿੱਛੋਂ ਬੰਦਾ ਜਿਹੜਾ ਪਹਿਲਾ ਕੰਮ ਕਰਦਾ ਉਹ ਹੁੰਦਾ ਕੁੱਝ ਖਾਣ ਲਈ ਕੈਫ਼ੇ ਵਿੱਚ ਜਾਣਾ ਤੇ ਜ਼ਰੂਰ ਹੀ, ਬੰਦਾ ਥਕਾਵਟ ਦੂਰ ਕਰਨ ਲਈ ਵੋਦਕਾ ਦਾ ਇੱਕ ਅੱਧ ਗਿਲਾਸ ਮਾਰ ਲੈਂਦਾ। ਇਹ ਮਾੜੀ ਆਦਤ ਏ, ਪਰ ਮੈਂ ਮੰਨਦਾਂ ਉਦੋਂ ਤੱਕ ਮੈਨੂੰ ਇਹ ਚੋਖੀ ਚੰਗੀ ਲੱਗਣ ਲੱਗ ਪਈ ਸੀ। ਸੋ ਇੱਕ ਦਿਨ ਮੈਂ ਇਸ ਮੁੰਡੇ ਨੂੰ ਕੈਫ਼ੇ ਦੇ ਨੇੜੇ ਵੇਖਿਆ ਤੇ ਅਗਲੇ ਦਿਨ ਫਿਰ ਵੇਖਿਆ। ਕਿਆ ਲੀਰਾਂ ਲਪੇਟਿਆ ਸੀ ਉਹ! ਉਹਦੇ ਸਾਰੇ ਮੂੰਹ ਉੱਤੇ ਹਦਵਾਣੇ ਦਾ ਰਸ ਤੇ ਮਿੱਟੀ ਲਿਬੜੀ ਹੋਈ ਸੀ, ਬੇਅੰਤ ਗੰਦਾ, ਵਾਲ ਝਾਟਾ ਬਣੇ ਹੋਏ, ਪਰ ਉਹਦੀਆਂ ਅੱਖਾਂ ਇਉਂ ਸਨ ਜਿਉਂ ਮੀਂਹ ਵਰ੍ਹ ਕੇ ਹੱਟਣ ਪਿੱਛੋਂ ਰਾਤ ਦੇ ਅਸਮਾਨ ਵਿੱਚ ਤਾਰੇ! ਤੇ ਉਹ ਮੈਨੂੰ ਇੰਨਾ ਚੰਗਾ ਲੱਗਣ ਲੱਗ ਪਿਆ ਕਿ ਜੇ ਉਹ ਉੱਥੇ ਨਾ ਹੁੰਦਾ ਤਾਂ ਮੈਂ ਔਖਾ ਹੁੰਦਾ ਤੇ ਮੈਂ ਆਪਣਾ ਪੈਂਡਾ ਛੇਤੀ ਛੇਤੀ ਕਰਨ ਲੱਗ ਪਿਆ ਤਾਂ ਜੋ ਕੈਫ਼ੇ ਵਿੱਚ ਛੇਤੀ ਅੱਪੜ ਕੇ ਉਹਨੂੰ ਜਲਦੀ ਵੇਖਾਂ। ਉੱਥੇ ਉਹ ਖਾਣਾ ਖਾਂਦਾ ਸੀ-ਜੋ ਕੁੱਝ ਲੋਕ ਉਹਨੂੰ ਦੇਂਦੇ।

"ਚੌਥੇ ਦਿਨ ਮੈਂ ਆਪਣੀ ਲਾਰੀ ਵਿੱਚ ਦਾਣੇ ਲੱਦੀ ਰਿਆਸਤੀ ਫ਼ਾਰਮ ਤੋਂ ਸਿੱਧਾ ਉੱਥੇ ਆਇਆ ਤੇ ਕੈਫ਼ੇ ਦੇ ਸਾਹਮਣੇ ਲਾਰੀ ਖੜ੍ਹੀ ਕੀਤੀ। ਮੇਰਾ ਚੂਆਂ ਉੱਥੇ ਪੌੜੀਆਂ ਤੇ ਬੈਠਾ ਲੱਤਾਂ ਹਿਲਾ ਰਿਹਾ ਸੀ ਤੇ ਬਹੁਤ ਭੁੱਖਾ ਦਿੱਸਦਾ ਸੀ। ਮੈਂ ਆਪਣਾ ਸਿਰ ਬਾਰੀ ਵਿੱਚੋਂ ਬਾਹਰ ਕੱਢਿਆ ਤੇ ਉਹਨੂੰ ਉੱਚੀ ਜਿਹੀ ਕਿਹਾ: 'ਹੇ ਵਾਨੀਆ! ਚੱਲ, ਛਾਲ ਮਾਰ ਕੇ ਉਪਰ ਚੜ੍ਹ ਆ, ਮੈਂ ਤੈਨੂੰ ਐਲੀਵੇਟਰ ਤੱਕ ਹੂਟਾ ਦਿਆਂਗਾ ਤੇ ਫਿਰ ਅਸੀਂ ਇਥੇ ਮੁੜ ਕੇ ਖਾਣਾ ਖਾਵਾਂਗੇ।' ਮੇਰੇ ਉੱਚੇ ਬੋਲ ਨੇ ਉਹਨੂੰ ਤ੍ਰਭਕਾ ਦਿੱਤਾ ਸੀ, ਪਰ ਉਹ ਛਾਲ ਮਾਰਕੇ ਪੌੜੀਆਂ ਤੋਂ ਹੇਠਾਂ ਆਇਆ, ਮਡਗਾਰਡ ਉੱਤੇ ਚੜ੍ਹ ਗਿਆ ਤੇ ਬਾਰੀ ਸਾਹਮਣੇ ਖੜ੍ਹਾ ਹੋ ਗਿਆ। 'ਤੈਨੂੰ ਕਿਵੇਂ ਪਤੈ ਮੇਰਾ ਨਾ ਵਾਨੀਆ ਏ ? ' ਉਹਨੇ ਠਰ੍ਹੰਮੇ ਨਾਲ ਕਿਹਾ ਤੇ ਜਵਾਬ ਉਡੀਕਦੇ ਹੋਏ ਆਪਣੀਆਂ ਉਹ ਅੱਖਾਂ ਚੁਪੱਟ ਖੋਹਲੀਆਂ। ਸੋ ਮੈਂ ਉਹਨੂੰ ਕਿਹਾ ਕਿ ਮੈਂ ਉਹਨਾਂ ਲੋਕਾਂ ਵਿੱਚੋਂ ਇੱਕ ਆਂ ਜਿਹੜੇ ਸਭ ਕੁੱਝ ਜਾਣਦੇ ਨੇ।

"ਉਹ ਸੱਜੇ ਪਾਸੇ ਆ ਗਿਆ। ਮੈਂ ਦਰਵਾਜ਼ਾ ਖੋਹਲਿਆ ਤੇ ਉਹਨੂੰ ਆਪਣੇ ਕੋਲ ਬਿਠਾ ਲਿਆ ਤੇ ਅਸੀਂ ਚੱਲ ਪਏ। ਉਹ ਬੜਾ ਚੁਲਬੁਲਾ ਮੁੰਡਾ ਸੀ, ਪਰ ਉਹ ਅਚਾਨਕ ਚੁੱਪ ਹੋ ਗਿਆ ਤੇ ਆਪਣੀਆਂ ਮੁੜੀਆਂ ਝਿਮਣੀਆਂ ਹੇਠੋਂ ਮੇਰੇ ਵੱਲ ਵੇਖਣ ਤੇ ਹਉਕੇ ਭਰਨ ਲੱਗ ਪਿਆ। ਇੰਨਾ ਨਿੱਕਾ ਬੱਚਾ ਤੇ ਉਹਨੇ ਹਉਕੇ ਭਰਨੇ ਸਿੱਖ ਵੀ ਲਏ ਸਨ। ਕੀ ਇਹ ਉਹਦੇ ਕਰਨ ਦਾ

ਕੰਮ ਸੀ ? 'ਤੇਰਾ ਅੱਬਾ ਕਿੱਥੇ ਏ ?' ਮੈਂ ਪੁੱਛਿਆ। 'ਉਹ ਮੋਰਚੇ ਤੇ ਮਾਰਿਆ ਗਿਆ ਸੀ,' ਉਹਨੇ ਨਿੰਮ੍ਹੀ ਆਵਾਜ਼ ਵਿੱਚ ਕਿਹਾ। 'ਤੇ ਤੇਰੀ ਅੰਮਾਂ ?' 'ਜਦੋਂ ਅਸੀਂ ਗੱਡੀ ਵਿੱਚ ਸਾਂ ਤਾਂ ਅੰਮੀ ਇੱਕ ਬੰਬ ਨਾਲ ਮਾਰੀ ਗਈ।' 'ਤੁਸੀਂ ਗੱਡੀ ਵਿੱਚ ਕਿਥੋਂ ਆ ਰਹੇ ਸੌ ?' 'ਮੈਨੂੰ ਪਤਾ ਨਹੀਂ, ਮੈਨੂੰ ਚੇਤੇ ਨਹੀਂ।...' 'ਤੇ ਤੇਰਾ ਉੱਕਾ ਹੀ ਟੱਬਰ ਨਹੀਂ ?' ਨਹੀਂ ਕੋਈ ਵੀ ਨਹੀਂ।' 'ਪਰ ਤੂੰ ਰਾਤੀਂ ਕਿਥੇ ਸੌਂਦੈਂ ?' 'ਜਿੱਥੇ ਮੈਨੂੰ ਥਾਂ ਲੱਭ ਜਾਵੇ।'

"ਮੈਨੂੰ ਜਾਪਿਆ ਮੇਰੇ ਅੰਦਰ ਹੰਝੂ ਉੱਬਲ ਰਹੇ ਨੇ ਤੇ ਮੈਂ ਇੱਕ ਦਮ ਮਨ ਬਣਾ ਲਿਆ। ਅਸੀਂ ਇਉਂ ਇੱਕਲੇ-ਇੱਕਲੇ ਤੇ ਵੱਖੋ ਵੱਖ ਤਸੀਹੇ ਕਿਉਂ ਝੱਲੀਏ ! ਮੈਂ ਉਹਨੂੰ ਆਪਣਾ ਪੁੱਤਰ ਬਣਾ ਲਵਾਂਗਾ। ਤੇ ਇੱਕ ਦਮ ਮੇਰਾ ਮਨ ਹੌਲਾ ਹੋ ਗਿਆ ਤੇ ਉੱਥੇ ਇੱਕ ਤਰ੍ਹਾਂ ਦੀ ਲੋਅ ਹੋ ਗਈ। ਮੈਂ ਉਹਦੇ ਵੱਲ ਝੁਕਿਆ ਤੇ ਬੜੀ ਹੌਲੀ ਜਿਹੀ ਪੁੱਛਿਆ, 'ਵਾਨੀਆ, ਜਾਣਦੈਂ ਮੈਂ ਕੌਣ ਆਂ ?' ਤੇ ਉਹਨੇ ਮਸਾਂ ਸਾਹ ਲੈਂਦੇ ਹੋਏ ਬਹੁਤ ਨਿੰਮ੍ਹੀ ਆਵਾਜ਼ ਵਿੱਚ ਪੁੱਛਿਆ: 'ਕੌਣ ?' ਤੇ ਉਸੇ ਤਰ੍ਹਾਂ ਠਰ੍ਹੰਮੇ ਨਾਲ ਮੈਂ ਉਹਨੂੰ ਕਿਹਾ: 'ਮੈਂ ਤੇਰਾ ਅੱਬਾ ਆਂ।'

"ਉਏ ਰੱਬਾ, ਉਸ ਤੋਂ ਪਿੱਛੋਂ ਕੀ ਹੋਇਆ ! ਉਹਨੇ ਆਪਣੀਆਂ ਬਾਂਹਾਂ ਮੇਰੇ ਗਲੇ ਦੁਆਲੇ ਵਲ ਲਈਆਂ, ਉਹਨੇ ਮੇਰੀਆਂ ਗੱਲ੍ਹਾਂ, ਮੇਰੇ ਬੁੱਲ੍ਹ, ਮੇਰਾ ਮੱਥਾ ਚੁੰਮਿਆ ਅਤੇ ਕਿਸੇ ਨਿੱਕੇ ਪੰਛੀ ਵਾਂਗ ਖੱਪ ਪਾਉਣ ਲੱਗ ਪਿਆ। ਕੰਨ ਪਾਟਦੇ ਜਾ ਰਹੇ ਸਨ। 'ਪਿਆਰੇ ਅੱਬਾ ! ਮੈਂ ਜਾਣਦਾ ਸਾਂ ! ਮੈਂ ਜਾਣਦਾ ਸਾਂ ਤੂੰ ਮੈਨੂੰ ਲੱਭ ਲਵੇਂਗਾ ! ਮੈਂ ਜਾਣਦਾ ਸਾਂ ਭਾਵੇਂ ਕੁੱਝ ਹੋਵੇ ਤੂੰ ਮੈਨੂੰ ਲੱਭ ਲਵੇਂਗਾ ! ਮੈਂ ਬੜਾ ਚਿਰ ਉਡੀਕਦਾ ਰਿਹਾਂ, ਕਿ ਤੂੰ ਮੈਨੂੰ ਲੱਭ ਲਵੇਂ !' ਉਹ ਮੇਰੇ ਨਾਲ ਚੰਬੜ ਗਿਆ ਤੇ ਕੰਬੀ ਜਾਵੇ, ਹਵਾ ਵਿੱਚ ਘਾਹ ਦੀ ਕਿਸੇ ਤਿੜ ਵਾਂਗ। ਮੇਰੀਆਂ ਅੱਖਾਂ ਧੁੰਦਲਾ ਗਈਆਂ ਤੇ ਮੈਂ ਵੀ ਕੰਬ ਰਿਹਾ ਸਾਂ, ਮੇਰੇ ਹੱਥ ਕੰਬ ਰਹੇ ਸਨ।... ਮੈਂ ਚੱਕਾ ਕਿਵੇਂ ਫੜੀ ਰੱਖਿਆ, ਮੈਂ ਨਹੀਂ ਜਾਣਦਾ। ਤਾਂ ਵੀ ਮੈਂ ਲਾਰੀ ਇੱਕ ਟੋਏ ਵਿੱਚ ਲੈ ਗਿਆ ਤੇ ਇੰਜਣ ਬੰਦ ਕਰ ਦਿੱਤਾ। ਇੰਨੀਆਂ ਧੁੰਦਲੀਆਂ ਅੱਖਾਂ ਨਾਲ ਗੱਡੀ ਚਲਾਉਂਦਿਆਂ ਮੈਨੂੰ ਡਰ ਲੱਗਦਾ ਸੀ, ਮਤੇ ਮੈਂ ਕਿਸੇ ਨੂੰ ਹੇਠਾਂ ਲੈ ਲਵਾਂ। ਅਸੀਂ ਉੱਥੇ ਪੰਜ ਮਿੰਟ ਬੈਠੇ ਰਹੇ ਤੇ ਮੇਰਾ ਨਿੱਕਾ ਪੁੱਤਰ ਆਪਣੇ ਪੂਰੇ ਬਲ ਨਾਲ ਮੈਨੂੰ ਚੰਬੜਿਆ ਹੋਇਆ ਸੀ ਤੇ ਸਿਰ ਤੋਂ ਪੈਰ ਤੱਕ ਕੰਬ ਰਿਹਾ ਸੀ। ਮੈਂ ਆਪਣੀ ਸੱਜੀ ਬਾਂਹ ਉਹਦੇ ਦੁਆਲੇ ਵਲ ਲਈ ਤੇ ਪਿਆਰ ਨਾਲ ਉਹਨੂੰ ਜੱਫੀ ਪਾਈ। ਖੱਬੇ ਹੱਥ ਨਾਲ ਲਾਰੀ ਵਾਪਸ ਮੋੜੀ ਤੇ ਉਸ ਘਰ ਤੱਕ ਗਿਆ ਜਿਥੇ ਮੈਂ ਰਹਿੰਦਾ ਸਾਂ। ਉਸ ਪਿੱਛੋਂ ਮੈਂ ਐਲੀਵੇਟਰ ਤੱਕ ਨਹੀਂ ਸਾਂ ਜਾ ਸਕਦਾ।

"ਮੈਂ ਲਾਰੀ ਫਾਟਕ ਤੇ ਛੱਡੀ, ਆਪਣੇ ਨਵੇਂ ਪੁੱਤਰ ਨੂੰ ਬਾਹਾਂ ਵਿੱਚ ਚੁੱਕਿਆ ਤੇ ਉਹਨੂੰ ਅੰਦਰ ਲੈ ਗਿਆ। ਤੇ ਉਹਨੇ ਆਪਣੀਆਂ ਨਿੱਕੀਆਂ ਬਾਹਾਂ ਮੇਰੇ ਗਲੇ ਦੁਆਲੇ ਵਲੀਆਂ ਹੋਈਆਂ ਸਨ ਤੇ ਮੇਰੇ ਨਾਲ ਚੰਬੜਿਆ ਹੋਇਆ ਸੀ। ਇਉਂ ਮੈਂ ਉਹਨੂੰ ਅੰਦਰ ਲੈ ਗਿਆ। ਮੇਰਾ ਮਿੱਤਰ ਤੇ ਉਹਦੀ ਘਰਵਾਲੀ ਦੋਵੇਂ ਘਰੇ ਸਨ। ਮੈਂ ਅੰਦਰ ਆਇਆ ਤੇ ਦੋਵੇਂ ਅੱਖਾਂ ਮੀਚ ਕੇ ਉਹਨਾਂ ਨੂੰ ਇਸ਼ਾਰਾ ਕੀਤਾ। ਫਿਰ ਦਲੇਰੀ ਨਾਲ ਅਤੇ ਖ਼ੁਸ਼ ਖ਼ੁਸ਼ ਮੈਂ ਕਿਹਾ: 'ਲਓ, ਅਖ਼ੀਰ ਮੈਂ ਆਪਣੇ ਵਾਨੀਆ ਨੂੰ ਲੱਭ ਲਿਐ। ਤੇ ਅਸੀਂ ਆ ਗਏ ਜੇ, ਭਲੇ ਲੋਕੋ।' ਉਹਨਾਂ ਦੇ ਆਪਣੇ ਬੱਚੇ ਨਹੀਂ ਸਨ, ਸੋ ਉਹ ਇੱਕ ਦਮ ਸਮਝ ਗਏ ਕਿ ਮਾਮਲਾ ਕੀ ਏ ਤੇ ਇਧਰ ਉਧਰ ਫਿਰਨ

ਲੱਗ ਪਏ। ਤੇ ਬਾਲ ਤਾਂ ਮੈਨੂੰ ਗਲੋਂ ਲਾਹੁਣ ਹੀ ਨਾ ਦੇਵੇ। ਪਰ ਅਖ਼ੀਰ ਕਿਸੇ ਨਾ ਕਿਸੇ ਤਰ੍ਹਾਂ ਮੈਂ ਉਹਨੂੰ ਲਾਹ ਦਿੱਤਾ। ਮੇਰੇ ਮਿੱਤਰ ਦੀ ਘਰਵਾਲੀ ਨੇ ਸ਼ੋਰਬੇ ਦੀ ਪਲੇਟ ਭਰ ਕੇ ਮੇਜ਼ ਉੱਤੇ ਰੱਖੀ ਤੇ ਜਦੋਂ ਉਹਨੇ ਵੇਖਿਆ ਕਿ ਕਿਵੇਂ ਹੜੱਪੀ ਜਾ ਰਿਹਾ ਏਂ, ਤਾਂ ਉਹ ਫੁੱਟ ਕੇ ਰੋ ਪਈ। ਉਹ ਆਪਣੇ ਉਤੇਰਨ ਨਾਲ ਮੂੰਹ ਲੁਕਾ ਕੇ ਰੋਂਦੀ ਸਟੋਵ ਕੋਲ ਖੜ੍ਹੀ ਰਹੀ। ਤੇ ਮੇਰਾ ਵਾਨੀਆ, ਉਹਨੇ ਉਹਨੂੰ ਰੋਂਦਿਆਂ ਤੱਕਿਆ ਤੇ ਨੱਠ ਕੇ ਉਹਦੇ ਵਲ ਗਿਆ, ਉਹਦੀ ਘਗਰੀ ਖਿੱਚੀ ਤੇ ਕਹਿਣ ਲੱਗਾ: 'ਰੋਂਦੀ ਕਿਉਂ ਏਂ, ਚਾਚੀ ? ਅੱਬਾ ਨੇ ਮੈਨੂੰ ਕੈਫ਼ੇ ਕੋਲ ਲੱਭ ਲਿਆ। ਸਾਰਿਆਂ ਨੂੰ ਖ਼ੁਸ਼ ਹੋਣਾ ਚਾਹੀਦੈ ਤੇ ਤੂੰ ਸਗੋਂ ਰੋਈ ਜਾਂਦੀ ਏਂ।' ਤੇ ਉਹ ਬਸ ਹੋਰ ਜ਼ੋਰ ਦੀ ਰੋਣ ਲੱਗ ਪਈ।

"ਖਾਣੇ ਤੋਂ ਪਿੱਛੋਂ ਮੈਂ ਉਹਨੂੰ ਨਾਈ ਕੋਲ ਲੈ ਗਿਆ, ਹਜ਼ਾਮਤ ਬਣਵਾਉਣ ਤੇ ਘਰੇ ਮੈਂ ਉਹਨੂੰ ਇੱਕ ਟੱਬ ਵਿੱਚ ਨਹਵਾਇਆ ਤੇ ਇੱਕ ਸਾਫ਼ ਚਾਦਰ ਵਿੱਚ ਲਪੇਟ ਦਿੱਤਾ। ਉਹਨੇ ਮੈਨੂੰ ਘੁੱਟ ਕੇ ਜੱਫ਼ੀ ਪਾ ਲਈ ਤੇ ਮੇਰੀਆਂ ਬਾਹਾਂ ਵਿੱਚ ਸੌਂ ਗਿਆ। ਮੈਂ ਉਹਨੂੰ ਹੌਲੀ ਜਿਹੇ ਬਿਸਤਰੇ ਵਿੱਚ ਲਿਟਾ ਦਿੱਤਾ ਤੇ ਲਾਰੀ ਲੈ-ਕੇ ਐਲੀਵੇਟਰ ਵੱਲ ਚੱਲ ਪਿਆ, ਅਨਾਜ ਲਾਹਿਆ ਤੇ ਲਾਰੀ ਵਾਪਸ ਡੀਪੂ ਲੈ ਗਿਆ। ਫਿਰ ਮੈਂ ਬਾਜ਼ਾਰ ਗਿਆ। ਮੈਂ ਉਹਦੇ ਲਈ ਇੱਕ ਸਰਜ ਦੀ ਪਤਲੂਨ, ਇੱਕ ਕਮੀਜ਼, ਸੈਂਡਲਾਂ ਦੀ ਜੋੜੀ ਤੇ ਪਰੀਲੀ ਦੀ ਇੱਕ ਟੋਪੀ ਖ਼ਰੀਦੀ। ਪੱਕੀ ਗੱਲ ਏ ਸਾਰੀਆਂ ਸ਼ੈਆਂ ਗ਼ਲਤ ਨਾਪ ਦੀਆਂ ਨਿਕਲੀਆਂ ਤੇ ਉੱਕਾ ਹੀ ਚੰਗੀਆਂ ਨਹੀਂ ਸਨ। ਮੇਰੇ ਮਿੱਤਰ ਦੀ ਘਰਵਾਲੀ ਨੇ ਪਤਲੂਨ ਮੈਨੂੰ ਝਾੜਿਆ : 'ਪਾਗਲ ਹੋ ਗਿਐਂ,' ਉਹ ਕਹਿਣ ਲੱਗੀ, 'ਐਹੋ ਜਿਹੀ ਗਰਮੀ ਵਿੱਚ ਮੁੰਡੇ ਨੂੰ ਸਰਜ ਦੀ ਪਤਲੂਨ ਪਵਾਉਣ ਲੱਗੈਂ!' ਤੇ ਅਗਲੀ ਘੜੀ ਉਹਨੇ ਆਪਣੀ ਮਸ਼ੀਨ ਮੇਜ਼ ਉੱਤੇ ਰੱਖ ਲਈ ਤੇ ਪੇਟੀ ਵਿੱਚ ਹੱਥ ਪੈਰ ਮਾਰਨ ਲੱਗ ਪਈ ਤੇ ਇੱਕ ਘੰਟੇ ਵਿੱਚ ਉਹਨੇ ਮੇਰੇ ਵਾਨੀਆ ਲਈ ਇੱਕ ਸੂਤੀ ਨਿੱਕਰ ਤੇ ਇੱਕ ਚਿੱਟੀ ਕਮੀਜ਼ ਤਿਆਰ ਕਰ ਦਿੱਤੀ। ਮੈਂ ਉਹਨੂੰ ਆਪਣੇ ਨਾਲ ਸੰਵਾਇਆ ਅਤੇ ਬੜੀਆਂ ਰਾਤਾਂ ਜਾਗਿਆ। ਤੇ ਉਹ ਉੱਥੇ ਪਿਆ ਸੀ, ਮੇਰੀ ਮੁੜੀ ਹੋਈ ਬਾਂਹ ਵਿੱਚ ਨਿੱਘਾ ਹੋਇਆ, ਜਿਵੇਂ ਬਨੇਰੇ ਹੇਠ ਕੋਈ ਚਿੜੀ, ਬੜੇ ਆਰਾਮ ਨਾਲ ਸਾਹ ਲੈਂਦਾ। ਮੈਨੂੰ ਕਿੰਨੀ ਖ਼ੁਸ਼ੀ ਹੋਈ ਇਹ ਮੈਂ ਤੈਨੂੰ ਦੱਸ ਨਹੀਂ ਸਕਦਾ। ਮੈਂ ਯਤਨ ਕੀਤਾ ਕਿ ਮੈਂ ਹਿੱਲਾਂ ਨਾ ਤਾਂ ਜੋ ਉਹਦੀ ਨੀਂਦ ਨਾ ਉੱਖੜ ਜਾਵੇ, ਪਰ ਪਤਾ ਈ, ਫਿਰ ਮੈਂ ਬਹੁਤ ਅਛੋਪਲੇ ਜਿਹੇ ਉੱਠਦਾ, ਮਾਚਸ ਬਾਲਦਾ ਤੇ ਉੱਥੇ ਖੜਾ ਰਹਿੰਦਾ, ਉਹਨੂੰ ਵੇਖ-ਵੇਖ ਖ਼ੁਸ਼ ਹੁੰਦਾ।...

"ਪਹੁ-ਫੁੱਟਣ ਤੋਂ ਐਨ ਪਹਿਲਾਂ ਮੈਂ ਜਾਗਿਆ। ਮੈਨੂੰ ਸਮਝ ਨਾ ਆਈ ਇੰਨਾ ਹੁੱਸੜ ਕਿਉਂ ਸੀ। ਇਹ ਤਾਂ ਮੇਰਾ ਨਿੱਕਾ ਪੁੱਤਰ ਸੀ। ਉਹ ਆਪਣੀ ਚਾਦਰ ਵਿਚੋਂ ਨਿਕਲ ਆਇਆ ਸੀ ਤੇ ਮੇਰੀ ਛਾਤੀ ਦੇ ਆਰ ਪਾਰ ਲੇਟਿਆ ਹੋਇਆ ਸੀ, ਉਹਦੇ ਨਿੱਕੇ ਪੈਰ ਮੇਰੀ ਗਰਦਨ ਤੇ ਰੱਖੇ ਹੋਏ ਸਨ। ਉਸ ਨਾਲ ਸੌਣ ਲਈ ਬੜਾ ਹੀ ਉਚੜ-ਪੈੜਾ ਏ, ਸੱਚੀਂ; ਪਰ ਮੈਂ ਉਹਦਾ ਆਦੀ ਹੋ ਗਿਆਂ। ਜੇ ਉਹ ਉੱਥੇ ਨਾ ਹੋਵੇ ਤਾਂ ਮੈਨੂੰ ਕੁੱਝ ਓਪਰਾ ਜਾਪਦੈ। ਰਾਤੀਂ ਉਹਨੂੰ ਸੁੱਤੇ-ਸੁੱਤੇ ਨੂੰ ਮੈਂ ਥਪਕ ਸਕਦਾਂ, ਮੈਂ ਤਾਂ ਉਹਦੇ ਘੁੰਗਰ ਸੁੰਘ ਸਕਦਾਂ। ਇਹਦੇ ਨਾਲ ਮੇਰੇ ਦਿਲ ਦੀ ਪੀੜ ਕੁੱਝ ਘੱਟ ਜਾਂਦੀ ਏ, ਇਹ ਦਰਦ ਨੂੰ ਕੁੱਝ ਨਰਮ ਕਰ ਦੇਂਦੈ। ਪਤਾ ਈ, ਮੈਂ ਤਾਂ ਉੱਕਾ ਪੱਥਰ ਬਣ ਗਿਆ ਸੀ।

"ਪਹਿਲਾਂ ਪਹਿਲ ਉਹ ਲਾਰੀ ਵਿੱਚ ਮੇਰੇ ਨਾਲ ਜਾਇਆ ਕਰਦਾ ਸੀ, ਪਰ ਫਿਰ ਮੈਂ ਮਹਿਸੂਸ ਕੀਤਾ ਇਉਂ ਗੱਲ ਨਹੀਂ ਬਣਨੀ। ਅਖ਼ੀਰ ਜਦੋਂ ਮੈਂ ਇਕੱਲਾ ਹੋਵਾਂ ਤਾਂ ਮੈਨੂੰ ਕਿਸ ਸ਼ੈ ਦੀ ਲੋੜ ਏ ? ਰੋਟੀ ਦਾ ਇੱਕ ਟੋਟਾ, ਇੱਕ ਪਿਆਜ਼ ਤੇ ਚੁੱਟਕੀ ਭਰ ਲੂਣ ਨਾਲ ਫ਼ੌਜੀ ਦਾ ਸਾਰਾ ਦਿਨ ਲੰਘ ਜਾਂਦੈ। ਪਰ ਉਹਦੀ ਗੱਲ ਹੋਰ ਸੀ। ਹੁਣ ਉਹਦੇ ਲਈ ਥੋੜ੍ਹਾ ਦੁੱਧ ਖ਼ਰੀਦਣਾ ਪੈਂਦੈ, ਹੁਣ ਉਹਦੇ ਲਈ ਅੰਡਾ ਉਬਾਲੋ ਤੇ ਕਿਸੇ ਗਰਮ ਖਾਣੇ ਤੋਂ ਬਿਨਾਂ ਉਹਦਾ ਗੁਜ਼ਾਰਾ ਨਹੀਂ ਹੁੰਦਾ। ਪਰ ਮੈਂ ਤਾਂ ਕੰਮ ਕਰਨਾ ਹੁੰਦਾ। ਸੋ ਮੈਂ ਹਿੰਮਤ ਕੀਤੀ ਤੇ ਉਹਨੂੰ ਆਪਣੇ ਮਿੱਤਰ ਦੀ ਘਰਵਾਲੀ ਦੇ ਕੋਲ ਛੱਡ ਗਿਆ। ਸੋ, ਉਹ ਸਾਰਾ ਦਿਨ ਰੋਂਦਾ ਰਿਹਾ ਤੇ ਸ਼ਾਮੀਂ ਮੈਨੂੰ ਮਿਲਣ ਐਲੀਵੇਟਰ ਵੱਲ ਨੱਠ ਗਿਆ। ਉੱਥੇ ਰਾਤੀਂ ਦੇਰ ਤੱਕ ਮੈਨੂੰ ਉਡੀਕਦਾ ਰਿਹਾ।

"ਪਹਿਲਾਂ ਪਹਿਲ ਮੈਨੂੰ ਉਹਦੇ ਨਾਲ ਬਹੁਤ ਔਖ ਹੋਈ। ਇੱਕ ਬਹੁਤ ਥਕਾਉਣੇ ਦਿਨ ਪਿਛੋਂ ਜਦੋਂ ਅਸੀਂ ਬਿਸਤਰੇ ਤੇ ਲੇਟੇ ਤਾਂ ਅਜੇ ਲੋਅ ਸੀ। ਉਹ ਸਦਾ ਕਿਸੇ ਚਿੜੀ ਵਾਂਗ ਚਹਿਕਦਾ ਰਹਿੰਦਾ ਪਰ ਇਸ ਵਾਰ ਉਹ ਬਹੁਤ ਚੁੱਪ ਸੀ। 'ਕੀ ਸੋਚਦਾ ਪਿਐਂ, ਪੁੱਤਰ ? ' ਮੈਂ ਪੁੱਛਿਆ। ਉਹ ਬਸ ਛੱਤ ਵੱਲ ਵੇਖੀ ਗਿਆ। 'ਅੱਬਾ ਤੇਰਾ ਚਮੜੇ ਦਾ ਕੋਟ ਕਿੱਥੇ ਗਿਆ ? ' ਤੇ ਮੇਰੇ ਕੋਲ ਸਾਰੀ ਉਮਰ ਚਮੜੇ ਦਾ ਕੋਟ ਨਹੀਂ ਸੀ ਰਿਹਾ! ਮੈਂ ਕਿਸੇ ਨਾ ਕਿਸੇ ਤਰ੍ਹਾਂ ਗੱਲ ਬਣਾਉਣੀ ਹੀ ਸੀ।' ਉਹ ਵੋਰੋਨੋਜ਼੍ਹ ਵਿੱਚ ਰਹਿ ਗਿਆ, 'ਮੈਂ ਉਹਨੂੰ ਕਿਹਾ। 'ਤੇ ਤੂੰ ਮੈਨੂੰ ਲੱਭਦਿਆਂ ਇੰਨੀ ਦੇਰ ਕਿਉਂ ਲਾ ਦਿੱਤੀ ?' ਸੋ ਮੈਂ ਕਿਹਾ, 'ਪੁੱਤਰ, ਮੈਂ ਤੈਨੂੰ ਜਰਮਨੀ ਵਿੱਚ ਲੱਭਿਆ, ਪੋਲੈਂਡ ਵਿੱਚ ਲੱਭਿਆ, ਸਾਰੇ ਬੇਲੋਰੂਸ ਵਿੱਚ ਢੂੰਡਿਆ ਤੇ ਤੂੰ ਇੱਥੇ ਉਰੀਊਪਿੰਸਕ ਵਿੱਚ ਲੱਭ ਪਿਆ।' 'ਕੀ ਉਰੀਊਪਿੰਸਕ ਜਰਮਨੀ ਨਾਲੋਂ ਨੇੜੇ ਏ ? ਕੀ ਸਾਡੇ ਘਰ ਤੋਂ ਪੋਲੈਂਡ ਬਹੁਤ ਦੂਰ ਏ ?' ਅਸੀਂ ਗੱਲਾਂ ਕਰੀ ਗਏ ਇੱਥੋਂ ਤੱਕ ਕਿ ਅਸੀਂ ਸੌਂ ਗਏ।

"ਪਰ, ਮਿੱਤਰਾ, ਕੀ ਉਹਨੇ ਚਮੜੇ ਦੇ ਕੋਟ ਬਾਰੇ ਸਵਾਲ ਐਵੇਂ ਹੀ ਪੁੱਛਿਆ ਸੀ ? ਨਹੀਂ, ਇਸ ਸਭ ਕੁੱਝ ਪਿੱਛੇ ਕਾਰਨ ਸੀ। ਇਹਦਾ ਮਤਲਬ ਏ ਕਦੀ ਨਾ ਕਦੀ ਉਹਦੇ ਅਸਲੀ ਪਿਉ ਨੇ ਉਹੋ ਜਿਹਾ ਕੋਟ ਪਹਿਨਿਆ ਹੋਣੈ ਤੇ ਉਹਨੂੰ ਐਨ ਉਦੋਂ ਯਾਦ ਆ ਗਿਆ। ਬੱਚੇ ਦੀ ਯਾਦ ਹੁਨਾਲ ਦੀ ਬਿਜਲੀ ਵਾਂਗ ਹੁੰਦੀ ਏ; ਉਹ ਚਮਕਦੀ ਏ, ਹਰ ਸ਼ੈ ਨੂੰ ਥੋੜ੍ਹੀ ਦੇਰ ਲਈ ਰੁਸ਼ਨਾ ਦੇਂਦੀ ਏ ਤੇ ਮੁੱਕ ਜਾਂਦੀ ਏ। ਤੇ ਉਹਦੀ ਯਾਦ ਨੇ ਇਉਂ ਹੀ ਕੰਮ ਕੀਤਾ, ਹੁਨਾਲ ਦੀ ਬਿਜਲੀ ਦੇ ਲਿਸ਼ਕਾਰਿਆਂ ਵਾਂਗ।

"ਅਸੀਂ ਉਰੀਊਪਿੰਸਕ ਵਿਖੇ ਸਾਲ ਭਰ ਹੋਰ ਰਹੀ ਜਾਂਦੇ ਪਰ ਨਵੰਬਰ ਵਿੱਚ ਮੇਰਾ ਇੱਕ ਐਕਸੀਡੈਂਟ ਹੋ ਗਿਆ। ਮੈਂ ਇੱਕ ਪਿੰਡ ਵਿੱਚ ਇੱਕ ਚਿੱਕੜ ਵਾਲੀ ਸੜਕ ਉੱਤੇ ਲਾਰੀ ਚਲਾ ਰਿਹਾ ਸਾਂ ਤੇ ਲਾਰੀ ਤਿਲਕ ਗਈ। ਰਾਹ ਵਿੱਚ ਇੱਕ ਗਊ ਖੜੀ ਸੀ ਤੇ ਮੈਂ ਉਹਨੂੰ ਡੇਗ ਦਿੱਤਾ। ਤੂੰ ਜਾਣਦੈਂ ਗੱਲ ਕਿਵੇਂ ਹੁੰਦੀ ਏ—ਤੀਵੀਂਆਂ ਡੰਡ ਪਾਉਣ ਲੱਗ ਪਈਆਂ, ਭੀੜ ਇੱਕਠੀ ਹੋ ਗਈ ਤੇ ਛੇਤੀ ਹੀ ਮੌਕੇ ਤੇ ਟਰੈਫ਼ਿਕ ਦਾ ਇੱਕ ਇੰਸਪੈਕਟਰ ਆ ਗਿਆ। ਮੈਂ ਉਹਨੂੰ ਕਿਹਾ ਉਹ ਕੁੱਝ ਲਿਹਾਜ਼ ਕਰੇ ਪਰ ਉਹਨੇ ਮੇਰਾ ਲਾਇਸੰਸ ਖੋਹ ਲਿਆ। ਗਊ ਉੱਠੀ, ਆਪਣੀ ਪੁੱਛ ਚੁੱਕੀ ਅਤੇ ਦੁੜੰਗੇ ਮਾਰਦੀ ਉੱਥੋਂ ਚਲੀ ਗਈ, ਪਰ ਮੇਰਾ ਲਾਇਸੈਂਸ ਜਾਂਦਾ ਰਿਹਾ। ਸਿਆਲ ਮੈਂ ਖਾਤੀ ਦਾ ਕੰਮ ਕਰਕੇ ਬਿਤਾਇਆ ਤੇ ਫਿਰ ਫੌਜ ਦੇ ਇੱਕ ਪੁਰਾਣੇ ਮਿੱਤਰ ਨੂੰ ਖ਼ਤ ਲਿਖਿਆ—ਉਹ

ਤੁਹਾਡੇ ਜ਼ਿਲੇ ਵਿਚ ਡਰਾਈਵਰ ਦਾ ਕੰਮ ਕਰਦੈ—ਤੇ ਉਹਨੇ ਮੈਨੂੰ ਕਿਹਾ ਕਿ ਮੈਂ ਆਕੇ ਉਹਦੇ ਕੋਲ ਰਹਾਂ। ਉਹਨੇ ਲਿਖਿਆ ਕਿ ਸਾਲ ਕੁ ਮੈਂ ਖਾਤੀ ਦਾ ਕੰਮ ਕਰਾਂ ਤੇ ਫਿਰ ਮੈਨੂੰ ਇਸੇ ਜ਼ਿਲੇ ਵਿੱਚ ਨਵਾਂ ਲਾਇਸੈਂਸ ਮਿਲ ਸਕਦੈ। ਸੋ, ਮੇਰਾ ਪੁੱਤਰ ਤੇ ਮੈਂ, ਅਸੀਂ ਕਾਸ਼ਾਰੀ ਦੇ ਰਾਹ ਪੈ ਗਏ ਵਾਂ।

"ਪਰ ਪਤਾ ਈ, ਜੇ ਗਊ ਨਾਲ ਐਕਸੀਡੈਂਟ ਨਾ ਵੀ ਹੋਇਆ ਹੁੰਦਾ ਤਾਂ ਵੀ ਮੈਂ ਉਰੀਊਪਿੰਸਕ ਤੋਂ ਚਲਾ ਹੀ ਜਾਣਾ ਸੀ। ਮੈਂ ਇੱਕ ਥਾਂ ਬਹੁਤਾ ਚਿਰ ਨਹੀਂ ਰਹਿ ਸਕਦਾ। ਜਦੋਂ ਮੇਰਾ ਵਾਨੀਆ ਵੱਡਾ ਹੋ ਗਿਆ ਤੇ ਉਹਨੇ ਸਕੂਲ ਜਾਣਾ ਹੋਇਆ ਤਾਂ ਮੇਰਾ ਖ਼ਿਆਲ ਏ ਮੈਂ ਇੱਕ ਥਾਂ ਟਿੱਕ ਜਾਵਾਂਗਾ। ਪਰ ਅਜੇ ਤਾਂ ਅਸੀਂ ਇੱਕਠੇ ਰੂਸੀ ਧਰਤੀ ਗਾਹ ਰਹੇ ਆਂ।"

"ਉਹ ਥੱਕ ਜਾਂਦੈ ? " ਮੈਂ ਪੁੱਛਿਆ।

"ਵੇਖੇਂ ਨਾ, ਉਹ ਆਪਣੇ ਪੈਰੀਂ ਤਾਂ ਬਹੁਤਾ ਟੁਰਦਾ ਨਹੀਂ ਬਹੁਤਾ ਚਿਰ ਤਾਂ ਉਹ ਮੇਰੇ ਉੱਤੇ ਸਵਾਰੀ ਕਰਦੈ, ਮੈਂ ਉਹਨੂੰ ਆਪਣੇ ਮੋਢੇ ਤੇ ਬਿਠਾ ਲੈਨਾਂ ਤੇ ਚੁੱਕੀ ਫਿਰਦਾਂ। ਜਦੋਂ ਉਹ ਲੱਤਾਂ ਪਸਾਰਨਾ ਚਾਹੁੰਦੈ ਤਾਂ ਉਹ ਛਾਲ ਮਾਰਕੇ ਹੇਠਾਂ ਉੱਤਰ ਆਉਂਦੈ, ਸੜਕ ਦੇ ਕੰਢੇ ਕੰਢੇ ਨੱਠਦੈ, ਕਿਸੇ ਬਕਰੋਚੇ ਵਾਂਗ ਦੁੜੰਗੇ ਮਾਰਦਾ। ਨਹੀਂ, ਮਿੱਤਰਾ, ਇਹ ਗੱਲ ਨਹੀਂ, ਸਾਡੀ ਵਾਹ ਵਾਹ ਗੁਜ਼ਰ ਜਾਏਗੀ। ਮੁਸ਼ਕਲ ਇਹ ਏ ਕਿ ਮੇਰੇ ਦਿਲ ਵਿੱਚ ਕਿਧਰੇ ਕੁਝ ਗੜਬੜ ਏ, ਇੱਕ ਅੱਧ ਪਿਸਟਨ ਬਦਲਣ ਦੀ ਲੋੜ ਏ। ਕਈ ਵਾਰ ਤਾਂ ਇਹਦੇ ਵਿੱਚ ਇੰਨੀ ਪੀੜ ਹੁੰਦੀ ਏ ਕਿ ਮੇਰੀਆਂ ਅੱਖਾਂ ਅੱਗੇ ਹਨੇਰਾ ਹੋ ਜਾਂਦੈ। ਮੈਨੂੰ ਡਰ ਏ ਕਿਸੇ ਦਿਨ ਮੈਂ ਸੁੱਤਿਆਂ-ਸੁੱਤਿਆਂ ਮਰ ਜਾਣੈ ਤੇ ਆਪਣੇ ਪੁੱਤਰ ਨੂੰ ਡਰਾ ਦੇਣੈ। ਤੇ ਇਹ ਇੱਕੋ ਇੱਕ ਗੱਲ ਨਹੀਂ। ਲੱਗਭਗ ਹਰ ਰਾਤ ਮੇਰੇ ਵਿੱਛੜ ਗਏ ਪਿਆਰੇ ਮੇਰੇ ਸੁਪਨਿਆਂ ਵਿੱਚ ਆਉਂਦੇ ਨੇ। ਤੇ ਅਕਸਰ ਇਉਂ ਹੁੰਦੈ ਕਿ ਮੈਂ ਕੰਡਿਆਲੀ ਤਾਰ ਦੇ ਪਿੱਛੇ ਹੁੰਦਾਂ ਤੇ ਉਹ ਦੂਜੇ ਪਾਸੇ ਆਜ਼ਾਦ ਹੁੰਦੇ ਨੇ। ਮੈਂ ਇਰੀਨਾ ਤੇ ਬੱਚਿਆਂ ਨਾਲ ਹਰ ਸ਼ੈਅ ਬਾਰੇ ਗੱਲਾਂ ਕਰਦਾਂ ਪਰ ਜਿਉਂ ਹੀ ਮੈਂ ਤਾਰਾਂ ਹਟਾਉਣ ਦਾ ਯਤਨ ਕਰਦਾ, ਉਹ ਚਲੇ ਜਾਂਦੇ ਨੇ, ਮੇਰੀਆਂ ਅੱਖਾਂ ਸਾਹਮਣੇ ਅਲੋਪ ਹੋ ਜਾਂਦੇ ਨੇ। ਤੇ ਇੱਕ ਹੋਰ ਅਜੀਬ ਗਾਲ ਵੀ ਏ। ਦਿਨੇ ਮੇਰਾ ਆਪਣੇ ਆਪ ਉੱਤੇ ਕਾਬੂ ਰਹਿੰਦੈ, ਤੇ ਮੈਂ ਹਉਂਕਾ ਤੱਕ ਨਹੀਂ ਭਰਦਾ। ਪਰ ਕਦੀ ਕਦੀ ਮੈਂ ਰਾਤੀਂ ਜਾਗਦਾਂ ਤੇ ਮੇਰਾ ਸਿਰਹਾਨਾ ਬੁਰੀ ਤਰ੍ਹਾਂ ਭਿੱਜਾ ਹੁੰਦੈ।"

ਦਰਿਆ ਵੱਲੋਂ ਮੇਰੇ ਮਿੱਤਰ ਦੀ ਆਵਾਜ਼ ਤੇ ਚੱਪੂਆਂ ਦੀ ਛੱਪ-ਛੱਪ ਆਈ।

ਓਪਰੇ ਬੰਦੇ ਨੇ, ਜਿਹੜਾ ਹੁਣ ਮੇਰਾ ਨਜ਼ਦੀਕੀ ਮਿੱਤਰ ਜਾਪਦਾ ਸੀ, ਆਪਣਾ ਵੱਡਾ ਹੱਥ ਵਧਾਇਆ, ਲੱਕੜੀ ਤੇ ਟੋਟੇ ਵਾਂਗ ਨਿੱਗਰ।

"ਰੱਬ ਰਾਖਾ, ਮਿੱਤਰਾ, ਤੇਰੇ ਭਾਗ ਚੰਗੇ ਹੋਣ!"

"ਤੇਰੇ ਭਾਗ ਚੰਗੇ ਹੋਣ ਤੇ ਕਾਸ਼ਾਰੀ ਤੱਕ ਪੈਂਡਾ ਹੌਲਾ ਹੋਵੀ!"

"ਮਿਹਰਬਾਨੀ। ਓਏ, ਪੁੱਤਰ, ਚੱਲ ਬੇੜੀ ਵੱਲ ਚਲੀਏ।"

ਮੁੰਡਾ ਨੱਠ ਕੇ ਉਹਦੇ ਵੱਲ ਆਇਆ, ਉਹਦੇ ਕੋਟ ਦੀ ਨੁੱਕਰ ਫੜ ਲਈ ਤੇ ਆਪਣੇ ਤਿੱਖੇ ਚੱਲਦੇ ਪਿਉ ਨਾਲ ਨਿੱਕੇ ਨਿੱਕ ਕਦਮ ਪੁੱਟਦਾ ਚੱਲ ਪਿਆ।

ਦੋ ਯਤੀਮ, ਰੇਤ ਦੇ ਦੋ ਕਿਣਕੇ ਜਿਨ੍ਹਾਂ ਨੂੰ ਜੰਗ ਦੇ ਮਹਾਨ ਝੱਖੜ ਨੇ ਓਪਰੇ ਇਲਾਕਿਆਂ

ਵਿੱਚ ਹੂੰਝ ਸੁੱਟਿਆ ਸੀ।... ਭਵਿੱਖ ਵਿੱਚ ਉਹਨਾਂ ਲਈ ਕੀ ਸੀ ? ਮੈਂ ਇਹ ਯਕੀਨ ਕਰਨਾ ਚਾਹੁੰਦਾ ਸਾਂ ਕਿ ਇਹ ਰੂਸੀ, ਇਹ ਅਟੁੱਟ ਇੱਛਾ ਵਾਲਾ ਮਨੁੱਖ, ਡਟਿਆ ਰਹੇਗਾ, ਕਿ ਆਪਣੇ ਪਿਉ ਦੇ ਅੰਗ ਸੰਗ ਮੁੰਡਾ ਜਵਾਨ ਹੋ ਕੇ ਇੱਕ ਅਜਿਹਾ ਮਰਦ ਬਣੇਗਾ ਜਿਹੜਾ ਕੁੱਝ ਵੀ ਸਹਾਰ ਸਕੇਗਾ, ਜੇ ਉਹਦਾ ਦੇਸ ਸੱਦਾ ਦੇਵੇ ਤਾਂ ਕਿਸੇ ਔਕੜ ਉੱਤੇ ਕਾਬੂ ਪਾ ਲਵੇਗਾ।

ਉਹਨਾਂ ਨੂੰ ਵੇਖਦੇ-ਵੇਖਦੇ ਮੈਂ ਉਦਾਸ ਹੋ ਗਿਆ। ਸ਼ਾਇਦ ਸਾਡੇ ਵਿਛੜਨ ਸਮੇਂ ਸਭ ਕੁੱਝ ਠੀਕ ਠਾਕ ਹੁੰਦਾ ਜੇ ਕੁੱਝ ਕਦਮ ਜਾਕੇ ਵਾਨੀਆ ਆਪਣੀਆਂ ਠਿੱਬੀਆਂ ਲੱਤਾਂ ਉੱਤੇ ਮੁੜਿਆ ਨਾ ਹੁੰਦਾ ਅਤੇ ਆਪਣਾ ਨਿੱਕਾ ਗੁਲਾਬੀ ਹੱਥ ਮੇਰੇ ਵਲ ਨਾ ਹਿਲਾਇਆ ਹੁੰਦਾ। ਅਤੇ ਅਚਾਨਕ ਇੱਕ ਨਰਮ ਪਰ ਨਹੁੰਦਰਾਂ ਵਾਲੇ ਹੱਥ ਨੇ ਮੇਰੇ ਦਿਲ ਨੂੰ ਆਪਣੀ ਪਕੜ ਵਿੱਚ ਲੈ ਲਿਆ ਜਾਪਿਆ ਤੇ ਮੈਂ ਕਾਹਲ ਨਾਲ ਮੂੰਹ ਮੋੜ ਲਿਆ। ਨਹੀਂ, ਉਹ ਸੁੱਤੇ ਹੋਏ ਹੀ ਨਹੀਂ ਰੋਂਦੇ, ਇਹ ਬੁਢੇਰੇ ਲੋਕ, ਜਿਨ੍ਹਾਂ ਦੇ ਵਾਲ ਜੰਗ ਦੇ ਵਰ੍ਹਿਆਂ ਵਿੱਚ ਬੱਗੇ ਹੋ ਗਏ ਹਨ। ਉਹ ਆਪਣੀਆਂ ਜਾਗਦੀਆਂ ਘੜੀਆਂ ਵਿੱਚ ਵੀ ਰੋਂਦੇ ਹਨ। ਅਸਲ ਮਾਮਲਾ ਹੈ ਸਮੇਂ ਸਿਰ ਪਰ੍ਹਾਂ ਹੋ ਜਾਣਾ। ਅਸਲ ਗੱਲ ਹੈ ਕਿਸੇ ਬੱਚੇ ਦਾ ਦਿਲ ਨਾ ਦੁਖਾਉਣਾ, ਉਹਨੂੰ ਉਹ ਅਣਚਾਹੇ ਹੰਝੂ ਨਾ ਵੇਖਣ ਦੇਣਾ ਜਿਹੜੇ ਮਰਦ ਦੀਆਂ ਗੱਲ੍ਹਾਂ ਲੂੰਹਦੇ ਹਨ।

•••

ਫਾਸ਼ਿਸਟ ਜਰਮਨੀ ਵਿਰੁੱਧ, ਜਿਸ ਨੇ ਸੋਵੀਅਤ ਯੂਨੀਅਨ ਉੱਤੇ ਵਿਸਾਹਘਾਤਕ ਹਮਲਾ ਕੀਤਾ ਸੀ, ਸੋਵੀਅਤ ਲੋਕਾਂ ਦੀ ਮਹਾਨ ਦੇਸ਼ਭਗਤਕ ਜੰਗ ਦੇ ਭਾਂਬੜ ਇੱਕ ਹਜ਼ਾਰ ਚਾਰ ਸੌ ਅਠਾਰ੍ਹਾਂ ਦਿਨ ਅਤੇ ਇੱਕ ਹਜ਼ਾਰ ਚਾਰ ਸੌ ਰਾਤਾਂ ਬਲਦੇ ਰਹੇ ਸਨ।

ਮੁਹਾਜ਼ ਉੱਤੇ ਸ਼ਹੀਦ ਹੋਏ ਸੋਵੀਅਤ ਜਵਾਨਾਂ, ਵਾਹਿਸ਼ੀਆਨਾ ਢੰਗ ਨਾਲ਼ ਮਾਰੇ ਗਏ ਨਾਗਰਿਕਾਂ, ਮੌਤ ਦੇ ਕੈਂਪਾਂ ਵਿੱਚ ਤੇ ਜਰਮਨੀ ਵਿੱਚ ਲੱਕ ਤੋੜਵੀਂ ਮਿਹਨਤ ਕਰਦਿਆਂ ਮਰਨ ਵਾਲ਼ੇ ਸੋਵੀਅਤ ਲੋਕਾਂ ਦੀ ਗਿਣਤੀ ਦੋ ਕਰੋੜ ਤੋਂ ਵਧ ਬਣਦੀ ਹੈ। ਹਜ਼ਾਰਾਂ ਸ਼ਹਿਰ ਤੇ ਪਿੰਡ ਤਬਾਹ ਕਰ ਦਿੱਤੇ ਗਏ, ਸਾੜ ਦਿੱਤੇ ਗਏ।

ਇਸ ਕਿਤਾਬ ਵਿੱਚ ਚੋਟੀ ਦੇ ਸੋਵੀਅਤ ਲਿਖਾਰੀਆਂ – ਮਿਖਾਈਲ ਸ਼ੋਲੋਖੋਵ, ਅਲੇਕਸੇਈ ਤਾਲਸਤਾਏ, ਅਲੇਕਸਾਂਦਰ ਫਦੇਯੇਵ, ਕੋਨਸਤਾਨਤਿਨ ਸਿਮੋਨੋਵ, ਬੋਰਿਸ ਪੋਲੇਵੋਈ, ਯੂਰੀ ਬੋਨਦਾਰੇਵ, ਓਲਗਾ ਬੇਰਗੋਲਤਸ ਤੇ ਹੋਰਨਾਂ ਦੀਆਂ ਕਹਾਣੀਆਂ ਸ਼ਾਮਿਲ ਕੀਤੀਆਂ ਗਈਆਂ ਹਨ। ਇਹਨਾਂ ਲੇਖਕਾਂ ਵਿੱਚੋਂ ਕਈ ਮਾਸਕੋ ਲਾਗੇ, ਵੋਲਗਾ ਕੰਢੇ, ਲੈਨਿਨਗ੍ਰਾਦ ਲਾਗੇ, ਪ੍ਰਾਗ ਤੇ ਬਰਲਿਨ ਵਿੱਚ ਤੇ ਹੋਰਨਾਂ ਥਾਵਾਂ 'ਤੇ ਹੋਈਆਂ ਲੜਾਈਆਂ ਦੇ ਚਸ਼ਮਦੀਦ ਗਵਾਹ ਹਨ।

ਦਸਤਕ ਪ੍ਰਕਾਸ਼ਨ
ਲੁਧਿਆਣਾ

ਕੀਮਤ
₹ 125